੧ ਓ ਵਾਹਿਗੁਰੂ ਜੀ ਕੀ ਫਤਿਹ ॥

# ਅਕਾਲੀ ਮੋਰਚੇ

ਅਤੇ

# ਝੱਬਰ

ਭਾਈ ਕਰਤਾਰ ਸਿੰਘ ਜੀ ਝੱਬਰ ਦਾ ਰੋਜ਼ਨਾਮਚਾ ਜਿਸ ਨੂੰ ਵਾਰਤਕ ਰੂਪ ਦੇਣ ਲਈ ਸ: ਨਰੈਣ ਸਿੰਘ ਐਮ. ਏ. ਸਾਬਕਾ ਮੈਨੇਜਰ ਨਨਕਾਣਾ ਸਾਹਿਬ ਨੇ ਛੋਹਿਆ ਹੈ।

ਮਿਲਣ ਦੇ ਪਤੇ

੧. ਮਨਜੀਤ ਪ. ਐਂਡ ਪ. ਕੰਪਨੀ. ਨੇੜੇ ਡੇਰਾ ਬਾਬਾ ਜੱਸਾ ਸਿੰਘ ਪਟਿਆਲਾ।
੨. ਭਾਈ ਮੱਘਰ ਸਿੰਘ ਸੇਵਾਦਾਰ, ਗੁਰਦੁਆਰਾ ਸੀਸ ਗੰਜ, ਦਿੱਲੀ।
੩. ਪ੍ਰਕਾਸ਼ ਅਤੇ ਨਥੂ ਰਾਮ, ਪਿੰਡ ਤੇ ਡਾਕਖਾਨਾ ਹਾਬੜੀ, ਜ਼ਿਲਾ ਕਰਨਾਲ।

ਮੁੱਲ ੪)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਨਰੋਤਮ ਅਨੁਸਾਰ ਦੇਖੋ

ਪਰੋਫੈਸਰ ਕ੍ਰਿਪਾਲ ਸਿੰਘ ਜੀ

ਟੇਮਤੇਜ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

੧ ਓ ਵਾਹਿਗੁਰੂ ਜੀ ਕੀ ਫਤਿਹ ॥

# ਅਕਾਲੀ ਮੋਰਚੇ

ਅਤੇ

# ਝੱਬਰ

ਭਾਈ ਕਰਤਾਰ ਸਿੰਘ ਜੀ ਝੱਬਰ ਦਾ ਰੋਜ਼ਨਾਮਚਾ ਜਿਸ ਨੂੰ ਵਾਰਤਕ
ਰੂਪ ਦੇਣ ਲਈ ਸ: ਨਰੈਣ ਸਿੰਘ ਐਮ. ਏ. ਸਾਬਕਾ
ਮੈਨੇਜਰ ਨਨਕਾਣਾ ਸਾਹਿਬ ਨੇ ਛੋਹਿਆ ਹੈ।


ਮਿਲਣ ਦੇ ਪਤੇ

੧. ਮਨਜੀਤ ਪ. ਐਂਡ ਪ. ਕੰਪਨੀ, ਨੇੜੇ ਡੇਰਾ ਬਾਬਾ ਜੱਸਾ ਸਿੰਘ ਪਟਿਆਲਾ।
੨. ਭਾਈ ਮੱਘਰ ਸਿੰਘ ਸੇਵਾਦਾਰ, ਗੁਰਦੁਆਰਾ ਸੀਸ ਗੰਜ, ਦਿੱਲੀ।
੩. ਪ੍ਰਕਾਸ਼ ਅਤੇ ਨਥੂ ਰਾਮ, ਪਿੰਡ ਤੇ ਡਾਕਖਾਨਾ ਹਾਬੜੀ, ਜ਼ਿਲਾ ਕਰਨਾਲ।

ਮੋਖ ੪)


Digitized by Panjab Digital Library | www.panjabdigilib.org

ਸਭ ਹਕ ਰਾਖਵੇਂ ਹਨ ।

ਮਨਜੀਤ ਪ੍ਰਿੰਟਿੰਗ ਐਂਡ ਪਬਲਿਸ਼ਿੰਗ ਕੰਪਨੀ, ਪਟਿਆਲਾ ਵਿਚ ਛਪੀ ।

Digitized by Panjab Digital Library | www.panjabdigilib.org

# ਦੋ ਸ਼ਬਦ

ਜਥੇਦਾਰ ਕਰਤਾਰ ਸਿੰਘ ਝੱਬਰ ਦੀ ਜੀਵਨ ਕਥਾ ਨੇ ਪੰਜਾਬ ਦੇ ਇਤਿਹਾਸਕ ਮਸਾਲੇ ਵਿਚ ਬੜਾ ਸ਼ਲਾਘਾ ਯੋਗ ਵਾਧਾ ਕੀਤਾ ਹੈ। ਜਥੇਦਾਰ ਜੀ ਉਨ੍ਹਾਂ ਖਾਸ ਹਸਤੀਆਂ ਵਿਚੋਂ ਹਨ ਜਿਨ੍ਹਾਂ ਨੇ ਵੀਹਵੀਂ ਸਦੀ ਦੇ ਆਰੰਭ ਤੋਂ ਹੀ ਸਿਖੀ ਪਰਚਾਰ ਦੀ ਲਗਨ ਨਾਲ ਸਿੰਘ ਸਭਾ ਅਤੇ ਅਕਾਲੀ ਲਹਿਰਾਂ ਵਿਚ ਵਧ ਚੜ੍ਹ ਕੇ ਸੇਵਾ ਕੀਤੀ ਹੈ। ਆਪ ਹਰ ਮੋਰਚੇ ਦੀਆਂ ਅਗਲੀਆਂ ਕਤਾਰਾਂ ਵਿਚ ਸਨ ਅਤੇ ਹਰ ਬਿਖੜੇ ਤੇ ਖਤਰੇ ਵੇਲੇ ਮੋਹਰੇ ਹੋ ਕੇ ਸਿਰ ਡਾਹ ਦਿੰਦੇ ਸਨ। ਕੈਦ ਦੀ ਸਖਤੀ ਤੇ ਮੁਸ਼ੱਕਤ, ਕਾਲੇ ਪਾਣੀ ਦਾ ਦੇਸ ਨਿਕਾਲਾ ਅਤੇ ਮੌਤ ਦੀ ਸਜ਼ਾ ਭੀ ਆਪ ਨੂੰ ਡਰਾ ਨਾ ਸਕੀ। ਆਪ ਦਾ ਜੀਵਨ ਸਿਖੀ ਪਰੇਮ, ਪਰਚਾਰ ਦੀ ਲਗਨ ਅਤੇ ਨਿਰਭੈਤਾ ਦੀ ਇਕ ਜੀਉਂਦੀ ਜਾਗਦੀ ਮਿਸਾਲ ਹੈ ਜੋ ਨੌਜਵਾਨਾਂ ਨੂੰ ਰਾਹ ਵਿਖਾਉਣ ਵਾਲੀ ਹੈ।

ਸਰਦਾਰ ਨਰੈਣ ਸਿੰਘ ਜੀ ਐਮ ਏ. ਦੀ ਕਿਰਪਾ ਨਾਲ ਮੈਂ ਇਹ ਪੁਸਤਕ ਛਪਣ ਤੋਂ ਪਹਿਲਾਂ ਵੇਖੀ ਸੀ ਅਤੇ ਮੇਰੀ ਰਾਏ ਵਿਚ ਇਸ ਵਿਚ ਲਿਖੇ ਗਏ ਵਾਕਿਆਤ ਨੂੰ ਬਿਆਨ ਕਰਨ ਵਿਚ ਸੱਚ ਨੂੰ ਮੁਖ ਰਖਿਆ ਗਿਆ ਹੈ। ਮੇਰਾ ਖਿਆਲ ਹੈ ਕਿ ਇਸ ਪੁਸਤਕ ਨਾਲ ਬਹੁਤ ਸਾਰੀਆਂ ਐਸੀਆਂ ਗੱਲਾਂ ਚਾਨਣੇ ਵਿਚ ਆਈਆਂ ਹਨ ਜਿਨ੍ਹਾਂ ਦੇ ਉਜਾਗਰ ਹੋਏ ਬਿਨਾ ਇਤਿਹਾਸ ਵਿਚ ਕਈ ਘਾਪੇ ਰਹਿ ਜਾਣੇ ਸਨ।

ਵਾਹਿਗੁਰੂ ਕਰੇ ਕਿ ਇਸ ਜੀਵਨ ਕਥਾ ਤੋਂ ਪਰੇਰਨਾ ਲੈ ਕੇ ਹੋਰ ਉਹ ਸਜਣ ਭੀ ਜਿਨ੍ਹਾਂ ਨੇ ਕਿ ਪੰਜਾਬ ਦੇ ਰਾਜਸੀ, ਧਾਰਮਕ ਤੇ ਭਾਈਚਾਰਕ ਮੈਦਾਨਾਂ ਵਿਚ ਸੇਵਾ ਕੀਤੀ ਹੈ, ਆਪਣੇ ਹਾਲਾਤ ਪਰਕਾਸ਼ਤ ਕਰ ਦੇਣ ਤਾ ਕਿ ਦੇਸ ਦੇ ਇਤਿਹਾਸ ਦੇ ਹਰ ਪਹਿਲੂ ਉਤੇ ਰੋਸ਼ਨੀ ਪੈ ਜਾਏ ਅਤੇ ਆਉਣ ਵਾਲੇ ਇਤਿਹਾਸਕਾਰਾਂ ਲਈ ਮਸਾਲਾ ਬਣ ਜਾਏ।

ਪਟਿਆਲਾ  
੧੧–੩–੧੯੫੯

**ਗੰਡਾ ਸਿੰਘ**

Digitized by Panjab Digital Library | www.panjabdigilib.org

# ਸੁਧੀਆਂ

੧. ਸਫ਼ਾ ੧੬ ਫੁਟ ਨੋਟ—ਮਹਾਤਮਾ ਗਾਂਧੀ ਜੀ ਦੀ ਤਾਰ ਦਾ ਮਜ਼ਮੂਨ ਇਹ ਸੀ : "ਪਹਿਲੀ ਫੈਸਲਾ-ਕੁਨ ਲੜਾਈ ਜਿਤੀ ਗਈ ਹੈ।'

੨ ਸਫ਼ਾ ੫੬ ਦੀ ਸਤਰ ੨੦ ਵਿਚ 'ਸਨ' ਤੋਂ ਪਿਛੋਂ 'ਜੋ ਅਖੀਰ ਤਕ ਡਟੇ ਰਹੇ' ਪੜ੍ਹੋ।

੩. ਸਫ਼ਾ ੮੩ ਸਾਰਾ ਹੀ, ਸਫ਼ਾ ੮੨ ਵਾਲੇ ਫੁਟ ਨੋਟ ਦੇ ਨਾਲ ਪੜ੍ਹਿਆ ਜਾਵੇ।

੪. ਸਫਾ ੧੨੯ ਦੀ ਪੰਦਰਵੀਂ ਸਤਰ ਵਿਚ 'ਬਿਨਾ' ਸ਼ਬਦ ਸਤਾਰ੍ਹਵੀਂ ਸਤਰ ਦੇ ਸ਼ਬਦ 'ਤਲਬ' ਤੋਂ ਪਹਿਲੋਂ ਪੜ੍ਹਿਆ ਜਾਵੇ।

੫. ਸਫਾ ੨੧੩ ਦੇ ਉਤੇ ਪਹਿਲੇ ਪੈਰੇ ਦੇ ਹੇਠ ਕਾਰ ਸੇਵਾ ਬਾਰੇ ਇਹ ਸ਼ਬਦ ਪੜ੍ਹ ਲਏ ਜਾਣ :

ਭਗਤ ਜਸਵੰਤ ਸਿੰਘ ਜੀ ਨੇ ਅੰਮ੍ਰਿਤਸਰੋਵਰ ਦੀ ਕਾਰ ਸੇਵਾ ਜਿਸ ਪਿਆਰ ਤੇ ਉਤਸ਼ਾਹ ਨਾਲ ਕਰਾਈ ਉਹ ਕਾਰ ਸੇਵਾ ਦੇ ਦਰਿਸ਼ ਤੋਂ ਹੀ ਪ੍ਰਗਟ ਸੀ। ਕਾਰ ਸੇਵਾ ਦੇ ਅਰੰਭਕ ਜਲੂਸ ਵਿਚ ੪-੫ ਲਖ ਮਨੁਖ ਇਸਤਰੀ ਸ਼ਾਮਲ ਸਨ ਜਿਨ੍ਹਾਂ ਦੇ ਮੂੰਹਾਂ ਤੋਂ ਸਤਿਨਾਮ ਵਾਹਿਗੁਰੂ ਦੀ ਧੁਨੀ ਨੇ ਸਾਰਾ ਵਾਯੂ ਮੰਡਲ ਹੀ ਨਾਮ ਦੀ ਅਲੋਕਕ ਰੰਗਨ ਵਿਚ ਰੰਗ ਦਿਤਾ ਸੀ। ਕਾਰ ਸੇਵਾ ਦਾ ਅਰੰਭ ਪੰਜਾਂ ਪਿਆਰਿਆ ਨੇ ਹੀਰੇ ਜੜੀਆਂ ਸੋਨੇ ਦੀਆਂ ਪੰਜ ਕਹੀਆਂ ਅਤੇ ਚਾਂਦੀ ਦੇ ਪੰਜ ਬਾਟਿਆਂ ਨਾਲ ਕੀਤਾ, ਮਹਾਰਾਜਾ ਸਾਹਿਬ ਪਟਿਆਲਾ ਤੋਂ ਲੈ ਕੇ ਅਮੀਰ ਤੋਂ ਅਮੀਰ ਅਤੇ ਗਰੀਬ ਤੋਂ ਗਰੀਬ ਸਿਖ ਇਸਤਰੀਆਂ ਮਰਦ ਸਿਰ ਉਤੇ ਗਾਰ ਦੀ ਟੋਕਰੀ ਉਠਾਉਣ ਵਿਚ ਫ਼ਖ਼ਰ ਪ੍ਰਤੀਤ ਕਰਦਾ ਸੀ। ਇਕੱਲੇ ਗੁਰਦਵਾਰਾ ਕਮੇਟੀ ਦੇ ਲੰਗਰ ਵਿਚ ਰੋਜ਼ਾਨਾ ਦੋ ਹਜ਼ਾਰ ਮਣ ਆਟਾ ਪਕਦਾ ਸੀ ਜਿਸ ਦੇ ਪਕਾਉਣ ਲਈ ਕੋਈ ਤਨਖਾਹਦਾਰ ਲਾਂਗਰੀ ਨਹੀਂ ਸਨ। ਅਜੇਹੇ ਹੋਰ ਵੀ ਲੰਗਰ ਸਨ। ਇਹ ਇਕ ਸੇਵਾ ਦਾ ਕੁੰਭ ਸੀ ਜਿਸ ਦਾ ਅਲੋਦਕ ਦਰਿਸ਼ ਵੇਖ ਅਨਮਤੀ ਵੀ ਕਹਿ ਰਹੇ ਸਨ 'ਧੰਨੁ ਗੁਰੂ ਰਾਮਦਾਸ'। ਭਗਤ ਜਸਵੰਤ ਸਿੰਘ ਜੀ ਕਾਫ਼ੀ ਸਮਾਂ ਸ਼ਰੋਮਣੀ ਕਮੇਟੀ ਦੇ ਮੈਂਬਰ ਰਹੇ ਅਤੇ ਅਕਾਲੀ ਲਹਿਰ ਵਿਚ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਗਰਿਫਤਾਰ ਹੋ ਕੇ ਸਜ਼ਾ ਪਾਈ।

੬ ਸਫ਼ਾ ੨੩੫ ਦੀ ਸਤਰ ੧੨ ਵਿਚ ੧੯੨੬ ਦੀ ਬਜਾਏ ੧੯੨੯ ਪੜ੍ਹੋ।

Digitized by Panjab Digital Library | www.panjabdigilib.org

# ਮੁਖਬੰਦ

ਸ਼ੇਰ ਦਿਲ ਮਰਦ ਕੌਮਾਂ ਅਤੇ ਦੇਸਾਂ ਦੀ ਜਿੰਦ ਜਾਨ ਹੁੰਦੇ ਹਨ । ਉਨ੍ਹਾਂ ਦਾ ਦੇਸ਼ ਪਿਆਰ ਉਨ੍ਹਾਂ ਅੰਦਰ ਇਕ ਜੀਵਨ ਸੱਤਾ ਭਰ ਦੇਂਦਾ ਹੈ ਜੋ ਨਾਸ਼ ਰਹਿਤ ਤੇ ਸਦ-ਜੀਵੀ ਹੁੰਦੀ ਹੈ, ਜਿਸ ਕਰ ਕੇ ਉਨ੍ਹਾਂ ਅੰਦਰੋਂ ਮੌਤ ਦਾ ਭੈ ਚੁਕ ਜਾਂਦਾ ਹੈ । ਉਹ ਸਦਾ ਗਾਉਂਦੇ ਹਨ "ਕਬੀਰ ਜਿਸੁ ਮਰਨੇ ਤੇ ਜਗ ਡਰੇ ਮੇਰੇ ਮਨ ਆਨੰਦੁ ।" ਉਹ ਹਮੇਸ਼ਾ ਰਜ਼ਾਈ ਦੀ ਰਜ਼ਾ ਤੇ ਸ਼ਾਕਰ ਦਿਸਦੇ ਹਨ ਉਨ੍ਹਾਂ ਨੂੰ ਕਾਲ ਕੋਠੜੀ ਦਾ ਭੈ ਨਹੀਂ ਹੁੰਦਾ ਅਤੇ ਨਾ ਸਰੀਰਕ ਕਲੇਸ਼ ਦਾ ਡਰ । ਉਨ੍ਹਾਂ ਦਾ ਹਰ ਕੰਮ ਕਿਸੇ ਪਰਉਪਕਾਰ ਤਥਾ ਦੇਸ਼ ਕੌਮ ਦੇ ਭਲੇ ਲਈ ਹੁੰਦਾ ਹੈ ਜਿਸ ਵਿਚ ਕੋਈ ਜ਼ਾਤੀ ਗਰਜ਼ ਨਹੀਂ ਹੁੰਦੀ । ਇਹੋ ਕਾਰਨ ਹੈ ਕਿ ਉਨ੍ਹਾਂ ਦਾ ਮਨ ਦੁਖ ਸੁਖ ਸਹਾਰਨ ਲਈ ਬਲਵਾਨ ਹੋ ਜਾਂਦਾ ਹੈ ਤੇ ਫਿਰ ਉਹ ਦੁਖ ਨੂੰ ਦੁਖ ਨਹੀਂ ਜਾਣਦੇ, ਬਲਕਿ ਦੁਖ ਬਣੇ ਤੇ ਉਨ੍ਹਾਂ ਦਾ ਇਹ ਵਿਸ਼ਵਾਸ ਕਿ ਇਸ ਨੇ ਸਦਾ ਨਹੀਂ ਰਹਿਣਾ ਉਨ੍ਹਾਂ ਨੂੰ ਨਿਰਭੈ ਰਖਦਾ ਹੈ । ਉਹ ਮੌਤ ਦੀ ਸਜ਼ਾ ਸੁਣ ਕੇ ਭੀ ਨੀਂਦ ਦੀ ਮੌਜ ਮਾਣਦੇ ਹਨ । ਉਨ੍ਹਾਂ ਦਾ ਨਿਸਚਾ ਹੁੰਦਾ ਹੈ ਕਿ "ਗੁਰਿ ਕਹਿਆ ਜੋ ਹੋਇ ਸਭੁ ਪ੍ਰਭ ਤੇ–ਤਬ ਕਾੜਾ ਛੋਡਿ ਅਚਿੰਤ ਹਮ ਸੋਤੇ ।"

ਭਾਈ ਕਰਤਾਰ ਸਿੰਘ ਝੱਬਰ ਜੀ ਦਾ ਰੋਜ਼ਨਾਮਚਾ ਇਕ ਅਜੇਹੇ ਸ਼ੇਰ ਦਿਲ ਮਰਜੀਉੜੇ ਦੀ ਕਥਾ ਹੈ । ਇਹ ਨਾ ਕੇਵਲ ਕੌਮੀ ਸੇਵਾ ਦੀ ਇਕ ਅਦੁਤੀ ਮਿਸਾਲ ਹੀ ਪੇਸ਼ ਕਰਦਾ ਹੈ ਬਲਕਿ ਦੇਸ਼ ਅਤੇ ਗੁਰਦਵਾਰਿਆਂ ਦੀ ਆਜ਼ਾਦੀ ਦੇ ਇਤਿਹਾਸ ਦੀ ਲੜੀ ਵਿਚ ਇਕ ਸ਼ਰੋਮਣੀ ਮਣਕਾ ਹੈ । ਇਸ ਰੋਜ਼ਨਾਮਚੇ ਦਾ ਝੱਬਰ ਜੀ ਦੇ ਕਿਸੇ ਬਕਸੇ ਵਿਚ ਦਬਿਆ ਪਿਆ ਰਹਿਣਾ ਕੇਵਲ ਉਨ੍ਹਾਂ ਨਾਲ ਹੀ ਬੇਇਨਸਾਫੀ ਨਹੀਂ ਹੋਵੇਗੀ, ਬਲਕਿ ਕੌਮ ਅਤੇ ਕੌਮ ਦੇ ਨੌਜਵਾਨਾਂ ਨਾਲ ਜਿਨ੍ਹਾਂ ਨੇ ਅਜੇਹੇ ਮਰਜੀਉੜਿਆਂ ਦੀਆਂ ਜੀਵਨ ਕਥਾ ਤੋਂ ਜੀਵਨ ਛੋਹ ਲੈਣੀ ਹੈ ਵਡਾ ਧੱਕਾ ਹੋਵੇਗਾ । ਇਹ ਰੋਜ਼ਨਾਮਚਾ ਵੀਹਵੀਂ ਸਦੀ ਦੇ ਇਤਿਹਾਸ ਦੇ ਖੋਜੀਆਂ ਲਈ ਭੀ ਹਡ ਬੀਤੀਆਂ ਵਾਰਤਾਂ ਪੇਸ਼ ਕਰਨ ਲਈ ਇਕ ਖਜ਼ਾਨੇ ਦਾ ਕੰਮ ਦੇਣ ਵਾਲਾ ਹੋਵੇਗਾ ਇਸ ਲਈ ਝੱਬਰ ਜੀ ਤੋਂ ਆਗਿਆ ਲੈ ਕੇ ਇਸ ਰੋਜ਼ਨਾਮਚੇ ਵਿਚ ਦਰਜ ਮਸਾਲੇ ਨੂੰ ਵਾਰਤਕ ਰੂਪ ਦੇਣ ਦਾ ਮਾੜਾ ਜਿਹਾ ਯਤਨ ਕੀਤਾ ਹੈ । ਬਹੁਤੀ ਥਾਈਂ ਰੋਜ਼ਨਾਮਚੇ ਦੀ

Digitized by Panjab Digital Library | www.panjabdigilib.org

ਲਿਖਤ ਨੂੰ ਇਨ ਬਿਨ ਪੇਸ਼ ਕਰਨਾ ਠੀਕ ਜਾਣ ਕੇ ਇਸ ਵਿਚ ਬਹੁਤੀ ਤਬਦੀਲੀ ਨਹੀਂ ਕੀਤੀ ਗਈ। ਅਜੇਹੀ ਥਾਈਂ ਕੇਵਲ ਲੜੀ ਜੋੜਨ ਅਤੇ ਵਾਕਿਆਤ ਨੂੰ ਤਰਤੀਬ ਦੇਣ ਲਈ ਕੁਝ ਸ਼ਬਦ ਲਿਖੇ ਹਨ। ਜਿਥੇ ਕਿਧਰੇ ਰੋਜ਼ਨਾਮਚੇ ਤੋਂ ਬਾਹਰ ਜਾਣਾ ਜ਼ਰੂਰੀ ਸਮਝਿਆ ਗਿਆ ਹੈ ਉਥੇ ਭੀ ਝੱਬਰ ਜੀ ਤੋਂ ਜ਼ਬਾਨੀ ਸੁਣੇ ਵਾਕਿਆਤ ਨੂੰ ਹੀ ਮੁਖ ਰਖਿਆ ਹੈ ਇਸ ਲਈ ਵਾਕਿਆਤ ਦੀ ਸਚਾਈ ਦਾ ਬਹੁਤਾ ਨਿਰਭਰ ਝੱਬਰ ਜੀ ਦੇ ਰੋਜ਼ਨਾਮਚੇ ਤਥਾ ਉਨ੍ਹਾਂ ਦੇ ਜ਼ਬਾਨੀ ਸੁਣਾਏ ਹਾਲਾਤ ਤੇ ਹੀ ਹੈ। ਇਹ ਮੇਰੀ ਕਿਸੇ ਜ਼ਾਤੀ ਖੋਜ ਦਾ ਸਿਟਾ ਨਹੀਂ।

ਝੱਬਰ ਜੀ ਨੂੰ ਪਾਠਕਾਂ ਦੇ ਸਾਹਮਣੇ ਲਿਆਉਣ ਤੋਂ ਪਹਿਲੋਂ ਕੁਝ ਪਤਰੇ ਉਹ ਹਾਲਾਤ ਦਸਣ ਲਈ ਲਿਖਣੇ ਜ਼ਰੂਰੀ ਸਨ ਜਿਨ੍ਹਾਂ ਨੇ ਉਸ ਅਕਾਲੀ ਅਤੇ ਰਾਜਸੀ ਲਹਿਰ ਨੂੰ ਜਨਮ ਦਿਤਾ, ਜਿਸ ਨੇ ਝੱਬਰ ਜੀ ਨੂੰ ਮੈਦਾਨ ਵਿਚ ਲਿਆਂਦਾ। ਇਸੇ ਤਰ੍ਹਾਂ ਜਿਥੇ ੨ ਲੋੜ ਭਾਸੀ ਹੈ ਸੰਖੇਪ ਜੈਸਾ ਜ਼ਿਕਰ ਉਨ੍ਹਾਂ ਹਸਤੀਆਂ ਦਾ ਭੀ ਕੀਤਾ ਗਿਆ ਹੈ ਜਿਨ੍ਹਾਂ ਨੇ ਪਿਛਲੇ ਪੰਜਾਹ ਸਾਲਾਂ ਅਥਵਾ ਝੱਬਰ ਜੀ ਦੇ ਜੀਵਨ ਸੰਗ੍ਰਾਮ ਸਮੇਂ ਇਨ੍ਹਾਂ ਲਹਿਰਾਂ ਵਿਚ ਹਿਸਾ ਪਾਇਆ ਹੈ।

ਭਾਵੇਂ ਇਸ ਪੁਸਤਕ ਦਾ ਵਧੇਰਾ ਸੰਬੰਧ ਝੱਬਰ ਜੀ ਦੇ ਜੀਵਨ ਨਾਲ ਹੀ ਹੈ ਪ੍ਰੰਤੂ ਇਸ ਵਿਚ ਲਿਖੇ ਵਾਕਿਆਤ ਤੋਂ ਦੇਸ ਦੀ ਆਜ਼ਾਦੀ ਲਈ ਸਿਖ ਕੌਮ ਦੇ ਨੌਨਿਹਾਲਾਂ ਵਲੋਂ ਕੀਤੀਆਂ ਕੁਰਬਾਨੀਆਂ ਦੀ ਸੋਹਣੀ ਝਲਕ ਪੈਂਦੀ ਹੈ, ਜਿਸ ਨੂੰ ਵਿਸਥਾਰ ਨਾਲ ਪੇਸ਼ ਕਰਨ ਵਾਸਤੇ ਕੌਮ ਦੇ ਇਤਿਹਾਸ ਖੋਜੀਆਂ ਨੂੰ ਇਧਰ ਧਿਆਨ ਦੇਣਾ ਚਾਹੀਦਾ ਹੈ ਤਾਕਿ ਦੇਸ਼ ਦੀ ਆਜ਼ਾਦੀ ਹਿਤ ਸਿਖਾਂ ਵਲੋਂ ਘਾਲੀਆਂ ਅਦੁਤੀ ਘਾਲਨਾ ਪਖਪਾਤੀ ਲਿਖਤ ਦੇ ਅੰਧੇਰੇ ਵਿਚ ਹੀ ਦਬੀਆਂ ਨਾ ਰਹਿ ਜਾਣ।

ਦਾਸ ਡਾਕਟਰ ਗੰਡਾ ਸਿੰਘ ਜੀ ਐਮ. ਏ. ਇਤਿਹਾਸਕਾਰ ਦਾ ਅਤਿਅੰਤ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਪੁਸਤਕ ਦੇ ਮੁਕੰਮਲ ਕਰਨ ਦੇ ਸੰਬੰਧ ਵਿਚ ਮਸ਼ਵਰਾ ਅਤੇ ਸਮਾਂ ਦੇਣ ਦੀ ਖੇਚਲ ਕੀਤੀ।

ਪੁਸਤਕ ਵਿਚ ਲਿਖੇ ਵਾਕਿਆਤ ਵਿਚ ਜੇ ਕਿਸੇ ਸਜਨ ਨੂੰ ਕੋਈ ਤਰੁਟੀ ਜਾਂ ਭੁੱਲ ਪ੍ਰਤੀਤ ਹੋਵੇ ਤਾਂ ਉਹ ਮੈਨੂੰ ਲਿਖ ਭੇਜਣ ਦੀ ਖੇਚਲ ਕਰੇ ਤਾਂ ਕਿ ਵੀਚਾਰ ਉਪ੍ਰੰਤ ਦੂਜੀ ਐਡੀਸ਼ਨ ਸਮੇਂ ਭੁੱਲ ਦੀ ਸੋਧ ਕਰ ਲਈ ਜਾਵੇ।

**ਨਰੈਣ ਸਿੰਘ**

ਸਨੌਰ, ਜ਼ਿਲਾ ਪਟਿਆਲਾ।

Digitized by Panjab Digital Library | www.panjabdigilib.org

# ਲੇਖ ਸੂਚੀ



| | | |
|---|---|---|
| ੧. | ਉਸਾਰੀ | ੧ |
| ੨. | ਰਾਜਨੀਤਕ ਜਾਗਰਤ ਤੇ ਕੌਮਾ ਗਾਟਾ ਮਾਰੂ | ੧੬ |
| ੩. | ਝੱਬਰ ਜੀ ਨਾਲ ਜਾਣ ਪਛਾਣ | ੨੮ |
| ੪. | ਮਾਰਸ਼ਲ-ਲਾ ਤੇ ਕਾਲਾ ਪਾਣੀ | ੩੭ |
| ੫. | ਰਾਜਨੀਤਕ ਪ੍ਰਚਾਰ | ੬੬ |
| ੬. | ਗੁਰਦੁਆਰਾ ਸੁਧਾਰ ਲਹਿਰ | ੭੪ |
| ੭. | ਗੁਰਦੁਆਰਾ ਬਾਬੇ ਦੀ ਬੇਰ ਦਾ ਕਬਜ਼ਾ | ੭੫ |
| ੮. | ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਤੇ ਖਾਲਸਾ ਬਰਾਦਰੀ | ੮੦ |
| ੯. | ਅਕਾਲ ਤਖਤ ਸਾਹਿਬ ਦਾ ਕਬਜ਼ਾ | ੮੭ |
| ੧੦. | ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ | ੯੩ |
| ੧੧ | ਲਾਹੌਰ ਸਿਖ ਲੀਗ | ੧੦੦ |
| ੧੨. | ਗੁਰਦੁਆਰਾ ਪੰਜਾ ਸਾਹਿਬ ਦਾ ਕਬਜ਼ਾ | ੧੦੪ |
| ੧੩. | ਗੁਰਦੁਆਰਾ ਸਚਾ ਸੌਦੇ ਦਾ ਕਬਜ਼ਾ | ੧੨੮ |
| ੧੪. | ਭਾਈ ਵਰਿਆਮ ਸਿੰਘ ਸ਼ਹੀਦ | ੧੩੦ |
| ੧੫. | ਸ਼ਰੋਮਣੀ ਅਕਾਲੀ ਦਲ | ੧੩੭ |
| ੧੬. | ਗੁਰਦੁਆਰਾ ਤਰਨ ਤਾਰਨ ਸਾਹਿਬ ਦਾ ਕਬਜ਼ਾ | ੧੩੮ |
| ੧੭. | ਗੁਹਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ | ੧੫੦ |
| ੧੮. | ਸਾਕਾ ਸ੍ਰੀ ਨਨਕਾਣਾ ਸਾਹਿਬ | ੧੬੯ |
| ੧੯. | ਅਕਾਲੀ ਦਲ ਖਰਾ ਸੌਦਾ ਬਾਰ ਦੀ ਤਿਆਰੀ | ੧੭੧ |
| ੨੦. | ਗੁਰਦੁਆਰਾ ਸ੍ਰੀ ਜਨਮ ਅਸਥਾਨ ਦਾ ਕਬਜ਼ਾ | ੧੮੨ |
| ੨੧. | ਸਰਕਾਰ ਨਾਲ ਨਾਮਿਲਵਰਤਨ | ੧੯੭ |
| ੨੨ | ਗਵਰਨਰ ਪੰਜਾਬ ਨਾਲ ਕਾਨਫ੍ਰੰਸ | ੧੯੮ |
| ੨੩ | ਗਰਿਫਤਾਰੀਆਂ | ੧੯੯ |
| ੨੪ | ਨੀਲੀ ਦਸਤਾਰ | ੨੦੫ |


Digitized by Panjab Digital Library | www.panjabdigilib.org

| | | |
|---|---|---|
| ੨੫. | ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਚਾਬੀਆਂ | ੨੦੬ |
| ੨੬, | ਗੁਰੂ ਕੇ ਬਾਗ਼ ਦਾ ਮੋਰਚਾ | ੨੦੯ |
| ੨੭. | ਕਾਰ ਸੇਵਾ | ੨੧੨ |
| ੨੮ | ਗੁਰਦੁਆਰਾ ਗੰਗਸਰ ਜੈਤੋ ਦਾ ਮੋਰਚਾ | ੨੧੩ |
| ੨੯. | ਝੱਬਰ ਫਿਰ ਗਰਿਫਤਾਰ | ੨੧੬ |
| ੩੦. | ਕੈਂਬਲਪੁਰ ਜੇਹਲ | ੨੨੧ |
| ੩੧. | ਮੁਲਤਾਨ ਜੇਹਲ | ੨੨੯ |
| ੩੨. | ਰਾਵਲ ਪਿੰਡੀ ਜੇਹਲ | ੨੩੨ |
| ੩੩. | ਆਕੜ ਭੰਨ ਦਲ | ੨੩੫ |
| ੩੪. | ਝੱਬਰ ਮੁੜ ਕਾਤਲਾਂ ਦੀ ਕਤਾਰ ਵਿਚ | ੨੩੭ |
| ੩੫ | ਝਟਕੇ ਦੀ ਕਾਨਫ੍ਰੰਸ | ੨੪੮ |
| ੩੬. | ਕੋਟ ਭਾਈ ਥਾਨ ਸਿੰਘ | ੨੫੨ |
| ੩੭. | ਅੰਤਕਾ ੧ | ੨੬੦ |
| ੩੮. | ਅੰਤਕਾ ੨—ਸੰਤ ਸਿਪਾਹੀ | ੨੬੨ |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਜਥੇਦਾਰ ਕਰਤਾਰ ਸਿੰਘ ਝੱਬਰ

Digitized by Panjab Digital Library | www.panjabdigilib.org

੧ ਓ ਵਾਹਿਗੁਰੂ ਜੀ ਕੀ ਫਤਿਹ ॥

# ੧

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਪਿਛੋਂ ਗੁਰਮਤ ਪ੍ਰਚਾਰ ਦਾ ਸਿਲਸਲਾ ਕਿਸੇ ਹਦ ਤਕ ਖਤਮ ਹੋਣ ਦੇ ਤੁੱਲ ਸੀ। ਬਾਬਾ ਬੰਦਾ ਸਿੰਘ ਬਹਾਦਰ ਦੇ ਜੁਧਾਂ ਜੰਗਾਂ ਉਪਰੰਤ ਉਨਾਂ ਦੇ ਫੜੇ ਜਾਣ ਅਤੇ ਅਠ ਸੌ ਸਿੰਘਾਂ ਸਮੇਤ ਦਿੱਲੀ ਦੀ ਕਤਲ ਗਾਹ ਵਿਖੇ ਤਲਵਾਰ ਦੇ ਘਾਟ ਉਤਾਰੇ ਜਾਣ ਦੀਆ ਘਟਨਾਵਾਂ .ਅਤੇ ਉਸ ਤੋਂ ਪਿਛੋਂ ਸਮੇਂ ਦੀ ਹਕੂਮਤ ਵਲੋਂ ਸਿਖਾਂ ਦੀ ਕਤਲ ਆਮ ਤੇ ਉਹਨਾਂ ਦਾ ਜੰਗਲ ਜਾ ਮਲਨੇ ਅਜੇਹੇ ਭਿਆਨਕ ਸਮੇਂ ਸਨ ਜਦੋਂ ਸਿਖੀ ਪਰਚਾਰ ਤਾਂ ਕੀ ਸਿਖ ਨਾਮ ਹੀ ਜਾਨ ਦਾ ਵੈਰੀ ਬਣ ਰਿਹਾ ਸੀ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜੈਸੇ ਪਵਿਤਰ ਗੁਰਦਵਾਰੇ ਤੇ ਸਰੋਵਰ ਢਾਹ ਢੇਰੀ ਕੀਤੇ ਗਏ ਸਨ ਅਤੇ ਜੇ ਕਿਧਰੇ ਕੋਈ ਧਰਮ ਅਸਥਾਨ ਕਾਇਮ ਸੀ ਤਾਂ ਉਹ ਉਦਾਸੀ ਸਾਧੂਆਂ ਦੇ ਪਰਬੰਧ ਹੇਠ ਹਿੰਦੂ ਵਿਚਾਰਾਂ ਤੋਂ ਪ੍ਰਭਾਵਤ ਹੁੰਦੇ ਜਾ ਰਹੇ ਸਨ। ਹਕੂਮਤ ਦੇ ਭੈ ਕਰ ਕੇ ਭੀ ਇਨਾਂ ਦੇ ਮੋਹਤਮਿਮ ਆਪਨੇ ਆਪ ਨੂੰ ਹਿੰਦੂ ਦਸ ਕੇ ਹੀ ਮਹਿਫੂਜ਼ ਸਮਝੇ ਜਾ ਸਕਦੇ ਸਨ। ਇਸ ਲਈ ਇਨ੍ਹਾਂ ਅਸਥਾਨਾਂ ਵਿਚੋਂ ਭੀ ਸਿਖੀ ਰੰਗਤ ਉਡਦੀ ਜਾ ਰਹੀ ਸੀ। ਜੇ ਕਰ ਕਦੇ ਕਦਾਈਂ ਸਿਖ ਲੁਕ ਛਿਪ ਕੇ ਇਹਨਾਂ ਅਸਥਾਨਾਂ ਦੀ ਯਾਤਰਾ ਨੂੰ ਆਉਂਦੇ ਭੀ ਸਨ ਤਾਂ ਕੇਵਲ ਪ੍ਰੇਮ ਤੇ ਸ਼ਰਧਾ ਭਾਵ ਨਾਲ ਅਤੇ ਬਹੁਤ ਥੋੜੇ ਸਮੇਂ ਵਾਸਤੇ, ਉਹਨਾਂ ਨੂੰ ਇਤਨਾਂ ਅਵਸਰ ਭੀ ਪਰਾਪਤ ਨਹੀਂ ਸੀ ਕਿ ਓਹ ਇਨਾਂ ਦੀ ਰਹੁ ਰੀਤ ਨੂੰ ਜਾਂਚ ਪੜਤਾਲ ਸਕਨ। ਜੇ ਕਿਧਰੇ ਸਿਖਾਂ ਨੂੰ ਇਕਠੇ ਹੋਣ ਦਾ ਕਦੀ ਸਮਾਂ ਪ੍ਰਾਪਤ ਭੀ ਹੋਇਆ ਤਾਂ ਉਹ ਆਪਣੇ ਆਪ ਦੇ ਬਚਾਓ ਤੇ ਵੈਰੀ ਨੂੰ ਸੋਧਨ ਦੀਆ ਵੀਚਾਰਾਂ ਵਿਚ ਬੀਤ ਜਾਂਦਾ। ਅਜੇਹੇ ਗੈਰ ਮਾਮੂਲੀ ਹਾਲਾਤ ਵਿਚ ਵੀ ਚਾਰਾਂ ਭੀ



Digitized by Panjab Digital Library | www.panjabdigilib.org

ਗੈਰ ਮਾਮੂਲੀ ਹੀ ਹੋਇਆ ਕਰਦੀਆਂ ਹਨ-ਸੋ ਪਰਚਾਰ ਦੇ ਨੁਕਤੇ ਤੋਂ ਇਹ ਉਹ ਸਮਾਂ ਸੀ ਜਦੋਂ ਸਿਖੀ ਦੇ ਵਧਣ ਫੁਲਨ ਬਾਰੇ ਕੁਝ ਬਨਣਾ ਸੰਭਵ ਹੀ ਨਹੀਂ ਸੀ।

ਇਸ ਤੋਂ ਪਿਛੋਂ ਜਦੋਂ ਮਿਸਲਾਂ ਦਾ ਸਮਾਂ ਆਇਆ ਅਤੇ ਸਿਖ ਆਪੋ ਆਪਣੇ ਜਥੇ ਬਣਾ, ਜੰਗਲਾਂ ਨੂੰ ਤਿਆਗ, ਪਰਗਟ ਤੌਰ ਸਾਹਮਣੇ ਆਏ ਤਦੋਂ ਭੀ ਆਪਨੇ ਪੈਰਾਂ ਤੇ ਖੜੇ ਹੋਣ ਦੇ ਯਤਨ ਨੇ ਕੁਝ ਹੋਰ ਸੋਚਨ ਦਾ ਸਮਾਂ ਨਾ ਦਿਤਾ ਅਤੇ ਆਪਨੇ ਆਪਨੇ ਧੜੇ ਨੂੰ ਪਕਾ ਕਰਨ, ਸਮੇਂ ਦੀ ਹਕੂਮਤ ਨੂੰ ਖਤਮ ਕਰਨ ਤੇ ਅਬਦਾਲੀ ਦਾ ਮੂੰਹ ਮੋੜਨ ਦੇ ਆਹਰ ਵਿਚ ਲਗੇ ਰਹੇ ਅਤੇ ਜਦੋਂ ਕੁਝ ਜ਼ੋਰ ਫੜ ਗਏ ਤਾਂ ਆਪੋ ਵਿਚ ਖੜਕਦੇ ਰਹੇ। ਅਜੇਹੇ ਸਮੇਂ ਭੀ ਗੁਰਮਤ ਪ੍ਰਚਾਰ ਵਲ ਧਿਆਨ ਦਿਤਾ ਜਾਣਾ ਕਠਨ ਸੀ ਸੋ ਇਹ ਲਗ ਭਗ ਇਕ ਸੌ ਸਾਲ ਦਾ ਸਮਾਂ ਅਜੇਹਾ ਸੀ ਜਿਸ ਵਿਚ ਸਿਖੀ ਪਰਚਾਰ ਨੂੰ ਬਹੁਤ ਵਡੀ ਢਾਹ ਲਗੀ ਅਤੇ ਸਿਵਾਏ ਇਸ ਦੇ ਕਿ ਇਕ ਤਾਕਤਵਰ ਪੋਲੀਟੀਕਲ ਟੋਲਾ ਕਾਇਮ ਹੋ ਗਿਆ ਸਿਖੀ ਰਹੁ ਰੀਤ ਤੇ ਧਰਮ ਪਰਚਾਰ ਵਲੋਂ ਉਕੀ ਹੀ ਅਭਾਵਤ ਰਹੀ। ਸਿਖੀ ਪਰਚਾਰ ਦੇ ਨੁਕਤੇ ਤੋਂ ਅਸੀਂ ਇਸ ਸਦੀ ਨੂੰ ਹਨੇਰਾ ਪਖ ਕਹਿ ਸਕਦੇ ਹਾਂ। ਇਹ ਤਲਵਾਰ ਦਾ ਸਮਾਂ ਸੀ।

ਉਨੀਵੀਂ ਸਦੀ ਦੇ ਅਰੰਭ ਵਿਚ ਸਤਲਜੋਂ ਪਛਮ ਵਲ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੇ ਸਿਖ ਰਾਜ ਦੀ ਨੀਂਹ ਧਰੀ ਤੇ ਪੂਰਬ ਵਿਚ ਫੂਲਕੀਆਂ ਰਿਆਸਤਾਂ ਕਾਇਮ ਹੋਈਆਂ। ਫੂਲਕੀਆਂ ਰਿਆਸਤਾਂ ਅੰਗਰੇਜ਼ੀ ਰਾਜ ਦੇ ਅਸਰ ਹੇਠ ਸਨ ਤੇ ਮਹਾਰਾਜਾ ਰਣਜੀਤ ਸਿੰਘ ਦਾ ਸਾਰਾ ਸਮਾਂ ਹੀ ਪਹਿਲੋਂ ਆਪਨੇ ਪੈਰ ਪਕੇ ਕਰਨ ਅਤੇ ਫਿਰ ਪਛਮੀ ਸਰਹਦ ਦੇ ਪਠਾਨਾਂ ਨਾਲ ਟਕਰਨ ਵਿਚ ਲੰਘ ਗਿਆ। ਜਿਥੋਂ ਤਕ ਹੋ ਸਕਿਆ ਉਹਨਾਂ ਨੇ ਇਤਹਾਸਕ ਗੁਰਦੁਆਰਿਆਂ ਨੂੰ ਕਾਇਮ ਕਰਨ ਅਤੇ ਇਨ੍ਹਾਂ ਦੀ ਨਵੇਂ ਸਿਰਿਉਂ ਤਾਮੀਰ ਕਰਨ ਵਲ ਕਾਫੀ ਧਿਆਨ ਦਿਤਾ ਪ੍ਰੰਤੂ ਇਨ੍ਹਾਂ ਦੇ ਅੰਦਰੂਨੀ ਪਰਬੰਧ ਅਤੇ ਚਲੰਤ ਰਹੁ ਰੀਤ ਵਲ



Digitized by Panjab Digital Library | www.panjabdigilib.org

ਮਹਾਰਾਜਾ ਸਾਹਿਬ ਬਹੁਤਾ ਗਹੁ ਨਾ ਕਰ ਸਕੇ-ਅਤੇ ਜੇ ਕਰਦੇ ਵੀ ਤਾਂ ਸੌ ਸਾਲ ਦਾ ਲਗਾਤਾਰ ਜੋ ਮਨਮਤ ਦਾ ਪਰਭਾਵ ਪੈ ਚੁਕਾ ਹੋਇਆ ਸੀ ਉਸ ਨੂੰ ਧੋ ਦੇਣਾ ਮਹਾਰਾਜਾ ਸਾਹਿਬ ਵਰਗੇ ਪੁਰਸ਼ ਲਈ ਜਿਸ ਨੂੰ ਸਿਖ ਰਾਜ ਦੀ ਸਥਾਪਤੀ ਤੋਂ ਕਿਥੇ ਵੇਹਲ ਸੀ ਮੁਸ਼ਕਲ ਸੀ ਅਤੇ ਜਦੋਂ ਪਰਚਾਰ ਦੇ ਅਡੇ ਗੁਰਦਵਾਰੇ ਹੀ ਸਿਖੀ ਪਰਭਾਵ ਰਹਿਤ ਹੋ ਚੁਕੇ ਸਨ ਤਾਂ ਗੁਰਮਤ ਪਰਚਾਰ ਕੀ ਹੋਣਾ ਸੀ।

੧੮੩੯ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਚੜ੍ਹਾਈ ਕਰ ਜਾਣ ਮਗਰੋਂ ਜੋ ਬੁਰਛਾ ਗਰਦੀ ਪੰਜਾਬ ਦੇ ਰਾਜ ਵਿਚ ਵਰਤੀ ਜਿਸ ਦੀ ਬਾਬਤ ਸ਼ਾਹ ਮੁਹੰਮਦ ਨੇ ਅਖੀਂ ਡਿਠਾ ਲਿਖਿਆ ਹੈ।

"ਜੇਹੜਾ ਬਹੇ ਗਦੀ ਉਹਨੂੰ ਮਾਰ ਲੈਂਦੇ ਨਹੀਂ ਛਡਿਆ ਸਾਧ ਤੇ ਸੰਤ ਮੀਆਂ।"

ਉਸ ਸਮੇਂ ਭੀ ਸਿਖੀ ਦੇ ਪਰਚਾਰ ਬਾਰੇ ਕੁਝ ਨਾ ਹੋ ਸਕਿਆ ਅਤੇ ੧੮੪੯ ਵਿਚ ਜਦੋਂ ਅੰਗਰੇਜ਼ ਨੇ ਪੰਜਾਬ ਨੂੰ ਆਪਨੇ ਰਾਜ ਵਿਚ ਮਿਲਾ ਲਿਆ ਤਾਂ ਅੰਗਰੇਜ਼ ਨੂੰ ਸਿਖਾਂ ਤੇ ਇਤਨੀ ਬੇਵਿਸਾਹੀ ਹੋਈ ਹ ਸੀ ਕਿ ਉਹ ਸਿਖ ਦਾ ਵਧਣਾ ਫੁਲਨਾ ਕਦੋਂ ਸਹਾਰ ਸਕਦਾ ਸੀ।

ਉਸ ਸਮੇਂ ਸਿਖਾਂ ਦੇ ਨਿਤ ਕਰਮ ਤੇ ਰਸਮਾਂ ਰੀਤਾ ਬਹੁਤ ਹਦ ਤਕ ਹਿੰਦੂਆਂ ਵਾਲੀਆਂ ਹੋ ਚੁਕੀਆਂ ਸਨ। ਜਨਮ ਤੋਂ ਲੈ ਕੇ ਮ੍ਰਿਤੂ ਤੱਕ ਦੇ ਸੰਸਕਾਰ ਹਿੰਦੂ ਰੀਤੀ ਅਨੁਸਾਰ ਕੀਤੇ ਜਾਂਦੇ ਸਨ, ਜਿਨ੍ਹਾਂ ਵਹਿਮਾਂ ਤੇ ਭੁਲੇਖਿਆਂ ਵਿਚੋਂ ਕੱਢ ਕੇ ਸਤਿਗੁਰੂ ਜੀ ਨੇ ਇਨ੍ਹਾਂ ਨੂੰ ਸਰਲ ਸਿੱਧਾ ਸਿਖੀ ਦਾ ਰਸਤਾ ਦਸਿਆ ਸੀ ਇਹ ਉਸ ਰਸਤੇ ਨੂੰ ਭੁੱਲ ਕੇ ਮੁੜ ਉਹਨਾਂ ਹੀ ਰਸਮਾਂ ਰੀਤਾਂ ਤੇ ਕਰਮ ਕਾਂਡਾਂ ਵਿਚ ਫਸ ਰਹੇ ਸਨ। ਜੰਮਨੇ ਤੇ ਸੂਤਕ ਕਢਾਉਣੇ, ਤੇ ਮੋਏ ਦੀ ਕਿਰਿਆ ਕਰਾਉਣੀ, ਪਿੰਡ ਭਰਾਉਣੇ, ਗੰਗਾ ਫੁਲ ਪਾਉਣੇ, ਸ਼ਾਦੀਆਂ ਸਮੇਂ ਜੰਡੀ ਵਢਨੀ, ਵੇਦੀ ਗਡਨੀ, ਮੜੀਆਂ ਤੇ ਮਟ ਪੂਜਨੇ, ਦੇਵੀਆਂ ਦੇਵਤਿਆਂ ਦੀਆਂ ਸੁਖਨਾ ਸੁਖਣੀਆਂ, ਗੰਗਾ ਆਦਿ ਤੀਰਥ ਨਹਾਉਣੇ, ਪਿੱਤਰ ਪੂਜਨੇ ਤੇ ਸਰਾਧ ਖੁਆਉਣੇ,



Digitized by Panjab Digital Library | www.panjabdigilib.org

ਗਊ-ਬ੍ਰਾਹਮਣ ਤੇ ਗੁਗੇ ਦੀ ਪੂਜਾ, ਥਿਤ ਵਾਰ ਤੇ ਲਗਣ ਗਿਨਣੇ, ਜ਼ਾਤੀ ਭੇਦ ਅਤੇ ਇਹਨਾਂ ਤੋਂ ਉਪਜੀ ਛੂਤ ਛਾਤ ਤੇ ਦੁਵੈਤ ਆਦਿਕ ਅਜੇਹੇ ਕਰਤਵ ਸਨ ਸੋ ਸਿਖਾਂ ਨੂੰ ਗੁਰਮਤ ਵਲੋਂ ਹੋੜ ਕੇ ਮੁੜ ਨੀਵੇਂ ਦਰਜੇ ਦੇ ਹਿੰਦੂ ਪੁਣੇ ਵੱਲ ਲੈ ਜਾ ਰਹੇ ਸਨ, ਤੇ ਸਿਖੀ ਜੀਵਨ ਦਾ ਪ੍ਰਭਾਵ ਉੱਕਾ ਹੀ ਖਤਮ ਹੋ ਰਿਹਾ ਸੀ, ਅਤੇ ਉਸਦੇ ਨਾਲ ਜੋ ਸਵੈਮਾਨ ਤੇ ਅਚਾਰ ਪੂਰਤ ਜੀਵਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿਖਾਂ ਨੂੰ ਬਖਸ਼ਿਆ ਸੀ, ਉਹ ਇਹਨਾਂ ਅੰਦਰੋਂ ਮਿਟਦਾ ਜਾ ਰਿਹਾ ਸੀ ਜਿਸ ਦਾ ਨਤੀਜਾ ਇਹ ਹੋਇਆ ਕਿ ਵੱਡੇ ੨ ਸਿਖ ਘਰਾਨੇ ਸਿੱਖੀ ਵਲੋਂ ਮੂੰਹ ਮੋੜ ਰਹੇ ਸਨ ਜਿਹਾ ਕਿ ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰੇ ਪੰਜਾਬ ਦੇ ਦਰਬਾਰੀ ਜਰਨੈਲ ਸ: ਜਵੰਦ ਸਿੰਘ ਮੁਅੱਕਲਾਂ ਵਾਲੇ ਸਰਦਾਰ ਦਾ ਸਾਰਾ ਖਾਨਦਾਨ ਹੀ ਮੁਸਲਮਾਨ ਹੋ ਗਿਆ। ਬਹਿੜ ਵਾਲੀਏ ਸਰਦਾਰਾਂ ਵਿਚੋਂ ਸਰਦਾਰ ਈਸ਼ਰ ਸਿੰਘ, ਇਕ ਵੇਸਵਾ ਪਿਛੇ ਮੁਸਲਮਾਨ ਬਣ ਗਿਆ। ਕਪੂਰਥਲਾ ਸਟੇਟ ਦੇ ਸ਼ਾਹੀ ਘਰਾਣੇ ਵਿਚੋਂ ਸਰਦਾਰ ਹਰਨਾਮ ਸਿੰਘ ਈਸਾਈ ਹੋ ਗਿਆ। ਸ੍ਰ ਦਿਆਲ ਸਿੰਘ ਮਜੀਠੀਆ ਸਿਖੀ ਨੂੰ ਛੱਡ ਬ੍ਰਹਮੂ ਸਮਾਜੀ ਹੋ ਗਿਆ। ਜਿਸਦੀ ਬੇਬਹਾ ਜਾਇਦਾਦ ਤੋਂ ਅੱਜ ਤੱਕ ਦਿਆਲ ਸਿੰਘ ਕਾਲਜ ਤੇ ਲਾਇਬਰੇਰੀ ਅਤੇ ਟ੍ਰਿਬਿਊਨ ਵਰਗੇ ਅਖਬਾਰ ਚਲ ਰਹੇ ਹਨ। ਇਸੇ ਤਰਾਂ ਵਿਰਕ ਸਿਖਾਂ ਵਿਚੋਂ ਭਿਖੀ (ਸ਼ੇਖੂ ਪੁਰਾ) ਦਾ ਸ੍ਰ: ਮੰਗਲ ਸਿੰਘ ਤੇ ਬਾਹੜ ਦਾ ਸ੍ਰ: ਚੜ੍ਹਤ ਸਿੰਘ ਜੋ ਸੈਂਕੜੇ ਘੁਮਾਵਾਂ ਦੇ ਮਾਲਕ ਸਨ ਮੁਸਲਮਾਨੀ ਔਰਤਾਂ ਪਿਛੇ ਸਿਖੀ ਨੂੰ ਤਿਆਗ ਗਏ।

ਪ੍ਰੋ: ਗੰਡਾ ਸਿੰਘ ਜੀ ਅਪਣੀ ਪੁਸਤਕ 'ਕੂਕਿਆਂ ਦੀ ਵਿਥਿਆ' ਦੇ ਅਰੰਭ ਵਿਚ ਸਿਖੀ ਵਲੋਂ ਹੋ ਰਹੀ ਇਸ ਅਰੁਚੀ ਦਾ ਜ਼ਿਕਰ ਇਸ ਪ੍ਰਕਾਰ ਕਰਦੇ ਹਨ,

''ਧਾਰਮਕ ਜੀਵਨ ਵੱਲ ਪੈਦਾ ਹੋ ਰਹੀ ਅਰੁਚੀ ਨੂੰ ਦੇਖ ਕੇ ਥਾਉਂ ਥਾਈਂ ਬੈਠੇ ਕਈ ਵਾਹਿਗੁਰੂ-ਨਾਮ ਆਧਾਰੀ ਮਹਾਂ ਪੁਰਖ ਸੰਤਾਂ ਨੇ ਗੁਰਸਿਖੀ ਜੀਵਨ ਨੂੰ ਸੁਰਜੀਤ ਰੱਖਣ ਲਈ ਸੁਭਾਵਕ ਹੀ ਇਸ ਨਵੀਂ ਅਸਿੱਖ ਹੋ



Digitized by Panjab Digital Library | www.panjabdigilib.org

ਵੀ ਮਿੱਠੀ ਮਿੱਠੀ ਨਿਖੇਧੀ ਨਾਲ ਇਸ ਦੇ ਮੰਦੇ ਅਸਰਾਂ ਨੂੰ ਪਰੇ ਰੱਖਣ ਲਈ ਯਤਨ ਅਰੰਭੇ ਅਤੇ ਲੋਕਾਂ ਨੂੰ ਸਿਖੀ ਜੀਵਨ ਵਲ ਜ਼ਰਾ ਕੁ ਜ਼ਿਆਦਾ ਉਤਸ਼ਾਹ ਨਾਲ ਪ੍ਰੇਰਨਾ ਸ਼ੁਰੂ ਕੀਤਾ, ਤਾਂ ਕਿ ਉਨ੍ਹਾਂ ਦੀ ਰੁਚੀ ਸਿਖ ਆਦਰਸ਼। ਵਲ ਝੁਕਦੀ ਜਾਏ ਅਤੇ ਸਿਖ ਸਰਦਾਰ ਆਪਣੇ ਦੇਸ਼ ਦੇ ਪੂਰਵਾਧਿਕਾਰ ਮੁਗਲ ਤੇ ਪਠਾਣ ਹਾਕਮਾਂ ਦੀ ਤਰ੍ਹਾਂ ਪ੍ਰਜਾ-ਪਾੜਕ ਬਘਿਆੜਾਂ ਦੀ ਥਾਂ ਪ੍ਰਜਾ-ਪਾਲਕ ਜਥੇਦਾਰ ਬਣਨ।

ਮਾਲਵੇ ਵਿਚ ਨਿਰਮਲੇ ਸੰਤ ਸਨ; ਅਨੰਦਪੁਰ ਵਿਚ ਬਾਬਾ ਨੈਣਾ ਸਿੰਘ ਨਿਹੰਗ ਸਨ, ਜਿਨ੍ਹਾਂ ਦੇ ਕਿ ਅਨੁਸਾਰੀ ਬਾਬਾ ਫੂਲਾ ਸਿੰਘ ਨਿਹੰਗ ਹੋਏ ਹਨ; ਮਾਝੇ ਵਿਚ ਡੇਰਾ ਬਾਬਾ ਬੰਦਾ ਸਿੰਘ (ਰਿਆਸਤ ਜੰਮੂ) ਦੇ ਮਹੰਤ ਬਾਬਾ ਜੁਝਾਰ ਸਿੰਘ ਨੇ ਲੋਕਾਂ ਨੂੰ ਸਿਖੀ ਵਲ ਪ੍ਰੇਰਿਤ ਕੀਤਾ ਅਤੇ ਬਾਬਾ ਸਾਹਿਬ ਸਿੰਘ ਬੇਦੀ ਦਾ ਸਿਖ ਸਰਦਾਰਾਂ, ਅਤੇ ਬਾਦ ਵਿਚ ਮਹਾਰਾਜਾ ਰਣਜੀਤ ਸਿੰਘ, ਉਤੇ ਬੜਾ ਅਸਰ ਸੀ। ਲਹਿੰਦੇ ਵਲ ਅੱਡਣ-ਸ਼ਾਹੀ ਸੰਤਾਂ ਦਾ ਬੜਾ ਪ੍ਰਚਾਰ ਸੀ। ਇਸੇ ਤਰ੍ਹਾਂ ਪੋਠੋਹਾਰ ਤੇ ਛਛ-ਹਜ਼ਾਰੇ ਦੇ ਇਲਾਕੇ ਵਿਚ ਭੀ ਸਿਖੀ ਪ੍ਰਚਾਰ ਦੀ ਰੌ ਜਾਰੀ ਹੋ ਗਈ ਸੀ ਜਿਸ ਦਾ ਇਕ ਉੱਘਾ ਕੇਂਦਰ ਹਜ਼ਰੋ ਵਿਚ ਸੀ ਜਿਥੇ ਕਿ ਸਾਈਂ ਸਹਿਬ ਭਗਤ ਜਵਾਹਰ ਮੱਲ ਦੀ ਛੋਹ ਨਾਲ ਲੋਕੀਂ ਗੁਰਸਿਖੀ ਦੇ ਮੰਡਲ ਵਲ ਖਿਚੇ ਚਲੇ ਆ ਰਹੇ ਸਨ। ਇਸੇ ਮੰਡਲ ਦੇ ਇਕ ਉੱਘੇ ਚਮਕਦੇ ਸਤਾਰੇ ਭਾਈ ਬਾਲਕ ਸਿੰਘ ਹੋਏ ਹਨ, ਜਿਨ੍ਹਾਂ ਦੇ ਸਮੇਂ ਉਨ੍ਹਾਂ ਦੇ ਸ਼ਰਧਾਲੂ ਜਗਿਆਸੀ ਯਾ ਅਭਿਆਸੀ ਕਰਕੇ ਪ੍ਰਸਿਧ ਹੋਏ ਅਤੇ ਜਿਨ੍ਹਾਂ ਦੇ ਕਿ ਅਧਾਰ ਉਤੇ ਮੌਜੂਦਾ ਨਾਮਧਾਰੀ ਯਾ ਕੂਕਾ ਫਿਰਕੇ ਦੀ ਉਸਾਰੀ ਖੜੀ ਹੋਈ।"

ਇਸੇ ਪ੍ਰਕਾਰ ਇਕ ਹੋਰ ਲਹਿਰ ਜੋ ਨਿਰੰਕਾਰੀ ਸੰਪਰਦਾ ਦੇ ਨਾਮ ਨਾਲ ਉਘੀ ਹੋਈ ਅਤੇ ਨਾਮਧਾਰੀ ਲਹਿਰ ਤੋਂ ਪਹਿਲੋਂ ਚਾਲੂ ਹੋ ਚੁਕੀ ਸੀ ਦਾ ਮੁਢ ਭੀ ਅਠਾਰਵੀਂ ਸਦੀ ਦੇ ਅਖੀਰ ਵਿਚ ਭਾਈ ਦਿਆਲ ਜੀ ਤੋਂ ਹੁੰਦਾ ਹੈ ਜਿਨ੍ਹਾਂ ਦਾ ਜਨਮ ਪਿਸ਼ਾਵਰ ਵਿਖੇ ਭਾਈ ਰਾਮ ਸਹਾਇ ਦੇ ਘਰ ੧੭੮੨ ਈਸਵੀ ਵਿਚ ਹੋਇਆ। ਆਪਦੇ ਨਾਨਾ ਭਾਈ



Digitized by Panjab Digital Library | www.panjabdigilib.org

ਵਿਸਾਖਾ ਸਿੰਘ ਸ੍ਰੀ ਕਲਗੀਧਰ ਜੀ ਦੀ ਸੇਵਾ ਵਿਚ ਅਨੰਦ ਪੁਰ ਸਾਹਿਬ ਰਹਿ ਚੁਕੇ ਸਨ ਜਿਨ੍ਹਾਂ ਦਾ ਅਸਰ ਇਨ੍ਹਾਂ ਦੇ ਜੀਵਨ ਪਰ ਸੀ। ਆਪਨੇ ਅਤੇ ਆਪਦੇ ਸੇਵਕ ਭਾਈ ਬਾਲਕ ਸਿੰਘ ਹਮੀਦ ਪੁਰ ਵਾਲਿਆਂ ਨੇ ਸੂਤਕ ਪਾਤਕ ਦੀਆਂ ਰਸਮਾਂ ਦਾ, ਜੋ ਉਸ ਸਮੇਂ ਸਿਖੀ ਵਿਚ ਮੁੜ ਆ ਘੁਸੀਆਂ ਸਨ, ਬੜਾ ਖੰਡਣ ਕੀਤਾ। ਸੰਨ ੧੮੨੩ ਵਿਚ ਜਦੋਂ ਮਹਾਰਾਜਾ ਰਣਜੀਤ ਸਿੰਘ ਪਿਸ਼ਾਵਰ ਦੀ ਮੁਹਿੰਮ ਤੇ ਆਏ ਤਾਂ ਆਪਨੇ ਭਾਈ ਸਾਹਿਬ ਦੇ ਦਰਸ਼ਨ ਕੀਤੇ ਤੇ ਬੜੀਆਂ ਜਾਗੀਰਾਂ ਉਨ੍ਹਾਂ ਦੇ ਡੇਰੇ ਨਾਲ ਲਗਾ ਦਿਤੀਆਂ। ਭਾਈ ਦਿਆਲ ਜੀ ਤੋਂ ਪਿਛੋਂ ਉਨ੍ਹਾਂ ਦੇ ਸਪੁਤਰ ਭਾਈ ਦਰਬਾਰਾ ਸਿੰਘ ਨੇ ਭੀ ਗੁਰਮਤ ਪ੍ਰਚਾਰ ਨੂੰ ਅਪਨਾ ਮੁਖ ਉਦੇਸ਼ ਬਣਾਈ ਰਖਿਆ। ਇਕ ਵੇਰ ਉਹ ਸ੍ਰੀ ਅੰਮ੍ਰਿਤਸਰ ਜੀ ਦਰਸ਼ਨ ਕਰਨ ਆਏ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਬੇਦੀ ਬਿਕਰਮ ਸਿੰਘ ਜੀ ਨੂੰ ਮਿਲਣ ਗਏ। ਇਕ ਪਤਾਸਿਆਂ ਦਾ ਥਾਲ ਅਤੇ ਪੰਜ ਰੁਪੈ ਉਨ੍ਹਾਂ ਦੀ ਭੇਟਾ ਰਖੇ। ਉਸ ਦਿਨ ਸ੍ਰੀ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਬੜਾ ਜਲੌ ਬਣਾ ਕੇ ਹੈਡ ਗ੍ਰੰਥੀ ਜਸਾ ਸਿੰਘ ਜੋ ਚੜ੍ਹਾਈ ਕਰ ਗਿਆ ਹੋਇਆ ਸੀ ਦੇ ਫੁੱਲ ਹਰਦਵਾਰ ਗੰਗਾ ਭੇਜਣ ਦਾ ਪ੍ਰਬੰਧ ਕੀਤਾ ਹੋਇਆ ਸੀ। ਭਾਈ ਦਰਬਾਰਾ ਸਿੰਘ ਨੂੰ ਇਹ ਗੱਲ ਬੜੀ ਬੁਰੀ ਲਗੀ ਅਤੇ ਉਨ੍ਹਾਂ ਨੇ ਜਥੇਦਾਰ ਸ੍ਰੀ ਅਕਾਲ ਤਖਤ ਸਹਿਬ ਨੂੰ ਕਿਹਾ 'ਬੇਦੀ ਸਾਹਿਬ, ਗੁਰਬਾਣੀ ਤਾਂ ਕਹਿੰਦੀ ਹੈ "ਰਾਮਦਾਸ ਸਰੋਵਰ ਨਾਤੇ-ਸਭ ਉਤਰੇ ਪਾਪ ਕਮਾਤੇ' ਤਾਂ ਕੀ ਗ੍ਰੰਥੀ ਜਸਾ ਸਿੰਘ ਦੇ ਜੋ ਸਾਰੀ ਉਮਰ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕਰਦਾ ਰਿਹਾ ਹੈ ਪਾਪ ਉਤਰੇ ਨਹੀਂ ਜੋ ਤੁਸੀਂ ਉਸਦੇ ਫੁੱਲ ਗੰਗਾ ਲੈ ਚਲੇ ਹੋ? ਕੀ ਗੁਰਮਤ ਇਹੋ ਕਹਿੰਦੀ ਹੈ? ਬੇਦੀ ਬਿਕਰਮ ਸਿੰਘ ਨੇ ਉਤਰ ਵਿਚ ਕਿਹਾ, 'ਜੀ ਕੀ ਕਰੀਏ ਲੋਕ ਲਾਜ ਵੱਲ ਵੇਖਣਾ ਹੀ ਪੈਂਦਾ ਹੈ।' ਭਾਈ ਦਰਬਾਰਾ ਸਿੰਘ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਇਹ ਉਤਰ ਸੁਣਕੇ ਬੜਾ ਦੁਖ ਹੋਇਆ। ਇਨ੍ਹਾਂ ਨੇ ਪੰਜ ਰੁਪੈ ਜੋ ਹਾਲਾਂ ਬੇਦੀ ਬਿਕਰਮ ਸਿੰਘ ਦੇ ਸਾਹਮਣੇ ਹੀ ਪਏ ਸਨ



Digitized by Panjab Digital Library | www.panjabdigilib.org

ਉਠਾ ਕੇ ਗੋਲਕ ਵਿਚ ਪਾ ਦਿਤੇ ਅਤੇ ਪਤਾਸਿਆਂ ਦਾ ਥਾਲ ਚੁਕ ਕੇ ਪਤਾਸੇ ਸੰਗਤ ਵਿਚ ਵਰਤਾ ਦਿਤੇ ਤੇ ਤੁਰਦੇ ਬਣੇ।

ਇਸ ਤਰ੍ਹਾਂ ਟਾਵੇਂ ੨ ਗੁਰੂ ਘਰ ਦੇ ਸ਼ਰਧਾਲੂ ਗੁਰਮਤ ਪ੍ਰਚਾਰ ਦੀ ਲਗਨ ਰਖਦੇ ਤੇ ਜਿਥੋਂ ਤਕ ਹੋ ਆਉਂਦਾ ਗੁਰਮਤ ਨੂੰ ਪ੍ਰਚਲਤ ਕਰਨ ਦੇ ਯਤਨ ਕਰਦੇ ਪ੍ਰੰਤੂ ਜਥੇਬੰਦ ਤੌਰ ਤੇ ਗੁਰਮਤ ਪ੍ਰਚਾਰ ਦਾ ਕੋਈ ਪ੍ਰਬੰਧ ਨਹੀਂ ਸੀ ਜਿਸ ਲਈ ਸਿਖੀ ਦੇ ਸੁਨਹਿਰੀ ਅਸੂਲ ਮੁੜ ਕੇ ਪੁਰਾਤਨ ਰਹੁ ਰੀਤਾਂ ਦੇ ਜੰਗਾਲ ਹੇਠ ਛਿਪਦੇ ਜਾ ਰਹੇ ਹਨ। ਦੂਜੇ ਵੰਨੇ ਕਈ ਹੋਰ ਧਾਰਮਕ ਸੰਸਥਾਵਾਂ ਯਥਾ ਆਰੀਆ ਸਮਾਜ, ਬ੍ਰਹਮੂ ਸਮਾਜ, ਦੇਵ ਸਮਾਜ, ਕਾਦੀਆਨੀ, ਮਿਰਜ਼ਈ ਅਤੇ ਈਸਾਈ ਮਤ ਦੇ ਸ਼ੈਦਾਈ ਬਾਉਂ ਬਾਈਂ ਆਪਨੇ ਪ੍ਰਚਾਰ ਦੇ ਅਡੇ ਕਾਇਮ ਕਰਕੇ ਸਿਖਾਂ ਨੂੰ ਪਤਤ ਕਰਨ ਦੇ ਉਦਮ ਵਿਚ ਲਗੇ ਹੋਏ ਸਨ। ਅੰਮ੍ਰਿਤਸਰ ਵਰਗੇ ਸਿਖਾਂ ਦੇ ਕੇਂਦਰੀ ਅਸਥਾਨ ਤੇ ਈਸਾਈ ਮਿਸ਼ਨ ਦਾ ਹਾਈ ਸਕੂਲ ਖੋਹਲ ਕੇ ਬਚਿਆਂ ਵਿਚ ਈਸਾਈ ਮਤ ਦਾ ਪਰਚਾਰ ਕੀਤਾ ਜਾ ਰਿਹਾ ਸੀ ਚੁਨਾਂਚਿ ਸੰਨ ੧੮੭੩ ਜੇਠ ਦੇ ਮਹੀਨੇ ਇਸ ਸਕੂਲ ਵਿਚ ਪੜ੍ਹਦੇ ਚਾਰ ਸਿੱਖ ਬਚਿਆਂ, ਆਇਆ ਸਿੰਘ, ਅਤਰ ਸਿੰਘ, ਸਾਧੂ ਸਿੰਘ ਅਤੇ ਸੰਤੋਖ ਸਿੰਘ ਨੂੰ ਸਕੂਲ ਵਾਲਿਆਂ ਨੇ ਕੇਸ ਕਤਲ ਕਰਾਉਣ ਲਈ ਤਿਆਰ ਕਰ ਲਿਆ। ਇਸ ਗੱਲ ਦਾ ਸਾਰੇ ਸ਼ਹਿਰ ਵਿਚ ਬੜਾ ਰੌਲਾ ਪੈ ਗਿਆ ਜਿਸ ਨੇ ਇਨ੍ਹਾਂ ਸਿਖ ਬੱਚਿਆਂ ਨੂੰ ਪਤਤ ਹੋਣ ਤੋਂ ਬਚਾ ਲਿਆ।

ਏਹਨੀ ਦਿਨੀਂ ਹੀ ਇਕ ਪੰਡਤ ਸਰਧਾ ਰਾਮ ਨਾਮੀ ਪ੍ਰਚਾਰਕ ਫਿਲੌਰ ਵਾਲਾ ਜੋ ਰੋਜ਼ਾਨਾ ਗੁਰੂ ਕੇ ਬਾਗ ਵਿਖੇ ਕਥਾ ਕਰਿਆ ਕਰਦਾ ਸੀ ਨੇ ਗੁਰੂ ਨਾਨਕ ਦੇਵ ਜੀ ਦੀ ਸ਼ਾਨ ਵਿਚ ਬਹੁਤ ਵਧ ਘਟ ਕਲਮੇ ਕਹੇ ਜਿਸਦੀ ਚਰਚਾ ਨੇ ਸਿਖਾਂ ਨੂੰ ਇਕ ਵੱਡਾ ਹਲੂਣਾ ਦਿਤਾ ਅਤੇ ਜਿਸ ਨੇ ਨਿਤ ਨਵੇਂ ਸੂਰਜ ਅਜੇਹੀਆਂ ਵਾਪਰ ਰਹੀਆਂ ਘਟਨਾਵਾਂ ਬਾਰੇ ਵੀਚਾਰ ਕਰਨ ਲਈ ਸਿਖਾਂ ਅੰਦਰ ਜੋਸ਼ ਜਿਹਾ ਭਰ ਦਿਤਾ। ੧੫ ਸਾਉਣ ਸੰ: ੧੮੭੩ ਦੇ ਦਿਨ ਅੰਮ੍ਰਿਤਸਰ ਵਿਖੇ ਸਿਖਾਂ ਦੀ ਇਕ ਵਡੀ ਇਕੱਤਰਤਾ



Digitized by Panjab Digital Library | www.panjabdigilib.org

ਹੋਈ ਜਿਸ ਵਿਚ ਬੇਦੀ ਬਾਵਾ ਖੇਮ ਸਿੰਘ, ਕੰਵਰ ਬਿਕਰਮ ਸਿੰਘ ਕਪੂਰਥਲਾ ਵਾਲੇ ਜੋ ਸ੍ਰ: ਜਸਾ ਸਿੰਘ ਜਥੇਦਾਰ ਆਹਲੂਵਾਲੀਆ ਮਿਸਲ ਦੇ ਖਾਨਦਾਨ ਵਿਚੋਂ ਸਨ ਅਤੇ ਸ੍ਰ: ਠਾਕਰ ਸਿੰਘ ਸੰਧਾਂਵਾਲੀਏ ਜੈਸੇ ਮੁਖੀ ਸਿਖ ਸਰਦਾਰਾਂ ਭੀ ਹਿਸਾ ਲਿਆ। ਇਸ ਇਕੱਤਰਤਾ ਵਿਚ ਫੈਸਲਾ ਹੋਕੇ ਪਹਿਲੀ ਸ੍ਰੀ ਗੁਰੂ ਸਿੰਘ ਸਭਾ ਸ੍ਰੀ ਅੰਮ੍ਰਿਤਸਰ ਵਿਖੇ ਕਾਇਮ ਹੋਈ ਜਿਸ ਦੇ ਪ੍ਰਧਾਨ ਸ: ਠਾਕਰ ਸਿੰਘ ਸੰਧਾਵਾਲੀਏ ਚੁਣੇ ਗਏ। ਇਹ ਸਿਖਾਂ ਦੀ ਪਹਿਲੀ ਜਥੇਬੰਦੀ ਸੀ ਜਿਸ ਨੇ ਬਾਕਾਇਦਾ ਤੌਰ ਤੇ ਗੁਰਮਤ ਪ੍ਰਚਾਰ ਦੇ ਕੰਮ ਨੂੰ ਆਪਣੇ ਹਥ ਵਿਚ ਲਿਆ।

ਇਸੇ ਸਮੇਂ ਇਕ ਹੋਰ ਨੌਜਵਾਨ ਜਿਸਦੇ ਅੰਦਰ ਗੁਰਮਤ ਦੇ ਅਸੂਲਾਂ ਦਾ ਪਿਆਰ ਪੂਰੇ ਜੋਬਨ ਤੇ ਸੀ ਅਤੇ ਜੋ ਇਨ੍ਹਾਂ ਸੁਨਹਿਰੀ ਅਸੂਲਾਂ ਦਾ ਭੰਗ ਕਿਸੇ ਮੁੱਲ ਤੇ ਸਹਾਰ ਨਹੀਂ ਸਕਦਾ ਸੀ ਮੈਦਾਨ ਵਿਚ ਆ ਗਿਆ। ਇਹ ਭਾਈ ਗੁਰਮੁਖ ਸਿੰਘ ਇਕ ਅਤਿ ਗ੍ਰੀਬ ਘਰਾਣੇ ਵਿਚੋਂ ਸੀ। ਇਸ ਦਾ ਪਿਤਾ ਭਾਈ ਵਸਾਵਾ ਸਿੰਘ ਪਿੰਡ ਚੰਧੜ ਨੇੜੇ ਅਕਾਲ ਗੜ੍ਹ, ਜ਼ਿਲਾ ਗੁਜਰਾਂਵਾਲਾ ਦਾ ਇਕ ਛੋਟਾ ਜਿਹਾ ਜ਼ਿਮੀਂਦਾਰ ਸੀ ਜੋ ਇਥੇ ਗੁਜ਼ਾਰਾ ਨਾ ਹੁੰਦਾ ਵੇਖ ਮਹਾਰਾਜੇ ਸ਼ੇਰ ਸਿੰਘ ਦੇ ਪਾਸ ਰਸੋਈਆ ਬਣਕੇ ਆ ਰਿਹਾ ਸੀ। ਮਹਾਰਾਜੇ ਸ਼ੇਰ ਸਿੰਘ ਤੋਂ ਪਿਛੋਂ ਇਹ ਕਪੂਰਥਲੇ ਦੇ ਮਹਾਰਾਜੇ ਨਿਹਾਲ ਸਿੰਘ ਪਾਸ ਅਤੇ ਉਥੋਂ ਕੰਵਰ ਬਿਕਰਮ ਸਿੰਘ ਦਾ ਰਸੋਈਆ ਬਣਿਆ। ਇਥੇ ਇਸ ਦੇ ਘਰ ਗੁਰਮੁਖ ਸਿੰਘ ਨਾਮੀ ਪੁਤਰ ਜਨਮਿਆ। ਇਸ ਬੱਚੇ ਉਤੇ ਕੰਵਰ ਬਿਕਰਮ ਸਿੰਘ ਦੀ ਬੜੀ ਸਵੱਲੀ ਨਜ਼ਰ ਰਹੀ। ਉਸ ਨੇ ਇਸ ਬੱਚੇ ਨੂੰ ਪਹਿਲੋਂ ਕਪੂਰਥਲੇ ਤੇ ਉਪ੍ਰੰਤ ਲਾਹੌਰ ਭੇਜ ਕੇ ਬੀ: ਏ: ਤਕ ਦੀ ਤਾਲੀਮ ਦਵਾਈ ਅਤੇ ਅਗੋਂ ਇਸ ਨੂੰ ਐਲ. ਐਲ. ਬੀ. ਕਰਣ ਵਾਸਤੇ ਲਾ ਕਾਲਜ ਦਾਖਲ ਕਰਾਇਆ ਚਾਹੁੰਦਾ ਸੀ ਪ੍ਰੰਤੂ ਗੁਰਮੁਖ ਸਿੰਘ ਦੀ ਗੁਰਮਤ ਲਗਨ ਨੇ, ਜੋ ਇਸ ਨੇ ਕੰਵਰ ਜੀ ਪਾਸੋਂ ਹੀ ਪਾਈ ਸੀ, ਉਸ ਨੂੰ ਵਕਾਲਤ ਵੱਲ ਨਾ ਜਾਣ ਦਿਤਾ। ਇਹ ਬੜਾ ਹੋਣਹਾਰ ਚਿਤਰਕਾਰ ਸੀ। ਇਸ ਨੇ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਪ੍ਰੋ: ਗੁਰਮੁਖ ਸਿੰਘ

Digitized by Panjab Digital Library | www.panjabdigilib.org

ਅਪਨੇ ਵਿਦਿਆ ਦੇ ਸਮੇਂ ਵਿਚ ਹੀ ਪੰਜਾਬ ਯੂਨੀਵਰਸਟੀ ਦੇ ਇਕ ਉਘੇ ਅੰਗਰੇਜ਼ ਅਫ਼ਸਰ ਦਾ ਅਜੇਹਾ ਸੁੰਦਰ ਚਿਤ੍ਰ ਬਣਾਇਆ ਜਿਸ ਨੂੰ ਵੇਖ ਉਹ ਅਤਿ ਪ੍ਰਸੰਨ ਹੋਇਆ ਅਤੇ ਇਸ ਨੂੰ ਐਨਜੀਨੀਅਰਿੰਗ ਕਾਲਿਜ ਵਿਖੇ ਦਾਖਲ ਹੋਣ ਲਈ ਭੇਜ ਦੇਣ ਦਾ ਪ੍ਰਬੰਧ ਕਰ ਦਿਤਾ ਪ੍ਰੰਤੂ ਇਸ ਦੀ ਲਗਨ ਇਸ ਨੂੰ ਹੋਰ ਵੰਨੇ ਪ੍ਰੇਰ ਰਹੀ ਸੀ ਚੁਨਾਂਚਿ ਇਹ ਸੰਨ ੧੮੭੭ ਵਿਚ ਹੀ ਓਰੀਐਂਟਲ ਕਾਲਿਜ ਜੋ ਨਵਾਂ ਹੀ ਖੁਲ੍ਹਿਆ ਸੀ ਵਿਖੇ ਪ੍ਰੋਫੈਸਰ ਲਗਾਇਆ ਗਿਆ ਅਤੇ ਇਸਦੇ ਯਤਨ ਨਾਲ ਇਥੇ ਪੰਜਾਬੀ ਦੀ ਉਚ ਵਿਦਿਆ ਦਾ ਪ੍ਰਬੰਧ ਹੋ ਗਿਆ ।

ਇਸ ਦੀ ਬੈਠਕ ਸ਼ੁਰੂ ਤੋਂ ਕੰਵਰ ਬਿਕਰਮ ਸਿੰਘ ਨਾਲ ਰਹੀ ਸੀ ਅਤੇ ਅਕਸਰ ਇਹ ਕੰਵਰ ਜੀ ਨਾਲ ਪ੍ਰਥਕ ਇਕੱਤ੍ਰਤਾਵਾਂ ਤਥਾ ਸਿੰਘ ਸਭਾ ਅੰਮ੍ਰਿਤਸਰ ਦੀ ਮੀਟਿੰਗਜ਼ ਤੇ ਜਾਂਦਾ ਰਹਿੰਦਾ ਸੀ ਜਿਸ ਤੋਂ ਇਸ ਦੀ ਗੁਰਮਤ ਪ੍ਰਚਾਰ ਵੱਲ ਲਗਨ ਵਧਦੀ ਗਈ ।

ਸੰਨ ੧੮੮੫ ਵਿਚ ਭਾਈ ਗੁਰਮੁਖ ਸਿੰਘ ਨੇ ਲਾਹੌਰ ਤੋਂ ਪੰਜਾਬੀ ਪਰਚਾ 'ਖਾਲਸਾ ਅਖਬਾਰ' ਦੇ ਨਾਮ ਹੇਠ ਜਾਰੀ ਕੀਤਾ ਜਿਸ ਦਾ ਐਡੀਟਰ ਗਿਆਨੀ ਦਿਤ ਸਿੰਘ ਨੂੰ ਮੁਕਰੱਰ ਕੀਤਾ । ਗਿ: ਦਿਤ ਸਿੰਘ ਜੀ ਵੀ ਇਕ ਗ੍ਰੀਬ ਘਰ ਰਾਮਦਾਸੀਆਂ ਦੇ ਖਾਨਦਾਨ ਵਿਚੋਂ ਸਨ ਜੋ ਪਹਿਲਾਂ ਦਿੱਤ ਰਾਮ ਕਰਕੇ ਆਰੀਆ ਸਮਾਜ ਦੇ ਪ੍ਰਚਾਰਕ ਸਨ, ਉਨੀ ਦਿਨੀ ਸ: ਜਵਾਹਰ ਸਿੰਘ ਹੈਡ ਕਲਰਕ ਰੇਲਵੇ ਔਫਿਸ ਆਰੀਆ ਸਮਾਜ ਲਾਹੌਰ ਦੇ ਸਕੱਤਰ ਸਨ । ਇਹ ਦੋਨੋ ਸਜਨ ਭਾਈ ਗੁਰਮੁਖ ਸਿੰਘ ਦੇ ਅਸਰ ਹੇਠ ਆਰੀਆ ਸਮਾਜ ਨਾਲੋਂ ਟੁਟ ਕੇ ਸਿੰਘ ਸਜੇ ਤੇ ਸਿੰਘ ਸਭਾ ਲਾਹੌਰ ਜਿਸ ਦਾ ਅਰੰਭ ਭੀ ਭ: ਗੁਰਮੁਖ ਸਿੰਘ ਨੇ ਸੰਨ ੧੮੭੮ ਵਿਚ ਕੀਤਾ ਵਿਖੇ ਗੁਰਮਤ ਪ੍ਰਚਾਰ ਦਾ ਕੰਮ ਕਰਦੇ ਰਹੇ।

ਸਿੰਘ ਸਭਾ ਅੰਮ੍ਰਿਤਸਰ ਦੇ ਮੈਂਬਰਾਂ ਵਿਚ ਇਸ ਗੱਲ ਤੇ ਕੁਝ ਮਤ ਭੇਦ ਹੋ ਗਿਆ ਸੀ ਕਿ ਬੇਦੀ ਖੇਮ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਹਿਬ ਦੀ ਹਜ਼ੂਰੀ ਵਿਚ ਗਦੀ ਲਾ ਕੇ ਨਾ ਬੈਠਨ-ਕੰਵਰ ਬਿਕਰਮ ਸਿੰਘ ਤੇ ਉਨਾਂ ਦੇ




Digitized by Panjab Digital Library | www.panjabdigilib.org

ਨਾਲ ਭਾਈ ਗੁਰਮੁਖ ਸਿੰਘ ਇਸ ਨੂੰ ਬਹੁਤ ਮਾੜਾ ਸਮਝਦੇ ਸਨ ਜਿਸ ਤੋਂ ਭਾਈ ਗੁਰਮੁਖ ਸਿੰਘ ਜੀ ਦਾ ਵਿਰੋਧ ਹੋਣਾ ਸ਼ੁਰੂ ਹੋਇਆ। ਏਹਨਾਂ ਦਿਨਾਂ ਵਿਚ ਹੀ ਮਹਾਰਾਜਾ ਫਰੀਦ ਕੋਟ ਨੇ ਪਟਨੇ ਸਹਿਬ ਤੋਂ ਮਹੰਤ ਸੁਮੇਰ ਸਿੰਘ ਨੂੰ ਮੰਗਵਾ ਕੇ ਸ੍ਰੀ ਗੁਰੂ ਗ੍ਰੰਥ ਸਹਿਬ ਦਾ ਟੀਕਾ ਕਰਾਉਣ ਦਾ ਕੰਮ ਅਰੰਭ ਕਰਾਇਆ ਸੀ। ਮਹੰਤ ਜੀ ਗੁਰ ਸ਼ਬਦ ਦੀ ਵਿਆਖਿਆ ਦੀਵਾਨ ਵਿਚ ਕਰਿਆ ਕਰਦੇ ਸਨ। ਇਕ ਦਿਨ ਭਾਈ ਗੁਰਮੁਖ ਸਿੰਘ ਨੇ ਇਨਾਂ ਦੀ ਵਿਆਖਿਆ ਸੁਣੀ ਅਤੇ ਉਸ ਵਿਚ ਸਨਾਤਨੀ ਹਿੰਦੂ ਰੰਗਤ ਜੋ ਗੁਰਮਤ ਅਸੂਲਾਂ ਦੇ ਅਨਕੂਲ ਨਹੀਂ ਸੀ ਵੇਖ ਕੇ ਮਹਾਰਾਜਾ ਸਾਹਿਬ ਨੂੰ ਜਾ ਕਿਹਾ ਕਿ ਆਪ ਇਨਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਹਿਬ ਦਾ ਟੀਕਾ ਨਾ ਕਰਾਉ,ਇਹ ਤਾਂ ਗੁਰਮਤ ਦੀ ਸਾਇੰਸ ਨੂੰ ਸਮਝ ਹੀ ਨਹੀਂ ਸਕਦੇ। ਇਹ ਗਲ ਭੀ ਬੜੀ ਉਘੀ ਹੋ ਗਈ ਜਿਸ ਤੇ ਭਾਈ ਗੁਰਮੁਖ ਸਿੰਘ ਦੀ ਤਕੜੀ ਵਿਰੋਧਤਾ ਹੋਣੀ ਸ਼ੁਰੂ ਹੋ ਗਈ ਅਤੇ ਬੇਦੀ ਖੇਮ ਸਿੰਘ ਵਾਲੀ ਅਤੇ ਮਹੰਤ ਜੀ ਵਾਲੀਆਂ ਦੋਹਾਂ ਗਲਾਂ ਨੇ ਇਨਾਂ ਦਾ ਸੰਤ ਸ੍ਰੇਣੀ ਵਿਚ ਬੜਾ ਨਿਰਾਦਰ ਵਧਾ ਦਿਤਾ ਅਤੇ ਉਨਾਂ ਵਲੋਂ ਭਾਈ ਗੁਰਮੁਖ ਸਿੰਘ ਦਾ ਬਾਈਕਟ ਕੀਤਾ ਗਿਆ ਇਨੀ ਦਿਨੀ ਭਾਈ ਗੁਰਮੁਖ ਸਿੰਘ ਤਾਂ ਕੰਵਰ ਬਿਕਰਮ ਸਿੰਘ ਜੀ ਪਾਸ ਜਾਲੰਧਰ ਚਲਿਆ ਗਿਆ ਪ੍ਰਤੂੰ ਗਿਆਨੀ ਦਿੱਤ ਸਿੰਘ ਨੇ ਆਪਨੇ 'ਖਾਲਸਾ ਅਖਬਾਰ' ਵਿਚ ਸਾਰੇ ਗੁਰਮਤ ਵਿਰੋਧੀਆਂ ਦੇ ਭਾਂਡੇ ਅਛੀ ਤਰਾਂ ਭੰਨੇ ਬਲਕਿ ਇਕ 'ਸੁਫਨ ਨਾਟਕ' ਨਾਮੇ ਪੁਸਤਕ ਰਚਕੇ ਬੇਦੀ ਖੇਮ ਸਿੰਘ ਪਾਰਟੀ ਦੇ ਖਿਆਲਾਂ ਦਾ ਬੁਰੀ ਤਰ੍ਹਾਂ ਖੰਡਨ ਕੀਤਾ। ਜਿਸ ਤੇ ਗਿ: ਦਿਤ ਸਿੰਘ ਦੇ ਵਿਰੁਧ ਬੇਦੀ ਪਾਰਟੀ ਵਲੋਂ ਮੁਕਦਮਾਂ ਚਲਾਇਆ ਗਿਆ ਜਿਸ ਵਿਚ ਉਨਾਂ ਨੂੰ ੫੦) ਰੁ: ਜੁਰਮਾਨਾ ਹੋਇਆ ਜੋ ਅਪੀਲੋਂ ਮੁਆਫ ਹੋ ਗਿਆ। ਗਿਆਨੀ ਜੀ ਉਤੇ ਮੁਕਦਮਾਂ ਬਨਣ ਤੇ ਭਾਈ ਗੁਰਮੁਖ ਸਿੰਘ ਜੋ ਓਰੀਐਂਟਲ ਕਾਲਜ ਦੇ ਪ੍ਰੋਫੈਸਰ ਰਹਿਣ ਕਾਰਨ ਪ੍ਰੋਫੈਸਰ ਗੁਰਖੁਮ ਸਿੰਘ ਦੇ ਨਾਮ ਨਾਲ ਮਸ਼ਹੂਰ ਹੋ ਗਏ ਸਨ ਵਾਪਸ ਲਾਹੌਰ ਆ ਗਏ ਅਤੇ ਇਨਾਂ ਦੋਹਾਂ ਸਜਨਾਂ ਨੇ ਗੁਰਮਤ ਪ੍ਰਚਾਰ ਦਾ ਕੰਮ ਵਡੇ ਜ਼ੋਰ ਨਾਲ ਅਰੰਭ ਦਿਤਾ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਗਿਆਨੀ ਦਿੱਤ ਸਿੰਘ ਅਤ ਸੁਵਾਮੀ ਦਯਾ ਨੰਦ ਇਸ ਵਿਸ਼ੇ ਤੇ ਬਹਿਸ ਕਰ ਰਹੇ ਹਨ
ਕਿ "ਵੇਦ ਰੱਬੀ ਇਲਹਾਮ ਹਨ ਜਾਂ ਮਨੁਖੀ ਰਚਨਾ" ਗਿਆਨੀ ਜੀ ਦੇ
ਪ੍ਰਸ਼ਨ ਦਾ ਉਤਰ ਸੁਵਾਮੀ ਜੀ ਪੰਡਤਾਂ ਨੂੰ ਪੁਛਦੇ ਹਨ।

Digitized by Panjab Digital Library | www.panjabdigilib.org

ਇਨਾਂ ਦਿਨਾਂ ਵਿਚ ਆਰੀਆ ਸਮਾਜ ਦੇ ਮੋਢੀ ਸੁਆਮੀ ਦਯਾ ਨੰਦ ਦਾ ਪ੍ਰਚਾਰ ਭੀ ਜੋਰਾਂ ਤੇ ਸੀ ਅਤੇ ਇਹ ਅਕਸਰ ਲਾਹੌਰ ਆਉਂਦੇ ਰਹਿੰਦੇ ਸਨ। ਇਨਾਂ ਨੇ ਸਤਿਆਰਥ ਪ੍ਰਕਾਸ਼ ਨਾਮੀ ਇਕ ਗ੍ਰੰਥ ਪ੍ਰਕਾਸ਼ਤ ਕਰਾਇਆ ਸੀ ਜਿਸ ਦੇ ਚੌਧਵੇਂ ਅਧਿਆਏ ਵਿਚ ਵਖੋ ਵਖ ਧਰਮਾਂ ਦੇ ਮੁਖੀਆ ਬਾਰੇ ਕੁਝ ਵਧ ਘਟ ਸ਼ਬਦ ਲਿਖੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਭੀ ਕੁਝ ਅਜੇਹੇ ਸ਼ਬਦ ਹੀ ਲਿਖੇ ਸਨ ਜਿਸ ਕਰਕੇ ਸਿਖਾਂ ਅੰਦਰ ਆਪ ਦੇ ਵਿਰੁਧ ਕਾਫੀ ਜੋਸ਼ ਸੀ। ਉਹਨੀ ਦਿਨੀ ਧਾਰਮਕ ਵਿਸ਼ਿਆਂ ਤੇ ਬਹਿਸ ਮੁਬਾਹਿਸਿਆਂ ਦਾ ਆਮ ਰਿਵਾਜ ਸੀ ਸੋ ਗਿਆਨੀ ਦਿਤ ਸਿੰਘ ਜੀ ਜੋ ਆਪਣੀ ਪਹਿਲੀ ਅਵਸਥਾ ਵਿਚ ਆਰੀਆ ਸਮਾਜ ਦੇ ਪ੍ਰਚਾਰਕ ਰਹਿ ਚੁਕੇ ਹੋਏ ਸਨ ਨੇ ਸੁਵਾਮੀ ਦਯਾ ਨੰਦ ਨੂੰ ਆਪਨੀ ਲਿਖਤ ਤੇ ਕਥਨੀ ਸਿਧ ਕਰਨ ਲਈ ਚੈਲੰਜ ਕੀਤਾ ਜਿਸ ਤੇ ਏਹਨਾਂ ਦੀ ਆਪਸ ਵਿਚ ਭਰੇ ਸਮਾਗਮ ਅੰਦਰ ਤਿੰਨ ਵੇਰ ਬਹਿਸ ਹੋਈ ਅਤੇ ਤਿੰਨੇ ਵੇਰ ਹੀ ਸੁਆਮੀ ਦਯਾ ਨੰਦ ਗਿਆਨੀ ਜੀ ਦੇ ਪ੍ਰਸ਼ਨਾਂ ਦਾ ਉਤਰ ਨਾ ਦੇ ਸਕੇ ਅਤੇ ਲਾਜਵਾਬ ਹੋ ਜਾਂਦੇ ਰਹੇ। ਗਿਆਨੀ ਜੀ ਨੇ ਇਹ ਸਾਰੀ ਬਹਿਸ ਉਤਰ ਪ੍ਰਸ਼ਨ ਦੇ ਰੂਪ ਵਿਚ 'ਮੇਰਾ ਅਤੇ ਸਾਧੂ ਦਯਾ ਨੰਦ ਦਾ ਸੰਬਾਦ' ਨਾਮੇ ਪੁਸਤਕ ਵਿਚ ਪ੍ਰਕਾਸ਼ਤ ਕਰ ਦਿਤੀ ਇਸ ਤੋਂ ਇਲਾਵਾ ਗਿਆਨੀ ਦਿਤ ਸਿੰਘ ਜੀ ਨੇ ਕਈ ਹੋਰ ਗ੍ਰੰਥ ਯਥਾ: 'ਦੁਰਗਾ ਪ੍ਰਬੰਧ' 'ਨਕਲੀ ਸਿਖ ਪ੍ਰਬੋਧ' ਆਦਿ ਲਿਖ ਕੇ ਭੀ ਮਨਮਤ ਦਾ ਖੰਡਨ ਤੇ ਗੁਰਮਤ ਪ੍ਰਚਾਰ ਦਾ ਨਿਗਰ ਕੰਮ ਕੀਤਾ।

ਪ੍ਰੋ: ਗੁਰਮੁਖ ਸਿੰਘ ਦਾ ਅੰਗਰੇਜ਼ ਅਫਸਰਾਂ ਨਾਲ ਚੰਗਾ ਰਸੂਖ ਸੀ। ਉਸ ਨੇ ਇਸ ਰਸੂਖ ਨੂੰ ਖਾਲਸਾ ਕਾਲਜ ਅੰਮ੍ਰਿਤਸਰ ਦੀ ਕਾਇਮੀ ਲਈ ਵਰਤਿਆ। ਅੰਮ੍ਰਿਤਸਰ ਅਤੇ ਲਾਹੌਰ ਦੀਆ ਸਿੰਘ ਸਭਾਵਾਂ ਅੰਦਰ ਜੋ ਹੁਣ ਖਾਲਸਾ ਦੀਵਾਨ ਅੰਮ੍ਰਿਤਸਰ ਅਤੇ ਖਾਲਸਾ ਦੀਵਾਨ ਲਾਹੌਰ ਦੇ ਨਾਮ ਨਾਲ ਜਾਣੀਆਂ ਜਾਂਦੀਆਂ ਸਨ ਪਹਿਲੋਂ ਇਸ ਗੱਲ ਤੇ ਕੁਝ ਖਿਚੋਤਾਨ ਹੋਇਆ ਕਿ ਖਾਲਸਾ ਕਾਲਜ ਲਾਹੌਰ ਖੋਹਲਿਆ ਜਾਏ ਜਾਂ ਅੰਮ੍ਰਿਤਸਰ, ਪ੍ਰੰਤੂ ਅਖੀਰ ਫੈਸਲਾ ਅੰਮ੍ਰਿਤਸਰ ਦੇ ਹੱਕ ਵਿਚ ਹੋ ਗਿਆ



Digitized by Panjab Digital Library | www.panjabdigilib.org

ਅਤੇ ੧੮੯੨ ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਦੀ ਬੁਨਿਆਦ ਰਖੀ ਗਈ ਤੇ ਕਾਲਜ ਕੌਂਸਲ ਕਾਇਮ ਹੋਈ। ਇਸ ਦੇ ਜਾਰੀ ਕਰਾਉਣ ਵਿਚ ਪ੍ਰੋ: ਗੁਰਮੁਖ ਸਿੰਘ ਨੇ ਅਣਥਕ ਕੋਸ਼ਸ਼ ਕੀਤੀ ਅਤੇ ਉਹਨਾਂ ਦਾ ਦਿਹਾਂਤ ਭੀ ੧੮੯੮ ਵਿਚ ਕਾਲਜ ਵਾਸਤੇ ਉਗਰਾਹੀ ਕਰਦਿਆਂ ਹੀ ਜਦੋਂ ਇਹ ਮਹਾਰਾਜਾ ਧੌਲਪੁਰ ਪਾਸੋਂ ਜੋ ਕੰਡ ਘਾਟ ਪਹਾੜ ਤੇ ਗਿਆ ਹੋਇਆ ਸੀ, ਚੰਦਾ ਉਗਰਾਹੁਣ ਗਏ ਉਥੇ ਹੀ ਹੋ ਗਿਆ ਅਤੇ ਗਿ: ਦਿਤ ਸਿੰਘ ਜੀ ਭੀ ਉਸ ਤੋਂ ਤਿੰਨ ਸਾਲ ਪਿਛੋਂ ਅਥਵਾ ੧੯੦੧ ਵਿਚ ਚੜ੍ਹਾਈ ਕਰ ਗਏ। ਇਹ ਆਪਣੇ ਅਖੀਰ ਸਮੇਂ ਤਕ ਖ਼ਾਲਸਾ ਅਖ਼ਬਾਰ ਰਾਹੀਂ ਗੁਰਮਤ ਸੇਵਾ ਕਰਦੇ ਰਹੇ। ਇਸ ਤਰ੍ਹਾਂ ਇਨ੍ਹਾਂ ਦੋ ਗ਼ਰੀਬ ਘਰਾਂ ਵਿਚ ਜਨਮੇਂ ਸਿਖਾਂ ਨੇ ਆਪਣਾ ਸਾਰਾ ਜੀਵਨ ਸਿਖੀ ਪਰਚਾਰ ਦੀ ਸੇਵਾ ਵਿਚ ਲਗਾ ਕੇ ਸਫਲ ਕੀਤਾ ਅਤੇ ਸਿਖ ਇਤਿਹਾਸ ਦੇ ਪੰਨਿਆਂ ਤੇ ਆਪਣਾ ਨਾਮ ਸੁਨਿਹਰੀ ਅਖਰਾਂ ਵਿਚ ਲਿਖਿਆ ਛਡ ਗਏ।

ਇਹਨਾਂ ਗੁਰਮਤ ਦੇ ਆਸ਼ਕ ਪੰਥ ਸੇਵਕਾਂ ਦੇ ਦਿਹਾਂਤ ਹੋ ਜਾਣ ਤੇ ਪੰਥਕ ਕੰਮਾਂ ਨੂੰ ਕਾਫੀ ਸਟ ਵਜੀ ਪ੍ਰੰਤੂ "ਜਿਸ ਕਾ ਕਾਰਜ ਤਿਨ ਹੀ ਕੀਆ ਮਾਣਸ ਕਿਆ ਵਿਚਾਰਾ ਰਾਮ" ਦੇ ਮਹਾਵਾਕ ਅਨੁਸਾਰ ਇਨ੍ਹਾਂ ਦੀ ਥਾਂ ਲੈਣ ਵਾਲੇ ਹੋਰ ਸੂਰਬੀਰ ਨਿਤਰੇ। ਸ: ਸੁੰਦਰ ਸਿੰਘ ਜੀ ਮਜੀਠੀਆ ਜੋ ਕਾਲਜ ਕੌਂਸਲ ਦੇ ਮੈਂਬਰ ਸਨ ਅਤੇ ਜਿਨ੍ਹਾਂ ਅੰਦਰ ਚੜ੍ਹਦੀ ਜਵਾਨੀ ਦਾ ਜੋਬਨ ਸੀ ਸਾਹਮਣੇ ਆ ਗਏ। ਇਨ੍ਹਾਂ ਦੀ ਸਜੀ ਬਾਂਹ ਅਤੇ ਪੰਥ ਸੇਵਾ ਵਿਚ ਉਮਰ ਦਾ ਸਾਥੀ ਸ: ਹਰਬੰਸ ਸਿੰਘ ਅਟਾਰੀ ਵਾਲੇ ਅਤੇ ਗੁਰਮਤ ਦੇ ਮਹਾ ਵਡੇ ਲਿਖਾਰੀ ਸ੍ਰੀ ਮਾਨ ਭਾਈ ਵੀਰ ਸਿੰਘ ਜੀ ਨੇ ਇਸ ਸੇਵਾ ਨੂੰ ਸੰਭਾਲਿਆ। ਪਿਛੋਂ ਇਨ੍ਹਾਂ ਦੇ ਨਾਲ ਭਾਈ ਜੋਧ ਸਿੰਘ ਜੀ ਭੀ ਸ਼ਾਮਲ ਹੋ ਗਏ। ੧੯੦੧ ਵਿਚ ਨ ਕੇਵਲ ਕਾਲਜ ਨੂੰ ਆਪਣੇ ਪੈਰਾਂ ਤੇ ਕਰਨ ਦੇ ਉਪਾਉ ਕੀਤੇ ਬਲਕਿ ਇਕ ਨਿਗਰ ਸਿਖ ਜਥੇਬੰਦੀ 'ਚੀਫ ਖ਼ਾਲਸਾ ਦੀਵਾਨ' ਦੇ ਨਾਮ ਹੇਠ ਅਕਤੂਬਰ ੧੯੦੨ ਵਿਚ ਕਾਇਮ ਕੀਤੀ ਜਿਸ਼ ਦੇ ਪਹਿਲੇ ਪ੍ਰਧਾਨ ਭਾਈ ਅਰਜਨ ਸਿੰਘ



Digitized by Panjab Digital Library | www.panjabdigilib.org

ਬਾਗੜੀਆ ਅਤੇ ਸਕਤਰ ਸ: ਸੁੰਦਰ ਸਿੰਘ ਜੀ ਮਜੀਠਿਆ ਬਣੇ। ਸੰਨ ੧੯੦੪ ਵਿਚ ਇਨ੍ਹਾਂ ਸਜਨਾਂ ਨੇ ਗਵਰਨਰ ਪੰਜਾਬ ਨਾਲ ਮਿਲ ਕੇ ਖਾਲਸਾ ਕਾਲਜ ਵਿਖੇ ਇਕ ਭਾਰੀ ਦਰਬਾਰ ਕਰਾਇਆ ਜਿਸ ਵਿਚ ਸਾਰੇ ਸਿਖ ਰਾਜੇ ਮਹਾਰਾਜੇ ਅਤੇ ਸਿਖ ਰਈਸ ਅਤੇ ਸਿਖ ਸਰਦਾਰ ਸ਼ਾਮਲ ਹੋਏ ਜਿਸ ਵਿਚ ਸ: ਸੁੰਦਰ ਸਿੰਘ ਨੇ ਕਾਲਜ ਵਾਸਤੇ ਝੋਲੀ ਅਡ ਕੇ ਸਹਾਇਤਾ ਦੀ ਅਪੀਲ ਕੀਤੀ ਜਿਸ ਤੇ ਸਭ ਤੋਂ ਪਹਿਲੋਂ ਮਹਾਰਾਜਾ ਹੀਰਾ ਸਿੰਘ ਵਾਲੀਏ ਰਿਆਸਤ ਨਾਭਾ ਨੇ ਰੁਪੈਆ ਦਿਤਾ ਅਤੇ ਬਾਕੀ ਸਾਰੇ ਰਾਜਿਆਂ ਤੇ ਸਰਦਾਰਾਂ ਨੇ ਗਹਿਰੇ ਗਫੇ ਦਿਤੇ ਜਿਸ ਤੇ ਮਿੰਟਾਂ ਵਿਚ ਕਈ ਲਖ ਰੁਪੈਆ ਜਮਾਂ ਹੋ ਗਿਆ। ਇਸੇ ਸਾਲ ਸਰਕਾਰ ਪੰਜਾਬ ਨੇ ਸਾਰੇ ਸਿਖ ਜ਼ਿਮੀਦਾਰਾਂ ਪਾਸੋਂ ਮਾਲੀ ਮੁਆਮਲੇ ਨਾਲ ਇਕ ਆਨਾ ਫੀ ਰੁਪੈਆ ਉਗਰਾਹ ਕੇ ਕਾਲਜ ਨੂੰ ਦਿਤਾ-ਅਤੇ ਇਸਤਰ੍ਹਾਂ ਖਾਲਸਾ ਕਾਲਜ ਦੀ ਮੌਜੂਦਾ ਸ਼ਾਹਾਨਾ ਇਮਾਰਤ ਖੜੀ ਕੀਤੀ ਗਈ।

ਚੀਫ ਖਾਲਸਾ ਦੀਵਾਨ ਜੈਸੀ ਧਾਰਮਕ ਸੰਸਥਾ ਅਤੇ ਖਾਲਸਾ ਕਾਲਜ ਵਰਗੇ ਸਿਖ ਵਿਦਿਅਕ ਆਸ਼ਰਮ ਕਾਇਮ ਹੋ ਜਾਣਾ ਸਿਖਾਂ ਅੰਦਰ ਧਰਮ ਅਤੇ ਵਿਦਿਆ ਪਰਚਾਰ ਦੀ ਨੀਂਹ ਪੁਖਤਾ ਹੋ ਜਾਣ ਦੇ ਤੁਲ ਸੀ। ਇਸ ਤੋਂ ਛੇਤੀ ਹੀ ਪਿਛੋਂ ਗੁਜਰਾਂਵਾਲੇ ਵਿਖੇ ਬਾਬੂ ਗੁਲਾਬ ਸਿੰਘ ਦੇ ਉਦਮ ਨਾਲ ਅਤੇ ਚੀਫ ਖਾਲਸਾ ਦੀਵਾਨ ਦੀ ਸਰਪਰਸਤੀ ਹੇਠ ਇਕ ਸਿਖ ਵਿਦਿਅਕ ਕਮੇਟੀ ਸਥਾਪਤ ਕਰਕੇ ਸੰਨ ੧੯੦੮ ਵਿਚ ਪਹਿਲੀ ਸਿਖ ਵਿਦਿਅਕ ਕਾਨਫਰੰਸ ਗੁਜਰਾਂਵਾਲਾ ਵਿਖੇ ਅਪਰੈਲ ਦੇ ਮਹੀਨੇ ਈਸਟਰ ਦੀਆਂ ਛੁਟੀਆਂ ਵਿਚ ਕੀਤੀ ਗਈ—ਇਸ ਦੀ ਸਫਲਤਾ ਦਾ ਪਹਿਲਾ ਸਿੱਟਾ ਤਿੰਨ ਪੜ੍ਹੇ ਲਿਖੇ ਸਿਖ ਨੌਜਵਾਨਾਂ ਮਾਸਟਰ ਤਾਰਾ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ ਅਤੇ ਮਾਸਟਰ ਕ੍ਰਿਸ਼ਨ ਸਿੰਘ ਦਾ ਸਿਖਾਂ ਦੀ ਵਿਦਿਅਕ ਉਨਤੀ ਹਿਤ ਆਪਨਾ ਜੀਵਨ ਅਰਪਨ ਕਰਨਾ ਸੀ। ਇਨ੍ਹਾਂ ਨੇ ਗੁਰੂ ਕੇ ਲੰਗਰ ਦੀ ਦਾਲ ਰੋਟੀ ਤੇ ਆਪਨਾ ਗੁਜ਼ਾਰਾ ਕਰਕੇ ਖਾਲਸਾ ਹਾਈ ਸਕੂਲ ਲਾਇਲਪੁਰ ਖੋਹਲ ਕੇ ਇਸ ਨੂੰ



Digitized by Panjab Digital Library | www.panjabdigilib.org

ਸਫਲ ਬਨਾਉਣ ਦਾ ਪ੍ਰਾਣ ਕੀਤਾ ਜੋ ਇਨ੍ਹਾਂ ਬੜੀ ਖ੍ਰਸ ਅਸਲੂਬੀ ਨਾਲ ਨਿਬਾਹਿਆ ਅਤੇ ਦਿਨਾਂ ਵਿਚ ਹੀ ਸਾਂਦਲ ਬਾਰ ਦਾ ਇਹ ਚੜ੍ਹਦਾ ਸੂਰਜ ਉਦੇ ਹੋ ਸਿਖ ਸੰਸਾਰ ਦੇ ਅਸਮਾਨ ਨੂੰ ਚਾਰ ਚੰਦ ਲਾਉਣ ਲਗ ਪਿਆ।

ਹੁਣ ਹਰ ਸਾਲ ਸਿਖ ਵਿਦਿਅਕ ਕਾਨਫਰੰਸ ਦੇ ਸਮਾਗਮ ਹੋਣ ਲਗ ਪਏ ਅਤੇ ਹਰ ਅਜੇਹੇ ਸਮਾਗਮ ਤੇ ਸਿਖਾਂ ਦੀ ਵਿਦਿਅਕ ਉਨਤੀ ਹਿਤ ਫੰਡ ਇਕਠਾ ਕੀਤਾ ਜਾਂਦਾ ਜਿਸ ਵਿਚੋਂ ਸਾਲ ਬਸਾਲ ਨਵੇਂ ਖਾਲਸਾ ਸਕੂਲ ਖੁਲਣੇ ਅਰੰਭ ਹੋ ਗਏ ਜਿਥੇ ਸਿਖ ਬਚਿਆਂ ਨੂੰ ਧਰਮ ਵਿਦਿਆ ਸਿਖਾਈ ਜਾਂਦੀ ਅਤੇ ਇਸ ਤਰ੍ਹਾਂ ਨਾਲ ਥੋੜੇ ਜੇਹੇ ਸਾਲਾਂ ਵਿਚ ਹੀ ਪੰਜਾਬ ਭਰ ਦੇ ਕੋਨੇ ੨ ਵਿਚ ਖਾਲਸਾ ਸਕੂਲਾਂ ਦੀ ਭਰਮਾਰ ਹੋ ਗਈ। ਪੜ੍ਹਨ ਵਾਲੇ ਸਿਖ ਬਚਿਆਂ ਨੂੰ ਬਚਪਨ ਤੋਂ ਹੀ ਗੁਰਮਤ ਦੀ ਪਾਹ ਲਗਾਈ ਜਾਂਦੀ—ਇਨ੍ਹਾਂ ਸਕੂਲਾਂ ਦੇ ਹੋਂਦ ਵਿਚ ਆਉਣ ਦਾ ਸਿੱਟਾ ਇਹ ਭੀ ਹੋਇਆ ਕਿ ਦੂਸਰੀਆਂ ਕੌਮਾਂ ਦੇ ਬਚਿਆਂ ਦੇ ਮੁਕਾਬਲੇ ਵਿਚ ਪੜ੍ਹੇ ਲਿਖੇ ਸਿਖ ਬਚਿਆਂ ਦੀ ਪ੍ਰਤੀਸ਼ਤ ਕਾਫੀ ਵਧ ਗਈ ਅਤੇ ਪੰਜਾਬੀ (ਗੁਰਮੁਖੀ) ਵਿਦਿਆ ਨੇ ਭੀ, ਜਿਸ ਨੂੰ ਸਮੇਂ ਦੀ ਹਕੂਮਤ ਅਤੇ ਸਮਾਜ ਦੇ ਪ੍ਰਭਾਵ ਨੇ ਹੁਣ ਤਕ ਅਗੇ ਵਧਣ ਨਹੀਂ ਦਿਤਾ ਸੀ, ਪੰਜਾਬ ਵਿਚ ਆਪਣੀ ਥਾਂ ਬਨਾਉਣਾ ਸ਼ੁਰੂ ਕਰ ਦਿਤੀ।

ਦੂਜੇ ਬੰਨੇ ਚੀਫ ਖਾਲਸਾ ਦੀਵਾਨ ਦੀ ਸਰਪਰਸਤੀ ਹੇਠ ਥਾਂ ਪਰ ਥਾਂ ਸਿੰਘ ਸਭਾਵਾਂ ਸਥਾਪਤ ਹੋ ਗਈਆਂ ਜੋ ਚੀਫ ਖਾਲਸਾ ਦੀਵਾਨ ਨਾਲ ਸੰਬੰਧਤ ਹੋਣ ਕਰਕੇ ਸਾਰੇ ਦੇਸ਼ ਦੇ ਅਗਾਹਾਂ ਵਧੂ ਸਿਖ ਇਕ ਲੜੀ ਵਿਚ ਪਰੋਤੇ ਗਏ-ਭਾਂਵੇ-ਸਨਾਤਨੀ ਅਤੇ ਹਿੰਦੂ ਪ੍ਰਭਾਵ ਹੇਠ ਆਈਆਂ ਕਈ ਸਿਖ ਸੰਪਰਦਾਵ ਵਲੋਂ ਸਿੰਘ ਸਭੀਏ ਨਾਮ ਦੀ ਕਾਫੀ ਵਿਰੋਧਤਾ ਕੀਤੀ ਜਾਂਦੀ ਰਹੀ ਪ੍ਰੰਤੂ ਸਿੰਘ ਸਭਾਵਾਂ ਸਥਾਪਨ ਕਰਨ ਦੀ ਇਸ ਪਰਪਾਟੀ ਨੇ ਇਸ ਨੂੰ ਇਕ ਲਹਿਰ ਦਾ ਰੂਪ ਦੇ ਦਿਤਾ ਜਿਸ ਦੇ ਤਿਖੇ ਰੌ ਦੇ ਸਾਹਮਣੇ ਕਚੇ



Digitized by Panjab Digital Library | www.panjabdigilib.org

ਪਿਲੋ ਸਾਰੇ ਵਟਾਂ ਬੰਨੇ ਪਾਣੀ ਵਿਚ ਕਚੇ ਘੜੇ ਦਾ ਨਿਆਈ ਬਹਿ ਗਏ ਅਤੇ ਸਿੰਘ ਸਭਾ ਲਹਿਰ ਨੇ ਆਪਣੇ ਤੋਂ ਵਡੇਰੀ ਅਤੇ ਤੂਫਾਨੀ ਅਕਾਲੀ ਲਹਿਰ ਨੂੰ ਜਨਮ ਦਿਤਾ।*

---

*ਇਹ ਜ਼ਰੂਰੀ ਭਾਸਦਾ ਹੈ ਕਿ ਕੁਝ ਕੁ ਉਨ੍ਹਾਂ ਸੰਤ ਸਿਪਾਹੀਆਂ ਦਾ ਜ਼ਿਕਰ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤੇ ਜਾਏ ਜਿਨ੍ਹਾਂ ਨੇ ਅਕਾਲੀ ਲਹਿਰ ਦੇ ਹਵਨ ਕੁੰਡ ਵਿਚ ਆਪਨੇ ੨ ਵਿਤ ਅਨੁਸਾਰ ਥੋੜੀ ਬਹੁਤ ਅਹੂਤੀ ਪਾਈ ਪੰਥ ਦੇ ਅਜੇਹੇ ਸੰਤ ਸਿਪਾਹੀਆਂ ਨੂੰ ਭੁੱਲ ਜਾਣਾ ਉਨ੍ਹਾਂ ਨਾਲ ਬੜੀ ਬੇਇਨਸਾਫੀ ਹੋਵੇਗੀ ਖਾਸ ਕਰ ਜਦੋਂ ਅਸੀਂ ਵੇਖਦੇ ਹਾਂ ਕਿ ਸਾਡੇ ਸਾਮ੍ਹਣੇ ਅਜ ਤਕ ਕੋਈ ਅਜੇਹਾ ਗ੍ਰੰਥ ਤਥਾ ਪੁਸਤਕ ਨਹੀਂ ਆਇਆ ਜਿਸ ਵਿਚ ਇਨ੍ਹਾਂ ਦਾ ਜ਼ਿਕਰ ਤਕ ਕੀਤਾ ਗਿਆ ਹੋਵੇ ਅਤੇ ਸਮੇਂ ਦੀ ਚਾਲ ਅਤੇ ਇਸ ਦਾ ਪ੍ਰਭਾਵ ਇਤਨਾ ਧੁੰਧਲਾ ਹੈ ਕਿ ਇਹ ਚੰਗੇ ੨ ਸੂਰਮਿਆਂ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਅਤੇ ਸਦਾ ਲਈ ਦੁਨੀਆਂ ਦੀਆਂ ਅਖਾਂ ਤੋਂ ਉਨ੍ਹਾਂ ਨੂੰ ਓਝਲ ਕਰ ਦੇਂਦਾ ਹੈ ਇਸ ਲਈ ਪੰਥ ਦੇ ਐਸੇ ਸੰਤ ਸਿਪਾਹੀਆਂ ਨੂੰ ਸਿਖ ਇਤਿਹਾਸ ਦੇ ਪੰਨਿਆਂ ਤੇ ਜੀਉਂਦੇ ਰਖਣ ਲਈ ਇਸ ਗ੍ਰੰਥ ਦੇ ਅਖੀਰ ਤੇ ਇਨ੍ਹਾਂ ਦੇ ਨਾਮ ਅਤੇ ਹਰ ਇਕ ਦਾ ਸੰਖੇਪ ਜਿਹਾ ਵੇਰਵਾ ਦਿਤਾ ਹੈ ਜਿਨ੍ਹਾਂ ਨੂੰ ਪੜ੍ਹਨ ਤੋਂ ਪਾਠਕਾਂ ਨੂੰ ਉਸ ਸਮੇਂ ਦੇ ਪ੍ਰਭਾਵਾਂ ਅਤੇ ਇਨ੍ਹਾਂ ਦੀ ਕੀਤੀ ਸੇਵਾ ਦੀ ਕੁਝ ਵਾਕਫੀ ਹੋ ਜਾਵੇਗੀ।



Digitized by Panjab Digital Library | www.panjabdigilib.org

## ੨

ਭਾਵੇਂ ਅਕਾਲੀ ਲਹਿਰ ਦਾ ਪਰਤਖ ਸਿੱਟਾ ਗੁਰਦਵਾਰਾ ਸੁਧਾਰ ਦੇ ਰੂਪ ਵਿਚ ਸਾਹਮਣੇ ਆਇਆ ਹੈਪ੍ਰੰਤੂ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਲਹਿਰ ਦੇ ਅੰਦਰ ਰਾਜ ਵਿਦ੍ਰੋਹੀ ਅੰਸ਼ ਸ਼ੁਰੂ ਤੋਂ ਹੀ ਕਾਇਮ ਸੀ* ਅਤੇ ਅਗਾਂਹ ਵਧੂ ਸਿਖ ਹਮੇਸ਼ਾਂ ਇਹ ਕਲੇਮ ਕਰਦੇ ਆਏ ਹਨ ਕਿ ਸਿਖਾਂ ਦਾ ਧਰਮ ਅਤੇ ਸਿਆਸਤ ਅਡ ਅਡ ਵਸਤਾਂ ਨਹੀਂ ਹਨ ਬਲਕਿ ਸਿਆਸਤ ਇਨ੍ਹਾਂ ਦੇ ਧਰਮ ਦਾ ਅੰਗ ਹੈ। ਭਾਰਤ ਦੀ ਅੰਗ੍ਰੇਜ਼ ਸ੍ਰਕਾਰ ਸਿਖਾਂ ਨੂੰ ਧਰਮ ਅਤੇ ਸਿਆਸਤ ਨੂੰ ਅੱਡੋ ਅਡਰਾ ਰਖਣ ਦੀਆਂ ਸੂਚਨਾਵਾਂ ਸਦਾ ਹੀ ਦੇਂਦੀ ਰਹੀ ਅਤੇ ਇਸੇ ਵਿਸ਼ੇ ਤੇ ਸਿਖਾਂ ਵਿਚ ਪਾਟਕ ਪਾ ਮਿਲ-ਵਰਤਨੀਏ ਅਤੇ ਨ ਮਿਲ-ਵਰਤਨੀਏ ਸਿਖ ਧੜੇ ਕਾਇਮ ਕਰਦੀ ਰਹੀ ਪ੍ਰੰਤੂ ਜਦ ਕਦੀ ਵੀ ਸਿਖ ਅਣਖ ਅਤੇ ਸਿਖ ਗੁਰਦਵਾਰੇ ਦੇ ਆਦਰ ਨਿਰਾਦਰ ਦਾ ਸਵਾਲ ਆਇਆ ਸਿਖ ਸਦਾ ਹੀ ਇਕ ਮੁਠ ਹੋ ਜਾਂਦੇ ਰਹੇ। ਅਜੇਹੇ ਹਾਲਾਤ ਵਿਚ ਅਕਾਲੀ ਲਹਿਰ ਨੂੰ ਸਿਖਾਂ ਦੀ ਵਿਦਿਅਕ ਅਤੇ ਗੁਰਮਤ ਵਲ ਪੈਦਾ ਹੋਈ ਜ ਗ੍ਰਤ ਦਾ ਹੀ ਸਿੱਟਾ ਜਾਣ ਲੈਣਾ ਭੁਲ ਹੋਵੇਗੀ। ਭਾਵੇਂ ਗੁਰਮਤ ਪ੍ਰਚਾਰ, ਸਿੰਘ ਸਭਾਵਾਂ ਕਾਇਮ ਕਰਨ ਦੀ ਪਰਪਾਟੀ, ਸਿਖ ਵਿਦਿਅਕ ਕਾਨਫ੍ਰੰਸਾਂ ਅਤੇ ਵਿਦਿਅਕ ਆਸ਼ਰਮਾਂ ਦੇ ਹੋਂਦ ਵਿਚ ਆਉਣ

---

*ਸਰਕਾਰ ਪੰਜਾਬ ਗੁਰਦਵਾਰਾ ਸੁਧਾਰ ਨੀਂਹ ਨੂੰ ਉਸ ਦਿਨ ਤੋਂ ਇਕ ਰਾਜ ਵਿਰੋਧੀ ਲਹਿਰ ਮੰਨ ਕੇ ਇਸ ਨੂੰ ਕੁਚਲਣ ਦੀ ਠਾਣ ਰਹੀ ਸੀ ਜਿਸ ਦਿਨ ਨਨਕਾਣਾ ਸਾਹਿਬ ਦੇ ਸਾਕੇ ਪਿਛੋਂ ਇਸ ਦੇ ਮੁਕਦਮੇਂ ਦੀ ਪੈਰਵੀ ਸੰਬੰਧੀ ਸਿਖਾਂ ਨੇ ਨਾ ਮਿਲਵਰਤਣ ਦਾ ਮਤਾ ਪਾਸ ਕਰ ਦਿਤਾ ਸੀ। ਮਹਾਤਮਾਂ ਗਾਂਧੀ ਦੀ ਹੇਠਾਂ ਲਿਖੀ ਤਾਰ ਜੋ ਉਨ੍ਹਾਂ ਨੇ ਚਾਬੀਆਂ ਦੇ ਮੋਰਚੇ ਦੀ ਸਫਲਤਾ ਤੇ ਸ: ਖੜਕ ਸਿੰਘ ਨੂੰ ਦਿਤੀ ਇਸ ਗਲ ਨੂੰ ਹੋਰ ਸਪਸ਼ਟ ਕਰਦੀ ਹੈ।



Digitized by Panjab Digital Library | www.panjabdigilib.org

ਨੇ ਅਕਾਲੀ ਲਹਿਰ ਸ਼ੁਰੂ ਕਰਨ ਵਿਚ ਬਹੁਤ ਵਡਾ ਹਿਸਾ ਪਾਇਆ ਹੈ ਪ੍ਰੰਤੂ ਇਸ ਨੂੰ ਜਨਮ ਦੇਣ ਵਿਚ ਜੋ ਹਿਸਾ ਸਿਖਾਂ ਅੰਦਰ ਪੈਦਾ ਹੋਈ ਸਿਆਸੀ ਜਾਗਰਤ ਨੇ ਪਾਇਆ ਹੈ ਉਸ ਨੂੰ ਕਦਾਚਿਤ ਭੀ ਅਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਇਸ ਲਈ ਇਸ ਤੋਂ ਪਹਿਲੋਂ ਕਿ ਅਸੀਂ ਅਕਾਲੀ ਲਹਿਰ ਦੇ ਅਤੈਭਕ ਕਾਰਨਾਮਿਆਂ ਦੇ ਵਿਸਥਾਰ ਵਿਚ ਜਾਈਏ ਉਸ ਹਲੂਣੇ ਦਾ ਸੰਖੇਪ ਜੇਸਾ ਜ਼ਿਕਰ ਕਰਨਾ ਭੀ ਜ਼ਰੂਰੀ ਹੈ ਜਿਸ ਨੇ ਸੁਤੇ ਹੋਏ ਸ਼ੇਰ ਨੂੰ ਜਗਾ ਦੇਣ ਦੀ ਨਿਆਈਂ ਯਕਾ ਯਕ ਸਿਖਾਂ ਨੂੰ ਪ੍ਰੇਰਤ ਕਰ ਇਕ ਲਹਿਰ ਦਾ ਰੂਪ ਦੇ ਦਿਤਾ।

ਇਸ ਵਿਚ ਸਭ ਤੋਂ ਪਹਿਲੋਂ ਸਾਡੇ ਸਾਹਣੇ ਉਸ ਭਾਈ ਭਗਵਾਨ ਸਿੰਘ ਤਸਕਾ ਨਿਵਾਸੀ ਦਾ ਨਾਉਂ ਆਉਂਦਾ ਹੈ ਜਿਸ ਨੇ ਘਰਜਾਖ ਜ਼ਿਲਾ ਗੁਜਰਾਂਵਾਲਾ ਦੇ ਗੁਰਮਤ ਵਿਦਿਆਲੇ ਤੋਂ ਗਿਆਨੀ ਪਾਸ ਕਰ ਸੰ:੧੯੦੭ ਵਿਚ ਅਮਰੀਕਾ ਦਾ ਰਾਹ ਲਿਆ ਅਤੇ ਉਥੇ ਇਕ ਛੋਟੇ ਜੇਹੇ ਵਾਕਿਆ ਤੋਂ ਜਦੋਂ ਕਿ ਇਕ ਗੋਰੇ ਨੇ ਉਸ ਨੂੰ ਹਿੰਦੀ ਜਾਣ ਕੇ ਟਿਚਕਰ ਕਰਦੇ ਹੋਏ ਇਹ ਕਿਹਾ "ਹੋ ਤੁਮ ਹਿੰਦੁਸਤਾਨੀ ਕਿਆ ਹੋ, ਤੁਮ ਅੰਗ੍ਰੇਜ਼ ਕਾ ਗੁਲਾਮ ਹੈ, ਤੁਮ ਤੋ ਡਾੜ੍ਹੀ ਵਾਲੀ ਰੰਨ ਹੈ" ਪ੍ਰਭਾਵਤ ਹੋ ਕੇ ਗਦਰ ਦੀ ਗੂੰਜ ਨਾਮੇ ਅਖਬਾਰ ਜਾਰੀ ਕੀਤਾ ਜੋ ਕੈਨੇਡਾ ਵਿਚ ਛਪ ਕੇ ਹਜ਼ਾਰਾਂ ਦੀ ਗਿਣਤੀ ਵਿਚ ਹਿੰਦੁਸਤਾਨ ਵਿਚ ਭੇਜਿਆ ਜਾਂਦਾ ਅਤੇ ਨੌਜਵਾਨ ਭਾਰਤ ਵਾਸੀਆਂ, ਖਾਸ ਕਰ ਪੰਜਾਬੀ ਵਿਦਿਆਰਥੀਆਂ ਦੇ ਹਥਾਂ ਵਿਚ ਦਿਤਾ ਜਾਂਦਾ। ਇਸ ਗਦਰ ਦੀ ਗੂੰਜ ਦਾ ਵਿਸ਼ਾ ਅਤੇ ਜੋ ਪ੍ਰਭਾਵ ਇਸ ਨੇ ਆਪਨੇ ਪਾਠਕਾਂ ਤੇ ਪਾਇਆ ਹੋਵੇਗਾ ਦਾ ਅੰਦਾਜ਼ਾ ਉਸ ਵਿਚ ਛਪੀਆਂ ਹੇਠਲੀਆਂ ਦੋ ਕਵਤਾਵਾਂ ਤੋਂ ਕੀਤਾ ਜਾ ਸਕਦਾ ਹੈ:

(੧) ਕਢ ਦਿਹੋ ਜੰਗ ਦੀਆਂ ਲਾਲ ਝੰਡੀਆਂ
ਵਢ ਦਿਹੋ ਗੋਰੇ ਮੇਮਾਂ ਕਰ ਦਿਓ ਰੰਡੀਆਂ
ਚਾਰ ਤੇ ਕਰੋੜ ਏਥੇ ਗੋਰੇ ਵਸਦੇ
ਤੇਤੀ ਤੇ ਕਰੋੜ ਨੇ ਹਿੰਦੀ ਵਸਦੇ
ਅਠ ਅਠ ਇਕ ਦੀਆਂ ਪਾ ਲਉ ਵੰਡੀਆਂ
ਵਢ ਦਿਹੋ ਗੋਰੇ ਮੇਮਾਂ ਕਰ ਦਿਉ ਰੰਡੀਆਂ



Digitized by Panjab Digital Library | www.panjabdigilib.org

(੨) ਹੁਣ ਤੇ ਜਾਗੋ ਹਿੰਦੀ ਭਾਈਓ ਕੌਮ ਗਰਕਦੀ ਜਾਂਦੀ ਏ
ਹਾੜ ਜੇਠ ਨੂੰ ਧੁਪਾਂ ਸਾੜਨ ਪੋਹ ਮਾਘ ਨੂੰ ਪਾਲਾ ਜੀ
ਖਾਣ ਪੀਣ ਦੀ ਤੰਗੀ ਹੋ ਗਈ ਹੋ ਗਿਆ ਬਹੁਤਾ ਹਾਲਾ ਜੀ
ਪਿਛਲੇ ਸਮੇਂ ਪੈਂਚ ਅਸਾਡੇ ਆਪ ਅਦਾਲਤ ਕਰਦੇ ਸੀ
ਮਝ ਗਾਈਂ ਦੇ ਵਗ ਅਸਾਡੇ ਖੇਤਾਂ ਵਿਚ ਚਰਦੇ ਸੀ
ਹੁਣ ਤੇ ਭਾਈਓ ਨਸਲ ਅਸਾਡੀ ਰੁਖੀ ਰੋਟੀ ਖਾਂਦੀ ਏ
ਹੁਣ ਤੇ ਜਾਗੋ ਹਿੰਦੀ ਭਾਈਓ ਕੌਮ ਗਰਕਦੀ ਜਾਂਦੀ ਏ

ਏਧਰ ਪੰਜਾਬ ਦੀ ਅਣਖ ਨੂੰ ਟੁੰਬਣ ਵਾਲਾ ਉਹ ਸ਼ੇਰ, ਭਾਰਤ ਮਾਂ ਦਾ ਸਪੁਤਰ ਸੀ ਜਿਸ ਨੇ ਝਨਾਂ ਦੀ ਬਰਕਤ ਲਾਇਲਪੁਰ ਦੇ ਲਹਿਲਹਾਉਂਦੇ ਸਾਂਦਲ ਬਾਰ ਦੇ ਚੁਹ ਚੁਹ ਕਰਦੇ ਹਰੇ ਭਰੇ ਖਿਤੇ ਵਿਚ ਖੜੇ ਹੋ ਕੇ ਜਟ ਦੀ ਵਿਲੂੰਧਰੀ ਦੀ ਪਈ ਆਜ਼ਾਦੀ ਦੀ ਖੇਤੀ ਨੂੰ ਨਾ ਸਹਾਰ ਕੇ ਪੁਕਾਰ ਕੇ ਆਖਿਆ ਸੀ : 'ਪਗੜੀ ਸੰਭਾਲ ਜਟਾ ਪਗੜੀ ਸੰਭਾਲ ਓਇ'

ਇਹ ਇਸ ਮੁਰੱਬਿਆਂ ਦੀ ਧਰਤੀ ਦੇ ਮਸਤਾਏ ਹੋਏ ਜਟ ਨੂੰ ਟੁੰਬ ਕੇ ਜਗਾਉਣ ਵਾਲੀ ਪਹਿਲੀ ਸੱਦ ਸੀ ਜੋ ਸੰਨ ੧੯੦੭ ਵਿਚ ਪੰਜਾਬ ਦੇ ਗਭਰੂ ਸ੍ਰ: ਅਜੀਤ ਸਿੰਘ* ਨੇ ਲਾਈ ਅਤੇ ਜਿਸ ਨੇ ਪੰਜਾਬ ਦੇ ਜਟ ਨੂੰ

*ਇਹ ਸ੍ਰ: ਅਜੀਤ ਸਿੰਘ ਸ਼ਹੀਦ ਸ: ਭਗਤ ਸਿੰਘ ਦਾ ਸਕਾ ਚਾਚਾ ਸੀ ਜੋ ਅੰਗਰੇਜ਼ ਸਰਕਾਰ ਦਾ ਵਡਾ ਰਾਜ ਵਿਦ੍ਰੋਹੀ ਹੋਣ ਦੇ ਅਪ੍ਰਾਧ ਵਿਚ ਹਸਦਾ ੨ ਲਾਹੌਰ ਵਿਖੇ ਫਾਂਸੀ ਦੇ ਤਖਤੇ ਚੜ੍ਹ ਗਿਆ। ਸ੍ਰ: ਭਗਤ ਸਿੰਘ ਲਾਇਲਪੁਰ ਦੇ ਇਕ ਜਟ ਸਿਖ ਘਰਾਣੇ ਦਾ ਨੌ ਨਿਹਾਲ ਸੀ। ਕਈ ਲੋਕ ਸ੍ਰ: ਭਗਤ ਸਿੰਘ ਜੈਸੇ ਸ਼ਹੀਦ ਨੂੰ ਆਪਣੀ ਸੰਸਥਾ ਨਾਲ ਗਢਣ ਵਾਸਤੇ ਉਸ ਦੇ ਕੇਸ ਕਤਲ ਕਰਾ ਕੇ ਆਰੀਆ ਸਮਾਜੀ ਹੋ ਜਾਣਾ ਦਸਦੇ ਹਨ ਪਰੰਤੂ ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਲਾਹੌਰ ਸੈਂਟਰਲ ਜੇਹਲ ਵਿਚ ਹੁੰਦਿਆਂ ਹੋਇਆਂ ਉਸ ਨੇ ਸੰਤ ਰਣਧੀਰ ਸਿੰਘ ਜੀ ਦੇ ਪ੍ਰਭਾਵ ਹੇਠ ਦੋਬਾਰਾ ਕੇਸ ਰਖ ਲਏ ਸਨ ਅਤੇ ਫਾਂਸੀ ਚੜ੍ਹਣ ਸਮੇਂ ਉਸ ਨੇ ਮੰਗ ਕੀਤੀ ਸੀ ਕਿ ਮੈਂ ਸਿਖ ਹਾਂ ਅਤੇ ਮੇਰੀ ਅੰਤਮ ਦਾਹ ਕਿਰਿਆ ਸਿਖ ਰੀਤੀ ਅਨੁਸਾਰ ਕੀਤੀ ਜਾਵੇ ਚੁਨਾਂਚਿ ਜਦੋਂ ਪੋਲੀਸ ਉਸ ਦੀ ਲਾਸ਼ ਦਾ ਸਸਕਾਰ ਕਰਨ ਲਈ ਉਸ ਨੂੰ ਦਰਿਆ ਸਤਲੁਜ ਦੇ ਕੰਢੇ ਲੈ ਗਈ ਤਾਂ ਰਸਤੇ ਵਿਚੋਂ ਕਸੂਰ ਤੋਂ ਉਥੋਂ ਦੀ ਸਿੰਘ ਸਭਾ ਦੇ ਗਰੰਥੀ ਭਾਈ ਸੰਤ ਸਿੰਘ ਨੂੰ ਨਾਲ ਲੈ ਲਿਆ ਜਿਸ ਨੇ ਸ੍ਰ: ਭਗਤ ਸਿੰਘ ਦੇ ਸਸਕਾਰ ਦਾ ਅਰਦਾਸਾ ਕੀਤਾ।



Digitized by Panjab Digital Library | www.panjabdigilib.org

ਉਸਦੀ ਪਗ ਨੂੰ ਹਥ ਪੈਂਦਾ ਵੇਖ ਨਾ ਸਹਾਰਦਿਆਂ ਹੋਇਆਂ ਉਸ ਨੂੰ ਵੰਗਾਰਿਆ। ਭਾਵੇਂ ਇਸ ਟੁੰਬਨ ਦਾ ਜੋ ਫਲ ਅਜੀਤ ਸਿੰਘ ਨੂੰ ਮਿਲਿਆ ਕਿਸੇ ਤੋਂ ਗੁਝਾ ਛਿਪਿਆ ਨਹੀਂ ਕਿ ਉਸ਼ਨੂੰ ਕਿਸ ਤਰ੍ਹਾਂ ਘਰੋਂ ਬੇਘਰ ਅਤੇ ਦੇਸੋਂ ਬੇਦੇਸ ਹੋ ਸਾਰਾ ਜੋਬਨ ਆਪਣੇ ਪਿਆਰੇ ਵਤਨ ਦਾ ਮੂੰਹ ਵੇਖਣਾ ਵੀ ਨਸੀਬ ਨਾ ਹੋਇਆ ਪਰ ਉਸ ਮਰਦ ਬੀਰ ਨੇ ਇਸ ਗਲ ਦੀ ਪਰਵਾਹ ਨਾ ਕਰਦਿਆਂ ਹੋਇਆਂ ਕਿ ਉਸ ਨਾਲ ਕੀ ਵਾਪਟੇਗੀ, ਦੇਸ ਦੀ ਆਜ਼ਾਦੀ ਦਾ ਨਾਹਰਾ ਮਾਰਿਆ।

ਅੰਗਰੇਜ਼ ਨਹੀਂ ਚਾਹੁੰਦਾ ਸੀ ਕਿ ਹਿੰਦੀਆਂ ਅੰਦਰ ਇਸ ਪ੍ਰਕਾਰ ਦਾ ਕੋਈ ਹਲੂਣਾ ਦੇਵੇ ਜਾਂ ਹਿੰਦੀਆਂ ਨੂੰ ਕਿਸੇ ਆਜ਼ਾਦ ਦੇਸ ਦੀ ਹਵਾ ਲਗੇ, ਇਸ ਲਈ ਹਿੰਦੀਆਂ ਨੂੰ ਆਜ਼ਾਦ ਦੇਸਾਂ ਵਿਚ ਜਾਣੋ ਰੋਕਣ ਲਈ ਕੜੀਆਂ ਰੁਕਾਵਟਾਂ ਸਨ ਯਥਾ ਕੈਨੇਡਾ ਜਾਣ ਲਈ ਕੈਨੇਡਾ ਸਰਕਾਰ ਵਲੋਂ ਇਹ ਕਾਨੂੰਨ ਬਣਾ ਦਿਤਾ ਗਿਆ ਸੀ ਕਿ ਕੋਈ ਹਿੰਦੀ ਦੂਜੇ ਟਾਪੂਆਂ ਵਿਚੋਂ ਹੋ ਕੇ ਕੈਨੇਡਾ ਨਹੀਂ ਜਾ ਸਕਦਾ। ਕੈਨੇਡਾ ਜਾਣ ਲਈ ਹਿੰਦੁਸਤਾਨ ਤੋਂ ਸਿਧਾ ਜਹਾਜ਼ ਕੈਨੇਡਾ ਜਾ ਸਕਦਾ ਹੈ। ਕਿਉਂਕਿ ਹਿੰਦੁਸਤਾਨ ਦਾ ਨਾ ਆਪਣਾ ਜਹਾਜ਼ ਸੀ ਜੋ ਸਿਧਾ ਕੈਨੇਡਾ ਜਾਵੇ ਤੇ ਹੋਰ ਟਾਪੂਆਂ ਦੇ ਜਹਾਜ਼ਾਂ ਵਿਚ ਸਿੰਘ ਸਿਧੇ ਕੈਨੇਡਾ ਜਾ ਨਹੀਂ ਸਕਦੇ ਸਨ ਇਸ ਲਈ ਇਹ ਕਾਨੂੰਨ ਅੰਗਰੇਜ਼ ਦੀ ਭਾਵ ੂਰਤੀ ਵਾਸਤੇ ਬੜਾ ਅਛਾ ਸੀ ਪਰ ਆਜ਼ਾਦੀ ਦੇ ਪਰਵਾਨੇ ਖੰਭ ਵਲ੍ਹੇਟ ਬੈਠਣਾ ਕਦੋਂ ਜਾਣਦੇ ਸਨ। ਮਾਝੇ ਦੇ ਸਿਖ ਸਰਦਾਰ ਨੂੰ ਫੁਰੀ ਤੇ ਉਸ ਨੇ ਕਾਨੂੰਨ ਦੀ ਆੜ ਭੰਨ ਸਿਟਣ ਲਈ ਜਾਪਾਨੀਆਂ ਪਾਸੋਂ 'ਕੋਮਾ ਗਾਟਾ ਮਾਰੂ' ਨਾਮੀ ਜਹਾਜ਼ ਕਿਰਾਏ ਜਾ ਕੀਤਾ ਤੇ ਫੈਸਲਾ ਹੋਇਆ ਕਿ ਇਹ ਜਹਾਜ਼ ਜਿਸ ਦਾ ਨਾਮ ਗੁਰੂ ਨਾਨਕ ਜਹਾਜ਼ ਰਖਿਆ ਗਿਆ ਸਿਧਾ ਕੈਨੇਡਾ ਜਾਏਗਾ। ਇਸ਼ਤਿਹਾਰ ਕਢੇ ਗਏ ਕਿ ਜਿਸ ਕਿਸੇ ਸਿਧਾ ਕੈਨੇਡਾ ਜਾਣਾ ਹੋਵੇ ਉਹ ਇਸ ਜਹਾਜ਼ ਤੇ ਟਿਕਟ ਲੈ ਸਕਦਾ ਹੈ ਸਿਖਾਂ ਨੇ ਵਹੀਰਾਂ ਪਾ ਦਿਤੀਆਂ ਅਤੇ ਕਈਆਂ ਨੇ ਤਾਂ ਘਰ ਦੀ ਪੂਣੀ ਛਲੀ ਵੇਚ ਜਾਂ ਭੁੰਏਂ ਭਾਂਡਾ ਗਹਿਣੇ



Digitized by Panjab Digital Library | www.panjabdigilib.org

ਧਰ ਕਿਰਾਏ ਦੇ ਪੈਸੇ ਬਣਾਏ ਤੇ ਜਹਾਜ਼ ਆ ਚੜੇ। ਗੱਲ ਕੀ ਕੋਮਾ ਗਾਟਾ ਮਾਰੂ ੪ ਅਪਰੈਲ ੧੯੧੪ ਨੂੰ ਹਾਂਗ ਕਾਂਗ ਤੋਂ ਕੈਨੇਡਾ ਨੂੰ ਰਵਾਨਾ ਹੋ ਗਿਆ।

ਥੋੜੇ ਦਿਨਾਂ ਵਿਚ ਇਹ ਲੰਬਾ ਸਮੁੰਦਰੀ ਸਫਰ ਕਟਦਾ ਕੈਨੇਡਾ ਦੇ ਲਾਗੇ ਜਾ ਪੁਜਾ। ਅਜੇ ਇਹ ਕੰਢੇ ਤੋਂ ਕੁਝ ਮੀਲ ਦੂਰ ਸਮੁੰਦਰ ਵਿਚ ਹੀ ਸੀ ਕਿ ਕੈਨੇਡਾ ਦੀ ਸਰਕਾਰ ਦੇ ਦੂਤਾਂ ਨੇ ਉਥੇ ਪੁਜ ਕੇ ਕੋਮਾ ਗਾਟਾ ਮਾਰੂ' ਨੂੰ ਅਗੇ ਵਧਣ ਤੋਂ ਰੋਕ ਦਿਤਾ। ਕੈਨੇਡਾ ਵਿਚ ਵਸਦੇ ਸਿਖਾਂ ਤੇ ਹੋਰ ਹਿੰਦੀਆਂ ਨੇ ਹਮਦਰਦੀ ਕੀਤੀ ਅਤੇ ਵੀਚਾਰ ਉਪਰੰਤ ਫੈਸਲਾ ਹੋਇਆ ਕਿ ਕਾਨੂੰਨ ਅਨੁਸਾਰ ਇਹ ਜਹਾਜ਼ ਰੋਕਿਆ ਨਹੀਂ ਜਾ ਸਕਦਾ ਇਸ ਲਈ ਕੈਨੇਡਾ ਦੀ ਸਰਕਾਰ ਉਤੇ ਦਾਹਵਾ ਕੀਤਾ ਜਾਏ, ਇਸ ਅਨੁਸਾਰ ਕੈਨੇਡਾ ਵਿਚ ਹੀ ਉਥੋਂ ਦੀ ਸਰਕਾਰ ਦੇ ਵਿਰੁਧ ਅਦਾਲਤ ਵਿਚ ਦਾਹਵਾ ਕੀਤਾ ਗਿਆ ਅਤੇ ਇਸ ਦੇ ਫੈਸਲੇ ਤਕ ਜਹਾਜ਼ ਉਥੇ ਉਸ ਤਰ੍ਹਾਂ ਕੈਨੇਡਾ ਤੋਂ ਦੂਰ ਸਮੁੰਦਰ ਵਿਚ ਹੀ ਖੜਾ ਰਿਹਾ ਤੇ ਰਸਦ ਪਾਣੀ ਆਦਿ ਉਥੇ ਹੀ ਮੰਗਵਾ ਕੇ ਖਾਣਾ ਪਿਆ ਪਰ 'ਉਥੋਂ ਕੀ ਉਮੀਦ ਇਨਸਾਫ ਦੀ ਹੈ ਜਿਥੇ ਆਪ ਮੁਦਈ ਸਰਕਾਰ ਹੋਵੇ।' ਮੁਕਦਮੇ ਦਾ ਫੈਸਲਾ ਵੀ ਕੋਮਾ ਗਾਟਾ ਮਾਰੂ ਦੇ ਵਿਰੁਧ ਹੀ ਹੋਇਆ ਤੇ ਜਹਾਜ਼ ਨੂੰ ਵਾਪਸ ਪਰਤ ਜਾਣ ਦਾ ਹੁਕਮ ਹੋਇਆ।

ਵਿਚਾਰੇ ਬੇਵਸ ਹਿੰਦੀਆਂ ਲਈ ਹੋਰ ਕੀ ਚਾਰਾ ਸੀ ਜਹਾਜ਼ ਨੂੰ ਮੋੜੇ ਪਾ ਦਿਤੇ ਪਰ ਉਨ੍ਹਾਂ ਦੇ ਦਿਲ ਕੀ ਬੀਤਦੀ ਸੀ ਵਿਰਲਾ ਹੀ ਜਾਣ ਸਕਦਾ ਹੈ। ਅੰਗਰੇਜ਼ ਦੇ ਇਸ ਕਰਤਵ ਨੇ ਇਨ੍ਹਾਂ ਦੇ ਅੰਦਰ ਇਸਦੇ ਲਈ ਉਹ ਜ਼ਹਿਰ ਭਰ ਦਿਤਾ ਜੋ ਕਦੀ ਧੋਤਾ ਨਹੀਂ ਜਾ ਸਕਦਾ ਸੀ। ਇਹ ਭਰੇ ਪੀਤੇ ਪਏ ਸਨ ਤੇ ਇਨ੍ਹਾਂ ਵਾਪਸ ਪੁਜ ਕੇ ਅੰਗਰੇਜ਼ ਨੂੰ ਹਿੰਦੁਸਤਾਨ ਵਿਚੋਂ ਕਢ ਦੇਣ ਦੀ ਠਾਨ ਲਈ। ਰਸਤੇ ਵਿਚ ਜਾਪਾਨ ਤੋਂ ਪਿਸਤੌਲ ਆਦਿ ਖਰੀਦੇ ਗਏ। ਇਸ ਦੌਰਾਨ ਵਿਚ ਦੁਨੀਆਂ ਦਾ ੧੯੧੪ ਵਾਲਾ ਵਡਾ ਜੰਗ ਲਗ ਚੁਕਾ ਸੀ ਅਤੇ ਇਨ੍ਹਾਂ ਨੂੰ ਇਸ ਗਲ ਦੀ ਇਤਲਾਹ



Digitized by Panjab Digital Library | www.panjabdigilib.org

ਇਕ ਜਰਮਨ ਜਹਾਜ਼ 'ਐਮਡਨ' ਨੇ ਜੋ ਇਨ੍ਹਾਂ ਨੂੰ ਰਸਤੇ ਵਿਚ ਮਿਲਿਆ ਦਿੱਤੀ ਸੀ।

ਇਧਰ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਨੇ ਕੋਮਾ ਗਾਟਾ ਮਾਰੂ ਦੀ ਆਓ ਭਗਤ ਲਈ ਤਿਆਰੀ ਕੀਤੀ ਹੋਈ ਸੀ। ਇਹ ੨੬ ਸਤੰਬਰ ੧੯੧੪ ਦਾ ਦਿਨ ਸੀ । ਹਾਲਾਂ ਜਹਾਜ਼ ਹੁਗਲੀ ਦੇ ਦਹਾਨੇ (ਬੰਗਾਲ ਖਾੜੀ) ਵਿਚ ਹੀ ਸੀ ਕਿ ਸ੍ਰ: ਸੁਖਾ ਸਿੰਘ ਕਪਤਾਨ ਸੀ. ਆਈ. ਡੀ. ਆਪਣ ਅਮਲੇ ਅਤੇ ਕੁਝ ਹੋਰ ਅਫਸਰਾਂ ਸਮੇਤ ਸਰਕਾਰ ਦਾ ਹੁਕਮ ਲੈ ਕੇ ਜਹਾਜ਼ ਵਿਚ ਜਾ ਚੜ੍ਹੇ ਤੇ ਇਨ੍ਹਾਂ ਪੰਜਾਬੀ ਜੋਧਿਆਂ ਦੀ ਤਲਾਸ਼ੀ ਅਰੰਭ ਹੋ ਗਈ। ਇਸ ਸਮੇਂ ਜਹਾਜ਼ ਦੇ ਕੋਲਾ ਭਰਨ ਵਾਲੇ ਜਾਪਾਨੀ ਨੌਕਰਾਂ ਨੇ ਇਨ੍ਹਾਂ ਨਾਲ ਹਮਦਰਦੀ ਕਰਦੇ ਹੋਏ ਇਨ੍ਹਾਂ ਪਾਸੋਂ ਜੋ ਕਾਨੂੰਨ ਵਿਰੁਧ ਹਥਿਆਰ ਇਨ੍ਹਾਂ ਪਾਸ ਸਨ ਲੈ ਕੇ ਕੋਇਲੇ ਵਿਚ ਦਬਾ ਦਿਤੇ ਅਤੇ ਇਸ ਤਰ੍ਹਾਂ ਨਾਲ ਸ੍ਰ: ਸੁਖਾ ਸਿੰਘ ਤਲਾਸ਼ੀ ਵਿਚੋਂ ਕੋਈ ਚੀਜ਼ ਇਨ੍ਹਾਂ ਦੇ ਵਿਰੁਧ ਨਾ ਫੜ ਸਕਿਆ।

ਅਖੀਰ ੨੯ ਸਤੰਬਰ ਸਵੇਰੇ ੧੧ ਵਜੇ ਜਹਾਜ਼ ਬਜ ਬਜ ਦੇ ਘਾਟ ਤੇ ਆ ਲਗਾ। ਸਵਾਗਤ ਲਈ ਅੰਗਰੇਜ਼ ਅਫਸਰ ਪੋਲੀਸ ਤੇ ਫੌਜ ਘਾਟ ਤੇ ਪੁਜੇ ਹੋਏ ਸਨ। ਜਹਾਜ਼ ਵਿਚ ਸਾਰੇ ੩੨੧ ਮੁਸਾਫਰ ਸਨ ਜੋ ਲਗ ਭਗ ਸਾਰੇ ਹੀ ਪੰਜਾਬੀ ਸਨ। ੧੭ ਮੁਸਲਮਾਨ ਤੇ ਬਾਕੀ ਤਕਰੀਬਨ ਸਾਰੇ ਸਿਖ ਸਨ ਸਰਕਾਰ ਚਾਹੁੰਦੀ ਸੀ ਕਿ ਇਨ੍ਹਾਂ ਸਭ ਨੂੰ ਪੰਜਾਬ ਲੈ ਜਾਇਆ ਜਾਏ ਤਾ ਕਿ ਇਹ ਕਲਕਤੇ ਜਾਂ ਹੋਰ ਥਾਵਾਂ ਤੇ ਬਗਾਵਤੀ ਖਿਆਲਾਂ ਦਾ ਪ੍ਰਚਾਰ ਨਾ ਕਰਨ। ਪੰਜਾਬ ਲੈ ਜਾ ਕੇ ਸਰਕਾਰ ਇਨ੍ਹਾਂ ਬਾਰੇ ਕੀ ਕਰਨਾ ਚਾਹੁੰਦੀ ਸੀ ਇਸ ਦਾ ਕੁਝ ਪਤਾ ਨਹੀਂ ਸੋ ਬਜ ਬਜ ਦੇ ਘਾਟ ਤੇ ਇਨ੍ਹਾਂ ਨੂੰ ਪੰਜਾਬ ਲੈ ਜਾਣ ਵਾਸਤੇ ਸਪੈਸ਼ਲ ਗਾਡੀ ਤਿਆਰ ਖੜੀ ਸੀ। ਇਨ੍ਹਾਂ ਨੂੰ ਜਹਾਜ਼ੋਂ ਉਤਰਦਿਆਂ ਗਡੀ ਬੈਠਣ ਦਾ ਹੁਕਮ ਹੋਇਆ। ੧੭ ਮੁਸਲਮਾਨ ਅਤੇ ਕੁਝ ਹੋਰ-ਸਾਰੇ ੫੯ ਆਦਮੀ ਗਡੀ ਬੈਠ ਗਏ ਪ੍ਰੰਤੂ ਬਾਕੀ ਦੇ ੨੬੨ ਮੁਸਾਫਰ ਸ੍ਰੀ ਗੁਰੂ ਗ੍ਰੰਥ ਸਾਹਿਬ



Digitized by Panjab Digital Library | www.panjabdigilib.org

ਸਮੇਤ ਕਲਕਤੇ ਨੂੰ ਹੋ ਟੁਰੇ। ਇਨ੍ਹਾਂ ਨੂੰ ਰੋਕਿਆ ਗਿਆ ਅਤੇ ਇਕ ਅੰਗ੍ਰੇਜ਼ ਅਫਸਰ ਨੇ ਬਾਬਾ ਗੁਰਦਿਤ ਸਿੰਘ ਨੂੰ ਹੱਥ ਪਾਉਣ ਦੀ ਕੋਸ਼ਸ ਕੀਤੀ। ਗਲ ਵੱਧ ਗਈ ਇਸ ਤੇ ਅੰਗ੍ਰੇਜ਼ ਅਫਸਰ ਨੂੰ ਰੋਹ ਚੜ੍ਹ ਗਿਆ ਅਤੇ ਉਸ ਨੇ ਵਧ ਘਟ ਕਹਿੰਦੇ ਹੋਏ ਬਾਬਾ ਗੁਰਦਿਤ ਸਿੰਘ ਨੂੰ ਬੂਟ ਦਾ ਠੁਡਾ ਮਾਰਿਆ। ਬਸ ਫਿਰ ਕੀ ਸੀ, ਇਹ ਪੰਜਾਬੀ ਸਿੱਖ ਜੋ ਅੰਗਰੇਜ਼ ਦੇ ਵਤੀਰੇ ਤੋਂ ਅਗੇ ਹੀ ਨਕ ਨਕ ਆਏ ਹੋਏ ਸਨ ਆਪਣੇ ਆਗੂ ਨੂੰ ਇਸਤਰਾਂ ਠੁਡਾ ਵਜਦਾ ਵੇਖ ਸਹਿ ਨ ਸਕੇ ਅਤੇ ਇਕ ਮਨਚਲੇ ਨੌਜਵਾਨ ਨੇ ਝਟ ਪਸਤੌਲ ਕਢਿਆ ਤੇ ਗੋਲੀ ਦਾਗ਼ ਦਿਤੀ ਠੁਡਾ ਮਾਰਨ ਵਾਲੇ ਦਾ ਫਾਤਿਆ ਤਾਂ ਪੜ੍ਹਨਾ ਹੀ ਸੀ ਇਸ ਦੇ ਨਾਲ ਕਈ ਹੋਰ ਅੰਗਰੇਜ਼ ਅਫਸਰ ਭੀ ਡਿਗ ਪਏ ਬਹੁਤ ਸਾਰੀ ਭੀੜ ਜੋ ਘਾਟ ਦੇ ਆਲੇ ਦੁਆਲੇ ਲਗ ਰਹੀ ਸੀ ਪਲੋ ਪਲੀ ਵਿਚ ਤਿਤਰ ਬਿਤਰ ਹੋ ਗਈ ਅਤੇ ਰਹਿੰਦੇ ਵੀ ਉਠ ਨਠੇ ਜਦੋਂ ਦੂਜੇ ਵੰਨਿਉਂ ਅੰਗਰੇਜ਼ ਫੌਜ ਨੇ ਜਹਾਜੋਂ ਉਤਰੇ ਮੁਸਾਫਰਾਂ ਤੇ ਗੋਲੀ ਵਰਸਾਉਨੀ ਅਰੰਭੀ ਸਕਿੰਟਾਂ ਮਿੰਟਾਂ ਵਿਚ ਕਈ ਸ਼ੇਰ ਦਿਲ ਹਿੰਦੀ ਜੋ ਅਕਸਰ ਕਰਕੇ ਪੰਜਾਬ ਦੇ ਸਿਖ ਹੀ ਸਨ ਸੱਥਰ ਵਿਛ ਗਏ। ਇਸ ਸਮੇਂ ਰਾਤ ਦਾ ਹਨੇਰਾ ਛਾ ਚੁਕਾ ਸੀ, ਜੋ ਮਰਨੋ ਬਚੇ ਅਤੇ ਨਿਕਲ ਸਕੇ ਉਹ ਦੌੜ ਗਏ ਭਾਵੇਂ ਇਨ੍ਹਾਂ ਵਿਚੋਂ ਬਹੁਤ ਸਾਰਿਆਂ ਨੂੰ ਅੰਗਰੇਜ਼ ਫ਼ੌਜ ਤੇ ਪੋਲੀਸ ਨੇ ਪਕੜ ਲਿਆ ਅਤੇ ਕਲਕਤੇ ਦੀ ਅਲੀਪੁਰ ਜੇਲ ਵਿਚ ਬੰਦ ਕਰ ਦਿਤਾ, ਬਾਵਾ ਗੁਰਦਿਤ ਸਿੰਘ ਕਈ ਹੋਰ ਸਾਥੀਆਂ ਸਮੇਤ ਨਿਕਲ ਗਏ। ਇਸ ਸਾਰੇ ਵਾਕਿਆ ਦੀ ਪੜਤਾਲ ਹਿਤ ਸਰਕਾਰ ਹਿੰਦ ਨੇ ਪੰਜ ਆਦਮੀਆਂ—ਤਿੰਨ ਅੰਗਰੇਜ਼, ਇਕ ਬੰਗਾਲੀ ਰਾਜਾ ਅਤੇ ਪੰਜਵੇਂ ਰਾਜਾ ਸਰ ਦਲਜੀਤ ਸਿੰਘ ਦੀ ਕਮੇਟੀ ਥਾਪੀ ਜਿਸ ਨੇ ੩–੧੨–੧੪ ਨੂੰ ਆਪਣੀ ਰੀਪੋਰਟ ਸਰਕਾਰ ਹਿੰਦ ਨੂੰ ਭੇਜ ਦਿਤੀ। ਇਸ ਰੀਪੋਰਟ ਅਨੁਸਾਰ ਚਾਰ ਅੰਗਰੇਜ਼ ਅਫਸਰ ਦੋ ਹੋਰ ਆਦਮੀ ਅਤੇ ਵੀਹ ਸਿਖ ਮੁਸਾਫਰ ਇਸ ਹਾਦਸੇ ਵਿਚ ਮਰੇ ਅਤੇ ਛੇ ਅੰਗਰੇਜ਼, ਪੰਜ ਪੋਲੀਸ ਦੇ ਆਦਮੀ, ਇਕ ਹੋਰ ਆਦਮੀ ਅਤੇ ੨੨ ਸਿਖ ਮੁਸਾਫਰ ਜ਼ਖਮੀ ਹੋਏ (ਉਕਤ ਵਾਕਿਆਤ ਜਹਾਜ਼ ਦੇ ਇਕ ਚੜ੍ਹਾਊ, ਪਹਿਲਵਾਨ



Digitized by Panjab Digital Library | www.panjabdigilib.org

ਬਿਸ਼ਨ ਸਿੰਘ, ਭਤੀਜਾ ਬਾਬਾ ਵਿਸਾਖਾ ਸਿੰਘ ਦੀ ਜ਼ਬਾਨੀ ਸੁਣੇ ਗਏ ਹੋਏ ਹਨ)।

ਬਜ ਬਜ ਦੇ ਘਾਟ ਤੇ ਹੋਏ ਇਸ ਦਰਦਨਾਕ ਹਾਦਸੇ ਬਾਰੇ ਉਸ ਸਮੇਂ ਇਕ ੧੬ ਸਾਲ ਦੀ ਸਿਖ ਬਚੀ ਬੀਬੀ ਹਰਨਾਮ ਕੌਰ ਨੇ ਹੇਠਾਂ ਲਿਖੀ ਕਵਿਤਾ ਖਾਲਸਾ ਸੇਵਕ ਅਖਬਾਰ ਵਿਚ ਛਪਵਾਈ ਜਿਸਦੀ ਸਜ਼ਾ ਮਾਲਕ ਅਖਬਾਰ ਭਾਈ ਜੀਵਨ ਸਿੰਘ ਜੀ ਨੂੰ ਭੁਗਤਣੀ ਪਈ ਜਿਨ੍ਹਾਂ ਦੀ ਦੋ ਹਜ਼ਾਰ ਦੀ ਜ਼ਮਾਨਤ ਜ਼ਬਤ ਹੋ ਕੇ ਅਖਬਾਰ ਬੰਦ ਹੋ ਗਿਆ ਜੋ ਅਜ ਤਕ ਮੁੜ ਨਾ ਨਿਕਲ ਸਕਿਆ।

ਮਾਰੇ ਗਏ ਹਾਂ ਰਾਹੀ ਮਾਰੇ ਗਏ ਹਾਂ ਰਾਹੀ
ਖਾਲੀ ਚਲੇ ਹਾਂ ਖਾਲੀ ਵੇਖੋ ਅਸੀਂ ਮੁਸਾਫਰ
ਖੱਫਨ ਨਾ ਲੈਣ ਦਿਤਾ ਡਾਹਢੀ ਇਹ ਮੌਤ ਕਾਫਰ
ਲਕੜ ਨਾ ਮੂਲ ਲੀਤੀ ਲੰਬੂ ਕਿਸੇ ਨਾ ਲਾਇਆ
ਟੋਟਾ ਭੀ ਗਿਠ ਭੋਂ ਦਾ ਵੰਡੇ ਨਹੀਂ ਹੈ ਆਇਆ
ਰੋਇਆ ਨਾ ਪਾਸ ਕੋਈ ਮਾਰੀ ਕਿਸੇ ਨਾ ਧਾਹੀ
ਮਾਰੇ ਗਏ ਹਾਂ ਲੋਕੋ ਮਾਰੇ ਗਏ ਹਾਂ ਰਾਹੀ

ਇਹ ਸੂਰਬੀਰ ਹਿੰਦੀਆਂ ਦੀ ਬਜ ਬਜ ਦੇ ਘਾਟ ਤੇ ਦਿਤੀ ਬਲੀ ਉਤੇ ਭਾਵੇਂ ਅੰਗਰੇਜ਼ ਸਰਕਾਰ ਨੇ ਬਥੇਰੀ ਸਵਾਹ ਪਾਉਣ ਦੀ ਕੋਸ਼ਸ਼ ਕੀਤੀ* ਪਰ ਇਹ ਕਿਸ ਤਰ੍ਹਾਂ ਹੋ ਸਕਦਾ ਸੀ ਖਾਸ ਕਰ ਜੋ ਇਸ ਬਲਦੀ ਭੱਠੀ ਦੇ ਵਿਚੋਂ ਨਿਕਲ ਕੇ ਗਏ ਸਨ ਉਹ ਕਿਸ ਤਰ੍ਹਾਂ ਇਸ ਨੂੰ ਭੁਲ ਸਕਦੇ ਸਨ। ਮਰਦ ਦੇ ਦਿਲ ਅੰਦਰੋਂ ਬਦਲੇ ਦੀ ਸਪਿਰਟ ਕਦੇ ਸ਼ਾਂਤ ਨਹੀਂ ਹੋ ਸਕਦੀ ਅਤੇ ਫਿਰ ਪੰਜਾਂ ਦਰਿਆਵਾਂ ਦੀ ਧਰਤੀ ਦੇ ਸੂਰਬੀਰ

---

*ਇਸ ਡਰ ਤੋਂ ਕਿ ਪੰਜਾਬ ਦੇ ਸਿਖ ਬਜ ਬਜ ਦੇ ਹਾਦਸੇ ਤੋਂ ਭੜਕ ਨਾ ਉਠਨ ਸਰਕਾਰ ਪੰਜਾਬ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਸਰਬਰਾਹ ਅਰੂੜ ਸਿੰਘ ਪਾਸੋਂ ਸਿਖਾਂ ਦੇ ਸ਼ਰੋਮਣੀ ਗੁਰ ਅਸਥਾਨ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਹ ਹੁਕਮ ਜਾਰੀ ਕਰਾਇਆ ਕਿ ਬਜ ਬਜ ਦੇ ਘਾਟ ਤੇ ਮਾਰੇ ਗਏ ਪੰਜਾਬੀ ਸਿਖ ਨਹੀਂ ਸਨ।



Digitized by Panjab Digital Library | www.panjabdigilib.org

ਜਿਨ੍ਹਾਂ ਨੂੰ ਗੁਰੂ ਕਲਗੀ ਵਾਲੇ ਨੇ ਸੁਰਜੀਤ ਕੀਤਾ ਹੋਵੇ ਇਸ ਸਾਕੇ ਨੂੰ ਕਿਸ ਤਰ੍ਹਾਂ ਭੁਲਾ ਸਕਦੇ ਸਨ ਇਨ੍ਹਾਂ ਨੇ ਆਪੋ ਆਪਣੀ ਘਰੀਂ ਪੁਜ ਅੰਗਰੇਜ਼ ਦੇ ਹਿੰਦ ਵਿਚੋਂ ਮਲੀਆ ਮੇਟ ਕਰ ਦੇਣ ਦੀ ਠਾਣ ਲਈ ਅਤੇ ਇਸਦੇ ਲਈ ਤਿਆਰੀ ਅਰੰਭ ਦਿਤੀ ਤਰਨਤਾਰਨ ਲਾਗੇ ਦਦੇਹਿਰ ਪਿੰਡ ਵਿਚ ਇਕ ਤਹਿਖਾਨਾ ਬਣਾਇਆ ਗਿਆ ਜੋ ਅਸਲ ਵਿਚ ਬੰਬ ਬਣਾਉਣ ਦੀ ਇਕ ਵਡੀ ਫੈਕਟਰੀ ਸੀ ਅਤੇ ਕਲਕਤੇ ਤੋਂ ਲੈ ਕੇ ਪਸ਼ੌਰ ਤਕ ਗੰਢ ਤਰੁਪ ਕਰਨਾ ਅਰੰਭਿਆ ਗਿਆ।

ਬਜ ਬਜ ਦੇ ਸਾਕੇ ਦੀ ਖਬਰ ਸਮੁੰਦਰਾਂ ਤੋਂ ਪਾਰ ਕੈਨੇਡਾ, ਅਮ੍ਰੀਕਾ ਵਿਚ ਬੈਠੇ ਉਹਨਾਂ ਸਿਖਾਂ ਤੀਕ ਪੁਜੀ ਜੋ ਕੋਮਾ ਗਾਟਾ ਮਾਰੂ ਨਾਲ ਕੈਨੇਡਾ ਦੀ ਅੰਗਰੇਜ਼ ਸਰਕਾਰ ਦੇ ਧਕੇ ਨੂੰ ਬਹੁਤ ਬੁਰਾ ਮਹਿਸੂਸ ਕਰਦੇ ਸਨ। ਬਜ ਬਜ ਦੀ ਇਸ ਖਬਰ ਨੇ ਅੰਗਰੇਜ਼ ਵਿਰੁਧ ਨਫਰਤ ਦੀ ਅਗਨੀ ਨੂੰ ਹੋਰ ਭੀ ਭੜਕਾ ਦਿਤਾ ਅਤੇ ਇਹਨਾਂ ਨੇ ਫੈਸਲਾ ਕੀਤਾ ਕਿ ਸਾਨੂੰ ਹੁਣ ਆਪਣੇ ਪੇਟ ਦੀ ਖਾਤਰ ਕੈਨੇਡਾ ਵਿਚ ਨਹੀਂ ਬੈਠ ਰਹਿਣਾ ਚਾਹੀਦਾ ਬਲਕਿ ਆਪਣੇ ਦੇਸ ਹਿੰਦੁਸਤਾਨ ਵਿਚ ਪੁਜਕੇ ਭਰਾਵਾਂ ਦੀ ਸਹਾਇਤਾ ਕਰਕੇ ਦੇਸ਼ ਨੂੰ ਆਜ਼ਾਦ ਕਰਾਣਾ ਚਾਹੀਦਾ ਹੈ ਅਤੇ ਅੰਗਰੇਜ਼ ਪਾਸੋਂ ਕੋਮਾ ਗਾਟਾ ਮਾਰੂ ਦੇ ਬਹਾਦਰਾਂ ਦੇ ਖ਼ੂਨ ਦਾ ਬਦਲਾ ਲੈਣਾ ਚਾਹੀਦਾ ਹੈ। ਬਸ ਤਿਆਰੀ ਅਰੰਭ ਗਈ ਅਤੇ ਦਿਨਾਂ ਵਿਚ ਹੀ 'ਤੋਸਾ ਮਾਰੂ' ਜਹਾਜ਼ ਕਨੇਡਾ ਤੋਂ ਇਨ੍ਹਾਂ ਕੌਮੀ ਪਰਵਾਨਿਆਂ ਨੂੰ ਲੈ ਕੇ ਹਿੰਦੁਸਤਾਨ ਨੂੰ ਤੁਰ ਪਿਆ ਇਹ ਸਾਰੇ ਅਮਨ ਅਮਾਨ ਆਪਣੇ ਦੇਸ਼ ਵਿਚ ਪੁਜੇ ਅਤੇ ਜਹਾਜ਼ੋਂ ਉਤਰ ਚੁਪ ਚਾਪ ਆਪੋ ਆਪਣੀ ਘਰੀਂ ਚਲੇ ਗਏ ਭਾਵੇਂ ਕੋਮਾਂ ਗਾਟਾ ਮਾਰੂ ਤੇ ਤੋਸਾ ਮਾਰੂ ਦੋ ਅਡੋ ਅਡ ਜਹਾਜ਼ਾਂ ਦੇ ਇਹ ਜਥੇ ਸਨ ਪਰ ਇਨ੍ਹਾਂ ਦਾ ਦਿਲ ਇਕ ਸੀ ਆਦਰਸ਼ ਇਕ ਤੇ ਵਿਉਂਤ ਇਕ ਇਨ੍ਹਾਂ ਸਾਰੇ ਹਿੰਦ ਭਰ ਵਿਚ ਆਪਣੀ ਸਕੀਮ ਵਿਉਂਤੀ ਅਤੇ ੨੧ ਫਰਵਰੀ ੧੯੧੫ ਦਾ ਦਿਨ ਮਿਥ ਦਿਤਾ ਜਿਸ ਦਿਨ ਦੇਸ਼ ਭਰ ਦੀਆਂ ਛਾਉਣੀਆਂ ਅਤੇ ਹੋਰ ਸ਼ਹਿਰਾਂ ਵਿਚ ਸਭ ਅੰਗਰੇਜ਼ ਅਫਸਰਾਂ ਨੂੰ ਮੌਤ ਦੇ ਘਾਟ



Digitized by Panjab Digital Library | www.panjabdigilib.org

ਉਤਾਰਿਆ ਜਾਣਾ ਸੀ। ਦਦੇਹਿਰ ਵਾਲੇ ਸਰਦਾਰਾਂ ਦੇ ਜ਼ੁਮੇਂ ਲਾਹੌਰ ਪਾਇਆ ਗਿਆ ਸੰਤ ਰਣਧੀਰ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ ਫੀਰੋਜ਼ਪੁਰ ਛਾਉਣੀ ਉਤੇ ਇਹ ਭਾਣਾ ਵਰਤੌਣਾ ਸੀ। ਇਸ ਤਰ੍ਹਾਂ ਪਰੋਗਰਾਮ ਮੁਕੰਮਲ ਹੋ ਚੁਕਾ ਸੀ।

ਲਾਹੌਰ ਸ਼ਹਿਰ ਮੋਚੀ ਦਰਵਾਜ਼ੇ ਦੇ ਅੰਦਰ ਇਕ ਕਮਰਾ ਕਰਾਏ ਲਿਆ ਗਿਆ ਸੀ ਜਿਥੇ ਕਿ ਦਦਹਿਰੀਆਂ ਦਾ ਇਕ ਆਦਮੀ ਪਹਿਲੇ ਤੋਂ ਰਹਿਨ ਲਗ ਗਿਆ ਸੀ ਨਿਯੁਤੀ ਤਾਰਖ ਤੋਂ ਥੋੜੇ ਦਿਨ ਪਹਿਲੇ ਸ: ਵਸਾਵਾ ਸਿੰਘ ਗੁਰਿਆਲੀ ਅਤੇ ਕਾਲਾ ਸਿੰਘ ਸੁਰ ਸਿੰਘ ਵਾਲੇ ਬੰਬਾਂ ਦੇ ਬਕਸ ਲੈ ਕੇ ਇਥੇ ਪੁਜ ਗਏ ਸਨ ਪਰੰਤੂ ਕਰਤਾਰ ਦੀ ਭਾਵੀ ਬੜੀ ਅਮੇਟ ਹੈ। ਦਦਹਿਰੀਆਂ ਦੇ ਜਥੇ ਵਿਚ ਇਕ ਕਿਰਪਾਲ ਸਿੰਘ ਨਾਮੀ ਆਦਮੀ ਸੀ ਜੋ ਮਾਧੋਕੇ ਬਰਾੜ ਜ਼ਿਲ' ਅੰਮ੍ਰਿਤਸਰ ਦਾ ਸੀ ਅਤੇ ਜਿਸ ਨੂੰ ਪਰੋਗਰਾਮ ਦੇ ਬਹੁਤ ਸਾਰੇ ਹਿਸੇ ਦਾ ਪਤਾ ਸੀ ਬਲਕਿ ਲਾਹੌਰ ਬੰਬ ਲੈ ਆਉਣ ਤੇ ਰਖਣ ਦੇ ਥਾਉਂ ਟਿਕਾਣੇ ਦਾ ਭੀ ਪਤਾ ਸੀ ਅਜੇ ਵਸਾਵਾ ਸਿੰਘ ਹੁਰਾਂ ਨੇ ਬਕਸ ਲਿਆ ਕੇ ਰਖਿਆ ਹੀ ਸੀ ਇਸ ਨੇ ਝਟ ਪੁਲਸ ਨੂੰ ਖਬਰ ਕਰ ਛਾਪਾ ਮਰਵਾਇਆ ਅਤੇ ਵਸਾਵਾ ਸਿੰਘ ਹੁਰਾਂ ਨੂੰ ਸਮੇਤ ਬੰਬਾਂ ਦੇ ਗਰਿਫਤਾਰ ਕਰਵਾ ਦਿਤਾ, ਉਸੇ ਦਿਨ ਭਾਈ ਰਣਧੀਰ ਸਿੰਘ ਫੀਰੋਜ਼ਪੁਰ ਛਾਉਣੀ ਗੁਰਦਵਾਰੇ ਤੋਂ ਫੜ ਲੈ ਗਏ ਅਤੇ ਹੋਰ ਵੀ ਬਹੁਤ ਥਾਈਂ ਆਦਮੀ ਪਕੜੇ ਗਏ ਅਤੇ ਇਸ ਤਰ੍ਹਾਂ ਬਜ ਬਜ ਦੇ ਸ਼ਹੀਦਾਂ ਦੇ ਖੂਨ ਪਿਛੋਂ ਦੇਸ਼ ਆਜ਼ਾਦੀ ਲਈ ਪੰਜਾਬੀ ਸਰਦਾਰਾਂ ਦਾ ਇਹ ਦੂਜਾ ਹੰਭਲਾ ਭੀ ਸਫਲਤਾ ਪਰਾਪਤ ਨਾ ਕਰ ਸਕਿਆ।

ਅੰਗਰੇਜ਼ ਸਰਕਾਰ ਪਹਿਲੇ ਤੋਂ ਹੀ ਕਾਫੀ ਚੌਕੰਨੀ ਸੀ, ਪਰ ਇਸ ਵਾਕਿਆ ਨੇ ਇਸ ਨੂੰ ਹੋਰ ਹੁਸ਼ਿਆਰ ਕਰ ਦਿਤਾ ਅਤੇ ਕੋਮਾ ਗਾਟਾ ਮਾਰੂ ਤੇ ਤੋਸਾ ਮਾਰੂ ਦੇ ਬਹਾਦਰਾਂ ਉਤੇ ਸਖਤੀ ਦਾ ਦੌਰ ਨਵੇਂ ਸਿਰੋਂ ਅਰੰਭ ਹੋ ਗਿਆ। ਜੋ ਆਦਮੀ ਫੜੇ ਗਏ ਸਨ ਉਹਨਾਂ ਵਿਚੋਂ ੭੫ ਆਦਮੀਆਂ ਨੂੰ ਫਾਂਸੀ ਦੀ ਸਜ਼ਾ ਹੋਈ ਇਹ ਪੰਜਾਬ ਦੀਆਂ



Digitized by Panjab Digital Library | www.panjabdigilib.org

ਵਖੋ ਵਖ ਜੇਹਲਾਂ ਵਿਚ ਬੰਦ ਸਨ ਇਹਨਾਂ ਜੇਹਲਾਂ ਵਿਚ ਇਤਨਾ ਪਰਬੰਧ ਨਹੀਂ ਸੀ ਕਿ ਇਕੋ ਵਾਰ ੭੫ ਆਦਮੀਆਂ ਨੂੰ ਫਾਂਸੀ ਲਟਕਾ ਦਿਤਾ ਜਾਵੇ ਚੁਨਾਚਿ ਜਿਥੇ ਜੇਹਲਾਂ ਵਿਚ ਇਕ ਇਕ ਫਾਂਸੀ ਦਾ ਤਖਤਾ ਸੀ ਉਥੇ ਉਥੇ ਉਚੇਚੇ ਹੁਕਮ ਨਾਲ ਤਿੰਨ ਤਿੰ-ਤਖਤੇ ਹੋਰ ਤਿਆਰ ਕੀਤੇ ਗਏ।

ਇਸ ਸਮੇਂ ਵਿਚ ਕੰਵਰ ਹਰਨਾਮ ਸਿੰਘ ਕਪੂਰਥਲੇ ਨੇ ਹਿੰਦੁਸਤਾਨ ਦੇ ਗਵਰਨਰ ਜਨਰਲ ਨਾਲ ਮੁਲਾਕਾਤ ਕੀਤੀ ਅਤੇ ਉਸਨੂੰ ਸਮਝਾਇਆ ਕਿ ੭੫ ਆਦਮੀਆਂ ਨੂੰ ਇਸ ਤਰ੍ਹਾਂ ਫਾਂਸੀ ਲਟਕਾ ਦੇਣਾ ਵਡਾ ਅਨਰਥ ਹੋਵੇਗਾ ਤੇ ਅੰਗਰੇਜ਼ ਦੁਨੀਆ ਦੀਆਂ ਤਾਕਤਾਂ ਅਗੇ ਮੂੰਹ ਨਹੀਂ ਦੇ ਸਕੇਗਾ। ਗਵਰਨਰ ਜਨਰਲ ਨੇ ਇਸ ਗਲ ਨੂੰ ਵਜਨ ਦੇਂਦੇ ਹੋਇਆਂ ਕੇਵਲ ੨੫ ਆਦਮੀਆਂ ਨੂੰ ਫਾਂਸੀ ਦਿਤੇ ਜਾਣ ਦਾ ਹੁਕਮ ਕਾਇਮ ਰਖਿਆ ਤੇ ਬਾਕੀ ਦੀ ਫਾਂਸੀ ਤੋੜਕੇ ਉਮਰ ਕੈਦ ਤੇ ਹੋਰ ਸਜਾਵਾਂ ਦੇ ਦਿਤੀਆਂ, ਇਹ ੨੫ ਆਦਮੀ ਫਾਂਸੀ ਲਟਕਾ ਦਿਤੇ ਗਏ ਇਹਨਾਂ ਵਿਚ ਤੋਸਾ ਮਾਰੂ ਜਹਾਜ਼ ਦਾ ਉਹ ਬਹਾਦਰ ਸ: ਕਰਤਾਰ ਸਿੰਘ ਸਰਾਹਬਾ ਲੁਧਿਆਨਵੀ ਸੀ ਜੋ ਕੈਨੇਡਾ ਤੋਂ ਉਚੇਚਾ ਹਿੰਦ ਦੀ ਆਜ਼ਾਦੀ ਦਾ ਆਦਰਸ਼ ਲੈ ਕੇ ਤੁਰਿਆ ਸੀ।

ਇਨ੍ਹਾਂ ਫਾਂਸੀਆਂ ਅਤੇ ਕਾਲੇ ਪਾਣੀਆਂ ਦਾ ਜੋ ਪ੍ਰਭਾਵ ਪੰਜਾਬੀ ਅਤੇ ਖਾਸ ਕਰ ਸਿਖ ਮਨਾਂ ਤੇ ਪਿਆ ਉਸ ਦਾ ਅੰਦਾਜ਼ਾ ਅਸੀਂ ਆਜ਼ਾਦ ਭਾਰਤ ਵਿਚ ਵਿਚਰਨ ਵਾਲੇ ਪੂਰੀ ਤਰ੍ਹਾਂ ਨਹੀਂ ਕਰ ਸਕਦੇ ਇਹ ਉਹ ਸਮਾਂ ਸੀ ਜਦੋਂ ਅਜੇਹੀਆਂ ਘਟਨਾਵਾਂ ਦਾ ਅਖਬਾਰਾਂ ਵਿਚ ਪ੍ਰਕਾਸ਼ਤ ਕਰਨਾ ਤਾਂ ਕੀ, ਆਪਣੇ ਘਰੀਂ ਬੈਠ ਕੇ ਚਾਹ ਪਾਣੀ ਤੇ ਇਹਨਾਂ ਦਾ ਜ਼ਿਕਰ ਭੀ ਮਨਾਂ ਅੰਦਰ ਦਹਿਸ਼ਤ ਪੈਦਾ ਕਰਦਾ ਸੀ। ਬਦੇਸੀ ਸਰਕਾਰ ਦਾ ਖੁਫ਼ੀਆ ਜਾਲ ਇਤਨਾ ਸੰਘਣਾ ਤਣਿਆ ਹੋਇਆ ਸੀ ਕਿ ਕੋਈ ਜਥੇਬੰਦੀ ਦਾਹਵਾ ਨਹੀਂ ਬੰਨ ਸਕਦੀ ਸੀ ਕਿ ਉਸ ਦੇ ਕਿਤਨੇ ਤੇ ਕੇਹੜੇ ਅਹੁਦੇਦਾਰ ਸਰਕਾਰੋਂ ਤਨਖਾਹ ਨਹੀਂ ਪਾਂਦੇ ਪਰ ਦੇਸ਼ ਹਿਤ ਕੀਤੀਆਂ ਕੁਰਬਾਨੀਆਂ ਕਦੀ ਵਿਅਰਥ ਨਹੀਂ ਜਾਂਦੀਆਂ ਅਤੇ ਇਸ ਵੇਦੀ ਤੇ ਦਿਤੀ



Digitized by Panjab Digital Library | www.panjabdigilib.org

ਬਲੀ ਕਦੀ ਨਾ ਕਦੀ ਆਪਣਾ ਫਲ ਜ਼ਰੂਰ ਲੈ ਆਉਂਦੀ ਹੈ। ਸਾਡੇ ਬਹਾਦਰਾਂ ਦਾ ਖੂਨ ਤਾਂ ਇਤਨਾ ਗਰਮ ਤੇ ਭੜਕਾਊ ਨਿਕਲਿਆ ਕਿ ਭਾਵੇਂ ਸਰਕਾਰ ਵਲੋਂ ਇਸ ਨੂੰ ਯਖ ਕਰਨ ਦੇ ਬੇਓੜਕ ਯਤਨ ਕੀਤੇ ਗਏ ਪਰ ਇਹ ਬਹੁਤ ਛੇਤੀ ਪਾਣੀ ਵਤ ਪਿਗਲ ਕੇ ਦੇਸ ਵਾਸੀਆਂ ਦੀ ਰਗ ਰਗ ਵਿਚ ਧਸ ਗਿਆ ਅਤੇ ਚਾਰ ਸਾਲ ਦੇ ਅੰਦਰ ਅੰਦਰ ਹੀ ਇਹਨਾਂ ਨੂੰ ਆਜ਼ਾਦੀ ਵਾਸਤੇ ਅਗਲੇਰੇ ਹੱਲੇ ਲਈ ਤਿਆਰ ਕਰ ਗਿਆ ਜਿਸ ਨੇ ਸੰਨ ੧੯੧੯ ਵਿਚ ਹੀ ਸੰਸਾਰ ਭਰ ਨੂੰ ਦਸ ਦਿਤਾ ਕਿ ਪੰਜਾਬੀ ਆਜ਼ਾਦੀ ਦੀ ਕਿਤਨੀ ਕੁ ਕੀਮਤ ਤਾਰ ਸਕਦੇ ਹਨ।

ਪਰੰਤੂ ਇਸ ਤੋਂ ਪਹਿਲੋਂ ਕਿ ਅਸੀਂ ਪਾਠਕਾਂ ਨੂੰ ੧੯੧੯ ਦੇ ਖੂਨੀ ਸਾਲ ਦਾ ਦ੍ਰਿਸ਼ ਵਿਖਾਈਏ ਅਸੀਂ ਉਹਨਾਂ ਨੂੰ ਕੁਝ ਸਮਾਂ ਪਿਛਾਹਾਂ ਲੈ ਜਾ ਕੇ ਆਪਣੇ ਅਕਾਲੀ ਜਰਨੈਲ ਜੀ ਨਾਲ ਮੁਢਲੀ ਮੁਲਾਕਾਤ ਕਰਾਉਣਾ ਜ਼ਰੂਰੀ ਸਮਝਦੇ ਹਾਂ ਤਾਂ ਕਿ ਅਸੀਂ ੧੯੧੯ ਦਾ ਦ੍ਰਿਸ਼ ਭੀ ਉਹਨਾਂ ਨੂੰ ਨਾਲ ਲੈ ਕੇ ਹੀ ਵੇਖੀਏ।



Digitized by Panjab Digital Library | www.panjabdigilib.org

# ੩

ਦੇਸ਼ ਅਤੇ ਗੁਰਦਵਾਰਿਆਂ ਦੀ ਆਜ਼ਾਦੀ ਦਾ ਇਤਿਹਾਸ ਝੱਬਰ ਜੀ ਦੇ ਜ਼ਿਕਰ ਤੋਂ ਬਿਨਾਂ ਅਧੂਰਾ ਤੇ ਨਾਮੁਕੰਮਲ ਰਹਿ ਜਾਂਦਾ ਹੈ ਸੁਤੰਤਰਤਾ ਦੇ ਹਵਨ ਕੁੰਡ ਵਿਚ ਜੋ ਆਹੂਤੀ ਪਾਈ ਗਈ ਉਸ ਵਿਚ ਆਪਣੇ ਸਮੇਂ ਅੰਦਰ ਭਾਈ ਕਰਤਾਰ ਸਿੰਘ ਝੱਬਰ ਜੀ ਦਾ ਕਾਫੀ ਹਿਸਾ ਹੈ ਬਲਕਿ ਇਹ ਕਹਿਣ ਵਿਚ ਕੋਈ ਮੁਬਾਲਗਾ ਨਹੀਂ ਹੋਵੇਗਾ ਕਿ ਜਿਸ ਦਿਨ ਤੋਂ ਝੱਬਰ ਜੀ ਇਸ ਲਹਿਰ ਵਿਚ ਸ਼ਾਮਲ ਹੋਏ ਉਸ ਦਿਨ ਤੋਂ ਲੈ ਕੇ ਭਾਰਤ ਅਤੇ ਗੁਰਦਵਾਰੇ ਆਜ਼ਾਦ ਹੋਣ ਤਕ ਉਹਨਾਂ ਦਾ ਸਮੁਚਾ ਜੀਵਨ ਹੀ ਲਹਿਰ ਰੂਪ ਹੋ ਗਿਆ ਸੀ ਇਸ ਸਮੇਂ ਦੀ ਉਹਨਾਂ ਦੀ ਹਰ ਗੱਲ ਤੇ ਹਰ ਫੇਹਲ ਵਿਚ ਇਕ ਲਗਨ ਸੀ ਸੌਂਦਿਆਂ ਉਠਦਿਆਂ ਖਾਂਦਿਆਂ ਪੀਂਦਿਆਂ ਉਹਨਾਂ ਨੂੰ ਇਹ ਧੁਨ ਲਗੀ ਰਹਿੰਦੀ ਸੀ ਕਿ ਇਸ ਜੰਗ ਵਿਚ ਜਿਸ ਦੇ ਉਹ ਆਪਣੇ ਆਪ ਨੂੰ ਖਰੀਦੇ ਗਏ ਸਿਪਾਹੀ ਸਮਝਦੇ ਸਨ ਫਤਿਹ ਕਿਸ ਤਰ੍ਹਾਂ ਹੋਵੇ। ਕੋਈ ਦੁਖ ਸੁਖ ਜਾਂ ਪੀੜਾ ਇਸ ਤੋਂ ਉਹਨਾਂ ਨੂੰ ਮੋੜ ਨਹੀਂ ਸਕਦੀ ਸੀ ਇਹ ਉਨ੍ਹਾਂ ਦੀ ਦ੍ਰਿੜ੍ਹਤਾ ਤੇ ਲੀਡਰਸ਼ਿਪ ਦਾ ਗੁਣ ਸੀ ਜਿਸ ਕਰਕੇ ਅਸੀਂ ਉਨ੍ਹਾਂ ਨੂੰ ਇਸ ਸਮੇਂ ਦਾ ਅਕਾਲੀ ਜਰਨੈਲ ਕਹਿਣ ਵਿਚ ਕੋਈ ਹਿਚਕਚਾਹਟ ਨਹੀਂ ਰਖਦੇ।

ਇਹ ਜਾਨਣ ਲਈ ਕਿ ਇਸ ਘਮਸਾਨ ਦੇ ਸ਼ਹੁ ਸਾਗਰ ਵਿਚ ਉਹ ਕਦੋਂ ਤੇ ਕਿਸ ਤਰ੍ਹਾਂ ਕੁਦੇ ਉਹਨਾਂ ਦੀ ਪਹਿਲੀ ਅਵਸਥਾ ਦਾ ਥੋੜਾ ਜੇਹਾ ਵਾਕਫ ਹੋਣਾ ਜ਼ਰੂਰੀ ਹੈ।

ਇਹਨਾਂ ਦਾ ਜਨਮ ਪਿੰਡ ਝੱਬਰ ਜ਼ਿਲਾ ਸ਼ੇਖੂਪੁਰਾ ਦੇ ਵਿਰਕ ਖਾਨਦਾਨ ਵਿਚ ਮਹੀਨਾ ਮਾਘ ਸੰਮਤ ੧੯੩੦ ਮੁਤਾਬਿਕ ੧੮੭੪ ਈਸਵੀ ਨੂੰ ਹੋਇਆ। ਭਾਈ ਕਰਤਾਰ ਸਿੰਘ ਉਸ ਸ੍ਰ: ਮੰਗਲ ਸਿੰਘ ਦਾ



Digitized by Panjab Digital Library | www.panjabdigilib.org

ਪੋਤਾ ਸੀ ਜਿਸ ਨੂੰ ਝੱਬਰਾਂ ਨਾਲ ਸੁਲਾਹ ਹੋ ਜਾਣ ਅਤੇ ਇਹਨਾਂ ਦੇ *ਸਰਕਾਰ ਸ਼ੇਰੇ ਪੰਜਾਬ ਦੀ ਰਿਆਇਆ ਬਣ ਜਾਣ ਸਮੇਂ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਫੌਜ ਦਾ ਕੁਮੇਦਾਨ ਭਰਤੀ ਕਰਕੇ †ਬਾਬੇ ਝਬਰਾਂ ਵਾਲਿਆਂ ਨਾਲ ਪਕੀ ਸਾਂਝ ਪਾਈ ਸੀ। ਭਾਈ ਕਰਤਾਰ ਸਿੰਘ ਦੀ ਪਹਿਲੀ ਅਵਸਥਾ ਆਮ ਪੇਂਡੂ ਜ਼ਿਮੀਂਦਾਰ ਘਰਾਂ ਵਿਚ ਪੈਦਾ ਹੋਏ ਉਹਨਾਂ ਮਨਚਲੇ ਨੌਜਵਾਨਾਂ ਵਾਲੀ ਹੀ ਸੀ ਜਿਨ੍ਹਾਂ ਲਈ ਮਹੀਆਂ ਦੇ ਛੇੜ ਸਾਂਭਣ ਤੇ ਇਹਨਾਂ ਦਾ ਦੁਧ ਮਖਨ ਖਾਣ ਪੀਣ, ਹਿੱਕਾਂ ਅਤੇ ਡੌਲੇ ਮਾਪਨ ਅਤੇ ਡਾਂਗ ਵਾਹੁਣ ਤੋਂ ਚੰਗੇਰਾ ਕੋਈ ਕੰਮ ਨਹੀਂ ਹੁੰਦਾ।

ਇਹਨਾਂ ਦੀ ਡੀਲ ਡੌਲ, ਰੰਗ ਢੰਗ ਤੇ ਰਹਿਣੀ ਬਹਿਣੀ ਸ਼ੁਰੂ ਤੋਂ ਹੀ ਮਰਦਊਪੁਣੇ ਵਾਲੀ ਸੀ ਸਰੀਰ ਭੀ ਚੰਗਾ ਸੁਨੱਖਾ ਤੇ ਰੋਹਬ ਵਾਲਾ ਸੀ ਤੇ ਜਵਾਨੀ ਦਾ ਰਗ ਰਗ ਵਿਚ ਖਉਲਦਾ ਖ਼ੂਨ ਕਿਸੇ ਅਣਖੀਲੇ ਜੀਵਨ ਦੀ ਝਲਕ ਦੇਂਦਾ ਸੀ। ਕੁਦਰਤ ਨੇ ਬੋਲ ਵੀ ਵੈਸਾ ਹੀ ਦਿਤਾ ਸੀ ਜੇਹੇ ਜਿਹਾ ਸਰੀਰ ਤੇ ਦਿਲ ਸੀ, ਡਰ ਭੈ ਵਾਲੀ ਤਾਂ ਇਥੇ ਉਕਾ ਹੀ ਕੋਈ ਗਲ ਨਹੀਂ ਸੀ। ਜਵਾਨ ਉਮਰ ਤਕ ਸਾਧਾਰਨ ਪੇਂਡੂ ਲਿਬਾਸ ਲੱਕ ਚਾਦਰ ਗਲ ਕੁੜਤਾ ਤੇ ਸਿਰ ਤੇ ਪਗ ਅਤੇ ਹਥ ਵਿਚ ਚੰਗੀ ਸੰਮਾਂ ਵਾਲੀ ਭਾਰੀ ਡਾਂਗ ਰਖਣੀ ਬੈਠਕ ਆਪਣੀ ਉਮਰ ਦੇ ਹਮਜੋਲੀ ਨੌਜਵਾਨਾਂ ਨਾਲ ਰਖਣੀ ਸ਼ੋਹਦੀ ਗਲ ਨਾ ਕਦੀ ਆਪ ਕਰਨੀ ਤੇ ਨਾ ਕਿਸੇ ਨੂੰ ਕਰਨ ਦੇਣੀ ਕਿਸੇ ਦੀ ਧਊਂਸ ਨਹੀਂ ਮੰਨਣੀ।

ਇਸੇ ਅਵਸਥਾ ਵਿਚ ਇਹਨਾਂ ਦੀ ਪਹਿਲੀ ਮੁਲਾਕਾਤ ਭਾਈ ਮੂਲ ਸਿੰਘ ਗਰਮੂਲਾ ਨਾਲ ਸੰਨ ੧੯੦੪ ਵਿਚ ਹੋਈ ਜਦੋਂ ਇਹਨਾਂ ਆਪਣੀ ਡਾਂਗੂ ਪਾਰਟੀ ਸਮੇਤ ਭਾਈ ਮੂਲ ਸਿੰਘ ਦਾ ਲੈਕਚਰ ਵਰਨ ਪਿੰਡ ਵਿਖੇ

---

*ਸ਼ੇਰੇ ਪੰਜਾਬ ਤੋਂ ਪਹਿਲੋਂ ਸ੍ਹ: ਮਹਾਂ ਸਿੰਘ ਨੇ ਦੋ ਵੇਰ ਝਬਰਾਂ ਉਤੇ ਹਮਲਾ ਕੀਤਾ ਤੇ ਹਾਰ ਖਾ ਗਿਆ ਸੀ। ਸ਼ੇਰੇ ਪੰਜਾਬ ਨੇ ਸਿਆਣਪ ਤੋਂ ਕੰਮ ਲੈਂਦੇ ਹੋਏ ਸੁਲਹ ਨੂੰ ਚੰਗਾ ਜਾਣਿਆ ਤੇ ਸੁਲਹ ਹੋ ਗਈ।

†ਵਿਰਕੈਤ ਵਿਚ ਝਬਰਾਂ ਦੇ ਵਿਰਕਾਂ ਨੂੰ ਵਡੇ ਬਾਬੇ ਦੀ ਮੂੰਹੀ ਵਿਚੋਂ ਹੋਣ ਕਰ ਕੇ 'ਬਾਬੇ ਝਬਰਾਂ ਵਾਲੇ' ਕਰ ਕੇ ਲਿਖਿਆ ਜਾਂਦਾ ਸੀ।




Digitized by Panjab Digital Library | www.panjabdigilib.org

ਸੁਣਿਆ ਭਾਈ ਮੂਲ ਸਿੰਘ ਦੇ ਲੈਕਚਰ ਨੇ ਅਜੇਹੀ ਜਾਗ ਲਾਈ ਕਿ ਜਿਥੇ ਕਿਧਰੇ ਭੀ ਉਹਨਾਂ ਦੇ ਲੈਕਚਰ ਦੀ ਸੋ ਪਵੇ ਇਹ ਆਪਣੀ ਪਾਰਟੀ ਸਮੇਤ ਉਥੇ ਪੁਜ ਜਾਇਆ ਕਰਨ। ਇਹੋ ਸਮਾਂ ਸੀ ਜਦੋਂ ਪਹਿਲੇ ਪਹਿਲ ਸ਼ੁਧੀ ਦਾ ਪਰਚਾਰ ਅਰੰਭ ਹੋਇਆ ਅਜੇਹੇ ਪ੍ਰਚਾਰ ਵਿਚ ਆਮ ਤੌਰ ਗੜ ਬੜ ਹੋ ਜਾਂਦੀ ਸੀ ਕਈ ਵੇਰ ਸ਼ੁਧੀ ਦੇ ਪ੍ਰਚਾਰ ਦੇ ਵਿਰੋਧੀ ਲੋਕ ਡਾਂਗ ਸੋਟੇ ਤੇ ਭੀ ਉਤਰ ਆਉਂਦੇ ਅਜੇਹੇ ਸਮੇਂ ਕਰਤਾਰ ਸਿੰਘ ਝਬਰ ਵਰਗੇ ਡਾਂਗੂ ਜਵਾਨਾਂ ਦੀ ਭੀ ਲੋੜ ਪੈ ਜਾਂਦੀ। ਜਿਵੇਂ ੨ ਝੱਬਰ ਦੀ ਭਾਈ ਮੂਲ ਸਿੰਘ ਤੇ ਸ਼ਰਧਾ ਵਧਦੀ ਗਈ ਭਾਈ ਮੂਲ ਸਿੰਘ ਨੂੰ ਭੀ ਇਹਨਾਂ ਵਿਚ ਕੁਝ ਕਣੀ ਪ੍ਰਤੀਤ ਹੋਣ ਲਗੀ। ਭਾਵੇਂ ੧੯੦੪ ਦੀ ਨਿਮਾਣੀ ਦੇ ਨਨਕਾਣਾ ਸਾਹਿਬ ਦੇ ਮੇਲੇ ਸਮੇਂ ਭਾਈ ਮੂਲ ਸਿੰਘ ਨੇ ਝੱਬਰ ਨੂੰ ਅੰਮ੍ਰਿਤ ਅਭਿਲਾਸ਼ੀਆਂ ਦੀ ਕਤਾਰ ਵਿਚੋਂ ਇਹ ਕਹਿ ਕੇ ਕਢ ਦਿਤਾ ਸੀ ਕਿ "ਤੂੰ ਬੜਾ ਅੜਬੰਗ ਜੇਹਾ ਜਾਪਦਾ ਏ" ਅਤੇ ਫਿਰ ਝੱਬਰ ਦੇ ਜ਼ੋਰ ਪਾਣ ਤੇ ਅੰਮ੍ਰਿਤ ਛਕਾ ਦਿਤਾ ਸੀ ਪਰ ਭਾਈ ਜੀ ਦੇ ਦਿਲ ਵਿਚ ਝਬਰ ਦੀ ਦ੍ਰਿੜਤਾ ਤੇ ਤੀਖਣਤਾ ਘਰ ਕਰ ਗਈ ਸੀ ਤੇ ਤਦੋਂ ਤੋਂ ਝੱਬਰ ਭਾਈ ਮੂਲ ਸਿੰਘ ਦਾ ਸਾਥੀ ਬਣ ਗਿਆ ਸੀ। ਇਕ ਦੋ ਵੇਰ ਝੱਬਰ ਦੇ ਖੜਕੇ ਦੜਕੇ ਵਾਲੇ ਸੁਭਾ ਕਰਕੇ ਹੀ ਦੀਵਾਨ ਵਿਚ ਲੜਾਈ ਪੈ ਜਾਣ ਲਗੀ ਤਾਂ ਭਾਈ ਮੂਲ ਸਿੰਘ ਨੇ ਝਬਰ ਤੋਂ ਪ੍ਰਣ ਲਿਆ ਕਿ ਭਾਵੇਂ ਕੁਝ ਹੋ ਜਾਵੇ ਤੂੰ ਕਿਸੇ ਝਗੜੇ ਵਾਲੀ ਥਾਂ ਤੇ ਬੋਲਣਾ ਨਹੀਂ ਹੋਵੇਗਾ।

ਇਸ ਤੋਂ ਕੁਝ ਚਿਰ ਪਿਛੋਂ ੧੦ ਅਸੂ ਸੰਨ ੧੯੦੪ ਨੂੰ ਕੋਟਲੀ ਦਾਸੂ ਸਿੰਘ ਜ਼ਿਲਾ ਸਿਆਲਕੋਟ ਵਿਚ ਸ਼ੁਧੀ ਸੰਬੰਧੀ ਸੰਤ ਸੂਰਜ ਸਿੰਘ ਪ੍ਰਚਾਰਕ ਦੇ ਉਦਮ ਨਾਲ ਇਕ ਭਾਰੀ ਦੀਵਾਨ ਹੋਇਆ ਜਿਸ ਵਿਚ ਉਸ ਸਮੇਂ ਦੇ ਗੁਰਮਤ ਪ੍ਰਚਾਰ ਦੇ ਮੁਖੀ ਭਾਈ ਲਾਲ ਸਿੰਘ ਗੁਜਰਾਂਵਾਲਾ, ਸ੍ਰ: ਤੀਰਥ ਸਿੰਘ ਘਰਜਾਖੀਏ, ਭਾਈ ਤਖਤ ਸਿੰਘ ਫੀਰੋਜਪੁਰ ਤੇ ਭਾ: ਗੰਗਾ ਸਿੰਘ ਪ੍ਰਚਾਰਕ ਆਦਿ ਭੀ ਪੁਜੇ ਹੋਏ ਸਨ। ਇਥੇ ਸ੍ਰ: ਗੰਡਾ ਸਿੰਘ ਦੀ ਮੁਸਲਮਾਨ ਔਰਤ ਵਿਚੋਂ ਹੋਈ ਉਲਾਦ ਨੂੰ ਸ਼ੁਧ ਕਰਨ ਅਤੇ ਅੰਮ੍ਰਿਤ ਛਕਾਉਣ ਹਿਤ



Digitized by Panjab Digital Library | www.panjabdigilib.org



ਭਾਈ ਮੂਲ ਸਿੰਘ ਗਰਮੂਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਇਹ ਦੀਵਾਨ ਰਖਿਆ ਗਿਆ ਸੀ। ਭਾਈ ਮੂਲ ਸਿੰਘ ਹੋਰੀਂ ਸਟੇਜ ਤੇ ਬੋਲ਼ ਰਹੇ ਸਨ ਕਿ ਇਕ ਵੰਨਿਉਂ ੫੦–੬੦ ਮੁਸਲਮਾਨਾਂ ਅਤੇ ਸਿਖਾਂ ਨੇ ਦੀਵਾਨ ਤੇ ਹੱਲਾ ਬੋਲ ਦਿਤਾ ਸੰਗਤ ਵਿਚੋਂ ਚੰਗੇ ੨ ਮੁਖੀ ਸਿਖਾਂ ਨੂੰ ਕਾਫੀ ਸੱਟਾਂ ਲਗੀਆਂ ਤੇ ਮੁਸਲਮਾਨ ਇਹ ਕਹਿੰਦੇ ਹੋਏ "ਫੜ ਲਉ ਇਸ ਲੰਮੀ ਦਾੜੀ ਵਾਲੇ ਨੂੰ' ਭਾਈ ਮੂਲ ਸਿੰਘ ਵਲ ਨੂੰ ਵਧੇ। ਇਸ ਸਮੇਂ ਝਬਰ ਸਟੇਜ ਦੇ ਨੇੜੇ ਹੀ ਖਲੋਤਾ ਸੀ ਕਿਉਂਕਿ ਇਸ ਦੀ ਜ਼ਬਾਨ ਬੰਦੀ ਸੀ। ਜਦੋਂ ਮੁਸਲਮਾਨ ਭਾਈ ਜੀ ਵੱਲ ਨੂੰ ਹੋਏ ਤਾਂ ਝਬਰ ਨੇ ਕਿਹਾ 'ਲਉ ਭਾਈ ਜੀ ਹੁਣ ਆਈ ਜੇ ਵਾਰੀ' ਤਾਂ ਭਾਈ ਮੂਲ ਸਿੰਘ ਨੇ ਕਿਹਾ 'ਹੁਣ ਕੇਹੜੇ ਵੇਲੇ ਨੂੰ ਉਡੀਕਦੇ ਓ' ਬਸ ਇਹ ਸੁਨਣ ਦੀ ਦੇਰ ਸੀ ਕਿ ਝੱਬਰ ਨੇ ਆਪਣੇ ਪਾਸ ਖਲੋਤੇ ਇਕ ਸਿਖ ਪਾਸੋਂ ਡਾਂਗ ਲਈ ਤੇ ਮਿੰਟਾਂ ਸਕਿੰਟਾਂ ਵਿਚ ਅਠਾਰਾਂ ਆਦਮੀ ਰੋੜ ਦਿਤੇ। ਡਾਂਗ ਵਰ੍ਹਦੀ ਵੇਖ ਇਹ ਸਾਰੇ ਭਜ ਨਿਕਲੇ ਤੇ ਇਸ ਤਰ੍ਹਾਂ ਲੜਾਈ ਖਤਮ ਹੋਈ ਇਹ ਸਾਰਾ ਹਾਲ ਸ: ਤੀਰਥ ਸਿੰਘ ਘਰਜਾਖੀਏ ਨੇ ਆਪਣੀ ਅਖੀਂ ਡਿਠਾ ਸੀ ਤੇ ਉਸ ਦੇ ਦਿਲ ਵਿਚ ਝਬਰ ਵਾਸਤੇ ਪਿਆਰ ਤੇ ਸਤਿਕਾਰ ਪੈਦਾ ਹੋ ਗਿਆ ਸੀ।

ਇਸੇ ਸਾਲ ਨਨਕਾਣਾ ਸਾਹਿਬ ਦੇ ਮੇਲੇ ਸਮੇਂ ਸ: ਤੀਰਥ ਸਿੰਘ ਨੇ ਭਾਈ ਲਛਮਣ ਸਿੰਘ ਜੀ ਸ਼ਹੀਦ ਰਾਹੀਂ ਝਬਰ ਨੂੰ ਆਪਣੇ ਪਾਸ ਗੁਜਰਾਂ-ਵਾਲੇ ਬਲਾਇਆ ਤੇ ਘਰਜਾਖ ਵਿਦਿਆਲੇ ਵਿਖੇ ਗੁਰਮਤ ਵਿਦਿਆ ਹਸਲ ਕਰਨ ਹਿਤ ਦਾਖਲ ਹੋ ਜਾਣ ਲਈ ਪਰੇਰਨਾ ਕੀਤੀ। ਚੁਨਾਂਚਿ ਝਬਰ ਜੀ ੧੯੦੬ ਵਿਚ ਘਰਜਾਖ ਵਿਦਿਆਲੇ ਵਿਖੇ ਦਾਖਲ ਹੋ ਗਏ ਅਤੇ ੧੯੦੯ ਤਕ ਤਿੰਨ ਸਾਲ ਦਰਿੜ੍ਹ ਵਿਸ਼ਵਾਸ਼ ਨਾਲ਼ ਵਿਦਿਆ ਪ੍ਰਾਪਤ ਕੀਤੀ ਉਪਰੰਤ ਇਹ ਗੁਰੂ ਘਰ ਦੇ ਪਰਚਾਰਕ ਦੇ ਰੂਪ ਵਿਚ ਪਹਿਲੋਂ ਪਹਿਲ ਪਬਲਿਕ ਜੀਵਨ ਵਿਚ ਆਏ। ੧੯੧੦ ਵਿਚ ਸ: ਲਾਲ ਸਿੰਘ ਲਾਹੌਰ ਵਾਲਿਆਂ ਦੀ ਪਰੇਰਣਾ ਤੇ ਲਾਹੌਰ ਵਿਖੇ ਰਿਹਾਇਸ਼ ਅਖਤਿਆਰ ਕਰ ਕੇ ਗੁਰਮਤ ਪਰਚਾਰ ਦਾ ਕੰਮ ਅਰੰਭ ਦਿਤਾ।

ਇਕ ਦਿਨ ਲਾਹੌਰੋਂ ਗਡੀ ਚੜ੍ਹ ਕਾਹਨੇ ਸਟੇਸ਼ਨ ਤੇ ਜਾ ਉਤਰੇ ਅਤੇ



Digitized by Panjab Digital Library | www.panjabdigilib.org

ਉਥੋਂ ਮਾਧੋਕੇ ਸ਼ਾਮ ਦੇ ੪ ਵਜੇ ਜਾ ਪੁਜੇ ਪਿੰਡ ਦੇ ਚੌਕ ਵਿਚ ਅਠਾਰਾਂ ਵੀਹ ਸਿਖ ਮੁੰਡੇ ਬੈਠੇ ਸੀ ਏਥੇ ਹੀ ਖੜੇ ਹੋ ਕੇ ਲੈਕਚਰ ਸ਼ੁਰੂ ਕਰ ਦਿਤਾ, ੧੫ ੨੦ ਮਿੰਟ ਹੀ ਬੋਲੇ ਹੋਣਗੇ ਕਿ ਇਕ ਆਦਮੀ ਨੇ ਆ ਕੇ ਆਖਿਆ 'ਆਉ ਕੰਜਰੀ ਆਈ ਹੈ ਅਤੇ ਧਰਮਸਾਲਾ ਵਿਚ ਮੁਜਰਾ ਹੋਣ ਲਗਾ ਹੈ' ਏਥੇ ਬੈਠੇ ਆਦਮੀ ਇਕੋ ਵੇਰ ਹੀ ਉਠ ਕੇ ਚਲੇ ਗਏ। ਝੱਬਰ ਭੀ ਇਨ੍ਹਾਂ ਦੇ ਪਿਛੇ ੨ ਪਿੰਡ ਤੋਂ ਬਾਹਰ ਧਰਮਸਾਲਾ ਪੁਜਾ ਤਾ ਭੰਡ ਸਾਰੰਗੀ ਤੇ ਤਬਲੇ ਕਸ ਰਹੇ ਸੀ ਝਬਰ ਨੇ ਭੰਡਾਂ ਨੂੰ ਆਖਿਆ "ਦੇਖੋ ਇਹ ਗੁਰਦੁਆਰਾ ਹੈ, ਏਥੇ ਤਮਾਸ਼ਾ ਨਹੀਂ ਕਰਨਾ ਚਾਹੀਦਾ ਏਥੋਂ ਚਲੇ ਜਾਓ" ਸਾਰੇ ਚੁਪ ਹੋ ਗਏ, ਦੋ ਮਿੰਟ ਬਾਦ ਆਪਸ ਵਿਚ ਕੁਝ ਗੱਲ ਬਾਤ ਕਰ ਕੇ ਇਕ ਸਿਖ ਨੇ ਪੁਛਿਆ ਭਾਈ ਤੂੰ ਕੌਣ ਹੈਂ ਝਬਰ ਨੇ ਉਤਰ ਦਿਤਾ ਮੈਂ ਉਪਦੇਸ਼ਕ ਹਾਂ ਅਤੇ ਲਾਹੌਰ ਤੋਂ ਗਰਮਤ ਦਾ ਪਰਚਾਰ ਕਰਨ ਆਇਆ ਹਾਂ। ਉਸ ਜਟ ਨੇ ਉਤਰ ਦਿੱਤਾ "ਅਸੀਂ ਤੇਰਾ ਪਰਚਾਰ ਨਹੀਂ ਸੁਣਦੇ, ਇਹ ਧਰਮਸਾਲਾ ਸਾਡੀ ਹੈ ਅਸੀਂ ਏਥੇ ਜੋ ਮਰਜ਼ੀ ਹੈ ਕਰੀਏ ਤੂੰ ਭਲਾ ਮਾਨਸ ਹੈ ਤਾਂ ਏਥੋਂ ਚਲਿਆ ਜਾ ਨਹੀਂ ਤੇਰਾ ਅਸੀਂ ਦੂਜਾ ਅਲਾਜ ਭੀ ਕਰ ਦਿਆਂਗੇ।' ਝੱਬਰ "ਓ ਭਾਈ ਤੁਸੀਂ ਕੋਈ ਅਕਲ ਦੀ ਗਲ ਕਰੋ, ਸਿਖ ਹੋ ਕੇ ਗੁਰਦੁਆਰੇ ਵਿਚ ਕੰਜਰੀ ਨਿਚਾਂਦੇ ਹੋ" ਅਤੇ ਨਾਲ ਹੀ ਭੰਡਾਂ ਨੂੰ ਭੀ ਦਾਬਾ ਮਾਰਿਆ ਕਿ ਏਥੋਂ ਚਲੇ ਜਾਉ ਇਕ ਹੋਰ ਗਭਰੂ ਸਿਖ ਉਠਿਆ ਤੇ ਕਹਿਣ ਲਗਾ ਫੜ ਲੌ ਉਏ ਇਹਨੂੰ ਇਹ ਐਵੇਂ ਦਬਾਈ ਜਾਂਦਾ ਏ ਤਿੰਨ ਚਾਰ ਹੋਰ ਉਠ ਕੇ ਝੱਬਰ ਵਲ ਲਗੇ ਆਏ ਅਤੇ ਝਬਰ ਨੂੰ ਧਕੇ ਮਾਰ ਕੇ ਧਰਮਸਾਲਾ ਵਿਚੋਂ ਕਢ ਦਿਤਾ।

ਝੱਬਰ ਇਥੋਂ ੨ ਮੀਲ ਤੇ ਹਲੋਕੀ ਚਲਾ ਗਿਆ, ਏਥੇ ਕੁਝ ਲੋਕੀ ਸਤਿਸੰਗੀ ਸੀ ਸਵੇਰੇ ਡਉਂਡੀ ਕਰਾਈ ਕਾਫੀ ਸੰਗਤ ਜੁੜ ਗਈ, ਝੱਬਰ ਦਾ ਲੈਕਚਰ ਹੋਇਆ। ਏਥੋਂ ਅਗੇ ਭੋਜੀਐ ਤੇ ਮਹਾਕੇ ਆਦਿ ਪਿੰਡਾਂ ਵਿਚ ਇਕ ਹਫਤਾ ਪਰਚਾਰ ਕਰ ਕੇ ਝਬਰ ਵਾਪਸ ਲਾਹੌਰ ਆਇਆ ਭੋਜੀਆਂ ਵਿਖੇ ਇਕ ੧੪-੧੫ ਸਾਲ ਦਾ ਲੜਕਾ ਮਹਬਤ ਸਿੰਘ



Digitized by Panjab Digital Library | www.panjabdigilib.org

ਮਿਲਿਆ ਜਿਸ ਨੂੰ ਲੈਕਚਰ ਸੁਨਣ ਤੇ ਸਿਖੀ ਦੀ ਲਗਣ ਹੋ ਗਈ ਤੇ ਗੁਰਮਤ ਪੜ੍ਹਣੀ ਸ਼ੁਰੂ ਕਰ ਦਿਤੀ ਅਤੇ ਛੇਤੀ ਹੀ ਇਹ ਭੀ ਪਰਚਾਰਕ ਬਣ ਗਿਆ। ਇਹ ਅਜ ਤਕ ਸ੍ਰੋ: ਗੁ: ਕਮੇਟੀ ਪਾਸ ਪਰਚਾਰਕ ਦੀ ਸੇਵਾ ਕਰ ਰਿਹਾ ਹੈ। ਉਸ ਸਮੇਂ ਸਿੰਘ ਸਭਾ ਲਾਹੌਰ ਦੇ ਕੇਵਲ ੧੯ ਮੈਂਬਰ ਸਨ। ਸਭਾ ਦਾ ਕੋਈ ਖਾਸ ਪਰੋਗਰਾਮ ਨਹੀਂ ਸੀ ਅਤੇ ਨਾ ਹੀ ਹਫਤੇ ਵਾਰੀ ਕੋਈ ਦੀਵਾਨ ਹੁੰਦਾ ਸੀ। ਕੰਨਿਆਂ ਪਾਠਸ਼ਾਲਾ ਮਹਲਾ ਸੋਬਾਂ ਤੋਂ ਬਿਨਾਂ ਸਾਰੇ ਸ਼ਹਿਰ ਵਿਚ ਹੋਰ ਕੋਈ ਸਿਖਾਂ ਦਾ ਆਸ਼ਰਮ ਨਹੀਂ ਸੀ।

ਝੱਬਰ ਨੇ ਸਿੰਘ ਸਭਾ ਦੇ ਮੈਂਬਰ ਬਣਾਨੇ ਸ਼ੁਰੂ ਕੀਤੇ ਅਤੇ ੨ ਮਹੀਨਿਆਂ ਵਿਚ ੫੦੦ ਮੈਂਬਰ ਬਣਾ ਲਿਆ ਅਤੇ ਗੁਰਦੁਆਰਾ ਬਾਉਲੀ ਸਾਹਿਬ ਵਿਖੇ ਹਫਤਾ ਵਾਰੀ ਦੀਵਾਨ ਕਰਨਾ ਅਰੰਭ ਦਿਤਾ ਏਥੇ ਹੀ ਸਿੰਘ ਸਭਾ ਨੇ ਇਕ ਕਮਰਾ ਸਾਮਾਨ ਰਖਣ ਲਈ ਕਿਰਾਏ ਤੇ ਲਿਆ ਹੋਇਆ ਸੀ। ਦੀਵਾਨ ਬਾਰੇ ਅਖਬਾਰਾਂ ਤੇ ਇਸ਼ਤਿਹਾਰਾਂ ਰਾਹੀਂ ਪਬਲਿਸਿਟੀ ਕੀਤੀ ਜਾਂਦੀ ਅਤੇ ਹਰ ਐਤਵਾਰ ਨੂੰ ਛੀ ਸਤ ਹਜ਼ਾਰ ਦੀ ਗਿਣਤੀ ਵਿਚ ਸੰਗਤ ਜੁੜਦੀ ਤੇ ਝਬਰ ਦਾ ਲੈਕਚਰ ਹੁੰਦਾ।

ਸ੍ਰੀ ਮਾਨ ਗਿਆਨੀ ਦਿਤ ਸਿੰਘ ਜੀ ਦੇ ਪੁਤਰ ਬਲਦੇਵ ਸਿੰਘ ਜਿਸ ਨੂੰ ਟਿੱਕਾ ਸਾਹਿਬ ਨਾਭਾ ਸ੍ਰੀ ਰਿਪਦਮਨ ਸਿੰਘ ਜੀ ਨੇ ਵਜ਼ੀਫਾ ਦੇ ਕੇ ਇੰਗਲੈਂਡ ਪੜ੍ਹਣ ਭੇਜਿਆ ਸੀ ਉਥੋਂ ਡਿਗਰੀ ਹਾਸਲ ਕਰ ਕੇ ਆਇਆ ਤਾਂ ਸਿੰਘ ਸਭਾ ਲਾਹੌਰ ਨੇ ਗਿਆਨੀ ਜੀ ਦਾ ਪੁਤਰ ਜਾਣਕੇ ਉਸ ਦਾ ਸਨਮਾਨ ਕੀਤਾ ਅਤੇ ਇਸ ਨੂੰ ਸਿੰਘ ਸਭਾ ਦਾ ਪ੍ਰਧਾਨ ਬਣਾ ਦਿਤਾ। ਇਸ ਨੇ ਹੁਕਮ ਦਿਤਾ ਕਿ ਸਿੰਘ ਸਭਾ ਦੇ ਦੀਵਾਨ ਵਿਚ ਦਰੀਆਂ ਤੇ ਭੁੰਜੇ ਬੈਠਨ ਦੀ ਲੋੜ ਨਹੀਂ ਸਰੋਤਿਆਂ ਨੂੰ ਬੈਂਚਾਂ ਕੁਰਸੀਆਂ ਤੇ ਬੈਠਾਨ ਦਾ ਪਰਬੰਧ ਕਰਨਾ ਚਾਹੀਦਾ ਹੈ। ਕੁਝ ਬੈਂਚ ਮੰਗਵਾ ਭੀ ਲਏ ਗਏ। ਜਦੋਂ ਝਬਰ ਦੀਵਾਨ ਵਿਚ ਅਪੜਿਆ ਅਤੇ ਵੇਖਿਆ ਕਿ ਹਾਲ ਕਮਰੇ ਅੰਦਰ ਥੋੜੇ ਜੇਹੇ ਬੈਂਚ ਪਿਛੇ ਰਖੇ ਹੋਏ ਸੀ ਝਬਰ ਨੇ ਕਿਹਾ "ਬੈਂਚਾਂ ਤੇ ਨਾ ਬੈਠੋ ਇਸ ਤਰਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ ਹੈ'



Digitized by Panjab Digital Library | www.panjabdigilib.org

ਤਾਂ ਡਾ: ਬਲਦੇਵ ਸਿੰਘ ਪ੍ਰਧਾਨ ਸਿੰਘ ਸਭਾ ਨੇ ਉਠ ਕੇ ਆਖਿਆ "ਝਬਰ ਸਾਹਿਬ ਬੈਂਚਾ ਤੇ ਬੈਠਨ ਦਾ ਮਤਾ ਸਿੰਘ ਸਭਾ ਵਿਚ ਪਾਸ ਹੋ ਚੁਕਾ ਹੈ।

ਝਬਰ ਸਾਹਿਬ ਨੇ ਆਖਿਆ 'ਪ੍ਰਧਾਨ ਸਾਹਿਬ ਆਪ ਤਾਂ ਵਲੈਤੋਂ ਤਾਲੀਮ ਸਿਖ ਕੇ ਆਏ ਹੋ ਤੇ ਸਿੰਘ ਸਭਾ ਦੇ ਮੈਂਬਰ ਭੀ ਅੰਗਰੇਜ਼ੀ ਦਫਤਰਾਂ ਦੇ ਬਾਬੂ ਹੀ ਹਨ ਤੁਸੀਂ ਗੁਰਮਤ ਨਹੀਂ ਜਾਨਦੇ' ਤਾਂ ਪ੍ਰਧਾਨ ਸਾਹਿਬ ਨੇ ਆਖਿਆ 'ਉਪਦੇਸ਼ਕ ਸਾਹਿਬ ਜਦੋਂ ਗੁਰੂ ੨੦ ਵਿਸਵੇ ਤੇ ਸੰਗਤ ੨੧ ਵਿਸਵੇ ਮੰਨੀ ਗਈ ਹੈ ਤੇ ਸੰਗਤ ਨੇ ਪਾਸ ਕਰ ਦਿਤਾ ਹੈ ਤਾਂ ਅਸਾਂ ਕੇਹੜੀ ਬੇਕਾਇਦਗੀ ਜਾਂ ਮਨਮਤ ਕੀਤੀ ਹੈ?' ਝਬਰ ਨੇ ਆਖਿਆ ਇਹ ਪਛਮੀ ਤਹਿਜ਼ੀਬ ਦੇ ਸ਼ਰਧਾਲ ਲੋਕਾਂ ਨੇ ਆਪਨੇ ਮਤਲਬ ਦੀ ਸਿਧੀ ਵਾਸਤੇ ਮਨ ਘੜਤ ਅਸੂਲ ਬਨਾਲਿਆ ਹੈ ਇਹ ਗੁਰੂ ਦੀ ਪਦਵੀ ਨੂੰ ਘਟਾਂਦਾ ਹੈ ਇਸ ਵਾਸਤੇ ਇਹ ਗੁਰਮਤ ਨਹੀਂ ਅਤੇ ਨਾ ਹੀ ਇਹ ਕਿਤੇ ਗੁਰਬਾਣੀ ਵਿਚ ਲਿਖਿਆ ਹੈ ਭਲਾ ਜੇ ਤੁਹਾਡੀ ਗੱਲ ਮੰਨ ਲਈਏ ਤਾਂ ਕਲ ਨੂੰ ਕੋਈ ਅਜਾਣ ਸਿੰਘ ਸਭਾ ਇਹ ਪਾਸ ਕਰ ਦੇਵੇਗਾ ਕਿ ਕਛਹਿਰਾ ਪਾਣ ਦੀ ਲੋੜ ਨਹੀਂ ਤਥਾ ਕੇਸ ਰਖਨਾ ਜਾਂ ਅੰਮ੍ਰਿਤ ਛਕਨਾ ਜ਼ਰੂਰੀ ਨਹੀਂ ਅਤੇ ਇਸ ਦੀ ਵਰਤੋਂ ਆਰੰਭ ਦੇਵੇ ਤਾਂ ਸਿਖੀ ਕਿਵੇਂ ਰਹਿ ਸਕਦੀ ਹੈ। ਗੁਰੂ ਸਾਹਿਬਾਂ ਦੇ ਕੈਮ ਕੀਤੇ ਹੋਏ ਨਿਯਮਾਂ ਨੂੰ ਤੋੜਨ ਦਾ ਕਿਸੇ ਨੂੰ ਹੱਕ ਨਹੀਂ। ਇਸ ਤਰਾਂ ਇਕ ਘੰਟਾ ਭਰ ਵੀਚਾਰ ਹੁੰਦੀ ਰਹੀ। ਅਖੀਰ ਫੈਸਲਾ ਹੋਇਆ ਕਿ ਬੈਂਚ ਚੁਕੇ ਜਾਨ।

ਝਬਰ ਨੇ ੭ ਸਾਲ ਆਪਨਾ ਹੈਡ ਕੁਆਰਟਰ ਲਾਹੌਰ ਹੀ ਰਖਿਆ ਅਤੇ ਇਹ ਸਾਰਾ ਸਮਾਂ ਹੀ ਬਿਨਾਂ ਕਿਸੇ ਤਨਖਾਹ ਤਥਾ ਮੁਆਵਜ਼ਾ ਲੈਣ ਦੇ ਨਿਸ਼ਕਾਮ ਗੁਰਮਤ ਪ੍ਰਚਾਰ ਦੀ ਸੇਵਾ ਕੀਤੀ-ਬਲਕਿ ਇਨ੍ਹਾਂ ਨੇ ਆਪਨੇ ਜੀਵਨ ਪ੍ਰਜੰਤ ਕਦੀ ਭੀ ਤਨਖਾਹ ਪਰ ਮੁਲਾਜਮ ਹੋਕੇ ਕੰਮ ਨਹੀਂ ਕੀਤਾ-ਭਾਵੇਂ ਇਹ ਰਹਿੰਦੇ ਲਾਹੌਰ ਹੀ ਸਨ ਪ੍ਰੰਤੂ ਸੌਦਾ ਪਤਰ



Digitized by Panjab Digital Library | www.panjabdigilib.org

ਆਵਨ ਤੇ ਸਾਰੇ ਪੰਜਾਬ ਵਿਚ ਫਿਰ ਕੇ ਪਰਚਾਰ ਕਰਦੇ ਸਨ। ਝੱਬਰ ਦੀ ਬਣਾਈ ਪਹਿਲੀ ਸਿਖ ਜਥੇਬੰਦੀ ਖਾਲਸਾ ਦੀਵਾਨ ਖਰਾ ਸੌਦਾ ਬਾਰੇ ਇਸੇ ਸਮੇਂ ਅੰਦਰ ਸੰਨ ੧੯੧੨ ਵਿਚ ਕਾਇਮ ਹੋਈ ਜਿਸ ਨਾਲ ਝੱਬਰ ਜੀ ਦਾ ਸੰਬੰਧ ਜੀਵਨ ਪ੍ਰਯੰਤ ਰਿਹਾ-ਭਾਵੇਂ ਇਹ ਜਥੇਬੰਦੀ ਗੁਰਦਵਾਰਾ ਖਰਾ ਸੌਦਾ ਦੇ ਨਾਮ ਨਾਲ ਮਨਸੂਬ ਸੀ ਅਤੇ ਇਸ ਦੇ ਮੈਂਬਰ ਆਮ ਕਰਕੇ ਇਸੇ ਇਲਾਕੇ ਅਥਵਾ ਚੂਹੜਕਾਣੇ ਦੇ ਗਿਰਦੋ ਨਵਾਹ ਦੇ ਅਕਸਰ ਵਿਰਕ ਸਿਖਾਂ ਵਿਚੋਂ ਹੀ ਸਨ, ਪ੍ਰੰਤੂ ਝੱਬਰ ਜੀ ਦੀ ਅਗਵਾਈ ਹੇਠ ਇਸ ਜੱਥੇ ਨੇ ਜੋ ਸੇਵਾ ਗੁਰਮਤ ਅਤੇ ਗੁਰਦਵਾਰਾ ਸੁਧਾਰ ਦੇ ਨਾਮ ਹੇਠ ਪੰਜਾਬ ਭਰ ਦੇ ਕੋਨੇ ਕੋਨੇ ਵਿਚ ਪੁਜ ਕੇ ਕੀਤੀ ਹੈ ਉਸਦਾ ਸੰਖੇਪ ਵਰਨਣ ਪਾਠਕ ਅਗਲੇ ਪਤਰਿਆਂ ਵਿਚ ਪੜ੍ਹਨਗੇ।

ਇਹ ਜ਼ਮਾਨਾ ਸਿਖਾਂ ਅੰਦਰ ਵਿਦਿਆ ਦੇ ਪ੍ਰਚਾਰ ਦੀ ਲਹਿਰ ਦਾ ਸੀ ਜਦੋਂ ਚੀਫ ਖਾਲਸਾ ਦੀਵਾਨ ਦੀ ਵਿਦਿਅਕ ਕਮੇਟੀ ਦੀ ਅਗਵਾਈ ਹੇਠ ਥਾਂ ਪਰ ਥਾਂ ਨਵੇਂ ਸਕੂਲ ਖੋਹਲੇ ਜਾ ਰਹੇ ਸਨ। ਭਾਈ ਮੂਲ ਸਿੰਘ ਜੀ ਗਰਮੂਲਾ ਨੇ ਸੰਨ ੧੯੧੩ ਵਿਚ ਭਨੋਹੜ ਪਿੰਡ ਦੇ ਅਰੂੜਾ ਨਾਮੀ ਇਕ ਜਟ ਪਾਸੋਂ ੧੩ ਕਨਾਲ ਜ਼ਮੀਨ ਖ੍ਰੀਦ ਕੇ ਗੁਰਦਵਾਰਾ ਸਚਾ ਸੌਦਾ ਦੇ ਲਾਗੇ ਸਕੂਲ ਵਾਸਤੇ ਇਮਾਰਤ ਬਣਵਾਈ ਸੀ। ਸੰਨ ੧੯੧੭ ਵਿਚ ਝੱਬਰ ਜੀ ਨੇ ਇਹ ਇਮਾਰਤ ਭਾਈ ਮੂਲ ਸਿੰਘ ਜੀ ਪਾਸੋਂ ਲੈ ਕੇ ਇਥੇ ਇਕ ਮਿਡਲ ਸਕੂਲ ਖੋਹਲ ਦਿਤਾ। ਸਾਲ ਭਰ ਸਕੂਲ ਇਥੇ ਚਲਦਾ ਰਿਹਾ ਏਹਨਾਂ ਦਿਨਾਂ ਵਿਚ ਹੀ ਚੂਹੜ ਕਾਣਾ ਮੰਡੀ ਨਵੀਂ ੨ ਆਬਾਦ ਹੋਈ ਸੀ ਜੋ ਗੁਰਦਵਾਰਾ ਸਚਾ ਸੌਦਾ ਤੋਂ ਨਜ਼ਦੀਕ ਹੀ ਸੀ। ਮੰਡੀ ਦੇ ਲੋਕਾਂ ਨੇ ਝੱਬਰ ਜੀ ਨੂੰ ਗੁਰਦਵਾਰਾ ਖਰਾ ਸੌਦਾ ਵਾਲਾ ਮਿਡਲ ਸਕੂਲ ਮੰਡੀ ਵਿਚ ਲੈ ਆਉਣ ਲਈ ਪ੍ਰੇਰਨਾ ਕੀਤੀ ਅਤੇ ਫੰਡ ਆਦਿ ਮੁਹਈਆ ਕਰਨ ਦੀ ਜ਼ਿਮੇਵਾਰੀ ਭੀ ਲਈ ਤਾਂ ੧੯੧੮ ਵਿਚ ਝੱਬਰ ਜੀ ਇਸ ਸਕੂਲ ਨੂੰ ਮੰਡੀ ਚੂਹੜ ਕਾਣੇ ਲੈ ਆਏ ਜਿਥੇ ਇਹ ਮੰਡੀ ਦੀ ਬਣਾਈ ਕਮੇਟੀ ਅਤੇ ਝੱਬਰ ਜੀ ਦੇ ਪ੍ਰਬੰਧ ਹੇਠ ਬੜੀ ਸ਼ਾਨ ਨਾਲ ਚਲਣ ਲਗ ਪਿਆ।



Digitized by Panjab Digital Library | www.panjabdigilib.org

ਅਪਰੈਲ ੧੯੧੯ ਵਿਚ ਜਦੋਂ ਸਕੂਲ ਦੀ ਨਵੀਂ ਜਮਾਤ ਬੰਦੀ ਹੋ ਗਈ ਤਾਂ ਝਬਰ ਜੀ ਆਪਨੇ ਸਕੂਲ ਦੇ ਅਧਿਆਪਕ ਭਾਈ ਅਰਜਨ ਸਿੰਘ ਨੂੰ ਨਾਲ ਲੈਕੇ ਲਾਹੌਰ ਤੋਂ ਬਚਿਆਂ ਲਈ ਕਿਤਾਬਾਂ ਖ੍ਰੀਦਣ ਲਈ ਆਏ। ਉਸ ਸਮੇਂ ਇਨਾਂ ਦੇ ਅੰਦਰ ਇਕੋ ਇਕ ਲਗਨ ਗੁਰਮਤ ਪ੍ਰਚਾਰ ਦੀ ਸੀ ਜਿਸ ਦਾ ਇਕ ਜ਼ਰੀਆ ਖਾਲਸਾ ਸਕੂਲਾਂ ਰਾਹੀਂ ਸਿਖ ਬੱਚਿਆਂ ਨੂੰ ਗੁਰਮਤ ਦੀ ਲਾਗ ਲਾਉਣਾ ਸੀ ਜਿਸ ਨੂੰ ਇਨ੍ਹਾਂ ਆਪਨਾ ਜੀਵਨ ਆਦਰਸ਼ ਬਣਾ ਲਿਆ ਹੋਇਆ ਸੀ ਪ੍ਰੰਤੂ ਕੌਣ ਜਾਣਦਾ ਸੀ ਕਿ ਝੱਬਰ ਜੀ ਦੀ ਸੇਵਾ ਦਾ ਦਾਇਰਾ ਕਿਤਨਾ ਵਿਸ਼ਾਲ ਹੋਣ ਵਾਲਾ ਸੀ ਅਤੇ ਇਹ ਕਿਹਨੂੰ ਪਤਾ ਸੀ ਕਿ ਇਨਾਂ ਲਈ ਕੇਹੜੇ ੨ ਇਮਤਿਹਾਨ ਤੇ ਕਿਤਨੇ ੨ ਕਠਨ ਪਰਚੇ ਪਾਏ ਗਏ ਹੋਏ ਸਨ ਜਿਨਾਂ ਨੂੰ ਇਨਾਂ ਨੇ ਹੱਲ ਕਰਕੇ ਪੰਥ ਅਤੇ ਦੇਸ਼ ਵਿਚ ਸੁਰਖਰੂਈ ਹਾਸਲ ਕਰਨੀ ਸੀ।



Digitized by Panjab Digital Library | www.panjabdigilib.org

## ੪

॥ ਦੋਹਰਾ ॥

ਦੇਖੋ ਆਕੇ ਮੁਕਿਆ ਜਦ ਹੀ ਯੂਰਪ ਜੰਗ,
ਗਵਰਮਿੰਟ ਨੇ ਬਦਲਿਆ ਗਿਰ ਗਟ ਵਾਂਗੂੰ ਰੰਗ।"

ਪਉੜੀ

ਜੰਗ ਯੂਰਪ ਦਾ ਮੁਕਿਆ ਕੀ ਰੰਗ ਬਨਾਇਆ
ਸਭ ਨੇ ਸ਼ੁਕਰ ਅਕਾਲ ਦਾ ਸੀ ਬਹੁਤ ਮਨਾਇਆ
ਆਸਾਂ ਕੀਤੀਆਂ ਹਿੰਦੀਆਂ ਏਥੇ ਚਿਤ ਲਾਇਆ
ਹੋਣ ਮੁਰਾਦਾਂ ਪੂਰੀਆਂ ਨੇੜੇ ਦਿਨ ਆਇਆ
ਪਹਿਲੇ ਵੇਲੇ ਜੰਗ ਦੇ ਸਾਨੂੰ ਫੁਰਮਾਇਆ
ਵਡੇ ਵਡੇ ਹਾਕਮਾਂ ਕਹਿਕੇ ਭਰਮਾਇਆ
ਮਿਲੇ ਅਜ਼ਾਦੀ ਹਿੰਦ ਨੂੰ ਹਥਾਂ ਤੇ ਚਾਇਆ
ਏਸੇ ਧੋਖੇ ਹਿੰਦੀਆਂ ਸੀ ਜ਼ੋਰ ਲਗਾਇਆ
ਤਨ ਮਨ ਧਨ ਸਭ ਵਾਰਿਆ ਨਹੀਂ ਕੁਝ ਲੁਕਾਇਆ
ਜੋਧੇ ਲਖਾਂ ਹਿੰਦੀਆਂ ਸੀ ਸੀਸ ਕਟਾਇਆ
ਨੌਕਰ ਸ਼ਾਹੀ ਸਭ ਭੁਲਾਇਆ।

(ਜਾਗਰਤ ਖਾਲਸਾ ਕ੍ਰਿਤ ਸੰਤ ਸੂਰਜ ਸਿੰਘ ਜੀ ਵਿਰਕਤ ਵਿਚੋਂ)

# ਮਾਰਸ਼ਲ ਲਾ

ਹਿੰਦੁਸਤਾਨ ਅਤੇ ਵਸ਼ੇਸ਼ ਕਰਕੇ ਪੰਜਾਬ ਦੇ ਇਤਿਹਾਸ ਵਿਚ ੧੯੧੯ ਈਸਵੀ ਦਾ ਸਾਲ ਖਾਸ ਮਹੱਤਤਾ ਰਖਦਾ ਹੈ। ਇਹ ਉਹ ਸਾਲ ਸੀ ਜਿਸ ਵਿਚ ਹਿੰਦੂ-ਮੁਸ਼ਲਮਾਨ ਤੇ ਸਿਖ ਮਿਲਾਪ ਸਿਖਰ



Digitized by Panjab Digital Library | www.panjabdigilib.org

ਤੇ ਪੁਜਿਆ ਹੋਇਆ ਸੀ, ਜਦੋਂ ਹਿੰਦੂਆਂ ਤੇ ਮੁਸਲਮਾਨਾ ਨੇ ਸਾਂਝੀਆਂ ਛਬੀਲਾਂ ਲਾਈਆਂ ਅਤੇ ਇਕ ਦੂਜੇ ਨਾਲ ਰਲ ਕੇ ਖਾਧਾ। ੯ ਅਪਰੈਲ ਰਾਮ ਨੌਵੀਂ ਦੇ ਹਿੰਦੂ ਤਿਉਹਾਰ ਤੇ ਮੁਸਲਮਾਨਾ ਨੇ ਮਿਠੀਆਂ ਛਬੀਲਾਂ ਲਾਈਆਂ ਤੇ ਹਿੰਦੂ ਮੁਸਲਮਾਨ ਸਭ ਨੂੰ ਇਕ ਥਾਂ ਪਾਣੀ ਪਿਲਾਇਆ। ਇਹਨੀ ਦਿਨੀ ਸਿਖ ਹਿੰਦੂ ਤੇ ਮੁਸਲਮਾਨ ਇਕ ਦੂਜੇ ਤੋਂ ਸਦਕੇ ਹੁੰਦੇ ਸਨ। ਹਰ ਕੋਈ ਦੂਜੇ ਦੇ ਦੁਖ ਨੂੰ ਆਪਣਾ ਦੁਖ ਸਮਝਦਾ ਸੀ। ਇਸੇ ਆਪੋ ਵਿਚ ਦੇ ਪਿਆਰ ਦਾ ਨਤੀਜਾ ਸੀ ਕਿ ਤਿੰਨਾ ਹੀ ਕੌਮਾਂ ਦਾ ਖੂਨ ਆਪੋ ਵਿਚ ਘੁਲ ਮਿਲਿਆ ਸੀ। ਇਸੇ ਸਾਲ ਹਿੰਦ ਦੀ ਬਦੇਸ਼ੀ ਅੰਗਰੇਜ਼ ਸਰਕਾਰ ਨੇ ਰੋਲਟ ਐਕਟ ਜਾਰੀ ਕੀਤਾ, ਜਿਸ ਦੇ ਵਿਰੁਧ ਥਾਂ ੨ ਜਲਸੇ ਹੋਏ ਤੇ ਇਸ ਦੀ ਨਖੇਧੀ ਕੀਤੀ ਗਈ। ਇਸੇ ਸਬੰਧ ਵਿਚ ੧੧ ਅਪਰੈਲ ਨੂੰ ਲਾਹੌਰ ਬਾਦਸ਼ਾਹੀ ਮਸੀਤ ਵਿਚ ਕਾਂਗਰਸ ਵਲੋਂ ਬੜਾ ਭਾਰਾ ਜਲਸਾ ਸੀ। ਜਿਸ ਵਿਚ ਕਾਂਗ੍ਰਸੀ ਨੇਤਾ ਲਾਲਾ ਹਰਕਿਸ਼ਨ ਲਾਲ ਪੰਡਤ-ਚੌਧਰੀ ਰਾਮ ਭਜ ਦਤ ਡਾਕਟਰ ਗੋਕਲ ਚੰਦ ਨਾਰੰਗ, ਡਾਕਟਰ ਕਿਚਲੂ ਅਤੇ ਮਾਸਟਰ ਮੋਤਾ ਸਿੰਘ ਵਰਗੇ ਆਦਮੀਆਂ ਨੇ ਸ਼ਾਹੀ ਮਸੀਤ ਦੀ ਸਟੇਜ ਉਤੇ ਹਿੰਦੂ ਮੁਸਲਮਾਨ ਸਿਖ ਸਭ ਨੂੰ ਵਾਅਜ਼ ਕੀਤਾ। ਇਸ ਦਿਨ ਸ਼ਹਿਰ ਵਿਚ ਹੜਤਾਲ ਸੀ। ਅਤੇ ਲਗ ਭਗ ਸਾਰਾ ਸ਼ਹਿਰ ਮਸੀਤ ਵਿਚ ਇਕਠਾ ਸੀ। ਜਲਸੇ ਵਿਚ ਇਕ ਮੁਸਲਮਾਨ ਖੁਫੀਆ ਡਾਇਰੀ ਲਿਖਣ ਵਾਲੇ ਇਨਸਪੈਕਟਰ ਨੂੰ ਮੁੰਡਿਆਂ ਨੇ ਪਛਾਣ ਲਿਆ ਤੇ ਚੰਗੀ ਗਿਦੜ ਕੁਟ ਕੀਤੀ। ਥੋੜੀ ਦੇਰ ਨੂੰ ਅਸਮਾਨ ਤੇ ਮਸੀਤ ਦੇ ਉਪਰ ਛੇ ਹਵਾਈ ਜਹਾਜ਼ ਉਡਾਰੀਆਂ ਲਾਣ ਲੱਗ ਪਏ ਅਤੇ ਇਹਨਾਂ ਬਹੁਤ ਸਾਰੇ ਇਸ਼-ਤਿਹਾਰ ਉਪਰੋਂ ਸੁਟੇ ਜਿਸ ਵਿਚ ਲੋਕਾਂ ਨੂੰ ਖੰਡ ਜਾਣ ਵਾਸਤੇ ਲਿਖਿਆ ਹੋਇਆ ਸੀ। ਅਖੀਰ ਇਕ ਘੋੜ ਸਵਾਰ ਰਸਾਲਾ ਆਇਆ, ਜਿਸ ਨੇ ਮਸੀਤ ਦੁਆਲੇ ਘੇਰਾ ਘਤ ਲਿਆ। ਇਕ ਵਜੇ ਦੇ ਲਗ ਭਗ ਲਾਹੌਰ ਦਾ ਡਿਪਟੀ ਕਮਿਸ਼ਨਰ ਸਮੇਤ ਹੋਰ ਅਫਸਰਾਂ ਦੇ ਹੀਰਾ ਮੰਡੀ



Digitized by Panjab Digital Library | www.panjabdigilib.org

ਚੋਂ ਲੰਘ ਕੇ ਮਸੀਤ ਵਲ ਨੂੰ ਆ ਰਿਹਾ ਸੀ। ਅਗੋਂ ਕਾਲਜ ਦੇ ਮੁੰਡੇ ਸ਼ਹਿਰ ਨੂੰ ਜਾ ਰਹੇ ਸਨ। ਇਕ ਨੇ ਡਿਪਟੀਕਮਿਸ਼ਨਰ ਤੇ ਰੋੜੀ ਸੁਟੀ ਜੋ ਉਸ ਦੇ ਮੂੰਹ ਤੇ ਜਾ ਵਜੀ। ਇਸ ਦੇ ਨਾਲ ਇਕ ਮੁਸਲਮਾਨ ਆਨਰੇਰੀ ਮੈਜਿਸਟਰੇਟ ਆ ਰਿਹਾ ਸੀ। ਉਸ ਨੇ ਪਸਤੌਲ ਦੀ ਗੋਲੀ ਉਸ ਲੜਕੇ ਨੂੰ ਮਾਰੀ ਇਸ ਲੜਕੇ ਦਾ ਨਾਮ ਖੁਸ਼ੀ ਰਾਮ ਸੀ। ਇਹ ਖਬਰ ਜਲਸੇ ਵਿਚ ਪੁਜੀ। ਜਲਸਾ ਬਰਖਾਸਤ ਕਰਕੇ ਲੋਕ ਸੂਤਰ ਮੰਡੀ ਵੱਲ ਜਿਥੇ ਉਹ ਲੜਕਾ ਇਕ ਡਾਕਟਰ ਦੇ ਘਰ ਲਿਆਂਦਾ ਗਿਆ ਸੀ, ਉਥੇ ਪੁਜੇ, ਪਰ ਡਾਕਟਰ ਦੇ ਘਰ ਇਹ ਖੁਸ਼ੀ ਰਾਮ ਗੁਜ਼ਰ ਗਿਆ। ਉਥੋਂ ਉਸਦੀ ਅਰਥੀ ਕਢੀ ਗਈ ਤੇ ਇਸ ਦੇ ਬਿਬਾਨ ਨਾਲ ਸਾਰੇ ਹਿੰਦੂ-ਸਿਖ ਤੇ ਮੁਸਲਮਾਨ ਸ਼ਾਮਲ ਹੋਏ ਅਤੇ ਸਾਰੇ ਸਰਕਾਰ ਨੂੰ ਗਾਲਾਂ ਕਢਦੇ ਸੀ। ਇਕ ਲੱਖ ਦੇ ਕਰੀਬ ਲੋਕੀ ਇਸ ਅਰਥੀ ਦੇ ਨਾਲ ਸਨ। ਉਸ ਸਮੇਂ ਝਬਰ ਵੀ ਆਪਣੇ ਸਕੂਲ ਦੀਆਂ ਕਿਤਾਬਾਂ ਖ੍ਰੀਦਨ ਲਾਹੌਰ ਗਿਆ ਹੋਇਆ ਸੀ ਅਤੇ ਇਸ ਮੌਕੇ ਇਹਨਾਂ ਦੇ ਨਾਲ ਸੀ। ਜਦ ਸ਼ਮਸ਼ਾਨ ਭੂਮੀ ਵਿਚ ਪੁਜੇ ਤਾਂ ਝਬਰ ਨੇ ਇਥੇ ਇਕ ਜੋਸ਼ੀਲੀ ਤਕਰੀਰ ਕੀਤੀ ਇਹ ਝਬਰ ਦਾ ਪਹਿਲਾ ਰਾਜਨੀਤਕ ਲੈਕਚਰ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਸੀ।

੧੩ ਅਪਰੈਲ ਵਸਾਖੀ ਦਾ ਦਿਨ ਹਿੰਦੁਸਤਾਨ ਭਰ ਦੇ ਇਤਹਾਸ ਵਿਚ ਯਾਦਗੀਰੀ ਵਾਲਾ ਦਿਨ ਹੈ। ਜਦ ਕਿ ਜਲ੍ਹਿਆਂ ਵਾਲੇ ਬਾਗ ਵਿਚ ਕਾਂਗ੍ਰਸ ਦੇ ਜਲਸੇ ਵਿਚ ਹਿੰਦੂ ਸਿਖ ਤੇ ਮੁਸਲਮਾਨ ਇਕਠੇ ਹੋਏ ਸਨ, ਇਸ ਮੌਕੇ ਬਦੇਸ਼ੀ ਹਕੂਮਤ ਨੇ ਇਸ ਜਲਸੇ ਵਿਚ ਸ਼ਾਮਲ ਹੋਈ ਜਨਤਾ ਤੇ ਗੋਲੀ ਚਲਾਈ ਜਿਸ ਵਿਚ ਅਨਗਿਣਤ ਗੋਲੀ ਦੇ ਸ਼ਿਕਾਰ ਹੋਏ। ਬਜ ਬਜ ਦੇ ਘਾਟ ਭਾਰਤੀ ਸੂਰਬੀਰਾਂ ਦੀ ਬਲੀ ਤੋਂ ਪਿਛੋਂ ਹਿੰਦੁਸਤਾਨ ਦੀ ਅਜ਼ਾਦੀ ਲਈ ਇਹ ਦੂਜੀ ਆਹੂਤੀ ਅੰਮ੍ਰਿਤਸਰ ਵਿਚ ਦਿਤੀ ਗਈ ਸੀ। ਜਿਸ ਦੀ ਮਿਸਾਲ ਸ਼ਾਇਦ ਸੰਸਾਰ ਭਰ ਵਿਚ ਨਾ ਮਿਲ ਸਕੇ। ਇਹ ਜਲ੍ਹਿਆਂ ਵਾਲੇ ਬਾਗ ਵਿਚ ਗੋਲੀ ਚਲਣ ਦੀ ਖਬਰ ਹਵਾ ਵਾਂਗੂ ਦੂਰ ੨ ਤਕ ਫੈਲ ਗਈ। ਇਸੇ ਦਿਨ ਚੂਹੜਕਾਣੇ (ਸੇਖੂਪੁਰਾ) ਗੁ:



Digitized by Panjab Digital Library | www.panjabdigilib.org

ਸਚਾ ਸੌਦਾ ਵਸਾਖੀ ਦਾ ਬੜਾ ਭਾਰੀ ਮੇਲਾ ਸੀ। ਖਾਲਸਾ ਦੀਵਾਨ ਖਰਾ ਸੌਦਾ (ਬਾਰ) ਵਲੋਂ ਦੀਵਾਨ ਹਮੇਸ਼ ਵਾਂਗੂ ਲਗਾ ਹੋਇਆ ਸੀ। ਇਸ ਵਿਚ ਝਬਰ ਜੀ ਨੇ ਇਕ ਲੈਕਚਰ ਦਿਤਾ ਜਿਸ ਵਿਚ ਰੋਲਟ ਐਕਟ ਦੀ ਤਸ਼ਰੀਹ ਕਰਕੇ ਦਸੀ।

੧੪ ਅਪਰੈਲ ਨੂੰ ਜਲ੍ਹਿਆਂ ਵਾਲੇ ਬਾਗ ਦੀ ਖਬਰ ਅਖਬਾਰਾਂ ਵਿਚ ਆ ਗਈ ਲੋਕੀ ਪੜ੍ਹ ਕੇ ਬੜੇ ਭੜਕੇ, ਅਤੇ, ੧੫ ਨੂੰ ਜਦੋਂ ਵਜ਼ੀਰਾਂ ਬਾਦੋਂ ਲਾਹੌਰ ਜਾਣ ਵਾਲੀਆਂ ਦੋ ਗਡੀਆਂ ਸਾਂਗਲੇ ਦੇ ਰਸਤੇ ਲੰਘੀਆਂ ਤਾਂ ਇਕ ਗਡੀ ਮੰਡੀ ਚੂਹੜ ਕਾਣੇ ਠਹਿਰ ਗਈ। ਲੋਕਾਂ ਦੇ ਪੁਛਨ ਤੋਂ ਡਰਾਈਵਰ ਨੇ ਦਸਿਆ ਕਿ ਗੁਜਰਾਂ ਵਾਲੇ ਦੇ ਲੋਕਾਂ ਨੇ ਰੇਲਵੇ ਸਟੇਸ਼ਨ ਸਾੜ ਦਿਤਾ—ਪੁਲ ਤੋੜ ਦਿਤੇ-ਕਚਿਹਰੀ ਸਾੜ ਦਿਤੀ ਹੈ। ਲਾਈਨਾਂ ਪੁਟ ਸੁਟਨ ਕਰਕੇ ਗਡੀਆਂ ਇਸ ਰਸਤੇ ਜਾ ਰਹੀਆਂ ਹਨ। ਇਹ ਗਲ ਸੁਣ ਕੇ ਮੰਡੀ ਦੇ ਨੌਜਵਾਨਾ ਨੇ ਇਕ ਮੀਟਿੰਗ ਕੀਤੀ ਅਗਲੇ ਭਲਕ ਸਵੇਰੇ ਹੀ ਕੰਮ ਸ਼ੁਰੂ ਹੋ ਗਿਆ। ਨਹਿਰ ਦਾ ਪੁਲ ਤੋੜ ਦਿਤਾ—ਤਾਰਾਂ ਤੋੜ ਦਿਤੀਆਂ-ਲਾਈਨਾ ਪੁਟ ਦਿਤੀਆਂ ਅਤੇ ਸਟੇਸ਼ਨ ਤੇ ਸਰਕਾਰੀ ਦਫ਼ਤਰ ਆਦ ਸਾੜ ਦਿਤੇ। ਤਕਰੀਬਨ ਪੰਜ ਵਜੇ ਲਾਹੌਰ ਵਲੋਂ ਇਕ ਗਡੀ ਆਈ। ਹਜੂਮ ਉਸ ਨੂੰ ਪੈ ਗਿਆ ਅਤੇ ਸਰਕਾਰੀ ਬਟੇਕ ਲੁਟ ਲਈ। ਇਸ ਦਿਨ ਝਬਰ ਕੁਝ ਬੀਮਾਰ ਸੀ। ਜਦ ਇਨਾਂ ਸੁਣਿਆ ਕਿ ਲੋਕੀਂ ਗਡੀ ਲੁਟਨ ਲਗ ਪਏ ਹਨ ਤਾਂ ਝਬਰ ਜੀ ਹਿੰਮਤ ਕਰਕੇ ਛੇਤੀ ਹੀ ਸ਼ਟੇਸ਼ਨ ਤੇ ਪੁਜ ਗਏ, ਇਸ ਲਈ ਕਿ ਕਿਸੇ ਸਜਨ ਨੂੰ ਕੋਈ ਤਕਲੀਫ਼ ਨਾ ਹੋਵੇ। ਉਥੇ ਪੁਜ ਕੇ ਵੇਖਿਆ ਇਕ ਬੁਢਾ ਜੋ ਉਸ ਗਡੀ ਤੋਂ ਹੇਠਾਂ ਉਤਰਿਆ ਸੀ ਉਸ ਦੇ ਲੱਕ ਦੁਆਲੇ ਰੁਪਈਆਂ ਦੀ ਬੱਧੀ ਵਾਂਸਲੀ ਟੁਟ ਗਈ ਸੀ ਤੇ ਰੁਪੈ ਸਾਰੇ ਖਿਲਰ ਗਏ ਸਨ ਲੁਟੇਰਾ ਪਾਰਟੀ ਨੇ ਉਹ ਸਾਰੇ ਰੁਪੈ ਇਕਠੇ ਕਰਕੇ ਉਸ ਬੁਢੇ ਨੂੰ ਸੰਭਾਲ ਦਿਤੇ। ਅਤੇ ਆਪ ਫਿਰ ਸਰਕਾਰੀ ਸਾਮਾਨ ਲੁਟਨ ਵਿਚ ਜੁਟ ਗਏ। ਉਥੇ ਹੀ ਪਲੇਟ ਫਾਰਮ ਤੇ ਪਲੇਟੀਅਰ ਦੀਵਾਨ ਚੰਦ ਰੇਲਵੇ ਦਾ ਖੜਾ ਸੀ, ਉਸ ਨੇ ਇਕ



Digitized by Panjab Digital Library | www.panjabdigilib.org

ਸਮੇਂ ਕਿਸੇ ਰੇਲਵੇ ਕਰਮਚਾਰੀ ਦੀ ਤਨਖਾਹ ਰੁਕਵਾਈ ਸੀ ਜਿਸ ਕਰਕੇ ਉਸ ਆਦਮੀ ਨੇ ਮੌਕਾ 'ਤਾੜ ਕੇ ਉਸ ਨੂੰ ਡਾਂਗ ਕੱਢ ਮਾਰੀ।" ਉਸ ਬਾਬੂ ਨੇ "ਸਰਦਾਰ ਜੀ ਬਚਾਓ' ਕਹਿਕੇ ਉਚੀ ਪੁਕਾਰਿਆ ਤਾਂ ਝੱਬਰ ਨੇ ਉਸ ਨੂੰ ਲਲਕਾਰ ਕੇ ਰੋਕ ਦਿਤਾ ਅਤੇ ਉਸ ਬਾਬੂ ਦੀ ਜਾਨ ਬਚ ਗਈ। ਉਸੇ ਹੀ ਸਮੇਂ ਸੈਕੰਡ ਕਲਾਸ ਦੇ ਡਬੇ ਵਿਚੋਂ ਆਵਾਜ਼ ਆਇ "ਝੱਬਰ ਜੀ?" ਵੇਖਿਆ ਤਾਂ ਬਾਵਾ ਬੁਧ ਸਿੰਘ ਜੀ ਸੁਪਰਟੈਂ-ਡੰਟ ਇਨਜੀਨੀਅਰ ਪੀ. ਡਬਲਯੂ. ਡੀ. ਸਨ। ਉਹਨਾਂ ਕਿਹਾ ਕਿ ਝੱਬਰ ਜੀ ਮੇਰੇ ਨਾਲ ਮੇਰੀ ਲੜਕੀ, ਨੂਹ ਅਤੇ ਹੋਰ ਸਾਰਾ ਪਰਵਾਰ ਹੈ ਅਤੇ ੧੦-੧੨ ਹਜ਼ਾਰ ਦੀ ਨਕਦੀ ਕੈਸ਼ ਵੀ ਹੈ ਜਿਵੇਂ ਜਾਣਦੇ ਹੋ ਬਚਾਉ? ਤਾਂ ਝਬਰ ਜੀ ਨੇ ਤਸੱਲੀ ਦੇ ਕੇ ਕਿਹਾ ਕੋਈ ਫਿਕਰ ਨਹੀਂ ਆਪ ਆਓ ਮੇਰੇ ਨਾਲ ਗਡੀ ਤੋਂ ਉਤਰ ਆਓ। ਉਹਨਾਂ ਦਾ ਸਾਮਾਨ ਦੋ ਸਿੰਘਾਂ ਪਾਸੋਂ ਚੁਕਵਾ ਕੇ ਸਮੇਤ ਸਾਰੇ ਪਰਵਾਰ ਦੇ ਮੰਡੀ ਚੂਹੜ ਕਾਣਾ ਵਿਖੇ ਸ: ਜੀਵਨ ਸਿੰਘ ਜੀ ਲੂੰਬਾ (ਆੜਤੀ) ਦੇ ਘਰ ਬਿਸਰਾਮ ਕਰਵਾਇਆ। ਸਵੇਰ ਸਾਰ ਉਹਨਾਂ ਨੂੰ ਰੋੜੀ ਕਰਾਏ ਕਰਵਾ ਦਿਤੀ ਤੇ ਉਹ ਬਾਦਰ ਵਾਲੀਓਂ ਗਡੀ ਚੜ ਕੇ ਲਾਇਲਪੁਰ ਚਲੇ ਗਏ।

ਇਸੇ ਰਾਤ ਦੇ ਬਾਰ੍ਹਾਂ ਵਜੇ ਇਕ ਹੋਰ ਗਡੀ ਲਾਹੌਰ ਤੋਂ ਪੁਜੀ, ਉਸ ਗਡੀ ਵਿਚ ਗੋਰਾ ਫੌਜ ਤੇ ਸ੍ਰੀ ਰਾਮ ਸੂਦ ਅਸਿਸਟੈਂਟ ਕਮਿਸ਼-ਨਰ ਸ਼ੇਖੂਪੁਰਾ ਸਨ। ਉਹਨਾਂ ਪਾਸ ਸਰਚਲਾਈਟ ਸੀ ਜੋ ਕਈ ਮੀਲਾਂ ਤਕ ਆਸਾਨੀ ਨਾਲ ਵਖਨ ਵਿਚ ਮਦਦ ਦੇਂਦੀ ਸੀ। ਜਲਦੀ ਹੀ ਉਹਨਾਂ ਅੱਨੇ ਵਾਹ ਫਾਇਰਿੰਗ ਸ਼ੁਰੂ ਕਰ ਦਿਤੀ ਜਿਸ ਨਾਲ ਕੁਝ ਆਦਮੀ ਫਟੜ ਹੋ ਗਏ ਤੇ ਕੁਝ ਮਾਰੇ ਗਏ। ਦਿਨ ਚੜੇ ਹੀ ਉਹਨਾਂ ਨੇ ਗਿਰਫਤਾਰੀ ਸ਼ੁਰੂ ਕਰ ਦਿਤੀ। ਝੱਬਰ ਸਵੇਰੇ ਉਠ ਕੇ ਭਾਈ ਹਰੀ ਸਿੰਘ ਬਜ਼ਾਜ ਦੀ ਹੱਟੀ ਤੇ ਗਿਆ ਉਥੇ ਹੋਰ ਵੀ ਕਈ ਸਜਨ ਬੈਠੇ, ਸਨ ਤਾਂ ਇਕ ਦੱਮ ਸ੍ਰੀ ਰਾਮ ਸੂਦ, ਮਗਰ ਗੋਰੇ ਸਿਪਾਹੀ ਜੋ ਉਸ ਦੇ ਨਾਲ ਸਨ ਨੇ ਇਹਨਾਂ ਨੂੰ ਘੇਰੇ ਵਿਚ ਲੈ ਲਿਆ ਅਤੇ ਭਾਈ



Digitized by Panjab Digital Library | www.panjabdigilib.org

ਹਰੀ ਸਿੰਘ ਨੂੰ ਬਿਨਾਂ ਪੁਛੇ ਸੋਟੀਆਂ ਮਾਰਨੀਆਂ ਸ਼ੁਰੂ ਕਰ ਦਿਤੀਆਂ ਜਦ ਇਹ ਅਚਨਚੇਤ ਸਖਤੀ ਦਾ ਦੋਰ ਵੇਖਿਆ ਤਾਂ ਝੱਬਰ ਦੇ ਦਿਲ ਵਿਚ ਇਹ ਆਈ ਕਿ ਇਸ ਵਿਚ ਕਈ ਬੇਦੋਸ਼ੇ ਹੋਰ ਵੀ ਮਾਰੇ ਜਾਣਗੇ ਇਸ ਲਈ ਉਹ ਸਕੂਲ ਦੇ ਮੁੰਡਿਆਂ ਅਤੇ ਹੋਰ ਸ਼ਹਿਰੀਆਂ ਨੂੰ ਖਬਰ ਕਰਨ ਲਈ ਇਕ ਪਾਸੇ ਹੋ ਸਕੂਲ ਵਿਚ ਜਾ ਨਿਕਲਿਆ ਅਤੇ ਸਕੂਲ ਦੇ ਮੁੰਡਿਆਂ ਤੇ ਮਾਸਟਰਾਂ ਅਤੇ ਹੋਰ ਸ਼ਹਿਰੀਆਂ ਨੂੰ ਕਿਹਾ ਕਿ ਮੰਡੀ ਵਿਚ ਤਾਂ ਅਗ ਲਗ ਗਈ ਹੈ ਇਸ ਲਈ ਆਪਣੇ ਬਚਾ ਲਈ ਬਾਹਰ ਨਿਕਲ ਜਾਓ, ਤਾਂ ਮੰਡੀ ਦੇ ਬਹੁਤ ਸਾਰੇ ਲੋਕ ਅਤੇ ਸਕੂਲ ਦੇ ਸਾਰੇ ਮੁੰਡੇ ਅਤੇ ਮਾਸਟਰ ਜੰਗਲ ਵਿਚ ਮੰਡੀ ਤੋਂ ਦੂਰ ਜਾ ਨਿਕਲੇ। ਤਿੰਨ ਵਜੇ ਤਕ ਜੋ ਵੀ ਆਦਮੀ ਮਿਲਿਆ ਸਭ ਨੂੰ ਬਿਨਾਂ ਪੁਛੇ ਪਕੜੀ ਜਾਣ, ਇਸ ਤਰਾਂ ਤਕਰੀਬਨ ੪੦੦ ਦੇ ਕਰੀਬ ਆਦਮੀ ਪਕੜੇ ਗਏ। ੪ ਬਜੇ ਦੇ ਕਰੀਬ ਮੰਡੀ ਚੂਹੜਕਾਣਾ ਤੋਂ ਗਡੀ ਚਲਾ ਕੇ ਪਿੰਡ ਚੂਹੜਕਾਣਾ ਦੇ ਬਿਲਕੁਲ ਸਾਹਮਣੇ ਖੜੀ ਕਰਕੇ ਬੇਤਹਾਸ਼ਾ ਗੋਲੀ ਚਲਾਨੀ ਸ਼ੁਰੂ ਕਰ ਦਿਤੀ ਜਿਸ ਤੋਂ ਕਈ ਲੋਕ ਫਟੜ ਹੋਏ ਤੇ ਕਈ ਮਾਰੇ ਗਏ।

ਝੱਬਰ ਜੀ, ਮਾਸਟਰ ਬਲਬੀਰ ਸਿੰਘ, ਮਾਸਟਰ ਅਰਜਨ ਸਿੰਘ ਤੇ ਸਕੂਲ ਦੇ ੧੨ ਕੁ ਮੁੰਡੇ ਉਥੋਂ ਚਲਕੇ ਪਿੰਡ ਢਲਵੀਂ ਜਾ ਰਾਤ ਗੁਜ਼ਾਰੀ। ਸਵੇਰੇ ਉਠ ਕੇ ਨਹਿਰ ਦੇ ਪੁਲ ਤੇ ਗੁਰਮਤਾ ਕਤਾ ਕਿ ਹੁਣ ਸਾਰੇ ਆਪੋ ਆਪਣੇ ਘਰੀਂ ਚਲੇ ਜਾਓ, ਜੇ ਢੇਰ ਰਹੀ ਤਾਂ ਸਾਰੇ ਆ ਜਾਇਆ ਜੇ। ਅਜੇ ਪਤਾ ਨਹੀਂ ਕੀ ਹੋਣਾ ਹੈ ? ਝੱਬਰ ਹੋਰੀਂ ਉਹ ਦਿਨ ਇਸੇ ਤਰਾਂ ਝਾੜੀਆਂ ਵਿਚ ਕਟ ਕੇ ਰਾਤ ਨੂੰ ਪਿੰਡ ਝੱਬਰ ਪੁਜੇ ਅਤੇ ਘਰੋਂ ੪੦੦ ਰੁਪਈਆ ਲੈ ਕੇ ਫੁਲਰਵਨੀ ਸ: ਗੁਰਚਰਨ ਸਿੰਘ ਜੋ ਸੂਬੇਦਾਰ ਬਾਲ ਸਿੰਘ ਦਾ ਪੁਤ੍ਰ ਮਲਾਇਆ ਤੋਂ ਆਇਆ ਹੋਇਆ ਸੀ ਪਾਸ, ਇਹ ਪਤਾ ਕਰਨ ਲਈ ਗਏ ਕਿ ਕਿਵੇਂ ਬਾਹਰ ਜਾਇਆ ਜਾ ਸਕਦਾ ਹੈ। ਇਥੇ ਹੀ ਪਤਾ ਲਗਾ ਕਿ ਝੱਬਰ ਜੀ ਦੇ ਅਤੇ ਤੇਜਾ ਸਿਘ ਚੂਹੜਕਾਣੇ ਵਾਲੇ ਦੇ ਵਾਰੰਟ ਗਿਰਫਤਾਰੀ ਜਾਰੀ ਹੋ ਗਏ ਹਨ ਅਤੇ ਜਾਇਦਾਦ ਜ਼ਬਤ ਹੋ ਗਈ ਹੈ।



Digitized by Panjab Digital Library | www.panjabdigilib.org

ਤੇਜਾ ਸਿੰਘ ਦੇ ਪਿਉ ਦੇ ਭਰਾ ਨੂੰ ਪੁਲੀਸ ਪਕੜ ਕੇ ਲੈ ਗਈ ਹੈ। ਝੱਬਰ ਇਹ ਸੁਣਕੇ ਵਾਪਸ ਘਰ ਆ ਗਿਆ ਅਤੇ ਰੁਪੈਆ ਘਰ ਛਡ ਕੇ ਅਗਲੇ ਭਲਕ ਸ: ਅਮਰ ਸਿੰਘ ਇਲਾਕਾ ਮੈਜਿਸਟਰੇਟ ਦੇ ਪਾਸ ਮੋਮਨ ਸਟੇਸ਼ਨ ਤੇ ਜਾ ਪੇਸ਼ ਹੋਏ।

ਉਹਨਾਂ ਇਨ੍ਹਾਂ ਰਾਤ ਨੂੰ ਸਾਂਗਲਾ ਰਖਕੇ ਸਵੇਰੇ ਚੂਹੜਕਾਣੇ ਲੈ ਆਂਦਾ। ਉਥੇ ਮਾਲ ਗਡੀ ਦੇ ਡਬੇ ਖੜੇ ਸਨ। ਉਹਨਾਂ ਡਬਿਆਂ ਵਿਚ ਇਲਾਕੇ ਦੇ ਫੜੇ ਹੋਏ ਲੋਕ ਬੰਦ ਕੀਤੇ ਹੋਏ ਸਨ ਜਿਥੇ ਝੱਬਰ ਭੀ ਲੈ ਆਂਦਾ। ਦੂਸਰੇ ਭਲਕ ਸ: ਤੇਜਾ ਸਿੰਘ ਜੀ ਚੂਹੜਕਾਣਾ ਨੂੰ ਵੀ ਪਕੜ ਕੇ ਲੈ ਆਏ। ੨੮ ਅਪਰੈਲ ਨੂੰ ਲਾਹੌਰ ਤੋਂ ਕਮਿਸ਼ਨਰ ਆਇਆ ਤਾਂ ਝੱਬਰ ਨੂੰ ਇਹ ਕਹਿਕੇ ਉਸ ਦੇ ਪੇਸ਼ ਕੀਤਾ ਗਿਆ ਕਿ ਇਹ ਕਰਤਾਰ ਸਿੰਘ ਝੱਬਰ ਰਿੰਗ ਲੀਡਰ ਹੈ।

੨੯ ਅਪਰੈਲ ਨੂੰ ਮੰਡੀ ਚੂਹੜ ਕਾਣੇ ਦੇ ਬੰਗਲੇ ਨਹਿਰ ਵਿਖੇ ਸਰਕਾਰ ਵਲੋਂ ਇਕ ਜਲਸਾ ਹੋਇਆ। ਸਾਢੇ ਚਾਰ ਸੌ ਦੇ ਲਗ ਪਗ ਜੋ ਆਦਮੀ ਗਿਰਫਤਾਰ ਕੀਤਾ ਹੋਇਆ ਸੀ ਉਹਨਾਂ ਨੂੰ ਜਲਸੇ ਵਿਚ ਇਕ ਪਾਸੇ ਬਿਠਾ ਦਿਤਾ ਗਿਆ। ਦੂਜੇ ਪਾਸੇ ਸਾਰੇ ਜ਼ਿਲੇ ਦੇ ਝੋਲੀ ਚਕ (ਸਰਕਾਰੀ ਪਿਠੂ) ਜਿਨ੍ਹਾਂ ਵਿਚ ਨਨਕਾਣੇ ਸਾਹਿਬ ਦੇ ਮਹੰਤ ਵੀ ਸਨ) ਬੈਠੇ ਹੋਏ ਸਨ। ਨਵੇਂ ਆਏ ਡਿਪਟੀ ਕਮਿਸ਼ਨਰ ਬਾਲਸਮਿਥ ਨੇ ਬੜੇ ਗੁਸੇ ਨਾਲ ਲੈਕਚਰ ਕਰਨਾ ਸ਼ੁਰੂ ਕੀਤਾ। ਪਹਿਲਾਂ ਉਸ ਨੇ ਕਿਹਾ ਕਿ "ਹਮ ਇਸ ਜਲਸੇ ਕਾ ਨਾਮ ਸ਼ਰਮ ਦਾ ਜਲਸਾ ਰਖਤੇ ਹੈਂ ਅਤੇ ਅੰਗਰੇਜ਼ ਗੌਰਮਿੰਟ ਵਲੋਂ ਬਨਾਈਆਂ ਚੀਜ਼ਾਂ ਦਾ ਵਰਨਣ ਕਰਨਾ ਸ਼ੁਰੂ ਕੀਤਾ ਕਿ ਦੇਖੋ ਆਪ ਕੇ ਫਾਇਦੇ ਕੇ ਲੀਏ ਸਰਕਾਰ ਨੇ ਕਿਆ ਕਿਆ ਨਿਆਮਤੇ ਬਨਾਈ ਹੈ ਜਿਸ ਮੇਂ ਨਹਿਰੇਂ, ਰੇਲੇਂ ਪਕੀ ਸੜਕੇਂ, ਤਾਰ ਕਾ ਪ੍ਰਬੰਧ, ਟੈਲੀਫੋਨ ਆਦ ਬਨਾਏਂ ਹੈਂ। ਉਸ ਤੋਂ ਬਾਹਦ ਉਸ ਨੇ ਧਮਕੀ ਦਿਤੀ ਕਿ "ਹਮਾਰੀ ਸ੍ਰਕਾਰ ਕੇ ਪਾਸ ਪਲਟਨੇਂ ਹੈਂ ਤੋਪੇਂ ਹੈਂ, ਬਾਰੂਦ, ਜੰਗੀ ਹਥਿਆਰ ਹੈ, ਜਿਸ ਸੇ ਆਪ ਕੋ ਏਕ ਮਿੰਟ ਮੇਂ ਤਬਾਹ ਕੀਆ ਜਾ



Digitized by Panjab Digital Library | www.panjabdigilib.org

ਸਕਤਾ ਹੈ, ਤੁਮ ਕਿਆ ਕਰ ਸਕਤੇ ਹੋ ?" ਗੋਰਾ ਜਿਉਂ ੨ ਲੈਕਚਰ ਕਰ ਰਿਹਾ ਸੀ ਇਸ ਦਾ ਗੁਸਾ ਹੋਰ ਵਧ ਰਿਹਾ ਸੀ ਇਥੋਂ ਤਕ ਕਿ ਬਦ ਜਬਾਨੀ ਬੋਲਣੀ ਸ਼ੁਰੂ ਕਰ ਦਿਤੀ ਕਿ ਤੁਮ ਸੂਰ ਲੋਕ ਹੋ, ਕੁਤਾ ਲੋਕ ਹੈ, ਕੀੜੀ ਲੋਕ ਹੈ, ਮਖੀ ਲੋਕ ਹੈ।

ਲੈਕਚਰ ਤੋਂ ਪਿਛੋਂ ਉਸੇ ਵੇਲੇ ਜਿਨੇ ਅਪਰਾਧੀ ਪਕੜੇ ਹੋਏ ਸਨ ਉਹਨਾਂ ਦੀ ਫਹਿਰਿਸਤ ਬਨਾ ਦੇ ਇਕ ਲਾਈਨ ਲਗਵਾ ਦਿਤੀ ਗਈ ਜਿਨ੍ਹਾਂ ਦੇ ਚਾਰ ਹਿਸੇ ਕਰ ਦਿਤੇ ਗਏ। ਪਹਿਲਾ ਹਿਸਾ ਰਿੰਗ ਲੀਡਰਾਂ ਦਾ, ੩੦ ਦੇ ਲਗ ਪਗ ਵਖਰਾ ਕਰ ਲਿਆ ਤੇ ਕਿਹਾ ਗਿਆ ਕਿ ਇਹਨਾਂ ਦਾ ਮੁਕਦਮਾ ਵਖਰਾ ਲਾਹੌਰ ਚਲਾਇਆ ਜਾਵੇਗਾ। ਸ਼ਾਹੂਕਾਰ ਆਰੜਤੀਆਂ ਨੂੰ ਦੋ ਦੋ ਸਾਲ ਕੈਦ, ਪੰਜ ੨ ਸੌ ਰੁਪੈ ਜੁਰਮਾਨਾ ਕੀਤਾ ਗਿਆ। ਬਾਕੀ ਦਿਆਂ ਨੂੰ ਛੇ ੨ ਮਹੀਨੇ ਸਖਤ ਕੈਦ ਦੀ ਸਜ਼ਾ ਕਰ ਦਿਤੀ ਗਈ। ਅਤੇ ਜੋ ਬੱਚੇ ਇਸ ਦੋਸ਼ ਵਿਚ ਪਕੜੇ ਗਏ ਸਨ ਉਹਨਾਂ ਨੂੰ ਕਈ ਦਰਜਨਾਂ ਬੈਂਤਾਂ (ਮਾਰਨ ਦੀ) ਸਜ਼ਾ ਦਿਤੀ ਗਈ। ਜਿਨਾਂ ਨੂੰ ਕੈਦ ਦੀ ਸਜ਼ਾ ਦਿਤੀ ਗਈ ਸੀ ਇਹਨਾਂ ਸਾਰਿਆਂ ਨੂੰ ਰਾਵਲ ਪਿੰਡੀ ਜੇਹਲ ਵਿਚ ਉਥੇ ਹੀ ਲੋਕਾਂ ਸਾਹਮਣੇ ਭੇਜ ਦਿਤਾ ਗਿਆ। ੩੦ ਆਦਮੀ, ਜਿਨਾਂ ਨੂੰ ਰਿੰਗ ਲੀਡਰ ਕਿਹਾ ਗਿਆ, ਨੂੰ ਲਾਹੌਰ ਬੋਰਸਟਰਲ ਜੇਹਲ ਵਿਚ ਭੇਜ ਦਿਤਾ ਗਿਆ। ਇਨਾਂ ਸਾਰਿਆਂ ਨੂੰ ਦੂਸਰੀ ਛੱਤੇ ਇਕ ੨ ਕੋਠੜੀ ਵਿਚ ਇਕ ੨ ਆਦਮੀ ਨੂੰ ਡੱਕ ਦਿਤਾ ਗਿਆ। ਜਦੋਂ ਮੁਕਦਮੇਂ ਦੀ ਪੇਸ਼ੀ ਵਾਸਤੇ ਇਹਨਾਂ ਨੂੰ ਇਸ ਜੇਹਲ ਤੋਂ ਬਾਹਰ ਲਿਆਂਦਾ ਗਿਆ ਤਾਂ ਬਾਹਰ ਸੈਂਟਰਲ ਜੇਹਲ ਵਿਚੋਂ ਗੁਜਰਾਂ ਵਾਲੇ ਤੋਂ ਪਕੜ ਕੇ ਲਿਆਂਦੇ ਹੋਏ ਲੀਡਰ ਵਕੀਲ ਆਦ ਜੋ ਇਹਨਾਂ ਦੇ ਨਾਲ ਹੀ ਪੇਸ਼ ਹੋਣੇ ਸਨ, ਬਿਠਾਏ ਹੋਏ ਸਨ। ਇਹਨਾਂ ਸਾਰਿਆਂ ਦੇ ਚੇਹਰੇ ਮੁਰਝਾਏ ਹੋਏ, ਰੰਗ ਪੀਲਾ ਤੇ ਮੂੰਹ ਤੇ ਮੁਰਦੇ ਹਾਨੀ ਛਾਈ ਹੋਈ ਸੀ। ਇਹਨਾਂ ਸਾਰਿਆਂ ਨੂੰ ਇਸ ਹਾਲਤ ਵਿਚ ਵੇਖ ਕੇ ਝੱਬਰ ਨੇ ਕਿਹਾ, 'ਓ ਸਰਦਾਰੋ ਤੇ ਵਕੀਲੋ ਅਤੇ ਲੀਡਰੋ ਤੁਸੀਂ ਇਸ ਤਰਾਂ ਕਿਉਂ ਰੋਣ ਵਾਲੀਆਂ ਸੂਰਤਾਂ ਬਣਾਈ ਖੜੇ



Digitized by Panjab Digital Library | www.panjabdigilib.org

SCC 411

ਹੋ ? ਤੁਹਾਨੂੰ ਇਹ ਭੁਲੇਖਾ ਹੈ ਕਿ ਸਾਨੂੰ ਛੋਡ ਦੇਣਗੇ, ਇਹ ਕਦੇ ਨਹੀਂ ਹੋਣਾ, ਇਹਨਾਂ ਸਾਨੂੰ ਜ਼ਰੂਰ ਕੈਦ ਕਰਨਾ ਹੈ ਅਤੇ ਰੱਜ ੨ ਕੇ ਸਜ਼ਾਵਾਂ ਦੇਣੀਆਂ ਹਨ। ਤਾਂ ਅਸੀ ਖਿੜੇ ਮੱਥੇ ਕਿਉਂ ਨਾ ਜਾ ਕੇ ਪੇਸ਼ ਹੋਈਏ। ਅੰਗਰੇਜ਼ ਪਾਸ ਆਪਣੀ ਬੁਜ਼ਦਿਲੀ ਦਾ ਇਜ਼ਹਾਰ ਕਿਉਂ ਕਰਦੇ ਹੋ ? ਇਹ ਕੀ ਆਖਣਗੇ ਕਿ ਪੰਜਾਬੀ ਇਕ ਭਬਕ ਵੀ ਸਹਾਰ ਨਾ ਸਕੇ ? ਇਸ ਲਈ ਤਕੜੇ ਹੋਵੋ ਅਸੀਂ ਆਪਣੇ ਦੇਸ਼ (ਪੰਜਾਬ) ਨੂੰ ਧੱਬਾ ਨਹੀਂ ਲਾਉਣਾ।" ਇਸ ਤਰ੍ਹਾਂ ਇਨਾਂ ਸਭ ਦੀ ਢਾਰਸ ਬੰਨ੍ਹਾਈ।

੧੯-੨੦ ਤੇ ੨੧ ਮਈ ਤਿੰਨ ਦਿਨ ਇਨ੍ਹਾਂ ਦੀਆਂ ਪੇਸ਼ੀਆਂ ਹੁੰਦੀਆਂ ਰਹੀਆਂ। ਜਦੋਂ ਵੀ ਪੇਸ਼ੀ ਵਾਸਤੇ ਲਿਜਾਂਦੇ ਤਾਂ ਚੂਹੜਕਾਣੇ ਦਾ ਜਥਾ ਅਗੇ ਅਤੇ ਗੁਜਰਾਂਵਾਲੇ ਦਾ ਜਥਾ ਪਿਛੇ, ਦੋ ਦੋ ਆਦਮੀਆਂ ਨੂੰ ਹੱਥ-ਕੜੀ ਲਗੀਆਂ ਹੋਈਆਂ ਤੋਰਿਆ ਜਾਂਦਾ ਸੀ। ਅਗੇ ਵਾਲੀ ਟੋਲੀ ਵਿਚ ਝੱਬਰ ਜੀ ਅਤੇ ਭਾਈ ਤੇਜਾ ਸਿੰਘ ਜੀ ਚੂਹੜਕਾਣਾ ਹੁੰਦੇ ਸਨ। ਤੁਰਦੇ ਸਾਰ ਹੀ ਝੱਬਰ ਜੀ ਤੇ ਭਾਈ ਤੇਜਾ ਸਿੰਘ ਜੀ ਨੇ ਗੁਰਬਾਣੀ ਦੇ ਸ਼ਬਦ ਉਚ ਉਚੀ ਜੋਟੀਆਂ ਦੇ ਸ਼ੁਰੂ ਕਰ ਦੇਣੇ, ਤੇ ਮਗਰ ਮਗਰ ਸਾਰਿਆਂ ਨੂੰ ਪੜ੍ਹਾਨੇ, ਇਸੇ ਤਰਾਂ ਪੜ੍ਹਦੇ ਪੜ੍ਹਦੇ ਯੂਨੀਵਰਸਟੀ ਹਾਲ ਵਿਚ (ਜਿਥੇ ਮੁਕਦਮੇਂ ਦੀ ਕਾਰਵਾਈ ਹੋ ਰਹੀ ਸੀ) ਪੁਜ ਜਾਣਾ। ਇਸੇ ਤਰ੍ਹਾਂ ਵਾਪਸੀ ਸਮੇਂ ਵੀ ਸ਼ਬਦ ਪੜ੍ਹਦੇ ਹੀ ਮੁੜਨਾ।

ਝੱਬਰ ਜੀ ਦੇ ਖਿਲਾਫ ਹੋਈਆਂ ਹੇਠਾਂ ਲਿਖੀਆਂ ਗਵਾਹੀਆਂ ਧਿਆਨ ਯੋਗ ਹਨ:—

(ੳ) ਗੁਵਾਹ ਭਾਈ ਸ਼ੀਸ਼ਾ ਸਿੰਘ ਸ਼ੇਰੋਕਾ (ਚੂਹੜਕਾਣਾ)

ਇਹ ਸਜਨ ਪੁਲਿਸ ਦਾ ਝੋਲੀ ਚੁਕ ਦਲਾਲ ਸੀ, ਇਸਨੇ ਝਬਰ ਦੇ ਖਿਲਾਫ਼ ਇਹ ਬਿਆਨ ਦਿਤੇ ਕਿ ਇਸ ਨੇ ਗਡੀ ਦਾ ਸ਼ੀਸ਼ਾ ਤੋੜਿਆ ਸੀ।

(ਅ) ਨੇਕੀ ਦਾ ਫ਼ਲ ਬਦੀ—ਗਵਾਹ

ਬਾਬੂ ਦੀਵਾਨ ਚੰਦ ਪਲੇਟੀਅਰ (ਜਿਨਾਂ ਨੂੰ ਝੱਬਰ ਨੇ ਚੂਹੜ ਕਾਣੇ ਇਕ ਰੇਲਵੇ ਦੇ ਨੌਕਰ ਪਾਸੋਂ ਜਾਣ ਬਖਸ਼ੀ ਕਰਵਾਈ ਸੀ) ਨੇ ਬਆਨ ਦਿਤੇ, ਕਿ ਝੱਬਰ ਕਹਿ ਰਿਹਾ ਸੀ ਕਿ ਇਸ ਨੂੰ ਮਾਰੋ ਤੇ ਗਡੀ



Digitized by Panjab Digital Library | www.panjabdigilib.org

ਲੁਟ ਲਵੇ।

(ੲ) ਸਿਖੀ ਪਿਆਰ—ਸਫਾਈ ਦਾ ਗੁਵਾਹ

ਬਾਵਾ ਬੁਧ ਸਿੰਘ ਜੀ ਸੁਪਰਟੈਂਡੈਂਟ ਇਨਜੀਨੀਅਰ ਪੀ. ਡਬਲੀਯੂ ਡੀ. ਨੂੰ ਝੱਬਰ ਜੀ ਨੇ ਸਫਾਈ ਦਾ ਉਗਾਹ ਤਲਬ ਕੀਤਾ। ਜਦ ਉਹਨਾਂ ਨੂੰ ਪਤਾ ਲਗਾ ਕਿ ਝੱਬਰ ਜੀ ਨੇ ਮੈਨੂੰ ਸਫਾਈ ਦਾ ਗਵਾਹ ਮੁਕਰਰ ਕੀਤਾ ਹੈ ਤਾਂ ਆਪ ਬਿਨਾਂ ਝਿਜਕ (ਸਰਕਾਰੀ ਨੌਕਰ ਹੋਣ ਦੇ ਬਾਵਜੂਦ ਭੀ) ਗੁਵਾਹੀ ਦੇਣ ਨੂੰ ਤਿਆਰ ਹੋ ਗਏ। ਇਸ ਤੇ ਪੁਲੀਸ ਨੇ ਉਨ੍ਹਾਂ ਨੂੰ ਬੜਾ ਧਮਕਾਇਆ ਕਿ ਆਪ ਸਰਕਾਰੀ ਮੁਲਾਜ਼ਮ ਹੋ, ਸਰਕਾਰ ਆਪ ਨੂੰ ਨੌਕਰੀ ਤੋਂ ਹਟਾ ਦੇਵੇਗੀ ਅਤੇ ਹੋ ਸਕਦਾ ਹੈ ਕਿ ਸਖਤ ਡੰਡ ਵੀ ਦੇਵੇ ਤੁਸੀ ਗੁਵਾਹੀ ਨਾ ਦੇਵੋ। ਪਰ ਉਹਨਾਂ ਇਹ ਕਿਹਾ ਕਿ ਮੈਂ ਗਵਾਹੀ ਜ਼ਰੂਰ ਦਿਆਂਗਾ ਕਿਉਂਕਿ ਇਹਨਾਂ ਮੇਰੇ ਨਾਲ ਨੇਕੀ ਕੀਤੀ ਹੈ।

੨੨-੫-੧੯੧੯ ਨੂੰ ਰੋਟੀ ਉਪਰੰਤ ਸਭ ਨੂੰ ਯੂਨੀਵਰਸਟੀ ਹਾਲ ਵਲ ਤੋਰਿਆ ਗਿਆ। ਇਹ ਸ਼ਬਦ ਪੜ੍ਹਦੇ ੨ ਯੂਨੀਵਰਸਟੀ ਹਾਲ ਵਿਚ ਪੁਜੇ। ਕਮਰਾ ਬੜਾ ਖੁਲ ਸੀ। ਅਦਾਲਤ ਦੇ ਸਾਹਮਣੇ ਸਾਰੇ ਜਥੇ ਨੂੰ ਇਕ ਕਤਾਰ ਵਿਚ ਖਲਾਰਿਆ ਗਿਆ। ਤਿੰਨ ਸ਼ੀਸ਼ਨ ਜੱਜ ਇਕਠੇ ਬੈਠੇ ਸਨ, ਇਕ ੨ ਨੂੰ ਵੇਖ ਕੇ ਪਾਸ ਕਰਨ ਲਗੇ। ਉਥੇ ਇਸੇ ਤਰਾਂ ਅਧਾ ਘੰਟਾ ਛਾਣ ਬੀਣ ਹੁੰਦੀ ਰਹੀ। ਇਹਨਾਂ ਤੀਹਾਂ ਵਿਚੋਂ ਜਿਨ੍ਹਾਂ ਦੇ ਕਪੜੇ ਮੈਲੇ—ਕੁਚੀਲ ਤੇ ਸ਼ਕਲ ਵੀ ਰੋਹਬ ਵਾਲੀ ਦਿਸਦੀ ਸੀ ਉਹਨਾਂ ਨੂੰ ਸਾਫ ਬਰੀ ਕਰ ਦਿਤਾ ਗਿਆ। ਇਹ ਸੱਤ ਆਦਮੀ ਸਨ, ਇਹਨਾਂ ਸੱਤਾਂ ਵਿਚੋਂ ਇਕ ਦਿਆਲ ਸਿੰਘ ਨਾਜ਼ਰੀਆ ਜਿਸ ਦੇ ਘਰੋਂ ਗਡੀ ਦਾ ਚੁਰਾਇਆ ਮਾਲ ਵੀ ਬਰਾਮਦ ਹੋਇਆ ਸੀ, ਉਹ ਵੀ ਬਰੀ ਕਰ ਦਿਤਾ ਗਿਆ, ਕਿਉਂਕਿ ਉਸ ਦੇ ਕਪੜੇ ਵੀ ਮੈਲੇ ਕੁਚੈਲੇ ਸਨ।

ਸਤਾਰਾਂ ਆਦਮੀਆਂ ਨੂੰ ਉਮਰ ਕੈਦ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਬਾਕੀ ੧. ਕਰਤਾਰ ਸਿੰਘ ਝੱਬਰ ੨. ਤੇਜਾ ਸਿੰਘ



Digitized by Panjab Digital Library | www.panjabdigilib.org

ਚੂਹੜਕਾਣਾ ੩. ਕਾਹਨ ਸਿੰਘ ਚੂਹੜਕਾਣਾ ੪. ਜਾਗੀਰ ਸਿੰਘ ਮਰੀਦਕਾ ੫. ਮਾਹਣਾ ਸਿੰਘ ਨੋਖਰ ਦਾ, ੬. ਮੈਹਰਦੀਨ ਲੁਹਾਰ ਕਾਲੋਕਾ ਨੂੰ ਇਕ ਜੱਜ ਨੇ ਹੁਕਮ ਸੁਣਾਇਆ ਕਿ ਇਨ ਛੀ ਕੋ ਫਾਂਸੀ ਪਰ ਲਟਕਾਇਆ ਜਾਵੇਗਾ। ਤਾਂ ਸੁਨਦੇ ਸਾਰ ਹੀ ਝੱਬਰ ਜੀ ਨੇ ਪੰਜ ਜੈਕਾਰੇ ਲਗਾਤਾਰ ਬੜੀ ਉਚੀ ਗਜਾਏ। ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਯੂਨੀਵਰਸਟੀ ਹਾਲ ਨੂੰ ਗੁੰਜਾ ਦਿਤਾ। ਜਦ ਯੂਨੀਵਰਸਟੀ ਹਾਲ ਤੋਂ ਬਾਹਰ ਲਿਆਂਦਾ ਗਿਆ ਤਾਂ ਝੱਬਰ ਜੀ ਨੇ ਬਾਹਰੋਂ ਆਏ ਸਜਨਾਂ ਨੂੰ ਕਿਹਾ ਕਿ ਸਜਨੋ ਤੁਸੀਂ ਹੁਣ ਵਾਪਸ ਘਰਾਂ ਨੂੰ ਚਲੇ ਜਾਉ ਸਾਡੀ ਤੁਹਾਡੀ ਆਖਰੀ ਫ਼ਤਹਿ ਹੈ, ਆਪ ਨੇ ਕਿਸੇ ਕਿਸਮ ਦਾ ਸ਼ੋਕ ਨਹੀਂ ਕਰਨਾ।

ਇਹਨਾਂ ੨੩ ਆਦਮੀਆਂ ਨੂੰ ਸੈਂਟਰਲ ਜੇਹਲ ਲਿਜਾਇਆ ਗਿਆ। ਡਿਉਢੀ ਦੇ ਇਕ ਪਾਸੇ ਕਮਰੇ ਵਿਚ ਬਠਾਇਆ ਗਿਆ ਅਤੇ ਇਕ ਕਲਰਕ ਨੇ ਇਹਨਾਂ ਸਾਰਿਆਂ ਦੇ ਨਾਮ ਪਤੇ ਪਿੰਡ ਜਾਤ ਆਦ ਲਿਖਣੇ ਸ਼ੁਰੂ ਕੀਤੇ। ਝੱਬਰ ਜੀ ਨੇ ਕਿਹਾ ਕਿ ਤੁਸੀ ਨਾਮ ਪਤੇ ਲਖਵਾ ਲਵੋ ਮੈਨੂੰ ਤਾਂ ਨੀਂਦ ਆਈ ਹੋਈ ਹੈ ਮੈਂ ਕੁਝ ਸਮਾਂ ਸੌਂ ਲਵਾਂ। ਡੇਢ ਘੰਟੇ ਪਿਛੋਂ ਝੱਬਰ ਜੀ ਨੂੰ ਉਠਾਇਆ ਗਿਆ ਤਾਂ ਇਹਨਾਂ ਨੇ ਵੀ ਆਪਨਾ ਸਾਰਾ ਨਾਮ ਪਤਾ ਲਿਖਵਾ ਦਿਤਾ। ਫਾਂਸੀ ਦੇ ਛੇ ਕੈਦੀਆਂ ਨੂੰ ਵਾਰਡ ਨੰ: ੧੪ ਵਿਚ ਲਿਜਾ ਕੇ ਵਖੋ ਵਖ ਕਮਰਿਆਂ ਵਿਚ ਇਕ ਮਾਰਸ਼ਲ ਲਾ ਤੇ ਇਕ ਇਖਲਾਕੀ ਕੈਦੀ, ਇਸ ਤਰਾਂ ਬੰਦ ਕਰ ਦਿਤਾ ਗਿਆ।

ਝੱਬਰ ਜੀ ਦੀ ਕੋਠੀ ਦੇ ਨਾਲ ਦੀ ਕੋਠੀ ਵਿਚ ਇਕ ਇਖਲਾਕੀ ਕੈਦੀ ਕਿਰਪਾ ਸਿੰਘ ਤਹਿਸੀਲ ਅਜਨਾਲਾ ਜ਼ਿਲਾ ਅੰਮ੍ਰਿਤਸਰ ਦਾ ਸਿਖ ਸੀ। ਇਸ ਨੇ ਸ਼ਾਮ ਦੇ ਵਕਤ ਸ੍ਰੀ ਰਹਿਰਾਸ ਦਾ ਪਾਠ ਅਰੰਭ ਕੀਤਾ, ਪਾਠ ਵੀ ਕਰੀ ਜਾਂਦਾ ਸੀ ਤੇ ਰੋਈ ਵੀ ਜਾਂਦਾ ਸੀ,। ਕੋਠੀਆਂ ਨੇੜੇ ੨ ਹੋਣ ਕਾਰਨ ਉਸ ਦੇ ਪਾਠ ਅਤੇ ਰੋਣ ਦੀ ਆਵਾਜ਼ ਸੁਣਾਈ ਦੇ ਰਹੀ ਸੀ, ਜਿਸ ਕਰਕੇ ਝੱਬਰ ਜੀ ਨੇ ਉਸ ਦਾ (ਕਿਰਪਾ ਸਿੰਘ) ਦਾ ਨਾਮ ਪਤਾ



Digitized by Panjab Digital Library | www.panjabdigilib.org

ਪੁਛਿਆ, ਤੇ ਗੁਰਬਾਣੀ ਦੀ ਮਹੱਤਤਾ ਦਸੀ, ਕਿਹਾ ਕਿ ਇਕ ਪਾਸੇ ਗੁਰਬਾਣੀ ਪੜ੍ਹਨੀ ਦੂਸਰੇ ਪਾਸੇ ਰਜ਼ਾ ਦੇ ਉਲਟ ਹੋਨਾ, ਠੀਕ ਨਹੀਂ ਉਸ ਨੇ ਕਿਹਾ ਕਿ ਮੈਂ ਦੋ ਕਤਲ ਕੀਤੇ ਹਨ, ਜਿਸ ਵਿਚ ਮੈਨੂੰ ਫਾਂਸੀ ਦੀ ਸਜ਼ਾ ਹੋ ਚੁਕੀ ਸੀ, ਕਈ ਅਪੀਲਾਂ ਹੋਣ ਦੇ ਬਾਵਜੂਦ ਮੇਰੀਆਂ ਅਪੀਲਾਂ ਖਾਰਜ ਹੋ ਚੁਕੀਆਂ ਹਨ, ਹੁਣ ਜਦ ਮੈਨੂੰ ਫਾਂਸੀ ਦਾ ਨਾ ਚੇਤੇ ਆਉਂਦਾ ਹੈ ਤਾਂ ਮੇਰਾ ਰੋਣ ਨਿਕਲ ਜਾਂਦਾ ਹੈ। ਤਾਂ ਝੱਬਰ ਜੀ ਨੇ ਜੁਵਾਬ ਦਿਤਾ ਕਿ ਪਰੇਮੀਆਂ ਕੀ ਤੇਰੇ ਪਾਸ ਗੁਟਕਾ ਹੈ ਤਾਂ ਸੁਖਮਨੀ ਸਾਹਿਬ ਵਿਚ ਪੜ ਕਿ ਸਤਿਗੁਰੂ ਜੀ ਨੇ ਫੁਰਮਾਇਆ ਹੈ, "ਨਹ ਕਿਛ ਜਨਮੈ ਨਹ ਕਿਛ ਮਰੈ। ਆਪਨ ਚਰਿਤ ਆਪ ਹੀ ਕਰੈ" ਮਰਨ ਹਾਰ ਇਹ ਜੀਅਰਾ ਨਾਹੀ। ਕਿਰਪਾ ਸਿੰਘ ਵੇਖ ਗੁਰਬਾਣੀ ਦਾ ਅਟਲ ਹੁਕਮ ਇਹ ਜੀਵ ਆਤਮਾ ਮਰਨ ਹਾਰ ਨਹੀਂ, ਸਿਰਫ ਸਰੀਰ (ਚੋਲੇ ਦੀ ਨਿਆਈ ਬਦਲਨਾ ਹੈ) ਇਸ ਲਈ ਮੌਤ ਚੋਲਾ ਬਦਲਨ ਦਾ ਨਾਮ ਹੈ, ਆਤਮਾ ਮਰਨ ਵਾਲੀ ਚੀਜ ਨਹੀਂ, ਇਸ ਲਈ ਤੂੰ ਨਿਰਭੈ ਹੋ ਜਾ, ਤੂੰ ਮਰ ਨਹੀਂ ਸਕਦਾ। ਤਿੰਨ ਦਿਨ ਇਸੇ ਤਰਾਂ ਗੁਰਬਾਣੀ ਦੁਆਰਾ ਝੱਬਰ ਜੀ ਉਸ ਨੂੰ ਉਪਦੇਸ਼ ਦੇਂਦੇ ਅਤੇ ਉਸ ਦੇ ਢੱਠੇ ਮਨ ਨੂੰ ਢਾਰਸ ਦੇ ਖੜਾ ਕਰਦੇ ਰਹੇ। ਚੌਥੇ ਦਿਨ ਉਸ ਨੇ ਕਿਹਾ ਕਿ ਮੈਂ ਵਾਹਿਗੁਰੂ ਜੀ ਦਾ ਅਤਿਅੰਤ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਤੁਹਾਡੇ ਜ਼ੇਹੇ ਗੁਰਮੁਖ ਨੂੰ ਇਸ ਕਾਲ ਕੋਠੜੀ ਵਿਚ ਭੇਜਕੇ ਆਪਣਾ ਬਿਰਦ ਪਾਲਕ ਹੋਣ ਦਾ ਸਬੂਤ ਦਿਤਾ ਹੈ ਅਤੇ ਆਪ ਦਾ ਮੇਲ ਹੋ ਗਿਆ ਹੈ। ਹੁਣ ਮੈਨੂੰ ਮੌਤ ਦਾ ਕੋਈ ਭੈ ਨਹੀਂ ਰਿਹਾ।

ਪੰਜ ਤਾਰੀਖ ਨੂੰ ਇਹ ਗੁਰਮੁਖ ਹੱਸਦਾ ੨, ਜੈਕਾਰੇ ਗਜਾ ਦਾ ਹੋਇਆ ਫਾਂਸੀ ਦੇ ਤਖਤੇ ਤੇ ਜਾ ਚੜ੍ਹਿਆ ਅਤੇ ਆਪਨੇ ਗਲੇ ਵਿਚ ਫਾਹੀ ਪੁਵਾਕੇ ਸਦਾ ਦੀ ਨੀਂਦਰੇ ਸੌਂ ਗਿਆ।

**ਸ੍ਰੀ ਕਲਗੀਧਰ ਸਾਹਿਬ ਜੀ ਦੇ ਦਰਸ਼ਨ :**

ਇਸ ਕੈਦ ਖਾਨੇ ਵਿਚ ਇਨਾਂ ਨੂੰ ਇਕ ਬਾਟੀ ਪਾਣੀ ਦੀ ਮਿਲਦ



Digitized by Panjab Digital Library | www.panjabdigilib.org

ਹੁੰਦੀ ਸੀ। ਜਿਸ ਨਾਲ ਝੱਬਰ ਜੀ ਸਵੇਰੇ ਅੰਮ੍ਰਿਤ ਵੇਲੇ ਉਠਕੇ ਪੰਜ ਇਸ਼-ਨਾਨਾ ਕਰ ਕੇ ਪੰਜ ਬਾਣੀਆਂ ਦਾ ਨਿਤਨੇਮ ਕਰ ਲਿਆ ਕਰਦਾ ਸੀ। ੨੯-੩੦ ਮਈ ਦੀ ਸਾਂਝੀ ਰਾਤ ਅੰਮ੍ਰਿਤ ਵੇਲੇ ਆਪਣੀ ਨਿਤ ਕਰਮ ਲਈ ਉਠ ਪਾਣੀ ਦੇ ਦੋ ਚੂਲਿਆਂ ਨਾਲ ਪੰਜ ਇਸ਼ਨਾਨਾ ਕੀਤਾ, ਤੇ ਪੰਜ ਬਾਣੀਆਂ ਦਾ ਨਿਤ ਨੇਮ ਕਰ ਪੰਜ ਸ਼ਬਦ ਪੜ ਕੇ ਅਰਦਾਸ ਕੀਤੀ, ਅਰ-ਦਾਸ ਉਪਰੰਤ ਐਹੋ ਜੇਹਾ ਸਰੂਰ ਆਇਆ ਕਿ ਅੱਖ ਲਗ ਗਈ, ਸੁਪਨੇ ਵਿਚ ਕੀ ਵੇਖਦੇ ਹਨ ਕਿ ਕੋਠੜੀ ਦੇ ਬੂਹੇ ਅੱਗੇ ਸ਼ਹਿਨ ਸ਼ਾਹ ਸਾਹਿਬ ਸ੍ਰੀ ਗੁਰੂ ਕਲਗੀਧਰ ਸ਼ਾਹਿਬ ਪੰਜਾਂ ਸਿੰਘਾਂ ਸਮੇਤ ਨੀਲਾ ਬਾਨਾ ਪਹਿਰੀ ਸ਼ਸ਼ੋਭਤ ਸਨ। ਦਰਸ਼ਨਾਂ ਦਾ ਅਦਭੁਤ ਦ੍ਰਿਸ਼ ਅਤੇ ਰੱਬੀ ਝਲਕਾਰੇ ਨੂੰ ਵੇਖਦਿਆਂ ਇਹ ਅਦਬ ਨਾਲ ਉਠ ਖੜੇ ਹੋਇ। ਇਨੇ ਚਿਰ ਨੂੰ ਸਾਹਿਬ ਸ੍ਰੀ ਗੁਰੂ ਕਲਗੀਧਰ ਪਾਤਸ਼ਾਹ ਅਗਾਂਹ ਨੂੰ ਤੁਰ ਪਏ। ਝੱਬਰ ਨੇ ਅਰਜ਼ ਕੀਤੀ ਕਿ ਮਹਾਰਾਜ ਮੈਨੂੰ ਵੀ ਲੈ ਚਲੋ, ਤਾਂ ਉਤਰ ਮਿਲਿਆ ਕਿ ਤੁਸੀਂ ਬੈਠ ਜਾਵੋ ਤੇ ਇਥੇ ਹੀ ਰਵੋ. ਤੁਹਾਡੀ ਲੋੜ ਨਹੀਂ। ਐਤਨੇ ਨੂੰ ਝੱਬਰ ਜੀ ਦੀ ਅੱਖ ਖੁਲ ਗਈ ਤਾਂ ਸਾਹਮਨੇ ਭਾਈ ਤੇਜਾ ਸਿੰਘ ਜੀ ਦੀ ਕੋਠੀ ਸੀ। ਉਸ ਨੂੰ ਅਵਾਜ਼ ਮਾਰੀ ਕਿ ਭਾਈ ਤੇਜਾ ਸਿੰਘ ਜਾਗਦਾ ਹੈਂ ਤਾਂ ਉਸ ਨੇ ਕਿਹਾ ਕਿ ਜਾਗਦਾ ਹਾਂ– ਤਾਂ ਝੱਬਰ ਜੀ ਨੇ ਕਿਹਾ ਕਿ ਭਾਈ ਸਾਹਿਬ ਜੀ ਕੰਮ ਖਰਾਬ ਹੋ ਗਿਆ ਹੈ। ਸ੍ਰੀ ਕਲਗੀਧਰ ਸ਼ਾਹਿਬ ਜੀ ਨੇ ਦਰਸ਼ਨ ਦਿਤੇ ਹਨ ਤੇ ਕਿਹਾ ਨੇ ਕਿ ਤੇਰੀ ਲੋੜ ਨਹੀਂ ? ਜਿਸ ਦਾ ਮਤਲਬ ਇਹ ਹੈ ਕਿ ਅਸਾਂ ਫਾਸੀ ਨਹੀਂ ਚੜਨਾ। ਭਾਈ ਤੇਜਾ ਸਿੰਘ ਜੀ ਨੇ ਕਿਹਾ ਕਿ ਭਾਈ ਜੀ ਸੁਪਨੇ ਦੀਆਂ ਗਲਾਂ ਸੁਪਨਾ ਹੋਇਆ ਕਰਦੀਆਂ ਹਨ ਤੁਸੀਂ ਐਵੇਂ ਇਉਂ ਕਹਿੰਦੇ ਹੋ। ਝੱਬਰ ਜੀ ਨੇ ਕਿਹਾ ਭਾਈ ਤੇਜਾ ਸਿੰਘ ਜੀ ਅਸੀਂ ਚਾਹੁੰਦੇ ਸਾਂ ਕਿ ਅਸੀਂ ਭੀ ਲੋਕ ਅਜ਼ਾਦੀ ਲਈ ਆਪਣੀ ਅਹੂਤੀ (ਸ਼ਹੀਦੀ) ਪਾਂਦੇ , ਪਰ ਮੈਨੂੰ ਪੂਰਨ ਯਕੀਨ ਹੈ ਕਿ ਅਸੀਂ ਫਾਂਸੀ ਨਹੀਂ ਚੜਨਾ। ਫਾਂਸੀ ਤੇ ਚੜ੍ਹਨ ਦੀ ਸਾਡੀ ਸਧਰ ਧਰੀ ਧਰਾਈ ਅਧੂਰੀ ਰਹਿ ਗਈ ਜਾਪਦੀ ਹੈ।



Digitized by Panjab Digital Library | www.panjabdigilib.org

ਬੋਸਟਰਲ ਜੇਹਲ ਵਿਚ ਹੁੰਦਿਆਂ ੨੫ ਮਈ ਨੂੰ ੬ ਅੰਦਮੀਆਂ ਦੇ ਕਸੂਰ ਦੇ ਕੇਸ ਵਿਚ ਫ਼ਾਂਸੀ ਹੋ ਕੇ ਸਸਕਾਰ ਹੋਏ ਸਨ, ਉਤੋਂ ਇਹਨਾਂ ਦੀ ਵਾਰੀ ਸੀ। ਜਿਵੇਂ ਕੋਈ ਮੁਸਾਫਰ ਸਟੇਸ਼ਨ ਤੋਂ ਟਿਕਟ ਲੈ ਕੇ ਪਲੇਟ ਫ਼ਾਰਮ ਤੇ ਗੱਡੀ ਵਿਚ ਬੈਠਣ ਲਈ ਉਤਾਵਲਾ ਹੋਇਆ ਹੁੰਦਾ ਹੈ, ਇਸੇ ਤਰ੍ਹਾਂ ਇਹ ਆਜ਼ਾਦੀ ਦੇ ਪਰਵਾਨੇ ਭੀ ਇਸ ਸ਼ੌਕ ਵਿਚ ਕਿ ਅਸੀਂ ਮੁਲਕ ਦੀ ਆਜ਼ਾਦੀ ਦੀ ਖਾਤਰ ਫ਼ਾਂਸੀ ਹੋਵਾਂਗੇ ਤੇ ਸ਼ਹੀਦਾਂ ਦੀ ਲੜੀ ਵਿਚ ਪਰੁਚੇ ਜਾਵਾਂਗੇ, ਫ਼ਾਂਸੀ ਵਾਲੇ ਦਿਨ ਨੂੰ ਖੁਸ਼ੀ ਖੁਸ਼ੀ ਉਡੀਕ ਰਹੇ ਸਨ। ਪਰ ਕਰਤਾਰ ਦੇ ਰੰਗ ਨਿਆਰੇ ਹਨ।

੩੦ ਮਈ ਦਾ ਸਾਰਾ ਦਿਨ ਗੁਜ਼ਰ ਗਿਆ ਤਕਰੀਬਨ ਸ਼ਾਮ ਦੇ ਪੰਜ ਵਜੇ ਦੇ ਕਰੀਬ ਜੇਹਲ ਦਰੋਗਾ ੧੪ ਨੰਬਰ ਵਾਰਡ ਵਿਚ ਇਨਾਂ ਦੀਆਂ ਕੋਠੀਆਂ ਦੇ ਪਾਸ ਪੁਜਾ ਅਤੇ ਇਹਨਾਂ ਛਿਆਂ ਚੂਹੜਕਾਣੇ ਦੇ ਫਾਂਸੀ ਵਾਲੇ ਕੈਦੀਆਂ ਨੂੰ ਬਾਹਰ ਕੱਢ ਕੇ ਕਹਿਣ ਲਗਾ ਕਿ ਤੁਹਾਡੇ ਨੰਬਰ ਬਦਲ ਗਏ ਹਨ ਅਤੇ ਤੁਹਾਡੀ ਫ਼ਾਂਸੀ ਦੀ ਸਜ਼ਾ ਮਨਸੂਖ ਹੋ ਚੁਕੀ ਹੈ ਤੇ ਕਾਲੇ ਪਾਣੀ ਉਮਰ ਕੈਦ ਸਜ਼ਾ ਦਿਤੀ ਗਈ ਹੈ, ਇਸ ਲਈ ਤੁਸਾਂ ਨੂੰ ੧੨ ਨੰਬਰ ਵਿਚ ਬੰਦ ਕਰ ਦਿਤਾ ਗਿਆ ਹੈ।

ਬੈਰਕ ਬਾਰਾਂ ਨੰਬਰ ਵਿਚ ਲੋਹੇ ਦੇ ਪਿੰਜਰੇ ਸੀ ਜਿਨਾਂ ਵਿਚ ਇਨਾਂ ਨੂੰ ਬੰਦ ਕੀਤਾ ਗਿਆ। ਇਹ ਛੇ ਫੁਟ ਲੰਮੀਆਂ ਤੇ ਢਾਈ ਫੁਟ ਚੌੜੀਆਂ ਸਨ, ਅਤੇ ਇਹਨਾਂ ਦੇ ਵਿਚ ਹੀ ਟਟੀਆਂ ਸਨ। ਜੇਠ-ਹਾੜ ਦੇ ਦਿਨ, ਕੈਹਰ ਦੀ ਗਰਮੀਂ ਪੈ ਰਹੀ ਸੀ, ਇਸ ਪਿੰਜਰੇ ਵਿਚ ਇਸ ਕਦਰ ਤੰਗੀ ਹੋਈ ਕਿ ਜੇ ਕਰ ਕਪੜੇ ਨਹੀਂ ਲਾਉਂਦੇ ਤਾਂ ਮੁੜਕਾ ਆਉਂਦਾ ਸੀ ਤੇ ਜੇ ਕਰ ਕਪੜੇ ਉਤਾਰ ਦੇਂਦੇ ਤਾਂ ਲੋਹੇ ਦੀਆਂ ਸੀਖਾਂ ਜੋ ਜੇਠ-ਹਾੜ ਦੀ ਗਰਮੀਂ ਨਾਲ ਤਪੀਆਂ ਹੁੰਦੀਆਂ ਸਨ ਸਰੀਰ ਸਾੜਦੀਆਂ ਸਨ। ਫੇਰ ਜਦ ਸ਼ਾਮ ਪਈ ਤਾਂ ਝੱਬਰ ਜੀ ਨੇ ਸ੍ਰੀ ਰਹਿਰਾਸ ਦਾ ਪਾਠ ਅਰੰਭ ਕੀਤਾ। ਆਪਣੇ ਸੁਭਾ ਮੁਤਾਬਕ ਪਾਠ ਉਚੀ ਕਰ ਰਹੇ ਸਨ। ਇਹਨਾਂ ਦੀ ਨਿਗਰਾਨੀ ਲਈ ਇਕ ਮਸੱਲੀ ਬਾਹਰ ਪਹਿਰਾ ਦੇ ਰਿਹਾ ਸੀ, ਉਸ ਨੇ



Digitized by Panjab Digital Library | www.panjabdigilib.org

ਕਿਹਾ ਕਿ ਰੌਲਾ ਮਤ ਪਾਉ, ਚੁਪ ਕਰਕੇ ਬੈਠੋ, ਜੱਬਰ ਨੇ ਕਿਹਾ ਕਿ ਤੂੰ ਚੁਪ ਕਰ, ਮੈਂ ਪਾਠ ਕਰ ਰਿਹਾ ਹਾਂ। ਜਦ ਸਵੇਰ ਹੋਈ ਤਾਂ ਇਸ ਮਸਲੀ (ਚੂਹੜੇ) ਨੇ ਸਭ ਦੀਆਂ ਝੂਠੀਆਂ ਸ਼ਕਾਇਤਾਂ ਲਾ ਕੇ ਕਿ ਇਹ ਰੌਲਾ ਪਾਂਦੇ ਸਨ ਆਦ, ਉਹਨਾਂ ਨੂੰ ਜੁਤੀਆਂ ਦੀ ਮਾਰ ਆਦ ਪਵ ਈ। ਜਦ ਝੱਬਰ ਪਾਸ ਜੇਹਲ ਦਾ ਅਫਸਰ ਆਇਆ ਤਾਂ ਝੱਬਰ ਦੀ ਵੀ ਮਸਲੀ ਨੇ ਸ਼ਕਾਇਤ ਲਾਈ ਕਿ ਇਹ ਬਹੁਤ ਰੌਲਾ ਪਾਂਦਾ ਸੀ ਤਾਂ ਝੱਬਰ ਨੇ ਜੇਹਲ ਦੇ ਅਫਸਰ ਨੂੰ ਮੁਖਾਤਬ ਕਰਕੇ ਕਿਹਾ ਕਿ ਜੇ ਆਪ ਮੇਰੇ ਵਾਲੀ ਕੋਠੜੀ ਵਿਚ ਬੰਦ ਹੋਵੇ ਅਤੇ ਨਿਮਾਜ਼ ਦਾ ਵੇਲਾ ਹੋਵੇ ਤਾਂ ਕੀ ਤੁਸੀਂ ਮੁਸਲਮਾਨ ਹੋਣ ਦੀ ਹੈਸੀਅਤ ਵਿਚ ਨਮਾਜ਼ ਨਾ ਪੜੋਗੇ। ਮੈਂ ਆਪਣਾ ਰੋਜ਼ਾਨਾ ਦਾ ਨੇਮ ਪਾਠ ਕਰ ਰਿਹਾ ਸਾਂ। ਇਸ ਨੇ ਮਨ੍ਹਾਂ ਕੀਤਾ। ਜਿਸ ਤੇ ਅਫਸਰ ਜੇਹਲ ਚੁਪ ਕਰ ਗਿਆ ਤੇ ਕਹਿਣ ਲਗਾ ਕਿ ਹੌਲੀ ਕਰ ਲਿਆ ਕਰੋ, ਝੱਬਰ ਨੇ ਕਿਹਾ ਜਿਵੇਂ ਰੋਜ਼ਾਨਾ ਕਰਨਾ ਹਾਂ ਉਸੇ ਹੀ ਤਰਾਂ ਕੀਤਾ ਹੈ, ਹੌਲੀ ਤੇ ਨਹੀਂ ਹੁੰਦਾ। ਉਹ ਚੁਪ ਕਰਕੇ ਚਲੇ ਗਏ ਤੇ ਝੱਬਰ ਹੋਰੀਂ ਰੋਜ਼ ਉਸੇ ਤਰਾਂ ਪਾਠ ਕਰਦੇ ਰਹੇ। ਫਿਰ ਕਿਸੇ ਨੇ ਨਾ ਰੋਕਿਆ।

੬-੬-੧੯੧੯ ਨੂੰ ਇਹਨਾਂ ਛੀਆਂ ਆਦਮੀਆਂ ਦਾ ਡਾਕਟਰੀ ਮੁਲਾਜ਼ਾ ਕਾਲੇ ਪਾਣੀ ਜਾਣ ਹਿਤ ਕਰਵਾਇਆ ਗਿਆ। ਓਹਦੇ ਵਿਚ ਇਹ ਸ਼ਰਤ ਮੌਜੂਦ ਸੀ ਕਿ ਜਿਸ ਆਦਮੀ ਦੀ ਉਮਰ ਚਾਲੀ ਸਾਲ ਤੋਂ ਉਪਰ ਹੋਵੇ ਉਹ ਕਾਲੇ ਪਾਣੀ ਨਹੀਂ ਜਾ ਸਕਦਾ। ਤੇਜਾ ਸਿੰਘ, ਤੇ ਜਾਗੀਰ ਸਿੰਘ ਦੀ ਉਮਰ ਛੋਟੀ ਸੀ। ਇਹ ਪਾਸ ਹੋ ਗਏ। ਜਦ ਭਾਈ ਸਾਹਿਬ ਤੇਜਾ ਸਿੰਘ ਨੂੰ ਪਤਾ ਲਗਾ ਕਿ ਝੱਬਰ ਜੀ ਰਹਿ ਗਏ ਹਨ ਤਾਂ ਉਹਨਾਂ ਝੱਬਰ ਜੀ ਨੂੰ ਕਿਹਾ ਕਿ ਝੱਬਰ ਜੀ ਤੁਸੀਂ ਵੀ ਆਪਣੀ ਉਮਰ ਥੋੜੀ ਲਖਵਾਉ ਤਾਂ ਜੋ ਅਸੀਂ ਸਾਰੇ ਇਕੱਠੇ ਦੰਗੀ ਉਮਰ ਕਟ ਲਵਾਂਗੇ। ਉਹਨਾਂ ਦੇ ਕਹੇ ਤੇ ਝੱਬਰ ਜੀ ਨੇ ਆਪਣੀ ਉਮਰ ਜੋ ੪੦-੪੫ ਸਾਲ ਦੀ ਸੀ ਤੋਂ ਘਟ ੩੯ ਸਾਲ ਲਿਖਵਾ



Digitized by Panjab Digital Library | www.panjabdigilib.org

ਦਿਤੀ ਪਰ ਡਾਕਟਰ ਨੇ ਕਿਹਾ ਕਿ ਸਰਦਾਰ ਸਾਹਿਬ ਤੁਹਾਡੀ ਤਾਂ ਉਮਰ ਬਹੁਤ ਜ਼ਿਆਦਾ ਹੈ ਤੁਸੀਂ ਆਪਣੀ ਸਹੀ ਉਮਰ ਕਿਉਂ ਨਹੀਂ ਲਿਖਵਾਂ-ਉਂਦੇ ? ਪਰ ਝੱਬਰ ਜੀ ਨੇ ਕਿਹਾ ਕਿ ਡਾਕਟਰ ਸਾਹਿਬ ਭਾਵੇਂ ਮੇਰੀ ਉਮਰ ਠੀਕ ਜ਼ਿਆਦਾ ਹੀ ਹੈ, ਪਰ ਮੇਰੇ ਸਾਥੀ ਮੇਰੇ ਨਾਲ ਰਹਿਣਾ ਚੰਗਾ ਸਮਝਦੇ ਹਨ, ਮੈਂ ਉਹਨਾਂ ਨੂੰ ਵਿਛੋੜਨਾ ਨਹੀਂ ਚਾਹੁੰਦਾ ਜਿਸ ਕਰਕੇ ਮੈਂ ਆਪਣੀ ਉਮਰ ਥੋੜੀ ਲਿਖਵਾ ਰਿਹਾ ਹਾਂ ਸੋ ਤੁਸੀਂ ਮੇਰੀ ਥੋੜੀ ਉਮਰ ਦਰਜ ਕਰ ਲਵੋ, ਜਿਸਤੇ ਡਾਕਟਰ ਨੇ ਉਮਰ ਥੋੜੀ ਦਰਜ ਕਰ ਲਈ। ਕਾਲੇ ਪਾਣੀ ਜਾਣ ਵਾਲੇ ਸਜਨਾਂ ਵਿਚ ਗੁਜਰਾਂਵਾਲੇ, ਅੰਮ੍ਰਿਤਸਰ ਤੇ ਨਜ਼ਾਮਾਂਬਾਦ ਦੇ ਕੁਝ ਕੁ ਆਦਮੀ ਸਨ। ਇਕ ਦਿਨ ਪਹਿਲਾਂ ਕਾਲੇ ਪਾਣੀ ਜਾਣ ਤੋਂ ਇਹਨਾਂ ਸਾਰਿਆਂ ਨੇ ਘਰਾਂ ਨੂੰ ਤਾਰਾਂ ਪਾ ਦਿਤੀਆਂ ਕਿ ਅਸੀਂ ਕਲ ਨੂੰ ਕਾਲੇ ਪਾਣੀ ਜਾ ਰਹੇ ਹਾਂ ਸੋ ਆਪ ਸਾਨੂੰ ਜਾਣ ਤੋਂ ਪਹਿਲਾਂ ਮਿਲ ਜਾਵੋ।

ਸੱਤ ਤਾਰੀਖ ਨੂੰ ਕਾਲੇ ਪਾਣੀ ਜਾਣ ਵਾਲਿਆਂ ਨੂੰ ਬਾਹਰ ਕਢ ਕੇ ਬੇੜੀਆਂ ਲਗਾ ਕੇ ਬਿਠਾ ਦਿਤਾ ਗਿਆ ਤੇ ਦੋ ਦੋ ਆਦਮੀਆਂ ਨੂੰ ਹੱਥਕੜੀਆਂ ਲਾ ਕੇ ਅੱਠ ਵਜੇ ਦੇ ਕਰੀਬ ਇਹਨਾਂ ੫੦ ਆਦਮੀਆਂ ਨੂੰ (ਜਿਨਾਂ ਵਿਚ ੨੫ ਮਾਰਸ਼ਲ ਲਾ ਤੇ ੨੫ ਇਖਲਾਕੀ ਕੈਦੀ ਸਨ) ਪੁਲੀਸ ਦੇ ਹਵਾਲੇ ਕੀਤਾ ਗਿਆ। ਇਸ ਸਾਰੇ ਬੈਜ ਨੂੰ ਜਿਨ੍ਹਾਂ ਨੂੰ ਕਾਲੇ ਪਾਣੀ ਲਿਆਇਆ ਜਾਣਾ ਸੀ ਘੋੜ ਚੜੇ ਦੋਵੀਂ ਪਾਸੀਂ ਫੌਜੀ ਸਵਾਰਾਂ ਦੇ ਘੇਰੇ ਵਿਚ ਮਿਲਟਰੀ ਦੇ ਪਲੇਟਫਾਰਮ ਤੇ ਪੁੰਚਾਇਆ ਗਿਆ, ਸਟੇਸ਼ਨ ਤੇ ਦੋ ਡਬੇ ਸੀਖਾਂ ਵਾਲੇ ਇੰਜਨ ਦੇ ਨਾਲ ਖੜੇ ਕੀਤੇ ਹੋਏ ਸਨ। ਉਹਨਾਂ ਵਿਚ ਇਹਨਾਂ ਸਾਰਿਆਂ ਨੂੰ ਬੈਠਾ ਦਿਤਾ ਗਿਆ। ਲੋਕਾਂ ਦੇ ਘਰਾਂ ਤੋਂ ਆਏ ਸਨਬੰਧੀ ਨਾਲ ਨਾਲ ਉਚੀ ਭੁਬਾਂ ਮਾਰ ਕੇ ਰੋਂਦੇ ਜਾਂਦੇ ਸਨ ਅਤੇ ਕਾਲੇ ਪਾਣੀ ਜਾਣ ਵਾਲੇ ਵੀ ਰੋਈ ਜਾਂਦੇ ਸਨ। ਇਹ ਸੀਨ ਇਕ ਦਰਦ ਭਰਿਆ ਸੀਨ ਸੀ। ਜਿਨਾਂ ਡਬਿਆਂ ਵਿਚ ਇਹਨਾਂ ਨੂੰ ਬੰਦ ਕੀਤਾ ਗਿਆ ਸੀ ਇਹ ਡਬੇ ਸੀਖਾਂ ਨਾਲ ਅਲੱਗ ੨ ਬੰਦ ਕੀਤੇ ਹੋਏ



Digitized by Panjab Digital Library | www.panjabdigilib.org

ਸਨ, ਵਿਚ ਹੀ ਇਕ ਪਾਸੇ ਪਾਣੀ ਦਾ ਇਕ ਘੜਾ ਤੇ ਦੂਜੇ ਪਾਸੇ ਟਟੀ ਸੀ।

ਘਰਾਂ ਵਿਚੋਂ ਆਏ ਲੋਕਾਂ ਦੇ. ਵਾਰਸਾਂ ਨੂੰ ਆਖਰੀ ਮੁਲਾਕਾਤ ਲਈ ਡੱਬਿਆਂ ਵਿਚ ਬੰਦ ਬੈਠਿਆਂ ਹੀ ਕਪਤਾਨ ਸਾਹਿਬ ਨੇ ਇਜ਼ਾਜ਼ਤ ਦੇ ਦਿਤੀ ਤਾਂ ਲੋਕੀ ਆਪਣੇ ਸਜਣਾਂ ਸੰਦੇਹੀਆਂ-ਰਿਸ਼ਤੇਦਾਰਾਂ ਪਾਸ ਹੋ ੨ ਕੇ ਮਿਲਣ ਲਗੇ।

ਮਿਲਾਪ ਵਿਚ ਵਿਛੋੜਾ ਵੀ ਇਹੋ ਜੇਹਾ ਕਿ ਸ਼ਾਇਦ ਹੀ ਮਿਲਾਪ ਹੋਵੇ, ਅਤੇ ਫਿਰ ਪਿਆਰਿਆਂ ਦਾ ਵਿਛੋੜਾ, ਕਿਤਨਾ ਦੁਖਦਾਈ ਹੁੰਦਾ ਹੈ। "ਵਿਛੋਹੇ ਜਬੂਰ ਖਵੇ ਨ ਵੰਵਨ ਗਾਖੜੇ" ਜੰਬੂਰਾਂ ਨਾਲ ਮਾਸ ਨੋਚਨ ਦੀ ਪੀੜ ਭਾਵੇਂ ਕਿਤਨੀ ਡਾਢੀ ਦੁਖਦਾਈ ਹੁੰਦੀ ਹੈ ਪਰ ਪਿਆਰ ਵਿਚ ਘੁਲੇ ਮਿਲੇ ਆਤਮਾਂ ਨੂੰ ਪਿਆਰੇ ਤੋਂ ਵਿਲੂੰਦਰ ਕੇ ਤੋੜ ਸੁਟਨਾ, ਨਾ-ਸਹਾਰੇ ਜਾਣ ਵਾਲਾ ਬੜਾ ਭਾਰੀ ਸਲੂ ਹੈ। ਅਜੇਹੇ ਦੁਖ ਦੇ ਦ੍ਰਿਸ਼ ਭਾਵੇਂ ਇਹਨਾਂ ਦੋ ਡਬਿਆਂ ਦੀ ਹਰ ਇਕ ਤਾਕੀ ਮੂਹਰੇ ਨਜ਼ਰ ਆ ਰਹੇ ਸਨ ਪਰ ਜੋ ਦ੍ਰਿਸ਼ ਨਜ਼ਾਮਾਬਾਦ ਦੇ ਮਿਸਤ੍ਰੀ ਦੀਨ ਮੁਹੰਮਦ ਜੋ ਝੱਬਰ ਜੀ ਦੇ ਸਾਹਮਣੇ ਸੀਟ ਤੇ ਬੈਠਾ ਹੋਇਆ ਸੀ, ਦੀ ੧੭-੧੮ ਸਾਲ ਦੀ ਸਜ ਵਿਆਹੀ ਤੇ ਨਵ ਮੁਕਲਾਵੇ ਆਈ ਇਸਤ੍ਰੀ ਪੇਸ਼ ਕਰ ਰਹੀ ਸੀ, ਪੱਥਰ ਦਿਲਾਂ ਨੂੰ ਵੀ ਹਲੂਣਾ ਦੇ ਰਹੀ ਸੀ ਅਤੇ ਉਸਦਾ ਠੀਕ ਵਰਨਣ ਕਰਨਾ ਕਠਣ ਹੀ ਨਹੀਂ ਸਗੋਂ ਅਸੰਭਵ ਹੈ। ਇਸ ਦੇ ਨਾਲ ਇਸਦੀ ਬੁਢੀ ਸੱਸ ਦੀਨ ਮੁਹੰਮਦ ਦੀ ਮਾਂ ਸੀ। ਇਹ ਪਹਿਲਾਂ ਤਾਂ ਝੱਬਰ ਜੀ ਵਲੋਂ ਥੋੜਾ ਜੇਹਾ ਬੁਰਕੇ ਦਾ ਪੜਦਾ ਕਰਕੇ ਆਪਨੇ ਪਤੀ ਨਾਲ ਗੱਲੀਂ ਲਗੀ ਪਰ ਦੁਖ ਨਾਲ ਗੱਲ ਨਹੀਂ ਸੀ ਹੁੰਦੀ। ਅਤੇ ਦੋ ੨ ਮਾਸੇ ਦੇ ਹੰਝੂ ਕੇਰਦੀ ਸੀ-ਭੁਬਾਂ ਮਾਰਦੀ ਤੇ ਵਿਆਕੁਲ ਜੇਹੀ ਸੂਰਤ ਨਾਲ ਆਖਦੀ ਸੀ, "ਦੱਸ ਹੁਣ ਮੈਂ ਕੀ ਕਰਾਂਗੀ?" ਮਿਸਤਰੀ ਆਖੇ ਮੈਂ ਕੀ ਦਸਾਂ। ਇਹ ਸ਼ਬਦ ਇਹਨਾਂ ਦੋਵਾਂ ਦੇ ਮੂੰਹ ਵਿਚੋਂ ਬਾਰ ੨



Digitized by Panjab Digital Library | www.panjabdigilib.org

ਨਿਕਲਦੇ ਸਨ। ਕੋਲ ਖਲੋਤੀ ਬੁਢੀ ਮਾਈ ਵੀ ਇਹ ਦ੍ਰਿਸ਼ ਤੇ ਵੈਰਾਗੀ ਅਖਰ ਸੁਣ ੨ ਕੇ ਜ਼ਾਰੋ ਜ਼ਾਰ ਰੋ ਰਹੀ ਸੀ। ਮਿਸਤ੍ਰੀ ਦੀ ਵਹੁਟੀ ਨੇ ਆਪਣੇ ਖਾਵੰਦ ਦਾ ਹਥ ਫੜਕੇ ਆਪਣੀ ਛਾਤੀ ਤੇ ਰਖਿਆ ਹੋਇਆ ਸੀ ਤੇ ਬਾਰ ਬਾਰ ਇਹ ਹੀ ਕਹਿ ਰਹੀ ਸੀ, ਦਸ ਹੁਣ........(ਉਹ ਕਹਿ ਦੇਂਦਾ ਸੀ ਕੀ ਦੱਸਾਂ) ਦੁਹਾਂ ਦੇ ਗਲੇ ਗਚ ਹੋਏ ਸਨ ਪਰ ਪੂਰਨ ਗਲ ਕਿਸੇ ਦੇ ਮੂੰਹੋਂ ਨਹੀਂ ਨਿਕਲ ਰਹੀ ਸੀ। ਜਦ ਗਡੀ ਨੇ ਚੀਕ ਮਾਰੀ ਤਾਂ ਪੁਲੀਸ ਨੇ ਸਭ ਲੋਕਾਂ ਨੂੰ ਗਡੀ ਤੋਂ ਦੂਰ ਹਟਾਨਾ ਸ਼ੁਰੂ ਕੀਤਾ ਪਰ ਇਹ ਬੀਬੀ ਨਾ ਹਟੀ, ਗਡੀ ਤੁਰ ਪਈ। ਇਸ ਨੇ ਬੁਰਕਾ ਵਗਾਹ ਮਾਰਿਆ ਤੇ ਉਸੀ ਤਰਾਂ ਭੁਬਾਂ ਮਾਰਦੀ ਹੋਈ ਨੇ ਬਾਂਹਾਂ ਖੜੀਆਂ ਕਰਕੇ (ਗਡੀ ਤੇਜ਼ ਹੋ ਜਾਣ ਤੇ) ਆਖਰੀ ਨਾਹਰਾ ਮਾਰਿਆ "ਭੱਜ ਪੈਣ ਨੀਂ ਗਡੀ ਏ ਤੇਰੇ ਪਹੀਏ, ਤੂੰ ਖਾਵੰਦ ਨੂੰ ਲੈ ਚਲੀਏ।"

ਪੱਤੀ ਦਾ ਸਚਾ ਸੁਚਾ ਪਿਆਰ ਰੱਖਣ ਵਾਲੀ ਸੁਸ਼ੀਲ ਇਸਤ੍ਰੀ ਦੇ ਇਸ ਨਾਅਰੇ ਨੇ ਪੱਥਰ ਦਿਲਾਂ ਨੂੰ ਵੀ ਹਿਲਾ ਦਿਤਾ ਅਤੇ ਸਭ ਦੇ ਨੇਤਰਾਂ ਵਿਚੋਂ ਪ੍ਰੇਮ ਹੰਝੂ ਵਹਿ ਤੁਰੇ। ਗਡੀ ਲਾਹੌਰ ਤੋਂ ਚੱਲ ਕੇ ਸਵੇਰੇ ਦਿਲੀ ਪੁਜੀ। ਸ਼ਹਿਰ ਦਿਲੀ ਦੇ ਕਿਸੇ ਆਦਮੀ ਨੂੰ ਇਹਨਾਂ ਡਬਿਆਂ ਦੇ ਲਾਗੇ ਨਾ ਆਉਣ ਦਿਤਾ ਗਿਆ। ਸ਼ਹਿਰ ਵਿਚ ਆਮ ਲੋਕਾਂ ਨੂੰ ਖਬਰ ਹੋ ਗਈ ਸੀ। ਝੱਬਰ ਜੀ ਦੇ ਸਾਹਮਣੇ ਪਲੇਟ ਫ਼ਾਰਮ ਤੇ ਸ: ਹੁਕਮ ਸਿੰਘ ਜੀ ਸਿਰਾਂਵਾਲੀ ਚੱਕ ਨੰ: ੨੦ ਵਾਲੇ ਦੇ ਪੁਤਰ ਸ: ਕਰਤਾਰ ਸਿੰਘ ਜੋ ਇਸ ਵੇਲੇ ਬੈਂਕ ਵਿਚ ਮੁਲਾਜ਼ਮ ਸਨ, ਅਤੇ ਦਿਲੀ ਰਹਿੰਦੇ ਸਨ, ਆਣ ਖਲੋਤੇ ਤੇ ਇਹਨਾਂ ਹੌਲੀ ਜੇਹੀ ਪੁਛਿਆ ਕਿ ਕੁਝ ਖਾਣ ਲਈ ਲਿਆਵਾਂ। ਇਹਨਾਂ ਨਾਹ ਕਰ ਦਿਤੀ ਅਤੇ ਕਿਹਾ ਕਿ ਕੋਈ ਪੁਸਤਕ ਲਿਆ ਸਕਦੇ ਹੋ ਤਾਂ ਲਿਆ ਦਿਓ। ਇਹਨਾਂ ਨੇ ਦੋ ਘੰਟੇ ਪਿਛੋਂ ਹਨੂੰਮਾਨ ਨਾਟਕ ਅਤੇ ਇਕ ਨਿਤਨੇਮ ਦਾ ਸੁੰਦਰ ਗੁਟਕਾ ਲਿਆ ਦਿਤਾ। ਸੀ-ਆਈ-ਡੀ ਨੇ ਇਹਨਾਂ ਦੀ ਰੀਪੋਰਟ ਕਰ ਦਿਤੀ। ਇਹਨਾਂ ਦੀ ੩ ਸਾਲ ਦੀ ਤਰੱਕੀ ਰੋਕ ਦਿਤੀ



Digitized by Panjab Digital Library | www.panjabdigilib.org

ਗਈ ਅਤੇ ਬਲੈਕ ਮਾਰਕ ਮਿਲਿਆ।

ਥੋੜਾ ਦਿਨ ਰਹਿੰਦੇ ਗੱਡੀ ਦਿਲੀ ਤੋਂ ਚਲਾਈ ਗਈ। ਕਿਸੇ ਪ੍ਰੇਮੀ ਨੇ ਅਲੀਗੜ੍ਹ ਤਾਰ ਦੇ ਕੇ ਇਹਨਾਂ ਸੰਬੰਧੀ ਖਬਰ ਕਰ ਦਿਤੀ। ਜਦ ਗੱਡੀ ਰਾਤ ਦੇ ਇਕ ਵਜੇ ਅਲੀਗੜ੍ਹ ਪੁਜੀ, ਅਲੀਗੜ੍ਹ ਕਾਲਜ ਦੇ ੨੦੦ ਨੌਜਵਾਨ ਮੁਸਲਮਾਨ ਲੜਕਿਆਂ ਨੇ ਪਲੇਟਫਾਰਮ ਤੇ ਆ ਕੇ ਬੰਦੇ ਮਾਤ੍ਰਮ ਦੇ ਨਾਅਰੇ ਲਾਏ, ਅਤੇ ਪੁਲੀਸ ਤੋਂ ਧੱਕੇ ਨਾਲ ਗਡੀ ਦੇ ਕਮਰਿਆਂ ਵਿਚ ਖਾਣ ਲਈ ਫਲ ਸੁਟ ਦਿਤੇ।

ਅਗਲੇ ਦਿਨ ਸਵੇਰੇ ਗਡੀ ਕਲਕਤੇ ਸਟੇਸ਼ਨ ਤੇ ਪੁਜੀ। ਇਥੋਂ ਇਹਨਾਂ ਸਾਰਿਆਂ ਨੂੰ ਬੰਦ ਮੋਟਰਾਂ ਗਡੀਆਂ ਵਿਚ ਬਿਠਾ ਕੇ ਅਲੀਪੁਰ ਜਿਹਲ ਵਿਚ ਅੱਡ ੨ ਕਮਰਿਆਂ ਵਿਚ ਬੰਦ ਕਰ ਦਿਤਾ ਗਿਆ। ਝੱਬਰ ਜੀ—ਭਾਈ ਤੇਜਾ ਸਿੰਘ, ਸ਼ੰਗਾਰਾ ਸਿੰਘ-ਮੰਗਲ ਸੈਨ, ਗੁਜਰਾਤੀ ਰਾਮ ਹਾਫਜ਼ਾ ਬਾਦ, ਅੱਠ ਆਦਮੀਆਂ ਨੂੰ ਵੱਖੋ ਵੱਖ ਅੱਠ ਕੋਠੜੀਆਂ ਵਿਚ ਬੰਦ ਕਰ ਦਿਤਾ ਗਿਆ। ਇਹਨਾਂ ਨੂੰ ਇਕ ਘੰਟਾ ਸਵੇਰੇ ਨਾਉਣ ਲਈ ਅਤੇ ਇਕ ਘੰਟਾ ਸ਼ਾਮ ਨੂੰ ੬ ਵਜੇ ਬਾਹਰ ਕਢਦੇ ਸਨ। ਬਾਕੀ ੨੨ ਘੰਟੇ ਬੰਦ ਰਖਦੇ ਸਨ।

ਦੱਸ ਦਿਨ ਇਸੇ ਤਰਾਂ ਬੀਤੇ, ਗਿਆਰਵੇਂ ਦਿਨ ਥੋੜੇ ਜੇਹੇ ਦਿਨ ਨਾਲ ਇਹਨਾਂ ਨੂੰ ਪੋਲੀਸ ਅਲੀਪੁਰ ਘਾਟ ਤੇ ਲੈ ਗਈ ਤੇ ਕਤਾਰ ਵਿਚ ਖੜੇ ਕਰ ਕੇ ਸਭ ਦੇ ਨਾਮ ਵਾਰੀ ੨ ਪੁਕਾਰ ਕੇ ਪਿਛੋਂ ਸੁਣਾਇਆ ਕਿ "ਤੁਮਾਰੇ ਨਾਮ ਹਿੰਦੁਸਤਾਨ ਮੇਂ ਸੇ ਖਾਰਜ ਕੀਏ ਗਏ ਹੈਂ"। ਸ਼ਾਮ ਨੂੰ ਰਾਜਾ ਕੰਪਨੀ ਦਾ ਜ਼ਹਾਜ਼ ਦੋ ਸੀਟੀਆਂ ਮਾਰ ਕੇ ਇਹਨਾਂ ਨੂੰ ਲੈ ਟੁਰਿਆ। ਜਹਾਜ਼ ਪੰਜ ਕੁ ਮੀਲ ਦੂਰ ਗਿਆ ਹੋਵੇਗਾ ਕਿ ਇਹਨਾਂ ਵਿਚੋਂ ਮੁਹੰਮਦ ਦੀਨ ਮਾਸ਼ਕੀ ਅੰਮ੍ਰਿਤਸਰੀ ਨੇ ਹੀਰ ਦਾ ਇਕ ਬੈਂਤ ਪੜ੍ਹਨਾ ਸ਼ੁਰੂ ਕੀਤਾ। "ਟੁਠਾ ਨਾਲ ਤਕਦੀਰ ਦੇ ਭੱਜ ਗਿਆ"

ਤਕਦੀਰ ਅੱਲਾ ਦੀ ਨੂੰ ਕੌਨ ਮੋੜੇ, ਤਕਦੀਰ ਨਾ ਕਿਸੇ ਤੋਂ ਹਟਦੀ ਵੇ।<br>
ਮੂਸਾ ਲਗਿਆ ਪਾਰ ਫਰਊਨ ਉਤੇਂ, ਤਕਦੀਰ ਦਰਿਯਾ ਉਲਟਦੀ ਵੇ।



Digitized by Panjab Digital Library | www.panjabdigilib.org

ਪੰਛੀ ਮ੍ਰਿਗ ਫਾਹੀ ਵਿਚ ਆਣ ਫਾਹੇ ਖਬਰ ਨਹੀਂ ਤਕਦੀਰ ਦੇ ਝਟ ਦੀ ਵੇ !

ਬੜੀ ਮਿਠੀ ਸੁਰ ਨਾਲ ਹੀਰ ਵਿਚੋਂ ਉਪਰੋਕਤ ਬੈਂਤ ਵੈਰਾਗ ਭਰਿਆ ਸੁਣ ਕੇ ਬਹੁਤ ਸਾਰੇ ਪੰਜਾਬੀ ਵੈਰਾਗ ਵਿਚ ਆ ਗਏ ।

## ਭੁਖ ਹੜਤਾਲ

ਰਾਤ ਦਾ ਖਾਣਾ ਆਇਆ । ਮੁਸਲਮਾਨਾਂ ਨੂੰ ਤਾਂ ਦਾਲ ਤੇ ਚਾਵਲ ਮਿਲੇ, ਉਹਨਾਂ ਨੇ ਖੂਬ ਰੱਜ ਕੇ ਖਾਦੇ, ਅਤੇ ਹਿੰਦੂ ਅਤੇ ਸਿਖਾਂ ਨੂੰ ਭੁਜੇ ਹੋਏ ਛੋਲੇ ਤੇ ਖੰਡ ਮਿਲੀ । ਇਹਨਾਂ ਨੇ ਛੋਲੇ ਨਾ ਲਏ । ਜ਼ਹਾਜ਼ ਦੇ ਕਪਤਾਨ ਪਾਸ ਰੀਪੋਰਟ ਹੋਈ । ਉਹ ਇਹਨਾਂ ਕੋਲ ਹੇਠਲੀ ਛੱਤੇ ਆਇਆ । ਇਹਨਾਂ ਆਖਿਆ ਸਾਨੂੰ ਭੀ ਦਾਲ ਚਾਉਲਾਂ ਦੀ ਰਸਦ ਮਿਲਨੀ ਚਾਹੀਦੀ ਹੈ । ਉਤਰ ਮਿਲਿਆ ਕਿ ਆਪ ਦੇ ਵਾਸਤੇ ਯਹੀ ਚਨੇਂ ਔਰ ਖਾਂਡ ਕੀ ਰਸਦ ਮੁਝੇ ਮਿਲੀ ਹੈ । ਮੈਂ ਚਾਵਲ ਕਹਾਂ ਸੇ ਲਾਊਂ ? ਜਹਾਜ਼ ਵਿਚ ਸਾਰੇ ੧੨੫ ਕੈਦੀ ਸਨ । ਇਹਨਾਂ ਵਿਚੋਂ ੮੦ ਹਿੰਦੂ ਅਤੇ ਸਿਖ ਸਨ । ਮਾਰਸ਼ਲ–ਲਾ ਦੇ ਕੈਦੀਆਂ ਨੇ ਮੀਟਿੰਗ ਕਰਕੇ ਫੈਸਲਾ ਕੀਤਾ ਕਿ ਇਹ ਕਾਨੂੰਨ ਜੋ ਹਿੰਦੂ ਤੇ ਸਿਖਾਂ ਨੂੰ ੪ ਦਿਨ ਕਾਲੇ ਪਾਣੀ ਦੇ ਰਸਤੇ ਵਿਚ ਭੁਖੇ ਮਾਰਦਾ ਹੈ, ਇਸਨੂੰ ਬਦਲਨ ਵਾਸਤੇ ਕਾਲੇ ਪਾਣੀ ਪੁਜਣ ਤੱਕ ਭੁਖ ਹੜਤਾਲ ਕੀਤੀ ਜਾਵੇ ।

ਇਕ ਡੰਗ ਤਾਂ ਸਾਰੇ ਹਿੰਦੂ ਸਿਖਾਂ ਨੇ ਮੁਕੰਮਲ ਹੜਤਾਲ ਕੀਤੀ, ਪਰ ਅਗਲੇ ਭਲਕ ਇਖਲਾਕੀ ਕੈਦੀ ਬਹੁਤ ਸਾਰੇ ਭੈੜੇ ਪੈ ਗਏ । ਤੀਸਰੇ ਦਿਨ ਰਾਜਸੀ ਕੈਦੀਆਂ ਵਿਚੋਂ ਭੀ ਕਈ ਭੁਰ ਗਏ । ਇਹਨਾਂ ਵਿਚ ਦੋ ਇਖਲਾਕੀ ਸਿਖ ਕੈਦੀ ਭੀ ਸਨ । ਰਾਤ ਢਲੀ ਨਾਲ ਜਦ ਜ਼ਹਾਜ਼ ਬੰਗਾਲ ਖਾੜੀ ਦਾ ੧੫ ਮੀਲ ਦਾ ਸਫ਼ਰ ਕਰ ਚੁਕਾ ਸੀ, ਤਾਂ ਇਕੋ ਵੇਰਾਂ ਇੰਜ ਹੋਇਆਂ ਕਿ ਜਿਵੇਂ ਜ਼ਹਾਜ਼ ਕਿਤੇ ਹੇਠਾਂ ਡਿਗ ਪਿਆ ਹੈ । ਇਥੇ ੩੫ ਮੀਲ ਡੂੰਘਾ ਸਮੁੰਦਰ ਆ ਗਿਆ ਸੀ । ਅਗਲੇ ਭਲਕ ੯ ਵਜੇ ਦਾ ਵਕਤ ਹੋਇਆ ਤਾਂ ਬੜਾ ਭਾਰੀ ਤੁਫਾਨ ਆਇਆ । ਦੋ ਦਿਨ ਲਈ ਜ਼ਹਾਜ਼ ਇਥੇ ਖਲੋਤਾ ਰਿਹਾ । ਇਸ ਤਰਾਂ ਰਸਤੇ ਵਿਚ ਛੇ



Digitized by Panjab Digital Library | www.panjabdigilib.org

ਦਿਨ ਲਗ ਗਏ। ਛੇਵੇਂ ਦਿਨ ਜਹਾਜ਼ ਪੋਰਟ ਬਲੇਅਰ ਦੇ ਘਾਟ ਤੇ ਜਾ ਲਗਾ। ਅਗੇ ਜੇਹਲ ਦੀ ਪੁਲੀਸ ਇਹਨਾਂ ਨੂੰ ਲੈਣ ਵਾਸਤੇ ਆਈ ਹੋਈ ਸੀ। ਜਦ ਜੇਹਲ ਦੇ ਨੇੜੇ ਪੁਜੇ ਤਾਂ ਜੇਹਲ ਦੀਆਂ ਕੋਠੜੀਆਂ ਦੀ ਤੀਜੀ ਛੱਤੇ ਕੋਨੇ ਦੀ ਕੋਠੀ ਦੇ ਬਰਾਂਡੇ ਵਿਚ ਖਲੋਤਾ ਮਾਸਟਰ ਚਤਰ ਸਿੰਘ, ਜਿਨ੍ਹਾਂ ਨੇ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਦੇ ਭੁਲੇਖੇ ਇਕ ਹੋਰ ਅੰਗਰੇਜ਼ ਪ੍ਰੋਫੈਸਰ ਤੇ ਕਾਤਲਾਨਾ ਹਮਲਾ ਕੀਤਾ ਸੀ ਅਤੇ ਇਸ ਦੋਸ਼ ਵਿਚ ਕਾਲੇ ਪਾਣੀ ਗਏ ਸਨ, ਜੋ ਪਹਿਲਾਂ ਸਾਂਗਲਾ ਹਿਲ ਸਕੂਲ ਮਾਸਟਰ ਹੁੰਦੇ ਸਨ, ਨੇ ਝੱਬਰ ਜੀ ਨੂੰ ਉਤੋਂ ਅਵਾਜ਼ ਮਾਰੀ। ਤੇ ਕਿਹਾ, "ਝੱਬਰ ਜੀ ਆ ਗਏ ਹੋ ? ਇਹਨਾਂ ਉਤਰ ਦਿਤਾ "ਮਾਸਟਰ ਜੀ ਤੁਹਾਨੂੰ ਲੈਣ ਆਏ ਹਾਂ" ਇਹਨਾਂ ਨੂੰ ਜੇਹਲ ਤੋਂ ਬਾਹਰ ਲਕੜੀ ਦੀਆਂ ਬੈਰਕਾਂ ਵਿਚ ੧੫ ਦਿਨ ਕੁਰਾਟੀਨ ਰਖਿਆ ਗਿਆ। ਇਹਨਾਂ ਬਾਰਾਂ ਆਦਮੀਆਂ ਨੇ ਅੱਜ ਵੀ ਖਾਣਾ ਨਾ ਖਾਧਾ। ਸਤਵੇਂ ਦਿਨ ਕਮਿਸ਼ਨਰ ਦੇ ਪੇਸ਼ ਹੋਏ; ਅਤੇ ਆਪਣੇ ਬਿਆਨ ਲਿਖਵਾਏ ਕਿ ਜਹਾਜ਼ ਵਿਚ ਹਿੰਦੂ ਸਿਖਾਂ ਦੇ ਖਾਣੇ ਦਾ ਕਾਨੂੰਨ ਬਦਲ ਦਿਓ ਅਤੇ ਚਣਿਆਂ ਦੀ ਥਾਂ ਚਾਵਲਾਂ ਦਾ ਰਾਸ਼ਨ ਕਰੋ। ਇਹ ਗੱਲ ਮੰਨੀ ਗਈ ਤਾਂ ਇਹਨਾਂ ਰੋਟੀ ਖਾਧੀ।

ਸੋਲ੍ਹਵੇਂ ਦਿਨ ਇਹਨਾਂ ਦੇ ਪੈਰਾਂ ਦੀਆਂ ਜੁਤੀਆਂ ਲੁਹਾ ਕੇ ਜਮ੍ਹਾਂ ਕੀਤੀਆਂ ਗਈਆਂ, ਅਤੇ ਅੰਦਰ ਇਹਨਾਂ ਨੂੰ ਮਸ਼ੀਨੀ ਕੋਲ੍ਹੂ ਜਿਨ੍ਹਾਂ ਨੂੰ ਕੈਦੀ ਹਥਾਂ ਨਾਲ ਗੇੜ ਕੇ ੬੦ ਪੌਂਡ ਨਲਯੇਰ ਵਿਚੋਂ ੩੦ ਪੌਂਡ ਤੇਲ ਰੋਜ਼ ਕਢਦੇ ਸੀ, ਵਾਲੀਆਂ ਕੋਠੀਆਂ ਵਿਚ ਬੰਦ ਕੀਤਾ ਗਿਆ। ਸੰਨ ੧੯੧੫ ਦੇ ਪੁਰਾਣੇ ਸਿਖ ਕੈਦੀਆਂ ਨੇ ਇਹਨਾਂ ਨੂੰ ਸੁਨੇਹੇ ਘਲੇ 'ਵੇਖਣਾ ਕੋਲ੍ਹੂ ਨਾਂ ਗੇੜਨਾ, ਦੋ ਦਿਨ ਇਹਨਾਂ ਕੋਠੀਆਂ ਵਿਚ ਬੰਦ ਰਹੇ। ਤੀਸਰੇ ਦਿਨ ਇਕ ਗੋਰਾ ਆਇਆ ਤੇ ਸਭ ਨੂੰ ਇਕ ਲਾਈਨ ਵਿਚ ਖੜਾ ਕੀਤਾ ਅਤੇ ਮਾਰਸ਼ਲਾ ਦੇ ਕੈਦੀਆਂ ਨੂੰ ਨਲਯੇਰ ਦਾ ਦੋ ਦੋ ਪੌਂਡ ਛਿਲਕਾ ਰਸੀਆਂ ਵੱਟਣ ਲਈ ਦਿਤਾ, ਅਤੇ ਝੱਬਰ ਜੀ ਭੀ



Digitized by Panjab Digital Library | www.panjabdigilib.org

ਪੁਰਾਣੇ ਪੁਲੀਟੀਕਲ ਕੈਦੀਆਂ ਵਿਚ ਸ਼ਾਮਲ ਕੀਤੇ ਗਏ। ਝੱਬਰ ਜੀ ਅਗਲੇ ਮਿਤਰਾਂ ਨੂੰ ਮਿਲਕੇ ਬੜੇ ਪ੍ਰਸੰਨ ਹੋਏ। ਇਹਨਾਂ ਨੂੰ ਹਾਤਾ ਨੰ: ੬ ਵਿਚ ਘਲਿਆ ਗਿਆ। ਇਥੇ ਮਾਸਟਰ ਕ੍ਰਿਪਾ ਰਾਮ ਗੁਰੂ ਮਾਂਗਟ ਜ਼ਿਲਾ ਗੁਜਰਾਤ ਦੇ ਸੰਨ ੧੯੧੫ ਦੇ ਕੈਦੀਆਂ ਵਿਚੋਂ ਸਨ। ਦੂਸਰਾ ਹਿਰਦਾ ਰਾਮ ਹੁਸ਼ਿਆਰ ਪੁਰ ਦੇ ਸਨ। ਇਹ ਅੰਗਰੇਜ਼ੀ ਚੰਗੀ ਤਰਾਂ ਜਾਣਦੇ ਸਨ ਅਤੇ ਰਾਜਨੀਤ ਦੀ ਚੰਗੀ ਸੋਹਝੀ ਰਖਦੇ ਸਨ। ਇਹ ਪਰੇਮੀ ਝੱਬਰ ਜੀ ਨੂੰ ਇਕ ਮਹੀਨਾ ਸਾਇੰਸ ਆਫ ਸਟੇਟ ਜੋ ਅੰਗਰੇਜ਼ੀ ਦੀ ਇਕ ਕਿਤਾਬ ਸੀ, ਰੋਜ਼ ਸੁਣਾਂਦਾ ਰਿਹਾ, ਇਨ੍ਹਾਂ ਵਿਚ ਭਾਈ ਕਪੂਰ ਸਿੰਘ ਜੀ ਸਨ ਜੋ ਪਿੰਡ ਮੋਹੀ ਜ਼ਿਲਾ ਲੁਧਿਆਨਾ ਦੇ ਸਨ ਜੋ ਅਤੇ ਅਮਰੀਕਾ ਵਿਚੋਂ ਫਰਾਂਸਿਸਕੋ ਵਿਚ ਢਾਈ ਲੱਖ ਦੀ ਜ਼ਮੀਨ ਆਦ ਦੀ ਜਾਇਦਾਦ ਛੱਡ ਕੇ ਹਿੰਦੁਸਤਾਨ ਦੀ ਆਜ਼ਾਦੀ ਲਈ ਸੇਵਾ ਕਰਨ ਆਇ ਬ੍ਰਹਮਾ ਕੇਸ ਵਿਚ ਸਜ਼ਾ ਹੋ ਕੇ ਇਥੇ ਕਾਲੇ ਪਾਣੀ ਆਏ ਸਨ। ਝੱਬਰ ਜੀ ਨੂੰ ਇਹਨਾਂ ਤੋਂ ਰਾਜਨੀਤਕ ਖਿਆਲ ਹਾਸਲ ਕਰਨ ਵਿਚ ਕਾਫੀ ਮਦਦ ਮਿਲੀ। ਅਤੇ ਇਹਨਾਂ ਨੂੰ ਝੱਬਰ ਜੀ ਨੇ ਧਾਰਮਕ ਖਿਆਲਾਂ ਦੀ ਬਹੁਤ ਸਾਰੀ ਵਾਕਫੀ ਦੁਆਰਾ ਲਾਭ ਪੁਚਾਇਆ। ਇਸ ਵੇਲੇ ਭਾਈ ਪਰਮਾ ਨੰਦ ਹਸਪਤਾਲ ਵਿਚ ਰਹਿੰਦਾ ਸੀ। ਬੀਮਾਰਾਂ ਦੀ ਟੈਮਪਰੇਚਰ ਵੇਖਣੀ ਅਤੇ ਦੁਧ ਵਰਤਾਣਾ ਇਹਨਾਂ ਦਾ ਕੰਮ ਸੀ। ਪੁਲੀ-ਟੀਕਲ ਕੈਦੀਆਂ ਨੇ ਆਪਸ ਵਿਚ ਮਿਲਣਾ ਹੋਵੇ ਤਾਂ ਹਸਪਤਾਲ ਚਲੇ ਜਾਣਾ। ਉਥੇ ਗਲਬਾਤ ਕਰ ਲੈਣੀ। ਇਕ ਭਾਈ*ਊਧਮ ਸਿੰਘ ਪੁਰਾਣੇ ਕੈਦੀ ਦਾ ਝੱਬਰ ਜੀ ਨੂੰ ਸੁਨੇਹਾ ਆਇਆ ਕਿ ਅਜ ਹਸਪਤਾਲ ਆਓ। ਝੱਬਰ ਜੀ ਉਥੇ ਪਹੁੰਚੇ ਤਾਂ ਅਗੋਂ ਭਾਈ ਊਧਮ

---

*ਭਾਈ ਊਧਮ ਸਿੰਘ ਪਿੰਡ ਕਸੇਲ ਜ਼ਿਲਾ ਅੰਮ੍ਰਿਤਸਰ ਦਾ ਸੀ ਅਮ੍ਰੀਕਾ ਤੋਂ ਤੋਸਾਮਾਰੂ ਜਹਾਜ ਵਿਚ ਆਇਆ ਹਿੰਦ ਵਿਚੋਂ ਮਦਰਾਸ ਜੇਹਲ ਵਿਚੋਂ ਨਸ ਕੇ ਰੂਸ ਪੁਜਾ ਦੋ ਸਾਲ ਬਾਦ ਪਾਰਟੀ ਦੇ ਕੰਮ ਲਈ ਹਿੰਦੁਸਤਾਨ ਆਇਆ ਮੁੜਕੇ ਜਾਂਦੇ ਨੂੰ ਖੈਬਰ ਵਿਚ ਸੀ ਆਈ. ਡੀ ਨੇ ਕਤਲ ਕਰਾ ਦਿਤਾ ਸੀ ਸੰ; ੨੭ ਵਿਚ।



Digitized by Panjab Digital Library | www.panjabdigilib.org

ਸਿੰਘ ਜੀ ਭੀ ਆਏ ਹੋਏ ਸਨ। ਇਹ ਆਪਸ ਵਿਚ ਮਿਲ ਪਏ ਤੇ ਬੜੇ ਪਰਸੰਨ ਹੋਏ, ਉਹਨਾਂ ਨੇ ਝੱਬਰ ਜੀ ਨੂੰ ਅੰਡੇਮਾਨ ਜੇਹਲ ਦੀ ਸਾਰੀ ਰਹਿਣ ਬਹਿਣ ਤੇ ਵਰਤਣ ਦੀ ਗਲ ਸਮਝਾ ਦਿਤੀ।

ਇਸੇ ਤਰ੍ਹਾਂ ਭਾਈ ਪਰਮਾਨੰਦ ਜੀ ਨੇ ਭੀ ਪਰੇਮ ਕੀਤਾ। ਇਹਨਾਂ ਨੂੰ ਇਕ ਬ੍ਰਹਮਾਂ ਦੇ ਬੁਢੇ ਕੈਦੀ ਨੇ ਦਸਿਆ ਕਿ ਮੈਂ ਤੀਜੀ ਵੇਰ ਇਸ ਜੇਹਲ ਵਿਚ ਆਇਆ ਹਾਂ। ਜੱਦ ਪਹਿਲੀ ਵੇਰ ਮੈਂ ਏਥੇ ਸੀ ਤਾਂ ਇਕ ਨਾਮਧਾਰੀ ਸੰਤ ਜੀ ਏਥੇ ਆਏ ਸਨ, ਅਤੇ ਜਿਸ ਕੋਠੀ ਵਿਚ ਆਪ ਹੋ ਇਸੇ ਕੋਠੀ ਵਿਚ ਦੋ ਸਾਲ ਰਹੇ ਸਨ। ਏਥੇ ਪਹਿਲੋਂ ਸਭ ਨੂੰ ਸਿਰ ਢਕਣ ਲਈਂ ਟੋਪੀ ਮਿਲਦੀ ਸੀ। ਉਸ ਸੰਤ ਜੀ ਮਹਾਰਾਜ ਨੇ ਟੋਪੀ ਨਹੀਂ ਸੀ ਪਾਈ ਅਤੇ ਉਨਾਂ ਨੂੰ ਡੇਢ ਗਜ ਦਾ ਪਟਕਾ ਮਿਲਿਆ ਸੀ ਅਤੇ, ਫਿਰ ਸਭ ਸਿਖਾਂ ਨੂੰ ਪਟਕਾ ਮਿਲਣ ਲਗ ਗਿਆ। ੨੭-੨੮ ਜੂਨ ਦੀ ਰਾਤ ਨੂੰ ਝੱਬਰ ਜੀ ੨ ਵਜੇ ਜਾਗ ਪਏ ਤਾਂ ਇਹਨਾਂ ਦੇ ਕੰਨ ਵਿਚ ਸਾਹਮਣੇ ਦੀਆਂ ਕੋਠੀਆਂ ਦੀ ਲਾਈਨ ਵਿਚੋਂ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਆਵਾਜ਼ ਆਈ। ਇਕ ਹੋਰ ਕੋਠੀ ਵਿਚੋਂ ਜਪੁਜੀ ਸਾਹਿਬ ਜੀ ਦੀ ਆਵਾਜ਼ ਕੰਨੀ ਪਈ। ਝੱਬਰ ਨੇ ਖਿਆਲ ਕੀਤਾ ਕਿ ਇਹ ਕੀ ਗਲ ਹੈ, ਰਾਤ ਕਾਲੇ ਪਾਣੀ ਦੀ ਜੇਹਲ ਵਿਚ ਬੰਦ ਹੋਇਆ ਸਾਂ ਇਹ ਤਾਂ ਕੋਈ ਪਰੇਮੀਆਂ ਦਾ ਨਗਰ ਵਸ ਰਿਹਾ ਹੈ। ਜੇਹਲ ਤਾਂ ਨਹੀਂ। ਇਹਨਾਂ ਦੇ ਪਿਛਲੇ ਪਾਸੇ ਇਕ ਕੋਠੜੀ ਨੂੰ ਰੋਸ਼ਨਦਾਨ ਸੀ, ਇਹਨਾਂ ਓਧਰ ਹੋ ਕੇ ਕੰਨ ਲਾਏ ਤਾਂ ਓਧਰ ਆਸਾ ਜੀ ਦੀ ਵਾਰ ਦਾ ਅਤੇ ਜਾਪ ਸਾਹਬ ਦਾ ਪਾਠ ਜੋ ਕੋਈ ਪਰੇਮੀ ਬੜੇ ਪਰੇਮ ਨਾਲ ਮਿਠੀ ਧੁਨੀ ਵਿਚ ਕਰ ਰਿਹਾ ਸੀ, ਸੁਣਿਆ। ਝੱਬਰ ਜੀ ਨੂੰ ਨਿਸਚਾ ਹੋ ਗਿਆ ਕਿ 'ਉਹੋ..... ਮਾਰਸ਼ਲਾ ਵਿਚ ਕੈਦ ਹੋ ਕੇ ਕਾਲੇ ਪਾਣੀ ਆਉਣਾ ਤਾਂ ਮੈਨੂੰ ਇਕ ਸੁਪਨਾ ਆਇਆ ਸੀ। ਦਰ ਅਸਲ ਮੈਂ ਕਿਸੇ ਸਾਧ ਸੰਗਤ ਦੇ ਸਚ ਖੰਡ ਵਿਚ ਆ ਗਿਆ ਹਾਂ। ਪਰ ਫਿਰ ਕੋਠੀ ਦੇ ਬੂਹੇ ਵਲ



Digitized by Panjab Digital Library | www.panjabdigilib.org

ਹੋਇਆ ਤਾਂ ਓਹੋ ਹੀ ਲੋਹੇ ਦੇ ਮੋਟੇ ਕੰਦਲੇ ਵਾਲਾ ਖਿੜਕ ਦਿਸਿਆ ਤੇ ਉਹੋ ਕਾਲ ਕੋਠੜੀ। ਝਬਰ ਜੀ ਦੇ ਨਾਲ ਦੀ ਕੋਠੜੀ ਵਿਚ ਜ਼ਿਲਾ ਜੇਹਲਮ ਦਾ ਜੱਲਾ ਨਾਮੇ ਮੁਸਲਮਾਨ ਕੈਦੀ ਸੀ, ਇਹਨਾਂ ਉਹਨੂੰ ਕਿਹਾ ਜਲ੍ਹਿਆ ਜਾਗਦਾ ਹੈਂ? ਜੱਲਾ ਇਹਨਾਂ ਦੀ ਦੂਜੀ ਅਵਾਜ਼ ਤੇ ਜਾਗਿਆ ਤਾਂ ਇਹਨਾਂ ਪੁਛਿਆ ਇਸ ਵੇਲੇ ਪਾਠ ਕਰਨ ਵਾਲੇ ਕੌਣ ਹਨ ਜਲ੍ਹੇ ਉਤਰ ਦਿਤਾ ਖਾਲਸਾ ਜੀ, ਇਹ ਭਾਈ ਜੀ ਲੋਕ ਹਨ! (ਕਾਲੇ ਪਾਣੀ ਸਿਖਾਂ ਨੂੰ ਲੋਕ ਭਾਈ ਜੀ ਕਿਹਾ ਕਰਦੇ ਸਨ।) ਇਹਨਾਂ ਆਖਿਆ ਕਿ ਕੌਣ ਭਾਈ ਜੀ? ਉਸ ਨੇ ਉਤਰ ਦਿਤਾ ਬਜਬਜ ਘਾਟ ਵਾਲੇ ਭਾਈ ਜੀ। ਜਦ ਇਹਨਾਂ ਜਲੇ ਦੀ ਜ਼ਬਾਨੀ ਬਜਬਜ ਘਾਟ ਦਾ ਨਾਮ ਸੁਨਿਆ ਤਾਂ ਇਹਨਾਂ ਨੂੰ ਸ: ਅਰੂੜ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ ਦੀ ਉਸ ਮਹਾਨ ਭੁੱਲ ਜੋ ਉਸ ਵੇਲੇ ਉਸ ਨੇ ਸ੍ਰੀ ਅਕਾਲ ਤਖਤ ਤੇ ਇਹ ਮਨਮਤਾ ਪਾਸ ਕਰਕੇ ਕੀਤੀ ਸੀ, ਕਿ ਬਜਬਜ ਦੇ ਘਾਟ ਤੇ ਜਿਨਾਂ ਸਿਖਾਂ ਨੇ ਪੁਲੀਸ ਤੇ ਅੰਗਰੇਜ਼ ਅਫਸਰਾਂ ਦਾ ਮਕਾਬਲਾ ਕੀਤਾ ਹੈ, ਉਹ ਗੁਰੂ ਕੇ ਸਿਖ ਨਹੀਂ, ਸਖਤ ਅਫਸੋਸ ਹੋਇਆ।

ਜੇਹਲ ਵਿਚਕਾਰ ਚੱਕਰ ਵਿਚਲੀ ਗੁੰਮਟੀ ਦੇ ਹੇਠਲੇ ਛੱਤ ਪਰ ਪੁਲੀਟੀਕਲ ਕੈਦੀਆਂ ਦੀਆਂ ਆਪਣੀਆਂ ਕਿਤਾਬਾਂ ਦੀ ਲਾਇਬਰੇਰੀ ਸੀ। ਭਾਈ ਕਪੂਰ ਸਿੰਘ ਜੀ ਨੇ ਝੱਬਰ ਨੂੰ ਇਕ ਕਿਤਾਬ ਪੜ੍ਹਨ ਲਈ ਲਿਆ ਦਿਤੀ। ਜੋ ਹਰਦਿਆਲ ਦੀ ਲਿਖੀ ਹੋਈ 'ਹਮਾਰੀ ਮਾਦਰੀ ਭਾਸ਼ਾ" ਨਾਮੇ ਸੀ। ਹਰਦਿਆਲ ਦੀ ਲਿਖੀ ਹੋਈ ਇਕ ਕਿਤਾਬ ਉਰਦੂ ਵਿਚ ਜਿਸਦਾ ਨਾਮ "ਕੌਮੀ ਤਾਲੀਮ" ਸੀ, ਝੱਬਰ ਜੀ ਪੜ੍ਹ ਚੁਕੇ ਸਨ। ਇਸ਼ ਨੂੰ ਭੀ ਬੜੇ ਸ਼ੌਕ ਨਾਲ ਪੜ੍ਹਨ ਲਗੇ। ਹਰਦਿਆਲ ਜੀ ਨੇ ਇਸ ਵਿਚ ਹਿੰਦੁਸਤਾਨ ਦੀ, ਬੰਗਾਲੀ-ਮਰਹਟੀ-ਸਿੰਧੀ-ਪੂਰਬੀ-ਪਹਾੜੀ-ਪੰਜਾਬੀ ਆਦਿ ਦਾ ਖੰਡਨ ਕਰਕੇ ਹਿੰਦੀ ਨੂੰ ਸਾਰੇ ਭਾਰਤ ਦੀ ਮਾਦਰੀ ਜ਼ਬਾਨ ਦਾ ਨ ਤੇ ਜ਼ੋਰ ਲਾਇਆ ਹੋਇਆ ਸੀ। ਪੰਜਾਬੀ ਦੇ ਖੰਡਨ ਵਿਚ ਇਸ



Digitized by Panjab Digital Library | www.panjabdigilib.org

ਨੇ ਦਸਿਆ ਸੀ ਕਿ ਇਹ ਅਧੂਰੀ ਜ਼ਬਾਨ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਫ਼ਾਰਸੀ ਵਿਚ ਦਸਦਿਆਂ ਮਸ਼ਕਰੀ ਜੇਹੀ ਕੀਤੀ ਸੀ। ਪੜ੍ਹ ਕੇ ਝੱਬਰ ਜੀ ਨੂੰ ਗੁਸਾ ਚੜ੍ਹਿਆ ਤੇ ਟਰੇਕਟ ਨੂੰ ਜ਼ੋਰ ਨਾਲ ਦੂਰ ਵਗਾਹ ਮਾਰਿਆ। ਉਸ ਦੇ ਤਰੋਪੇ ਟੁਟ ਗਏ। ਕਪੂਰ ਸਿੰਘ ਇਹਨਾਂ ਪਾਸ ਹਰਦਿਆਲ ਦੀ ਬੜੀ ਤਾਰੀਫ਼ ਕਰਦਾ ਹੁੰਦਾ ਸੀ। ਇਹਨਾਂ ਆਖਿਆ 'ਤੁਸੀਂ ਇਸ ਮਹਾਂ ਮੂਰਖ ਪੁਰਸ਼ ਨੂੰ ਆਪਣਾ ਲੀਡਰ ਮੰਨਦੇ ਰਹੇ ਹੋ। ਜਿਸ ਨੂੰ ਇਨੀ ਭੀ ਸਮਝ ਨਹੀਂ ਕਿ ਗੁਰੂ ਤੇਗ ਬਹਾਦਰ ਸਾਹਿਬ ਜਿਸ ਦੀ ਸ਼ਹਾਦਤ ਦਾ ਅਸਰ ੨੪ ਕਰੋੜ ਹਿੰਦੂਆਂ ਵਿਚੋਂ ੨੦ ਕਰੋੜ ਦੇ ਹਿਰਦੇ ਹਿਰਦੇ ਵਿਚ ਜ਼ਰੂਰ ਹੀ ਵਸਦਾ ਹੈ। ਉਹਨਾਂ ਨੂੰ ਟਿਚਕਰ ਕੀਤੀ ਹੋਈ ਹੈ। ਕੁਜਾ ਪੰਜਾਬੀ ਦਾ ਖੰਡਨ ਅਤੇ ਕੁਜਾ ਗੁਰੂ ਦੇ ਨਾਮ ਨੂੰ ਟਿਚਕਰ ? ਹੈਫ ਹੈ ਐਸੇ ਲੀਡਰ ਦੀ ਐਸੀ ਲਿਆਕਤ ਉਤੇ।' ਕਪੂਰ ਸਿੰਘ ਅਤੇ ਇਹਨਾਂ ਵਿਚਕਾਰ ਬਹੁਤ ਸਾਰੀ ਵੀਚਾਰ ਹੋਈ, ਅੰਤ ਉਸ ਨੇ ਹਰਦਿਆਲ ਦੀ ਇਸ ਨਾਲਾਇਕੀ ਨੂੰ ਮੰਨਿਆ। ਇਹਨਾਂ ਦੀ ਇਸ ਗਲ ਦੀ ਸਾਰੇ ਪੁਲੀਟੀਕਲ ਕੈਦੀਆਂ ਵਿਚ ਚਰਚਾ ਹੋ ਗਈ।

ਪੰਜ ਮਹੀਨੇ ਪਿਛੋਂ ਝਬਰ ਨੰਬਰ ੪ ਵਿਚ ਕੀਤਾ ਗਿਆ। ਏਥੇ ਭਾਈ ਹਰਦਿਤ ਸਿੰਘ ਲੰਮੇਵਾਲਾ ਅਤੇ ਹੋਰ ਮਲਵਈ ਸਿੰਘ ਮਿਲੇ, ਦੋ ਮਹੀਨੇ ਪਿਛੋਂ ਨੰਬਰ ੩ ਵਿਚ ਚਲੇ ਗਏ। ਏਥੇ ਬਾਬਾ ਨਿਧਾਨ ਸਿੰਘ ਚੁਘੇਵਾਲੇ ਮਿਲੇ। ਇਹ ਬ੍ਰਿਧ ਅਵਸਥਾ ਵਿਚ ਰਾਤ ਦੇ ੧ ਵਜੇ ੧ ਬਾਟੀ ਪਾਣੀ ਪਿੰਡੇ ਤੇ ਪਾ ਕੇ ਅਤੇ ਮਲ ਕੇ ਬੈਠ ਜਾਂਦੇ ਸਨ ਅਤੇ ਪਾਠ ਸ਼ੁਰੂ ਕਰਕੇ ਸਾਰੀ ਪੰਜ ਗ੍ਰੰਥੀ ਦਾ ਰੋਜ਼ ਪਾਠ ਕਰਦੇ ਸਨ। ੮ ਬਜੇ ਭੋਗ ਪਾਣਾ, ਨੰਬਰਦਾਰ ਆਵੇ ਬੂਹਾ ਖੋਹਲ ਕੇ ਚਲਾ ਜਾਵੇ, ਬੋਲਨਾ ਕਿਸੇ ਨਾਲ ਨਹੀਂ। ਜ਼ੱਦ ਤਕ ਸਾਰਾ ਪਾਠ ਨਾ ਹੋਜਾਵੇ। ਛੇ ਮਹੀਨੇ ਪਿਛੋਂ ਝੱਬਰ ਜੀ ਤੇ ਇਹਨਾਂ ਦੇ ਸਾਥੀਆਂ ਦੀਆ ਟਿਕਟਾਂ ਤੋਂ ਉਮਰ ਕੈਦ ਕੱਟ ਕੇ ੭ ਸਾਲ ਕੈਦ ਲਿਖੀ ਗਈ।



Digitized by Panjab Digital Library | www.panjabdigilib.org

ਇਹਨਾਂ ਨੂੰ ਪਤਾ ਲਗਾ, ਕਿ ਇਹ ਵਲਾਇਤ ਤੋਂ ਲੋਕਮਾਨੀਆਂ ਤਿਲਕ ਦੀ ਕੋਸ਼ਿਸ਼ ਦਾ ਨਤੀਜਾ ਹੈ। ਹੰਟਰ ਕਮਿਸ਼ਨ ਪੰਜਾਬ ਵਿਚ ਆਇਆ ਹੈ। ਕਮਿਸ਼ਨ ਨੇ ਸਾਰੇ ਮੁਕਦਮਿਆਂ ਦੀ ਪੜਤਾਲ ਕਰਕੇ ੮੪ ਆਦਮੀਆਂ ਨੂੰ ਛਾਂਟ ਲਿਆ ਹੈ, ਜਿਨ੍ਹਾਂ ਨੇ ਮਾਰਸ਼ਲਾ ਦੇ ਜਲਸਿਆਂ ਵਿਚ ਤਕਰੀਰਾਂ ਕੀਤੀਆਂ ਸਨ। ਲਾਲਾ ਹਰਕਿਸ਼ਨ ਲਾਲ, ਗੋਕਲ ਚੰਦ ਨਾਰੰਗ ਲੀਡਰ ਭੀ ਇਹਨਾਂ ਵਿਚ ਸ਼ਾਮਲ ਕੀਤੇ ਗਏ ਸਨ। ੮੪ ਲੈਕਚਰਾਰ ਲੀਡਰਾਂ ਦੀ ਕੈਦ, ਉਮਰ ਕੈਦ ਤੋਂ ੭ ਸਾਲ ਕਰ ਦਿਤੀ ਗਈ। ਇਹਨਾਂ ਵਿਚ ਮੰਡੀ ਚੂੜਕਾਣੇ ਦਾ ਇਕ ਬਾਬੂ ਰਾਮ ਨਰਾਇਣ ਭੀ ਉਮਰ ਕੈਦ ਸੀ। ਇਸ ਦੀ ਕੈਦ ਕਮਿਸ਼ਨ ਨੇ ੯ ਮਹੀਨੇ ਕਰ ਦਿਤੀ। ਇਹ ਉਸੇ ਦਿਨ ਰਿਹਾ ਕੀਤਾ ਗਿਆ। ਇਸ ਦੀ ਕਲਕਤੇ ਆਪਣੀ ਦੁਕਾਨ ਸੀ। ਇਸ ਨੇ ਝੱਬਰ ਜੀ ਨੂੰ ਕਿਹਾ ਕਿ ਜਦ ਰਿਹਾ ਹੋਵੋ ਤਾਂ ਮਿਲਣਾ। ਤਦੋਂ ਸਵਰਕਰ ਮਰਹਟਾ ਦੋਨੋਂ ਭਾਈ ਕਾਲੇ ਪਾਣੀ ਜੇਹਲ ਵਿਚ ਕੈਦ ਸਨ। ਭਾਈ ਮਦਨ ਸਿੰਘ ਗਾਗਾ ਭੀ ਉਥੇ ਸਨ।

ਸੰਨ ੧੯੨੦ ਦੇ ਮਾਰਚ ਵਿਚ ਪਾਤਸ਼ਾਹ ਵਲੋਂ ਇਹਨਾਂ ਸਭਨਾਂ ਦੀ ਰਿਹਾਈ ਦਾ ਐਲਾਨ ਹੋਇਆ ਜੋ ਇਹਨਾਂ ਕਾਲੇ ਪਾਣੀ ਦੇ ਰੋਜ਼ਾਨਾ ਅਖਬਾਰ ਵਿਚ ਛਪਿਆ ਹੋਇਆ ਪੜ੍ਹਿਆ। ਛੇਤੀ ਹੀ ਰਿਹਾਈ ਦਾ ਹੁਕਮ ਚਲਾ ਗਿਆ। ਪਰ ਜਹਾਜ਼ ਆਉਣ ਵਿਚ ਤਿੰਨ ਦਿਨ ਦੀ ਦੇਰੀ ਸੀ। ਸੋ ਮਾਰਸ਼ਲ ਲਾ ਦੇ ਕੈਦੀਆਂ ਨੂੰ ੬ ਨੰਬਰ ਵਿਚ ਡੱਕ ਦਿਤਾ ਗਿਆ। ਕਾਲੇ ਪਾਣੀ ਜੇਹਲ ਵਿਚ ਦੋ ਮੁਸਲਮਾਨ ਕੈਦੀ ਭੀ ਸਨ। ਜਦ ਝੱਬਰ ੩ ਨੰਬਰ ਵਿਚ ਅਹਿਮਦ ਦੀਨ ਨਾਮੀ ਇਕ ਕੈਦੀ ਨੂੰ ਮਿਲਿਆ ਤਾਂ ਇਸ ਨੇ ਪਰੇਮ ਨਾਲ ਜਫ਼ੀ ਪਾ ਕੇ ਆਖਿਆ ਭਾਈ ਸਾਹਿਬ ਆਪ ਜਦ ਕਲਕਤੇ ਜਾ ਕੇ ਜਹਾਜ਼ ਤੋਂ ਉਤਰੋ ਤਾਂ ਮੇਰੀ ਤਰਫੋਂ ਭਾਰਤ ਮਾਤਾ ਕੋ ਬੋਸਾ ਦੇਣਾ। ਇਹਨਾਂ ਸਾਰੇ ਪੁਲੀਟੀਕਲ ਕੈਦੀਆਂ ਨੂੰ ਮਿਲਣ ਦੀ ਆਗਿਆ ਲੈ ਲਈ ਅਤੇ ਮਿਲੇ।



Digitized by Panjab Digital Library | www.panjabdigilib.org

ਚੌਥੇ ਦਿਨ ਜਹਾਜ਼ ਤੇ ਚੜ੍ਹਕੇ ਚਾਰ ਦਿਨਾਂ ਮਗਰੋਂ ਇਹ ਕਲਕਤੇ ਆਣ ਉਤਰੇ, ਅਗੋਂ ਪੁਲੀਸ ਲੈਣ ਆਈ, ਅਤੇ ਮੋਚੀ ਵਾੜੇ ਦੇ ਥਾਣੇ ਲੈ ਗਈ ਅਤੇ ਕਿਹਾ ਤੁਸਾਂ ਦੋ ਵਕਤ ਏਥੇ ਹਾਜ਼ਰੀ ਲੁਵਾਉਣੀ ਹੋਵੇਗੀ। ਇਹ ਰਾਤ ਥਾਣੇ ਵਿਚ ਹੀ ਸੁਤੇ। ਸਵੇਰੇ ਹਾਜ਼ਰੀ ਲਵਾ ਕੇ ਬਾਜ਼ਾਰ ਵਿਚ ਗਏ। ਇਹਨਾਂ ਦੇ ਕਪੜੇ ਲਾਹੌਰ ਹੀ ਕਾਲੇ ਪਾਣੀ ਜਾਣ ਤੋਂ ਉਪਰੰਤ ਨੀਲਾਮ ਹੋ ਚੁਕੇ ਸਨ। ਕਾਲੇ ਪਾਣੀ ਤੋਂ ਟੁਰਨ ਵੇਲੇ ਇਹਨਾਂ ਨੂੰ ਜੇਹਲ ਦੀ ਬਰਦੀ ਦਿਤੀ ਗਈ ਸੀ, ਜੋ ਨਵੀਂ ਹੀ ਸੀ।

ਇਹ ਬਾਬੂ ਰਾਮ ਨਰਾਇਣ ਦੀ ਦੁਕਾਨ ਤੇ ਗਏ। ੧੦੦ ਰੁ: ਬਾਬੂ ਜੀ ਨੇ ਦਿਤਾ ਉਥੋਂ ਕਪੜਾ ਖਰੀਦਿਆ ਅਤੇ ਇਕ ਦੁਕਾਨ ਤੇ ਕਪੜੇ ਸਵਾਉਣ ਲਈ ਬੈਠੇ ਸਨ ਕਿ ਕਲਕਤੇ ਖਲਾਫ਼ਤ ਕਾਨਫ੍ਰੰਸ ਦਾ ਜਲੂਸ ਉਥੋਂ ਲੰਘਿਆ ਅਤੇ ਪੰਜਾਬ ਦੇ ਕਾਗ੍ਰਸੀ ਭੀ ਫਿਟਨਾ ਤੇ ਬੈਠੇ ਕੋਲੋਂ ਲੰਘਦੇ ਦਿਸੇ। ਝਬਰ ਨਾਲ ਉਸ ਵੇਲੇ ਅੰਮ੍ਰਿਤਸਰ ਦੇ ਚਰਾਗੋ ਹੋਰੀ ਕਸ਼ਮੀਰੀ ਪਹਿਲਵਾਨ ਭੀ ਜੋ ਕਾਲੇ ਪਾਣੀ ਗਏ ਸਨ, ਕੋਲ ਖਲੋਤੇ ਹੋਏ ਸਨ। ਇਹਨਾਂ ਨੂੰ ਡਾਕਟਰ ਸੈਫ-ਉ—ਦੀਨ ਕਿਚਲੂ ਅੰਮ੍ਰਿਤ-ਸਰੀ ਕਾਂਗ੍ਰਸ ਲੀਡਰ ਨੇ ਪਹਿਚਾਨ ਲਿਆ ਅਤੇ ਆਪਣਾ ਆਦਮੀਂ ਘਲ ਕੇ ਸਾਰਾ ਪਤਾ ਕੀਤਾ।

ਸ਼ਾਮ ਦੇ ਅੱਠ ਬਜੇ ਇਹ ਸਾਰੇ ਮੋਚੀ ਵਾੜੇ ਥਾਣੇ ਹਾਜ਼ਰੀ ਲੁਵਾਉਣ ਗਏ। ਤਾਂ ਦੋ ਮੋਟਰਾਂ ਵਿਚ ਸੱਤ ਅਠ ਕਾਂਗ੍ਰਸੀ ਲੀਡਰ ਬੜੇ ਪਰੇਮ ਸਹਿਤ ਇਹਨਾਂ ਨੂੰ ਜਾ ਕੇ ਮਿਲੇ ਅਤੇ ਕਿਹਾ ਕਿ ਆਪ ਦਾ ਕਲ ਦਾ ਖਾਣਾ ਮੁਹੰਮਦ ਅਲੀ ਸ਼ੌਕਤ ਅਲੀ, ਕਾਂਗਰਸੀ ਲੀਡਰ ਵਲ ਪੱਕੇਗਾ। ਅਸੀਂ ਆਪ ਦੇ ਪਾਸ ੮ ਵਜੇ ਸਵੇਰੇ ਆਵਾਂਗੇ, ਆਪ ਨੇ ਕਿਤੇ ਬਾਹਰ ਨਾ ਜਾਣਾ। ਸਵੇਰੇ ਅਠ ਵਜੇ ਮੋਟਰਾਂ ਆਈਆਂ ਅਤੇ ਇਹਨਾਂ ਨੂੰ ਵਿਚ ਬੈਠਾ ਕੇ ਲੈ ਗਏ। ਅਗੇ ਬਾਜ਼ਾਰ ਵਿਚ ਚਾਰ ਪੰਜ ਸੌ ਦੇ ਕਰੀਬ ਬਾਵਰਦੀ ਖਲਾਫ਼ਤ ਮੁਸਲਮਾਨ ਵਾਲੰਟੀਅਰ ਖੜੇ ਸੀ। ਉਹਨਾਂ ਇਹਨਾਂ ਦਾ ਸਵਾਗਤ ਕੀਤਾ, ਅਤੇ ਅਗੇ ਲਗ ਟੁਰੇ।



Digitized by Panjab Digital Library | www.panjabdigilib.org

ਇਹਨਾਂ ਦਾ ਜਲੂਸ ਕਢਿਆ ਗਿਆ। ਬਹੁਤ ਰੌਣਕ ਹੋਈ।

੧੨ ਬਜੇ ਮੁਹੰਮਦ ਅਲੀ ਦੇ ਡੇਰੇ ਜਾ ਕੇ ਜਲੂਸ ਖਤਮ ਹੋਇਆ। ਏਥੇ ਇਕ ਬੈਠਕ ਵਿਚ ਬੈਠੇ ਸੀ ਕਿ ਪੰਜਾਬੀ ਲੀਡਰ ਇਹਨਾਂ ਨੂੰ ਬੜੇ ਪਰੇਮ ਨਾਲ ਮਿਲੇ, ਜਲ ਪਾਣੀ ਪੀਣ ਤੋਂ ਉਪਰੰਤ ਮੌਲਾਨਾ ਮੁਹੰਮਦ ਅਲੀ ਸਾਹਿਬ ਬੋਲੇ, ਭਾਈ ਸਾਹਿਬ ਜੀ ਮੁਸਲਮਾਨ ਭਾਈ ਇਕ ਪਾਸੇ ਹੋ ਜਾਣ ਅਤੇ ਹਿੰਦੂ ਅਤੇ ਸਿਖ ਸਾਹਿਬ ਇਕ ਪਾਸੇ ਖਾਣਾ ਆ ਰਿਹਾ ਹੈ, ਉਤਰ ਵਿਚ ਝੱਬਰ ਜੀ ਨੇ ਕਿਹਾ, ਮੌਲਾਨਾ ਸਾਹਿਬ ਖਾਣਾ ਆਣ ਦਿਓ, ਮਾਸ ਨਾ ਲਿਆਉ ਅਸੀਂ ਮੁਸਲਮਾਨ-ਹਿੰਦੂ-ਸਿਖ ਸਭ ਇਕ ਥਾਂ ਇਕ ਬਰਤਨ ਵਿਚ ਖਾਣਾ ਖਾਵਾਂਗੇ। ਮਿਲਕਰ ਖਾਨ ਦੀ ਵਜ੍ਹਾ ਤੋਂ ਹੀ ਅਸੀਂ ਕਾਲੇ ਪਾਣੀ ਅਤੇ ਫਾਂਸੀ ਆਦਿ ਤਕਲੀਫਾਂ ਝਲੀਆਂ ਐਸੀ ਸੱਚੀ ਪਰੀਤੀ ਅਸੀਂ ਹੁਣ ਨਹੀਂ ਛੱਡਦੇ। ਖਾਣਾ ਆਣ ਦਿਓ। ਖਾਣਾ ਆ ਗਿਆ ਤਾਂ ਇਕ ੨ ਥਾਲ ਤੇ ਤਿੰਨ ਤਿੰਨ ਜਣੇ ਇਕ ਹਿੰਦੂ ਇਕ ਸਿਖ ਤੇ ਇਕ ਮੁਸਲਮਾਨ ਬੈਠੇ, ਤੇ ਖਾਣਾ ਸ਼ੁਰੂ ਕੀਤਾ। ਇਹ ਵੇਖ ਕੇ ਸਾਰੇ ਲੀਡਰ ਦੰਗ ਰਹਿ ਗਏ।

ਜਦ ਇਹ ਖਾਣਾ ਅਤੇ ਫ਼ਲ ਆਦਿ ਖਾ ਚੁਕੇ ਤਾਂ ਖਾਣੇ ਦੇ ਮੁੰਤਜ਼ਿਮ ਇਕ ਮੁਸਲਮਾਨ ਨੌਜੁਆਨ ਨੇ ਸੇਵਾਂਦਾਰਾਂ ਨੂੰ ਮੁਖ਼ਾਤਬ ਹੋ ਕੇ ਆਖਿਆ, "ਦੇਖੋ ਭਾਈ ਬਚੇ ਹੋਏ ਫਲ ਅਲੱਗ ਕਰ ਦਿਓ ਮਠਾਈ ਅਲਗ ਕਰ ਦੇਵੋ, ਅਤੇ ਮਿਠਾਈ ਕੀ ਜੂਠ ਅਲਗ ਕਰ ਦੇਵੋ। ਯਹ ਸਭ ਕਿਸੀ ਭੰਗੀ ਕੋ ਦੀ ਜਾਏਗੀ।"

ਝੱਬਰ ਜੀ ਦੇ ਪਾਸ ਬੈਠਾ ਇਕ ਮੁਸਲਮਾਨ ਬੈਰਿਸਟਰ ਸੀ, ਉਹ ਬੋਲ ਉਠਿਆ, "ਹਾ-ਹਾ ਐਸਾ ਮਤ ਕਰੋ। ਇਹ ਤੋਂ ਦੇਸ਼ ਭਗਤਾਂ ਦਾ ਪਰਸਾਦ ਹੈ, ਕਲਕੱਤੇ ਸ਼ਹਿਰ ਦੇ ਹਿੰਦੂ ਮੁਸਲਮਾਨੋਂ ਦੇ ਘਰੋਂ ਮੇਂ ਬਤੌਰੇ ਸ਼ਰੀਣੀ ਬਰਤਾਇਆ ਜਾਵੇਗਾ, ਅਤੇ ਇਹ ਆਖ ਕੇ ਝੱਬਰ ਦੀ ਇਕ ਪਲੇਟ ਵਿਚ ਜੋ ਜੂਠੀ ਫਿਰਨੀ ਪਈ ਸੀ, ਖਾਣ ਲਗ ਪਏ। ਝੱਬਰ ਜੀ ਨੇ ਭੀ ਏਹੀ ਉਸ ਦੇ ਨਾਲ ਖਾਧੀ। ਕਲਕਤੇ ਦੇ



Digitized by Panjab Digital Library | www.panjabdigilib.org

ਅਖਬਾਰਾਂ ਵਿਚ ਇਹ ਵਧੀਆ ਪਰਸਾਦ ਵੰਡਨ ਦੀ ਖਬਰ ਛੱਪੀ।

ਅਗਲੇ ਭਲਕ ਝੱਬਰ ਜੀ ਤੇ ਇਹਨਾਂ ਦੇ ਸਾਥੀ ਕਲਕਤੇ ਵਿਚ ਫਿਰ ਪਕੜੇ ਗਏ ਤੇ ਇਹਨਾਂ ਨੂੰ ਸ਼ਹਿਰ ਦੇ ਇਕ ਥਾਣੇ ਦੀ ਹਵਾਲਾਟ ਵਿਚ ਬੰਦ ਕੀਤਾ ਗਿਆ। ਇਹ ਅੰਦਰ ਬਾਟੀਆਂ ਖੜਕਾ ਕੇ, ਜੋ ਕਾਲੇ ਪਾਣੀ ਤੋਂ ਮਿਲੀਆਂ ਸਨ, ਖੁਸ਼ੀ ਖੁਸ਼ੀ ਅਤੇ ਉਚੀ ਉਚੀ ਸ਼ਬਦ ਪੜ੍ਹਨ ਲੱਗ ਪਏ। ਥਾਨੇਦਾਰ ਜੋ ਕਿ ਬੰਗਾਲੀ ਸੀ, ਦੌੜਿਆ ਦੌੜਿਆ ਫਾਟਕ ਦੇ ਬੂਹੇ ਅਗੇ ਆਣ ਕੇ ਖੜਾ ਹੋ ਕੇ ਬੋਲਿਆ, "ਤੁਮ ਚਿੱਲਾਤਾ ਕਿਉਂ ਹੈਂ?" ਉਤਰ ਵਿਚ ਝੱਬਰ ਜੀ ਨੇ ਕਿਹਾ, ਅਸੀਂ ਸ਼ਬਦ ਪੜ੍ਹਦੇ ਹਾਂ, ਤੂੰ ਬਕ ਨਾ, ਚੁਪ ਰਹੋ।" ਇਕ ਦੋ ਵੇਰ ਇਸੇ ਤਰ੍ਹਾਂ ਇਹਨਾਂ ਝਾੜ ਪਾਈ ਤਾਂ ਠਾਣੇਦਾਰ ਚੁਪ ਹੋ ਗਿਆ। ਰਾਤ ਇਹ ਏਥੇ ਰਹੇ, ਸਵੇਰੇ ਹੋਰ ਨਵੀਂ ਪੁਲੀਸ ਆਈ ਜੋ ਇਹਨਾਂ ਨੂੰ ਪੁਲੀਸ ਦੇ ਵਡੇ ਦਫਤਰ ਵਿਚ ਲੈ ਗਈ। ਸਭ ਦੇ ਪੂਰੇ ਪੂਰੇ ਪਤੇ ਲਿਖ ਕੇ, ਕਰਾਇਆ ਲੈ ਕੇ ਪੋਲੀਸ ਸਭ ਨੂੰ ਸਟੇਸ਼ਨ ਤੇ ਲੈ ਆਈ। ਵੱਖੋ ਵੱਖ ਥਾਣੇ-ਦਾਰਾਂ ਨੇ ਟਿਕਟ ਲੀਤੇ, ਅਤੇ ਕਲਕੱਤੇ ਦੀ ਪੁਲੀਸ ਇਹਨਾਂ ਨੂੰ ਆਪੋ ਆਪਣੇ ਜ਼ਿਲਿਆਂ ਵਿਚ ਛੱਡ ਗਈ, ਜ਼ਿਲਿਆਂ ਵਿਚ ਇਕ ਇਕ ਸਿਪਾਹੀ ਹਰ ਇਕ ਦੇ ਨਾਲ ਜਾ ਕੇ ਇਹਨਾਂ ਨੂੰ ਘਰੀਂ ਛੱਡ ਗਏ।



Digitized by Panjab Digital Library | www.panjabdigilib.org

## ੫

# ਰਾਜ ਨੀਤਕ ਪਰਚਾਰ

ਝੱਬਰ ਜੀ ਜਿਨ੍ਹਾਂ ਦੇ ਪਬਲਿਕ ਜੀਵਨ ਦਾ ਪਹਿਲਾ ਸਾਰਾ ਹਿਸਾ ਸਿਖ ਧਰਮ ਦੇ ਪਰਚਾਰ ਅਤੇ ਸਿਖਾਂ ਨੂੰ ਧਾਰਮਕ ਤੌਰ ਤੇ ਜਥੇਬੰਦ ਕਰਨ ਵਿਚ ਬਤੀਤ ਹੋਇਆ ਸੀ, ਲਈ ੧੧ ਅਪਰੈਲ, ੧੯੧੯ ਦਾ ਪਹਿਲਾ ਦਿਨ ਸੀ ਜਿਸ ਦਿਨ ਆਪ ਨੇ ਹਿੰਦੂ ਸਿਖ ਤੇ ਮੁਸਲਮਾਨਾ ਨੂੰ ਸਾਂਝੇ ਪਲੇਟਫਾਰਮ ਤੋਂ ਰਾਜਨੀਤਕ ਭਾਸ਼ਨ ਦਿਤਾ ਸੀ ਅਤੇ ਇਸ ਤੋਂ ਠੀਕ ੧੧ ਮਹੀਨੇ ਅਤੇ ੬ ਦਿਨ ਪਿਛੋਂ ਜਦ ਇਹ ੧੭ ਮਾਰਚ, ੧੯੨੦ ਨੂੰ ਮੁੜ ਕੇ ਆਪਣੇ ਘਰ ਝੱਬਰ ਪਿੰਡ, ਜ਼ਿਲਾ ਸ਼ੇਖੂ ਪੁਰਾ (ਬਾਰ) ਵਿਖੇ ਪੁਜੇ, ਇਹ ਸਰਕਾਰ ਅੰਗਰੇਜ਼ਾਂ ਦੀ ਹਕੂਮਤ ਦੀਆਂ ਨਜ਼ਰਾਂ ਵਿਚ ਬੜੇ ਖਤਰਨਾਕ ਤੇ ਰਾਜ ਪਲਟਾਊ ਪੋਲੀਟੀਕਲ ਲੀਡਰ ਸਮਝੇ ਗਏ, ਜਿਨ੍ਹਾਂ ਦੀ ਹਰ ਗਲ ਨੂੰ ਸਰਕਾਰੀ ਸੂਹੀਏ (ਸੀ. ਆਈ. ਡੀ.) ਗਹੁ ਨਾਲ ਤੱਕਦੇ, ਅਤੇ ਜਿਹਨਾਂ ਦੀ ਹਰ ਗਲ ਵਿਚੋਂ ਜੁਗ ਗਰਦੀ ਦੀ ਝਲਕ ਪੈਂਦੀ। ਪੈਂਦੀ ਵੀ ਕਿਵੇਂ ਨਾ? ਜਦੋਂ ਕਿ ਇਕ ਅਜੇਹਾ ਸਜਨ ਜਿਸ ਨੇ ਸਿਖ ਧਰਮ ਦਾ ਪਰਚਾਰ ਆਪਣੇ ਜੀਵਨ ਦਾ ਉਦੇਸ਼ ਬਣਾਇਆ ਹੋਇਆ ਸੀ, ਦਿਨਾਂ ਵਿਚ ਸਰਕਾਰ ਦੀ ਨਜ਼ਰ ਵਿਚ ਏਡੇ ਵਡੇ ਰਾਜ ਦੰਡ ਦਾ ਭਾਗੀ ਹੋ ਗਿਆ ਹੋਵੇ ਕਿ ਫ਼ਾਂਸੀ ਦੇ ਤਖਤੇ ਤੇ ਚੜ੍ਹਨ ਅਤੇ ਕਾਲੇ ਪਾਣੀਆਂ ਦੀਆਂ ਲੋਹੇ ਦੀਆਂ ਮੋਟੀਆਂ ਸੀਖਾਂ ਪਿਛੇ ਦਿਨ ਕਟਨ ਦਾ ਅਧਕਾਰੀ ਸਮਝਿਆ ਜਾਵੇ?

ਝੱਬਰ ਜੀ ਦੇ ਜੀਵਨ ਵਿਚ ਇਹ ਇਕ ਵਡਾ ਪਲਟਾ ਸੀ। ਇਹਨਾਂ ਨੇ ੧੧ ਮਹੀਨਿਆਂ ਵਿਚ ਨਾ ਕੇਵਲ ਸਰਕਾਰ ਅੰਗਰੇਜ਼ੀ ਦੇ ਰਾਜ ਦੰਡ ਦਾ ਕਸ਼ਟ ਹੀ ਝਲਿਆ ਸੀ, ਸਗੋਂ ਕਾਲੇ ਪਾਣੀਆਂ ਵਿਚ



Digitized by Panjab Digital Library | www.panjabdigilib.org

ਆਪਨਾ ਸਾਰਾ ਵੇਹਲਾ ਸਮਾਂ ਰਾਜਸੀ ਪੁਸਤਕਾਂ ਪੜ੍ਹ ਕੇ ਆਪਣੀ ਦ੍ਰਿਸ਼ਟੀ ਕੋਨ ਨੂੰ ਬਦਲਨ ਵਿਚ ਲਾ ਦਿਤਾ ਸੀ। ਜਦੋਂ ਇਹ ਕਾਲੇ ਪਾਣੀ ਤੋਂ ਘਰ ਪੁਜੇ, ਤਾਂ ਇਹ ਇਕ ਪੋਲੀਟੀਕਲ ਪਰਚਾਰਕ ਅਤੇ ਲੀਡਰ ਦੀ ਹੈਸੀਅਤ ਵਿਚ ਲੋਕਾਂ ਦੀਆਂ ਨਜ਼ਰਾਂ ਵਿਚ ਆ ਚੁਕੇ ਸਨ। ਸਿਖਾਂ ਦਾ ਕੋਈ ਪੋਲੀਟੀਕਲ ਜਲਸਾ ਸਫਲ ਨਹੀਂ ਸੀ ਸਮਝਿਆ ਜਾਂਦਾ ਜਿਸ ਵਿਚ ਝੱਬਰ ਜੀ ਸ਼ਾਮਲ ਹੋ ਕੇ ਸਮੇਂ ਦੀਆਂ ਰਜਸੀ ਚਾਲਾਂ ਸੰਬੰਧੀ ਆਪਨੇ ਵੀਚਾਰ ਲੋਕਾਂ ਸਾਹਮਣੇ ਨਾ ਰਖਦੇ।

ਸਿਖਾਂ ਅੰਦਰ ਵੈਸੇ ਅੰਗਰੇਜ਼ੀ ਰਾਜ ਦੇ ਇਸ ਸਮੇਂ ਵਿਚ ਰਾਜਸੀ ਜਾਗ੍ਰਤ ਦਾ ਇਹ ਮੁਢ ਸੀ, ਕਿਉਂਕਿ ੧੮੪੯ ਵਿਚ ਸਿਖਾਂ ਦੀ ਰਾਜਸੀ ਸੱਤਿਆ ਨੂੰ ਖਤਮ ਕਰਨ ਉਪਰੰਤ ਅੰਗਰੇਜ਼ਾਂ ਨੇ ਭਾਂਤ ਭਾਂਤ ਦੇ ਸਾਧਨਾਂ ਦੁਆਰਾ ਪੰਜਾਬ ਅਤੇ ਖਾਸ ਕਰਕੇ ਸਿਖਾਂ ਉਤੇ ਅਜੇਹਾ ਜਾਲ ਵਿਛਾ ਦਿਤਾ ਸੀ ਕਿ ਸਿਖ ਆਪਨੇ ਗਵਾਚੇ ਰਾਜ ਨੂੰ ਮੁੜ ਲੈਣ ਦੀ ਥਾਂ ਇਸ ਨੂੰ ਭੁਲ ਹੀ ਚੁਕੇ ਸਨ। ਸਿਖਾਂ ਅੰਦਰ ਉਨੀਵੀਂ (੧੯ ਵੀਂ) ਸਦੀ ਦੇ ਪਹਿਲੇ ਪੰਜਾਹ ਸਾਲਾਂ ਦੇ ਬੜੇ ਤਕੜੇ ਉਭਾਰ ਪਿਛੋਂ ਇਹ ਸਠ ਸੱਤਰ ਸਾਲ ਦਾ ਹੇਠਲੇ ਪਤਨ ਵੱਗਣ ਦਾ ਸਮਾਂ ਸੀ, ਭਾਵੇਂ ਕਿਧਰੇ ੨ ਲੁਕਿਆ ਛਿਪਿਆ ਮਘਦਾ ਜੀਵਨ ਦਿਸਦਾ ਸੀ ਪਰ ਇਸ ਨੂੰ ਦਬਾ ਦੇਣ ਲਈ ਸਮੇਂ ਦੀ ਹਕੂਮਤ ਤੁੱਲੀ ਹੋਈ ਸੀ। ਜਿਸ ਲਈ ਕੋਈ ਸਿਖ ਕਿਧਰੇ ਸਿਰ ਨਹੀਂ ਸੀ ਚੁਕਦਾ। ਅੰਗਰੇਜ਼ ਨੇ ਸਿਖਾਂ ਨਾਲ ਲੜੀ ਲੜਾਈ ਵਿਚ ਭਾਵੇਂ ਜਿਤ ਪਾ ਹੀ ਲਈ ਸੀ, ਪਰ ਇਸ ਨੂੰ ਉਤੇ ਪਏ ਭਲਵਾਨ ਵਾਂਗ ਇਹ ਸਦਾ ਹੀ ਫ਼ਿਕਰ ਸੀ ਕਿ ਪਤਾ ਨਹੀਂ ਹੇਠਾਂ ਪਿਆ ਸ਼ੇਰ ਮਰਦ ਕਦੋਂ ਪਾਸਾ ਪਲਟ ਕੇ ਹੇਠੋਂ ਉਤੇ ਹੋ ਜਾਂਦਾ ਹੈ। ਇਸ ਲਈ ਇਸ ਦੇ ਸਾਰੇ ਯਤਨ ਸਿਖਾਂ ਨੂੰ ਦਬਾ ਵਿਚ ਰਖਣ ਅਤੇ ਇਸ ਨੂੰ ਅਜੇਹਾ ਆਹਰੀਂ ਲਾਈ ਰਖਣ ਦੇ ਸਨ, ਜਿਹਨਾਂ ਕਰਕੇ ਇਸ ਨੂੰ ਆਪਨਾ ਭੋਗਿਆ ਰਾਜ ਭੁਲ ਹੀ ਜਾਵੇ, ਬਲਕਿ ਅਗੋਂ ਲਈ ਇਸ ਦਾ ਫੁਰਨਾ ਹੀ ਨਾ ਫੁਰੇ? ਇਹਨਾਂ ਵਾਸਤੇ ਨੌਕਰੀਆਂ



Digitized by Panjab Digital Library | www.panjabdigilib.org

ਦੇ ਰਾਹ ਖੋਹਲਣ ਤੋਂ ਬਿਨਾਂ ਇਸ ਦੀ ਸਾਰੀ ਰੁਚੀ ਪੈਸਾ ਕਮਾਉਣ ਤੇ ਸੁਖ ਜੀਵਨ ਬਤੀਤ ਕਰਨ ਵਿਚ ਲਗਾ ਦਿਤੀ, ਅਤੇ ਸਾਂਦਲ, ਗੰਜੀ ਤੇ ਨੀਲੀ ਬਾਰ ਅਤੇ ਸਿੰਧ ਦੇ ਬੀਆਬਾਨਾਂ ਤੇ ਜੰਗਲਾਂ ਨਾਲ ਇਸ ਦਾ ਮੱਥਾ ਲਾ ਦਿਤਾ, ਜਿਥੇ ਨਾ ਕੇਵਲ ਇਹ ਰੁਝਿਆ ਹੀ ਰਹੇ ਸਗੋਂ ਜਿਥੋਂ ਕੱਢੇ ਮੋਹਰਾਂ ਦੇ ਬੁਕ ਇਸਨੂੰ ਸੁਖ ਜੀਵੜਾ ਅਤੇ ਐਸ਼ ਪਰਸਤ ਕਰ ਦੇਣ।

ਇਸ ਤਰਾਂ ਸਿਖਾਂ ਨੂੰ ਰਾਜਨੀਤਕ ਜੀਵਨ ਤੋਂ ਲਾਂਭੇ ਹੀ ਨਹੀਂ ਸੀ ਰਖਿਆ ਜਾ ਰਿਹਾ ਬਲਕਿ ਜਿਥੇ ਕਿਧਰੇ ਅਜੇਹੀ ਜਾਗ੍ਰਤ ਦਿਸਦੀ ਉਸ ਨੂੰ ਸਖਤੀ ਨਾਲ ਦਬਾ ਦਿਤਾ ਜਾਂਦਾ ਜਿਹਾ ਕੋਮਾ-ਗਾਟਾ ਮਾਰੂ ਦੇ ਮੋਢੀਆਂ ਨੂੰ ਕੁਚਲ ਦਿਤਾ ਗਿਆ ਸੀ।

ਅਜ ਪੋਲੀਟੀਕਲ ਜਲਸਿਆਂ ਦਾ ਕਰਨਾ ਬੜੀ ਸਾਧਾਰਨ ਜੇਹੀ ਗਲ ਸਮਝੀ ਜਾਂਦੀ ਹੈ, ਅਤੇ ਅਜੇਹੇ ਜਲਸੇ ਨਿਤਾ ਪ੍ਰਤ ਕੀਤੇ ਜਾਂਦੇ ਹਨ, ਸਗੋਂ ਕੋਈ ਜਲਸਾ ਸਫ਼ਲ ਹੀ ਨਹੀਂ ਗਿਣਿਆ ਜਾ ਸਕਦਾ ਜਦੋਂ ਤਾਂਈ ਇਸ ਵਿਚ ਸਮੇਂ ਦੀ ਸਰਕਾਰ ਉਤੇ ਕੜੀ ਪੜਚੋਲ ਤੇ ਟੀਕਾ ਟਿਪਨੀ ਨਾ ਕੀਤੀ ਜਾਵੇ, ਪਰੰਤੂ ਜਿਸ ਸਮੇਂ ਦਾ ਅਸੀਂ ਵਰਨਣ ਕਰ ਰਹੇ ਹਾਂ ਉਸ ਵੇਲੇ ਪੋਲੀਟੀਕਲ ਜਲਸੇ ਦਾ ਨਾਉਂ ਹੀ ਬੜਾ ਭਿਆਨਕ ਸੀ। ਕਿਸੇ ਜਲਸੇ ਦਾ ਇਸ਼ਤਿਹਾਰ ਦੇਣ, ਪ੍ਰਬੰਧ ਕਰਨ ਅਥਵਾ ਪਰਚਾਰਕਾਂ ਆਦਿ ਨੂੰ ਬੁਲਾਉਣ ਲਗਿਆ ਦਸ ਵੇਰ ਇਹ ਸੋਚਿਆ ਜਾਂਦਾ ਸੀ ਕਿ ਸਰਕਾਰ ਅਜੇਹਾ ਕਰਨ ਤੇ ਗੁਸੇ ਤਾਂ ਨਾ ਹੋ ਜਾਏਗੀ ਜਾਂ ਇਸ ਵਿਚ ਕੋਈ ਰੋਕ ਤਾਂ ਨਾ ਪਾਏਗੀ। ਬਲਕਿ ਸਰਕਾਰੀ ਕਰਮਚਾਰੀਆਂ ਅਤੇ ਪੜ੍ਹਨ ਵਾਲੇ ਲੜਕੇ ਲੜਕੀਆਂ ਦਾ ਅਜੇਹੇ ਜਲਸੇ ਸੁਨਣਾ ਹੀ ਘੋਰ ਪਾਪ ਸੀ।

ਅਜੇਹੇ ਸਮੇਂ ਅੰਦਰ ਝੱਬਰ ਜੀ ਨੇ ਆਪਣਾ ਜੀਵਨ-ਉਦੇਸ਼ ਧਰਮ ਪਰਚਾਰ ਦੀ ਥਾਵੇਂ ਰਾਜਨੀਤਕ ਪਰਚਾਰ ਬਨਾਇਆ। ਅਜੇ ਇਨ੍ਹਾਂ ਨੂੰ ਘਰ ਆਇਆ ੧੫ ਦਿਨ ਹੀ ਹੋਏ ਸਨ ਕਿ ਬੱਚੀ ਵਿੰਡ ਜ਼ਿਲਾ



Digitized by Panjab Digital Library | www.panjabdigilib.org

ਅੰਮ੍ਰਿਤਸਰ ਵਿਚ ਹੋਣ ਵਾਲੇ ਦੀਵਾਨ ਤੇ ਪੁਜਣ ਲਈ ਇਹਨਾਂ ਨੂੰ ਸੱਦਾ ਆ ਗਿਆ। ਇਹ ਨੀਯਤ ਤਾਰੀਖਾਂ ਤੇ ਉਥੇ ਪੁਜੇ। ਕਿਉਂਕਿ ਇਹਨਾਂ ਦਾ ਪਿਛਲਾ ਸਾਰਾ ਸਮਾਂ ਧਰਮ ਪਰਚਾਰ ਵਿਚ ਲੰਘਿਆ ਸੀ ਲੋਕੀਂ ਇਹਨਾਂ ਨੂੰ ਇਕ ਧਾਰਮਕ ਪਰਚਾਰਕ ਹੀ ਸਮਝਦੇ ਸਨ, ਪਰ ਲੋਕਾਂ ਨੂੰ ਪਤਾ ਨਹੀਂ ਸੀ ਕਿ ਕਾਲੇ ਪਾਣੀਆਂ ਨੇ ਇਹਨਾਂ ਦੇ ਖਿਆਲਾਂ ਵਿਚ ਕਿਤਨਾਂ ਪਲਟਾ ਲਿਆਂਦਾ ਸੀ, ਉਥੋਂ ਦੇ ਦੇਸ਼ ਭਗਤਾਂ ਦੀ ਸੰਗਤ ਅਤੇ ਉਥੇ ਕੀਤੇ ਰਾਜਨੀਤਕ ਪੁਸਤਕਾਂ ਦੇ ਅਭਿਆਸ ਨੇ ਇਹਨਾਂ ਦਾ ਦ੍ਰਿਸ਼ਟੀ ਕੋਨ ਹੀ ਬਦਲ ਦਿਤਾ ਸੀ। ਹੁਣ ਜਦੋਂ ਇਹ ਮੁੜ ਪੰਜਾਬ ਵਿਚ ਆਏ ਅਤੇ ਇਹਨਾਂ ਨੇ ਸਿਖ ਕੌਮ ਨੂੰ ਰਾਜਨੀਤਕ ਸ਼ੀਸ਼ਿਆਂ ਵਿਚ ਦੀ ਵੇਖਿਆ ਤਾਂ ਸਿਖਾਂ ਨੂੰ ਦੂਜੀਆਂ ਕੌਮਾਂ ਨਾਲੋਂ ਬਹੁਤ ਪਿਛੇ ਪਾਇਆ, ਭਾਂਵੇਂ ੧੯੧੯ ਦਸੰਬਰ ਦੇ ਅੰਮ੍ਰਿਤਸਰ ਵਿਚ ਹੋਏ ਸਰਬ ਹਿੰਦ ਕਾਂਗ੍ਰਸ ਦੇ ਜਲਸੇ ਨੇ ਆਪਣਾ ਅਸਰ ਕੀਤਾ ਸੀ ਤੇ ਸਿਖਾਂ ਨੇ ਪਹਿਲੀ ਵੇਰ ਸਿਖ ਲੀਗ ਸਥਾਪਨ ਕਰਕੇ ਇਸ ਦਾ ਪਹਿਲਾ ਸਮਾਗਮ ਇਹਨਾਂ ਹੀ ਦਿਨਾਂ ਵਿਚ ਕੀਤਾ ਸੀ, ਪਰੰਤੂ ਆਮ ਸਿਖ ਜਨਤਾ ਅਜੇਹੇ ਖਿਆਲਾਂ ਤੋਂ ਉਕੀ ਨਾਵਾਕਫ਼ ਸੀ, ਸੋ ਜਦੋਂ ਬੱਚੀ ਵਿੰਡ ਦੇ ਦੀਵਾਨ ਵਿਚ ਝੱਬਰ ਜੀ ਨੇ ਰਾਜਨੀਤਕ ਖਿਆਲਾਂ ਦਾ ਖੁਲੇ ਸ਼ਬਦਾਂ ਵਿਚ ਪਰਚਾਰ ਕੀਤਾ ਤਾਂ ਨ ਕੇਵਲ ਦੀਵਾਨ ਦੇ ਪ੍ਰਬੰਧਕ ਹੀ ਸਗੋਂ ਹੋਰ ਲੋਕ ਵੀ ਘਬਰਾਏ ਕਿ ਪਤਾ ਨਹੀਂ ਸਰਕਾਰ ਅਜੇਹੇ ਪਰਚਾਰ ਦਾ ਕੀ ਫ਼ਲ ਚਖਾਏਗੀ। ਪਰ ਝੱਬਰ ਜੀ ਨੇ ਦੀਵਾਨ ਤੋਂ ਪਿਛੋਂ ਸਿਆਣੇ ੨ ਆਦਮੀਆਂ ਨੂੰ ਸਮਝਾਇਆ ਤਾਂ ਲੋਕਾਂ ਦਾ ਡਰ ਦੂਰ ਹੋ ਗਿਆ।

ਇਸ ਸਮੇਂ ਪੋਲੀਟੀਕਲ ਪਰਚਾਰ ਦੇ ਨਾਲ ੨ ਹੀ ਸ਼ੁਧੀ ਦਾ ਪਰਚਾਰ ਅਰੰਭ ਹੋ ਚੁਕਾ ਸੀ ਸੋ ਦੀਵਾਨ ਦੇ ਦੂਜੇ ਦਿਨ ਝੱਬਰ ਜੀ ਨੇ ਸ਼ੁਧੀ ਤੇ ਵਿਖਿ-ਆਨ ਦਿਤਾ ਇਸ ਸਮੇਂ ਰਾਣੀ ਪਿੰਡ ਦੀ ਇਕ ਮੁਸਲਮਾਨ ਮੁਟਿਆਰ ਦੀਵਾਨ ਵਿਚ ਬੈਠੀ ਸੀ ਇਸ ਦਾ ਪਿਤਾ ਅਸਲ ਵਿਚ ਸਿਖ ਸੀ ਪ੍ਰੰਤੂ



Digitized by Panjab Digital Library | www.panjabdigilib.org

ਕਿਸੇ ਮੁਸਲਮਾਨ ਇਸਤਰੀ ਪਿਛੇ ਮੁਸਲਮਾਨ ਹੋ ਗਿਆ ਸੀ ਤੇ ਉਸ ਦੇ ਪੇਟੋਂ ਇਹ ਮੁਟਿਆਰ ਸੀ। ਇਸ ਦਾ ਨਿਕਾਹ ਗੁਜਰਾਂ ਵਾਲੇ ਦੇ ਇਕ ਮੁਸਲਮਾਨ ਨਾਲ ਹੋ ਚੁਕਾ ਹੋਇਆ ਸੀ ਪ੍ਰੰਤੂ ਉਹ ਆਮ ਮੁਸਲ- ਮਾਨਾਂ ਵਾਂਗੂ ਏਨਾ ਗੰਦਾ ਰਹਿੰਦਾਂ ਸੀ ਕਿ ਇਸ ਲੜਕੀ ਦਾ ਮਨ ਉਸ ਘਰ ਵਿਚ ਨਹੀਂ ਭਿਜਿਆ ਸੀ ਅਤੇ ਇਸ ਦਾ ਝੁਕਾ ਸਿਖੀ ਵੱਲ ਸੀ ਇਸ ਲਈ ਇਹ ਆਪਣੇ ਪੇਕੇ ਪਿੰਡ ਦੇ ਹੋਰ ਲੋਕਾਂ ਨਾਲ ਦੀਵਾਨ ਸੁਨਣ ਆ ਗਈ ਸੀ। ਇਸ ਨੇ ਜਦ ਝੱਬਰ ਜੀ ਦਾ ਭਾਸ਼ਨ ਸੁਣਿਆ ਤਾਂ ਇਹ ਝਟ ਅੰਮ੍ਰਿਤ ਪਾਣ ਕਰਕੇ ਸਿੰਘ ਸਜਣ ਨੂੰ ਤਿਆਰ ਹੋ ਗਈ ਤੇ ਆਪਣੇ ਪਿੰਡ ਦੇ ਆਦਮੀਆਂ ਨੂੰ ਨਾਲ ਲੈ ਕੇ ਝੱਬਰ ਜੀ ਪਾਸ ਪੁਜੀ। ਉਹਨਾਂ ਨੇ ਇਸ ਨੂੰ ਕਿਹਾ ਕਿ ਅੰਮ੍ਰਿਤ ਤਾਂ ਤੈਨੂੰ ਛਕਾ ਦੇਂਦੇ ਹਾਂ ਪਰ ਫਿਰ ਆਪਣੇ ਪੇਕੇ ਜਾਂ ਸਹੁਰੇ ਘਰ ਕਿਸਤਰਾਂ ਰਹਿ ਸਕੇਂਗੀ। ਇਸ ਕਿਹਾ ਜੀ ਮੇਰਾ ਪਿਆਰ ਸਾਡੇ ਪਿੰਡ ਦੇ ਹਰਨਾਮ ਸਿੰਘ ਨਾਲ ਹੈ ਅਤੇ ਉਹ ਮੇਰੇ ਨਾਲ ਵਿਵਾਹ ਕਰਾਉਣ ਨੂੰ ਤਿਆਰ ਹੈ ਤੁਸੀਂ ਮੈਨੂੰ ਸਿਖਣੀ ਬਣਾ ਲਵੋ ਮੈਂ ਹਰਨਾਮ ਸਿੰਘ ਨਾਲ ਵਿਵਾਹ ਕਰਵਾ ਲਵਾਂਗੀ। ਅਖੀਰ ਇਹ ਫੈਸਲਾ ਹੋਇਆ ਕਿ ਹਰਨਾਮ ਸਿੰਘ ਭੀ ਹਾਜ਼ਰ ਹੋਵੇ ਅਤੇ ਇਕ ਸਾਤੇ ਦੀ ਤਾਰੀਖ ਪਾਈ ਗਈ। ਸਾਤਾ ਗੁਜ਼ਰਨ ਉਤੇ ਝੱਬਰ ਜੀ ਉਹਨਾਂ ਦੇ ਪਿੰਡ ਪੁਜੇ। ਉਥੇ ਅੰਮ੍ਰਿਤ ਪਰਚਾਰ ਹੋਇਆ। ਉਸ ਲੜਕੀ ਅਤੇ ਹਰਨਾਮ ਸਿੰਘ ਦੋਹਾਂ ਨੇ ਅੰਮ੍ਰਿਤ ਛਕਿਆ ਅਤੇ ਲੜਕੀ ਦੀ ਮਾਂ ਦੀ ਹਾਜ਼ਰੀ ਵਿਚ ਜੋ ਇਸ ਗੱਲ ਵਾਸਤੇ ਰਜ਼ਾਮੰਦ ਹੋ ਗਈ ਸੀ ਦੋਹਾਂ ਦਾ ਅਨੰਦ ਕਾਰਜ ਕੀਤਾ ਗਿਆ। ਜਦ ਇਹ ਖਬਰ ਗੁਜਰਾਂ ਵਾਲੇ ਪੁਜੀ ਤਾਂ ਇਸ ਲੜਕੀ ਦੇ ਮੁਸਲਮਾਨ ਖਾਵੰਦ ਨੇ ਅਦਾਲਤ ਵਿਚ ਦਾਹਵਾ ਕੀਤਾ ਜਿਸ ਤੇ ਝੱਬਰ ਜੀ ਦੀ ਵੀ ਗਵਾਹੀ ਹੋਈ ਤੇ ਇਹ ਖਾਰਜ ਹੋਇਆ।

ਝੱਬਰ ਜੀ ਬੱਚੀ ਵਿੰਡ ਦੀਵਾਨ ਦੀ ਸਮਾਪਤੀ ਤੋਂ ਪਿਛੋਂ ਅਟਾਰੀ ਆਏ ਅਤੇ ਸੰਤ ਸਰੂਪ ਸ: ਹਰਬੰਸ ਸਿੰਘ ਜੋ ਪੜਪੋਤਰੇ ਸ: ਸ਼ਾਮ



Digitized by Panjab Digital Library | www.panjabdigilib.org

ਸਿੰਘ ਜੀ ਅਟਾਰੀ ਵਾਲੇ ਦੇ ਘਰ ਰਾਤ ਠਹਿਰੇ। ਰਾਤੀਂ ਗਲਾਂਬਾਤਾਂ ਕਰਦਿਆਂ ਝੱਬਰ ਜੀ ਨੇ ਸ: ਹਰਬੰਸ ਸਿੰਘ ਜੀ ਨੂੰ ਪੋਲੀਟੀਕਲ ਮੈਦਾਨਾਂ ਵਿਚ ਆਉਣ ਲਈ ਪਰੇਰਨਾ ਕੀਤੀ, ਤਾਂ ਉਹ ਧੀਰੇ ਜੇਹੇ ਆਪਣੇ ਸੁਭਾ ਅਨਕੂਲ ਬੋਲੇ "ਭਾਈਆ ਜੀ" ਮੈਂ ਤਾਂ ਗੁਰਮਤ ਪ੍ਰਚਾਰ ਨੂੰ ਸਭ ਤੋਂ ਉਚਾ ਜਾਣਦਾ ਹਾਂ ਤੇ ਇਸੇ ਨੂੰ ਆਪਣਾ ਜੀਵਨ ਆਦਰਸ਼ ਬਣਾਇਆ ਹੈ, ਇਸ ਭਟਕਦੇ ਸੰਸਾਰ ਅੰਦਰ ਵਿਲਕ ਦੀਆਂ ਆਤਮਾਂ ਨੂੰ ਨਾਮ ਅੰਮ੍ਰਿਤ ਦਾ ਛੱਟਾ ਦੇ ਕੇ ਠਾਰਨਾ ਸਿਖ ਲਈ ਸਭ ਤੋਂ ਉਤਮ ਕਰਤਵ ਹੈ। ਮੈਂ ਤਾਂ ਇਸ ਸੱਚੇ ਕਰਤਵ ਵਿਚ ਆਪਣੇ ਜੀਵਨ ਨੂੰ ਢਾਲਨਾ ਚਾਹੁੰਦਾ ਹਾਂ ਗੁਰੂ ਮੇਹਰ ਕਰੇ ਤੇ ਮੇਰੇ ਸਿਰ ਤੇ ਹੱਥ ਰਖ ਕੇ ਮੈਥੋਂ ਇਹ ਸੇਵਾ ਲਵੇ ਤਾਂ ਮੇਰੇ ਧੰਨ ਭਾਗ ਹੋਣਗੇ। ਇਹ ਸ਼ਬਦ ਭਰੇ ਹੋਏ ਮਨ ਵਿਚੋਂ ਤੇ ਸਜਲ ਨੇਤਰਾਂ ਨਾਲ ਬੜਾ ਅਸਰ ਰਖਣ ਵਾਲੇ ਸਨ। ਇਸ ਤਰਾਂ ਗੱਲਾਂ ਕਰਦਿਆ ਰਾਤ ਬਰਾਜ ਗਏ ਤੇ ਸਵੇਰੇ ਝੱਬਰ ਜੀ ਪ੍ਰਸਾਦ ਛੱਕ ਕੇ ਅਟਾਰੀ ਤੋਂ ਵਿਦਾ ਹੋਏ।

ਇਹ ਸਮਾਂ ਸਿਖਾਂ ਅੰਦਰ ਪੋਲੀਟੀਕਲ ਜਾਗ੍ਰਤ ਦਾ ਸਮਾਂ ਕਿਹਾ ਜਾ ਸਕਦਾ ਹੈ ਭਾਵੇਂ ਪੁਰਾਣੇ ਬਜ਼ੁਰਗਾਂ ਅਤੇ ਉਸ ਅਵਸਥਾ ਦੇ ਸਿਖੀ ਜੀਵਨ ਵਾਲੇ ਸਜਨਾਂ ਨੇ ਸ: ਹਰਬੰਸ ਸਿੰਘ ਅਟਾਰੀ ਵਾਲਿਆਂ ਵਾਂਙੂ ਆਪਣੀ ਲਗਣ ਗੁਰੂ ਨਾਨਕ ਮਿਸ਼ਨ ਨਾਲ ਹੀ ਲਗਾਈ ਰਖ਼ੀ ਪਰ ਵਿਚ ੨ ਝੱਬਰ ਜੀ ਮਾਸਟਰ ਮੋਤਾ ਸਿੰਘ ਜੀ ਵਰਗੀਆਂ ਹਸਤੀਆਂ ਰਾਜਨੀਤਕ ਵਿਚਾਰ ਦੇ ਮੈਦਾਨ ਵਿਚ ਉਤਰ ਆਈਆਂ ਸਨ ਅਤੇ ਹੁਣ ਹਰ ਇਕ ਦੀਵਾਨ ਵਿਚ ਸਰਕਾਰ ਅੰਗਰੇਜ਼ੀ ਦੇ ਅਤੇ ਹਿੰਦ ਦੀ ਗੁਲਾਮੀ ਦੇ ਵਿਰੁਧ ਜ਼ਬਰਦਸਤ ਤੇ ਜੁਗ ਪਲਟਾਉ ਭਾਸ਼ਨ ਦਿਤੇ ਜਾਂਦੇ ਇਥੋਂ ਤਕ ਕਿ ਸਰਕਾਰ ਨੂੰ ਮਿਲਵਰਤਣ ਦੇਣੇ ਸਰਦਾਰਾਂ ਵਿਰੁਧ ਖੁਲ੍ਹਮਖੁਲ੍ਹੇ ਮਤੇ ਪਾਸ ਕੀਤੇ ਜਾਣ ਲਗੇ। ਜਿਹਾ ਕਿ ਫੈਜ਼ਲਾ ਪੁਰ ਦੇ ਦੀਵਾਨ ਵਿਚ ਹੇਠ ਲਿਖਿਆ ਮਤਾ ਪਾਸ ਕੀਤਾ, ਜੋ ਅਖਬਾਰਾਂ ਵਿਚ



Digitized by Panjab Digital Library | www.panjabdigilib.org

ਪਰਕਾਸ਼ਤ ਹੋਇਆ' "ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਸਿਖ ਲੀਡਰਾਂ ਗਵਰਨਰ ਪੰਜਾਬ ਓਡਵਾਇਜਰ ਨੂੰ ਇਥੋਂ ਜਾਣ ਸਮੇਂ ਮਾਨ ਪਤਰ ਦਿਤਾ ਹੈ ਉਹਨਾਂ ਨੂੰ ਪੰਥ ਵਿਚੋਂ ਖਾਰਜ ਕੀਤਾ ਜਾਂਦਾ ਹੈ। ਖਾਸ ਕਰਕੇ ਸ: ਬਹਾਦਰ ਸੁੰਦਰ ਸਿੰਘ ਜੀ ਮਜੀਠਿਆ, ਸ: ਅਰੂੜ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ, ਸ: ਬਹਾਦਰ ਗੱਜਨ ਸਿੰਘ ਜੀ ਲੁਧਿਆਨਾ, ਰਸਾਲਦਾਰ ਗੋਪਾਲ ਸਿੰਘ ਜੀ ਭਾਗੋਵਾਲੀਆ, ਇਹਨਾਂ ਨੂੰ ਕੋਈ ਸਿਖ ਫਤਹਿ ਨਾਂ ਬੁਲਾਵੇ, ਇਸੇ ਪ੍ਰਕਾਰ ਸੈਂਟਰਲ ਮਾਝਾ ਦੀਵਾਨ ਵਲੋਂ ਬਹਿੜਵਾਲ ਨੱਕੇ ਵਿਚ ਕੀਤੇ ਦੀਵਾਨ ਵਿਚ ਝੱਬਰ ਜੀ ਤੇ ਸ: ਮੋਤਾ ਸਿੰਘ ਵੱਲੋਂ ਜ਼ਬਰਦਸਤ ਤਕਰੀਰਾਂ ਹੋਈਆਂ ਜਿਸ ਦਾ ਨਤੀਜਾ ਸ: ਹਰਦਿਆਲ ਸਿੰਘ ਪ੍ਰਧਾਨ ਦੀਵਾਨ ਦੀ ਢਾਈ ਹਜ਼ਾਰ ਜਾਗੀਰ ਜ਼ਬਤ ਹੋ ਗਈ। ਅਜੇਹੇ ਜਲਸੇ ਲੁਲਿਆਣੀ ਜ਼ਲਾ ਲਾਹੌਰ, ਵਿਛੋਆ ਜ਼ਿਲਾ ਅੰਮ੍ਰਿਤਸਰ, ਧਾਰੋਵਾਲੀ ਜ਼ਿਲਾ ਸ਼ੇਖੂ ਪੁਰਾ, ਖੁਸ਼ਹਾਲ ਪੁਰ ਕੋਨਾ, ਜ਼ਿਲਾ ਗੁਰਦਾਸ ਪੁਰ ਆਦਿਕ ਕਈ ਥਾਂਈ ਹੋਏ। ਜਿਥੇ ਇਸ ਤਰਾਂ ਦਾ ਜਲਸਾ ਹੁੰਦਾ ਸਰਕਾਰੀ ਕਰਮਚਾਰੀ ਤੇ ਪਿੰਡ ਦੇ ਜ਼ੈਲਦਾਰ ਨੰਬਰਦਾਰ ਇਹਨਾਂ ਨੂੰ ਫੇਹਲ ਕਰਾਉਣ ਦਾ ਯਤਨ ਕਰਦੇ ਅਤੇ ਦੂਜੇ ਵੰਨੇ ਆਮ ਜੰਤਾ ਇਹਨਾਂ ਦੇ ਵਿਰੁਧ ਪਰਚਾਰ ਕਰਦੀ। ਪ੍ਰੰਤੂ ਆਮ ਅਸਰ ਸਰਕਾਰ ਵਿਰੁਧ ਹੀ ਹੁੰਦਾ, ਅਤੇ ਲੋਕ ਨਿਤਾ ਪਤਰ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਆਜ਼ਾਦ ਹੋਣ ਦੇ ਅਸਰ ਨੂੰ ਕਬੂਲਦੇ। ਧਾਰੋਵਾਲੀ ਭਾਈ ਲਛਮਣ ਸਿੰਘ ਜੀ ਸ਼ਹੀਦ ਦੇ ਪਿੰਡ ਦੀਵਾਨ ਹੋਣ ਸਮੇਂ ਖਾਲਸਾ ਸਕੂਲ ਸਾਂਗਲਾ ਦੇ ਹੈਡ ਮਾਸਟਰ ਨੇ ਨੋਟਿਸ ਬੋਰਡ ਤੇ ਨੋਟਿਸ ਲਾ ਕੇ ਸਪਸ਼ਟ ਹੁਕਮ ਜਾਰੀ ਕੀਤਾ ਕਿ ਕੋਈ ਵਿਦਿਆਰਥੀ ਧਾਰੋਵਾਲੀ ਜਾ ਕੇ ਜਲਸੇ ਵਿਚ ਸ਼ਾਮਲ ਨਾ ਹੋਵੇ। ਜੋ ਜਾਵੇਗਾ ਉਸਨੂੰ ਬੈਂਤਾਂ ਦੀ ਸਜ਼ਾ ਦਿਤੀ ਜਾਵੇਗੀ ਪ੍ਰੰਤੂ ਇਸ ਸਕੂਲ ਦੇ ਮੈਨੇਜਰ ਸਾਹਿਬ ਸ: ਦਲੀਪ ਸਿੰਘ ਜੀ ਸ਼ਹੀਦ ਉਤੇ ਜਲਸੇ



Digitized by Panjab Digital Library | www.panjabdigilib.org

ਵਿਚ ਹੋਏ ਪਰਚਾਰ ਦਾ ਇਤਨਾ ਅਸਰ ਹੋਇਆ ਕਿ ਇਹ ਉਹਨਾਂ ਲਈ ਜੀਵਨ ਪਲਟਾਊ ਦਿਨ ਬਣ ਗਿਆ। ਉਹਨਾਂ ਨੇ ਇਥੇ ਹੀ ਪ੍ਰਣ ਕੀਤਾ ਅਤੇ ਉਸੇ ਰਾਤ ਉਚੇਚੇ ਖਦਰ ਦੇ ਕਪੜੇ ਸਵਾ ਕੇ ਪਹਿਨੇ ਅਤੇ ਮੁੜ ਕੇ ਬਦੇਸੀ ਕਪੜੇ ਨੂੰ ਹਥ ਨਹੀਂ ਲਾਇਆ। ਇਸੇ ਜਾਗ੍ਰਤ ਦੇ ਅਸਰ ਹੇਠ ਗਰਦੁਆਰਾ ਸੁਧਾਰ ਦੇ ਇਤਨੇ ਹਾਮੀ ਬਣੇ ਕਿ ਅਗਲੇ ਭਲਕ ਹੀ ਸਿਆਲ ਕੋਟ ਬਾਬੇ ਦੀ ਬੇਰ ਦੇ ਗੁਰਦੁਆਰੇ ਨੂੰ ਮਹੰਤ ਤੋਂ ਆਜ਼ਾਦ ਕਰਾਉਣ ਲਈ ਨਿਰਾ ਆਪ ਹੀ ਨਹੀਂ ਤੁਰੇ ਬਲਕਿ ਦਸ ਹੋਰ ਆਦਮੀਆਂ ਦਾ ਕਰਾਇਆ ਦੇ ਕੇ ਉਹਨਾਂ ਨੂੰ ਨਾਲ ਤਿਆਰ ਕੀਤਾ ਅਤੇ ਇਸ ਤੋਂ ਪਿਛੋਂ ਇਕ ਸਾਲ ਨਹੀਂ ਗੁਜ਼ਰਿਆ ਸੀ ਕਿ ਆਪ ਸ਼ਹਾਦਤ ਦਾ ਅਦੁਤੀ ਪਿਆਲਾ ਪੀ ਸਦਾ ਲਈ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਜਾ ਬਿਰਾਜੇ।

ਇਸੇ ਧਾਰੋਵਾਲੀ ਦੇ ਦੀਵਾਨ ਵਿਚ ਜਦੋਂ ਝੱਬਰ ਜੀ ਬੋਲ ਰਹੇ ਸਨ ਤਾਂ ਸਾਹਮਣੇ ਮਹੰਤ ਸੁੰਦਰ ਦਾਸ ਸ਼ਿਤਾਬ ਗੜੀਆ ਅਤੇ ਸੰਤ ਹਰੀਦਾਸ ਸਈਯਦ ਵਾਲੇ ਆ ਖੜੇ ਹੋਏ। ਝੱਬਰ ਜੀ ਨੇ ਤਾੜਿਆ ਕਿ ਇਹ ਪੱਕ ਨਾਲ ਨਨਕਾਣਾ ਸਾਹਿਬ ਦੇ ਮਹੰਤ ਵਲੋਂ ਸੂੰਹੀਏ ਬਣ, ਸਿੰਘਾਂ ਦੀ ਚਾਲ ਢਾਲ ਵੇਖਣ ਲਈ ਆਏ ਹਨ। ਇਹਨਾਂ ਨੇ ਆਪਣੇ ਲੈਕਚਰ ਦਾ ਰੁਖ ਬਦਲਿਆ ਤੇ ਨਨਕਾਣਾ ਸਾਹਿਬ ਦੇ ਬਦ ਚਲਣ ਮਹੰਤ ਨਰੈਣ ਦਾਸ ਦੀਆਂ ਕਹਾਣੀਆਂ ਛੇੜਦੇ ਹੋਏ ਆਖਿਆ "ਖਾਲਸਾ ਜੀ ਹੁਣ ਸਮਾਂ ਨੇੜੇ ਆ ਰਿਹਾ ਹੈ ਜਿਸ ਦਿਨ ਖਾਲਸਾ ਨਰੈਣ ਦਾਸ ਮਹੰਤ, ਜੋ ਆਈਆਂ ਸਿਖ ਸੰਗਤਾਂ ਨੂੰ ਕਾਲੇ ਫਨੀਅਰ ਵਾਙੂ ਫੂਕਾਂ ਮਾਰ ਮਾਰ ਡਰਾਂਦਾ ਹੈ, ਅਤੇ ਜੋ ਅਜੇਹੇ ਪਵਿਤਰ ਗੁਰਧਾਮ ਦਾ ਮਹੰਤ ਹੁੰਦਾ ਹੋਇਆ ਡੂਮਣੀ ਨੂੰ ਘਰ ਵਸਾਈ ਬੈਠਾ ਹੈ, ਦੀ ਇਸ ਫ਼ਨੀਅਰ ਫ਼ਨ ਨੂੰ ਕੁਚਲੇਗਾ?'

ਅਜੇ ਇਹ ਸ਼ਬਦ ਝੱਬਰ ਜੀ ਦੇ ਮੂੰਹ ਵਿਚ ਸਨ ਕਿ ਸੰਗਤ ਵਿਚੋਂ ਇਕ ਨੌਜੁਆਨ ਹਥ ਜੋੜ ਕੇ ਖੜਾ ਹੋ ਗਿਆ ਅਤੇ ਬੋਲਿਆ "ਸਚੇ



Digitized by Panjab Digital Library | www.panjabdigilib.org

ਪਾਤਸ਼ਾਹ ਦਾਸ ਨੂੰ ਹੁਕਮ ਹੋਵੇ ਤਾਂ ਦਾਸ ਮਹੰਤ ਨਰੈਣ ਦਾਸ ਦਾ ਸਿਰ ਵੱਢ ਲਿਆਉਂਦਾ ਹੈ" ਝਬਰ ਜੀ ਨੇ ਉਸ ਸਿੰਘ ਨੂੰ ਸਮਝਾ ਬੁਝਾ ਕੇ ਬਿਠਾ ਦਿਤਾ। ਜਦ ਝੱਬਰ ਜੀ ਲੈਕਚਰ ਖਤਮ ਕਰਕੇ ਬੈਠੇ ਤਾਂ ਦੀਵਾਨ ਦੇ ਸਕੱਤਰ ਨੇ ਪੋਚਾ ਪਾਉਣ ਦੀ ਖਾਤਰ ਇਹ ਕਿਹਾ ਕਿ "ਖਾਲਸਾ ਜੀ ਉਸ ਨੌਜਵਾਨ ਸਿੰਘ ਨੇ ਭਾਵੇਂ ਅਜੇਹੇ ਸ਼ਬਦ ਵਰਤੇ ਹਨ ਪ੍ਰੰਤੂ ਉਸ ਦਾ ਭਾਵ ਸਿਰ ਵੱਢਨ ਦਾ ਨਹੀਂ ਸੀ।" ਇਹ ਸੁਣਦੇ ਹੀ ਉਹ ਨੌਜੁਆਨ ਫਿਰ ਖੜਾ ਹੋ ਗਿਆ ਤੇ ਬੋਲਿਆ "ਸਚੇ ਪਾਤਸ਼ਾਹ ਮੈਂ ਕੋਈ ਝੂਠ ਤੇ ਨਹੀਂ ਆਖਦਾ ਮੇਰੇ ਪਾਸ ਛੱਵੀ ਭੀ ਹੈ ਤੁਸਾਂ ਹੁਕਮ ਦਿਓ, ਜੇ ਕਰ ਮੈਂ ਮਹੰਤ ਨਰੈਣ ਦਾਸ ਦਾ ਸਿਰ ਵੱਢ ਕੇ ਨਾ ਲਿਆਂਵਾਂ, ਤਾਂ ਮੈਂ ਆਪਣੇ ਪਿਉ ਦਾ ਪੁੱਤਰ ਨਹੀਂ।" ਇਸ ਪ੍ਰੇਮੀ ਨੇ ਇਸ ਤੋਂ ਥੋੜਾ ਚਿਰ ਪਿਛੋਂ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੇ ਮੋਹਰੀਆਂ ਵਿਚ ਥਾਂ ਹਾਸਲ ਕੀਤੀ।

## ਗੁਰਦੁਆਰਾ ਸੁਧਾਰ ਲਹਿਰ ਦਾ ਆਰੰਭ

ਧਾਰੋਵਾਲੀ ਦੇ ਦੀਵਾਨ ਵਿਚ ਹੀ ਅਖੀਰਲੇ ਦਿਨ ਸ਼ਾਮ ਦੇ ਤਿੰਨ ਵਜੇ ਝੱਬਰ ਜੀ ਨੂੰ ਭਾਈ ਤੇਜਾ ਸਿੰਘ ਭੁਚਰ ਵਲੋਂ ਤਾਰ ਮਿਲੀ ਜਿਸ ਵਿਚ ਉਹਨਾਂ ਨੇ ਝੱਬਰ ਜੀ ਨੂੰ ਜਥਾ ਲੈ ਕੇ ਸਿਆਲ ਕੋਟ ਬਾਬੇ ਦੀ ਬੇਰ ਪੁਜਣ ਲਈ ਤਾਕੀਦ ਕੀਤੀ ਸੀ ਕਿਉਂਕਿ ਉਥੇ ਵਿਰੋਧੀ ਸਿਖ ਅਨਸਰ ਜ਼ੋਰ ਪਾ ਰਿਹਾ ਸੀ, ਅਤੇ ਗੁਰਦੁਆਰੇ ਦੀ ਬੇਅਦਬੀ ਹਰ ਘੜੀ ਵਧ ਰਹੀ ਸੀ। ਇਸ ਤਾਰ ਦਾ ਭਾਵ ਝੱਬਰ ਜੀ ਨੇ ਸੰਗਤਾ ਪ੍ਰਤੀ ਦਸਿਆ ਅਤੇ ਪਰੇਰਨਾ ਕੀਤੀ ਕਿ ਨੌਜਵਾਨ ਸਿੰਘ ਜਥੇ ਨਾਲ ਜਾਣ ਲਈ ਤਿਆਰ ਹੋਣ, ਕਈਆਂ ਨੇ ਨਾਉਂ ਲਿਖਵਾਏ, ਪ੍ਰੰਤੂ ਕਈਆਂ ਕਿਹਾ "ਜੀ ਜਾਣ ਨੂੰ ਤਿਆਰ ਹਾਂ ਪਰੰਤੂ ਕਿਰਾਏ ਦੇ ਪੈਸੇ ਨਹੀਂ ਹਨ।" ਜਦ ਪੈਸਿਆਂ ਲਈ ਕਿਹਾ ਗਿਆ ਤਾਂ ਅਲ਼ ਪਲ ਵਿਚ ਦੋ ਦੋ ਚਾਰ ਚਾਰ ਸਿੰਘਾਂ ਦੇ ਕਿਰਾਏ ਦੇਣ ਦੀ ਕਈਆਂ ਜ਼ਿੰਮੇਂਵਾਰੀ ਚੁਕ ਲਈ।



Digitized by Panjab Digital Library | www.panjabdigilib.org

ਭਾਈ ਦਲੀਪ ਸਿੰਘ ਸ਼ਹੀਦ ਨੇ ਦਸਾਂ ਸਿੰਘਾਂ ਦਾ ਕਿਰਾਇਆ ਦੇਣਾ ਕੀਤਾ। ੧੫੦) ਨਕਦ ਜਮ੍ਹਾਂ ਹੋ ਗਏ ਅਤੇ ਅਗਲੇ ਭਲਕ ਜਾਣ ਵਾਲੇ ਸਿੰਘਾਂ ਨੂੰ ਸਾਂਗਲਾ ਸਟੇਸ਼ਨ ਤੇ ਪੁਜਣ ਦੀ ਵਿਉਂਤ ਦਸ ਕੇ ਦੀਵਾਨ ਦੀ ਸਮਾਪਤੀ ਹੋਈ।

ਅਗਲੇ ਦਿਨ ਸਵੇਰੇ ਅਠ ਵਜੇ ਬਹੁਤ ਸਿੰਘ ਸਟੇਸ਼ਨ ਤੇ ਪੁਜ ਗਏ। ਭਾਈ ਦਲੀਪ ਸਿੰਘ ਜੀ ਵੀ ਨਵੇਂ ਖਦਰ ਦੇ ਕਪੜੇ ਪਾਈ ਪੁਜੇ ਹੋਏ ਸਨ। ਬੜਾ ਪਿਆਰ ਤੇ ਉਤਸ਼ਾਹ ਸੀ ਹਰ ਇਕ ਸਿੰਘ ਦੇ ਚੇਹਰੇ ਤੇ ਇਸ ਤਰ੍ਹਾਂ ਦੀ ਖੁਸ਼ੀ ਮਘਦੀ ਸੀ ਜਿਵੇਂ ਜੰਞ ਚੜ੍ਹਦੇ ਲਾੜੇ ਦੇ ਚਹਰੇ ਤੇ ਲਾਲੀ ਭਖਦੀ ਹੁੰਦੀ ਹੈ। ੨੫੦ ਟਿਕਟ ਸਿਆਲ ਕੋਟ ਦਾ ਖਰੀਦਿਆ ਗਿਆ, ਭਾਵੇਂ ਗਡੀ ਚੜ੍ਹਨ ਸਮੇਂ ਕੋਈ ਪਤਾ ਨਹੀਂ ਰਿਹਾ, ਕਿ ਕਿਤਨੇ ਕੁ ਸਿੰਘ ਛਾਲਾਂ ਮਾਰ ਗੱਡੀ ਵਿਚ ਵੜ ਗਏ। ਇਹ ਗੁਰਦੁਆਰਾ ਸੁਧਾਰ ਲਹਿਰ ਦਾ ਪਹਿਲਾ ਮੋਰਚਾ ਸੀ।

# ਬਾਬੇ ਦੀ ਬੇਰ ਗੁਰਦੁਆਰੇ ਉਤੇ ਪੰਥ ਦਾ ਕਬਜਾ

ਬਾਬੇ ਦੀ ਬੇਰ ਗੁਰਦੁਆਰੇ ਦਾ ਅੰਗਰੇਜ਼ੀ ਜ਼ਮਾਨੇ ਦੇ ਮਹੰਤਾਂ ਵਿਚੋਂ ਪਰੇਮ ਸਿੰਘ ਸਭ ਤੋਂ ਚੰਗਾ ਮਹੰਤ ਸੀ। ਮਹੰਤ ਜੀ ਆਪਣੇ ਵਕਤ ਵਿਚ ਗੁਰਦੁਆਰੇ ਦਾ ਪ੍ਰਬੰਧ ਅਤੇ ਗੁਰੂ ਕਾ ਲੰਗਰ ਬਹੁਤ ਚੰਗਾ ਚਲਾਂਦੇ ਸਨ। ਗਿਆਨੀ ਗਿਆਨ ਸਿੰਘ ਜੀ ਦੀ ਮਹੰਤ ਜੀ ਨੇ ਖਾਲਸਾ ਤਵਾਰੀਖ ਲਿਖਣ ਵਿਚ ਬਹੁਤ ਮਦਦ ਕੀਤੀ, ਹੋਰ ਭੀ ਪੰਥਕ ਕੰਮਾਂ ਵਿਚ ਹਿਸਾ ਲੈਂਦੇ ਰਹੇ। ਇਨ੍ਹਾਂ ਦੇ ਚੜ੍ਹਾਈ ਕਰ ਜਾਣ ਪਿਛੋਂ ਇਨ੍ਹਾਂ ਦੇ ਨੌਜੁਆਨ ਪੁਤ੍ਰ ਮਹੰਤ ਹਰਨਾਮ ਸਿੰਘ ਜੀ ਗਦੀ ਤੇ ਬੈਠੇ। ਆਮਦਨ ਕਾਫੀ ਸੀ, ਇਹ ਜਰ ਨਾ ਸਕਿਆ, ਵਿਸ਼ੇ ਵਿਕਾਰਾਂ ਵਿਚ ਪੈ ਕੇ ਇਸ ਦੀ ਮੌਤ ਜੁਆਨੀ ਵਿਚ ਹੀ ਹੋ ਗਈ। ਇਸ ਦਾ ਲੜਕਾ ਇਕ ਹੀ ਹੋਇਆ ਸੀ। ਮਹੰਤਨੀ ਅਜੇ ਨਾ ਤਜਰਬੇਕਾਰ ਸੀ, ਅਤੇ ਉਮਰ ਦੀ ਛੋਟੀ ਹੀ ਸੀ। ਇਸ ਨੂੰ ਕੁਝ ਲੋਕਲ ਹਿੰਦੂਆਂ ਨੇ ਵਰਗਲਾ ਲੀਤਾ। ਇਸ ਨੇ ਸ:



Digitized by Panjab Digital Library | www.panjabdigilib.org

ਗੰਡਾ ਸਿੰਘ ਉਬਰਾਏ ਜੋ ਵਲੈਤ ਜਾ ਕੇ ਪਤਤ ਹੋ ਆਇਆ ਸੀ, ਉਸ ਨੂੰ ਮੈਨੇਜਰ ਬਾਪ ਕੇ ਗੱਦੀ ਆਪਣੇ ਨਾਬਾਲਗ ਬਚੇ ਨੂੰ ਦੇ ਦਿਤੀ। ਇਕ ਪਤਤ ਸਿੰਘ ਦੇ ਗੁਰਦੁਆਰੇ ਦੇ ਮੈਨੇਜਰ ਹੋਣ ਉਤੇ ਸ਼ਹਿਰ ਦੇ ਸਿਖਾਂ ਅੰਦਰ ਰੰਜ ਅਤੇ ਜੋਸ਼ ਭਰ ਜਾਣਾ ਕੁਦਰਤੀ ਗਲ ਸੀ, ਪਰ ਕਾਨੂੰਨ ਕੋਈ ਮਦਦ ਨਹੀਂ ਸੀ ਕਰਦਾ। ਪੰਥ ਦੀ ਜਥੇ ਬੰਦੀ ਭੀ ਕੋਈ ਨਹੀਂ ਸੀ ਜੋ ਮੁਕਾਬਲਾ ਕਰੇ। ਸ਼ਹਿਰ ਦੇ ਪਰੇਮੀ ਸਿਖਾਂ ਨੇ ਹਰ ਹਫਤੇ ਮਿਲ ਕੇ ਵਾਰੀ ੨ ਹਰ ਗੁਰਦੁਆਰੇ ਵਿਚ ਕੀਰਤਨ ਦੁਆਰਾ ਪਰਚਾਰ ਕਰਨ ਲਈ ਇਕ ਕੀਰਤਨੀ ਜਥਾ ਕਾਇਮ ਕੀਤਾ ਹੋਇਆ ਸੀ।

ਬਾਬੇ ਦੀ ਬੇਰ ਗੁਰਦੁਆਰੇ ਦੀ ਭੀ ਵਾਰੀ ਆਈ। ਇਹ ਜਥਾ ਅੰਮ੍ਰਿਤ ਵੇਲੇ ਗੁਰਦੁਆਰੇ ਕੀਰਤਨ ਕਰਨ ਵਾਸਤੇ ਗਿਆ ਪ੍ਰੰਤੂ ਚੋਰ ਕੀ ਦਾਹੜੀ ਮੇਂ ਤਿਨਕਾ, ਅਨੁਸਾਰ ਗੰਡਾ ਸਿੰਘ ਪਾਰਟੀ ਘਬਰਾਈ, ਅਤੇ ਇਹਨਾਂ ਨੇ ਕੀਰਤਨ ਬੰਦ ਕਰਵਾ ਦਿਤਾ, ਇਥੋਂ ਤਕ ਕਿ ਹਥੋ-ਪਾਈ ਵੀ ਹੋਏ ਤੇ ਕਾਫ਼ੀ ਰੌਲਾ ਪਿਆ। ਥੋੜਾ ਚਿਰ ਕੀਰਤਨ ਕਰਕੇ ਜਥਾ ਵਾਪਸ ਆ ਗਿਆ। ਅਗਲੇ ਭਲਕ ਕੀਰਤਨੀ ਜਥਾ ਫਿਰ ਗੁਰਦੁਆਰਾ ਸਾਹਿਬ ਕੀਰਤਨ ਕਰਨ ਆਇਆ। ਫਿਰ ਰੌਲਾ ਪੈ ਗਿਆ ਅਤੇ ਗੰਡਾ ਸਿੰਘ ਨੇ ਅਦਾਲਤ ਵਿਚ ੧੦੭ ਹੇਠ ਜ਼ਮਾਨਤਾਂ ਦਾ ਭਾਈ ਨਾਨਕ ਸਿੰਘ, ਜਵਾਹਰ ਸਿੰਘ, ਰਾਮ ਸਿੰਘ, ਭਾਗ ਸਿੰਘ, ਮਹਾਂ ਸਿੰਘ ਪੰਜਾਂ ਕੀਰਤਨੀਆਂ ਤੇ ਦਾਹਵਾ ਕੀਤਾ, ਪੇਸ਼ੀ ਲਈ ਇਤਲਾਹਾਂ ਭੀ ਹੋਈਆਂ ਸ਼ਹਿਰ ਦਾ ਸਿਖ ਮਦਦ ਭੀ ਕੋਈ ਨਾ ਕਰੇ। ਇਹਨਾਂ ਦੀ ਕੋਈ ਪੇਸ਼ ਨਾ ਗਈ, ਅਖੀਰ ਵਿਚ ਭਾਈ ਨਾਨਕ ਸਿੰਘ, ਜਵਾਹਰ ਸਿੰਘ, ਸ੍ਰੀ ਤਰਨ ਤਾਰਨ ਸਾਹਿਬ ਦੇ ਮਸਿਆ ਦੇ ਮੇਲੇ ਤੇ ਸੰਟਰਲ ਮਾਝਾ ਦੀਵਾਨ ਦੇ ਵਿਚ ਪੁਜੇ ਅਤੇ ਸੰਗਤ ਵਿਚ ਆਪਣੇ ਦੁਖ ਦੀ ਕਹਾਣੀ ਸੁਣਾਈ। ਸ: ਜਸਵੰਤ ਸਿੰਘ ਝਬਾਲੀਆ ਭੀ ਮੌਜੂਦ ਸੀ, ਸਭ ਨੇ ਸਰਦਾਰ ਜੀ ਨੂੰ ਆਖਿਆ ਕਿ ਤੁਸੀਂ ਇਨ੍ਹਾ ਦੇ ਨਾਲ ਸਿਆਲ ਕੋਟ ਜਾਓ। ਇਸ ਨੇ ਮੰਨ ਲਿਆ ਅਤੇ ਪੁਜਨ ਦਾ ਇਕਰਾਰ ਕੀਤਾ। ਪਰ ਜਦ ਘਰ



Digitized by Panjab Digital Library | www.panjabdigilib.org

ਗਏ ਤਾਂ ਪਤਾ ਲਗਾ ਕਿ ਇਨ੍ਹਾਂ ਦੇ ਵਡੇ ਭਰਾ ਸ: ਅਮਰ ਸਿੰਘ ਝੱਬਾਲ ਨੇ ਸਿਆਲ ਕੋਟ ਆਲੂਆਂ ਦਾ ਬੀ ਲੈਣ ਜਾਣਾ ਹੈ। ਸੋ ਸਰਦਾਰ ਜਸਵੰਤ ਸਿੰਘ ਨੇ ਆਪਣੇ ਥਾਂ ਸ: ਅਮਰ ਸਿੰਘ ਜੀ ਨੂੰ ਜਾਣ ਲਈ ਕਿਹਾ। ਉਹ ਸਿਆਲਕੋਟ ਪੁਜ ਗਏ ਉਨ੍ਹਾਂ ਉਥੇ ਗੁਰਦਵਾਰੇ ਦੇ ਸਾਰੇ ਹਾਲਾਤ ਦੀ ਵਾਕਫੀ ਕਰ ਸੈਂਟਰਲ ਮਾਝਾਂ ਦੀਵਾਨ ਨੂੰ ਇਤਲਾਹ ਦਿਤੀ। ਉਨ੍ਹਾਂ ਨੇ ਪੰਜਾਹ ਸਿੰਘਾਂ ਦਾ ਜਥਾ ਭਾਈ ਤੇਜਾ ਸਿੰਘ ਭੁਚਰ ਦੇ ਨਾਲ ਸਆਲਕੋਟ ਭੇਜ ਦਿਤਾ ਜੋ ਰਾਤੋ ਰਾਤ ਸਿਆਲ ਕੋਟ ਪੁਜ ਗਿਆ (ਜਥਾ ਭਰਿਆ ਕੀਰਤਨ ਗੜ ਦੀਵਾਨ ਮੱਸਿਆ ਦੇ ਪਿਛੋਂ ਸੀ ਸ: ਅਮਰ ਸਿੰਘ ਨੇ ਤਾਰ ਕੀਰਤਨ ਗੜ੍ਹ ਦਿਤੀ ਸੀ। ਜਥੇਦਾਰ ਤੇਜਾ ਸਿੰਘ ਭੁਚਰ ਨੂੰ ਤਾਰ ਇਥੇ ਮਿਲੀ) ਜਥਾ ਕਾਲੇ ਦਸਤਾਰੇ, ਹਥਾਂ ਵਿਚ ਸਫਾ ਜੰਗ, ਲੱਕੀਂ ਕਛਹਿਰੇ ਪਹਿਨ ਸ਼ਰ ਦੀ ਨੁਹਾਰ ਵਾਂਗ ਚਲਦਾ ਤਕ ਕੇ ਲੋਕੀਂ ਹੈਰਾਨ ਰਹਿ ਗਏ। ਜਥੇ ਦੇ ਦਰਸ਼ਨ ਕਰਨ ਲਈ ਲੋਕੀ ਕਠੇ ਹੋਣ ਲਗੇ, ਤਾਂ ੧੫-੧੬ ਸੌ ਦਾ ਹਜੂਮ ਬਣ ਗਿਆ, ਅਤੇ ਜਲੂਸ ਦੀ ਸ਼ਕਲ ਵਿਚ ਕਚਹਿਰੀ ਪੁਜੇ। ਮੈਜਿਸਟਰੇਟ ਬਾਹਰ ਆ ਕੇ ਜਥਾ ਵੇਖ ਕੇ ਅੰਦਰ ਗਿਆ ਤੇ ਮੁਲਜ਼ਮਾਂ ਨੂੰ ਬੁਲਾਇਆ। ਇਹ ਪੰਜ ਸਿੰਘ ਅੰਦਰ ਗਏ ਤਾਂ ਇਸ ਨੇ ਹਾਜ਼ਰ ਜ਼ਮਾਨਤ ਮੰਗੀ। ਸਿੰਘਾਂ ਨੇ ਇਨਕਾਰ ਕੀਤਾ। ਮੁਚੱਲਕੇ ਮੰਗੇ, ਸਿੰਘਾਂ ਤਾਂ ਭੀ ਇਨਕਾਰ ਕੀਤਾ ਫਿਰ ਕਿਹਾ ਤੁਮ ਜਾਓ, ਜਬ ਜ਼ਰੂਰਤ ਹੋਗੀ ਹਮ ਬੁਲਾ ਲੇਂਗੇ। ਸਿਖਾਂ ਦੀ ਇਹ ਬੜੀ ਫਤਿਹ ਸੀ ਜਿਸ ਲਈ ਉਹ ਬੜੇ ਜੋਸ਼ ਵਿਚ ਸਨ। ਕਚਹਿਰੀ ਤੋਂ ਪਰਤ ਕੇ ਸ: ਅਮਰ ਸਿੰਘ ਤਾਂ ਆਲੂਆਂ ਦੀ ਬੀਜ ਲੈ ਕੇ ਵਾਪਸ ਚਲੇ ਆਏ, ਅਤੇ ਭਾਈ ਤੇਜਾ ਸਿੰਘ ਭੁਚਰ ਜਥੇ ਸਮੇਤ ਬਾਬੇ ਦੀ ਬੇਰ ਦਰਸ਼ਨ ਕਰਨ ਲਈ ਗਏ, ਮੱਥਾ ਟੇਕ ਕੇ ਇਕ ਚੁਬਾਰੇ ਵਿਚ ਡੇਰਾ ਕੀਤਾ। ਸਵੇਰੇ ਟੌਡਾ ਸਿੰਘ ਮੈਨੇਜਰ ਪੁਲੀਸ ਕਪਤਾਨ ਦੀ ਕੋਠੀ ਗਿਆ ਅਤੇ ਪੁਲੀਸ ਦੀ ਗਾਰਦ ਇਕ ਥਾਣੇਦਾਰ ਤੇ ਇਨਸਪੈਕਟਰ ਨਾਲ ਲੈ ਕੇ ਗੁਰਦੁਆਰੇ ਆਇਆ। ਥਾਣੇਦਾਰ ਸਿੰਘਾਂ ਨੂੰ ਹਮਕੀ ਤੁਮਕੀ ਕਰਨ ਲੱਗਾ। ਸਿੰਘਾਂ ਨੇ ਕਿਹਾ



Digitized by Panjab Digital Library | www.panjabdigilib.org

ਕਿ ਇਥੇ ਬਹੁਤੀਆਂ ਗੱਲਾਂ ਨਾ ਕਰ ਅਸੀਂ ਤਾਂ ਗੁਰਦੁਆਰੇ ਬਤੌਰ ਮੁਸਾਫ਼ਰ ਬੈਠੇ ਹਾਂ। ਤੂੰ ਸਾਨੂੰ ਕੀ ਆਖਦਾ ਹੈਂ ? ਜੇ ਕਰ ਗੁਾਲ ਕਢੀ ਤਾਂ ਇਕ ਦੀਆਂ ਚਾਰ ਸੁਣ ਲਵੇਂਗਾ। ਪੁਲੀਸ ਦੀ ਗਾਰਦ ਫ਼ਾਲਣ ਕੀਤੀ ਗਈ, ਕੁਦਰਤੀ ਉਸ ਵੇਲੇ ਸਿਆਲਕੋਟ ਛਾਉਣੀ ਵਿਚੋਂ ਸਿੰਘਾਂ ਦਾ ਰਸਾਲਾ ਘੋੜੇ ਫੇਰਨ ਆਇਆ ਹੋਇਆ ਸੀ ਜੋ ਉਧਰ ਆ ਰਿਹਾ ਸੀ। ਪੁਲੀਸ ਨੇ ਸਮਝਿਆ ਕਿ ਇਹ ਫ਼ੌਜੀ ਸਿੰਘ ਸਿੰਘਾਂ ਦੀ ਮਦਦ ਕਰਨ ਆਏ ਹਨ। ਪੁਲੀਸ ਨੇ ਇਥੋਂ ਨਠਣ ਦੀ ਕੀਤੀ, ਅਤੇ ਹਿੰਦੂ ਘੁਸਰ ਮੁਸਰ ਕਰਨ ਲਗੇ। ਦੁਪਹਿਰ ਵੇਲੇ ਭੁਚਰ ਜੀ ਵਲੋਂ ਧਾਰੋਵਾਲੀ ਦੀਵਾਨ ਤੇ ਝੱਬਰ ਜੀ ਨੂੰ ਤਾਰ ਦਿਤੀ ਗਈ। ਸੋ ਅਗਲੇ ਭਲਕ ਝੱਬਰ ਜੀ ਭੀ ਸਿਆਲ ਕੋਟ ਪੁਜ ਗਏ।

ਰਾਤ ਨੂੰ ਜਥੇ ਨੇ ਲੰਗਰ ਵਿਚੋਂ ਰਸਦ ਲੈ ਕੇ ਆਪਣਾ ਲੰਗਰ ਪਕਾਇਆ ਤੇ ਰਾਤ ਅਰਾਮ ਕੀਤਾ। ਸਵੇਰੇ ਸਿਆਲਕੋਟ ਦੇ ਉਹੀ ਪਰੇਮੀ ਰਾਗੀਆਂ ਦਾ ਜਥਾ ਕੀਰਤਨ ਕਰਨ ਲਈ ਆਇਆ। ਸੰਗਤਾਂ ਨੇ ਮਿਲ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਰਜ ਕੇ ਕੀਰਤਨ ਕੀਤਾ। ਲੰਗਰ ਭੀ ਹੋਇਆ। ਰਾਤ ਨੂੰ ਜਥੇ ਦੀ ਗਿਣਤੀ ੫੦੦ ਦੇ ਲੱਗ ਭਗ ਹੋ ਗਈ ਸੀ। ਗੰਡਾ ਸਿੰਘ ਤੇ ਸ਼ਰਾਰਤੀ ਹਿੰਦੂ ਭੈੜੇ ਪੈ ਗਏ। ਅਗਲੇ ਭਲਕ ਝੱਬਰ ਨੇ ਲੰਗਰ ਦੇ ਸਟੋਰ ਦੇ ਤਿੰਨ ਜੰਦਰੇ ਤੋੜ ਦਿਤੇ ਅਤੇ ਲੰਗਰ ਤੇ ਕਬਜ਼ਾ ਕਰ ਲਿਆ। ਸਾਰੇ ਸ਼ਹਿਰ ਤੇ ਬਾਹਰ ਖਬਰ ਹੋ ਗਈ, ਕਿ ਜਥੇ ਨੇ ਗੁਰਦੁਆਰੇ ਤੇ ਕਬਜ਼ਾ ਕਰ ਲਿਆ ਹੈ। ੪ ਦਿਨਾਂ ਪਿਛੋਂ ਜ਼ਿਲੇ ਵਿਚੋਂ ਹੋਰ ਸਿੰਘ ਭੀ ਆ ਗਏ। ਇਕ ਬਜੇ ਬਾਹਰੋਂ ਆਏ ਸਜਨਾਂ ਦੀ ਮੀਟਿੰਗ ਹੋਈ। ਸਿਆਲ ਕੋਟ ਦੇ ਇਕ ਪਰੇਮੀ ਨੇ ਪੇਸ਼ ਕੀਤਾ ਕਿ ਬਾਬੇ ਦੀ ਬੇਰ ਗੁਰਦੁਆਰੇ ਦੀ ਕਮੇਟੀ ਪੰਜਾਬ ਭਰ ਦੀਆਂ ਸਿੰਘ ਸਭਾਵਾਂ ਦੇ ਦੀਵਾਨਾਂ ਦੇ ਨੁਮਾਇਦੇ ਸ਼ਾਮਲ ਕਰਕੇ ਬਣਾਈ ਜਾਵੇ। ਅਤੇ ਭੁਚਰ ਤੇ ਝੱਬਰ ਜੀ ਦੇ ਨਾਮ ਭੀ ਮੈਂਬਰੀ ਲਈ ਤਜਵੀਜ਼ ਕੀਤੇ। ਉਤਰ ਵਿਚ ਝੱਬਰ ਜੀ ਨੇ ਤੇ ਭੁਚਰ ਜੀ ਨੇ ਮੈਂਬਰ ਬਨਣ ਤੋਂ ਇਨਕਾਰ



Digitized by Panjab Digital Library | www.panjabdigilib.org

ਕੀਤਾ, ਅਤੇ ਤਜਵੀਜ਼ ਪੇਸ਼ ਕੀਤੀ ਕਿ ਸਵਾਏ ਜ਼ਿਲਾ ਸਿਆਲ ਕੋਟ ਦੇ ਬਾਹਰੋਂ ਕੋਈ ਮੈਂਬਰ ਨਾ ਲਿਆ ਜਾਵੇ। ਲੋਕੀਂ ਆਪੋ ਆਪਣੇ ਜ਼ਿਲੇ ਦਾ ਆਪ ਪ੍ਰਬਧ ਕਰਨ। ਇਹ ਤਜਵੀਜ਼ ਪਾਸ ਹੋ ਗਈ, ਨਾਲ ਹੀ ਝੱਬਰ ਜੀ ਨੇ ਤਸ਼ਰੀਹ ਕੀਤੀ ਕਿ ਇਸ ਕਮੇਟੀ ਵਿਚ ਰਹਿਤ ਹੀਣ ਸ਼ਰਾਬੀ ਆਦਿ ਨਾ ਲਿਆ ਜਾਵੇ। ਪਰੇਮੀ ਅਤੇ ਨਿਤਨੇਮੀ ਸਿਖਾਂ ਦੀ ਕਮੇਟੀ ਬਣਾਈ ਜਾਵੇ। ਨੌ ਮੈਂਬਰਾਂ ਦੀ ਕਮੇਟੀ ਬਣਾਈ ਗਈ ਅਤੇ ਪਰਧਾਨਗੀ ਲਈ ਝੱਬਰ ਨੇ ਸਰਦਾਰ ਖੜਕ ਸਿੰਘ ਜੀ ਦਾ ਨਾਮ ਪੇਸ਼ ਕੀਤਾ ਅਤੇ ਇਹੋ ਸਾਹਿਬ ਪਰਧਾਨ ਚੁਣੇ ਗਏ। ਇਸ ਤਰਾਂ ਨਾਲ ਸ: ਖੜਕ ਸਿੰਘ ਜੀ ਅਕਾਲੀ ਲਹਿਰ ਵਿਚ ਸ਼ਾਮਲ ਹੋਏ। ਇਕ ਸਬ ਕਮੇਟੀ ਗੁਰਦੁਆਰੇ ਦੇ ਸਾਮਾਨ ਦੀ ਲਿਸਟ ਤਿਆਰ ਕਰਨ ਲਈ ਬਣਾਈ ਗਈ। ਫਹਿਰਿਸਤ ਤਿਆਰ ਹੋ ਗਈ। ਇਸ ਤਰਾਂ ਗੁਰਦੁਆਰਾ ਬਾਬੇ ਦੀ ਬੇਰ ਸਿਆਲ ਕੋਟ ਦਾ ਕਬਜ਼ਾ ਕਰ ਜਥੇ ਨੇ ਸੁਧਾਰ ਲਹਿਰ ਦੀ ਨੀਂਹ ਧਰ ਦਿਤੀ ਅਤੇ ਸੈਂਟਰਲ ਮਾਝਾ ਦੀਵਾਨ ਦੇ ੨੫ ਕੁ ਸਿੰਘ ਕਮੇਟੀ ਦੀ ਮਦਦ ਲਈ ਉਥੇ ਛਡ ਕੇ ਜਥਾ ਅਗਲੇ ਤਲਕ ਚਲਾ ਗਿਆ। ਕਿਉਂਕਿ ਅਗੋਂ ਖੁਸ਼ਾਲ ਪੁਰ ਕੋਠਾ ਜ਼ਿਲਾ ਗੁਰਦਾਸ ਪੁਰ ਵਿਖੇ ਪੁਲੀਟੀਕਲ ਜਲਸਾ ਨੇੜੇ ਹੀ ਸੀ। ਬਹੁਤ ਸਾਰੇ ਸਿੰਘ ਤਾਂ ਘਰਾਂ ਨੂੰ ਚਲੇ ਗਏ ਬਾਕੀ ੪੦ ਕੁ ਸਿੰਘਾਂ ਦਾ ਜਥਾ ਝੱਬਰ ਜੀ ਨੇ ਭਾਈ ਸੰਗਾਰਾ ਸਿੰਘ ਦੇ ਸਪੁਰਦ ਕੀਤਾ ਅਤੇ ਰਸਤਾ ਦਸ ਦਿਤਾ ਜੋ ਸਿਧਾ ਪੈਦਲ ਹੀ ਪਸਰੂਰ ਤੋਂ ਲੰਘਦਾ ਹੋਇਆ ਕਰਤਾਰਪੁਰ ਦੇਦੇ ਦਰਸ਼ਨ ਕਰਕੇ ਡੇਹਰਾ ਸਾਹਿਬ ਤੋਂ ਲੰਘਕੇ ਖੁਸ਼ਹਾਲ ਪੁਰ ਪੁਜ ਗਿਆ।

੯–੧੦–੨੦ ਰਾਤ ਨੂੰ ਝੱਬਰ ਜੀ ਭੀ ਖੁਸ਼ਹਾਲ ਪੁਰ ਪੁਜ ਗਏ ਅਗਲੇ ਦਿਨ ਭਾਈ ਤੇਜਾ ਸਿੰਘ ਚੂਹੜਕਾਣਾ ਭੀ ਪਹੁੰਚ ਗਏ। ਭੁਚਰ ਜੀ ਵੀ ਪੁਜੇ, ਪੰਡਤ ਰਾਮ ਭਜ ਅਤੇ ਹੋਰ ਭੀ ਹਿੰਦੂ ਮੁਸਲਮਾਨ ਕਾਂਗ੍ਰਸੀ ਲੀਡਰ ਪੁਜੇ। ਮਿਤੀ ੧੧–੧੦–੨੦ ਨੂੰ ਸ: ਵਸਾਵਾ ਸਿੰਘ ਨੰਬਰਦਾਰ ਨੇ ਨੰਬਰਦਾਰੀ ਸਟੀ, ਉਸ ਦਿਨ ਇਤਨੀ ਦੁਨੀਆਂ ਆਈ ਕਿ



Digitized by Panjab Digital Library | www.panjabdigilib.org

ਲੋਕਾਂ ਨੂੰ ਰੋਟੀ ਪਾਣੀ ਨਾ ਮਿਲਿਆ। ਦੋ ਬਜੇ ਜਲਸੇ ਦੇ ਅਖੀਰ ਵਿਚ ਝੱਬਰ ਤੇ ਤੇਜਾ ਸਿੰਘ ਜੀ ਚੂਹੜਕਾਣੇ ਨੇ ਆਪਣੀ ਬਣਾਈ ਹੋਈ ਇਕ ਪੋਲੀਟੀਕਲ ਕਵਿਤਾ ਪੜ੍ਹੀ। ਪੰਜਾਬ ਕੌਂਸਲ ਦੀ ਨਵੀਂ ਚੋਣ ਹੋਣੀ ਸੀ ਅਤੇ ਕਾਂਗਰਸ ਨੇ ਐਲਾਨ ਕੀਤਾ, ਕਿ ਅਸੀਂ ਨਾ ਮਿਲਵਰਤਣ ਕਰਨਾ ਹੈ। ਇਹ ਏਸੇ ਭਾਵ ਦੀ ਕਵਿਤਾ ਸੀ, ਧਾਰਨ ਇਹ ਸੀ:–

## ਪਰਚੀ ਨਹੀਂ ਦੇਣੀ ਮਹਾਰਾਜਾ, ਪਰਚੀ ਨਹੀਂ ਦੇਣੀ

ਮੁਸਲਮਾਨਾ ਦਾ ਮੱਕਾ ਖੋਹ ਲਿਆ, ਸਿਖਾਂ ਦਾ ਦਰਬਾਰ-ਪਰਚੀ ਨਹੀਂ ਦੇਣੀ ... ... ... ...ਰਕਾਬ ਗੰਜ ਦੀ ਕੰਧ ਜੋ ਢਾਹੀ-ਬਨਣ ਨਾ ਦੇ ਸਰਕਾਰ, ਪਰਚੀ ਨਹੀਂ ਦੇਣੀ ... ... ... ... ਚਤਰ ਸਿੰਘ ਨੂੰ ਪਿੰਜਰੇ ਪਾਇਆ-ਛੱਡਦੀ ਨਹੀਂ ਸਰਕਾਰ ... ... ਪਰਚੀ ਨਹੀਂ ਦੇਣੀ ... ... ।

ਇਸ ਤਰ੍ਹਾਂ ਦੀ ਕਵਿਤਾ ਸੀ ਜਿਸਦੇ ੧੨ ਮਿਸਰੇ ਸਨ। ਜਦੋਂ ਝਬਰ ਤੇ ਚੂਹੜਕਾਨੀਏ ਨੇ ਉਚੀ ਸੁਰ ਨਾਲ ਇਹ ਪੜ੍ਹੀ ਤਾਂ ਇਸ ਦਾ ਲੀਡਰਾਂ ਅਤੇ ਲੋਕਾਂ ਉਤੇ ਬਹੁਤ ਅਸਰ ਹੋਇਆ। ਜਲਸਾ ੪ ਬਜੇ ਸਮਾਪਤ ਕਰਕੇ ਇਹ ਬਟਾਲੇ ਸਟੇਸ਼ਨ ਤੇ ਆ ਗਏ। ਪਰ ਗੱਡੀ ਤੋਂ ਅੱਧਾ ਘੰਟਾ ਪਿਛੋਂ ਪੁਜੇ, ਤੇ ਮਾਸਟਰ ਮੋਤਾ ਸਿੰਘ, ਤੇਜਾ ਸਿੰਘ ਭੁਚਰ ਅਤੇ ਚੂਹੜਕਾਣੀਆਂ ਤੇ ਝਬਰ ਰਾਤ ਸਟੇਸ਼ਨ ਤੇ ਹੀ ਸੁਤੇ।

## ਮਿਤੀ ੧੨–੧੦–੧੯੨੦ ਸ੍ਰੀ ਹਰਮੰਦਰ ਸਾਹਿਬ ਅਤੇ ਅਕਾਲ ਤਖਤ ਤੇ ਪੰਥ ਦਾ ਕਬਜ਼ਾ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖੀ ਬੀਜ ਸ਼ਾਂਤ ਰਸ ਦੇ ਵੱਤਰ ਵਿਚ ਦੱਬ ਕੇ ਸਿਖ ਧਰਮ ਦਾ ਬੂਟਾ ਪ੍ਰਫੁਲਤ ਕੀਤਾ ਸੀ। ਪੰਜਵੇਂ ਪਾਤਸ਼ਾਹ ਤੱਕ ਇਸ ਬੂਟੇ ਨੂੰ ਗੁਰੂਆਂ ਨੇ ਨਾਮ ਬਾਣੀ ਸਿਮਰਨ ਆਦਿ ਜਲ ਨਾਲ ਹਰਾ ਕੀਤਾ, ਤੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੀ ਸ਼ਹਾ-ਦਤ ਦੀ ਖਾਦ ਪਾਈ। ਆਪ ਜੀ ਦੇ ਸਪੁਤ੍ਰ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ



Digitized by Panjab Digital Library | www.panjabdigilib.org

ਹਰਿ ਗੋਬਿੰਦ ਸਾਹਿਬ ਜੀ ਨੇ ਗੁਰੂ ਨਾਨਕ ਜੀ ਦੀ ਇਸ ਸਿਖੀ ਰੂਪੀ ਫੁਲਵਾੜੀ ਨੂੰ ਬੀਰ ਰਸ ਦੀ ਖਾਰਦਾਰ ਵਾੜ ਕਰਨ ਵਾਸਤੇ ਸ੍ਰੀ ਹਰਮੰਦਰ ਸਾਹਿਬ ਜੀ ਦੇ ਐਨ ਸਾਹਮਣੇ ਇਕ ਥੜਾ ਬਣਾਇਆ ਅਤੇ ਹੁਕਮ ਦਿਤਾ ਕਿ ਇਥੇ ਰੋਜ਼ ਚੌਥੇ ਪਹਿਰ ਦੀਵਾਨ ਲਗਾ ਕੇ ਸਿਖੀ ਵਿਚ ਬੀਰ ਰਸ ਭਰਨ ਲਈ ਯੋਧਿਆਂ ਦੀਆਂ ਵਾਰਾਂ ਗਾ ਕੇ ਸੰਗਤਾਂ ਨੂੰ ਸੁਣਾਈਆਂ ਜਾਣ। ਸਾਹਿਬਾਂ ਨੇ ਇਸ ਦਾ ਨਾਮ ਅਕਾਲ ਤਖਤ ਸਾਹਿਬ ਰਖਿਆ। ਖਾਲਸਾ ਧਰਮ ਦੇ ਫੈਸਲੇ ਕਰਨ ਲਈ ਇਹ ਪਹਿਲੀ ਅਦਾਲਤ ਕਾਇਮ ਕੀਤੀ, ਅਤੇ ਆਪ ਏਥੇ ਬੈਠ ਕੇ ਸਿਖਾਂ ਦੇ ਮੁਕਦਮੇਂ ਭੀ ਸੁਣਦੇ, ਅਤੇ ਫੈਸਲੇ ਕਰਦੇ ਸਨ। ਆਪ ਜੀ ਦਾ ਇਨਸਾਫ਼ ਇਤਨਾ ਮਸ਼ਹੂਰ ਹੋਇਆ ਕਿ ਸਿਖਾਂ ਨੇ ਆਪ ਜੀ ਦਾ ਨਾਮ ਸੱਚਾ ਪਾਤਸ਼ਾਹ ਰਖਿਆ। ਮਿਸਲਾਂ ਦੇ ਜ਼ਮਾਨੇ ਵਿਚ ਭੀ ਇਥੇ ਮੁਕਦਮੇਂ ਪੇਸ਼ ਹੁੰਦੇ ਅਤੇ ਫੈਸਲੇ ਹੁੰਦੇ ਰਹੇ। ਇਕ ਬ੍ਰਹਮਣ ਜੋ ਕਸੂਰ ਦਾ ਸੀ ਨੇ ਆਪਣੀ ਬ੍ਰਹਮਣੀ ਪਠਾਨਾਂ ਨੇ ਖੋਹ ਲੈਣ ਦੀ ਪੁਕਾਰ ਏਥੇ ਕੀਤੀ ਤਾਂ ਖਾਲਸਾ ਜੀ ਨੇ ਸੈਂਕੜੇ ਜਾਨਾਂ ਵਾਰ ਕੇ ਕਸੂਰ ਦੇ ੧੨ ਕਿਲ੍ਹੇ ਬਰਬਾਦ ਕਰਕੇ ਬ੍ਰਹਮਣੀ ਛੁੜਾ ਕੇ ਬ੍ਰਹਮਣ ਨੂੰ ਦਿਤੀ।

ਅਕਾਲ ਤਖਤ ਸਾਹਿਬ ਜੀ ਦੀ ਮੌਜੂਦਾ ਇਮਾਰਤ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਨੇ ਬਣਵਾਈ ਸੀ।

ਝੱਬਰ ਤੇ ਭਾਈ ਤੇਜਾ ਸਿੰਘ ਚੂਹੜਕਾਨਾ ਜਦ ਬਟਾਲੇ ਸ਼ਟੇਸ਼ਨ ਤੋਂ ਚੂਹੜਕਾਨੇ ਦੀਆਂ ਟਿਕਟਾਂ ਖ਼ਰੀਦਨ ਲਗੇ ਤਾਂ ਝੁਬਰ ਜੀ ਨੇ ਇਹਨਾਂ ਨੂੰ ਪਿਛਾਂ ਹਟਾ ਕੇ ਇਹਨਾਂ ਦੀਆਂ ਅਤੇ ਆਪਣੀ ਟਿਕਟ ਭੀ ਸ੍ਰੀ ਅੰਮ੍ਰਿਤਸਰ ਜੀ ਦੀਆਂ ਲੈ ਲਈਆਂ। ੬ ਬਜੇ ਸਵੇਰੇ ਗੱਡੀ ਚਲੀ। ਅੰਮ੍ਰਿਤਸਰ ਸਟੇਸ਼ਨ ਤੇ ਪੁਜੇ ਉਥੋਂ ਪੈਦਲ ਚਲ ਕੇ ਜਦ ਮਾਈ ਸੇਵਾ ਦੇ ਬਜ਼ਾਰ ਵਿਚ ਪੁਜੇ ਤਾਂ ਅਗੋਂ ਬਾਜ਼ਾਰ ਵਿਚ ਇਹਨਾਂ ਨੂੰ ਮਾਸਟਰ ਚੰਦਾ ਸਿੰਘ ਜੀ ਪੰਥ-ਸੇਵਕ ਅਖ਼-ਬਾਰ ਦੇ ਐਡੀਟਰ ਮਿਲੇ, ਅਤੇ ਉਹਨਾਂ ਨੇ ਬੜੇ ਉਤਾਵਲੇ ਹੋ ਕੇ ਆਖਿਆ, ਝੱਬਰ ਜੀ ਆਪ ਸਬਬ ਨਾਲ ਆ ਗਏ ਹੋ, ਇਸ ਵੇਲੇ ਤਹਾਡੀ ਉਮਤ (ਝੱਬਰ ਜੀ ਸ਼ੁਧੀ ਦਾ ਪ੍ਰਚਾਰ ਬਹੁਤ ਕਰਦੇ ਹੁੰਦੇ ਸੀ ਜੋ ਸ਼ੁਧ ਹੁੰਦੇ ਸਨ ਉਹਨਾਂ



Digitized by Panjab Digital Library | www.panjabdigilib.org

ਵੱਲ ਇਸ਼ਾਰਾ ਕਰਕੇ )ਦਰਬਾਰ ਸਾਹਿਬ ਕੜਾਹ ਪ੍ਰਸਾਦਿ ਲੈ ਕੇ ਗਈ ਹੈ ਪਰ ਪੁਜਾਰੀ ਉਹਨਾਂ ਨੂੰ ਅੰਦਰ ਨਹੀਂ ਵੜਨ ਦੇਂਦੇ। ਇਹ ਸੁਣਦੇ ਹੀ ਇਹਨਾਂ ਆਪਣੇ ਜੋੜੇ ਇਹਨਾਂ ਪਰੇਮੀਆਂ ਦੀ ਦੁਕਾਨ ਤੇ ਸੁਟੇ ਅਤੇ ਦੌੜ ਕੇ ਸ੍ਰੀ ਦਰਬਾਰ ਸਾਹਿਬ ਪੁਜੇ, ਹਜੂਮ ਵਿਚੋਂ ਲੰਘ ਕੇ ਇਹ ਸ੍ਰੀ ਦਰਬਾਰ ਸਾਹਿਬ ਵਿਚ ਬੈਠੀ ਸੰਗਤ ਦੇ ਅਗੇ ਜਾ ਬੈਠੇ।

ਸ੍ਰੀ ਅੰਮ੍ਰਿਤਸਰ ੧੦-੧੧ ਤੇ ੧੨ ਅਕਤੂਬਰ ਸੰ: ੧੯੨੦ ਨੂੰ ਚੀਫ ਖਾਲਸਾ ਦੀਵਾਨ ਦੀ ਸਲਾਹ ਨਾਲ ਖਾਲਸਾ ਬ੍ਰਾਦਰੀ* ਦਾ ਦੀਵਾਨ ਜਲਿਆਂ ਵਾਲੇ ਬਾਗ ਵਿਚ ਪੰਜਾਬ ਭਰ ਦੇ ਰਵਦਾਸੀਏ ਸਿਖਾਂ ਵਲੋਂ ਕੀਤਾ ਗਿਆ ਸੀ। ਇਹਨਾਂ ਨੇ ਮਿਤੀ ੧੧-੧੦-੨੦ ਨੂੰ ਪਾਸ ਕੀਤਾ ਸੀ, ਕਿ ਮਹੰਤ, ਸ੍ਰੀ

---

ਖਾਲਸਾ ਬਰਾਦਰੀ*

ਫਲੌਰ ਜ਼ਿਲਾ ਜਲੰਧਰ ਦੇ ਪਾਸ ਇਕ ਪਿੰਡ ਬਕਾਪੁਰਾ ਹੈ ਏਥੋਂ ਦਾ ਇਕ ਮੁਸਲਮਾਨ ਸਕੂਲ ਮਾਸਟਰ ਕੋਲ ਦੇ ਪਿੰਡ ਮੁੰਡੇ ਪੜ੍ਹਾਨ ਜਾਂਦਾ ਸੀ ਰਸਤੇ ਵਿਚ ਇਕ ਨਿਰਮਲੇ ਸੰਤ ਦੀ ਕੁਟੀਆ ਸੀ। ਮਾਸਟਰ ਜਾਂਦੇ ਆਉਂਦੇ ਸੰਤ ਜੀ ਪਾਸ ਬਹਿਣ ਖਲੋਣ ਲਗ ਗਿਆ। ਇਸ ਤੇ ਸੰਤ ਦੀ ਪਵਿਤਰਤਾ ਦਾ ਅਸਰ ਹੋ ਗਿਆ ਤੇ ਇਹ ਜਪਜੀ ਸਾਹਿਬ ਦਾ ਪਾਠ ਕਰਨ ਲਗ ਗਿਆ ਤੇ ਇਸਨੇ ਗੁਰਮੁਖੀ ਪੜ੍ਹ ਲਈ। ਸਿਖੀ ਦੀ ਲਗਣ ਲਗ ਗਈ ਘਰ ਵਿਚ ਤਹਿਖਾਨਾ ਬਣਾ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ। ਆਪਣੇ ਘਰ ਵਿਚ ਸਾਰੇ ਬਾਲ ਬੱਚਿਆਂ ਨੂੰ ਅਤੇ ਆਪਣੀ ਔਰਤ ਨੂੰ ਭੀ ਜਪਜੀ ਸਾਹਿਬ ਕੰਠ ਕਰਾਇਆ ਤੇ ਗੁਰਮੁਖੀ ਪੜ੍ਹਾਈ।

ਦੇਵ ਨੇਤ ਔਰਤ ਚੜ੍ਹਾਈ ਕਰ ਗਈ ਤਾਂ ਇਸ ਨੇ ਸਿੰਘ ਬੁਲਾ ਲੈ ਉਸ ਔਰਤ ਦਾ ਸਸਕਾਰ ਕੀਤਾ। ਹਿੰਦੂ ਮੁਸਲਮਾਨਾ ਵਿਚ ਬੜੀ ਚਰਚਾ ਹੋਈ। ਇਸ ਨੇ ਬਾਬੂ ਤੇਜਾ ਸਿੰਘ ਜੀ ਭਸੌੜ ਨੂੰ ਸਦਿਆ। ਜੋੜ ਮੇਲਾ ਕੀਤਾ। ਬਾਬੂ ਜੀ ਨੇ ਪ੍ਰਚਾਰ ਕੀਤਾ ਕਿ ਇਸਨੂੰ ਅੰਮਰਤ ਛਕਾ ਦੇ ਅਭੇਦ ਵਰਤਾਇਆ ਜਾਵੇ ਪਰ ਪੇਂਡੂ ਲੋਕ ਭਰਮੀ ਹੁੰਦੇ ਹਨ, ਉਨ੍ਹਾਂ ਨੇ ਇਨਕਾਰ ਕੀਤਾ।

ਇਸ ਤੋਂ ਕੁਝ ਸਮਾਂ ਪਿਛੋਂ ਬਾਬੂ ਜੀ ਨੂੰ ਬੁਲਾ ਕੇ ਇਸ ਨੇ ਆਖਿਆ ਤੁਸੀਂ



Digitized by Panjab Digital Library | www.panjabdigilib.org

ਮੈਨੂੰ ਅੰਮ੍ਰਿਤ ਛਕਾ ਦਿਓ ਮੇਰੇ ਨਾਲ ਕੋਈ ਵਰਤੇ ਜਾ ਨਾ, ਮੈਂ ਤਾਂ ਆ ੮ ਸਿੰਘ ਸਜਣਾ ਹੈ ਤਾਂ ਬ ਬੂ ਤੇਜਾ ਸਿੰਘ ਤੇ ਪੰਜ ਪਿਆਰਿਆਂ ਨੇ ਅੰਮ੍ਰਿਤ ਛਕਾ ਦਿਤਾ ਤੇ ਨਾਮ ਲਖਮੀਰ ਸਿੰਘ ਰਖਿਆ । ਹੁਣ ਸਿਖੀ ਵਿਚ ਉਚਿਆਂ ਹੋਣ ਵਾਸਤੇ ਏੱਕਾ ਪੁਰ ਛਡ ਕੇ ਇਸਨੇ ਸ੍ਰੀ ਅੰਮ੍ਰਿਤਸਰ ਰਹੈਸ਼ ਆ ਕੀਤੀ । ਏਥੇ ਨਿਯਮ ਨਾਲ ਜਦ ਸ੍ਰੀ ਦਰਬਾਰ ਸਾਹਿਬ ਜੀ ਦਾ ਦਰਸ਼ਨੀ ਦਰਵਾਜਾ ਖੁਲਣਾ ਤਾਂ ਲਖਮੀਰ ਸਿੰਘ ਪਰਕਰਮਾ ਵਿਚ ਫਿਰਦਾ ਸੁਖਮਨੀ ਸਾਹਿਬ ਜੀ ਦਾ ਪਾਠ ਕਰਕੇ ਦਰਵਾਜੇ ਅਗੇ ਬੈਠਾ ਹੁੰਦਾ । ਇਸ ਤਰਾਂ ਇਸਦੀ ਮਸ਼ਹੂਰੀ ਹੋਨ ਲਗੀ । ੧੨ ਸਾਲ ਹੋ ਗਏ ਹੁਣ ਲਖਮੀਰ ਸਿੰਘ ਸ੍ਰੀ ਅੰਮ੍ਰਿਤਸਰ ਵਿਚ ਸੰਤ ਲਖਮੀਰ ਸਿੰਘ ਜੀ ਕਰਕੇ ਮਸ਼ਹੂਰ ਹੋ ਗਏ । ਸਰਦਾਰ ਮਜੀਠਿਆ ਭਾਈ ਵੀਰ ਸਿੰਘ ਜੀ ਤੇ ਵਡੇ ੨ ਸਿਖ ਮਥੇ ਟੇਕਨ ਲਗ ਗਏ ਬਲਕੇ ਹਿੰਦੂ ਬੜੇ ੨ ਸੇਠ ਤੇ ਧਾਰਮਕ ਲੋਕੀ ਆਪ ਜੀ ਦੇ ਸੇਵਕ ਬਣ ਗਏ ।

ਸ਼ਰਈ ਸਿਖਾਂ ਨੇ ਆਪ ਜੀ ਦੇ ਖਿਲਾਫ ਰੌਲਾ ਪਾਇਆ ਕਿ ਸੰਤ ਲਖਮੀਰ ਸਿੰਘ ਗੁਰਮਤ ਦੇ ਖਿਲਾਫ ਮਥੇ ਟਿਕਾਉਂਦਾ ਤੇ ਗੁਰੂ ਬਣਦਾ ਹੈ । ਮਹਾਸ਼ੇ ਧਰਮ ਪਾਲ ਨੇ ਜਦ ਆਰੀਆ ਸਮਾਜ ਛਡਿਆ ਤਾਂ ਆਪਣੇ ਰਸਾਲੇ ਇੰਦਰ ਵਿਚ ਲਿਖਿਆ, "ਹਿੰਦੂ ਕੌਮ ਦਾ ਹਾਜ਼ਮਾ ਕਮਜ਼ੋਰ ਹੈ । ਇਹ ਮੁਸਲਮਾਨ ਨੂੰ ਹਜ਼ਮ ਨਹੀਂ ਕਰ ਸਕਦੀ ਅਗਰ ਕਿਸੇ ਮੁਸਲਮਾਨ ਨੇ ਇਸਲਾਮ ਛਡਨਾ ਹੋਵੇ ਤਾਂ ਉਹ ਸਿਖ ਬਣੇ ਸਿਖ ਕੌਮ ਦਾ ਹਾਜ਼ਮਾ ਜਬਰਦਸਤ ਹੈ । ਸ੍ਰੀ ਅੰਮ੍ਰਿਤਸਰ ਵਿੱਚ ਕਰੀਮ ਬਖਸ਼ ਅੰਮ੍ਰਿਤ ਛਕ ਕੇ ਸਿਖ ਬਨਿਆ । ਹਿੰਦੂ ਉਸ ਨੂੰ ਸੰਤ ਲਖਮੀਰ ਸਿੰਘ ਕਰਕੇ ਮਥੇ ਟੇਕਦੇ ਤੇ ਪੂਜਾ ਕਰਦੇ ਹਨ ।"

ਸੰਤ ਲਖਮੀਰ ਸਿੰਘ ਜੀ ਦਾ ਪੁਤ੍ਰ ਭਾਈ ਮਤਾਬ ਸਿੰਘ ਬੀਰ ਹੋਇਆ । ਇਹ ਚਾਰ ਭਾਈ ਹਨ । ਏਸ ਨੇ ਖਾਲਸਾ ਬਿਰਾਦਰੀ ਕਾਇਮ ਕੀਤੀ ਤੇ ਸਾਰੇ ਪੰਜਾਬ ਦੇ ਸ਼ੁਧ ਹੋਇ ਸਿਖ ਜਥੇਬੰਦ ਕਰ ਲਏ ਤੇ ਜਲਿਆਂ ਵਾਲੇ ਬਾਗ ਵਿੱਚ ਦੀਵਾਨ ਕੀਤਾ ਅਤੇ ਹਰਮੰਦਰ ਸਾਹਿਬ ਤੇ ਅਕਾਲ ਤਖਤ ਸਾਹਿਬ ਤੇ ਪ੍ਰਸਾਦ ਚੜ੍ਹਾਣ ਆਏ ਅਤੇ ਇਸ ਸਿਲਸਿਲੇ ਵਿਚ ਇਨਾਂ ਗੁਰ ਅਸਥਾਨਾਂ ਤੇ ਪੰਥ ਦਾ ਕਬਜਾ ਹੋਇਆ । ਆਪ ਜੀ ਨੇ ਬੀਰ ਅਖਬਾਰ ਜਾਰੀ ਕੀਤਾ ਅਤੇ ਸਿਖੀ ਦਾ ਬਹੁਤ ਪ੍ਰਚਾਰ ਕੀਤਾ ਆਪ ਜੀ ਦਾ ਪੰਥ ਵਿਚ ਬਹੁਤ ਸਨਮਾਨ ਹੈ ।



Digitized by Panjab Digital Library | www.panjabdigilib.org

ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਸਾਡਾ ਪ੍ਰਸਾਦ ਨਹੀਂ ਚੜਨ ਦੇਂਦੇ। ਅਸੀਂ ਇਸ ਮਜ਼੍ਹਬੀ ਗੁਲਾਮੀ ਨੂੰ ਦੂਰ ਕਰਨ ਲਈ ਭਲਕੇ ਕੜਾਹ ਪ੍ਰਸਾਦਿ ਲੈ ਕੇ ਸ੍ਰੀ ਦਰਬਾਰ ਸਾਹਿਬ ਚਲਣਾ ਹੈ। ਇਹਨਾਂ ਨੂੰ ਖਾਲਸਾ ਕਾਲਜ ਦੇ ਪ੍ਰੋਫੈਸਰ, ਅਤੇ ਨੌਜਵਾਨ ਵਿਦਿਆਰਥੀਆਂ ਨੇ ਨਾਲ ਜਾਣ ਦਾ ਭਰੋਸਾ ਦਿਤਾ ਸੀ। ੧੨-੧੦-੧੯੨੦ ਨੂੰ ਇਹ ਪਰੇਮੀ ਜਲਿਆਂ ਵਾਲੇ ਬਾਗ਼ ਵਿਚੋਂ ਸਮੇਤ ਖਾਲਸਾ ਕਾਲਜ ਦੇ ਕੁਝ ਪ੍ਰੋਫੈਸਰ ਅਤੇ ਵਿਦਿਆਰਥੀਆਂ ਦੇ ਜਥੇ ਬਣਾ ਕੇ ਕੜਾਹ ਪ੍ਰਸਾਦਿ ਲੈ ਕੇ ੯ ਬਜੇ ਨਾਲ ਸ੍ਰੀ ਦਰਬਾਰ ਸਾਹਿਬ ਪੁਜੇ। ਪੁਜਾਰੀਆਂ ਨੇ ਪਹਿਲੋਂ ਤਾਂ ਇਨ੍ਹਾਂ ਨੂੰ ਅੰਦਰ ਆਵਨ ਤੋਂ ਰੋਕਿਆ, ਪਰ ਇਹ ਸੰਗਤ ਬਹੁਤ ਸੀ, ਅੰਦਰ ਤਾਂ ਲੰਘ ਗਏ, ਜਦ ਕੜਾਹ ਪ੍ਰਸਾਦਿ ਦੀ ਅਰਦਾਸ ਕਰਨ ਲਈ ਪੁਜਾਰੀਆਂ ਨੂੰ ਕਿਹਾ ਤਾਂ ਇਨ੍ਹਾਂ ਨੇ ਸਾਫ਼ ਇਨਕਾਰ ਕਰ ਦਿਤਾ। ਪ੍ਰੋਫੈਸਰਾਂ ਨੇ ਭੀ ਬਹੁਤ ਕਿਹਾ ਪਰ ਪੁਜਾਰੀਆਂ ਨੇ ਇਕ ਨਾ ਮੰਨੀ। ਅਖੀਰ ਬਾਵਾ ਹਰਕਿਸ਼ਨ ਸਿੰਘ, ਪ੍ਰੋਫੈਸਰ ਖਾਲਸਾ ਕਾਲਜ ਨੇ ਆਖਿਆ, "ਖਾਲਸਾ ਜੀ ਇਹ ਕੋਈ ਸਾਡੇ ਨਾਲੋਂ ਵਡੇ ਸਿਖ ਹਨ ? ਅਸੀਂ ਭੀ ਸਿਖ ਹਾਂ ਅਸੀਂ ਆਪਣੇ ਪ੍ਰਸ਼ਾਦ ਦਾ ਅਰਦਾਸਾ ਭੀ ਆਪ ਕਰਦੇ ਹਾਂ। ਇਹ ਬੇਸ਼ਕ ਨਾ ਕਰਨ। ਉਠੋ ਅਰਦਾਸਾ ਹੁੰਦਾ ਹੈ।" ਖਾਲਸਾ ਕਾਲਜ ਦੇ ਇਕ ਵਿਦਿਆਰਥੀ ਨੇ ਆਪ ਅਰਦਾਸਾ ਕੀਤਾ, ਅਤੇ ਸਿੰਘਾਂ ਨੂੰ ਕਿਹਾ ਉਠੋ ਪ੍ਰਸਾਦਿ ਵਰਤਾਓ ਵਰਤਾਵੇ ਸਿੰਘਾਂ ਨੇ ਹਾਲੀ ਪ੍ਰਸ਼ਾਦ ਵਰਤਾਣਾ ਸ਼ੁਰੂ ਹੀ ਕੀਤਾ ਸੀ ਕਿ ਉਤੋਂ ਝੱਬਰ ਜੀ ਤੇ ਭੁਚਰ ਜੀ ਪੁਜ ਗਏ। ਝੱਬਰ ਨੇ ਬੈਠਦੇ ਸਾਰ ਹੀ ਇਕ ਸਿੰਘ ਕੋਲੋਂ ਪੁਛਿਆ ਕਿ ਪੁਜਾ-ਰੀਆਂ ਨੇ ਪ੍ਰਸ਼ਾਦਿ ਪ੍ਰਵਾਨ ਕੀਤਾ ਹੈ ਕਿ ਨਹੀਂ ? ਉਸ ਸਿੰਘ ਨੇ ਸਾਰਾ ਹਾਲ ਜੋ ਵਰਤਿਆ ਸੀ, ਸੁਣਾਇਆ ਅਤੇ ਕਿਹਾ ਪੁਜਾਰੀਆਂ ਨੇ ਸੰਗਤ ਦੀ ਕੋਈ ਗੱਲ ਨਹੀਂ ਮੰਨੀ। ਝੱਬਰ ਜੀ ਉਸੇ ਵੇਲੇ ਖੜੇ ਹੋ ਗਏ, ਅਤੇ ਪ੍ਰਸ਼ਾਦ ਵੰਡਨ ਵਾਲੇ ਸਿੰਘਾਂ ਨੂੰ ਕਿਹਾ ਬੈਠ ਜਾਓ ਉਹ ਬੈਠ ਗਏ। ਇਹਨਾਂ ਪੁਜਾਰੀਆਂ ਨੂੰ ਮੁਖਾਤਬ ਹੋ ਕੇ ਇਹ ਪੁਛ ਕੀਤੀ ਕਿ ਪੁਜਾਰੀ ਸਿੰਘੋਂ ਤੁਸੀਂ ਦਸੋ ਇਹ ਹਰਿਮੰਦਰ ਸਾਹਿਬ ਤੁਹਾਡੇ ਕਿਸੇ ਪਿਉ ਜਾਂ ਦਾਦੇ



Digitized by Panjab Digital Library | www.panjabdigilib.org

ਪੜਦਾਦੇ ਜਾਂ ਮਾਮੇ-ਨਾਨੇ-ਫੁਫੜ ਨੇ ਬਣਾਇਆ ਹੈ ? ਕੀ ਤੁਹਾਡੀ ਇਹ ਕੋਈ ਬਾਪ ਦਾਦੇ ਦੀ ਮਲਕੀਅਤ ਹੈ ? ਕੀ ਇਹ ਗੁਰੂ ਰਾਮ ਦਾਸ ਜੀ ਦਾ ਸਾਜਿਆ ਹੋਇਆ ਨਹੀਂ ਹੈ ? ਜੇ ਕਰ ਤੁਹਾਡੇ ਵਡਿਆਂ ਨੇ ਬਣਵਾਇਆ ਹੋਵੇ ਤਾਂ ਜੋ ਮਰਜ਼ੀ ਕਰੋ, ਅਤੇ ਜੇ ਕਰ ਇਹ ਦਰਬਾਰ ਸਾਹਿਬ ਗੁਰੂ ਕਾ ਹੈ ਤਾਂ ਇਸ ਦਾ ਮਾਲਕ ਪੰਥ ਹੈ ਅਤੇ ਤੁਸੀਂ ਝਾੜੂ ਬਰਦਾਰ ਹੋ।

ਦੂਜੇ ਕੀ ਤੁਸੀਂ ਦੱਸ ਸਕਦੇ ਹੋ ਕਿ ਗੁਰੂ ਬਾਣੀ ਵਿਚ ਭਾਈ ਗੁਰਦਾਸ, ਭਾਈ ਨੰਦ ਲਾਲ ਜੀ, ਗੁਰੂ ਕੇ ਨਿਕਟ ਵਰਤੀ ਸਿਖਾ ਨੇ ਕਿਤੇ ਲਿਖਿਆ ਹੋਵੇ, ਜਾਂ ਸ੍ਰੀ ਮਾਨ ਭਾਈ ਸੰਤੋਖ ਸਿੰਘ ਜੀ ਨੇ ਸੂਰਜ ਪ੍ਰਕਾਸ਼ ਵਿਚ ਇਹ ਲਿਖਿਆ ਹੋਵੇ ਕਿ ਜਦ ਖਤਰੀ, ਅਰੋੜੇ, ਰਾਮ-ਗੜ੍ਹੀਏ ਆਦਿ ਆਉਣ ਤਾਂ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦਿ ਚੜ੍ਹਾ ਸਕਦੇ ਹਨ ਅਤੇ ਅਮਕੀ ਜਾਤ ਦਾ ਪ੍ਰਸਾਦਿ ਦਰਬਾਰ ਸਾਹਿਬ ਪ੍ਰਵਾਨ ਨਹੀਂ ਹੋ ਸਕਦਾ। ਉਤਰ ਦਿਓ-ਬੋਲੋ ? ਇਕ ਪੁਜਾਰੀ ਸਿੰਘ ਉਠ ਕੇ ਬੋਲਿਆ, "ਜੀ ਅਸੀਂ ਏਨੇ ਪੜ੍ਹੇ ਨਹੀਂ ਹਾਂ। ਉਤਰ ਨਹੀਂ ਦੇ ਸਕਦੇ" ਤਾਂ ਝੱਬਰ ਨੇ ਕਿਹਾ, ਸਾਧ ਸੰਗਤ ਦਾ ਹੁਕਮ ਮੰਨੋ, ਅਤੇ ਜੇ ਤੁਸੀਂ ਪੰਥ ਦਾ ਹੁਕਮ ਨਹੀਂ ਮੰਨੋਗੇ ਤਾਂ ਤੁਹਾਨੂੰ ਅਸੀਂ ਹੁਣੇ ਧਕੇ ਮਾਰ ਕੇ ਬਾਹਰ ਕੱਢ ਦੇਵਾਂਗੇ, ਅਤੇ ਗੁਰੂ ਕੇ ਝਾੜੂ ਬਰਦਾਰ ਅਸੀਂ ਹੋਰ ਮੁਕੱਰਰ ਕਰ ਦੇਵਾਂਗੇ।" ਕਿਸੇ ਪੁਜਾਰੀ ਨੇ ਫਿਰ ਉਤਰ ਨਾ ਦਿਤਾ। ਇਕ ਪੁਜਾਰੀ ਨੇ ਆਖਿਆ ਉਠੋ ਟੁਰ ਚਲੀਏ। ਪੁਜਾਰੀ ਉਠ ਖੜੇ ਹੋਏ। ਝੱਬਰ ਜੀ ਨੇ ਹੋਰ ਦਬਾਇਆ, ਠੀਕ ਹੈ ਚਲੋ ਨਿਕਲੋ ਬਾਹਰ। ਦੋ ਹੋਰ ਪੁਜਾਰੀ ਬੋਲੇ, ਬੈਠੋ ਬੈਠੋ, ਸਭ ਪੁਜਾਰੀ ਬੈਠ ਗਏ। ਝੱਬਰ ਜੀ ਨੇ ਕਿਹਾ ਉਏ ਤੁਸੀਂ ਫਿਰ ਬੈਠ ਗਏ ਹੋ ? ਇਕ ਬੋਲਿਆ ਕਿ ਸਲਾਹ ਕਰਨ ਲਗੇ ਹਾਂ। ਝੱਬਰ ਜੀ ਨੇ ਕਿਹਾ ਠੀਕ ਹੈ ਸਲਾਹ ਕਰ ਲਵੋ। ਦੋ ਮਿੰਟ ਪਿਛੋਂ ਗੁਰਬਖਸ਼ ਸਿੰਘ ਬੋਲਿਆ, ਸਾਧ ਸੰਗਤ ਜੀ ਸਾਨੂੰ ਪੰਥ ਦਾ ਹੁਕਮ ਪ੍ਰਵਾਨ ਹੈ, ਪ੍ਰਸਾਦਿ ਹੋਰ ਲਿਆਓ ਤਾਂ ਅਰਦਾਸਾ ਹੋ ਸਕਦਾ ਹੈ। ਖਾਲਸਾ ਬਰਾਦਰੀ ਵਾਲੇ ਭਾਈ ਮਤਾਬ ਸਿੰਘ ਬੀਰ ਨੂੰ ਆਖਿਆ ਗਿਆ, ਬੀਰ ਜੀ ਲਿਆਓ ਪ੍ਰਸਾਦਿ ? ਉਹ



Digitized by Panjab Digital Library | www.panjabdigilib.org

ਦੌੜ ਕੇ ਗਏ। ਪੰਞੀ ਰੁਪੈ ਦਾ ਪ੍ਰਸ਼ਾਦ ਅਤੇ ੨੫ ਅਰਦਾਸਾ ਪੇਸ਼ ਕੀਤਾ। ਅਰਦਾਸੀਏ ਸਿੰਘ ਨੇ ਅਰਦਾਸ ਕੀਤੀ। ਸ਼ਹਿਰ ਦੀ ਸੰਗਤ ਬਹੁਤ ਸੀ। ਸਾਰਾ ਹਰਿਮੰਦਰ ਸਾਹਿਬ ਹੇਠ ਉਤੇ ਛੱਤ ਤੇ ਪਰਕਰਮਾਂ ਵਿਚ ਐਨਾ ਭਰਿਆ ਸੀ ਕਿ ਤਿਲ ਮਾਰਿਆ ਭੋਏਂ ਨਹੀਂ ਸੀ ਪੈਂਦਾ।

ਕਈ ਲੋਕੀਂ ਹੈਰਾਨ ਸਨ ਕਿ ਇਹ ਕੀ ਬਣਨ ਲੱਗਾ ਹੈ। ਜਦੋਂ ਗ੍ਰੰਥੀ ਸਿੰਘ ਨੇ ਹੁਕਮ ਲਿਆ ਤਾਂ ਆਇਆ ਸੋਰਠ ਮਹਲਾ ੩ ਦੁਤੁਕੀ "ਨਿਰਗੁਣਿਆ ਨੋ ਆਪੇ ਬਖਸ਼ਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ।" ਇਹ ਸਾਰਾ ਸ਼ਬਦ ਗਰੀਬਾਂ ਨੂੰ ਨਿਵਾਜਨ ਦੇ ਹੱਕ ਵਿਚ ਸੀ। ਸੰਗਤ ਵਿਚੋਂ ਆਵਾਜ਼ਾਂ ਆਈਆਂ ਧੰਨ ਗੁਰੂ-ਧੰਨ ਗੁਰੂ ਧੰਨ ਗੁਰੂ ਰਾਮਦਾਸ ਜੀ ਮਹਾਰਾਜ। ਗੁਰੂ ਕਾ ਵਾਕ ਐਸਾ ਸੁੰਦਰ ਆਇਆ ਕਿ ਸੰਗਤ ਵਿਚ ਜੋ ਭਰਮੀ. ਸਨ, ਉਹਨਾਂ ਦਾ ਸ਼ੰਕਾ ਭੀ ਦੂਰ ਹੋ ਗਿਆ। ਹੁਕਮ ਸੁਨਣ ਤੋਂ ਪਿਛੋਂ ਝੱਬਰ ਨੇ ਆਖਿਆ, ਕੜਾਹ ਪ੍ਰਸਾਦਿ ਸਭ ਤੋਂ ਪਹਿਲਾਂ ਗ੍ਰੰਥੀ ਸਿੰਘ ਨੂੰ ਦਿਤਾ ਜਾਵੇ। ਉਹ ਰੱਖੇ ਨਾ-ਫੌਰਨ ਛੱਕ ਲਵੇ। ਪੰਜ ਪਿਆਰਿਆਂ ਦਾ ਵਰਤਾਵਾ ਪਹਿਲਾਂ ਪੁਜਾਰੀਆਂ ਸਿੰਘਾ ਨੂੰ ਦਿਤਾ ਜਾਵੇ। ਉਹ ਭੀ ਛਕਣ ਇਹ ਸੁਣ ਕੇ ਕੋਲ ਬੈਠੇ ਭਾਈ ਤੇਜਾ ਸਿੰਘ ਜੀ ਉਠ ਖਲੋਤੇ "ਨਹੀਂ ਸੰਗਤ ਵਿਚ ਪ੍ਰਸਾਦਿ ਵਰਤਾਇਆ ਜਾਵੇ। ਪੁਜਾਰੀ ਸਿੰਘ ਜਿਸ ਦਾ ਦਿਲ ਕਰੇ ਪ੍ਰਸ਼ਾਦ ਲਵੇ ਜਿਸਦਾ ਨਾ ਕਰੇ ਨਾ ਲਵੇ, ਉਹਨਾਂ ਦੀ ਮਰਜੀ ਹੈ। ਪੁਜਾਰੀਆਂ ਨੂੰ ਧੱਕੇ ਨਾਲ ਛਕਾਣਾ ਠੀਕ ਨਹੀਂ ਫਿਰ ਝੱਬਰ ਨੇ ਉਤਰ ਦਿਤਾ ਕਿ ਇਹ ਧੱਕਾ ਨਹੀਂ ਗੁਰਮਤ ਦਾ ਅਸੂਲ ਹੈ। ਗੁਰੂ ਘਰ ਵਿਚ ਸੰਗਤ ਤੇ ਪੰਗਤ ਦੋ ਨਹੀਂ ਹੋ ਸਕਦੀਆਂ। ਚੂੰਕਿ ਏਥੇ ਪੁਜਾਰੀ ਸਿੰਘ ਹਰਮੰਦਰ ਸਾਹਿਬ ਜੀ ਦੇ ਪ੍ਰਬੰਧਕ ਹਨ। ਇਹ ਰਸਮ ਇਹਨਾਂ ਤੋਂ ਹੀ ਜਾਰੀ ਹੋਣੀ ਠੀਕ ਹੈ। ਪ੍ਰਸਾਦ ਵਰਤਾਇਆ ਜਾਣ ਲਗਾ, ਪਰ ਬੈਠੇ ਪੁਜਾਰੀਆਂ ਵਿਚੋਂ ਕਈ ਉਠਕੇ ਤੁਰ ਪਏ, ਝੱਬਰ ਨੇ ਪੁਛਿਆ ਕਿ ਉਠਦੇ ਕਿਉਂ ਹੋ, ਇਕ ਨੇ ਕਿਹਾ ਕਿ ਇਹ ਅਕਾਲ ਤਖਤ ਦੇ ਪੁਜਾਰੀ ਹਨ। ਝੱਬਰ ਨੇ ਫਿਰ ਆਖਿਆ ਸਾਧ ਸੰਗਤ ਜੀ ਪ੍ਰਸਾਦਿ ਲੈ ਕੇ ਤੁਰ ਨਹੀਂ



Digitized by Panjab Digital Library | www.panjabdigilib.org

ਜਾਣਾ। ਸਾਰੀ ਸੰਗਤ ਫਿਰ ਅਕਾਲ ਤਖਤ ਚਲ ਕੇ ਦੀਵਾਨ ਲਾਏ ਅਸੀਂ ਵੀ ਪ੍ਰਸਾਦ ਲੈ ਕੇ ਆਉਂਦੇ ਹਾਂ। ਇਹ ਰਸਮ ਸ੍ਰੀ ਅਕਾਲ ਤਖਤ ਸਾਹਿਬ ਭੀ ਹੋਵੇਗੀ। ਉਥੇ ਵੀ ਪ੍ਰਸ਼ਾਦ ਵਰਤਾਇਆ ਜਾਵੇਗਾ।

# ਸ੍ਰੀ ਅਕਾਲ ਤਖ਼ਤ ਸਾਹਿਬ ਤੇ ਪੰਥ ਦਾ ਕਬਜ਼ਾ

ਸੰਗਤਾਂ ਇਥੋਂ ਪ੍ਰਸਾਦ ਲੈ ਕੇ ਸ੍ਰੀ ਅਕਾਲ ਤਖਤਸਜ ਗਈਆਂ। ਝੱਬਰ ਨੇ ਖੜੇ ਹੋ ਕੇ ਆਖਿਆ ਕਿ ਪੁਜਾਰੀ ਸਿੰਘਾਂ ਨੂੰ ਬੁਲਾਓ, ਇਕ ਸਿੰਘ ਨੇ ਕਿਹਾ ਕਿ ਤਖਤ ਸਾਹਿਬ ਤੇ ਪੁਜਾਰੀ ਕੋਈ ਨਹੀਂ। ਇਹ ਦੋ ਨੌਕਰ ਬੈਠੇ ਹਨ। ਪੁਜਾਰੀ ਸਾਰੇ ਆਪਣੇ ਘਰ ਚਲੇ ਗਏ ਹਨ। ਝੱਬਰ ਨੇ ਆਖਿਆ ਕਿ ਸਾਧ ਸੰਗਤ ਜੀ ਪੁਜਾਰੀ ਸਿੰਘਾਂ ਦਾ ਇਥੇ ਕੋਈ ਸਜਨ ਮਿਤਰ ਦੋਸਤ ਹੋਵੇ ਤਾਂ ਉਹਨਾਂ ਨੂੰ ਜਾ ਕੇ ਲਿਆਵੇ, ਅਤੇ ਉਹਨਾਂ ਨੂੰ ਕਹੇ ਕਿ ਇਥੇ ਵੀ ਹਰਿਮੰਦਰ ਸਾਹਿਬ ਵਾਲੀ ਕੜਾਹ ਪ੍ਰਸਾਦ ਵਰਤਨ ਦੀ ਰਸਮ ਅਦਾ ਕੀਤੀ ਜਾਵੇਗੀ। ਜਾਓ ਛੇਤੀ ਬੁਲਾ ਕੇ ਲਿਆਓ। ਝੱਬਰ ਨੇ ਵੀਹ ਮਿੰਟ ਵਕਤ ਦਿਤਾ। ਮਾਸਟਰ ਚੰਦਾ ਸਿੰਘ, ਭਾ: ਸੁੰਦਰ ਸਿੰਘ ਚੋਲ ਮੰਡੀ ਵਾਲਾ, ਨਾਲ ਹੋਰ ਸਿੰਘਾਂ ਨੂੰ ਲੈ ਕੇ ਮਹੰਤ ਸੁੰਦਰ ਸਿੰਘ ਪੁਜਾਰੀ ਦੇ ਘਰ ਗਏ। ਹੋਰ ਭੀ ਪੁਜਾਰੀ ਬੈਠੇ ਸਲਾਹ ਕਰ ਰਹੇ ਸਨ ਤਾਂ ਮਾਸਟਰ ਚੰਦਾ ਸਿੰਘ ਜੀ ਨੇ ਆਖਿਆ ਚਲੋ ਖਾਲਸਾ ਜੀ ਦੀਵਾਨ ਵਿਚ, ਉੱਤਰ ਵਿਚ ਪੁਜਾਰੀਆਂ ਨੇ ਕਿਹਾ ਅਸੀਂ ਨਹੀਂ ਜਾਂਦੇ ?

ਪਿਛੇ ਝੱਬਰ ਨੇ ਲੈਕਚਰ ਸ਼ੁਰੂ ਕੀਤਾ, ਸਾਧ ਸੰਗਤ ਜੀ ੨੭-੨੮ ੧੯੨੦ ਜੂਨ ਦੀ ਦਰਮਿਆਨੀ ਰਾਤ ਨੂੰ ਮੈਨੂੰ ਦੋ ਵਜੇ ਜਾਗ ਆਈ ਤਾਂ ਮੈਨੂੰ ਸਾਹਮਣੇ ਵਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਆਵਾਜ਼ ਆਈ ਜਾਂ ਮੈਂ ਚੰਗੀ ਤਰਾਂ ਕੰਨ ਲਾਇਆ ਤਾਂ ਇਕ ਹੋਰ ਨਾਲ ਦੇ ਕਮਰੇ ਵਿਚ ਇਕ ਪਰੇਮੀ ਜਪਜੀ ਸਾਹਿਬ ਦਾ ਪਾਠ ਕਰ ਰਿਹਾ ਸੀ। ਮੈਂ ਸੋਚਿਆ ਕਿ ਇਹ ਕੇਹੜੀ ਜਗ੍ਹਾ ਹੈ ? ਨਿਕੀ ਜਿਹੀ ਕੋਠੜੀ ਸੀ ਜਾਂ ਮੈਂ ਪਿਛਲੇ ਪਾਸੇ ਦੇ ਰੋਸ਼ਨ ਦਾਨ ਵਲ ਕੰਨ ਲਾਇਆ ਤਾਂ ਓਧਰ ਆਸਾ ਜੀ



Digitized by Panjab Digital Library | www.panjabdigilib.org

ਦੀ ਵਾਰ ਦੇ ਪਾਠ ਹੋਣ ਦੀ ਅਵਾਜ਼ ਆਈ। ਮੈਂ ਸੋਚਿਆ ਕਿ ਮੈਂ ਕਿਥੇ ਆ ਗਿਆ ਹਾਂ। ਮੈਂ ਤਾਂ ਮਾਰਸ਼ਲ ਲਾ ਵਿਚ ਕੈਦ ਹੋ ਕੇ ਕਾਲੇ ਪਾਣੀ ਗਿਆ ਸੀ। ਇਹ ਜੇਹਲ ਖ ਨਾ ਤਾਂ ਨਹੀਂ ? ਇਹ ਤਾਂ ਸਾਧ ਸੰਗਤ ਦਾ ਅਗੰਮੀ ਸਚ ਖੰਡ ਹੈ। ਕਾਲੇ ਪਾਣੀ ਵਾਲਾ ਮੈਨੂੰ ਕੋਈ ਸੁਪਨਾ ਆਇਆ ਸੀ। ਇਹ ਵੀਚਾਰ ਕਰਕੇ ਮੈਂ ਪਿਛਾਂ ਮੁੜਕੇ ਦਰਵਾਜ਼ੇ ਵਲ ਹੋਇਆ ਤਾਂ ਉਹ ਹੀ ਲੋਹੇ ਦੇ ਮੋਟੇ ੨ ਡੰਡਿਆਂ ਵਾਲਾ ਖਿੜਕ ਸੀ। ਫਿਰ ਮੈਨੂੰ ਯਾਦ ਆਇਆ ਕਿ ਮੈਂ ਆਪਣੇ ਨਾਲ ਦੇ ਗੁਆਂਢੀ ਨਾਲ ਗਲਾਂ ਕਰਦਾ ਰਿਹਾ ਸੀ। ਮੈਂ ਅਵਾਜ਼ ਮਾਰੀ, ਓ ਜਲਿਆ ਦੂਜੀ ਅਵਾਜ਼ ਨਾਲ ਜਲਾ ਬੋਲਿਆ ਭਾਈ ਜੀ ਕੀ ਆਖਦੇ ਹੋ ? ਮੈਂ ਕਿਹਾ ਜਲ੍ਹਿਆਂ ਇਹ ਜੋ ਲੋਕੀ ਪਾਠ ਕਰ ਰਹੇ ਹਨ ਇਹ ਕੌਣ ਹਨ ? ਜਲੇ ਆਖਿਆ ਕਿ ਇਹ ਭਾਈ ਜੀ ਹਨ। ਮੈਂ ਆਖਿਆ ਭਾਈ ਜੀ ਕੌਣ ਹਨ ? ਉਸ ਨੇ ਕਿਹਾ ਕਿ ਕਾਲੇ ਪਾਣੀ ਜੇਹਲ ਵਿਚ ਲੋਕੀਂ ਸਿਖਾਂ ਨੂੰ ਭਾਈ ਜੀ ਆਖਦੇ ਹਨ। ਇਹ ਬਜਬਜ ਦੇ ਘਾਟ ਹਨ ਵਾਲੇ ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਕੋਮਾਗਾਟਾ ਜਹਾਜ਼ ਲੈ ਕੇ ਅਮਰੀਕਾ ਵਿਚ ਮਜ਼ਦੂਰੀ ਕਰਨ ਗਿਆ ਉਥੇ ਨਾ ਵੜਨ ਦਿਤਾ, ਮੁੜ ਕੇ ਘਰ ਆਏ ਤਾਂ ਬਜ ਬਜ ਦੇ ਘਾਟ ਉਤੇ ਪੁਲੀਸ ਨੇ ਗੋਲੀਆਂ ਨਾਲ ਕਈ ਤਾਂ ਉਥੇ ਮਾਰੇ ਕਈ ਕੈਦ ਕਰਕੇ ਕਾਲੇ ਪਾਣੀ ਜੇਹਲ ਵਿਚ ਘਲ ਦਿਤੇ। ਇਹ ਗਲ ਸੁਣਕੇ ਮੈਨੂੰ ਸਰਦਾਰ ਅਤੂੜ ਸਿੰਘ ਸਰਬਰ ਹ ਦਰਬਾਰ ਸਾਹਿਬ ਸ੍ਰੀ ਅਕਾਲ ਤਖਤ ਦੀ ਉਹ ਗਲ ਚੇਤੇ ਆਈ ਜੋ ਸੰਨ ੧੪ ਵਿਚ ਇਥੇ ਸ੍ਰੀ ਅਕਾਲ ਤਖਤ ਦੇ ਪੁਜਾਰੀਆਂ ਨੂੰ ਇਕਠੇ ਕਰਕੇ ਅੰਗਰੇਜ਼ ਨੂੰ ਖੁਸ਼ ਕਰਨ ਲਈ ਇਸ਼ਤਿਹਾਰੀ ਦੀਵਾਨ ਕੀਤਾ ਜਿਸ ਵਿਚ ਇਹ ਮਨਮਤਾ ਪਾਸ ਕੀਤਾ ਕਿ ਜਿਨ੍ਹਾਂ ਸਿਖਾਂ ਨੇ ਬਜਬਜ ਦੇ ਘਾਟ ਤੇ ਅੰਗਰੇਜ਼ਾਂ ਨਾਲ ਮੁਕਾਬਲਾ ਕੀਤਾ ਹੈ, ਓਹ ਗੁਰੂ ਕੇ ਸਿਖ ਨਹੀਂ ? ਕਿਉਂ ਖਾਲਸਾ ਜੀ ਕੀ ਜਿਹੜੇ ਸਿਖ ਪਹਿਰ ਰਾਤ ਉਠ ਕੇ ਸ੍ਰੀ ਜਪਜੀ ਸਾਹਿਬ-ਸ੍ਰੀ ਸੁਖਮਨੀ ਸਾਹਿਬ, ਸ੍ਰੀ ਆਸਾ ਜੀ ਦੀ ਵਾਰ ਦਾ ਪਾਠ ਨਿਤਾ ਪਰਤ ਕਰੇ, ਕੀ ਉਹ ਗੁਰੂ ਕਾ ਸਿਖ ਹੋ ਸਕਦਾ ਹੈ ਜਾਂ ਨਹੀਂ ?



Digitized by Panjab Digital Library | www.panjabdigilib.org

ਸਰਬਰਾਹ ਅਰੂੜ ਸਿੰਘ ਨੇ ਪੁਜਾਰੀਆਂ ਦੀ ਇਕ ਸਭਾ ਬਨਾਈ ਹੋਈ ਹੈ। ਜਿਸ ਦਾ ਆਪ ਪ੍ਰੈਜ਼ੀਡੈਂਟ ਹੈ ਉਸ ਦਾ ਇਕ ਨਿਯਮ ਹੈ, ਕਿ ਕੋਈ ਪੁਜਾਰੀ' ਸਭਾ ਦਾ ਮੈਂਬਰ ਆਪਣੇ ਘਰ ਵਿਚ ਸਿੰਘ ਸਭਾ ਦੀ ਕੋਈ ਰੀਤੀ ਨਾ ਕਰੇ ਅਤੇ ਨਾ ਹੀ ਕਿਸੇ ਸਿੰਘ ਸਭੀਏ ਨਾਲ ਵਰਤੇ। ਔਹ ਵੇਖੋ ਭਾਈ ਨਰੈਣ ਸਿੰਘ ਜੀ ਪੁਜਾਰੀ ਸਾਹਮਣੇ ਖਲੋਤਾ ਹੈ। ਇਸ ਨੂੰ ਸਰਬਰਾਹ ਅਰੂੜ ਸਿੰਘ ਨੇ ਇਸ ਲਈ ਸੇਵਾ ਤੋਂ ਹਟਾਇਆ ਹੈ ਕਿ ਇਸ ਨੇ ਸੰਤ ਲਖਮੀਰ ਸਿੰਘ ਦੇ ਘਰ ਸ੍ਰੀ ਅਖੰਡ ਪਾਠ ਦੇ ਭੋਗ ਸਮੇਂ ਗੁਰੂ ਕਾ ਕੜਾਹ ਪ੍ਰਸਾਦ ਛਕਿਆ ਹੈ? ਕਿਉਂ ਸਾਧ ਸੰਗਤ, ਜੋ ਗੁਰੂ ਕੇ ਸਿਖਾਂ ਨਾਲ ਨਾ ਮਿਲਵਰਤਣ ਕਰੇ ਤੇ ਆਪਣੇ ਘਰ ਵਿਚ ਹਿੰਦੂ ਰੀਤੀ ਕਰੇ, ਕੀ ਉਹ ਗੁਰੂ ਕਾ ਸਿਖ ਹੋ ਸਕਦਾ ਹੈ? ਸੰਗਤ ਵਿਚੋਂ ਆਵਾਜ ਆਈ ਹਰਗਿਜ਼ ਨਹੀਂ। ਤਾਂ ਝੱਬਰ ਨੇ ਇਹ ਗੁਰਮਤਾ ਪੇਸ਼ ਕੀਤਾ।

ਸ੍ਰੀ ਅਕਾਲ ਤਖਤ ਸਾਹਿਬ ਸਜਿਆ ਖਾਲਸਾ ਜੀ ਦਾ ਇਹ ਦੀਵਾਨ ਪਾਸ ਕਰਦਾ ਹੈ ਕਿ ਜਿਨ੍ਹਾਂ ਨੇ ਬਜਬਜ ਦੇ ਘਾਟ ਤੇ ਅੰਗਰੇਜ਼ ਦਾ ਮੁਕਾਬਲਾ ਕੀਤਾ ਸੀ ਓਹ ਅੰਨਿਨ ਗੁਰੂ ਦੇ ਸਿਖ ਹਨ, ਬਲਕਿ ਉਹ ਗੁਰੂ ਕੇ ਸਿਖ ਨਹੀਂ ਜੇਹੜੇ ਆਪਣੇ ਘਰ ਮਨਮਤ ਕਰਦੇ ਹਨ ਅਤੇ ਸ: ਅਰੂੜ ਸਿੰਘ ਜੀ ਜੋ ਗੁਰਮਤ ਪਰਚਾਰ ਨੂੰ ਬੰਦ ਕਰਕੇ ਘਰ ਵਿਚ ਪੋਪ ਲੀਲ੍ਹਾ ਕਰਦਾ ਹੈ ਇਹ ਗੁਰੂ ਕਾ ਸਿਖ ਨਹੀਂ। ਇਹ ਗੁਰਮਤਾ ਸਰਬ ਸੰਮਤੀ ਨਾਲ ਪਾਸ ਹੋਇਆ ਜੋ ਜੈਕਾਰਿਆਂ ਦੀ ਗੂੰਜ ਨਾਲ ਸਭ ਨੇ ਪ੍ਰਵਾਨ ਕੀਤਾ।

ਓਧਰੋਂ ਮਾਸਟਰ ਚੰਦਾ ਸਿੰਘ ਜੀ ਸਮੇਤ ਸਾਰੇ ਸਾਥੀਆਂ ਆ ਗਏ ਅਤੇ ਆਖਿਆ, ਪੁਜਾਰੀ ਮਹੰਤ ਸੁੰਦਰ ਸਿੰਘ ਜੀ ਦੇ ਘਰ ਬੈਠੇ ਹਨ। ਅਸੀਂ ਕਿਹਾ ਹੈ ਕਿ ਤੁਸੀਂ ਦੀਵਾਨ ਵਿਚ ਚਲੋ। ਉਹ ਆਖਦੇ ਹਨ ਜਾਓ ਜੋ ਮਰਜ਼ੀ ਕਰੋ, ਅਸੀਂ ਨਹੀਂ ਆਉਂਦੇ, 'ਜੋ ਮਰਜ਼ੀ ਕਰੋ' ਸੁਣ ਕੇ ਝੱਬਰ ਨੂੰ ਫੁਰਨਾਂ ਫੁਰਿਆ ਅਤੇ ਉਸ ਆਖਿਆ ਖਾਲਸਾ ਜੀ ਮੈਨੂੰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਵਲੋਂ ਹੁਕਮ ਆਇਆ ਹੈ, ਉਸ ਹੁਕਮ ਦੇ ਸੁਨਣ



Digitized by Panjab Digital Library | www.panjabdigilib.org

ਵਾਸਤੇ ਪੰਝੀ ਨੌ ਜਵਾਨ ਸਿੰਘ ਚਾਹੀਦੇ ਹਨ। ਇਕ ਝੱਬਰ ਤਿਆਰ ਹੈ ਚੌਵੀ ਹੋਰ ਭਰਤੀ ਹੋਣ ਲਈ ਉਠੋ। ਸ਼ਰਤਾਂ ਇਹ ਹਨ:- ੧. ਫਾਂਸੀ ਮਿਲੇ ਤਾਂ ਹੱਸ ਕੇ ਚੜ੍ਹ ਜਾਣਾ, ੨. ਜੇ ਕਾਲੇ ਪਾਣੀ ਜਾਣਾ ਪਵੇ ਜਾਂ ਜਾਇਦਾਦ ਜ਼ਬਤ ਹੋਵੇ, ਤਾਂ ਖਿੜੇ ਮਥੇ ਪਰਵਾਨ ਕਰਨਾ, ੩. ਉਮਰ ਕੈਦ ਮਿਲੇ ਤਾਂ ਪਰਵਾਨ ਕਰਨਾ। ਇਸ ਵਿਚ ਪਹਿਲਾਂ ਮੈਂ ਆਪਣਾ ਨਾਮ ਪੇਸ਼ ਕਰਦਾ ਹਾਂ। ਬਾਕੀ ਚੌਵੀ ਹੋਰ ਚਾਹੀਦੇ ਹਨ, ਉਠੋ ਨਾਮ ਲਖਵਾਉ। ਦੋ ਸਿੰਘ ਉਠੇ, ਤਾਂ ਝੱਬਰ ਨੇ ਕਿਹਾ ਭਾਈ ਸ਼ਰਤਾਂ ਸੁਣ ਲਈਆਂ ਹਨ ਕਾਲਾ ਪਾਣੀ-ਉਮਰ ਕੈਦ-ਫਾਂਸੀ ਆਦ ਪ੍ਰਵਾਨ ਹਨ? ਸਿੰਘ ਬੋਲੇ ਜੀ ਹਾਂ ਸਭ ਕੁਝ ਪ੍ਰਵਾਨ ਹਨ। ਝਬਰ ਨੇ ਕਿਹਾ ਬਹੁਤ ਅੱਛਾ। ਚਲੋ ਖਾਲਸਾ ਜੀ ਹੋਰ ਉਠੋ? ਇਸੇ ਤਰਾਂ ਜੇਹੜਾ ਉਠਦਾ ਸੀ ਸ਼ਰਤਾਂ ਪ੍ਰਵਾਨ ਕਰਦਾ ਸੀ, ਨਾਮ ਲਿਖ ਲਿਆ ਜਾਂਦਾ ਸੀ। ਸਤਾਰਾਂ ਸਿੰਘ ਉਠੇ ਫਿਰ ਚੁਪ ਹੋ ਗਈ। ਇਸ ਵੇਲੇ ਦੀਵਾਨ ਵਿਚ ਬੈਠੀ ਸੰਗਤ ਤਕਰੀਬਨ ਸੱਤ ਅਠ ਹਜ਼ਾਰ ਸੀ ਪਰ ਸ਼ਰਤਾਂ ਸੁਣ ਕੇ ਸਭ ਸੰਗਤ ਚੁਪ ਹੋ ਗਈ। ਜੇਹੜੇ ਸਿੰਘਾਂ ਨਾਮ ਲਖਾਏ ਸਨ, ਝੱਬਰ ਨੇ ਕਿਹਾ ਖਾਲਸਾ ਜੀ ਅਗੇ ਆ ਜਾਓ ਦੇਰ ਹੁੰਦੀ ਹੈ। ਸੰਗਤਾਂ ਨੂੰ ਕਿਹਾ ਸਾਧ ਸੰਗਤ ਜੀ ਤੁਸੀਂ ਬੈਠੇ ਰਹਿਣਾ। ਉਹਨਾ ਨੂੰ ਤਖਤ ਸਾਹਿਬ ਦੇ ਸਾਹਮਣੇ ਖੜੇ ਕਰਕੇ ਝੱਬਰ ਨੇ ਅਰਦਾਸਾ ਸੋਧਿਆ, ਸਚੇ ਪਾਤਸ਼ਾਹ ਜੀ ਇਹ ਆਪ ਜੀ ਦੇ ਸਿਖ, ਤਨ-ਮਨ ਤੇ ਧਨ ਆਪ ਜੀ ਦੇ ਸਪੁਰਦ ਕਰਦੇ ਹਨ, ਆਪਣੇ ਸੇਵਕਾਂ ਦੇ ਅੰਗ ਸੰਗ ਰਹਿਣਾ ਤੇ ਸਹਾਇਤਾ ਕਰਨੀ, ਤੇ ਸੇਵਾ ਦਾ ਬਲ ਬਖਸ਼ਨਾ। ਅਰਦਾਸਾ ਕਰਕੇ ਝੱਬਰ ਨੇ ਸੁਨਾਇਆ ਕਿ ਸਾਧ ਸੰਗਤ ਜੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮਹਾਰਾਜ ਦਾ ਇਹ ਹੁਕਮ ਆਇਆ ਹੈ ਕਿ ਸ੍ਰੀ ਅਕਾਲ ਤਖਤ ਦੇ ਸੇਵਾਦਾਰ ਪੁਜਾਰੀ ਸੇਵਾ ਛੱਡ ਗਏ ਹਨ। ਤਖਤ ਸਾਹਿਬ ਖਾਲੀ ਨਹੀਂ ਰਹਿਣਾ ਚਾਹੀਦਾ। ਤੁਸੀਂ ਖਾਲਸਾ ਜੀ ਤਿਆਰ ਹੋ ਜਾਓ। ਪੰਜ ਸਿੰਘ ਪਿਛਲੇ ਦਰਵਾਜ਼ੇ ਖੜੇ ਹੋ ਜਾਓ, ਤੇ ਪੰਜ ਸਿੰਘ ਚੜ੍ਹਦੇ ਦਰਵਾਜ਼ੇ, ਅਤੇ ਪੰਜ ਹੇਠਾਂ ਔਥੇ ਖੜੇ ਹੋ ਜਾਓ। ਇਕ ਤਾਬਿਆ ਵਿਚ ਬੈਠੋ, ਇਕ ਪ੍ਰਸਾਦ ਵਰਤਾਣ



Digitized by Panjab Digital Library | www.panjabdigilib.org

ਲਈ ਬੈਠ ਜਾਓ। ਸ੍ਰੀ ਅਕਾਲ ਤਖਤ ਸਾਹਿਬ ਤੇ ਕਬਜ਼ਾ ਕਰੋ। ਇਹ ਹੀ ਗੁਰੂ ਕਾ ਹੁਕਮ ਹੈ। ਇਹ ਸਤਾਰਾਂ ਸਿੰਘ ਝਟ ਪੱਟ ਉਪਰ ਚਲੇ ਗਏ ਤਾਂ ਝੱਬਰ ਨੇ ਆਖਿਆ ਕਿ ਇਹ ਦੋ ਆਦਮੀ ਜੋ ਪੁਜਾਰੀਆਂ ਦੇ ਨੌਕਰ ਹਨ ਇਹਨਾਂ ਨੂੰ ਉਠਾ ਦਿਓ ਅਤੇ ਤਖਤ ਸਾਹਿਬ ਤੋਂ ਬਾਹਰ ਕਢ ਦਿਓ। ਜਦ ਤੱਕ ਜਥੇਦਾਰ ਕੋਈ ਹੁਕਮ ਨਹੀਂ ਦੇਂਦਾ ਕਿਸੇ ਨੂੰ ਅੰਦਰ ਨਹੀਂ ਜਾਣ ਦੇਣਾ। ਸੇਵਾਦਾਰਾਂ ਨੇ ਪੁਜਾਰੀਆਂ ਦੇ ਦੋਵਾਂ ਨੌਕਰਾਂ ਨੂੰ ਪਕੜ ਕੇ ਬਾਹਰ ਕੱਢ ਦਿਤਾ।

ਝੱਬਰ ਨੇ ਭਾਈ ਮਹਿਤਾਬ ਸਿੰਘ "ਬੀਰ" ਸਕੱਤਰ ਖਾਲਸਾ ਬਰਾਦਰੀ ਨੂੰ ਕਿਹਾ ਕਿ ਲਿਆਓ ਕੜਾਹ ਪ੍ਰਸ਼ਾਦ, ਤਾਂ ਕੜਾਹ ਪ੍ਰਸਾਦ ਲਿਆਂਦਾ ਗਿਆ, ਪੰਝੀ ਰੁਪੇ ਦਾ ਪ੍ਰਸਾਦ ਅਤੇ ਪੰਝੀ ਭੇਟਾ ਸ੍ਰੀ ਅਕਾਲ ਤਖ਼ਤ ਭੇਟ ਕੀਤੀ ਗਈ, ਅਰਦਾਸਾ ਕਰਕੇ ਪ੍ਰਸ਼ਾਦ ਵਰਤਾਇਆ ਗਿਆ। ਪ੍ਰਸ਼ਾਦਿ ਲਿਆਉਣ ਦੇ ਸਮੇਂ ਵਿਚ ਝੱਬਰ ਨੇ ਫਿਰ ਕੁਝ ਲੈਕਚਰ ਕੀਤਾ। ਆਖਿਆ, "ਖਾਲਸਾ ਜੀ! ਇਹ ਉਹੀ ਪੁਜਾਰੀ ਹਨ ਜਿਨ੍ਹਾਂ ਨੇ ਦਰਸ਼ਨ ਕਰਨ ਆਏ ਸ੍ਰੀ ਗੁਰੂ ਤੇਗ਼ ਬਹਾਦਰ ਜੀ ਮਹਾਰਾਜ ਲਈ ਸਭ ਦਰਵਾਜ਼ੇ ਬੰਦ ਕਰ ਦਿਤੇ ਸਨ, ਤੇ ਜਦੋਂ ਸ੍ਰੀ ਮਾਨ ਸ੍ਰ: ਸੁੰਦਰ ਸਿੰਘ ਜੀ ਮਜੀਠੀਏ ਨੇ ਵਡੇ ਪੁਤਰ ਕ੍ਰਿਪਾਲ ਸਿੰਘ ਦਾ ਵਿਵਾਹ ਕੀਤਾ, ਤੇ ਨੂੰਹ ਪੁਤਰ ਨੂੰ ਨਾਲ ਲੈ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਪ੍ਰਸ਼ਾਦਿ ਅਤੇ ੧੦੧) ਰੁਪਈਆ ਭੇਟਾ ਕੀਤਾ ਤਾਂ ਇਹਨਾ ਮਾਨ ਮਤਿਆਂ ਨੇ ਆਖਿਆ, ਤੁਸੀਂ ਪੁਤਰ ਦਾ ਵਿਵਾਹ ਗੁਰਮਤ ਅਨੁਸਾਰ ਕੀਤਾ ਹੈ ਇਸ ਲਈ ਅਸੀਂ ਤੁਹਾਡੀ ਅਰਦਾਸ ਨਹੀਂ ਕਰਦੇ ਇਹ ਆਖ ਕੇ ਉਨ੍ਹਾਂ ਨੂੰ ਮੋੜ ਦਿਤਾ। ਪੁਜਾਰੀਆਂ ਦੇ ਪਾਪਾਂ ਦਾ ਬੇੜਾ ਲਬਾ ਲਬ ਭਰ ਗਿਆ ਸੀ ਜੋ ਅੱਜ ਡੁਬ ਗਿਆ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਹੁਣ ਪੰਥ ਕਰੇਗਾ। ਤਖ਼ਤ ਸਾਹਿਬ ਦੇ ਸੇਵਕਾਂ ਦਾ ਜਥੇਦਾਰ ਭੀ ਚਾਹੀਦਾ ਹੈ। ਸੋ ਮੈਂ ਸ੍ਰੀ ਮਾਨ ਭਾਈ ਤੇਜਾ ਸਿੰਘ ਭੁਚਰ ਦਾ ਨਾਮ ਪੇਸ਼ ਕਰਦਾ ਹਾਂ। ਇਸ ਵੇਲੇ ਭੁਚਰ ਜੀ ਪੁਰਾਤਨ ਸਿੰਘਾਂ ਵਾਲਾ ਗੋਲ ਤੇ ਕਾਲ਼ਾ ਦਸਤਾਰਾ, ਸੀਸ ਤੇ ਸਜਾਈ ਬੈਠੇ ਸਨ, ਉਤੇ ਚਕਰ ਵੀ



Digitized by Panjab Digital Library | www.panjabdigilib.org

ਸਜਾਇਆ ਹੋਇਆ ਸੀ । ਝੱਬਰ ਜੀ ਨੇ ਕਿਹਾ ਕਿ ਜਥੇਦਾਰ ਸਾਹਿਬ ਜੀ ਖੜੇ ਹੋ ਕੇ ਦਰਸ਼ਨ ਦਿਓ। ਆਪ ਖੜੇ ਹੋ ਗਏ, ਸੰਗਤਾਂ ਨੇ ਸਜੀਲੇ ਜਥੇਦਾਰ ਦਾ ਦਰਸ਼ਨ ਕਰਕੇ ਪ੍ਰਸੰਨਤਾ ਦੁਆਰਾ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਨਾਲ ਆਸਮਾਨ ਗੂੰਜਾ ਦਿਤਾ ਤੇ ਪ੍ਰਵਾਨਗੀ ਦਿਤੀ। ਝੱਬਰ ਜੀ ਨੇ ਜਥੇਦਾਰ ਜੀ ਨੂੰ ਕਿਹਾ ਕਿ ਹੁਣ ਆਪ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਉਪਰ ਜਾ ਬੈਠੋ, ਅਤੇ ਜਥੇ ਦੀ ਕਮਾਣ ਸੰਭਾਲ ਲਵੋ । ਜਥੇਦਾਰ ਜੀ ਉਠ ਕੇ ਤਖ਼ਤ ਸਾਹਿਬ ਤੇ ਪੁਜ ਗਏ । ਕੜਾਹ ਪ੍ਰਸਾਦਿ ਆਇਆ, ਖਾਲਸਾ ਬਰਾਦਰੀ ਦੇ ਪ੍ਰਬੰਧਕਾ ਨੇ ਵਰਤਾਇਆ ਤੇ ਪ੍ਰਬੰਧਕਾਂ ਨੇ ਦੋ ਕ੍ਰਿਪਾਨਾਂ ਲਿਆਂਦੀਆ, ਜੋ ਦੋਹਾਂ ਜਥੇਦਾਰਾਂ ਨੂੰ ਬਰਾਦਰੀ ਵਲੋਂ ਸਿਰੋਪਾ ਦਿਤੇ ਗਏ ।

## ਇਕ ਝੂਠੀ ਅਫ਼ਵਾਹ

ਜੇਹੜੇ ਸਤਾਰਾਂ ਸਿੰਘ ਭਰਤੀ ਹੋਏ ਸਨ, ਉਨ੍ਹਾਂ ਵਿਚੋਂ ਦਸ ਸਿੰਘ ਮਜ਼ਬ੍ਹੀ ਤੇ ਰਾਮਦਾਸੀਏ ਸਿੰਘ ਸਨ । ਕੜਾਹ ਪ੍ਰਸ਼ਾਦਿ ਵੀ ਖਾਲਸਾ ਬਰਾਦਰੀ ਵਲੋਂ ਹੀ ਆਇਆ ਸੀ ਤੇ ਜਥੇਦਾਰ ਭੁਚਰ ਜੀ ਦਾ ਰੰਗ ਭੀ ਪੱਕਾ ਹੀ ਸੀ । ਇਹ ਸਭ ਤਖ਼ਤ ਸਾਹਿਬ ਤੇ ਬੈਠਦੇ ਸਨ, ਮੁਖਾਲਫ਼ਾ ਨੇ ਸ਼ਹਿਰ ਵਿਚ ਧੁੰਮਾ ਦਿਤਾ ਕਿ ਮਹਾਰਾਜ ਦੇ ਤਖ਼ਤ ਤੇ ਚੂਹੜੇ ਚੜ ਗਏ ਹਨ। ਇਹ ਖ਼ਬਰ ਪਿੰਡਾਂ ਵਿਚ ਵੀ ਪੁਜ ਗਈ । ਅਗਲੇ ਭਲਕ ਮਾਝੇ ਵਿਚੋਂ ਡਾਂਗਾਂ ਫ਼ੜ ਕੇ ਸੌ, ਦੋ ਦੋ ਸੌ, ਦੇ ਜਥੇ ਬਣਾ ਕੇ ਸਿੰਘ ਆਉਣ ਲਗ ਪਏ ਜਦ ਇਹ ਲੋਕ ਅਕਾਲ ਤਖਤ ਸਾਹਿਬ ਪੁਜਨ ਤਾਂ ਜਥੇਦਾਰ ਭੁਚਰ ਅਤੇ ਝੱਬਰ ਜੀ ਨੂੰ ਮਿਲਣ ਤਾਂ ਸਾਰੀ ਗਲ ਸੁਣ ਕੇ ਉਹ ਬੜੇ ਖੁਸ਼ ਹੋ ਜਾਣ, ਅਤੇ ਜੇਹੜਾ ਟੋਲਾ ਆਵੇ ਉਸ ਵਿਚੋ ਜਥੇਦਾਰ ਪੰਦਰਾਂ ਵੀਹ ਸਿੰਘ-ਨਵੇਂ—ਮੁੰਡੇ ਹੋਰ ਜਥੇ ਵਿਚ ਭਰਤੀ ਕਰ ਲੈਣ। ਇਸ ਤਰ੍ਹਾਂ ਤਿੰਨ ਚਾਰ ਸੌ ਦਾ ਜਥਾ ਬਣ ਗਿਆ। ਪਹਿਲੇ ਦਿਨ ਪੁਜਾਰੀਆਂ ਨੇ ਸ੍ਰੀ ਅੰਮ੍ਰਿਤਸਰ ਦੇ ਗੁੰਡਿਆਂ ਨੂੰ ਇਹਨਾਂ ਨਾਲ ਲੜਨ ਲਈ ਤਿਆਰ ਕੀਤਾ। ਇਹਨਾਂ ਨੂੰ ਕਿਸੇ ਪਰੇਮੀ ਨੇ ਦਿਨ ਲਥੇ ਨਾਲ ਇਹ ਖਬਰ



Digitized by Panjab Digital Library | www.panjabdigilib.org

ਦੇ ਦਿਤੀ। ਇਹਨਾਂ ਨੇ ਵੀ ਬਜ਼ਾਰ ਵਿਚੋਂ ਸੌ ਡਾਂਗ ਖਰੀਦ ਕੇ ਲੈ ਆਂਦੀ। ਖਾਲਸਾ ਬਰਾਦਰੀ ਦੇ ਹੋਰ ਸਿੰਘ ਵੀ ਇਹਨਾਂ ਪਾਸ ਆ ਗਏ। ਝੱਬਰ ਨੇ ਜਥੇ ਨੂੰ ਕਿਹਾ ਕਿ ਸਾਡਾ ਕੰਮ ਲੜਨਾ ਨਹੀਂ ਅਸਾਂ ਇਥੇ ਲੜਾਈ ਨਹੀਂ ਹੋਣ ਦੇਣੀ ਪਰ ਜੇ ਕੋਈ ਲੁਚਿਆਂ ਦਾ ਟੋਲਾ ਸਾਡੇ ਗਲ ਆ ਪਵੇ ਤਾਂ ਅਸਾਂ ਚੁਪ ਵੀ ਨਹੀਂ ਕਰ ਰਹਿਣਾ, ਜੇਹੜਾ ਸਾਨੂੰ ਆ ਕੇ ਕਹੇ ਕਿ ਤੁਸੀਂ ਅਕਾਲ ਤਖਤ ਤੋਂ ਨਿਕਲ ਜਾਓ ਉਹ ਸਾਡਾ ਦੁਸ਼ਮਨ ਹੈ ਉਸ ਨੂੰ ਪਕੜੋ ਤੇ ਖੂਬ ਮਾਰ ਕਰੋ।

ਝੱਬਰ ਜੀ ਦੇ ਜਥੇ ਦਾ ਪ੍ਰਸ਼ਾਦ ਸ: ਨਰਾਇਣ ਸਿੰਘ ਜੋ ਰਹਿਤੀਆ ਸਿੰਘ ਸੀ ਅਤੇ ਟੈਲੀਗਰਾਫ਼ ਦੇ ਮਹਿਕਮੇਂ ਵਿਚ ਨੌਕਰ ਸੀ, ਪਰੇਮ ਸਹਿਤ ਪਕਾਂਦੇ ਸਨ। ਤੀਜੇ ਦਿਨ ਜਥਾ ਏਨਾ ਵੱਧ ਗਿਆ ਜਿਸਤੇ ਇਹ ਦੋਵੇਂ ਜੀਅ ਸਾਰੀ ਰਾਤ ਪਕਾਂਦੇ ਤੇ ਛਕਾਂਦੇ ਰਹੇ ਅਤੇ ਦਿਨ ਚੜ੍ਹ ਗਿਆ। ੧੪-੧੦-੨੦ ਨੂੰ ੧੦ ਵਜੇ ਸ: ਸੁੰਦਰ ਸਿੰਘ ਜੀ ਰਾਮ ਗੜ੍ਹੀਆ ਸਰਬ-ਰਾਹ ਦਰਬਾਰ ਸਾਹਿਬ ਜਥੇ ਪਾਸ ਆਇਆ ਤੇ ਕਹਿਣ ਲਗਾ, ਕਿ ਜਥੇਦਾਰ ਸਾਹਿਬ, ਭੁਚਰ ਜੀ ਅਤੇ ਝੱਬਰ ਜੀ ਨੂੰ ਡਿਪਟੀ ਕਮਿਸ਼ਨਰ ਸਾਹਿਬ ਨੇ ਬੁਲਾਇਆ ਹੈ, ਆਪ ਚਲੋ।

## ਸ਼੍ਰੋਮਣੀ ਕਮੇਟੀ ਦਾ ਮੁਢ:

ਜਥੇਦਾਰਾਂ ਨੇ ਉਤਰ ਦਿਤਾ ਕਿ ਅਸੀਂ ਆਪਣੇ ਆਪ ਨਹੀਂ ਆਉਂਦੇ, ਸਾਹਿਬ ਪੁਲੀਸ ਨੂੰ ਭੇਜ ਦੇਵੇ ਤੇ ਗ੍ਰਿਫਤਾਰ ਕਰਕੇ ਲੈ ਜਾਵੇ। ਸ: ਸੁੰਦਰ ਸਿੰਘ ਜੀ ਨੇ ਵਾਪਸ ਜਾ ਕੇ ਜਥੇਦਾਰਾਂ ਦਾ ਉਤਰ ਦਸਿਆ। ਤਾਂ ਡਿਪਟੀ ਕਮਿਸ਼ਨਰ ਨੇ ਸ: ਸਾਹਿਬ ਨੂੰ ਫਿਰ ਘਲਿਆ ਅਤੇ ਕਹਿ ਭੇਜਿਆ ਕਿ ਮੈਂ ਜਥੇਦਾਰਾਂ ਨੂੰ ਕਚਹਿਰੀ ਨਹੀਂ ਬੁਲਵਾਇਆ, ਮੈਂ ਆਪਣੇ ਘਰ ਕੋਠੀ ਬੁਲਵਾਇਆ ਹੈ, ਕੁਝ ਗਲ ਕਰਨੀ ਹੈ। ਸ: ਸੁੰਦਰ ਸਿੰਘ ਜੀ ਫਿਰ ਆਏ ਤੇ ਸਾਰੀ ਗਲ ਦਸੀ। ਇਸ ਵਕਤ ਸ: ਬਸੰਤ ਸਿੰਘ ਜੀ ਰਸਾਲਦਾਰ ਨੌਸ਼ਹਿਰਾ ਪੰਨੂੰਆਂ ਤੇ ਸ: ਧਰਮ ਸਿੰਘ ਜੀ ਉਸਮੇਂ ਵਾਲੇ ਭੀ ਸ੍ਰੀ ਅਕਾਲ ਤਖਤ ਸਾਹਿਬ ਆਏ ਹੋਏ ਸਨ।



Digitized by Panjab Digital Library | www.panjabdigilib.org

ਇਹਨਾਂ ਨੇ ਰਾਏ ਦਿਤੀ ਕਿ ਜਦ ਡਿਪਟੀ ਕਮਿਸ਼ਨਰ ਕੋਠੀ ਬੁਲਾਂਦਾ ਹੈ ਤਾਂ ਜ਼ਰੂਰ ਜਾਣਾ ਚਾਹੀਦਾ ਹੈ। ਇਹ ਤਿਆਰ ਹੋ ਗਏ ਪ੍ਰੰਤੂ ਸੋਚਿਆ ਕਿ ਅਸੀਂ ਅੰਗਰੇਜ਼ੀ ਨਹੀਂ ਜਾਣਦੇ ਸਾਹਿਬ ਨਾਲ ਗੱਲ ਕਿਵੇਂ ਹੋਵੇਗੀ। ਇਸ ਵਾਸਤੇ ਇਕ ਸਾਈਕਲ ਸਵਾਰ ਨੂੰ ਖਾਲਸਾ ਕਾਲਜ ਪਰੋਫੈਸਰ ਸਾਹਿਬਾਨ ਪਾਸ ਘਲਿਆ। ਸ: ਧਰਮ ਸਿੰਘ, ਸ: ਬਸੰਤ ਸਿੰਘ, ਭੁਚਰ ਜੀ ਸ: ਤੇਜਾ ਸਿੰਘ ਚੂਹੜਕਾਨਾ ਅਤੇ ਝੱਬਰ, ਇਹ ਸਾਰੇ ਡਿਪਟੀ ਕਮਿਸ਼ਨਰ ਦੀ ਕੋਠੀ ਰਾਮ ਬਾਗ ਪੁਜੇ। ਖਾਲਸਾ ਕਾਲਜ ਵਿਚੋਂ ਚਾਰ ਪਰੋਫੈਸਰ ਭੀ ਆ ਪਹੁੰਚੇ। ਪਰੋਫੈਸਰ ਕਸ਼ਮੀਰਾ ਸਿੰਘ, ਬਾਵਾ ਹਰਕਿਸ਼ਨ ਸਿੰਘ ਆਦਿ ਸ਼ਹਿਰ ਦੇ ਹੋਰ ਲੋਕ ਵੀ ਡਿਪਟੀ ਕਮਿਸ਼ਨਰ ਦੀ ਕੋਠੀ ਪੁਜ ਗਏ। ਡਿਪਟੀ ਕਮਿਸ਼ਨਰ ਦਾ ਅਰਦਲੀ ਅੰਦਰੋਂ ਬੁਲਾਣ ਲਈ ਆਇਆ। ਭੁਚਰ ਜੀ ਸ: ਬਸੰਤ ਸਿੰਘ, ਸ: ਧਰਮ ਸਿੰਘ ਤੇ ਝਬਰ ਜੀ ਇਹ ਚਾਰੇ ਅੰਦਰ ਗਏ। ਅਗੋਂ ਡਿਪਟੀ ਕਮਿਸ਼ਨਰ ਬਾਲਟਨ ਸਾਹਿਬ ਤੇ ਪੁਲੀਸ ਕਪਤਾਨ ਉਠ ਕੇ ਮਿਲੇ। ਸਾਰੇ ਕੁਰਸੀਆਂ ਤੇ ਮੇਜ਼ ਦੇ ਆਲੇ ਦੁਆਲੇ ਬੈਠ ਗਏ। ਸ: ਬਸੰਤ ਸਿੰਘ ਜੀ ਨੇ ਆਪੋ ਵਿਚ ਸਾਰਿਆਂ ਦੀ ਜਾਣ ਪਛਾਣ ਕਰਾਈ। ਝੱਬਰ ਨੇ ਡਿਪਟੀ ਕਮਿਸ਼ਨਰ ਨੂੰ ਪੁਛਿਆ ਕਿ ਸਾਹਿਬ ਬਹਾਦਰ ਆਪ ਜੀ ਨੇ ਸਾਨੂੰ ਬੁਲਵਾਇਆ ਹੈ ਦਸੋ ਕੀ ਕੰਮ ਹੈ? ਉਤਰ ਵਿਚ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੇਰੇ ਪਾਸ ਗਵਰਨਰ ਪੰਜਾਬ ਕਾ ਹੁਕਮ ਆਪ ਕੇ ਲੀਏ ਆਇਆ ਹੈ। ਪਹਿਲੇ ਅੰਗਰੇਜ਼ੀ ਵਿਚ ਟਾਈਪ ਕੀਤਾ ਹੋਇਆ ਪੜ੍ਹਿਆ। ਫਿਰ ਉਰਦੂ ਤਰਜਮਾਂ ਕਰਕੇ ਸੁਨਾਇਆ। ਆਪ ਨੇ ਜੋ ਸ੍ਰੀ ਦਰਬਾਰ ਸਾਹਿਬ ਪਰ ਕਬਜਾ ਕਰ ਲੀਆ ਹੈ ਇਹ ਆਪ ਕਾ ਮਜ਼ਬ੍ਹੀ ਕੰਮ ਹੈ। ਸਰਕਾਰ ਇਹਦੇ ਵਿਚ ਕੋਈ ਦਖਲ ਦੇਣਾ ਨਹੀਂ ਚਾਹੁੰਦੀ। ਚੂੰਕਿ ਇਹਨਾਂ ਗੁਰਦੁਆਰਿਆਂ ਨਾਲ ਸਰਕਾਰ ਦਾ ਭੀ ਕੁਝ ਤਅੱਲਕ ਹੈ। ਉਹ ਸਰਕਾਰ ਹੁਣ ਹਟਾ ਲੈਣਾ ਚਾਹੁੰਦੀ ਹੈ। ਇਸ ਲਈ ਆਪ ਇਹਨਾਂ ਗੁਰਦੁਆਰਿਆਂ ਦੇ ਇੰਤਜ਼ਾਮ ਲਈ ਕੋਈ ਕਮੇਟੀ ਮੁਕੱਰਰ ਕਰੋ। ਤਾਂ ਝੱਬਰ ਨੇ ਕਿਹਾ ਇਹ ਕਮੇਟੀ



Digitized by Panjab Digital Library | www.panjabdigilib.org

ਤਾਂ ਸਾਰਾ ਪੰਥ ਇਕ ਦਿਨ ਇਕਤਰ ਹੋ ਕੇ ਕਾਇਮ ਕਰੇਗਾ। ਅੱਜ ਤਾਂ ਆਪ ਜੀ ਦੇ ਪਾਸ ਥੋੜੇ ਜੇਹੇ ਸਿੰਘ ਆਏ ਹਾਂ। ਤਾਂ ਡਿਪਟੀ ਕਮਿਸ਼ਨਰ ਨੇ ਕਿਹਾ ਅੱਛਾ ਤੁਮ ਐਸਾ ਕਰੋ ਕਿ ਥੋੜੇ ਸੇ ਸਿੱਖੋਂ ਕੀ ਏਕ ਆਰਜ਼ੀ ਕਮੇਟੀ ਬਨਾ ਲਵੋ, ਤੋ ਹਮ ਆਪ ਕੋ ਕਬਜ਼ਾ ਲਿਖ ਦੇਤੇ ਹੈਂ ਔਰ ਯੇਹ ਕਮੇਟੀ ਜਬ ਬੜੀ ਕਮੇਟੀ ਬਣੇ ਤੋ ਉਸ ਕੋ ਚਾਰਜ ਦੇ ਸਕਤੀ ਹੈ। ਤਾਂ ਝੱਬਰ ਜੀ ਨੇ ਕਿਹਾ ਕਿ ਬਹੁਤ ਅੱਛਾ ਸਾਹਿਬ ਬਹਾਦਰ, ਅਸੀਂ ਬਾਹਰ ਬੈਠੀ ਸੰਗਤ ਨਾਲ ਸਲਾਹ ਮਸ਼ਵਰਾ ਕਰਕੇ ਆਰਜ਼ੀ ਕਮੇਟੀ ਬਨਾ ਲੈਂਦੇ ਹਾਂ। ਇਹ ਕਹਿ ਕੇ ਸਾਰੇ ਬਾਹਰ ਆ ਗਏ। ਸਾਰੀ ਗਲ ਸੰਗਤ ਨੂੰ ਦਸੀ, ਤੇ ਕਮੇਟੀ ਬਨਾਣੀ ਪ੍ਰਵਾਨ ਕਰ ਲਈ। ਤਜਵੀਜ਼ ਹੋਈ ਕਿ ਨੌ ਮੈਂਬਰਾਂ ਦੀ ਕਮੇਟੀ ਬਨਾਈ ਜਾਵੇ। ਸੰਗਤ ਵਿਚੋਂ ਇਕ ਸਿਖ ਨੇ ਆਖਿਆ ਕਿ ਦੋਨੋ ਜਥੇਦਾਰਾਂ ਦੇ ਨਾਮ ਜਥੇਦਾਰ ਤੇਜਾ ਸਿੰਘ ਤੇ ਜਥੇਦਾਰ ਕਰਤਾਰ ਸਿੰਘ ਝੱਬਰ ਲਿਖੋ, ਤਾਂ ਝੱਬਰ ਜੀ ਨੇ ਤੀਜਾ ਨਾਮ ਬਾਬਾ ਕੇਹਰ ਸਿੰਘ ਜੀ ਪੱਟੀ ਵਾਲੇ ਜੋ ਹਾਜ਼ਰ ਸਨ ਦਾ ਤਜਵੀਜ਼ ਕੀਤਾ। ਭਾਈ ਬਹਾਦਰ ਸਿੰਘ ਜੀ ਹਕੀਮ, ਸ: ਮੁਕੰਦ ਸਿੰਘ ਟਾਲਵਾਲਾ, ਅਤੇ ਦੋ ਹੋਰ ਨਾਮ ਲਿਖੇ ਗਏ। ਦੋ ਪਰੋਫ਼ੈਸਰਾਂ ਦੇ ਨਾਮ ਭੀ ਲਿਖੇ ਗਏ ਭਾਈ ਤੇਜਾ ਸਿੰਘ ਚੂਹੜਕਾਣੇ ਵਾਲੇ ਨੇ ਭਾਈ ਗੁਰਦਿਆਲ ਸਿੰਘ ਨਾਮ ਧਾਰੀ ਦਾ ਨਾਮ ਪੇਸ਼ ਕੀਤਾ। ਝੱਬਰ ਨੇ ਮੁਖਾਲਫ਼ਤ ਕੀਤੀ ਕਿਉਂਕਿ ਨਾਮਧਾਰੀ ਲੋਕ ੧੧-੧੨ ਗੁਰੂਆਂ ਨੂੰ ਮੰਨਦੇ ਹਨ। ਸਾਡੇ ਅਤੇ ਉਹਨਾਂ ਦੇ ਖਿਆਲਾਂ ਵਿਚ ਫ਼ਰਕ ਹੈ ਇਸ ਲਈ ਕੂਕਿਆਂ ਨੂੰ ਇਸ ਧਾਰਮਕ ਕਮੇਟੀ ਵਿਚ ਹਰਗਿਜ਼ ਸ਼ਾਮਲ ਨਹੀਂ ਕਰਨਾ। ਸਾਰੀ ਸੰਗਤ ਨੇ ਪਰੋੜਤਾ ਕੀਤੀ ਪਰ ਭਾਈ ਤੇਜਾ ਸਿੰਘ ਜੀ ਨ ਮੰਨੇ ਅਤੇ ਉਠ ਕੇ ਚਲੇ ਗਏ। ਤਾਂ ਸੰਗਤ ਨੇ ਨੌ ਮੈਂਬਰਾਂ ਦੇ ਨਾਮ ਪੂਰੇ ਕਰਕੇ ਮੈਂਬਰਾਂ ਦੀ ਫ਼ਹਿਰਿਸਤ ਝੱਬਰ ਜੀ ਅਤੇ ਸ: ਬਸੰਤ ਸਿੰਘ ਦੇ ਹਥੀ ਅੰਦਰ ਡਿਪਟੀ ਕਮਿਸ਼ਨਰ ਦੇ ਪੇਸ਼ ਕੀਤੀ। ਡਿਪਟੀ ਕਮਿਸ਼ਨਰ ਨੇ ਇਕ ਵਖਰੇ ਕਾਗਜ਼ ਤੇ ਗੁਰਦੁਆਰਾ ਸਾਹਿਬਾਂ ਦਾ ਕਬਜ਼ਾ ਇਸ ਕਮੇਟੀ



Digitized by Panjab Digital Library | www.panjabdigilib.org

ਦੇ ਹਵਾਲੇ ਕਰ ਦੇਣ ਬਾਰੇ ਲਿਖ ਦਿਤਾ। ਤਿੰਨ ਵਜੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਪੁਜੇ, ਅਤੇ ਸੰਗਤ ਨੂੰ ਸਾਰੀ ਗਲ ਜੋ ਡਿਪਟੀ ਕਮਿਸ਼ਨਰ ਦੇ ਨਾਲ ਹੋਈ ਸੀ ਝੱਬਰ ਜੀ ਨੇ ਸੁਨਾਈ। ਅਖੀਰ ਦਸਿਆ ਕਿ ਹੁਣ ਸ੍ਰੀ ਅਕਾਲ ਤਖ਼ਤ ਤੇ ਕਾਨੂੰਨੀ ਤੌਰ ਤੇ ਪੰਥ ਦਾ ਕਬਜ਼ਾ ਹੋ ਚੁਕਿਆ ਹੈ। ਇਹ ਲਿਖਤ ਜੋ ਮੇਰੇ ਪਾਸ ਹੈ ਇਹ ਡਿਪਟੀ ਕਮਿਸ਼ਨਰ ਦੀ ਹੈ। ਇਹ ਸੁਣਾ ਕੇ ਝੱਬਰ ਨੇ ਆਖਿਆ ਕਿ ਸਾਧ ਸੰਗਤ ਜੀ ਸੁਣੋ, ਤਮਾਸ਼ਬੀਨ ਲੋਕ ਤਿੰਨ ਚਾਰ ਦਿਨ ਤੋਂ ਟੋਲੀਆਂ ਬਣ ੨ ਕੇ ਆ ਕੇ ਬਹਿੰਦੇ ਹਨ ਅਤੇ ਭਾਂਤ ਭਾਂਤ ਦੀਆਂ ਗੱਲਾਂ ਕਰਦੇ ਹਨ ਅਸੀਂ ਸੁਣ ਕੇ ਚੁਪ ਕਰ ਰਹਿੰਦੇ ਹਾਂ। ਇਹ ਠੀਕ ਨਹੀਂ। ਇਹ ਜਗ੍ਹਾ ਨਾਮ ਜਪਨ,ਭਜਨ ਕਰਨ, ਅਤੇ ਸ਼ਬਦ ਕੀਰਤਨ ਦੀ ਹੈ। ਆਓ ਸਭ ਮਿਲ ਕੇ ਕੀਰਤਨ ਸੁਣੋ, ਜੇ ਇਹ ਨਹੀਂ ਕਰ ਸਕਦੇ ਤਾਂ ਇਥੋਂ ਚਲੇ ਜਾਉ, ਅਸੀਂ ਹੁਣ ਤੱਕ ਆਪ ਦੇ ਇਸ ਰਵਈਏ ਨੂੰ ਦੇਖਦੇ ਰਹੇ ਹਾਂ। ਜੇ ਕਰ ਹੁਣ ਕੋਈ ਆਦਮੀਂ ਜਥੇ ਦੇ ਪ੍ਰਬੰਧ ਵਿਚ ਆ ਕੇ ਦਖ਼ਲ ਦੇਵੇਗਾ ਤਾਂ ਅਸੀ ਉਸ ਨੂੰ ਸੋਧਾਂਗੇ। ਇਹ ਸੁਣਕੇ ਸ਼ਹਿਰੀ ਤੁਮਾਸ਼ਬੀਨ ਚਲੇ ਗਏ।

ਮਤੀ ੧੫-੧੦-੧੯੨੦ ਦੀ ਸਵੇਰ ਨੂੰ ਰਾਗੀ ਸਿੰਘ ਮੰਗਵਾ ਕੇ ਸ੍ਰੀ ਆਸਾ ਜੀ ਦੀ ਵਾਰ ਦਾ ਕੀਰਤਨ ਕਰਵਾਇਆ ਗਿਆ। ਸਰਕਾਰ ਵਲੋਂ ਜਥੇ ਨੂੰ ਕਬਜ਼ਾਂ ਮਿਲ ਜਾਣ ਦੀ ਖ਼ਬਰ ਸੁਣ ਕੇ ਸਭ ਦੇ ਚੇਹਰੇ ਖਿੜ ਗਏ। ਦੀਵਾਨ ਦੇ ਪਾਸ ਹੀ ਬਾਹਰ ਵਾਰ ਝੱਬਰ ਇਕ ਸਿੰਘ ਨਾਲ ਰਾਤ ਦੇ ਲੰਗਰ ਦੀ ਤਕਲੀਫ ਦਾ ਜ਼ਿਕਰ ਕਰ ਰਿਹਾ ਸੀ। ਕੋਲ ਖਲੋਤਾ ਇਕ ਵਡੇਰੀ ਉਮਰ ਦਾ ਸਿਖ ਆਖਣ ਲਗਾ, ਝੱਬਰ ਜੀ ਤੁਸਾਡੇ ਲੰਗਰ ਦਾ ਕੀ ਇੰਤਜ਼ਾਮ ਹੈ? ਝੱਬਰ ਨੇ ਰਾਤ ਵਾਲੀ ਸਾਰੀ ਗੱਲ ਸੁਨਾਈ। ਉਹ ਆਖਣ ਲਗਾ ਕਿ ਝੱਬਰ ਜੀ ਮੈਂ ਜੁਆਨ ਸਾਂ ਜਦ ਅੰਮ੍ਰਿਤਸਰ ਵਿਚ ਸ: ਠਾਕਰ ਸਿੰਘ ਸੰਧਾਵਾਲੀਏ ਦੇ ਉਦਮ ਨਾਲ ਸਿੰਘ ਸਭਾ ਬਣੀ, ਪਰ ਸਾਨੂੰ ਇਹ ਪੁਜਾਰੀ ਲੋਕ ਨੇੜੇ ਨਹੀਂ ਆਉਣ ਦੇਂਦੇ ਸਨ।



Digitized by Panjab Digital Library | www.panjabdigilib.org

ਸਾਡਾ ਕੋਈ ਚਾਰਾ ਨਹੀਂ ਸੀ ਚਲਦਾ। ਤੁਸਾਨੂੰ ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਬਲ ਬਖਸ਼ ਕੇ ਆਪ ਘਲਿਆ ਹੈ। ਇਹ ਪੁਜਾਰੀ ਲੋਕ ਸਿੰਘ ਸਭੀਆਂ ਨੂੰ ਧੱਕੇ ਮਾਰਦੇ ਸੀ। ਹੁਣ ਤਾਂ ਜ਼ਰੂਰ ਪੰਥ ਦੀਆਂ ਚੜ੍ਹਦੀਆਂ ਕਲ੍ਹਾਂ ਹੋਣਗੀਆਂ, ਮੇਰਾ ਦਿਲ ਆਪ ਜੀ ਨੂੰ ਅਤੇ ਜਥੇ ਨੂੰ ਤੱਕ ਕੇ ਗਦ ੨ ਹੋ ਰਿਹਾ ਹੈ। ਤੁਹਾਨੂੰ ਲੰਗਰ ਦੀ ਬੜੀ ਤਕਲੀਫ ਹੈ। ਮੇਰੇ ਨਾਲ ਸਿੰਘਾਂ ਨੂੰ ਘਲੋ, ਜੋ ਰਸਦਾਂ ਪੰਝੀ ਬੋਰੀਆਂ ਆਟਾ ਦਾਲਾਂ-ਮਿਰਚਾਂ-ਲੂਣ-ਮਸਾਲਾ-ਸ਼ਰਦਾਈ ਬਦਾਮ ਖੰਡ ਆਦਿ ਲੈ ਆਉਣ ਅਤੇ ਆਪਣਾ ਲੰਗਰ ਤਿਆਰ ਕਰੋ। ਇਹ ਖਤਮ ਹੋਣ ਤੇ ਦਾਸ ਨੂੰ ਵਾਹਿਗੁਰੂ ਜੀ ਨੇ ਬਲ ਬਖਸ਼ਿਆ ਤਾਂ ਹੋਰ ਭੀ ਸੇਵਾ ਕਰਾਂਗਾ। ਪਰ ਇਸ ਨੇ ਆਪਣਾ ਨਾਮ ਨਾ ਦਸਿਆ ਅਤੇ ਫਿਰ ਕਿਹਾ ਕਿ ਮੇਰੇ ਨਾਲ ਸਿੰਘ ਘਲੋ। ਰਾਗੀ ਸਿੰਘਾਂ ਨੇ ਸ੍ਰੀ ਆਸਾ ਜੀ ਦੀ ਵਾਰ ਦੇ ਕੀਰਤਨ ਦਾ ਭੋਗ ਪਾਇਆ। ਝੱਬਰ ਨੇ ਲੈਕਚਰ ਸ਼ੁਰੂ ਕੀਤਾ। ਅਤੇ ਉਨ੍ਹਾਂ ਹਾਲਾਤ ਤੇ ਬੋਲਿਆ ਜੋ ਉਹਨੀ ਦਿਨੀ ਵਾਪਰ ਰਹੇ ਸਨ। ਸੰਗਤਾਂ ਸੁਣ ਕੇ ਬਹੁਤ ਖੁਸ਼ ਹੋਈਆਂ। ਅਖੀਰ ਵਿਚ ਜਥੇ ਦੇ ਲੰਗਰ ਦੀ ਜੋ ਸੇਵਾ ਬਾਬੂ ਨਰਾਇਣ ਸਿੰਘ ਨੇ ਕੀਤੀ ਸੀ ਉਹ ਦਸ ਕੇ ਪੰਝੀ ਬੋਰੀਆਂ ਆਟਾ ਤੇ ਹੋਰ ਰਸਦ ਗੁਪਤ ਦਾਨ ਦਾ ਜ਼ਿਕਰ ਕੀਤਾ, ਤਾਂ ਸੰਗਤ ਵਿਚੋਂ ਅੰਮ੍ਰਿਤਸਰ ਸ਼ਹਿਰ ਦੇ ਪਰੇਮੀ ਬੋਲੇ, ਝੱਬਰ ਜੀ! ਲੰਗਰ ਦੀ ਸੇਵਾ ਇਕ ਸਜਨ ਨੂੰ ਕਿਉਂ ਦਿਤੀ ਜਾਵੇ। ਲੰਗਰ ਦੀ ਸੇਵਾ ਕਰਨ ਵਾਲੇ ਹੋਰ ਪਰੇਮੀ ਵੀ ਬਹੁਤ ਹਨ। ਸਾਰਿਆਂ ਨੂੰ ਮੌਕਾ ਦਿਤਾ ਜਾਵੇ ਤਾਂ ਭਾਈ ਮੁਕੰਦ ਸਿੰਘ ਟਾਲ ਵਾਲਾ ਬੋਲਿਆ:— ਲੰਗਰ ਲਈ ਜੋ ਲਕੜ ਖਰਚ ਆਵੇਗੀ ਉਹ ਦਾਸ ਦੇਵੇਗਾ। ਉਸ ਵੇਲੇ ਸੌ ਬੋਰੀ ਆਟਾ ਤੇ ਹੋਰ ਸਮਗਰੀ ਦਾਲਾਂ ਖੰਡ ਆਦਿ ਲੰਗਰ ਵਾਸਤੇ ਲਿਖੀ ਗਈ। ਝੱਬਰ ਨੇ ਤਜਵੀਜ਼ ਪੇਸ਼ ਕੀਤੀ। "ਸ਼ਹਿਰ ਦੇ ਸਜਨਾਂ ਦੀ ਇਕ ਲੰਗਰ ਕਮੇਟੀ ਬਣਾਈ ਜਾਵੇ। ਜੋ ਸਾਰੀ ਆਮਦਨ ਖਰਚ ਦਾ ਹਿਸਾਬ ਰਖੇ। ਅਤੇ ਉਹਨਾਂ ਪਾਸੋਂ



Digitized by Panjab Digital Library | www.panjabdigilib.org

ਹੀ ਰਸਦ ਲੈ ਕੇ ਲੰਗਰ ਤਿਆਰ ਹੋਇਆ ਕਰੇ। ਇਸ ਤਰ੍ਹਾਂ ਆਰਜ਼ੀ ਪ੍ਰਬੰਧ ਕੀਤਾ ਜਾਵੇ।" ਕਮੇਟੀ ਬਨਾਈ ਗਈ ਤੇ ਉਸ ਦਿਨ ਬਾਰਾਂ ਵਜੇ ਦਾ ਲੰਗਰ ਮਹਾਰਾਜਾ ਸ਼ੇਰ ਸਿੰਘ ਜੀ ਦੇ ਬੁੰਗੇ ਵਿਚ ਤਿਆਰ ਕੀਤਾ ਗਿਆ।

ਲੰਗਰ ਦੀ ਪਹਿਲ ਕਰਨ ਵਾਲੇ ਦਾ ਨਾਉਂ ਪੜਤਾਲ ਕਰਨ ਤੋਂ ਭਾਈ ਸੋਹਨ ਸਿੰਘ ਜੀ ਜੜੀਆਂ ਨਿਕਲਿਆ। ਇਹ ਪੁਰਾਨਾ ਸਿੰਘ ਸਭੀਆ ਸੀ। ਅਗਲੇ ਭਲਕ ਚੀਫ਼ ਖਾਲਸਾ ਦੀਵਾਨ ਪਾਰਟੀ ਦੇ ਮੁਖੀ ਸ੍ਰੀ ਦਰਬਾਰ ਸਾਹਿਬ ਵਿਖੇ ਮਥਾ ਟੇਕਣ ਆਏ। ਪਰ ਇਹ ਸ੍ਰੀ ਅਕਾਲ ਤਖਤ ਨਾ ਆਏ। ਘੰਟੇ ਘਰ ਤੋਂ ਹੀ ਪਿਛਾਂ ਤੁਰ ਗਏ ਝੱਬਰ ਇਨ੍ਹਾਂ ਨੂੰ ਦੇਖ ਰਿਹਾ ਸੀ। ਦੌੜ ਕੇ ਅਗੋਂਦੀ ਹੋ ਕੇ ਰੋਕਿਆ। ਸਭ ਤੋਂ ਅਗੇ ਸਰਦਾਰ ਜੁਗਿੰਦਰ ਸਿੰਘ ਜੀ ਰਸੂਲਪੁਰੀਏ ਸਨ। ਝੱਬਰ ਨੇ ਕਿਹਾ ਕਿ ਆਪ ਸ੍ਰੀ ਅਕਾਲ ਤਖਤ ਮਥਾ ਟੇਕਨ ਕਿਉਂ ਨਹੀਂ ਗਏ। ਸ: ਜੁਗਿੰਦਰ ਸਿੰਘ ਨੇ ਆਪਣੀ ਗਲਤੀ ਮੰਨੀ, ਤਾਂ ਝੱਬਰ ਨੇ ਸ: ਜੁਗਿੰਦਰ ਸਿੰਘ ਜੀ ਨੂੰ ਆਖਿਆ ਕਿ ਸਰਦਾਰ ਸਾਹਿਬ ਆਪ ਪੰਥ ਵਿਚ ਮੰਨੇ ਪ੍ਰਮੰਨੇ ਰਾਜਨੀਤਕ ਸਿਖ ਹੋ ਸੰਨ ੧੯੧੩ ਵਿਚ ਆਪ ਨੇ ਇਕ ਚਿਠੀ ਦੁਆਰਾ ਪੇਸ਼ੀਨ ਗੋਈ ਕੀਤੀ ਸੀ ਕਿ ਇਸ ਵਕਤ ਅਮਰੀਕਾ ਵਿਚ ਹਰਦਿਆਲ ਸਿਖਾਂ ਨੂੰ ਅੰਗਰੇਜ਼ਾਂ ਦੇ ਬਰਖਿਲਾਫ਼ ਭੜਕਾ ਰਿਹਾ ਹੈ-ਪੰਥ ਨੂੰ ਚਾਹੀਦਾ ਹੈ ਕਿ ਕੋਈ ਸਿਆਣਾ ਸਿਖ ਪਰਚਾਰਕ ਘਲ ਕੇ ਉਹਨਾਂ ਸਿਖਾਂ ਨੂੰ ਸਮਝਾਇਆ ਜਾਵੇ ਨਹੀਂ ਤਾਂ ਇਸ ਦਾ ਨਤੀਜਾ ਸਿਖਾਂ ਵਾਸਤੇ ਬਹੁਤ ਖਤਰਨਾਕ ਹੋਵੇਗਾ। ਸੋ ਉਹ ਠੀਕ ਹੋਇਆ। ਹਰਦਿਆਲ ਦੇ ਭੜਕਾਏ ਹੋਏ ਸਿਖ, ਕੋਮਾਗਾਟਾ ਮਾਰੂ ਜਹਾਜ਼ ਦਾ ਬਜਬਜ ਦਾ ਹਾਦਸਾ ਸੁਣ ਕੇ, ਤੋਸਾ ਮਾਰੂ ਜਹਾਜ਼ ਵਿਚ ਅਮਰੀਕਾ ਵਿਚੋਂ ਆਏ। ਉਹਨਾਂ ਨੂੰ ਫਾਹੇ ਦੇਣ ਵਾਸਤੇ ਪੰਜਾਬ ਦੀਆਂ ਸੰਟਰਲ ਜੇਹਲਾਂ ਵਿਚ ਜਿਥੇ ਇਕ ਇਕ ਫਾਂਸੀ ਸੀ, ਤਿੰਨ ਤਿੰਨ ਬਨਵਾਈਆਂ ਗਈਆਂ। ਉਹ ਪਰਦੇਸੋਂ ਆਏ ਸਨ, ਉਹਨਾਂ ਸ਼ਹੀਦਾਂ ਦੀ ਫ਼ਹਿਰਿਸਤ ਵੀ ਕਿਸੇ ਨੇ ਅੱਜ ਤਕ ਤਿਆਰ ਨਹੀ



Digitized by Panjab Digital Library | www.panjabdigilib.org

ਕੀਤੀ। ਕਈ ਹੁਣ ਤਕ ਜੇਹਲਾਂ ਵਿਚ ਸੜ ਰਹੇ ਹਨ। ਪੰਥ ਅਤੇ ਭਾਰਤ ਦੇ ਲੀਡਰਾਂ ਨੇ ਕੋਈ ਪਰਬੰਧ ਨਾ ਕੀਤਾ ਜਿਸ ਕਰਕੇ ਆਪ ਦਾ ਕਹਿਣਾ ਠੀਕ ਹੋਇਆ। ਸੋ ਅੱਜ ਮੈਂ ਭੀ ਆਪ ਜੀ ਨੂੰ ਇਕ ਪੇਸ਼ੀਨ ਗੋਈ ਕਰਦਾ ਹਾਂ। ਸਾਡੇ ਤਮਾਮ ਗੁਰਦੁਆਰੇ ਮਨਮਤੀ ਲੋਕਾਂ ਦੇ ਕਬਜ਼ੇ ਵਿਚ ਹਨ। ਗੁਰੂ ਕੀ ਗੋਲਕ ਦੇ ਹਜ਼ਾਰਾਂ ਰੁਪੈ ਮਨਮਤੀ ਲੋਕਾਂ ਦੇ ਹਥਾਂ ਵਿਚ ਜਾ ਕੇ ਬਰਬਾਦ ਹੋ ਰਹੇ ਹਨ। ਗੁਰਦੁਆਰਿਆਂ ਵਿਚ ਕਈ ਤਰ੍ਹਾਂ ਦੇ ਦੁਰਾਚਾਰ ਤੇ ਉਪੱਦਰ ਹੋ ਰਹੇ ਹਨ। ਅਸਾਂ ਗੁਰਦੁਆਰਾ ਸੁਧਾਰ ਦਾ ਪ੍ਰਬੰਧ ਕਰਨਾ ਹੈ। ਸਾਡਾ ਮੁਕਾਬਲਾ ਮਹੰਤਾਂ ਨਾਲ ਹੈ ਜੋ ਲੱਖਾਂ ਰੁਪਈਆਂ ਦੇ ਮਾਲਕ ਹਨ। ਸਾਡੇ ਪਾਸ ਘਰ ਜਾਣ ਲਈ ਕਈਆਂ ਪਾਸ ਕਰਾਇਆ ਵੀ ਨਹੀਂ ਹੁੰਦਾ। ਦੂਸਰੇ ਪਾਸੇ ਮਹੰਤ ਪੈਸੇ ਦੀ ਰਾਹੀਂ ਹਰ ਥਾਂ ਪੁਜ ਜਾਣਗੇ ਅਤੇ ਕਿਧਰੇ ਨਾ ਕਿਧਰੇ ਸਾਨੂੰ ਫ਼ਸਾ ਦੇਣਗੇ। ਕੋਈ ਆਦਮੀ ਕਤਲ ਕਰਵਾ ਕੇ ਝੂਠੀਆਂ ਸਾਜ਼ਸ਼ਾਂ ਬਨਾ ਬਨਾ ਕੇ ਸਾਨੂੰ ਫਾਂਸੀ ਦਵਾ ਦੇਣਗੇ ਤਾਂ ਤੁਸੀ ਪਛਤਾਵੋਗੇ। ਆਪ ਜੀ ਨੂੰ ਚਾਹੀਦਾ ਹੈ ਕਿ ਆਪ ਜੀ ਸਾਡੇ ਨਾਲ ਬੇਸ਼ਕ ਨਾ ਟੁਰੋ ਪਰ ਸਾਡੀ ਪਿਠ ਪਿਛੇ ਰਹੋ। ਤੁਹਾਡੇ ਮਿਲਨ ਨਾਲ ਪੰਥ ਦੀ ਜਥੇਬੰਦੀ ਹੋ ਜਾਵੇਗੀ, ਏਕਤਾ ਨਾਲ ਤਾਕਤ ਬਣ ਜਾਵੇਗੀ। ਜੇ ਕਰ ਆਪ ਸ਼ਾਮਲ ਨਾ ਹੋਵੋਗੇ ਤਾਂ ਵੀ ਅਸਾਂ ਇਸ ਕੰਮ ਤੋਂ ਹਟਨਾ ਤਾਂ ਨਹੀਂ ਪਰ ਲੋਕਾਂ ਵਿਚ ਹੀਣੀ ਹੋਵੇਗੀ ਕਿ ਤੁਸੀਂ ਚੰਗੇ ਪੰਥ ਦੇ ਲੀਡਰ ਹੋ। ਮੇਰੀ ਇਹ ਪੇਸ਼ੀਨ ਗੋਈ ਹੈ ਕਿ ਜੇ ਕਰ ਆਪ ਭੀ ਸ਼ਾਮਲ ਹੋ ਜਾਵੋ ਤਾਂ ਪੰਥ ਦੀ ਇਕ ਮਜ਼ਬੂਤ ਤਾਕਤ ਬਣ ਕੇ ਹੋਰ ਵੀ ਚੜ੍ਹਦੀਆਂ ਕਲਾਂ ਹੋ ਜਾਣਗੀਆਂ। ਤੁਹਾਡਾ ਲਾਂਭੇ ਰਹਿਣਾ ਠੀਕ ਨਹੀਂ। ਉਤਰ ਵਿਚ ਸਰਦਾਰ ਸਾਹਿਬ ਜੀ ਨੇ ਕਿਹਾ ਕਿ ਆਪ ਜੀ ਨੂੰ ਭਲਕੇ ਉਤਰ ਦਿਆਂਗੇ।

੧੭-੧੦-੧੯੨੦ ਨੂੰ ਸ: ਹਰਬੰਸ ਸਿੰਘ ਜੀ ਅਟਾਰੀ ਵਾਲੇ ਝੱਬਰ ਜੀ ਪਾਸ ਸ੍ਰੀ ਅਕਾਲ ਤਖਤ ਆਏ। ਮਹਾਰਾਜਾ ਸ਼ੇਰ ਸਿੰਘ ਜੀ ਦੇ ਬੁੰਗੇ ਵਿਚ ਬੈਠ ਕੇ ਦੋ ਘੰਟੇ ਗਲ-ਬਾਤ ਹੁੰਦੀ ਰਹੀ। ਸ: ਜੀ



Digitized by Panjab Digital Library | www.panjabdigilib.org

ਨੇ ਦਸਿਆ ਕਿ "ਖਾਲਸਾ ਦੀਵਾਨ ਦੀ ਕਮੇਟੀ ਹੋਈ ਸੀ ਜਿਸ ਵਿਚ ਮੇਰੀ ਅਤੇ ਪਰੋਫੈਸਰ ਜੋਧ ਸਿੰਘ ਜੀ ਦੀ ਤੁਹਾਡੇ ਨਾਲ ਕੰਮ ਕਰਨ ਦੀ ਡਿਊਟੀ ਲਾਈ ਗਈ ਹੈ। ਚੂੰਕਿ ਇਸ ਤੋਂ ਪਹਿਲਾਂ ਝੱਬਰ ਜੀ ਦਾ ਚੀਫ਼ ਖਾਲਸਾ ਦੀਵਾਨ ਨਾਲ ਬਹੁਤ ਮਤਭੇਦ ਸੀ। ਚੂੰਕਿ ਇਹ ਨਰਮ ਧੜਾ ਸੀ ਖਾਸ ਕਰਕੇ ਰਕਾਬ ਗੰਜ ਦਿਲੀ ਦੀ ਕੰਧ ਢਹਿਣ ਦੇ ਮੁਆਮਲੇ ਵਿਚ, ਜੋ ਢਿਲਿਆਈ ਦੀਵਾਨ ਨੇ ਵਿਖਾਈ ਸੀ ਇਸ ਕਰਕੇ ਖਾਸ ਵਿਰੋਧੀ ਸੀ। ਪਰ ਇਹ ਛੇਤੀ ਹੀ ਆਪਸ ਵਿਚ ਸਹਿਮਤ ਹੋ ਗਏ।

## ਲਾਹੌਰ ਸਿਖਲੀਗ

੧੮-੧੯-੨੦ ਅਕਤੂਬਰ, ੧੯੨੦ ਨੂੰ ਲਾਹੌਰ ਬਰੈਡਲਾ ਹਾਲ ਵਿਚ ਸਿਖ ਲੀਗ ਦਾ ਸਮਾਗਮ ਸੀ। ਝੱਬਰ ੧੯ ਤਾਰੀਖ ਨੂੰ ਜਲਸੇ ਵਿਚ ਜਾ ਪੁਜਾ। ਸ: ਗੋਪਾਲ ਸਿੰਘ ਰਸਾਲਦਾਰ ਭਾਗੋਵਾਲੀਆ ਜੋ ਪੰਜਾਬ ਦੀ ਐਗਜ਼ੈਕਟਿਵ ਦਾ ਮੈਂਬਰ ਸੀ ਨੇ ਵਖਰੇ ਕਰਕੇ ਝੱਬਰ ਨੂੰ ਆਖਿਆ ਕਿ ਮੈਨੂੰ ਲਾਟ ਸਾਹਬ ਨੇ ਤੇਰੇ ਪਾਸ ਭੇਜਿਆ ਹੈ ਅਤੇ ਕਿਹਾ ਹੈ ਕਿ ਤੁਹਾਡੀਆਂ ਜੋ ਵੀ ਰਾਜਸੀ ਮੰਗਾਂ ਹਨ ਯਥਾ ਗੁਰਦੁਆਰੇ ਅਤੇ ਕਿਰਪਾਨ ਦੀ ਅਜ਼ਾਦੀ, ਪੰਜਾਬ ਕੌਂਸਲ ਦੀਆਂ ੩੩ ਪ੍ਰਤੀਸ਼ਤ ਸੀਟਾਂ, ਪੁਲੀਟੀਕਲ ਕੈਦੀਆਂ ਦੀ ਰਿਹਾਈ ਆਦਿਕ ਮੈਂ ਸਭ ਪੂਰੀਆਂ ਕਰ ਦਿਆਂਗਾ ਪਰ ਸਿਖ ਲੀਗ ਦੇ ਜਲਸੇ ਵਿਚ ਨਾਮਿਲਵਰਤਨ ਦਾ ਮਤਾ ਪਾਸ ਨਾ ਕਰੋ। ਏਸੇ ਤਰ੍ਹਾਂ ਸ: ਗੋਪਾਲ ਸਿੰਘ ਜੀ ਨੇ ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ ਨੂੰ ਭੀ ਆਖਿਆ। ਉਤਰ ਵਿਚ ਝੱਬਰ ਜੀ ਨੇ ਕਿਹਾ ਕਿ ਅਸੀਂ ਹੀ ਤਾ ਲੋਕਾਂ ਨੂੰ ਨਾ ਮਿਲਵਰਤਣ ਵਾਸਤੇ ਤਿਆਰ ਕੀਤਾ ਹੈ। ਹੁਣ ਪਬਲਿਕ ਨੂੰ ਕਿਸਤਰਾਂ ਸਮਝਾਇਆ ਜਾਵੇ, ਇਹ ਮੁਸ਼ਕਲ ਹੈ। ਦੋ ਵਜੇ ਤੋਂ ਚਾਰ ਵਜੇ ਤਕ ਝੱਬਰ ਦਾ ਲੈਕਚਰ ਹੋਇਆ। ਇਨ੍ਹਾਂ ਨੇ ਆਪਣੇ ਲੈਕਚਰ ਵਿਚ ਦੋ ਗਲਾਂ ਖਾਲਸੇ ਦੇ ਵਿਚਾਰ ਲਈ ਦਸੀਆਂ। (੧) "ਆਪਣੀ ਜਥੇਬੰਦੀ ਕਰੋ ਅਤੇ ਮੁਲਕ ਲਈ



Digitized by Panjab Digital Library | www.panjabdigilib.org

ਕੁਰਬਾਨੀਆਂ ਕਰੋ ਪਰ ਕਾਂਗਰਸ ਵਿਚ ਉਤਨਾਂ ਚਿਰ ਸ਼ਾਮਲ ਨਾ ਹੋਵੇ ਜਦ ਤੱਕ ਕਾਂਗਰਸ ਤੋਂ ਸਿਖ ਹੱਕਾਂ ਦਾ ਕੋਈ ਫੈਸਲਾ ਨਹੀਂ ਕਰਵਾ ਲੈਂਦੇ। (੨) ਭਲਕੇ ਅਸਾਂ ਨਾ ਮਿਲਵਰਤਣ ਦਾ ਮਤਾ ਪਾਸ ਕਰਨਾ ਹੈ। ਇਹ ਮਤਾ ਗਾਂਧੀ ਜੀ ਦੇ ਲੈਕਚਰ ਤੋਂ ਪਹਿਲਾਂ ਹੀ ਪਾਸ ਕਰ ਲੈਣਾ ਚਾਹੀਦਾ ਹੈ। ਜੇ ਗਾਂਧੀ ਜੀ ਦੇ ਲੈਕਚਰ ਤੋਂ ਪਿਛੋਂ ਕੀਤਾ ਗਿਆ ਤਾਂ ਲੋਕਾਂ ਉਤੇ ਇਹ ਅਸਰ ਹੋਵੇਗਾ ਕਿ ਇਹ ਮਤਾ ਉਨ੍ਹਾਂ ਦੇ ਲੈਕਚਰ ਦਾ ਸਦਕਾ ਪਾਸ ਹੋਇਆ ਹੈ। ਪਹਿਲਾਂ ਪਾਸ ਕਰਨ ਨਾਲ ਇਹ ਮਤਾ ਤੁਹਾਡੇ ਵਲੋਂ ਸਮਝਿਆ ਜਾਵੇਗਾ ਪਰ ਪ੍ਰਬੰਧ ਗਾਂਧੀ ਭਗਤਾਂ ਦੇ ਹਥ ਸੀ। ੨੦ ਤਾਰੀਖ ਗਾਂਧੀ ਜੀ ਦਾ ਲੈਕਚਰ ਹੋਇਆ ਅਤੇ ਉਨ੍ਹਾਂ ਨੇ ਆਪਣੇ ਲੈਕਚਰ ਵਿਚ ਸਿਖਾਂ ਨੂੰ ਇਹ ਅਖਰ ਆਖੇ "ਮੁਝੇ ਮਾਲੂਮ ਹੂਆ ਹੈ ਕਿ ਕੁਛ ਨੌਜਵਾਨ ਸਿਖ ਗੁਰਦੁਆਰੋਂ ਪਰ ਕਬਜ਼ੇ ਕਰ ਰਹੇ ਹੈਂ ਯਿਹ ਠੀਕ ਨਹੀਂ ਹੈ। ਮਹੰਤ ਲੋਗੋ ਕੋ ਨਿਕਾਲ ਕਰ ਗੁਰਦੁਆਰੋਂ ਕਾ ਕਬਜ਼ਾ ਕਰਨਾ ਜਬਰ ਹੈ। ਕਾਂਗਰਸ ਦਾ ਕਾਂਮ ਕਰਨਾ ਚਾਹੀਏ"। ਇਸ ਤੋਂ ਪਿਛੋਂ ਮਤਾ ਨਾ ਮਿਲਵਰਤਣ ਪਾਸ ਹੋ ਗਿਆ।

ਉਪ੍ਰੰਤ ਡਾਕਟਰ ਸੈਫੁਦੀਨ ਕਿਚਲੂ ਬੋਲਿਆ, ਇਸ ਨੇ ਬੜੇ ਜੋਸ਼ ਨਾਲ ਤਕਰੀਰ ਕੀਤੀ ਤੇ ਆਖਿਆ "ਮਹਾਤਮਾਂ ਗਾਂਧੀ ਜੀ ਕਾ ਯਿਹ ਕਹਿਣਾ ਕਿ ਜੋ ਕਾਮ ਦੇਸ਼ ਕੀ ਅਜ਼ਾਦੀ ਕੇ ਲੀਏ ਹਿੰਦੂਓਂ ਨੇ ਕਾਂਗ੍ਰਸ ਜ਼ਰੀਏ ੩੫ ਸਾਲ ਮੇਂ ਕੀਆ ਔਰ ਮੁਸਲਮਾਨੋਂ ਨੇ ਲੀਗ ਕਾਇਮ ਕਰਕੇ ੨੫ ਸਾਲ ਮੇਂ ਕੀਆ ਹੈ, ਵੋਹ ਖਾਲਸਾ ਜੀ ਨੇ ਪਾਂਚ ਮਹੀਨੇ ਮੇਂ ਕਰ ਲੀਆ ਹੈ।" ਅਖੀਰ ਵਿਚ ਕਿਚਲੂ ਜੀ ਨੇ ਆਖਿਆ "ਹਮਾਰੀ ਖੁਸ਼ੀ ਕਾ ਕੋਈ ਟਿਕਾਨਾ ਨਹੀਂ, ਅੰਗਰੇਜ਼ ਗੌਰਮੈਂਟ ਕਾ ਦਾਇਆਂ ਬਾਜ਼ੂ ਜਿਸ ਕੀ ਤਾਕਤ ਸੇ ਅੰਗਰੇਜ਼ੋਂ ਨੇ ਬਰਮਾ ਮਲਾਇਆ—ਚੀਨ—ਮਿਸਰ ਮੇਂ ਜੀਤੇਂ ਹਾਸਲ ਕੀਂ ਆਜ ਵੋਹ ਟੂਟ ਗਿਆ। ਵੋਹ ਬਾਜ਼ੂ ਆਜ ਕਾਗ੍ਰਸ ਕਾ ਦਾਇਆਂ ਬਾਜ਼ੂ ਬਣ ਗਿਆ ਹੈ, ਖੁਦਾ ਕਾ ਸ਼ੁਕਰ ਹੈ।" ਝੱਬਰ ਤੇ ਸ: ਤੇਜਾ ਸਿੰਘ ਚੂਹੜਕਾਣੇ ਨੇ ਲੀਡਰਾਂ ਦੇ ਆਖਨ ਪਰ



Digitized by Panjab Digital Library | www.panjabdigilib.org

ਕਵਤਾ "ਪ੍ਰਚੀ ਨਹੀਂ ਦੇਨੀ ਮਹਾਰਾਜ" ਫਿਰ ਸੁਣਾਈ।

ਝੱਬਰ ਜੀ ਵਾਪਸ ਅੰਮ੍ਰਿਤਸਰ ਆ ਗਏ। ਇਕ ਦਿਨ ਮਾਸਟਰਮੋਤਾ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਏ ਤੇ ਇਨਾਂ ਗੁਰਦੁਆਰਿਆਂ ਵਾਸਤੇ ਕਮੇਟੀ ਬਨਾਣ ਲਈ ਸਦੇ ਪਤਰ ਭੇਜਣ ਪਰ ਵੀਚਾਰ ਕੀਤੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਵਲੋਂ ਇਕ ਹੁਕਮਨਾਮਾ ਜਾਰੀ ਕਰਨ ਦਾ ਫ਼ੈਸਲਾ ਹੋਇਆ। ਇਹ ਮੀਟਿੰਗ ਪਹਿਲੀ ਮੱਘਰ ਮੁਤਾਬਕ ੧੫ ਨਵੰਬਰ, ੧੯੨੦ ਨੂੰ ਮੁਕਰਰ ਹੋਈ ਅਤੇ ਹੇਠ ਲਿਖੇ ਨਿਯਮ ਕਮੇਟੀ ਦੇ ਮੈਂਬਰਾਂ ਲਈ ਹੁਕਮਨਾਮੇਂ ਵਿਚ ਲਿਖੇ ਗਏ :– (੧) ਹਰ ਇਕ ਪੰਜ ਬਾਣੀਆਂ ਦਾ ਨਿਤਨੇਮੀ ਅਤੇ ਪੰਜ ਰਹਿਤਾਂ ਦਾ ਧਾਰਨੀ ਹੋਣਾ। (੨) ਚਾਰ ਕੁਰਹਿਤਾਂ ਤੋਂ ਬਚਿਆ ਹੋਣਾ। (੩) ਦਸਵੰਧ ਦੇਂਣਾ।

੧੫ ਨਵੰਬਰ, ੧੯੨੦ ਨੂੰ ਸ਼੍ਰੋਮਣੀ ਕਮੇਟੀ ਦੀ ਚੋਣ ਹਿਤ ਪੰਥ ਦਾ ਇਕਠ ਹੋਇਆ। ਤਕਰੀਬਨ ੧੦-੧੨ ਹਜ਼ਾਰ ਸਿੰਘ ਇਕਤਰ ਹੋਏ। ਆਸਾ ਜੀ ਦੀ ਵਾਰ ਦੇ ਕੀਰਤਨ ਉਪਰੰਤ, ਦੀਵਾਨ ਵਿਚ ਤਕਰੀਰਾਂ ਹੋਈਆਂ। ਸ੍ਰੀ ਅਕਾਲ ਤਖਤ ਸਾਹਿਬ ਦੇ ਕਬਜ਼ਾ ਹੋਣ ਤੋਂ ਪਿਛੋਂ ਸਰਕਾਰ ਪੰਜਾਬ ਨੇ ੩੬ ਸਿੰਘਾਂ ਦੀ ਇਕ ਕਮੇਟੀ ਗੁਰਦੁਆਰਿਆਂ ਦੇ ਪ੍ਰਬੰਧ ਹਿਤ ਬਣਾਈ ਸੀ। ਇਕ ਸਿੰਘ ਨੇ ੩੬ ਸਿੰਘਾਂ ਦੀ ਕਮੇਟੀ ਦੀ ਪ੍ਰਵਾਨਗੀ ਲਈ ਮਤਾ ਪੇਸ਼ ਕੀਤਾ ਪ੍ਰੰਤੂ ਕਿਸੇ ਨੇ ਤਾਈਦ ਨਾ ਕੀਤੀ। ਸਗੋਂ ਮੁਖਾਲਫ਼ਤ ਹੋਈ ਅਤੇ ਇਹ ਨਾਮ ਨਾ ਮਨਜ਼ੂਰ ਕੀਤੇ ਗਏ। ਦੂਜਾ ਮਤਾ ਪੇਸ਼ ਹੋਇਆ ਕਿ ਹਰ ਜ਼ਿਲੇ ਵਿਚੋਂ ਪੰਜ ਪੰਜ ਮੈਂਬਰ ਹਾਜ਼ਰ ਆਏ ਸਿੰਘ ਚੁਣ ਕੇ ਦੇਣ। ਇਹ ਮਤਾ ਪਾਸ ਹੋਇਆ। ਵਿਚੋਂ ਦੋ ਘਟੇ ਦੀ ਛੁਟੀ ਦਿਤੀ ਗਈ ਕਿ ਆਪੋ ਆਪਣੇ ਜ਼ਿਲੇ ਦੇ ਪੰਜ ੨ ਸਿੰਘ ਚੁਣ ਕੇ ਪੇਸ਼ ਕਰੋ। ੪ ਵਜੇ ਫਿਰ ਦੀਵਾਨ ਸਜਾਇਆ ਗਿਆ ਅਤੇ ਮੈਂਬਰਾਂ ਦੀ ਫ਼ਹਿਰਿਸਤ ਤਿਆਰ ਕੀਤੀ ਗਈ। ਅਖੀਰ ਸੁਨਾਇਆ ਗਿਆ ਕਿ ਰਾਤ ਦੇ ਨੌ ਵਜੇ ਪਰਧਾਨ ਦੀ ਚੋਣ ਹੋਵੇਗੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਹਰ ਇਕ ਮੈਂਬਰ



Digitized by Panjab Digital Library | www.panjabdigilib.org

ਦੀ ਸੁਧਾਈ ਹੋਵੇਗੀ।

ਕਾਰਵਾਈ ਸ਼ੁਰੂ ਹੋਈ ਤਾਂ ਪ੍ਰੋਫੈਸਰ ਜੋਧ ਸਿੰਘ ਜੀ ਨੇ ਸ: ਸੁੰਦਰ ਸਿੰਘ ਜੀ ਮਜੀਠੀਏ ਦਾ ਨਾਮ ਪ੍ਰਧਾਨਗੀ ਲਈ ਪੇਸ਼ ਕੀਤਾ। ਬਾਬਾ ਕੇਹਰ ਸਿੰਘ ਜੀ ਨੇ ਇਸਦੀ ਤਾਈਦ ਕੀਤੀ। ਦੂਜਾ ਨਾਮ ਮਾਸਟਰ ਮੋਤਾ ਸਿੰਘ ਜੀ ਨੇ ਸ: ਹਰਬੰਸ ਸਿੰਘ ਜੀ ਅਟਾਰੀ ਵਾਲੇ ਦਾ ਪੇਸ਼ ਕੀਤਾ ਅਤੇ ਝੱਬਰ ਨੇ ਇਸਦੀ ਤਾਈਦ ਕੀਤੀ। ਸ: ਹਰਬੰਸ ਸਿੰਘ ਜੀ ਨੇ ਖੜੇ ਹੋ ਕੇ ਕਿਹਾ "ਤੁਸਾਂ ਮੇਰਾ ਨਾਮ ਕਿਉਂ ਪੇਸ਼ ਕੀਤਾ ਹੈ ਕੀ ਤੁਸੀਂ ਹਰਬੰਸ ਸਿੰਘ ਤੇ ਸੁੰਦਰ ਸਿੰਘ ਜੀ ਨੂੰ ਦੋ ਸਮਝਦੇ ਹੋ ਇਹ ਤੁਹਾਡੀ ਗਲਤੀ ਹੈ। ਅਸੀਂ ਭਾਵੇਂ ਵੇਖਣ ਵਿਚ ਤਾਂ ਠੀਕ ਦੋ ਹਾਂ ਪਰ ਅਸੀਂ ਆਤਮਾਂ ਕਰਕੇ ਇਕ ਹਾਂ। ਜੇ ਕਰ ਤੁਹਾਨੂੰ ਹਰਬੰਸ ਸਿੰਘ ਨਾਲ ਕੋਈ ਪਿਆਰ ਹੈ, ਤਾਂ ਸ: ਸੁੰਦਰ ਸਿੰਘ ਨੂੰ ਹੀ ਹਰਬੰਸ ਸਿੰਘ ਸਮਝੋ। ਅਸੀਂ ਦਿਲ ਕਰਕੇ ਇਕ ਹਾਂ।" ਦੂਜੇ ਪਾਸੇ ਪ੍ਰੋਫੈਸਰ ਜੋਧ ਸਿੰਘ ਜੀ ਇਹਨਾਂ ਵਿਚ ਆ ਬੈਠੇ ਤੇ ਆਖਣ ਲਗੇ ਖਾਲਸਾ ਜੀ ਸੁੰਦਰ ਸਿੰਘ ਤਾਂ ਸਿਰਫ਼ ਇਕ ਮਹੀਨਾ ਪਰੈਜ਼ੀਡੈਂਟ ਰਹਿਣਾ ਹੈ ਫਿਰ ਗੌਰਮਿੰਟ ਪੰਜਾਬ ਦਾ ਐਗਜ਼ੇਕਟਿਵ ਮੈਂਬਰ ਬਣ ਜਾਣਾ ਹੈ ਇਸ ਵੇਲੇ ਪੰਡਤ ਦਿਯਾ ਕਿਸ਼ਨ ਕੌਲ ਐਗਜ਼ੇਕਟਿਵ ਮੈਂਬਰੀ ਲਈ ਕੋਸ਼ਿਸ਼ ਕਰ ਰਿਹਾ ਹੈ। ਇਸ ਲਈ ਜੇ ਕਰ ਤੁਸੀਂ ਅਜ ਸ: ਸੁੰਦਰ ਸਿੰਘ ਜੀ ਨੂੰ ਪਰਧਾਨ ਨਾ ਬਣਾਓ ਤਾਂ ਸ਼ਾਇਦ ਪੰਡਤ ਦਿਯਾ ਕਿਸ਼ਨ ਕੌਲ ਮੈਂਬਰ ਬਣ ਜਾਵੇ। ਅਤੇ ਸ: ਸੁੰਦਰ ਸਿੰਘ ਮੈਂਬਰੀ ਤੋਂ ਰਹਿ ਜਾਣ। ਜੇ ਅੱਜ ਤੁਸੀਂ ਕਮੇਟੀ ਦਾ ਪਰਧਾਨ ਸ: ਸੁੰਦਰ ਸਿੰਘ ਜੀ ਮਜੀਠੇ ਨੂੰ ਬਣਾ ਲਵੋ ਤਾਂ ਯਕੀਨ ਹੈ ਕਿ ਸ: ਸੁੰਦਰ ਸਿੰਘ ਜੀ ਜ਼ਰੂਰ ਗੌਰਮਿੰਟ ਦੇ ਐਗਜ਼ੇਕਟਿਵ ਮੈਂਬਰ ਬਣ ਜਾਣਗੇ।

ਝੱਬਰ ਨੂੰ ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ ਨੇ ਜੋ ਦਿਯਾ ਕਿਸ਼ਨ ਕੌਲ ਦਾ ਮਿਤਰ ਸੀ ਇਹ ਗੱਲ ਦਸੀ ਹੋਈ ਸੀ। ਤਾਂ ਇਹ ਸੁਣ ਕੇ ਝੱਬਰ ਨੇ ਆਪਣੇ ਸਾਰੇ ਸਾਥੀਆਂ ਨੂੰ ਕਿਹਾ ਕਿ ਅਸੀਂ ਸ: ਹਰਬੰਸ ਸਿੰਘ ਜੀ ਦਾ ਨਾਮ ਵਾਪਸ ਲੈ ਲਈਏ ਅਤੇ ਸ:



Digitized by Panjab Digital Library | www.panjabdigilib.org

ਸੁੰਦਰ ਸਿੰਘ ਜੀ ਨੂੰ ਪਰਧਾਨ ਬਣਾ ਲਈਏ। ਸਾਰੀ ਗਲ ਸੁਣ ਕੇ ਸਾਰੇ ਸਹਿਮਤ ਹੋ ਗਏ। ਸ: ਹਰਬੰਸ ਸਿੰਘ ਜੀ ਦਾ ਨਾਮ ਵਾਪਸ ਲੈ ਲਿਆ ਗਿਆ ਅਤੇ ਸ: ਸੁੰਦਰ ਸਿੰਘ ਜੀ ਸਰਬ ਸੰਮਤੀ ਨਾਲ ਸ਼੍ਰੋਮਣੀ ਕਮੇਟੀ ਦੇ ਪਹਿਲੇ ਪਰਧਾਨ ਚੁਣੇ ਗਏ।

ਨਾਉ ਵਾਪਸ ਲੈਣ ਤੋਂ ਪਹਿਲਾਂ ਝੱਬਰ ਨੇ ਇਹ ਗਲ ਆਖੀ ਕਿ ਸਰਦਾਰ ਸਾਹਿਬ ਤੁਸੀਂ ਹਕੂਮਤ ਦਾ ਬੜਾ ਪੱਖ ਰਖਦੇ ਹੋ ਅਗੋਂ ਲਈ ਤੁਹਾਨੂੰ ਏਡਾ ਪੱਖ ਨਹੀਂ ਕਰਨਾ ਚਾਹੀਦਾ। ਉਤਰ ਵਿਚ ਸਰਦਾਰ ਸੁੰਦਰ ਸਿੰਘ ਮਜੀਠੀਆ ਨੇ ਬੜੇ ਪਰੇਮ ਭਰੇ ਅਖਰਾਂ ਦੁਆਰਾ ਆਖਿਆ ਖਾਲਸਾ ਜੀ ਮੈਂ ਪੰਥ ਦਾ ਦਾਸ ਹਾਂ, ਮੈਂ ਆਪਣੇ ਵਲੋਂ ਕਦੇ ਐਸਾ ਕੰਮ ਨਹੀਂ ਕੀਤਾ ਜੋ ਪੰਥ ਦੇ ਵਾਸਤੇ ਨੁਕਸਾਨ ਦੇਹ ਸਾਬਤ ਹੋਵੇ। ਆਪਣੇ ਖਿਆਲ ਨਾਲ ਮੈਂ ਜੋ ਕੁਝ ਵੀ ਕਰਦਾ ਹਾਂ ਉਸ ਵਿਚ ਪੰਥ ਦੇ ਭਲੇ ਨੂੰ ਪਹਿਲਾਂ ਮੁਖ ਰਖਦਾ ਹਾਂ।


## ਗੁਰਦੁਆਰਾ ਸ੍ਰੀ ਪੰਜਾ ਸਾਹਿਬ ਤੇ ਪੰਥ ਦਾ ਕਬਜ਼ਾ

ਗੁਰਦੁਆਰਾ ਕਮੇਟੀ ਦੀ ਦੂਜੀ ਮੀਟਿੰਗ ਸਮੇਂ ਝੱਬਰ ਸ੍ਰੀ ਅੰਮ੍ਰਿਤਸਰ ਸਾਹਿਬ ਗਿਆ। ਸਮਾਪਤੀ ਵੇਲੇ ਭਾਈ ਮੋਹਰ ਸਿੰਘ ਗ੍ਰੰਥੀ ਸਿੰਘ ਸਭਾ ਕੈਮਲ ਪਰ ਤੋਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਦੇ ਨਾਮ ਤਾਰ ਆਈ। ਕਿ ਮਹੰਤ ਮਿਠਾ ਸਿੰਘ ਅਕਾਲ ਚਲਾਣਾ ਕਰ ਗਿਆ ਹੈ। ਪੰਜੇ ਸਾਹਿਬ ਜਥਾ ਭੇਜੋ। ਰਾਤ ਨੂੰ ਲੰਗਰ ਗੁਰੂ ਰਾਮਦਾਸ ਜੀ ਵਿਖੇ ਜਥੇ ਦੀ ਮੀਟਿੰਗ ਹੋਈ। ਇਸ ਵੇਲੇ ਹੋਰ ਕੋਈ ਜਥਾ ਹਾਜ਼ਰ ਨਹੀਂ ਸੀ ਸਿਰਫ਼ ਸੈਂਟਰ ਮਾਝਾ ਦੀਵਾਨ ਦਾ ਜਥਾ ਸੀ। ਮੀਟਿੰਗ ਵਿਚ ਪਾਸ ਹੋਇਆ ਕਿ ਪੰਜੀ ਸਿੰਘ ਤਿਆਰ ਬਰ ਤਿਆਰ ਸਮੇਤ ਇਕ ਰਾਗੀ ਜਥੇ ਦੇ ਕਰਤਾਰ ਸਿੰਘ "ਝੱਬਰ" ਨਾਲ ਜਾਣ ਕਿਉਂਕਿ ਛੱਛ ਵਰਗੇ ਕਠਨ ਇਲਾਕੇ ਵਿਚ ਜਾ ਕੇ ਝੱਬਰ ਹੀ ਕਾਮਯਾਬ ਹੋ ਸਕਦਾ ਹੈ। ਸਵੇਰੇ ਤਿਆਰੀ ਕੀਤੀ ਤਾਂ ਇਨ੍ਹਾਂ ਪਾਸ ਕਰਾਏ ਵਾਸਤੇ ਕੋਈ ਪੈਸਾ ਨਹੀਂ ਸੀ। ਸਾਰੇ ਜਥੇ ਦਾ ਕਰਾਇਆ ਉਸ ਸਮੇਂ ੮੦ ਰੁਪੈ ਆਉਂਦਾ ਸੀ। ਤਿਆਰ ਹੋਏ ਕਿ ਕਿਸੇ ਪਾਸੋਂ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਸਰਦਾਰ ਸੁੰਦਰ ਸਿੰਘ ਮਜੀਠੀਆ

Digitized by Panjab Digital Library | www.panjabdigilib.org

ਕਰਜ਼ਾ ਲੈ ਕੇ ਇਸ ਕੰਮ ਨੂੰ ਪੂਰਾ ਕਰੀਏ ਪਰ ਇਹ ਸੋਚੀ ਪੈ ਗਏ ਕਿ ਕਿਸ ਪਾਸੋਂ ਮੰਗੀਏ? ਬੜੀ ਮਾਯੂਸੀ ਹੋ ਰਹੀ ਸੀ, ਕਿ ਨੌ ਕੁ ਬਜੇ ਜਥੇਦਾਰ ਤੇਜਾ ਸਿੰਘ ਜੀ ਭੁਚਰ ਦੇ ਬਿਰਧ ਪਿਤਾ ਜੀ ਆ ਪਹੁੰਚੇ, ਅਤੇ ਜਥੇਦਾਰ ਨੂੰ ਜਫ਼ੀ ਪਾ ਕੇ ਬੜੇ ਪਿਆਰ ਨਾਲ ਮਿਲੇ। ਤੇ ਖੀਸੇ ਵਿਚੋਂ ੧੦੦ ਰੁਪੈ ਦਾ ਨੋਟ ਕਢ ਕੇ ਪੁਤਰ ਦੇ ਹਵਾਲੇ ਕੀਤਾ। ਆਖਿਆ "ਪੁਤਰ! ਤੂੰ ਪੰਥ ਦਾ ਕੰਮ ਕਰਨਾ ਸ਼ੁਰੂ ਕੀਤਾ ਹੈ। ਮੈਂ ਬੜਾ ਖੁਸ਼ ਹਾਂ, ਅਤੇ ਮੈਂ ਤੈਨੂੰ ਹਰ ਮਹੀਨੇ ੧੦੦ ਰੁਪਏ ਦਿਆ ਕਰਾਂਗਾ।" ਤਾਂ ਭੁਚਰ ਜੀ ਨੇ ਉਹ ਸੌ ਦਾ ਨੋਟ ਪੰਜੇ ਸਾਹਿਬ ਦੇ ਕਰਾਏ ਵਾਸਤੇ ਝੱਬਰ ਜੀ ਨੂੰ ਦੇ ਦਿਤਾ। ਅਤੇ ਝੱਬਰ ਜੀ ਨੇ ਉਸ ਵਿਚੋਂ ੨੦ ਰੁਪੈ ਵਾਪਸ ਦੇ ਦਿਤੇ।

## ਸ੍ਰੀ ਅਕਾਲ ਤਖ਼ਤ ਤੇ ਨਿਹੰਗ ਸਿੰਘਾਂ ਦੀ ਬੁਰਛਾ ਗਰਦੀ

ਸ੍ਰੀ ਤਖਤ ਸਾਹਿਬ ਦੇ ਪੁਜਾਰੀ ਨਿਹੰਗ ਸਿੰਘਾਂ ਲਈ ਪੰਜ ਬਕਰੇ, ਦੋ ਬੋਰੀਆਂ ਖੰਡ, ਬੋਰੀ ਬਦਾਮ, ਆਟਾ, ਰਸਦ ਲੈ ਕੇ ਭਾਈ ਫੂਲਾ ਸਿੰਘ ਜੀ ਸ਼ਹੀਦ ਦੇ ਬੁਰਜ ਛਾਉਣੀ ਨਿਹੰਗ ਸਿੰਘਾਂ ਵਿਖੇ ਪੁਜੇ, ਤੇ ਸਾਰੇ ਨਿਹੰਗ ਸਿੰਘਾਂ ਨੂੰ ਇਕਠੇ ਕਰਕੇ ਹੱਥ ਜੋੜ ਕੇ ਆਖਿਆ, ਨਿਹੰਗ ਸਿੰਘ ਜੀ ਸ੍ਰੀ ਅਕਾਲ ਤਖ਼ਤ ਤਾਂ ਹੈ ਹੀ ਨਿਹੰਗ ਸਿੰਘਾਂ ਦਾ, ਆਪ ਹੀ ਸ੍ਰੀ ਅਕਾਲ ਤਖਤ ਦੇ ਮਾਲਕ ਹੋ। ਵੇਖੋ ਮਲੇਛ ਖਾਲਸਾ ਸਿੰਘ ਸਭਾਇਏ ਉਥੇ ਜਾ ਚੜ੍ਹੇ ਹਨ ਤੁਸੀਂ ਚਲੋ ਤਿਆਰੀ ਕਰੋ, ਅਸੀਂ ਅਜ ਹੀ ਸ੍ਰੀ ਅਕਾਲ ਤਖਤ ਦਾ ਕਬਜ਼ਾ ਆਪ ਨੂੰ ਦੇਂਦੇ ਹਾਂ। ਉਸ ਸਮੇਂ ਨਹੰਗ ਸਿੰਘ ਸੁਖਾ ਛਕ ਕੇ ਅਮਲ ਵਿਚ ਗੁਟ ਸਨ। ਪੁਜਾਰੀਆਂ ਦਾ ਮਤਾ ਝਟ ਪਾਸ ਹੋ ਗਿਆ। ਜਥੇਦਾਰ ਭਾਈ ਸਾਹਿਬ ਸਿੰਘ ਜੀ ਨਿਹੰਗ ਨੇ ਹੁਕਮ ਕੀਤਾ, ਭਲਕੇ ਚੁਟੰਗੇ ਝਟਕਾਏ ਜਾਣਗੇ, ਹੁਣ ਸਾਰੇ ਸ੍ਰੀ ਅਕਾਲ ਤਖ਼ਤ ਦੇ ਕਬਜ਼ੇ ਲਈ ਤਿਆਰ ਹੋਵੋ

ਬਾਰਾਂ ਵਜੇ ਨਾਲ ਪੰਜਾਹ ਨਿਹੰਗ ਸਿੰਘਾਂ ਦਾ ਜਥਾ ਸ੍ਰੀ ਅਕਾਲ ਤਖ਼ਤ ਸਾਹਿਬ ਪੁਜ ਗਿਆ। ਸਾਰੇ ਆ ਕੇ ਤਖਤ ਸਾਹਿਬ ਤੇ ਬੈਠ ਗਏ।



Digitized by Panjab Digital Library | www.panjabdigilib.org

ਝੱਬਰ ਨੂੰ ਮਾਈ ਸੇਵਾਂ ਦੇ ਬਾਜ਼ਾਰ ਵਿਚ ਪਤਾ ਲਗਾ ਕਿ ਤਖਤ ਸਾਹਿਬ ਨਿਹੰਗ ਸਿੰਘਾਂ ਨੇ ਕਬਜ਼ਾ ਕਰ ਲਿਆ ਹੈ। ਝੱਬਰ ਪੰਜਾ ਸਾਹਿਬ ਜਾਣ ਦੀ ਤਿਆਰੀ ਕਰ ਰਿਹਾ ਸੀ। ਸ੍ਰੀ ਅਕਾਲ ਤਖਤ ਤੋਂ ਲੰਘਦਿਆਂ ਹੇਠਲੇ ਚੁਗਾਨ ਥੱਲੇ ਝੱਬਰ ਖਲੋ ਗਿਆ। ਝੱਬਰ ਜੀ ਨੂੰ ਵੇਖ ਕੇ ਇਕ ਨਿਹੰਗ ਸਿੰਘ ਬੋਲਿਆ, 'ਭਾਈ ਕਰਤਾਰ ਸਿੰਘ ਝੱਬਰ ਤੂੰ ਭੀ ਜਥੇਦਾਰ ਹੈਂ, ਅਤੇ ਮੇਰਾ ਨਾਮ ਭੀ ਗੋਪਾਲ ਸਿੰਘ ਗਿਆਨੀ ਹੈ ਮੈਂ ਇਸ ਨਿਹੰਗਾਂ ਦੇ ਜਥੇ ਦਾ ਸਕੱਤਰ ਹਾਂ। ਅਸਾਂ ਤੁਹਾਨੂੰ ਇਥੋਂ ਕਢ ਦਿਤਾ ਹੈ ਅਤੇ ਸ੍ਰੀ ਤਖਤ ਸਾਹਿਬ ਤੇ ਕਬਜ਼ਾ ਕਰ ਲਿਆ ਹੈ।" ਝੱਬਰ ਜੀ ਨੇ ਉਤਰ ਦਿਤਾ "ਨਿਹੰਗ ਸਿੰਘ ਜੀ ਸਿੰਘਾਂ ਨੂੰ ਇਸ ਤਰ੍ਹਾਂ ਵੰਗਾਰੀ ਦਾ ਨਹੀਂ ਤੁਸੀਂ ਜ਼ਰਾ ਕੁ ਬੈਠੋ ਮੈਂ ਹੁਣੇ ਆਉਂਦਾ ਹਾਂ।" ਅਗੋਂ ਮਾਨਾ ਦੇ ਬੁੰਗੇ ਕੋਲ ਜਥਾ ਆ ਰਿਹਾ ਸੀ। ਨਾਲ ਭਾਈ ਤੇਜਾ ਸਿੰਘ ਭੁਚਰ ਸੀ, ਝੱਬਰ ਨੇ ਇਹਨਾਂ ਨੂੰ ਖਲ੍ਹਾਰ ਕੇ ਗਲ ਕੀਤੀ ਤੇ ਸਮਝਾਇਆ ਕਿ ਤੁਸੀਂ ਜ਼ਰਾ ਠਹਿਰ ਜਾਓ, ਨਿਹੰਗ ਜ਼ਿਆਦਾ ਹਨ ਇਸ ਲਈ ਜਥਾ ਹੋਰ ਲੈ ਆਵੀਏ। ਪਿਛੋਂ ਧੂਰੀ ਵਾਲਾ ਮਲਵਈ ਜਥਾ ਜਥੇਦਾਰ ਗੱਜਨ ਸਿੰਘ ਦੇ ਨਾਲ ਇਥੇ ਹੀ ਆ ਪੁਜਾ। ਲਾਚੀ ਬੇਰ ਪਾਸ ਝੱਬਰ ਨੇ ਜਥੇ ਨੂੰ ਰੋਕ ਲਿਆ। ਤੇ ਜਥੇ ਨੂੰ ਸਮਝਾਇਆ ਕਿ ਉਹ ਭੀ ਸਾਡੇ ਸਿੰਘ ਭਰਾ ਹਨ ਅਸਾਂ ਉਹਨਾਂ ਨੂੰ ਮਾਰਨਾ ਨਹੀਂ, ਤੁਸੀਂ ਇਥੇ ਠਹਿਰੋ ਅਸੀਂ ਉਹਨਾਂ ਨੂੰ ਸਮਝਾਂਦੇ ਹਾਂ। ਝੱਬਰ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਖੜੇ ਹੋ ਕੇ ਆਖਿਆ ਕਿ ਨਿਹੰਗ ਸਿੰਘ ਜੀ ਤਖਤ ਸਾਹਿਬ ਦਾ ਪ੍ਰਬੰਧ ਪੰਥ ਦੇ ਹੱਥ ਵਿਚ ਹੈ, ਤੁਸੀਂ ਮੇਹਰਬਾਨੀ ਕਰੋ ਤੇ ਚਲੇ ਜਾਓ, ਪਰ ਨਿਹੰਗ ਸਿੰਘ ਸੁਖਨਿਧਾਨ ਦੀ ਮੌਜ ਵਿਚ ਸਨ, ਉਹਨਾਂ ਅਨਸੁਣੀ ਕਰ ਛਡੀ। ਬਥੇਰਾ ਆਖਿਆ ਪਰ ਉਹਨਾਂ ਇਕ ਨਾ ਮੰਨੀ। ਸਗੋਂ ਉਲਟਾ ਬੋਲ ਕਬੋਲ ਬੋਲਣੇ ਸ਼ੁਰੂ ਕੀਤੇ। ਝੱਬਰ ਨੇ ਪਿਛੇ ਹੱਟ ਕੇ ਆਪਣੇ ਜਥੇ ਨੂੰ ਇਸ਼ਾਰਾ ਕੀਤਾ ਤਾਂ ਫਿਰ ਕੀ ਸੀ ਖਾਲਸਾ ਸ਼ੇਰਾਂ ਵਾਂਗੂੰ ਸ੍ਰੀ ਤਖਤ ਸਾਹਿਬ ਤੇ ਪੁਜ ਗਿਆ। ਨਿਹੰਗ ਸਿੰਘਾਂ ਨੂੰ ਪਕੜ ਪਕੜ ਕੇ ਥੱਲੇ ਲੈ ਆਂਦਾ। ਮਲਵਈ ਜਥੇ ਵਿਚ ਇਕ ਅਠਾਰਾਂ ਉਨੀ ਸਾਲ ਦੀ



Digitized by Panjab Digital Library | www.panjabdigilib.org

ਨੌਜਵਾਨ ਚੰਗੇ ਕੱਦ ਵਾਲੀ ਸੂਬੇਦਾਰ ਦੀ ਲੜਕੀ ਬੀਬੀ ਭਜਨ ਕੌਰ ਸੀ ਜਿਸ ਨੇ ਨਿਹੰਗ ਸਿੰਘਾਂ ਨੂੰ ਚੰਗਾ ਚਾਹਟਾ ਛਕਾਇਆ। ਤੇ ਕਈਆਂ ਨਿਹੰਗ ਸਿੰਘਾਂ ਨੂੰ ਤਖਤ ਸਾਹਿਬ ਤੋਂ ਪਕੜ ੨ ਕੇ ਥੱਲੇ ਸੁਟਿਆ। ਇਕ ਨਿਹੰਗ ਸਿੰਘ ਨੂੰ ਲਤੋਂ ਪਕੜ ਕੇ ਧੂਹ ਕੇ ਲੈ ਆਂਦਾ। ਝੱਬਰ ਨੇ ਨਿਹੰਗ ਸਿੰਘ ਨੂੰ ਫੜ ਲਿਆ। ਪਰ ਫਿਰ ਲੜਕੀ ਨੇ ਜਿਸ ਦੇ ਹੱਥ ਵਿਚ ਡਾਂਗ ਸੀ, ਜਥੇਦਾਰ ਸਾਹਿਬ ਸਿੰਘ ਨੂੰ ਇਕ ਡਾਂਗ ਕੱਢ ਮਾਰੀ। ਅਖੀਰ ਦੋ ਸਿੰਘਾਂ ਨੇ ਪਕੜ ਕੇ ਇਸ ਲੜਕੀ ਨੂੰ ਪਿਛਾਂ ਹਟਾਇਆ, ਬਹੁਤ ਸਾਰੇ ਨਿਹੰਗ ਸਿੰਘ ਤਾਂ ਹਰਨ ਹੋ ਗਏ। ਬਾਕੀ ਦਿਆਂ ਨੂੰ ਸਿੰਘਾਂ ਘੇਰ ਲਿਆ। ਇਹ ਰੌਲਾ ਸੁਣਕੇ ਬਹੁਤ ਸਾਰੇ ਸ਼ਹਿਰੀ ਸਿੰਘ ਆ ਇਕਠੇ ਹੋਏ। ਇਕ ਸਿੰਘ ਨੇ ਕਿਹਾ ਕਿ ਜਥੇਦਾਰ ਜੀ ਇਹਨਾਂ ਨੂੰ ਪਕੜ ਕੇ ਕੁਤਵਾਲੀ ਲੈ ਚਲੋ। ਦੂਸਰੇ ਸਿੰਘ ਨੇ ਕਾਗਜ਼ ਕਲਮ ਦੁਆਤ ਲੈ ਆਂਦੀ ਤੇ ਜਥੇਦਾਰ ਸਾਹਿਬ ਸਿੰਘ ਜੀ ਨੂੰ ਆਖਿਆ, ਤੁਸੀਂ ਇਸ ਕਾਗਜ਼ ਤੇ ਲਿਖ ਦੇਵੋ ਕਿ ਸਾਡੇ ਪਾਸੋਂ ਗਲਤੀ ਹੋ ਗਈ ਹੈ ਸਾਨੂੰ ਪੰਥ ਮਾਫ਼ ਕਰੇ। ਅੰਗੂਠਾ ਲਾਉ ਤੁਹਾਨੂੰ ਛੁੜਾ ਦੇਈਏ। ਜਥੇਦਾਰ ਸਾਹਿਬ ਸਿੰਘ ਨੇ ਝਟ ਅੰਗੂਠਾ ਲਾ ਦਿਤਾ। ਨਿਹੰਗ ਸਿੰਘਾਂ ਨੂੰ ਮੁਆਫ਼ ਕਰ ਦਿਤਾ ਗਿਆ। ਮਗਰੋਂ ਪਤਾ ਲਗਾ ਕਿ ਗੋਪਾਲ ਸਿੰਘ-ਸਿੰਘਾਂ ਨੂੰ ਵੰਗਾਰਨ ਵਾਲੇ ਪਿਛਲੇ ਦਰਵਾਜ਼ਿਓਂ ਹੀ ਕਿਧਰੇ ਹਰਨ ਹੋ ਗਏ ਸਨ। ਸ਼ਹਿਰ ਦੇ ਸਿੰਘਾਂ ਨੇ ਟਾਂਗੇ ਲੈ ਆਂਦੇ ਤੇ ਨਿਹੰਗ ਸਿੰਘਾਂ ਨੂੰ ਬੈਠਾ ਕੇ ਛਾਉਣੀ ਬੁਰਜ ਬਾਬਾ ਫੂਲਾ ਸਿੰਘ ਛੱਡ ਆਏ।

ਇਧਰੋਂ ਵੇਹਲੇ ਹੋ ਹੁਣ ਝੱਬਰ ਜੀ ਜਥੇ ਸਮੇਤ ਪੰਜਾ ਸਾਹਿਬ ਵੱਲ ਰਵਾਨਾ ਹੋਏ, ਰਸਤੇ ਵਿਚ ਲਾਹੌਰ ਭਾਈ ਤਾਰੂ ਸਿੰਘ ਜੀ ਦੇ ਸ਼ਹੀਦ ਗੰਜ, ਲੰਡੇ ਬਾਜ਼ਾਰ ਵਿਖੇ ਗਏ। ਮਾਸਟਰ ਮੋਤਾ ਸਿੰਘ ਜੋ ਗਰਿਫ਼ਤਾਰ ਸਨ ਤੇ ਜਿਨਾਂ ਦੀ ਅੱਜ ਤਾਰੀਖ ਸੀ, ਦੀ ਪੇਸ਼ੀ ਤੋਂ ਹੋ ਕੇ ਕਈ ਸਿੰਘਾਂ ਨੇ ਜਥੇ ਦੇ ਨਾਲ ਏਥੇ ਰਲਨਾ ਸੀ। ਜਥੇ ਦੇ ਪੰਜੇ ਸਾਹਿਬ ਜਾਣ ਦਾ ਕਾਂਗ੍ਰਸੀ ਸਿੰਘਾਂ ਨੂੰ ਪਤਾ ਲਗ ਗਿਆ! ਉਹਨਾਂ ਕਵੀਸ਼ਰ ਸਰਦੂਲ ਸਿੰਘ ਦੀ ਕੋਠੀ ਮੀਟਿੰਗ ਕੀਤੀ ਤੇ ਸੂ: ਅਮਰ ਸਿੰਘ ਝਬਾਲੀਏ ਦੀ



Digitized by Panjab Digital Library | www.panjabdigilib.org

ਡਿਊਟੀ ਲਾਈ ਕਿ ਤੂੰ ਜਾ ਕੇ ਝੱਬਰ ਨੂੰ ਜਿਵੇਂ ਹੋਵੇ ਰੋਕ ਲਓ। ਸ: ਅਮਰ ਸਿੰਘ ਜੀ ਸ਼ਹੀਦ-ਗੰਜ ਝੱਬਰ ਜੀ ਦੇ ਪਾਸ ਆਏ ਅਤੇ ਕਹਿਣ ਲਗੇ 'ਤੁਸੀਂ ਜਥਾ ਲੈ ਕੇ ਨਾ ਜਾਓ। ਮਹਾਤਮਾ ਗਾਂਧੀ ਜੀ ਆਖਦੇ ਹਨ ਕਿ ੩੧ ਦਸੰਬਰ ਨੂੰ ਸਵਰਾਜ ਹੋ ਜਾਣਾ ਹੈ। ਗੁਰਦੁਆਰਿਆਂ ਤੇ ਕਬਜ਼ੇ ਕਰਨ ਦਾ ਕੋਈ ਕੰਮ ਨਹੀਂ ਅਸੀਂ ਸਾਰੇ ਕਾਂਗ੍ਰਸ ਦਾ ਕੰਮ ਕਰੀਏ।' ਉਤਰ ਵਿਚ ਝੱਬਰ ਨੇ ਆਖਿਆ, "ਸ: ਸਾਹਿਬ ਮੈਨੂੰ ਗਾਂਧੀ ਜੀ ਦੇ ਇਸ ਪ੍ਰੋਗਰਾਮ ਤੇ ਫ਼ਿਲਹਾਲ ਕੋਈ ਯਕੀਨ ਨਹੀਂ ਕਿ ਐਡੀ ਛੇਤੀ ਅੰਗਰੇਜ਼ ਹਿੰਦੁਸਤਾਨ ਛੱਡ ਕੇ ਟੁਰ ਜਾਣ, ਪਰ ਜੇ ਕਰ ਇਹ ਗੱਲ ਮੰਨ ਵੀ ਲਈ ਜਾਵੇ ਤੇ ਸਵਰਾਜ ਹੋ ਵੀ ਜਾਵੇ ਤਾਂ ਸਾਡੇ ਗੁਰਦੁਆਰੇ ਹੋਰ ਜਿਆਦਾ ਖਤਰੇ ਵਿਚ ਪੈ ਜਾਣਗੇ। ਆਜ਼ਾਦ ਹਿੰਦੁਸਤਾਨ ਵਿਚ ਹਿੰਦੂ ਰਾਜ ਹੋਵੇਗਾ। ਇਸ ਵੇਲੇ ਰਾਜ ਅੰਗਰੇਜ਼ ਦਾ ਹੈ। ਅਸੀਂ ਗੁਰਦੁ-ਆਰਿਆਂ ਤੇ ਕਬਜ਼ੇ ਕਰਦੇ ਹਾਂ। ਹਕੂਮਤ ਚੁਪ ਹੈ। ਕਿਉਂਕਿ ਅੰਗਰੇਜ਼ਾਂ ਦਾ ਸਾਡੇ ਨਾਲ ਕੋਈ ਮਜ਼੍ਹਬੀ ਵਿਰੋਧ ਨਹੀਂ। ਜੇ ਕਰ ਗਾਂਧੀ ਦੇ ਕਹੇ ਮੁਤਾਬਕ ਸਚ ਮੁਚ ਹਿੰਦੂ ਰਾਜ ਹੋ ਜਾਵੇ ਤਾਂ ਫਿਰ ਸਾਨੂੰ ਗੁਰਦੁਆਰਿਆਂ ਦੇ ਨੇੜੇ ਕਿਸੇ ਨਹੀਂ ਆਉਣ ਦੇਣਾ। ਹਿੰਦੂ ਸਾਡੇ ਨਾਲ ਮਜ਼ਬ੍ਹੀ ਵਿਰੋਧ ਰਖਦਾ ਹੈ। ਇਸ ਲਈ ਅਸੀਂ ਪੰਜੇ ਸਾਹਿਬ ਜ਼ਰੂਰ ਜਾਵਾਂਗੇ।" ਸਰਦਾਰ ਅਮਰ ਸਿੰਘ ਹੋਰੀਂ ਇਹ ਗਲ ਸੁਣ ਕੇ ਚਲੇ ਗਏ ਤੇ ਜਥਾ ਰਾਤ ੧੦ ਦੀ ਗਡੀ ਪੰਜਾ ਸਾਹਿਬ ਨੂੰ ਰਵਾਨਾ ਹੋ ਗਿਆ। ਸ: ਅਮਰ ਸਿੰਘ ਜੀ ਭੀ ਉਸ ਗਡੀ ਪੁਜ ਗਏ। ਗੁਜਰ ਖਾਨ ਦਿਨ ਚੜਿਆ। ਇਥੇ ਕਈ ਪਰੇਮੀ ਸਿੰਘ ਸਟੇਸ਼ਨ ਤੇ ਮਿਲੇ, ਤੇ ਪੰਜੇ ਸਾਹਿਬ ਦੀ ਤਿਆਰੀ ਸੁਣ ਕੇ ਬੜੇ ਖੁਸ਼ ਹੋਏ। ਹਰ ਸਟੇਸ਼ਨ ਤੇ ਪੋਠੋਹਾਰੀ ਸਿੰਘ ਜਥੇ ਨੂੰ ਵੇਖ ਕੇ ਬੜੇ ਖੁਸ਼ ਹੁੰਦੇ। ਜਥਾ ਰਾਵਲ ਪਿੰਡੀ ਪੁਜਾ, ਇਥੇ ਗਡੀ ਦੋ ਘੰਟੇ ਠਹਿਰਣੀ ਸੀ। ਜਥੇ ਦੀ ਖ਼ਬਰ ਸ਼ਹਿਰ ਵਿਚ ਪਹੁੰਚ ਗਈ। ਗਿਆਨੀ ਸ਼ੇਰ ਸਿੰਘ ਜੀ ਨੇ ਜੋ ਇਹਨੀਂ ਦਿਨੀ ਰਾਵਲ ਪਿੰਡੀ ਰਹਿੰਦੇ ਸੀ, ਕੁਝ ਸਿੰਘਾਂ ਨੂੰ ਭੇਜਿਆ ਕਿ ਜਥੇ ਨੂੰ ਇਥੇ ਅਟਕਾ ਲਵੋ, ਅਤੇ ਸਿੰਘ ਸਭਾ



Digitized by Panjab Digital Library | www.panjabdigilib.org

ਲੈ ਆਵੋ। ਇਥੋਂ ਵੀ ਬਹੁਤ ਸਿੰਘ ਤਿਆਰ ਹਨ ਭਲਕੇ ਰਲਕੇ ਚਲਾਂਗੇ। ਉਤਰ ਵਿਚ ਝੱਬਰ ਨੇ ਆਖਿਆ, ਕਲ ਪਰਸੋਂ ਅਜੇ ਬੜੀ ਦੂਰ ਹੈ। ਸਾਡਾ ਅਰਦਾਸਾ ਪੰਜੇ ਸਾਹਿਬ ਅਪੜਨ ਦਾ ਹੈ ਅਸੀਂ ਰੁਕ ਨਹੀਂ ਸਕਦੇ, ਤੁਸੀਂ ਭੀ ਜੇ ਤਿਆਰ ਹੋ ਤਾਂ ਆ ਮਿਲੋ। ਚੁਨਾਂਚਿ ਜਥਾ ੧੯-੧੧-੨੦ ਨੂੰ ਹਸਨ ਅਬਦਾਲ ਦੇ ਸਟੇਸ਼ਨ ਤੇ ਉਤਰ ਕੇ ਤਿੰਨ ਕੁ ਬਜੇ ਨਾਲ ਗੁਰਦੁਆਰਾ ਪੰਜਾ ਸਾਹਿਬ ਪਹੁੰਚ ਗਿਆ। ਹਰ ਇਕ ਸਿੰਘ ਦੇ ਮੋਢੇ ਤੇ ਛੋਟੇ ਦਸਤੇ ਵਾਲਾ ਛਵ੍ਹਾ ਜੰਗ ਸੀ। ਤੇ ਜਥਾ ਸਟੇਸ਼ਨ ਤੋਂ ਚਾਰ ਚਾਰ ਦੀ ਕਤਾਰ ਵਿਚ ਚਲ ਰਿਹਾ ਸੀ। ਅਗੇ ੨ ਜਥੇਦਾਰ ਝੱਬਰ ਜੀ ਸਨ, ਇਸ ਤਰਾਂ ਜਲੂਸ ਦੀ ਸ਼ਕਲ ਵਿਚ ਗੁਰਦੁਆਰਾ ਸਾਹਿਬ ਪੁਜੇ, ਗੁਰਦੁਆਰਾ ਸਾਹਿਬ ਦੇ ਬਾਹਰ ਵਾਰ ਥੜੇ ਤੇ ਅਠ ਨੌ ਸਿੰਘ ਬੈਠੇ ਸਨ। ਜਥੇਦਾਰ ਨੇ ਜਥੇ ਨੂੰ ਠਹਿਰਨ ਵਾਸਤੇ ਕਿਹਾ ਤੇ ਜੋੜੇ ਲਾਹ ਦੇਣ ਦਾ ਹੁਕਮ ਕੀਤਾ। ਜੋੜੇ ਲਾਹ ਕੇ ਜਥਾ ਮੱਥਾ ਟੇਕਨ ਅੰਦਰ ਚਲਾ ਗਿਆ, ਪਰਕਰਮਾਂ ਕਰ ਕੇ ਬਾਹਰ ਆਏ ਤਾਂ ਝੱਬਰ ਨੇ ਥੜੇ ਤੇ ਬੈਠੇ ਹੋਏ ਸਿੰਘਾਂ ਪਾਸੋਂ ਪੁਛਿਆ ਕਿ ਤੁਹਾਡੇ ਵਿਚੋਂ ਮਹੰਤ ਮਿਠਾ ਸਿੰਘ ਦਾ ਭਾਈ, ਭਾਈ ਸੰਤ ਸਿੰਘ ਕੇਹੜਾ ਹੈ ਤਾਂ ਇਕ ਨੇ ਆਖਿਆ 'ਜੀ ਮੇਰਾ ਨਾਮ ਸੰਤ ਸਿੰਘ ਹੈ।' ਝੱਬਰ ਨੇ ਆਖਿਆ ਕਿ ਆਪ ਨਾਲ ਚਲੋ ਤੇ ਜਥੇ ਦੇ ਉਤਾਰੇ ਲਈ ਜਗ੍ਹਾ ਵਿਖਾਓ। ਭਾਈ ਸੰਤ ਸਿੰਘ ਅਗੇ ਹੋ ਟੁਰਿਆ। ਭਾਈ ਸੰਤ ਸਿੰਘ ਨੇ ਪਿਸ਼ੌਰ ਦੀ ਸੰਗਤ ਦਾ ਵਡਾ ਹਾਲ ਕਮਰਾ ਵਖਾਇਆ। ਸੰਤ ਸਿੰਘ ਨੇ ਕੈਮਲ ਪੁਰ ਤਾਰ ਘਲ ਕੇ ਪੁਲਸ ਮੰਗਵਾਈ ਹੋਈ ਸੀ ਤੇ ਜਥੇ ਦੇ ਜਾਣ ਤੋਂ ਪਹਿਲਾਂ ਸੌ ਸਿਪਾਹੀ ਗੁਰਦੁਆਰਾ ਸਾਹਿਬ ਵਿਖੇ ਪੁਜ ਗਿਆ ਹੋਇਆ ਸੀ। ਜਦ ਇਹ ਹਾਲ ਕਮਰੇ ਵਿਚ ਪੁਜੇ ਤਾਂ ਛੇਤੀ ੨ ਇਕ ਥਾਨੇਦਾਰ, ਤਿੰਨ ਚਾਰ ਸਿਪਾਹੀਆਂ ਨਾਲ ਉਸ ਹਾਲ ਕਮਰੇ ਵਿਚ ਆਇਆ ਅਤੇ ਜ਼ਰਾ ਜੋਸ਼ ਵਿਚ ਆ ਕੇ ਕਿਹਾ ਕਿ ਇਸ ਵਿਚ ਸਾਡੀ ਪੋਲੀਸ ਫੋਰਸ ਉਤਰੇਗੀ ਤੁਸੀਂ ਬਾਹਰ ਨਿਕਲ ਜਾਓ। ਉਤਰ ਵਿਚ ਸ: ਅਮਰ ਸਿੰਘ ਝੱਬਾਲ ਨੇ ਕਿਹਾ ''ਜ਼ਰਾ ਹੋਸ਼ ਨਾਲ ਬੋਲੋ, ਅਸੀਂ



Digitized by Panjab Digital Library | www.panjabdigilib.org

ਤੇਰੀ ਪੁਲਿਸ ਨੂੰ ਕੀ ਜਾਣਦੇ ਹਾਂ। ਤੂੰ ਕੌਣ ਹੈਂ ਤੁਮਾਕੂ ਨੋਸ਼। ਪੁਲੀਸ ਗੁਰਦੁਆਰਾ ਸਾਹਿਬ ਵਿਖੇ ਸਮੇਤ ਵਰਦੀ ਦਾਖਲ ਨਹੀਂ ਹੋ ਸਕਦੀ।" ਝੱਬਰ ਨੇ ਕਿਹਾ 'ਥਾਨੇਦਾਰ ਸਾਹਿਬ ਪਿਛੇ ਹੱਟ ਜਾਓ, ਆਪ ਦੇ ਜੋਸ਼ ਵਿਖਾਣ ਦਾ ਇਥੇ ਕੋਈ ਮਤਲਬ ਨਹੀਂ' । ਥਾਨੇਦਾਰ ਬਾਹਰ ਨਿਕਲ ਗਿਆ। ਪਰ ਇਹ ਥਾਂ ਜਥੇ ਦੇ ਪਸੰਦ ਨਾ ਆਈ। ਕਿਉਂਕਿ ਇਥੇ ਸੰਗਤਾਂ ਬਹੁਤ ਆਉਂਦੀਆਂ ਹਨ, ਅਤੇ ਥੋੜੇ ਥਾਂ ਵਿਚ ਜਥੇ ਦਾ ਗੁਜ਼ਾਰਾ ਭੀ ਨਹੀਂ ਹੋ ਸਕਦਾ ਹੈ। ਸੋ ਇਸ ਕਮਰੇ ਨੂੰ ਜੰਦਰਾ ਲਾ ਦਿਤਾ ਗਿਆ ਤੇ ਚਾਬੀ ਭਾਈ ਸੰਤ ਸਿੰਘ ਨੂੰ ਦੇ ਦਿਤੀ । ਭਾਈ ਸੰਤ ਸਿੰਘ ਨੇ ਇਕ ਹੋਰ ਕਮਰਾ ਵਖਾਇਆ ਜੇਹੜਾ ਆਏ ਗਏ ਅਫਸਰਾਂ ਵਾਸਤੇ ਸੀ। ਦਰਵਾਜ਼ਾ ਖੋਲਿਆ ਤਾਂ ਅੰਦਰ ਮੇਜ਼ ਕੁਰਸੀ ਤੇ ਇਕ ਭੂੜ ਪਿਆ ਸੀ, ਤਾਂ ਝੱਬਰ ਨੇ ਸਿੰਘਾਂ ਨੂੰ ਕਿਹਾ ਕਿ ਇਹ ਕਮਰਾ ਸਾਫ ਕਰ ਲਵੋ, ਤਾਂ ਸਿੰਘਾਂ ਨੇ ਝਟ ਪੱਟ ਕਮਰਾ ਸਾਫ ਕਰ ਕੇ ਡੇਰੇ ਲਾ ਦਿਤੇ। ਥੋੜਾ ਦਿਨ ਰਹਿੰਦਿਆਂ ਭਾਈ ਸੰਤ ਸਿੰਘ ਆਇਆ ਤੇ ਜਥੇ ਦੇ ਪ੍ਰਸ਼ਾਦ ਲਈ ਪੁਛਿਆ । ਜਥੇ ਦੇ ਪਾਸ ਲੰਗਰ ਵਾਸਤੇ ਆਪਣਾ ਫੰਡ ਤਾਂ ਕੋਈ ਹੈ ਹੀ ਨਹੀਂ ਸੀ। ਸਿੰਘਾਂ ਨੇ ਆਪਣੀ ਹੱਥੀਂ ਪਕਾਣ ਲਈ ਰਸਦ ਦੀ ਮੰਗ ਕੀਤੀ। ਰਸਦ ਮਿਲ ਗਈ, ਤੇ ਜਥੇ ਨੇ ਲੰਗਰ ਆਪ ਤਿਆਰ ਕਰ ਕੇ ਛੱਕਿਆ। ਰਾਤ ਦੇ ੧੦ ਵਜੇ ਭਾਈ ਉਤਮ ਚੰਦ ਬਜ਼ਾਜ਼ ਸਹਿਜ ਧਾਰੀ ਸਿਖ ਨੇ ਝੱਬਰ ਨੂੰ ਆ ਕੇ ਦਸਿਆ ਕਿ ਇਥੇ ਹਰ ਮਹੀਨੇ ਮੰਡੀ ਲਗਦੀ ਹੈ। ਬਾਹਰ ਮਾਲ ਮੰਡੀ ਲਗੀ ਹੋਈ ਹੈ ਤੇ ਸੰਤ ਸਿੰਘ ਬਦਮਾਸ਼ਾਂ ਨੂੰ ਤੁਹਾਡੇ ਨਾਲ ਲੜਨ ਵਾਸਤੇ ਪਰੇਰ ਰਿਹਾ ਹੈ। ਬਾਹਰ ਦਰਸ਼ਨੀ ਡਿਊਢੀ ਦੇ ਨਾਲ ਚਾਰ ਕਮਰਿਆਂ ਵਿਚ ਉਹ ਬਦਮਾਸ਼ ਆ ਕੇ ਬੈਠੇ ਹੋਏ ਹਨ। ਝੱਬਰ ਨੇ ਨੇੜੇ ਜਾ ਕੇ ਹਨੇਰੇ ਵਿਚ ਹੀ ਕੈੜ ਲਈ ਤਾਂ ਉਹ ਗੱਲਾਂ ਕਰਦੇ ਸੁਣਾਈ ਦਿਤੇ। ਪੁਲੀਸ ਦੇ ਨਾਲ ਮੈਜਿਸਟਰੇਟ ਸ: ਰਤਨ ਸਿੰਘ *ਤਹਿਸੀਲਦਾਰ ਆਇਆ ਹੋਇਆ ਸੀ ਉਹ ਝੱਬਰ ਨੂੰ

*ਇਹ ਸ: ਰਤਨ ਸਿੰਘ ਪਿੰਡ ਵਰਨ ਜ਼ਿਲਾ ਸ਼ੇਖੂਪੁਰੇ ਦਾ ਝੱਬਰ ਦੀ ਵਿਰਕ ਬਿਰਾਦਰੀ ਵਿਚੋਂ ਹੀ ਸੀ।



Digitized by Panjab Digital Library | www.panjabdigilib.org

ਆਉਂਦਿਆਂ ਹੀ ਮਿਲਿਆ ਸੀ ਤੇ ਉਸਨੇ ਆਖਿਆ ਸੀ ਕਿ ਆਪਣਾ ਕੰਮ ਚੁਪ ਚਾਪ ਕਰੀ ਜਾਓ ਲੜਾਈ ਨਹੀਂ ਕਰਨੀ। ਝੱਬਰ ਸਰਦਾਰ ਰਤਨ ਸਿੰਘ ਨੂੰ ਉਸੇ ਵੇਲੇ ਜਾ ਕੇ ਮਿਲੇ ਅਤੇ ਦਸਿਆ ਕਿ ਸੰਤ ਸਿੰਘ ਨੇ ਮੁਸਲਮਾਨ ਬਦਮਾਸ਼ਾਂ ਨੂੰ ਲਿਆਕੇ ਇਹਨਾਂ ਚੌਹਾਂ ਕਮਰਿਆਂ ਵਿਚ ਸਾਡੇ ਲੜਨ ਲਈ ਬੈਠਾਇਆ ਹੋਇਆ ਹੈ। ਤਹਿਸੀਲਦਾਰ ਸਾਹਬ ਨੇ ਪੋਲੀਸ ਇਨਸਪੈਕਟਰ ਨੂੰ ਬੁਲਾ ਕੇ ਸਾਰੀ ਗਲ ਸਮਝਾ ਦਿਤੀ ਤੇ ਹੁਕਮ ਦਿਤਾ ਕਿ ਇਹਨਾਂ ਸਾਰੇ ਬਦਮਾਸ਼ਾਂ ਨੂੰ ਗਰਿਫਤਾਰ ਕਰ ਲਵੋ, ਇਨਸਪੈਕਟਰ ਨੇ ਸੀਟੀ ਮਾਰੀ ਤਾਂ ਪੋਲੀਸ ਝਟ ਪੱਟ ਇਕਠੀ ਹੋ ਗਈ। ਕਮਰਿਆਂ ਦੇ ਸਾਹਮਣੇ ਪੋਲੀਸ ਖੜੀ ਕਰਕੇ ਲੈਂਪ ਲਿਆ ਕੇ ਬੂਹੇ ਖੋਹਲੇ। ਕਮਰਿਆਂ ਅੰਦਰ ਚਾਲੀ ਪੰਜਾਹ ਮੁਸਲਮਾਨ ਸਨ ਜਿਨ੍ਹਾਂ ਨੂੰ ਗ੍ਰਿਫਤਾਰ ਕਰਕੇ ਥਾਨੇ ਪੁਚਾ ਦਿਤਾ ਗਿਆ। ਇਸਦੀ ਖਬਰ ਸਾਰੇ ਸ਼ਹਿਰ ਵਿਚ ਹੋ ਗਈ। ਪੰਜਾ ਸਾਹਿਬ ਦੇ ਨੇੜੇ ਭਾਈ ਬੁਧੂ ਸ਼ਾਹ ਸਢੌਰੇ ਵਾਲੇ ਦੇ ਖਾਨਦਾਨ ਦਾ ਇਕ ਪਿੰਡ ਹੈ। ਉਥੋਂ ਇਨਾਂ ਦੇ ਖਾਨਦਾਨ ਦੇ ਦੋ ਸਮਝਦਾਰ ਸਜਨ ਜਥੇ ਪਾਸ ਪੁਜੇ, ਤੇ ਰਾਤ ਦੀ ਸਾਰੀ ਗਲ ਪੁਛੀ ਅਤੇ ਕਿਹਾ ਅਸੀਂ ਪੀਰ ਬੁਧੂ ਸ਼ਾਹ ਦੇ ਖਾਨਦਾਨ ਵਿਚੋਂ ਹਾਂ, ਜੇ ਤੁਹਾਨੂੰ ਕਿਸੇ ਵੇਲੇ ਆਦਮੀਆ ਦੀ ਲੋੜ ਹੋਵੇ ਤਾਂ ਅਸੀਂ ਜਿਤਨੇ ਆਪ ਨੂੰ ਲੋੜ ਹੋਵੇ ਲੈ ਕੇ ਆਵਾਂਗੇ। ਉਤਰ ਵਿਚ ਜਥੇਦਾਰ ਜੀ ਨੇ ਸਯਦ ਸਾਹਿਬਾਨ ਦਾ ਧੰਨਵਾਦ ਕੀਤਾ ਤੇ ਆਖਿਆ ਕਿ ਲੋੜ ਪਈ ਤਾਂ ਅਸੀਂ ਆਪ ਨੂੰ ਖਬਰ ਕਰਾਂਗੇ। ਝੱਬਰ ਵੀਹ ਦਿਨ ਪੰਜੇ ਸਾਹਿਬ ਠਹਿਰਿਆ ਰਿਹਾ ਤੇ ਇਹ ਪਰੇਮੀ ਕਈ ਵਾਰ ਮਿਲਦੇ ਰਹੇ। ਸਵੇਰੇ ਉਠ ਕੇ ਗੁਰਦੁਆਰਾ ਸਾਹਿਬ ਵਿਚ ਰਾਗੀ ਸਿੰਘਾਂ ਨੇ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਕੀਤਾ। ਜਦ ਵਾਰ ਦੇ ਚਾਰ ਸਲੋਕ ਰਹਿ ਗਏ, ਤਾਂ ਝੱਬਰ ਨੇ ਮਹੰਤ ਸੰਤ ਸਿੰਘ ਨੂੰ ਕਿਹਾ ਬਾਕੀ ਦੇ ਚਾਰ ਸਲੋਕ ਸਾਡਾ ਰਾਗੀ ਜਥਾ ਜੋ ਨਾਲ ਆਇਆ ਹੋਇਆ ਹੈ ਲਾਵੇਗਾ। ਉਹਨਾਂ ਨੂੰ ਵਕਤ ਦਿਤਾ ਜਾਵੇ। ਭਾਈ ਸੰਤ ਸਿੰਘ ਨੇ ਵਕਤ ਦੇਣ ਤੋਂ ਇਨਕਾਰ



Digitized by Panjab Digital Library | www.panjabdigilib.org

ਕਰ ਦਿਤਾ। ਆਸਾ ਦੀ ਵਾਰ ਦੇ ਭੋਗ ਉਪਰੰਤ ਸੰਗਤ ਵਿਚੋਂ ਇਕ ਲਾਲਾ ਰਾਮ ਚੰਦ ਜੀ ਉਠੇ, ਇਸਨੇ ਜਥੇ ਦੇ ਬਰਖਿਲਾਫ਼ ਇਸ ਤਰਾਂ ਬੋਲਨਾ ਸ਼ੁਰੂ ਕੀਤਾ, "ਹਸਨ ਅਬਦਾਲ ਕੇ ਹਿੰਦੂ ਭਾਈਓ! ਯੇਹ ਲੋਗ ਜੋ ਗੁਰਦੁਆਰਾ ਸਾਹਿਬ ਮੇਂ ਆਏ ਹੈਂ ਮੈਂ ਇਨ ਕੇ ਮੁਤਲੱਕ ਕੁਛ ਬਤਾਨਾ ਚਾਹਤਾ ਹੂੰ। ਮੈਂ ਇਨ ਸਭ ਸਿੰਘੋ ਕੋ ਤੋ ਨਹੀਂ ਜਾਣਤਾ ਮਗਰ ਇਨਕੇ ਜਥੇਦਾਰ ਝੱਬਰ ਸਾਹਿਬ ਕੋ ਅਛੀ ਤਰ੍ਹਾਂ ਜਾਨਤਾ ਹੂੰ। ਮੈਂ ਸ਼ਾਹਦਰਾ ਔਰ ਸਾਂਗਲਾ ਕੇ ਦਰਮਿਆਨ ਜੋ ਰੇਲ ਨਈ ਬਣੀ ਥੀ ਵਹਾਂ ਚਾਰ ਸਾਲ ਠੇਕੇਦਾਰ ਰਹਾ ਥਾ। ਇਸ ਇਲਾਕੇ ਮੇਂ ਜੱਟ ਸਿਖੋਂ ਕੀ ਇਕ ਵਿਰਕ ਕੌਮ ਆਬਾਦ ਹੈ। ਜੋ ਖੈਬਰ ਕੇ ਪਠਾਣੋ ਕੀ ਤਰ੍ਹਾਂ ਚੋਰ ਡਾਕੂ ਔਰ ਸਭ ਕੇ ਸਭ ਬਦਮਾਸ਼ ਹੈਂ। ਉਨ ਮੇਂ ਸੇ ਯਿਹ ਝੱਬਰ ਸਾਹਿਬ ਭੀ ਹੈ। ਅਬ ਯਿਹ ਲੋਗ ਹਮਾਰੇ ਗੁਰਦੁਆਰੇ ਪਰ ਕਬਜ਼ਾ ਕਰਨੇ ਕੇ ਲੀਏ ਆਏ ਹੈਂ। ਅਗਰ ਇਨ ਲੋਗੋਂ ਨੇ ਗੁਰਦੁਆਰੇ ਪਰ ਕਬਜ਼ਾ ਕਰ ਲੀਆ ਤੋਂ ਯਿਹ ਇਨ ਕਾ ਅੱਡਾ ਬਣ ਜਾਵੇਗਾ ਔਰ ਯਹ ਲੋਗ ਹਸਨ ਅਬਦਾਲ ਕੇ ਹਿੰਦੂਓਂ ਕੀ ਖੂਬਸੂਰਤ ਲੜਕੀਆਂ ਔਰ ਔਰਤੇਂ ਉਠਾ ਕਰ ਲੇ ਜਾਵੇਂਗੇ।" ਲਾਲਾ ਜੀ ਇਹ ਆਖ ਕੇ ਬੈਠ ਗਏ। ਝੱਬਰ ਉਠ ਖਲੋਤਾ ਤਾਂ ਲਾਲਾ ਜੀ ਕਹਿਣ ਲਗੇ ਕਿ ਆਪ ਨਹੀਂ ਬੋਲ ਸਕਤੇ। ਉਤਰ ਵਿਚ ਝੱਬਰ ਨੇ ਜ਼ਰਾ ਰੋਹਭ ਭਰੇ ਲਹਿਜ਼ੇ ਵਿਚ ਆਖਿਆ, 'ਚੁਪ ਰਹੋ ਜਬਾਬ ਸੁਣੋ' ਆਪ ਬੋਲੇ। ਪਿਆਰੀ ਸਾਧ ਸੰਗਤ ਜੀ, ਲਾਲਾ ਰਾਮ ਚੰਦ ਨੇ ਜੋ ਮੇਰੀ ਬਾਬਤ ਕਿਹਾ ਹੈ ਇਸ ਦੇ ਉਤਰ ਦੇਣ ਦੀ ਤਾਂ ਕੋਈ ਲੋੜ ਨਹੀਂ ਭਾਸਦੀ ਪਰ ਇਨ੍ਹਾਂ ਨੇ ਜੋ ਮੇਰੀ ਕੌਮ ਅਤੇ ਮੇਰੇ ਪੰਥ ਉਤੇ ਝੂਠੇ ਇਲਜ਼ਾਮ ਲਾਏ ਹਨ, ਉਹਨਾਂ ਦਾ ਉਤਰ ਦੇਣਾ ਮੈਂ ਜ਼ਰੂਰੀ ਸਮਝਦਾ ਹਾਂ। ਆਪ ਜ਼ਰਾ ਧਿਆਨ ਨਾਲ ਸੁਣੋ। ਇਸ ਨੇ ਮੇਰੀ ਬਰਾਦਰੀ ਵਿਰਕਾਂ ਦੀ ਬਾਬਤ ਜੋ ਕਿਹਾ ਹੈ, ਤੇ ਖੈਬਰ ਦੇ ਪਠਾਨਾਂ ਦੀ ਜੋ ਮਸਾਲ ਦਿਤੀ ਹੈ, ਮੈਂ ਕਹਿੰਦਾ ਹਾਂ ਕਿ ਵਿਰਕ ਇਹਨਾਂ ਤੋਂ ਭੀ ਵੱਧ ਹਨ। ਸਰਦਾਰ ਹਰੀ ਸਿੰਘ ਨਲੂਏ ਦੀ



Digitized by Panjab Digital Library | www.panjabdigilib.org

ਫ਼ੌਜ, ਜਿਸ ਨੇ ਦਰੇ ਖੈਬਰ ਦੇ ਸ਼ਾਹਰਾਹ ਨੂੰ ਬੰਦ ਕਰ ਵਖਾਇਆ ਸੀ, ਇਹ ਸਾਰੀ ਵਿਰਕਾਂ ਦੀ ਹੀ ਸੀ। ਕਈ ਵਿਰਕ ਨੌਜਵਾਨ ਬੇਸ਼ਕ ਮਨਚਲੇ ਆਦਮੀਂ ਹਨ ਪਰ ਸਾਰੀ ਕੌਮ ਇਕ ਤਰਾਂ ਦੀ ਨਹੀਂ ਹੋ ਸਕਦੀ। ਸਾਡੇ ਵਿਚ ਵਕੀਲ, ਅਫ਼ਸਰ, ਸਫ਼ੈਦਪੋਸ਼, ਜ਼ੈਲਦਾਰ ਚੰਗੀ ਚੰਗੀ ਹੈਸੀਅਤ ਰਖਣ ਵਾਲੇ ਆਦਮੀਂ ਵੀ ਹਨ। ਪਰ ਅਸੀਂ ਬਾਣੀਏ ਕੌਮ ਨਹੀਂ, ਸਾਡੇ ਜੱਟਾਂ ਵਿਚ ਆਜ਼ਾਦ ਖਿਆਲਾਂਦੇ ਆਦਮੀਂ ਵੀ ਹੁੰਦੇ ਹਨ। ਦੂਜਾ ਲਾਲਾ ਜੀ ਨੇ ਜੋ ਆਖਿਆ ਹੈ ਕਿ ਇਹ ਲੋਗ ਗੁਰਦੁਆਰੇ ਤੇ ਕਬਜ਼ਾ ਕਰਕੇ ਆਪਣਾ ਹੈਡ ਕੁਆਰਟਰ ਬਣਾ ਹਿੰਦੂਆਂ ਦੀਆਂ ਔਰਤਾਂ ਜ਼ਬਰਨ ਛੀਨ ਕੇ ਲੈ ਜਾਣਗੇ, ਇਹ ਇਕ ਪਹਾੜ ਜੇਡਾ ਝੂਠ ਬੋਲਿਆ ਹੈ ਅਤੇ ਇਨਸਾਫ਼ ਦਾ ਖ਼ੂਨ ਕੀਤਾ ਹੈ। ਤੁਸੀ ਸ਼ਹਿਰੀ ਲੋਗ ਲਿਖੇ ਪੜ੍ਹੇ ਹੋ, ਹਿੰਦੁਸਤਾਨ ਦੀ ਤਾਰੀਖ ਪੜ੍ਹ ਕੇ ਦੇਖੋ, ਜੋ ਵੀ ਬਾਦਸ਼ਾਹ ਹਿੰਦੁਸਤਾਨ ਤੇ ਚੜ ਕੇ ਆਇਆ ਹੈ ਹਿੰਦੂਆਂ ਦੀਆਂ ਖ਼ੂਬਸੂਰਤ ਔਰਤਾਂ ਤੇ ਸੋਨਾ-ਆਦ ਲੁਟ ਕੇ ਲੈ ਜਾਂਦਾ ਰਿਹਾ ਹੈ, ਅਤੇ ਇਥ ਰਹਿਣ ਵਾਲੇ ਪਠਾਨ ਤੇ ਸੱਯਦ ਹਿੰਦੂਆਂ ਦੇ ਡੋਲੇ, ਦੋ ੨ ਰਾਤਾਂ ਰਖ ਕੇ ਜਾਣ ਦੇਂਦੇ ਸਨ। ਤੁਸੀਂ ਇਹ ਕਿਤੇ ਨਹੀਂ ਵੇਖੋ ਗੇ ਕਿ ਕੋਈ ਗੁਰੂ ਕਾ ਸਿਖ ਹਿੰਦੂ ਲੜਕੀ ਆਪਣੇ ਘਰ ਲੈ ਗਿਆ ਹੋਵੇ, ਸਗੋਂ ਸਾਡੇ ਬਜ਼ੁਰਗ ਆਪਣੇ ਸਿਰ ਦੇ ਕੇ ਮੁਸਲਮਾਨਾਂ ਜਰਵਾਨਿਆਂ ਪਾਸੋਂ ਹਿੰਦੂ ਲੜਕੀਆਂ ਛੁੜਵਾ ਕੇ ਹਿੰਦੂਆਂ ਦੇ ਘਰੀਂ ਪਹੁੰਚਾਉਂਦੇ ਸਨ। ਸੰਮਤ ੧੮੫੩ ਵਿਚ ਸ਼ਾਹ ਜ਼ਮਾਨ ਦੇ ਜਰਨੈਲ ਅਹਿਮਦ ਖਾਂ ਸਾਹਿੰਚੀ ਪਾਸੋਂ ਖਾਲਸੇ ਨੇ ਸੋਲਾਂ ਹਜ਼ਾਰ ਲੜਕੀਆਂ ਖੋਹ ਕੇ ਹਿੰਦੂਆਂ ਦੇ ਘਰੀਂ ਪਹੁੰਚਾਈਆਂ। ਲਾਲਾ ਜੀ ਨੂੰ ਖਾਲਸੇ ਤੇ ਹਿੰਦੂ ਲੜਕੀਆਂ ਉਠਾ ਕੇ ਲੈ ਜਾਣ ਦਾ ਝੂਠਾ ਇਲਜ਼ਾਮ ਲਾਉਣ ਲਗਿਆਂ ਰਤੀ ਭਰ ਸ਼ਰਮ ਨਹੀਂ ਆਈ ਉਪ੍ਰੰਤ ਅਰਦਾਸਾ ਹੋ ਕੇ ਦੀਵਾਨ ਸਮਾਪਤ ਹੋ ਗਿਆ।

ਡੇਰੇ ਆ ਕੇ ਸ: ਅਮਰ ਸਿੰਘ ਜੀ ਨੇ ਝੱਬਰ ਜੀ ਨੂੰ ਫਿਰ ਆਖਿਆ ''ਝੱਬਰ ਜੀ ਵੇਖ ਲਿਆ ਜੇ, ਇਹ ਸ਼ਹਿਰ ਹਿੰਦੂਆਂ ਦਾ ਹੈ ਸਿਖਾਂ ਦੀ ਇਥੇ



Digitized by Panjab Digital Library | www.panjabdigilib.org

ਕੋਈ ਤਾਕਤ ਨਹੀਂ ਹੈ। ਇਥੇ ਫ਼ਸਾਦ ਹੋ ਜਾਣ ਦਾ ਅੰਦੇਸ਼ਾ ਹੈ! ਇਸ ਲਈ ਚਲੋ ਵਾਪਸ ਚਲੀਏ।" ਝੱਬਰ ਨੇ ਉਤਰ ਦਿਤਾ "ਠੀਕ ਹੈ ਇਥੇ ਸਿਖਾਂ ਦੀ ਕੋਈ ਤਾਕਤ ਨਹੀਂ ਪਰ ਅਸੀਂ ਤਾਂ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਅਰਦਾਸਾ ਸੋਧ ਕੇ ਪੰਜਾ ਸਾਹਿਬ ਦਾ ਕਬਜ਼ਾ ਲੈਣ ਲਈ ਤੁਰੇ ਹਾਂ, ਤੁਸੀਂ ਜਾਣਾ ਹੈ ਤਾਂ ਬੜੀ ਖੁਸ਼ੀ ਨਾਲ ਚਲੇ ਜਾਓ।' ਸਰਦਾਰ ਅਮਰ ਸਿੰਘ ਜੀ ਗਡੀ ਚੜ੍ਹ ਕੇ ਐਬਟਾ ਬਾਦ ਚਲੇ ਗਏ। ਉਥੋਂ ਦੇ ਸਿੰਘਾਂ ਨੂੰ ਪੰਜੇ ਸਾਹਿਬ ਆਉਣ ਵਾਲੇ ਜਥੇ ਦੀ ਖਬਰ ਪੁਜ ਗਈ ਹੋਈ ਸੀ। ਉਹਨਾਂ ਨੇ ਕਮੇਟੀ ਕੀਤੀ ਅਤੇ ਅਗਲੇ ਭਲਕ ਦੋ ਵਜੇ ਸ੍ਰੀ ਮਾਨ ਮਲਕ ਦੇਵਾ ਸਿੰਘ ਜੀ (ਮਲਕ ਹਰਦਿਤ ਸਿੰਘ ਦੇ ਚਾਚੇ) ਬਾਰਾਂ ਸਿੰਘਾਂ ਦਾ ਜਥਾ ਲੈ ਕੇ ਪੰਜਾ ਸਾਹਿਬ ਪੁਜ ਗਏ। ਜਥੇਦਾਰ ਨੂੰ ਪੁਛਿਆ ਕਿ ਲੰਗਰ ਦਾ ਕੀ ਪ੍ਰਬੰਧ ਹੈ? ਤਾਂ ਝੱਬਰ ਜੀ ਨੇ ਕਿਹਾ "ਸਾਡਾ ਦਿਲ ਤਾਂ ਨਹੀਂ ਕਰਦਾ ਕਿ ਅਸੀਂ ਇਹਨਾਂ ਪਾਸੋਂ ਰਸਦ ਲੈ ਕੇ ਖਾਈਏ, ਪਰ ਸਾਡੇ ਪਾਸ ਮਾਇਆ ਨਹੀਂ। ਇਸ ਵਾਸਤੇ ਮਹੰਤ ਸੰਤ ਸਿੰਘ ਪਾਸੋਂ ਰਸਦ ਲੈ ਕੇ ਛਕਦੇ ਹਾਂ।" ਤਾਂ ਮਲਕ ਜੀ ਨੇ ਕਿਹਾ ਕਿ ਮੈਂ ਤੁਸਾਡੇ ਲੰਗਰ ਵਾਸਤੇ ਪੰਜ ਸੌ ਰੁਪਈਆ ਲਿਆਂਦਾ ਹੈ ਆਹ ਲੌ। ਜਦ ਇਹ ਖਰਚ ਹੋ ਗਿਆ ਤਾਂ ਮੈਂ ਹੋਰ ਮੰਗਵਾ ਲਵਾਂਗਾ। ਮਲਕ ਜੀ ਸਿੰਘਾਂ ਨੂੰ ਨਾਲ ਲੈ ਜਾ ਕੇ ਬਾਜ਼ਾਰੋਂ ਦਸ ਬੋਰੀਆਂ ਆਟਾ, ਦਾਲਾਂ, ਲੂਣ ਮਿਰਚ ਮਸਾਲਾ, ਖੰਡ, ਬਦਾਮ ਲੈ ਆਏ। ਜਥੇ ਨੇ ਰਾਤ ਨੂੰ ਆਪਣੀ ਰਸਦ ਦਾ ਲੰਗਰ ਤਿਆਰ ਕਰਕੇ ਛਕਿਆ। ਅਗਲੇ ਭਲਕ ਪੰਥ ਦੇ ਅਨਿੰਨ ਸੇਵਕ ਭਾਈ ਗੋਪਾਲ ਸਿੰਘ ਜੀ ਸਾਗਰੀ ਵਾਲੇ ਜਥੇ ਸਮੇਤ ਆ ਪੁਜੇ। ਉਪ੍ਰੰਤ ਗੁਜਰਖਾਨ ਦਾ ਜਥਾ ਭੀ ਆ ਪੁਜਾ। ਪਿੰਡਾਂ ਵਿਚੋਂ ਰਾਤ ਦੀ ਗਡੀ ਹੋਰ ਵੀ ਸਿੰਘ ਪੁਜ ਗਏ। ਅਗਲੇ ਦਿਨ ਰਾਵਲ ਪਿੰਡੀ ਤੋਂ ਸਿੰਘ ਸਭਾ ਦੇ ਪ੍ਰਬੰਧਕ ਤੇ ਗਿਆਨੀ ਸ਼ੇਰ ਸਿੰਘ ਜੀ ਭੀ ਪੁਜ ਗਏ। ਜੇਹੜਾ ਜਥਾ ਆਵੇ ਭਾਵੇਂ ਪੰਜ ਸਿੰਘਾਂ ਦਾ ਹੀ ਹੋਵੇ ਬੜੇ ਜੋਸ਼ ਨਾਲ ਸ਼ਬਦ ਪੜ੍ਹਦਾ



Digitized by Panjab Digital Library | www.panjabdigilib.org

ਆਵੇ, ਖਾਲੀ ਹਥੀਂ ਕੋਈ ਨਹੀਂ ਸੀ ਆਉਂਦਾ, ਸੈਕੜੇ ਰੁਪੈ ਲੰਗਰ ਲਈ ਸੰਗਤਾਂ ਨੇ ਅਰਦਾਸੇ ਕਰਵਾਏ। ਲੰਗਰ ਵਿਚ ਹੁਣ ਕੋਈ ਤਰੁਟੀ ਨਾ ਰਹੀ ਤੇ ਹਰ ਰੋਜ਼ ਗਹਿਮਾਂ ਗਹਿਮ ਲੰਗਰ ਚਲਿਆ ਕਰੇ। ਬਾਹਰੋਂ ਆਈ ਮਾਇਆ ਮਲਕ ਦੇਵਾ ਸਿੰਘ ਪਾਸ ਜਮਾਂ ਕੀਤੀ ਜਾਂਦੀ ਸੀ ਤੇ ਉਨ੍ਹਾਂ ਦੇ ਮੁਨੀਮ ਭਾਈ ਦੂਨਾ ਸਿੰਘ ਜੀ ਪਾਸ ਹਿਸਾਬ ਕਿਤਾਬ ਸੀ। ਸਿੰਘ ਸਭਾ ਰਾਵਲਪਿੰਡੀ ਦੇ ਸੇਵਕਾਂ ਨੇ ਮਹੰਤ ਸੰਤ ਸਿੰਘ ਜੀ ਨੂੰ ਝੱਖੜ ਦੇ ਡੇਰੇ ਬੁਲਾਇਆ ਤੇ ਸਮਝਾਇਆ, ਸਮਝੌਤੇ ਦੀ ਗਲਬਾਤ ਹੋਈ ਜੋ ਸੰਤ ਸਿੰਘ ਨੇ ਮੰਨ ਲਈ। ਮਹੰਤਨੀ ਅਤੇ ਉਸਦੇ ਸਾਰੇ ਪਰਵਾਰ ਦੀ ਗੁਰਦੁਆਰਾ ਸਾਹਿਬ ਵਲੋਂ ਪੈਂਨਸ਼ਨ ਮੁਕਰਰ ਕੀਤੀ ਗਈ। ਮਹੰਤ ਮਿਠਾ ਸਿੰਘ ਦੇ ਲੜਕੀਆਂ ਲੜਕਿਆਂ ਨੂੰ ਪੜ੍ਹਾਨ ਦਾ ਖਰਚ ਵੀ ਗੁਰਦੁਆਰੇ ਵਲੋਂ ਮੰਨ ਲਿਆ ਗਿਆ, ਪੰਜਾਹ ਰੁਪੈ ਮਾਹਵਾਰ ਮਹੰਤ ਸੰਤ ਸਿੰਘ ਨੂੰ ਦੇਣਾ ਪ੍ਰਵਾਨ ਹੋਇਆ। ਅਤੇ ਅਰਦਾਸਾ ਸੋਧਿਆ ਗਿਆ। ਮਹੰਤ ਸੰਤ ਸਿੰਘ ਨਾਲ ਜੇਹੜੇ ਆਦਮੀ ਪੰਚਾਇਤ ਬਣ ਕੇ ਸ਼ਹਿਰ ਵਿਚੋਂ ਆਏ ਸਨ, ਉਹਨਾਂ ਵਿਚੋਂ ਮਹਾਸ਼ਾ ਬਾਬੂ ਰਾਮ ਜੋ ਆਰੀਆ ਸਮਾਜ ਹਸਨ ਅਬਦਾਲ ਦਾ ਪਰਧਾਨ ਸੀ, ਨੇ ਕਿਹਾ ਕਿ ਸਾਧ ਸੰਗਤ ਜੀ ਅਰਦਾਸਾ ਹੋ ਗਿਆ ਹੈ ਜੇਹੜਾ ਫਿਰੇਗਾ ਉਹ ਗੁਰੂ ਕਾ ਸਿਖ ਨਹੀਂ। ਦੋ ਚਾਰ ਮਿੰਟਾਂ ਮਗਰੋਂ ਬਾਹਰੋਂ ਇਕ ਹਿੰਦੂ ਨੇ ਮਹੰਤ ਸੰਤ ਸਿੰਘ ਨੂੰ ਸੈਨਤ ਮਾਰੀ, ਤੇ ਸੰਤ ਸਿੰਘ ਉਠ ਬੈਠਾ। ਝੱਬਰ ਨੇ ਕਿਹਾ ਭਾਈ ਸੰਤ ਸਿੰਘ ਬੈਠ ਜਾਓ। ਸੰਤ ਸਿੰਘ ਨੇ ਕਿਹਾ ਕਿ ਮੈਂ ਜ਼ਰਾ ਬਾਹਰ ਜਾਣਾ ਹੈ। ਝੱਬਰ ਨੇ ਫਿਰ ਰੋਕਿਆ ਪਰ ਉਹ ਨਾ ਰੁਕਿਆ ਤੇ ਬਾਹਰ ਚਲਾ ਗਿਆ। ਝੱਬਰ ਨੇ ਆਖਿਆ, "ਨਾ ਜਾਹ ਤੈਨੂੰ ਲੋਕਾਂ ਵਿਗਾੜ ਦੇਣਾ ਏ ਤੇ ਤੈਨੂੰ ਇਹ ਵੇਲਾ ਹੱਥ ਨਹੀਂ ਆਉਣਾ।" ਸੰਤ ਸਿੰਘ ਉਸ ਆਦਮੀ ਨਾਲ ਸ਼ਹਿਰ ਚਲਾ ਗਿਆ ਤੇ ਫਿਰ ਵਾਪਸ ਨਾ ਆਇਆ।

ਅਜ ਗੁਰਦੁਆਰਾ ਪੰਜਾ ਸਾਹਿਬ ਸੰਗਤਾਂ ਦੀ ਬੜੀ ਗਹਿਮਾਂ ਗਹਿਮ



Digitized by Panjab Digital Library | www.panjabdigilib.org

ਸੀ ਹਜ਼ਾਰਾਂ ਦੀ ਗਿਣਤੀ ਵਿਚ ਸੰਗਤਾਂ ਪੁਜ ਚੁਕੀਆਂ ਸਨ। ਉਸੇ ਦਿਨ ਸ਼ਾਮ ਨੂੰ ਮਹੰਤ ਸੰਤ ਸਿੰਘ ਗੁਰਦੁਆਰੇ ਵਿਚ ਬੈਠਾ ਸੀ ਉਸਦੇ ਨੌਕਰ ਨੇ ਰਹਿਰਾਸ ਸਾਹਿਬ ਦਾ ਪਾਠ ਅਰੰਭ ਕੀਤਾ। ਏਧਰ ਇਕ ਪਾਸੇ ਬੈਠਾ ਝੱਬਰ ਸੋਚ ਰਿਹਾ ਸੀ ਕਿ ਕਬਜ਼ਾ ਕਰਨ ਵਾਸਤੇ ਕੀ ਵਤੀਰਾ ਅਖ਼ਤਿਆਰ ਕੀਤਾ ਜਾਵੇ।

ਮਨ ਵਿਚ ਫ਼ੈਸਲਾ ਕੀਤਾ ਕਿ ਐਸ ਵੇਲੇ ਸੰਗਤ ਬਹੁਤ ਹੈ ਹੁਣ ਕੋਈ ਦੇਰ ਨਹੀਂ ਕਰਨੀ ਚਾਹੀਦੀ। ਅਰਦਾਸਾ ਹੋ ਗਿਆ ਤਾਂ ਝੱਬਰ ਨੇ ਅਗਾਂਹ ਹੋ ਕੇ ਗੋਲਕ ਦੀ ਗਾਗਰ ਪਕੜ ਕੇ ਪਿਛੇ ਖੜੇ ਸੇਵਾਦਾਰ ਨੂੰ ਜੋ ਆਪਣੇ ਜਥੇ ਦਾ ਸੀ, ਪਕੜਾ ਦਿਤੀ। ਸੰਤ ਸਿੰਘ ਗਾਗਰ ਨੂੰ ਹਥ ਪਾਣ ਲੱਗਾ ਤਾਂ ਝੱਬਰ ਨੇ ਝਾੜ ਦਿਤਾ ਤੇ ਆਖਿਆ ਪਿਛੇ ਹਟ। ਉਹ ਸੇਵਾਦਾਰ ਗਾਗਰ ਆਪਣੇ ਡੇਰੇ ਲੈ ਗਿਆ। ਝੱਬਰ ਨੇ ਖੜੇ ਹੋ ਕੇ ਲੈਕਚਰ ਸ਼ੁਰੂ ਕੀ ਤਾਤੇ ਸਾਰੇ ਦਿਨ ਦੀ ਕਾਰਵਾਈ ਜੇਹੜੀ ਕਿ ਰਾਵਲਪਿੰਡੀ ਦੇ ਸਜਨਾਂ ਨੇ ਮਹੰਤ ਸੰਤ ਸਿੰਘ ਨੂੰ ਸਮਝਾਣ ਦੀ ਕੀਤੀ ਸੀ, ਸੁਣਾਈ ਤੇ ਕਿਹਾ ਕਿ ਉਸ ਸਮੇਂ ਜੇਹੜੀ ਹਿੰਦੂਆਂ ਦੀ ਪਾਰਟੀ ਸ਼ਹਿਰ ਵਿਚੋਂ ਆਈ ਸੀ ਉਹਨਾਂ ਵਿਚੋਂ ਲਾਲਾ ਬਾਬੂ ਰਾਮ ਨੇ ਕਿਹਾ ਸੀ ਕਿ ਜੇਹੜਾ ਮੁਕਰ ਜਾਏ ਉਹ ਗੁਰੂ ਕਾ ਸਿਖ ਨਹੀਂ। ਬਾਬੂ ਰਾਮ ਦੇ ਕਹਿਣ ਦੇ ਮੁਤਾਬਕ ਮਹੰਤ ਸੰਤਸਿੰਘ ਅਰਦਾਸਾ ਕਰਾ ਕੇ ਮੁਕਰ ਗਿਆ ਹੈ ਜਿਸ ਕਰ ਕੇ ਮੈਂ ਪੇਸ਼ ਕਰਦਾ ਹਾਂ ਕਿ ਸਾਧ ਸੰਗਤ ਇਸ ਨੂੰ ਤਨਖਾਹੀਆ ਕਰਾਰ ਦੇਵੇ। ਇਸ ਦੀ ਗਿਆਨ ਸ਼ੇਰ ਸਿੰਘ ਨੇ ਤਾਈਦ ਕੀਤੀ ਅਤੇ ਸ: ਗੋਪਾਲ ਸਿੰਘ ਜੀ ਸਾਗਰੀ ਵਾਲੇ ਨੇ ਤਾਈਦ ਮਜੀਦ ਕੀਤੀ। ਇਹ ਮਤਾ ਸਰਬ ਸੰਮਤੀ ਨਾਲ ਪਾਸ ਹੋਇਆ। ਝੱਬਰ ਨੇ ਦੋ ਸਿੰਘਾਂ ਨੂੰ ਕਿਹਾ ਕਿ ਤਨਖਾਹੀਏ ਮਹੰਤ, ਸੰਤ ਸਿੰਘ ਨੂੰ ਕੋਈ ਹਕ ਨਹੀਂ ਕਿ ਏਥੇ ਬੈਠੇ ਇਸ ਨੂੰ ਬਾਹਰ ਕਢ ਦਿਓ ਇਹ ਜਦ ਤਕ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਜਾ ਕੇ ਆਪਣ ਤਨਖਾਹ ਨਹੀਂ ਬਖਸ਼ਾਉਂਦਾ ਤਦ ਤਕ ਇਹ ਇਸ ਅਸਥਾਨ ਜਾਂ ਕਿਸੇ ਹੋਰ ਗੁਰ ਅਸਥਾਨ ਦੀ ਸੇਵਾ ਨਹੀਂ ਕਰ ਸਕਦਾ। ਬਾਹਰ ਦਰਵਾਜ਼ੇ



Digitized by Panjab Digital Library | www.panjabdigilib.org

ਤੇ ਪਹਿਰਾ ਲਾ ਦਿਤਾ ਕਿ ਸੰਤ ਸਿੰਘ ਨੂੰ ਗੁਰਦੁਆਰਾ ਸਾਹਿਬ ਦੇ ਅੰਦਰ ਨਾ ਆਉਣ ਦਿਤਾ ਜਾਵੇ।

ਅਗਲੇ ਦਿਨ ਸਵੇਰੇ ਹਾਲਾਂ ਦੀਵਾਨ ਦਾ ਭੋਗ ਨਹੀਂ ਪਿਆ ਸੀ ਕਿ ਝੱਬਰ ਨੇ ਵੇਖਿਆ ਤਾਂ ਗੁਰਦੁਆਰਾ ਸਾਹਿਬ ਦੇ ਚਾਰੋ ਤਰਫ ਤਿੰਨ ਚਾਰ ਹਜ਼ਾਰ ਦੇ ਲਗ ਪਗ ਹਿੰਦੂ ਡੰਡੇ ਸੋਟੇ ਪਕੜ ਕੇ ਆ ਗਏ ਸਨ। ਕਪਤਾਨ ਸਾਹਿਬ ਨੂੰ ਮੁਖਾਤਬ ਕਰਕੇ ਝੱਬਰ ਜੀ ਨੇ ਕਿਹਾ, ਕਪਤਾਨ ਸਾਹਿਬ ਵੇਖੋ ਔਹ ਹਿੰਦੂ ਗੁਰਦੁਆਰਾ ਸਾਹਿਬ ਤੇ ਧਾਵਾ ਕਰਨ ਹਿਤ ਆਏ ਹਨ। ਮੇਰੇ ਪਾਸ ਪੰਛੀ ਬਾਜ ਹਨ ਜੇ ਤੁਸੀਂ ਕਹੋ ਤਾਂ ਛਡਾਂ? ਵੇਖੋ ਇਹਨਾਂ ਨੂੰ ਕਿਵੇਂ ਸ਼ਹਿਰ ਵਾੜਦੇ ਹਨ। ਕਪਤਾਨ ਸਾਹਿਬ ਨੇ ਕਿਹਾ ਕਿ ਨਹੀਂ ਹ ਮੈਂ ਖੁਦ ਇੰਤਜ਼ਾਮ ਕਰਦਾ ਹਾਂ। ਸੀਟੀ ਮਾਰੀ ਤਾਂ ਪੁਲਸ ਦਾ ੧੦੦ ਸਿਪਾਹੀ ਫ਼ੌਰਨ ਆ ਗਿਆ। ਹੁਕਮ ਦਿਤਾ ਕਿ ਇਹਨਾਂ ਹਿੰਦੂਆਂ ਉਤੇ ਜੋ ਗੁਰਦੁਆਰਾ ਸਾਹਿਬ ਤੇ ਧਾਵਾ ਬੋਲਕੇ ਆਏ ਹਨ, ਚਲਾਓ ਡੰਡਾ ਅਤੇ ਸਭ ਨੂੰ ਭਜਾ ਦਿਓ। ਅੰਦਰ ਭੀ ਲੜਾਈ ਸ਼ੁਰੂ ਹੋ ਗਈ। ਇਕ ਸਿੰਘ ਨੇ ਕਿਹਾ ਜੀ ਅੰਦਰ ਲੜਾਈ ਹੋ ਰਹੀ ਹੈ ਤਾਂ ਕਪਤਾਨ ਨੇ ਕਿਹਾ ਇਨ ਸਭ ਕੋ ਪਕੜ ਕਰ ਬਾਹਰ ਨਿਕਾਲ ਦੋ। ਤਾਂ ਇਕ ਦਮ ਵੀਹ ਪੰਛੀ ਸਿਪਾਹੀ ਗੁਰਦੁਆਰਾ ਸਾਹਿਬ ਵਿਚ ਦਾਖਲ ਹੋ ਗਏ ਤੇ ਉਹਨਾਂ ਨੇ ਡੰਡਾ ਖੜਕਾਨਾ ਸ਼ੁਰੂ ਕੀਤਾ। ਸੋਹਨ ਸਿੰਘ ਨਾਮੇ ਸੇਵਾਦਾਰ ਦੌੜਦਾ ਹੋਇਆ ਬਾਹਰ ਨੂੰ ਆਇਆ ਤੇ ਕਹਿਣ ਲਗਾ ਕਿ ਜਥੇਦਾਰ ਸਾਹਿਬ ਜੀ ਪੁਲਸ ਤਾਂ ਸਾਨੂੰ ਮਾਰਨ ਲਗ ਪਈ ਹੈ। ਝੱਬਰ ਨੇ ਕਪਤਾਨ ਸਾਹਿਬ ਨੂੰ ਕਿਹਾ ਕਿ ਸ਼ਾਹ ਸਾਹਿਬ ਅਸਾਂ ਬਾਹਰ ਨਹੀਂ ਨਿਕਲਨਾ, ਜੇ ਕਰ ਸਾਨੂੰ ਅੰਦਰੋਂ ਕਢਨਾ ਹੈ ਤਾਂ ਗੋਲੀ ਚਲਾਓ। ਤਾਂ ਕਪਤਾਨ ਨੇ ਕਿਹਾ ਕਿ ਸਿਖੋਂ ਕੋ ਮਤ ਨਿਕਾਲੋ? ਹਿੰਦੂਓ ਕੋ ਨਿਕਾਲ ਦੋ।

ਪੁਲੀਸ ਨੇ ਹਿੰਦੂਆਂ ਨੂੰ ਡੰਡੇ ਮਾਰ ਕੇ ਗੁਰਦੁਆਰਾ ਸਾਹਿਬ ਚੋਂ ਬਾਹਰ ਕਢ ਦਿਤਾ। ਗੁਰਦੁਆਰੇ ਦੇ ਚਾਰੋ ਪਾਸੇ ਜਿਥੇ ਜਿਥੇ ਰਾਹ ਸਨ



Digitized by Panjab Digital Library | www.panjabdigilib.org

ਕਪਤਾਨ ਸਾਹਿਬ ਨੇ ਪਹਿਰਾ ਬੈਠਾ ਦਿਤਾ। ਜਦ ਝੱਬਰ ਤੇ ਕਪਤਾਨ ਸਾਹਿਬ ਲਹਿੰਦੇ ਪਾਸੇ ਗਏ ਤਾਂ ਕੀ ਵੇਖਿਆ ਕਿ ਇਕ ਝਾੜੀ ਨਾਲ ੧੮-੨੦ ਹਿੰਦੂ ਛੁਪੇ ਹੋਏ ਸਨ । ਝੱਬਰ ਨੇ ਕਿਹਾ "ਸ਼ਾਹ ਸਾਹਿਬ ਮੈਂ ਤੁਹਾਨੂੰ ਕੁਝ ਤਮਾਸ਼ਾ ਵਿਖਾਵਾਂ", ਝੱਬਰ ਨੇ ਦੋ ਸਿੰਘ ਬੁਲਾ ਲਏ, ਤੇ ਉਨਾਂ ਨੂੰ ਇਸ਼ਾਰਾ ਕੀਤਾ ਕਿ ਜ਼ਰਾ ਅਗਾਹਾਂ ਹੋਵੋ ਉਹ ਸਿੰਘ ਝਾੜੀ ਵਲ ਵਧੇ ਤੇ ਝੱਬਰ ਨੇ ਲਲਕਾਰ ਕੇ ਉਚੀ ਦਾਬਾ ਮਾਰਿਆ ਕਿ ਪਕੜ ਲਵੋ ਜਾਣੇ ਨਾ ਪਾਏਂ, ਉਹ ਸਾਰੇ ਹਿੰਦੂ ਜੋ ਛੁਪੇ ਬੈਠੇ ਸਨ ਦੌੜ ਉਠੇ ਕਿਸੇ ਦੀ ਧੋਤੀ ਲਥੀ, ਕਿਸੇ ਦੀ ਜੁਤੀ ਰਹਿ ਗਈ ਕਿਸੇ ਦੀ ਟੋਪੀ, ਸੋਟੇ ਭੀ ਸੁਟ ਗਏ ਅਤੇ ਵਾਹੋ ਦਾਹੀ ਸ਼ਹਿਰ ਵਿਚ ਜਾ ਘੁਸੇ। ਝੱਬਰ ਹਰ ਰੋਜ਼ ਸਾਰੇ ਦਿਨ ਦੀ ਕਾਰਵਾਈ ਲਿਖ ਕੇ ਤੇ ਲਫ਼ਾਫੇ ਵਿਚ ਬੰਦ ਕਰਕੇ ਸੌਂਦਾ ਹੁੰਦਾ ਸੀ। ਜੋ ਅਕਾਲੀ ਅਖਬਾਰ ਵਿਚ ਰੋਜ਼ ਦੇ ਰੋਜ਼ ਛਪਦੀ ਸੀ। ਅਜ ਇਸ ਚਿਠੀ ਵਿਚ ਤਜਵੀਜ਼ ਲਿਖੀ ਕਿ ਵਿਰੋਧੀ ਲੋਕਾਂ ਨੂੰ ਰੋਕ ਪਾਣ ਲਈ ਦੋ ਸੌ ਸਿੰਘਾਂ ਦਾ ਇਕ ਜਥਾ ਸ੍ਰੀ ਅੰਮ੍ਰਿਤਸਰ ਸਾਹਿਬ ਤਿਆਰ ਰਖਿਆ ਜਾਵੇ ਜਦ ਕਿਧਰੇ ਲੋੜ ਪਵੇ ਤਾਂ ਉਸ ਜਥੇ ਨੂੰ ਭੇਜਿਆ ਜਾਇਆ ਕਰੇ ਇਹ ਤਜਵੀਜ ਅਕਾਲੀ ਵਿਚ ਛਪੀ। ਇਹ ਸ਼੍ਰੋਮਣੀ ਅਕਾਲੀ ਦਲ ਦੀ ਕਾਇਮੀ ਲਈ ਪਹਿਲੀ ਤਜ਼ਵੀਜ ਸੀ।

## ਬੁਜ਼ਦਿਲੀ ਦੀ ਭਰੀ ਹੋਈ ਦੂਜੀ ਸਾਜ਼ਸ਼

ਅਗਲੇ ਦਿਨ ਮਹੰਤ ਦੇ ਨਾਲ ਦੋ ਢਾਈ ਸੌ ਦੇ ਕਰੀਬ ਔਰਤਾਂ ੧੦ ਵਜੇ ਦੇ ਕਰੀਬ ਗੁਰਦੁਆਰਾ ਸਾਹਿਬ ਵਿਖੇ ਪੁਜੀਆਂ, ਇਸ ਜਥੇ ਦੇ ਨਾਲ ਇਕ ਉਚੇ ਲੰਮੇ ਕਦ ਦੀ ਜ਼ਨਾਨੀ ਰੱਜੋ ਗੁਰਦੁਆਰਾ ਸਾਹਿਬ ਵਿਖੇ ਪੁਜ ਕੇ ਝੱਬਰ ਸਾਹਿਬ ਨੂੰ ਕਹਿਣ ਲਗੀ ਜਥੇਦਾਰਾ ਤੂੰ ਵੀ ਜਥੇਦਾਰ ਹੈਂ ਤੇ ਮੈਂ ਵੀ ਜਥੇਦਾਰਨੀ ਹਾਂ ਹੁਣ ਤੇਰਾ ਮੇਰਾ ਮੁਕਾਬਲਾ ਹੋਵੇਗਾ। ਉਤਰ ਵਿਚ ਝੱਬਰ ਨੇ ਕਿਹਾ ਰੱਜੋ ! ਤੂੰ ਔਰਤ ਤੇ ਮੈਂ ਮਰਦ ਤੇਰਾ ਮੇਰਾ ਤੇ ਮੁਕਾਬਲਾ ਕਾਹਦਾ ? ਜਾਹ ਲਾਲਾ ਜੀ ਨੂੰ ਭੇਜ, ਉਸ ਨਾਲ ਮੁਕਾਬਲਾ ਕਰਨਾ ਤਾਂ ਚੰਗਾ ਲਗੇਗਾ। ਝੱਬਰ ਨੇ ਸੇਵੇਦਾਰਾਂ ਤੋਂ ਲਾਠੀਆਂ ਲੈ ਲਈਆਂ



Digitized by Panjab Digital Library | www.panjabdigilib.org

ਤੇ ਕਿਹਾ ਕਿ ਕਿਸੇ ਨੂੰ ਕੁਝ ਨਹੀਂ ਆਖਣਾ। ਕੁਝ ਮਿੰਟ ਹੀ ਗੁਜ਼ਰੇ ਸਨ ਇਕ ਸਿੰਘ ਨੇ ਹਾਲ ਹਾਲ ਕੀਤੀ ਕਿ ਜਥੇਦਾਰ ਜੀ ਮਿਲਿਓ ਜੇ, ਮੈਨੂੰ ਮਾਰ ਗਈਆਂ। ਮੇਰੀ ਦਾਹੜੀ ਫੜੀ ਨੇ। ਗੁਰਦਆਰਾ ਸਾਹਿਬ ਦੇ ਅੰਦਰ ਜਾ ਕੇ ਝੱਬਰ ਨੇ ਉਸ ਨੂੰ ਕਿਹਾ "ਵਾਹ ਵਾਹ ਖਾਲਸਾ ਜੀ ਤੂੰ ਕਦੇ ਸੌਹਰੇ ਨਹੀਂ ਗਿਆ ਉਥੋਂ ਸਾਲੀਆਂ ਪਾਸੋਂ ਤਾਂ ਮਾਰ ਖਾ ਲੈਂਦੇ ਹੋ ਇਹ ਸਮਝ ਲੈਣਾ ਹੁਣ ਵੀ ਸਾਲੀਆਂ ਹੀ ਮਾਰ ਰਹੀਆਂ ਹਨ," ਇਸ ਗਲ ਦਾ ਸਾਰੇ ਹਾਸਾ ਪੈ ਗਿਆ। ਲੌਢੇ ਵੇਲੇ ਔਰਤਾਂ ਬਹੁਤ ਸਾਰੀਆਂ ਚਲੀਆਂ ਗਈਆਂ ਪ੍ਰੰਤੂ ਮਹੰਤਨੀ ਸਮੇਤ ਪੰਜਾਹ ਔਰਤਾਂ ਦੇ ਨਾ ਗਈ ਤੇ ਉਥੇ ਬੈਠੀ ਰਹੀ। ਇਹਨਾਂ ਦੀਆਂ ਰੋਟੀਆਂ ਭੀ ਇਥੇ ਹੀ ਆਈਆਂ। ਰਾਤ ਪੈ ਚੁਕੀ ਸੀ। ਝੱਬਰ ਨੇ ਆਪਣੀ ਰੋਜ਼ਾਨਾ ਦੀ ਕਾਰਵਾਈ ਲਿਖੀ, ਤਕਰੀਬਨ ਰਾਤ ਦੇ ਬਾਰਾਂ ਵੱਜ ਗਏ ਸਨ। ਔਰਤਾਂ ਗੁਰਦੁਆਰਾ ਸਾਹਿਬ ਵਿਖੇ ਬੈਠੀਆਂ ਸਨ, ਝੱਬਰ ਸਾਹਿਬ ਬੈਠੇ ਵਿਚਾਰਦੇ ਰਹੇ ਕਿ ਇਹ ਔਰਤ ਜ਼ਾਤ ਹਨ ਇਹਨਾਂ ਨੂੰ ਹੱਥ ਪਾਉਣਾ ਵੀ ਠੀਕ ਨਹੀਂ ਇਹਨਾਂ ਨੂੰ ਕਿਸ ਯਤਨ ਨਾਲ ਇਥੋਂ ਕਢਿਆ ਜਾਵੇ, ਇਹਨਾਂ ਹੀ ਸੋਚਾਂ ਵਿਚ ਨੀਂਦਰ ਨਹੀਂ ਸੀ ਆ ਰਹੀ।

ਇਕ ਸਕੀਮ ਫੁਰੀ, ਇਸ ਤੋਂ ਤਿੰਨ ਦਿਨ ਪਹਿਲਾਂ ਦੀ ਗਲ ਹੈ ਕਿ ਝੱਬਰ ਜੀ ਪਾਸ ਪੁਲੀਸ ਦੇ ਕਰਮਚਾਰੀ ਥਾਨੇਦਾਰ ਆਏ ਤੇ ਕਹਿਣ ਲਗੇ ਕਿ ਜਥੇਦਾਰ ਜੀ ਤੁਸੀਂ ਤਾਂ ਕੜਾਹ ਪ੍ਰਸਾਦ ਦੇ ਗਫੇ ਲਾਉਂਦੇ ਹੋ ਤੇ ਸਾਨੂੰ ਕੋਈ ਨਹੀਂ ਮਿਲਦੇ। ਝੱਬਰ ਜੀ ਨੀਤੀਵਾਨ ਸਨ, ਸੋਚਿਆ ਕਿ ਕਿਸੇ ਵੇਲੇ ਇਹਨਾਂ ਤੋਂ ਵੀ ਕੰਮ ਲਿਆ ਜਾ ਸਕਦਾ ਹੈ ਕਿਉਂ ਨਾ ਇਹਨਾਂ ਨੂੰ ਕੜਾਹ ਪ੍ਰਸਾਦ ਦਿਤਾ ਜਾਇਆ ਕਰੇ ਤਾਂ ਝੱਬਰ ਜੀ ਨੇ ਕਿਹਾ ਕਿ ਤੁਸੀਂ ਭੀ ਛਕੋ, ਉਹਨਾਂ ਕਿਹਾ ਕਿ ਇਥੇ ਬੈਠ ਕੇ ਅਸੀਂ ਨਹੀਂ ਛਕ ਸਕਦੇ ਸਾਨੂੰ ਤਾਂ ਰਸਦ ਦੇ ਦਿਆ ਕਰੋ। ਤਾਂ ਝੱਬਰ ਜੀ ਨੇ ੧੦੦ ਰੁਪੈ ਪੋਲੀਸ ਦੀ ਰਸਦ ਤੇ ਕੜਾਹ ਪ੍ਰਸਾਦ ਲਈ ਦੇ ਦਿਤੇ। ਹੁਣ ਸਮਾਂ ਆਉਣ ਤੇ ਝੱਬਰ ਜੀ ਨੇ ਇਕ ਸੇਵਾਦਾਰ ਨੂੰ ਕਿਹਾ ਕਿ ਜਾਹ ਥਾਨੇਦਾਰ ਨੂੰ



Digitized by Panjab Digital Library | www.panjabdigilib.org

ਬੁਲਾ ਲਿਆ, ਉਹ ਸੁਤਾ ਪਿਆ ਸੀ ਉਸ ਨੂੰ ਉਠਾ ਲਿਆਂਦਾ। ਝੱਬਰ ਨੇ ਥਾਨੇਦਾਰ ਨੂੰ ਕਿਹਾ ਕਿ ਥਾਨੇਦਾਰ ਜੀ ਇਹ ਗੁਰੂ ਕਾ ਲੰਗਰ ਤਾਂ ਪਚਦਾ ਹੈ ਜੇ ਨਾਲ ਸੇਵਾ ਭੀ ਕਰੀਏ, ਹੁਣ ਤੁਹਾਡੀ ਸੇਵਾ ਦੀ ਲੋੜ ਪੈ ਗਈ ਹੈ। ਇਹ ਔਰਤਾਂ ਅੰਦਰ ਬੈਠੀਆਂ ਹਨ ਇਹਨਾਂ ਨੂੰ ਅਸਾਂ ਗੁਤਾਂ ਤੋਂ ਪਕੜ ਕੇ ਬਾਹਰ ਕਢਨਾ ਹੈ, ਤੇ ਇਹਨਾਂ ਨੇ ਰੌਲਾ ਪਾਣਾ ਹੈ ਜਿਸ ਕਰਕੇ ਤੁਹਾਡੀ ਤੇ ਸਾਡੀ ਬਦਨਾਮੀ ਹੋਵੇਗੀ, ਇਸਦੇ ਨਾਲੋਂ ਇਕ ਹੋਰ ਤਜਵੀਜ਼ ਹੈ ਜੋ ਤੁਸੀਂ ਕਰ ਸਕਦੇ ਹੋ, ਜਿਸ ਨਾਲ ਔਰਤਾਂ ਬਿਲਕੁਲ ਚੁਪਚਾਪ ਤੁਰ ਜਾਣਗੀਆਂ, ਕਿਸੇ ਦੀ ਬਦਨਾਮੀ ਨਹੀਂ ਹੋਵੇਗੀ। ਉਹ ਇਹ ਹੈ:— ਤੁਸੀਂ ਸ਼ਹਿਰ ਵਿਚ ਜਾ ਕੇ ਕੁਝ ਕੁ ਲਾਲੇ ਬੁਲਾ ਲਿਆਓ ਤੇ ਉਹਨਾਂ ਨੂੰ ਕਹੋ 'ਤੁਸੀਂ ਚੰਗੇ ਹੋ! ਤੁਹਾਡੀਆਂ ਜਨਾਨੀਆਂ ਗੁਰਦੁਆਰਾ ਸਾਹਿਬ ਇਕਲੀਆਂ ਹੀ ਬੈਠੀਆਂ ਹਨ। ਝੱਬਰ ਦੇ ਨਾਲ ਤਾਂ ਡਾਕੂ ਬਦਮਾਸ਼ ਬਾਰ ਦੇ ਜਟ ਆਏ ਹੋਏ ਹਨ ਉਹਨਾਂ ਤੁਹਾਡੀਆਂ ਤੀਵੀਆਂ ਲੈ ਕੇ ਤੁਰ ਜਾਣਾ ਹੈ ਫਿਰ ਵੇਖਦੇ ਰਹੋ ਗੇ।' ਉਹਨਾਂ ਨੇ ਇਸੇ ਤਰਾਂ ਹੀ ਕੀਤਾ, ਕੁਝ ਕੁ ਲਾਲੇ ਬੁਲਾ ਲਿਆਂਦੇ ਤੇ ਉਨਾਂ ਨੂੰ ਕਿਹਾ "ਜਾਓ ਓਏ ਬੇਗੈਰਤਿਓ ਤੁਹਾਨੂੰ ਪਤਾ ਨਹੀਂ ਝੱਬਰ ਨਾਲ ਬਦਮਾਸ਼ ਆਏ ਹੋਏ ਹਨ ਉਹਨਾਂ ਤੁਹਾਡੀਆਂ ਤੀਵੀਆਂ ਲੈ ਜਾਣੀਆਂ ਹਨ, ਜਾਓ ਆਪਣੀਆਂ ਤੀਵੀਆਂ ਨੂੰ ਉਠਾ ਲਿਆਓ ਫਿਰ ਨਾ ਸਾਨੂੰ ਕਹਿਣਾ ਅਸਾਂ ਪਰਚਾ ਕੋਈ ਨਹੀਂ ਲੈਣਾ।" ਉਹ ਆਕੇ ਆਪਣੀਆਂ ਤੀਵੀਆਂ ਉਠਾ ਕੇ ਲੈ ਗਏ।

ਇਸ ਵਾਕਿਆ ਤੋਂ ਪਹਿਲਾਂ ਜਦੋਂ ਇਹ ਔਰਤਾਂ ਗੁਰਦੁਆਰਾ ਸਾਹਿਬ ਵਿਖੇ ਦਾਖਲ ਹੋਣ ਲਈ ਆ ਰਹੀਆਂ ਸਨ ਤਾਂ ਗੁਰਦੁਆਰਾ ਸਾਹਿਬ ਦੇ ਨੇੜੇ ਇਕ ਆਦਮੀ ਖੜਾ ਸੀ ਜੋ ਇਹਨਾਂ ਨੂੰ ਇਸ਼ਾਰਾ ਕਰ ਰਿਹਾ ਸੀ, ਜਦ ਝੱਬਰ ਨੇ ਇਸ ਨੂੰ ਵੇਖਿਆ ਤਾਂ ਦੋ ਹੜਬੁਚ ਮਾਰੇ ਉਹ ਥਰ ੨ ਕੰਬਨ ਲਗ ਪਿਆ ਤੇ ਨਸ ਤੁਰਿਆ। ਪਿਛੋਂ ਪਤਾ ਲਗਾ ਕਿ ਇਹ ਕਿਸ਼ਨ ਚੰਦ ਐਡੀਟਰ "ਸ਼ਾਂਤੀ ਅਖਬਾਰ" ਰਾਵਲ-ਪਿੰਡੀ ਦਾ ਸੀ। ਇਸ ਨੇ ਜਾ ਕੇ ਆਪਣੀ ਅਖਬਾਰ ਵਿਚ ਇਹ ਖਬਰ



Digitized by Panjab Digital Library | www.panjabdigilib.org

ਵਿਚ ਛਾਪੀ "ਜੋ ਸਿਖ ਗੁਰਦੁਆਰਾ ਸਾਹਿਬ ਮੇਂ ਕਬਜ਼ਾ ਲੇਨੇ ਕੇ ਲੀਏ ਆਏ ਹੂਏ ਹੈਂ ਇਨ ਕੇ ਕਦ ਰਾਖਸ਼ੋ ਮਾਫ਼ਕ ਲੰਬੇ ਹੈਂ ਔਰ ਜਬ ਯਹ ਜੈਕਾਰੇ ਗਜਾਤੇ ਤ ਹਸਨ ਅਬਦਾਲ ਕੀ ਪਹਾੜੀਆਂ ਥਰ ੨ ਕਾਂਪਤੀ ਹੈਂ।

ਇਸ ਤਰਾਂ ਵਿਰੋਧੀਆਂ ਦੀ ਦੂਜੀ ਸਾਜ਼ਸ਼ ਵੀ ਫ਼ੇਹਲ ਹੋ ਗਈ। ਅਗਲੇ ਭਲਕ ਡਾਕ ਬੰਗਲੇ ਡਿਪਟੀ ਕਮਿਸ਼ਨਰ ਆਇਆ ਤੇ ਉਸ ਨੇ ਝੱਬਰ ਸਾਹਿਬ ਨੂੰ ਬੁਲਾਇਆ। ਜਦ ਅਕਾਲੀ ਬੰਗਲੇ ਗਏ ਤਾਂ ਸ਼ਹਿਰ ਦੇ ਲੋਕੀਂ ਅਕਠੇ ਹੋ ਕੇ ਖਿਆਲ ਕਰਨ ਲਗੇ ਕਿ ਹੁਣ ਅਕਾਲੀ ਪਕੜੇ ਜਾਣਗੇ। ਰਾਵਲਪਿੰਡੀ ਸਿੰਘ ਸਭਾ ਦੇ ਸਿੰਘਾ ਨੂੰ ਜਦ ਪਤਾ ਲਗਾ ਕਿ ਡਿਪਟੀ ਕਮਿਸ਼ਨਰ ਸਾਹਿਬ ਆ ਰਹੇ ਹਨ, ਤਾਂ ਸਿੰਘ ਸਭਾ ਦਾ ਪਰਧਾਨ ਸ: ਰਾਮ ਸਿੰਘ ਸਾਹਨੀ ਅਤੇ ਸ: ਸੋਹਨ ਸਿੰਘ ਰਈਸ ਦੋਵੇਂ ਪੁਜ ਗਏ। ਜਦ ਜਥੇਦਾਰ ਬੰਗਲੇ ਪੁਜਾ ਤਾਂ ਡਿਪਟੀ ਕਮਿਸ਼ਨਰ ਚੌ: ਸੁਲਤਾਨ ਆਹਮਦ ਜੋ ਜ਼ਿਲਾ ਗੁਜਰਾਤ ਪਿੰਡ ਕੁੰਜਾਹ ਦਾ ਵੜਾਇਚ ਜ਼ਾਤੀ ਦਾ ਮੁਸਲਮਾਨ ਸੀ, ਬੜੇ ਪਿਆਰ ਨਾਲ ਦੂਰੋਂ ਬੋਲਿਆ 'ਆਈਏ ਝੱਬਰ ਸਾਹਿਬ, ਮੈਂ ਤੋ ਸੋਚ ਰਹਾ ਥਾ ਕਿ ਕੌਣ ਜਥੇਦਾਰ ਹੈ, ਤੁਮ ਤੋ ਮੇਰੇ ਦੋਸਤ ਨਿਕਲ ਆਏ।" ਇਹ ਝੱਬਰ ਸਾਹਿਬ ਦਾ ਪੁਰਾਨਾ ਵਾਕਫ ਸੀ।

ਇਹ ਸਾਰੇ ਕੁਰਸੀਆਂ ਤੇ ਬੈਠ ਗਏ। ਝੱਬਰ ਦੇ ਸਜੇ ਪਾਸੇ ਡਿਪਟੀ ਕਮਿਸ਼ਨਰ ਅਤੇ ਖੱਬੇ ਪਾਸੇ ਕਪਤਾਨ ਪੁਲੀਸ ਜੋ ਗੋਰਾ ਸੀ, ਬੈਠਾ ਹੋਇਆ ਸੀ। ਕਪਤਾਨ ਨੇ ਝੱਬਰ ਵੱਲ ਅੱਖਾਂ ਕੱਢ ਕੇ ਬੜੇ ਰੋਹਬ ਨਾਲ ਕਿਹਾ ਕਿ ਜਥੇਦਾਰ ਸਾਹਿਬ ਤੁਮ ਨੇ ਕਿਸ ਕੇ ਹੁਕਮ ਸੇ ਇਤਨੀ ਦੂਰ ਆ ਕਰ ਗੁਰਦੁਆਰਾ ਪਰ ਕਬਜ਼ਾ ਕਰ ਲੀਆ ਹੈ?" ਝੱਬਰ ਨੇ ਕਿਹਾ ਮੈਨੂੰ ਕਿਸੇ ਤੋਂ ਹੁਕਮ ਲੈਣ ਦੀ ਕੋਈ ਲੋੜ ਨਹੀਂ ਕਿਉਂਕਿ ਮੈਂ ਸਾਰੇ ਪੰਜਾਬ ਦਾ ਜਨਰਲ ਜਥੇਦਾਰ ਹਾਂ ਇਸ ਲਈ ਮੈਂ ਨੇ ਕਿਸੇ ਪਾਸੋਂ ਕੋਈ ਹੁਕਮ ਲੈਣਾ ਯੋਗ ਨਹੀਂ ਸਮਝਿਆ। ਜਿਸ ਤੇ ਪੁਲੀਸ ਕਪਤਾਨ ਚੁਪ ਕਰ ਗਿਆ। ਇਸ ਤੋਂ ਦੋ ਚਾਰ ਮਿੰਟ ਪਿਛੋਂ ਦੋ ਤਾਰਾਂ ਡਾਕੀਏ ਨੇ ਝੱਬਰ ਦੇ ਹਥ ਦਿਤੀਆਂ, ਇਕ ਸ: ਸੁੰਦਰ ਸਿੰਘ



Digitized by Panjab Digital Library | www.panjabdigilib.org

ਜੀ ਰਾਮਗੜ੍ਹੀਏ ਵਲੋਂ ਜੋ ਉਸ ਸਮੇਂ ਪਰਧਾਨ ਸਨ, ਅਤੇ ਦੂਸਰੀ ਤਾਰ ਸ: ਹਰਬੰਸ ਸਿੰਘ ਜੀ ਅਟਾਰੀ ਮੀਤ ਪਰਧਾਨ ਵਲੋਂ ਸੀ। ਤਾਰਾਂ ਵਿਚ ਇਹ ਜ਼ਿਕਰ ਸੀ ਕਿ ਜੇ ਆਪ ਨੂੰ ਮਾਇਆ ਜਾਂ ਸਿੰਘਾਂ ਦੀ ਲੋੜ ਹੋਵੇ ਤਾਂ ਪਤਾ ਦਿਓ ਅਸੀਂ ਭੇਜਾਂਏ। ਝੱਬਰ ਨੇ ਪੜ੍ਹਕੇ ਕਪਤਾਨ ਤੇ ਡੀ. ਸੀ. ਸਾਹਿਬ ਨੂੰ ਵਖਾਈਆਂ ਕਿ ਆਹ ਵੇਖ ਲਵੋ ਤਾਰਾਂ ਮੈਨੂੰ ਕਿਸ ਨੇ ਘਲੀਆਂ ਹਨ। ਸਰਦਾਰ ਹਰਬੰਸ ਸਿੰਘ ਨੇ ਆਪਣੀ ਤਾਰ ਵਿਚ ਲਿਖਿਆ ਹੋਇਆ ਸੀ ਕਿ ਜੇ ਕੋਈ ਮੌਕੇ ਤੇ ਅਫ਼ਸਰ ਆਵੇ ਤਾਂ ਇਹ ਮੇਰੀ ਤਾਰ ਉਸ ਨੂੰ ਵਿਖਾ ਦੇਣੀ। ਸ: ਸੋਹਨ ਸਿੰਘ ਤੇ ਸ: ਰਾਮ ਸਿੰਘ ਜੀ ਨੇ ਮਹੰਤ ਸੰਤ ਸਿੰਘ ਨੂੰ ਬੰਗਲੇ ਅੰਦਰ ਲੈ ਜਾ ਕੇ ਸੁਲਾਹ ਦੀ ਗਲਬਾਤ ਕੀਤੀ। ਪਰ ਸੰਤ ਸਿੰਘ ਨਾ ਮੰਨਿਆ। ਡਿਪਟੀ ਕਮਿਸ਼ਨਰ ਨੇ ਕਿਹਾ ਸੰਤ ਸਿੰਘ ਦੇਖੋ ਤੁਮ ਨੇ ਗੁਰਦੁਆਰਾ ਸਾਹਿਬ ਮੇਂ ਨਹੀਂ ਜਾਣਾ। ਉਸ ਨੇ ਆਖਿਆ ਸਾਹਿਬ ਮੈਂ ਜਾਸਾਂ। ਦੂਸਰੀ ਵੇਰ ਡੀ. ਸੀ. ਨੇ ਕਿਹਾ ਕਿ ਸੰਤ ਸਿੰਘ ਤੁਮ ਮਤ ਜਾਓ ? ਪਰ ਸੰਤ ਸਿੰਘ ਨੇ ਕਿਹਾ ਮੈਂ ਜਾਸਾ। ਤਾਂ ਡੀ. ਸੀ. ਨੇ ਸਾਰਿਆਂ ਨੂੰ ਮੁਖਾਤਬ ਕਰਕੇ ਕਿਹਾ "ਯਹਾਂ ਕੋਈ ਮਸਜਦ ਭੀ ਹੈ ?" ਹਾਂ ਦੇ ਜਵਾਬ ਆਉਣ ਤੇ ਕਿਹਾ ਕਿ ਯੇਹ ਮੁਸਲਮਾਨੋਂ ਕੇ ਵਾਸਤੇ ਹੈ, ਮੰਦਰ ਹਿੰਦੂਓਂ ਕੇ ਵਾਸਤੇ, ਔਰ ਗੁਰਦੁਆਰਾ ਸਿਖੋਂ ਕੇ ਵਾਸਤੇ ਹੈ ਮਤ ਕੋਈ ਹਿੰਦੂ ਗੁਰਦੁਆਰੇ ਮੇਂ ਜਾਏ। ਇਹ ਕਹਿ ਕੇ ਪੁਲੀਸ ਨੂੰ ਹੁਕਮ ਕੀਤਾ, ਕਿ ਸੰਤ ਸਿੰਘ ਨੂੰ ਲਗਾਉ ਹਥਕੜੀ, ਤਾਂ ਸੰਤ ਸਿੰਘ ਨੇ ਕਿਹਾ ਹਜ਼ੂਰ ਮੈਂ ਗੁਰਦੁਆਰੇ ਨਹੀਂ ਜਾਤਾ।

ਡੀ. ਸੀ. ਨੂੰ ਜਦ ਇਹ ਪਤਾ ਲਗਾ ਕਿ ਇਹਨੂੰ ਇਕਰਾਰ ਕਰਕੇ ਮੁਕਰਨ ਕਾਰਨ ਸਿਖਾਂ ਨੇ ਤਨਖਾਹੀਆ ਕੀਤਾ ਸੀ ਤਾਂ ਡੀ. ਸੀ. ਨੇ ਸੰਤ ਸਿੰਘ ਨੂੰ ਮੁਖਾਤਬ ਕਰਕੇ ਕਿਹਾ "ਦੇਖੋ ਸੰਤ ਸਿੰਘ ਜੋ ਆਪ ਕੋ ਸਿੰਘੋ ਨੇ ਤਨਖਾਹ ਲਗਾਈ ਹੈ ਯਿਹ ਮੈਂ ਮੁਆਫ਼ ਨਹੀਂ ਕਰ ਸਕਤਾ ਯਿਹ ਤੁਮ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਜਾ



Digitized by Panjab Digital Library | www.panjabdigilib.org

ਕਰ ਬਖਸ਼ਾਨੇ ਪਰ ਹੀ ਗੁਰਦੁਆਰਾ ਸਾਹਿਬ ਜਾ ਸਕਤੇ ਹੋ ਯਹ ਤੁਮਾਰਾ ਮਜ਼ਬੀ ਫ਼ਤਵਾ ਹੈ ਇਸ ਮੇਂ ਮੇਰਾ ਕੋਈ ਦਖਲ ਨਹੀਂ ਹੈ।"

ਡੀ. ਸੀ. ਨੇ ਇਹ ਭੀ ਕਿਹਾ, "ਦੇਖੋ ਸੰਤ ਸਿੰਘ ਔਰ ਤੋ ਮੈਂ ਕੁਛ ਨਹੀਂ ਕਰ ਸਕਤਾ ਮਗਰ ਤੁਮ ਦਾਹਵਾ ਕਰ ਸਕਤੇ ਹੋ, ਸੰਤ ਸਿੰਘ ਨੇ ਵਕੀਲ ਲਿਆਂਦਾ ਹੋਇਆ ਸੀ ਅਤੇ ਦਰਖਾਸਤ ਵੀ ਟਾਈਪ ਕਰ ਕੇ ਲਿਆਂਦੀ ਹੋਈ ਸੀ ਉਸੇ ਵੇਲੇ ਡੀ. ਸੀ. ਸਾਹਿਬ ਨੂੰ ਦੇ ਦਿਤੀ। ੧੪੫ ਦਫ਼ਾ ਦਾ ਦਾਹਵਾ ਦਾਇਰ ਹੋ ਗਿਆ ਤੇ ਹੁਕਮ ਹੋਇਆ ਕਿ ਕੈਮਲ ਪੁਰ ਪੁਜ ਕੇ ਸਬੂਤ ਪੇਸ਼ ਕਰੋ।

ਡੀ. ਸੀ. ਸਹਿਬ ਤੇ ਹੋਰ ਬਾਹਰੋਂ ਆਏ ਸਭ ਸਜਨ ਚਲੇ ਗਏ, ਪਰ ਜੋ ਝੱਬਰ ਸਾਹਿਬ ਦਾ ਜਥਾ ਪੁਜਾ ਹੋਇਆ ਸੀ ਇਹ ਜਲੂਸ ਦੀ ਸ਼ਕਲ ਵਿਚ ਬਜ਼ਾਰ ਦੇ ਵਿਚੋਂ ਸ਼ਬਦ ਪੜ੍ਹਦਾ ਹੋਇਆ ਗੁਰਦੁਆਰਾ ਸਾਹਿਬ ਪੁਜਾ।

ਦੋ ਦਿਨ ਬਾਹਦ ਇਕ ਸਿੰਘ ਨੇ ਕਿਹਾ ਕਿ ਝੱਬਰ ਜੀ ਮਹੰਤ ਨੇ ਬਹੁਤ ਸਾਰੀਆਂ ਗੋਲਕਾਂ ਰਖੀਆਂ ਹੋਈਆਂ ਸਨ, ਕੋਈ ਲੰਗਰ ਦੀ ਕੋਈ ਇਮਾਰਤ ਆਦ ਦੀ, ਸੋ ਤੁਸੀਂ ਖੋਲੋ ਤਾਂ ਵਿਚੋਂ ਕਾਫ਼ੀ ਮਾਇਆ ਨਿਕਲ ਸਕਦੀ ਹੈ। ਝੱਬਰ ਨੇ ਤਾਲੇ ਭੋੜ ਕੇ ਗੋਲਕਾਂ ਗਿਣਵਾਈਆਂ ਤਾਂ ੯੦੦) ਦੇ ਕਰੀਬ ਨਿਕਲਿਆ ਜੋ ਭਗਤ ਦੁਨਾ ਸਿੰਘ ਜੀ ਮਨੀਮ ਦੇ ਹਵਾਲੇ ਕਰ ਦਿਤੇ।

## ਸ੍ਰੀ ਪੰਜਾ ਸਾਹਿਬ ਵਿਖੇ ਪੰਥ ਦਾ ਪਹਿਲਾ ਇਕਠ :–

ਕਤਕ ਪੂਰਨਮਾਸ਼ੀ ਦੇ ਗੁਰਪੁਰਬ ਤੋਂ ਇਕ ਹਫ਼ਤਾ ਪਹਿਲਾਂ ਇਕ ਵਡਾ ਸਾਰਾ ਇਸ਼ਤਿਹਾਰ ਕਢਿਆ ਗਿਆ ਜੋ ਪੋਠੋਹਾਰ-ਧੰਨੀ ਪਸ਼ੌਰ ਆਦ ਸਭ ਥਾਂਈ ਭੇਜਿਆ ਗਿਆ, ਸੰਗਤਾਂ ਹੁਮ ਹੁਮਾ ਕੇ ਪੁਜੀਆਂ, ਸੰਗਤਾਂ ਦਾ ਬਹੁਤ ਸਾਰਾ ਇਕਠ ਹੋਇਆ। ਪੋਠੋਹਾਰੀ ਸਿੰਘ ਵਪਾਰੀ ਤੇ ਸਿਆਣੇ ਹੁੰਦੇ ਹਨ, ਸਿੰਘਾਂ ਨੇ ਲੰਗਰ ਦਾ ਬੜਾ



Digitized by Panjab Digital Library | www.panjabdigilib.org

ਚੰਗਾ ਪ੍ਰਬੰਧ ਕੀਤਾ। ਇਸ ਸਮਾਗਮ ਸਮੇਂ ਸਾਰੀ ਸੰਗਤ ਵਿਚੋਂ ਗੁਰਦੁਆਰੇ ਦੇ ਪ੍ਰਬੰਧ ਲਈ ਇਕ ਕਮੇਟੀ ਚੁਣੀ ਗਈ ਜੋ ਇਨ੍ਹਾਂ ਸਤ ਸਜਨਾਂ ਦੀ ਸੀ:— ਠਾਕਰ ਭਗਵਾਨ ਦਾਸ ਜੀ, ਸ: ਬੁਧ ਸਿੰਘ ਬਜ਼ਾਜ਼, ਭਗਤ ਜਸਵੰਤ ਸਿੰਘ, ਭਾ: ਗੋਪਾਲ ਸਿੰਘ ਜੀ ਸਾਗਰੀ ਵਾਲਾ, ਸ: ਈਸ਼ਰ ਸਿੰਘ ਕਲਰ, ਸ: ਰਾਮ ਸਿੰਘ ਜੀ ਸਾਹਣੀ, ਭਾਈ ਮੂਲ ਸਿੰਘ ਜੀ ਝੁਮੇਲੀ।

ਇਸ ਮੇਲੇ ਤੇ ਮਾਸਟਰ ਤਾਰਾ ਸਿੰਘ ਤੇ ਝੁਚਰ ਜੀ ਵੀ ਪੁਜੇ ਹੋਏ ਸਨ। ਇਥੇਂ ਹੀ ਝੁਚਰ ਜੀ ਨੇ ਪਸ਼ੌਰ ਜਾ ਕੇ ਭਾਈ ਜੋਗਾ ਸਿੰਘ ਦੇ ਗੁਰਦੁਆਰਾ ਸਾਹਿਬ ਦਾ ਕਬਜ਼ਾ ਲਿਆ ਸੀ। ਝੱਬਰ ਨੇ ਕਮੇਟੀ ਨੂੰ ਕਿਹਾ ਕਿ ਹੁਣ ਕਮੇਟੀ ਬਣ ਗਈ ਹੈ ਇਸ ਲਈ ਤੁਸੀਂ ਕੰਮ ਸੰਭਾਲ ਲਵੋ ਤੇ ਮੈਨੂੰ ਛੁਟੀ ਦੇ ਦੇਵੋ। ਕਮੇਟੀ ਦੇ ਮੈਂਬਰਾਂ ਨੇ ਕਿਹਾ ਕਿ ਤੁਹਾਨੂੰ ਛੁਟੀ ਨਹੀਂ ਮਿਲ ਸਕਦੀ ਕਿਉਂਕਿ ਇਥੇ ਤੁਹਾਡੇ ਜਿਹਾ ਆਦਮੀ ਚਾਹੀਦਾ ਹੈ ਇਸ ਲਈ ਤੁਹਾਡੀ ਸਾਨੂੰ ਲੋੜ ਹੈ। ਝੱਬਰ ਨੇ ਛੁਟੀ ਲਈ ਫਿਰ ਅਰਜ਼ ਕੀਤੀ, ਪਰਧਾਨ ਕਮੇਟੀ ਨੇ ਕਿਹਾ ਕਿ ਨਹੀਂ ਝੱਬਰ ਜੀ ਅਸੀਂ ਤੁਹਾਨੂੰ ੨੫੦) ਤਨਖਾਹ ਦੇਵਾਂਗੇ। ਝੱਬਰ ਜੀ ਨੇ ਕਿਹਾ ਜਦ ਤੱਕ ਨਨਕਾਣਾ ਸਾਹਿਬ ਦਾ ਕਬਜ਼ਾ ਨਾ ਹੋ ਜਾਵੇ ਤਦ ਤੱਕ ਮੈਂ ਠਹਿਰ ਨਹੀਂ ਸਕਦਾ ਅਤੇ ਨਾ ਹੀ ਮੈਂ ਤਨਖਾਹ ਤੇ ਕਿਧਰੇ ਰਹਿਣਾ ਹੈ। ਤਾਂ ਸਾਹਨ ਸਾਹਿਬ ਨੇ ਕਿਹਾ ਕਿ ਝੱਬਰ ਜੀ ਤੁਸੀਂ ਇਕ ਹਫ਼ਤਾ ਆਪ ਦੇ ਪਿੰਡ ਰਹਿ ਆਇਆ ਕਰੋ ਤੇ ਤਿੰਨ ਹਫਤੇ ਸਾਨੂੰ ਦਿਆ ਕਰੋ। ਫਿਰ ਝੱਬਰ ਜੀ ਨੇ ਮਾਸਟਰ ਤਾਰਾ ਸਿੰਘ ਜੀ ਨੂੰ ਕਿਹਾ ਕਿ ਮਾਸਟਰ ਜੀ ਇਹਨਾਂ ਨੂੰ ਸਮਝਾਓ ਤਾਂ ਮਾਸਟਰ ਜੀ ਨੇ ਸਮਝਾਇਆ ਜਿਸ ਤੇ ਝੱਬਰ ਜੀ ਨੂੰ ਛੁਟੀ ਦਿਤੀ ਗਈ ਜੋ ਉਸ ਰਾਤ ਗਡੀ ਚੜ੍ਹ ਕੇ ਵਾਪਸ ਆ ਗਏ।



Digitized by Panjab Digital Library | www.panjabdigilib.org

# ਮਹੰਤ ਮਿਠਾ ਸਿੰਘ ਦੀ ਮੌਤ

ਗੁਰਦੁਆਰਾ ਪੰਜਾ ਸਾਹਿਬ ਦੇ ਮਹੰਤ ਮਿਠਾ ਸਿੰਘ ਨੇ ਗੁਰਦੁਆਰਾ ਸਾਹਿਬ ਦੇ ਅੰਦਰ ਇਕ ਹਿੰਦੂ ਹਲਵਾਈ ਨੂੰ ਕੜਾਹ ਪ੍ਰਸਾਦ ਦਾ ਠੇਕਾ ਦਿਤਾ ਹੋਇਆ ਸੀ, ਉਹ ਹੀ ਦੁਧ ਦਹੀਂ ਵੇਚਦਾ ਸੀ, ਅਤੇ ਉਹ ਹੀ ਸਿਗਰਟ ਵੀ ਵੇਚਦਾ ਸੀ। ਇਕ ਦਿਨ ਇਕ ਫੌਜੀ ਸਿੰਘ ਯਾਤਰਾ ਲਈ ਗੁਰਦੁਆਰਾ ਸਾਹਿਬ ਪੁਜਾ ਤੇ ਉਸ ਨੇ ਸਵਾ ਰੁਪਈਆ ਕੜਾਹ ਪ੍ਰਸਾਦ ਦੀ ਦੇਗ ਸਜਾਉਣ ਲਈ ਉਸ ਹਲਵਾਈ ਨੂੰ ਦਿਤਾ ਤੇ ਆਪ ਇਸ਼ਨਾਨ ਕਰਨ ਚਲਾ ਗਿਆ, ਜਦ ਵਾਪਸ ਆਇਆ ਤਾਂ ਕੀ ਵੇਖਦਾ ਹੈ ਕਿ ਉਹ ਹਲਵਾਈ ਸਿਗਰਟ ਪੀ ਰਿਹਾ ਹੈ ਅਤੇ ਦੁਕਾਨ ਤੇ ਵੇਚਨ ਲਈ ਵੀ ਸਿਗਰਟ ਰਖੇ ਹੋਏ ਹਨ। ਇਹ ਵੇਖ ਕੇ ਉਸ ਸਿੰਘ ਨੂੰ ਬਹੁਤ ਰੋਹ ਚੜ੍ਹ ਗਿਆ ਉਸ ਨੇ ਉਸ ਹਲਵਾਈ ਨੂੰ ਕਿਹਾ ਕਿ ਮੈਂ ਤੇਰੇ ਪਾਸੋਂ ਗੁਰੂ ਮਹਾਰਾਜ ਨੂੰ ਭੋਗ ਲਵਾਉਣ ਵਾਲਾ ਕੜਾਹ ਪ੍ਰਸਾਦ ਨਹੀਂ ਲਵਾਂਗਾ ਕਿਉਂਕਿ ਤੂੰ ਚੁਰਟ ਪੀ ਰਿਹਾ ਹੈਂ। ਇਸ ਤੇ ਉਹਨਾਂ ਦੋਹਵਾਂ ਦਾ ਆਪੋ ਵਿਚ ਝਗੜਾ ਹੋ ਗਿਆ ਉਸ ਸਿੰਘ ਨੇ ਪੈਸੇ ਵਾਪਸ ਲੈ ਲਏ ਤੇ ਗੁਰਦੁਆਰਾ ਸਾਹਿਬ ਜਾ ਬੈਠਾ। ਮਹੰਤ ਮਿਠਾ ਸਿੰਘ ਉਸ ਹਲਵਾਈ ਤੋਂ ੩੬੦੦) ਰੁਪੈ ਸਾਲਾਨਾ ਠੇਕਾ ਲੈਂਦਾ ਹੁੰਦਾ ਸੀ। ਇਹ ਵਾਕਿਆ ਸੁਣਕੇ ਮਹੰਤ ਨੇ ਇਸ ਗਲ ਦਾ ਪਛੋਤਾਵਾ ਤਾਂ ਨਾ ਕੀਤਾ ਬਲਕਿ ਉਸ ਦੇ ਭਾਈ ਸੰਤ ਸਿੰਘ ਨੇ ਉਸ ਸਿੰਘ ਨੂੰ ਗੋਲੀ ਕਢ ਮਾਰੀ ਜੋ ਉਸ ਦੀ ਲੱਤ ਵਿਚ ਵਜੀ। ਉਹ ਜਾਨੋ ਬਚ ਗਿਆ। ਇਹ ਗਲ਼ ਅਖਬਾਰਾਂ ਵਿਚ ਪ੍ਰਕਾਸ਼ਤ ਹੋ ਗਈ, ਕਿ ਗੁਰਦੁਆਰਾ ਪੰਜਾ ਸਾਹਿਬ ਵਿਖੇ ਇਕ ਸਿੰਘ ਨੂੰ ਮਹੰਤਾਂ ਨੇ ਗੋਲੀ ਮਾਰੀ ਹੈ। ਏਧਰ ਅਕਾਲ ਤਖ਼ਤ ਤੇ ਸਿੰਘਾਂ ਦਾ ਕਬਜ਼ਾ ਹੋ ਚੁਕਾ ਹੋਇਆ ਸੀ। ਮਹੰਤ ਮਿਠਾ ਸਿੰਘ ਇਹ ਖਬਰ ਸੁਣ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵੇਖਣ ਲਈ ਪੁਜਾ। ਜਦ ਇਹ ਅੰਮ੍ਰਿਤਸਰ ਪੁਜਾ ਤਾਂ ਵੇਖਿਆ ਕਿ ਸੈਂਟਰਲ ਮਾਝਾ ਦੀਵਾਨ ਦੇ ਸਿੰਘ ਨੀਲੇ ਦਸਤਾਰੇ ਸਜਾਈ ਬੈਠੇ ਸਨ, ਉਹਨਾਂ ਨੂੰ ਵੇਖਦਿਆਂ ਸਾਰ ਇਸ਼ਨਾਨ ਕਰਕੇ ਪਿਛਾਂ ਨੂੰ ਦੌੜਨ ਦੀ ਕੀਤੀ। ਘਰ



Digitized by Panjab Digital Library | www.panjabdigilib.org

ਪੁਜਦੇ ਸਾਰ ਆਪਣੇ ਮੰਜੇ ਤੇ ਲੇਟ ਗਿਆ । ਸਵੇਰ ਹੋਈ ਉਠਿਆ ਤਾਂ ਉਸ ਦੀ ਉਠਨ ਦੀ ਕੋਈ ਵਾਹ ਨਾ ਰਹੀ ਭਾਵ ਬੇਹੋਸ਼ੀ ਦੀ ਹਾਲਤ ਵਿਚ ਬੁੜ ਬੁੜਾਨ ਲਗ ਪਿਆ "ਔਹ ਆ ਗਏ ਕਾਲੇ ਦਸਤਾਰਿਆਂ ਵਾਲੇ, ਔਹ ਮਾਰਨ ਲਗੇ ਜੇ," ਇਸੇ ਤਰਾਂ ਕਰੀ ਜਾਂਦਾ ਘਰ ਵਾਲਿਆਂ ਨੇ ਹਕੀਮ ਬੁਲਾਏ ਪਰ ਕੋਈ ਆਰਾਮ ਨਾ ਆਇਆ । ਜਦ ਕਦੀ ਜਾਗ ਆਵੇ ਤਾਂ ਉਬੜ ਵਾਹੇ ਬੜਾਨ ਲਗ ਪਵੇ ਕਿ "ਔਹ ਆ ਗਏ ਮਾਰਨ ਲਗੇ ਜੇ," ਛੇਵੇਂ ਦਿਨ ਮਹੰਤ ਨੂੰ ਕੈਮਲ ਪੁਰ ਸਿਵਲ ਹਸਤਪਤਾਲ ਲੈ ਗਏ। ਤਾਂ ਸਿਵਲ ਸਰਜਨ ਨੇ ਕਿਹਾ ਕਿ ਇਸ ਨੂੰ ਕੋਈ ਬੀਮਾਰੀ ਨਹੀਂ ਇਸ ਨੂੰ ਸਿੰਘ ਵੇਖ ਕੇ ਦਹਿਸ਼ਤ ਹੋ ਗਈ ਹੈ, ਜਿਸ ਦਾ ਮੇਰੇ ਪਾਸ ਕੋਈ ਇਲਾਜ ਨਹੀਂ । ਸੋ ਇਸ ਨੂੰ ਘਰ ਲੈ ਜਾਵੋ, ਕਿਉਂਕਿ ਇਹ ਮੌਤ ਕਿਨਾਰੇ ਹੈ। ਜਦ ਇਸ ਦੇ ਰਿਸ਼ਤੇਦਾਰਾਂ ਨੇ ਉਸ ਦੀ ਮੰਜੀ ਚੁਕ ਲਈ ਅਤੇ ਸ਼ਟੇਸ਼ਨ ਤੇ ਲੈ ਜਾ ਰਹੇ ਸੀ ਰਸਤੇ ਵਿਚ ਮਹੰਤ ਹੋਰੀ ਚਲਾਨਾ ਕਰ ਗਏ । ਇਸ ਵੇਲੇ ਭਾਈ ਮੋਹਰ ਸਿੰਘ ਜੀ ਗੂੰਬੀ ਕੈਮਲ ਪੁਰ ਸਿੰਘ ਸਭਾ ਵਾਲੇ ਨਾਲ ਸਨ, ਉਹ ਉਸੇ ਵੇਲੇ ਵਾਪਸ ਪਰਤ ਗਏ ਤੇ ਵਾਪਸ ਜਾ ਕੇ ਛੇਤੀ ਹੀ ਅੰਮ੍ਰਿਤਸਰ ਸਾਹਿਬ ਤਾਰ ਦੇ ਦਿਤੀ ਕਿ ਜਥਾ ਛੇਤੀ ਪੁਜੇ। ਮਹੰਤ ਮਿਠਾ ਸਿੰਘ ਮਰ ਗਿਆ ਹੈ ।

## ਪਹਿਲਾ ਅਕਾਲੀ ਜਥਾ

ਝੱਬਰ ਨੇ ਪੰਜਾ ਸਾਹਿਬ ਤੋਂ ਆ ਕੇ ਭਾਈ ਲਛਮਨ ਸਿੰਘ ਜੀ ਹਕੀਮ ਸ਼ੇਖੂਪੁਰੇ ਨੂੰ ਇਕ ਫਹਿਰਿਸਤ ਦੇ ਕੇ ਕਿਹਾ ਕਿ ਇਹਨਾਂ ਸਿੰਘਾਂ ਨੂੰ ਚਿਠੀਆਂ ਪਾ ਦਿਓ ਕਿ ਇਹ ੧੦ ਪੋਹ ਨੂੰ ਸ਼ੇਖੂਪੁਰੇ ਪੁਜ ਜਾਣ । ੧੦ ਪੋਹ ਮੁਤਾਬਕ ੨੪ ਦਸੰਬਰ ੧੯੨੦ ਨੂੰ ਮਹਾਰਾਣੀ ਨਕਾਇਣ ਦੇ ਗੁਰਦੁਆਰਾ ਸਾਹਿਬ ਵਿਖੇ ਸਿੰਘ ਇਕਠੇ ਹੋ ਗਏ ਚੰਗੀ ਰੌਣਕ ਹੋਈ । ਖਾਸ ਕਰਕੇ ਭਾਈ ਮੂਲ ਸਿੰਘ ਜੀ ਗਰਮੂਲਾ, ਭਾਈ ਸੁਚਾ ਸਿੰਘ ਜੀ ਜੈਚਕ ਵਾਲਾ, ਭਾਈ ਸੁਚਾ ਸਿੰਘ ਜੀ ਚਕਰ ਵਾਲਾ, ਭਾਈ ਲੱਖਾ ਸਿੰਘ



Digitized by Panjab Digital Library | www.panjabdigilib.org

ਜੀ ਕੁਰਲਕੇ, ਭਾਈ ਮੰਗਲ ਸਿੰਘ ਪਤੀ ਸੇਰੋ ਕੀ ਚੂਹੜਕਾਨਾ, ਭਾਈ ਤੇਜਾ ਸਿੰਘ ਜੀ ਚੂਹੜਕਾਨਾ ਇਕਠ ਵਿਚ ਹਾਜ਼ਰ ਸਨ।

ਭਾਈ ਮੂਲ ਸਿੰਘ ਜੀ ਨੇ ਝਬਰ ਜੀ ਨੂੰ ਬਾਹਰ ਸਦ ਕੇ ਕਿਹਾ ਕਿ ਬਾਹਰ ਮਹੰਤ ਨਰਾਇਣ ਦਾਸ ਵੀ ਆਇਆ ਹੋਇਆ ਹੈ ਉਸ ਨੇ ਕਿਹਾ ਹੈ ਕਿ ਝੱਬਰ ਜੀ ਨੂੰ ਕਹਿਣਾ ਕਿ ਮੇਰੇ ਪਾਸ ਬਹੁਤ ਸਿੰਘ ਹਨ ਉਹਨਾਂ ਨੂੰ ਵੀ ਭਰਤੀ ਕਰ ਲੈਣ। ਮੀਟਿੰਗ ਵਿਚ ਅਕਾਲੀ ਜਥਾ ਕਾਇਮ ਕੀਤਾ ਗਿਆ ਜਿਸ ਦਾ ਨਾਮ ਅਕਾਲੀ ਜਥਾ ਖਰਾ ਸੌਦਾ ਬਾਰ ਰਖਿਆ ਗਿਆ ਅਤੇ ਜਥੇਦਾਰ ਕਰਤਾਰ ਸਿੰਘ ਝੱਬਰ ਨੀਯਤ ਹੋਏ। ਸ: ਮੰਗਲ ਸਿੰਘ ਜੀ ਸੇਰੋਕੀ ਅਤੇ ਸ: ਤੇਜਾ ਸਿੰਘ ਜੀ ਚੂਹੜਕਾਨੇ ਦੀ ਰਾਹੀਂ ਇਕ ਚਿਠੀ ਮਹੰਤਨੀ ਇਸ਼ਰ ਕੌਰ ਗੁ: ਸਚਾ ਸੌਦਾ ਨੇ ਝੱਬਰ ਨੂੰ ਭੇਜੀ ਕਿ ਮੈਨੂੰ ਮਹੰਤ ਕਢ ਰਿਹਾ ਹੈ ਤੇ ਗੁਰਦੁਆਰਾ ਸਾਹਿਬ ਦਾ ਸਾਮਾਨ ਆਪਣੇ ਘਰ ਨੂੰ ਲੈ ਜਾ ਰਿਹਾ ਹੈ। ਤੁਸੀਂ ਆਉ ਤੇ ਮੈਂ ਤੁਹਾਨੂੰ ਕਬਜ਼ਾ ਦੁਵਾਣ ਵਿਚ ਤੁਹਾਡੀ ਮਦਦ ਕਰਾਂਗੀ। ਫੈਸਲਾ ਹੋਇਆ ਕਿ ੧੩ ਪੋਹ ਨੂੰ ਸਭ ਸਿੰਘ ਆਪੋ ਆਪ ਹੋਰਨਾਂ ਸਿੰਘਾਂ ਨੂੰ ਨਾਲ ਲੈ ਕੇ ਪੁਜ ਜਾਣ।

## ਮਹੰਤ ਨਰਾਇਣ ਦਾਸ ਦੇ ਚੇਲੇ ਲੱਧਾ ਰਾਮ ਨੂੰ ਭਰਤੀ ਕਰਨਾ

ਮੀਟਿੰਗ ਹੋ ਚੁਕੀ ਸੀ ਜੋ ਸਿੰਘ ਮੀਟਿੰਗ ਵਿੱਚ ਸ਼ਾਮਲ ਹੋਏ ਸਨ ਹਾਲਾਂ ਬੈਠੇ ਹੀਹੋਏ ਸਨ ਕਿ ਬਾਹਰੋਂ ਇਕ ਨੌਜਵਾਨ ਭਗਵੀ ਪਗੜੀ ਬੰਨੀ ਮੀਟਿੰਗ ਵਾਲੇ ਸਿੰਘਾਂ ਪਾਸ ਪੁਜਾ, ਉਹ ਇਸ ਵੇਲੇ ਸ਼ਰਾਬ ਨਾਲ ਗੁਟ ਹੋਇਆ ਹੋਇਆ ਸੀ, ਇਸੇ ਮਸਤੀ ਵਿਚ ਸਿੰਘਾਂ ਪਾਸ ਆਕੇ ਪੁਛ ਕੀਤ ਕਿ ਝੱਬਰ ਕੇਹੜਾ ਹੈ? ਉਤਰ ਵਿਚ ਝੱਬਰ ਨੇ ਕਿਹਾ ਆਪ ਦਾ ਕੀ ਕੰਮ ਹੈ ਝੱਬਰ ਨਾਲ, ਇਸ ਨੇ ਕਿਹਾ ਕਿ ਕੰਮ ਤਾਂ ਨਹੀਂ ਵੈਸੇ ਜ਼ਰਾ ਵੇਖਣਾ ਹੈ। ਫਿਰ ਝੱਬਰ ਨੇ ਕਿਹਾ ਕਿ ਆਪ ਦਾ ਕੀ ਨਾਮ ਹੈ। ਉਸ ਨੇ ਕਿਹਾ ਕਿ ਮੇਰਾ ਨਾਮ ਲੱਧਾ ਰਾਮ ਹੈ ਤੇ ਮੈਂ ਮਹੰਤ ਨਰਾਇਣ ਦਾਸ (ਨਨਕਾਣਾ ਸਾਹਿਬ ਵਾਲੇ) ਦਾ ਚੇਲਾ ਹਾਂ ਮੈਂ ਸਿਰਫ਼ ਝੱਬਰ ਨੂੰ ਵੇਖਣ ਹੀ ਆਇਆ ਹਾਂ। ਝੱਬਰ ਨੇ ਕਿਹਾ "ਲੱਧਾ ਰਾਮ ਤੂੰ ਝੱਬਰ ਨੂੰ ਵੇਖ



Digitized by Panjab Digital Library | www.panjabdigilib.org

ਕੇ ਲੈਣਾ ਕੀ ਹੈ ਜਾਹ ਚਲਾ ਜਾਹ ਉਹ ਬੜਾ ਭੈੜਾ ਹੈ।" ਉਸ ਨੇ ਸ਼ਰਾਬ ਦੇ ਲੋਰ ਵਿਚ ਝੂਮ ਕੇ ਕਿਹਾ ਕਿ ਨਹੀਂ ੨ ਤੁਸੀਂ ਮੈਨੂੰ ਵਖਾਉ ਤੇ ਸਹੀ ਕੀ ਹੋਇਆ ਜੇ ਉਹ ਭੈੜਾ ਹੈ ਤਾਂ" ਝੱਬਰ ਨੇ ਭਾਈ ਸੁਚਾ ਸਿੰਘ ਚੱਕ ਗੁਰਦਾਸ ਵਾਲੇ ਨੂੰ ਕਿਹਾ ਇਸ ਨੂੰ ਪਕੜ ਲਵੋ ਤੇ ਇਸ ਦੀ ਤਲਾਸ਼ੀ ਲਵੋ।' ਸਿੰਘਾਂ ਨੇ ਤਲਾਸ਼ੀ ਕੀਤੀ। ਤਲਾਸ਼ੀ ਵਿਚੋਂ ਅੱਧੀ ਬੋਤਲ ਸ਼ਰਾਬ ਦੀ ਤੇ ਅਠ ਕਾਰਤੂਸ ਬੰਦੂਕ ਦੇ ਨਿਕਲੇ। ਜਥੇਦਾਰ ਨੇ ਹੁਕਮ ਕੀਤਾ ਕਿ ਇਸ ਨੂੰ ਚੰਗੀ ਤਰਾਂ ਝੱਬਰ ਦੇ ਦਰਸ਼ਨ ਕਰਾਓ, ਬਸ ਫਿਰ ਕੀ ਸੀ ਸਿੰਘਾਂ ਨੇ ਲਧਾ ਰਾਮ ਨੂੰ ਪਕੜ ਕੇ ਲੰਮਿਆਂ ਪਾ ਲਿਆ ਤੇ ਚੰਗੀ ਤਰਾਂ ਛਿਤਰ ਪੌਲਾ ਕੀਤਾ ਜਦੋਂ ਇਸ ਦੀ ਚੰਗੀ ਤਰਾਂ ਮੁਰੰਮਤ ਹੋ ਚੁਕੀ ਤਾਂ ਜਥੇਦਾਰ ਨੇ ਕਿਹਾ ਕਿ ਲਿਆਓ ਇਕ ਖੋਤਾ ਤੇ ਕਾਲੀ ਸਿਆਹੀ, ਅਤੇ ਲੱਧਾਰਾਮ ਦੇ ਮੂੰਹ ਤੇ ਸਰ੍ਹੋਂ ਦਾ ਤੇਲ ਮਲ ਕੇ ਕਾਲਖ ਮਲ ਦਿਤੀ ਤੇ ਖੋਤੇ ਦੀ ਸਵਾਰੀ ਕਰਵਾ ਦਿਤੀ। ਝੱਬਰ ਨੇ ਪੁਛਿਆ ਕਿ ਸੁਣਾ ਭਾਈ ਦਰਸ਼ਨ ਹੋਏ ਹਨ ਕਿ ਨਹੀਂ ਕੀ ਹੁਣ ਸ਼ਰਾਬ ਲਹਿ ਗਈ ਹੈ? ਉਸ ਕਿਹਾ ਲਹਿ ਗਈ ਹੈ ਜੀ, ਤਾਂ ਝੱਬਰ ਨੇ ਕਿਹਾ 'ਲੱਧਾਰਾਮ! ਮੇਰਾ ਇਕ ਸੁਨੇਹਾ ਹੈ ਜੋ ਚੰਗੀ ਤਰਾਂ ਕੰਨ ਖੋਹਲ ਕੇ ਸੁਣ ਲੈ ਅਤੇ ਇਹ ਸੁਨੇਹਾ ਆਪਣੇ ਗੁਰੂ ਮਹੰਤ ਨਰਾਇਣ ਦਾਸ ਨੂੰ ਜਾ ਕੇ ਦੇਵੀਂ, "ਮੈਨੂੰ ਮਹੰਤ ਨਰਾਇਣ ਦਾਸ ਨੇ ਭਾਈ ਮੂਲ ਸਿੰਘ ਜੀ ਗਰਮੂਲਾ ਦੇ ਹੱਥੀਂ ਅਜ ਹੀ ਸਵੇਰੇ ਸੁਨੇਹਾ ਭੇਜਿਆ ਸੀ ਕਿ ਮੇਰੇ ਪਾਸ ਬਹੁਤ ਸਾਰੇ ਆਦਮੀਂ ਹਨ ਜਿਨੇ ਚਾਹੇਂ ਮੈਂ ਭਰਤੀ ਦੇ ਸਕਦਾ ਹਾਂ,, ਮਹੰਤ ਨੂੰ ਕਹਿਣਾ ਕਿ ਮੈਂ ਆਪ ਦੇ ਸੁਨੇਹੇ ਦ ਤਾਮੀਲ ਕਰ ਦਿਤੀ ਹੈ ਤੇ ਆਪ ਦੇ ਇਕ ਚੇਲੇ ਨੂੰ ਭਰਤੀ ਕਰ ਲਿਆ ਹੈ, ਹੁਣ ਤੈਨੂੰ ਭਰਤੀ ਕਰਨ ਲਈ ਮੈਂ ਸ੍ਰੀ ਨਨਕਾਣਾ ਸਾਹਿਬ ਖੁਦ ਆਵਾਂਗਾ।"

## ਗੁਰਦਵਾਰਾ ਸਚਾ ਸੌਦਾ ਦਾ ਕਬਜ਼ਾ

ਫੈਸਲੇ ਅਨੁਸਾਰ ੧੩ ਪੋਹ ੧੨ ਵਜੇ ਦੇ ਕਰੀਬ ੪੦-੫੦ ਸਿੰਘ ਗੁਰਦਵਾਰਾ ਸਚਾ ਸੌਦਾ ਸਾਹਿਬ ਪੁਜ ਗਏ। ਇਹ ਖਬਰ ਸੁਣ ਕੇ ਭਾਈ



Digitized by Panjab Digital Library | www.panjabdigilib.org

ਦਲੀਪ ਸਿੰਘ ਜੀ (ਸ਼ਹੀਦ) ਵੀ ਆ ਪਹੁੰਚੇ। ਸਾਰੇ ਸਿੰਘ ਗੁਰਦੁਆਰਾ ਸਾਹਿਬ ਬੈਠ ਗਏ। ਝੱਬਰ ਨੇ ਮਹੰਤ ਅਤੇ ਉਸ ਦੇ ਸਾਰੇ ਚੇਲਿਆਂ ਨੂੰ ਬੁਲਵਾਇਆ ਤੇ ਕਿਹਾ ਕਿ ਇਹ ਸਚਾ ਸੌਦਾ ਹੈ ਆਪ ਨੇ ਇਥੇ ਕੋਈ ਝੂਠੀ ਗਲ ਨਹੀਂ ਕਰਨੀ ਜੋ ਅਸੀਂ ਪੁਛੀਏ ਸਚ ਸਚ ਦਸਣਾ। ਮਹੰਤ ਨੇ ਕਿਹਾ ਕਿ ਮੈਂ ਝੂਠ ਕਾਹਨੂੰ ਮਾਰਨਾ ਹੈ ਸਚੀ ਕਹਾਂਗਾ। ਝੱਬਰ ਜੀ ਨੇ ਪਹਿਲਾ ਸਵਾਲ ਕੀਤਾ "ਮਹੰਤ ਜੀ ਐਸ ਆਲੇ ਵਿਚ ਜੋ ਆਹ ਮੂਰਤਾਂ ਬਣੀਆਂ ਹੋਈਆਂ ਹਨ ਕੀ ਤੁਸੀਂ ਇਹਨਾਂ ਅਗੇ ਕੜਾਹ ਪ੍ਰਸਾਦ ਦਾ ਭੋਗ ਲਵਾਉਂਦੇ ਹੋ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਅਗੇ" ਤਾਂ ਉਸ ਨੇ ਕਿਹਾ ਕਿ ਮੈਨੂੰ ਤਾਂ ਗੁਰੂ ਨਾਨਕ ਇਹਨਾਂ ਮੂਰਤੀਆਂ ਵਿਚ ਹੀ ਪਰਤੀਤ ਹੋ ਰਿਹਾ ਹੈ। (੨) ਮਹੰਤ ਜੀ ਕੀ ਤੁਸੀਂ ਮੁਸਲਮਾਨ ਰਬਾਬੀਆਂ ਪਾਸੋਂ ਜੋ ਕੁਠਾ ਖਾਂਦੇ ਤੇ ਤਮਾਕੂ ਪੀਂਦੇ ਹਨ ਆਸਾ ਜੀ ਦੀ ਵਾਰ ਲੁਵਾਉਂਦੇ ਹੋ ? ਉਸ ਨੇ ਕਿਹਾ ਜੀ ਹਾਂ ਲਵਾਉਂਦਾ ਹਾਂ। (੩) ਮਹੰਤ ਜੀ ਇਹ ਜੋਹੜੀ ਈਸ਼ਰ ਕੌਰ ਹੈ ਇਹ ਤੇਰੀ ਕੀ ਲਗਦੀ ਹੈ। ਮਹੰਤ ਨੇ ਕਿਹਾ ਕਿ ਇਹ ਮੇਰੀ ਕੁਝ ਨਹੀਂ ਲਗਦੀ। ਜਥੇਦਾਰ ਨੇ ਪੁਛਿਆ ਕੀ ਤੇਰੀ ਭੈਣ ਤੇ ਨਹੀਂ ? ਕਹਿਣ ਲਗਾ ਕਿ ਇਹ ਮੇਰੀ ਭੈਣ ਨਹੀਂ ਜੀ, ਜਥੇਦਾਰ ਨੇ ਕਿਹਾ ਕਿ ਬਿਨਾਂ ਇਹ ਜੋ ੧੬ ਸਾਲ ਤੋਂ ਗੁਰਦੁਆਰਾ ਸਾਹਿਬ ਵਿਚ ਰਹਿੰਦੀ ਹੈ ਕਿਵੇਂ ਇਹ ਤਲਬ ਰਹਿ ਸਕਦੀ ਹੈ। ਮਹੰਤ ਸ਼ਰਮਿੰਦਾ ਹੋ ਗਿਆ ਤੇ ਕਹਿਣ ਲਗਾ ਜਥੇਦਾਰ ਜੀ ਜਾਣ ਦਿਓ। ਕੀ ਆਖਦੇ ਹੋ ਝੱਬਰ ਜੀ ਨੇ ਕਿਹਾ ਕਿ ਮਹੰਤ ਜੀ ਇਹਨਾਂ ਬਿਆਨਾਂ ਤੇ ਲਾ ਅੰਗੂਠਾ ਮਹੰਤ ਨੇ ਬਿਆਨਾ ਤੇ ਅੰਗੂਠਾ ਲਾਉਣ ਤੋਂ ਇਨਕਾਰ ਕਰ ਦਿਤਾ।

ਇਕ ਸੂਰਮਾਂ ਇਸ ਦਾ ਚੇਲਾ ਸੀ ਹੁਣ ਉਸ ਨੂੰ ਬੁਲਾਇਆ ਗਿਆ ਇਸਦੇ ਉਤੇ ਬਦਚਲਨੀ ਦਾ ਇਲਜ਼ਾਮ ਸੀ ਉਸ ਨੇ ਇਕਬਾਲ ਕਰ ਲਿਆ। ਜਥੇਦਾਰ ਨੇ ਹੁਕਮ ਦਿਤਾ ਕਿ ਮਹੰਤ ਨਰੈਣ ਦਾਸ ਸੱਚੇ ਸੌਦੇ ਵਾਲੇ ਅਤੇ ਇਹਨਾਂ ਦੇ ਚੇਲਿਆਂ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਕਢ ਦਿਓ। ਅਤੇ ਦਰਵਾਜ਼ਿਆਂ ਤੇ ਪਹਿਰਾ ਲਾ ਦਿਉ ਤੇ ਖਿਆਲ ਰਖੋ ਕਿ ਕੋਈ ਆਦਮੀ



Digitized by Panjab Digital Library | www.panjabdigilib.org

ਸੋਟਾ ਆਦ ਲੈ ਕੇ ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਨਾ ਹੋਵੇ ਜੋ ਖਾਲੀ ਹਥੀ ਇਕੜ ਦੁਕੜ ਮਥਾ ਟੇਕਨ ਆਵੇ ਆਉਣ ਦਿਓ। ਕਿਸੇ ਹਜੂਮ ਨੂੰ ਅੰਦਰ ਨਾ ਆਉਣ ਦਿਤਾ ਜਾਵੇ। ਗੁਰਦੁਆਰਾ ਸਾਹਿਬ ਦੇ ਅੰਦਰੋਂ ਕੋਈ ਆਦਮੀਂ ਸੂਈ ਤਕ ਵੀ ਬਾਹਰ ਨਹੀਂ ਲੈ ਜਾ ਸਕਦਾ। ਮਹੰਤ ਘੋੜੀ ਤੇ ਕਾਠੀ ਪਾਣ ਲਗਾ ਕਿ ਥਾਨੇ ਜਾ ਕੇ ਇਤਲਾਹ ਦੇਵੇ ਤਾਂ ਭਾਈ ਸੁਚਾ ਸਿੰਘ ਚਕਰ ਵਾਲੇ ਨੇ ਕਿਹਾ ਕਿ ਜਥੇਦਾਰ ਦਾ ਹੁਕਮ ਹੈ ਕਿ ਸੂਈ ਤੱਕ ਬਾਹਰ ਨਹੀਂ ਜਾ ਸਕਦੀ ਤੁਸੀਂ ਘੋੜੀ ਕਿਵੇਂ ਬਾਹਰ ਲੈ ਜਾਵੋਗੇ। ਉਸ ਨੂੰ ਬਾਹਰ ਕਢ ਦਿਤਾ ਗਿਆ। ਮਹੰਤ ਨੇ ਥਾਨੇ ਮੰਡੀ ਚੂਹੜਕਾਨੇ ਜਾ ਕੇ ਰੀਪੋਰਟ ਦਰਜ ਕਰ ਈ ਪਰ ਪੋਲੀਸ ਦਾ ਕੋਈ ਆਦਮੀ ਉਸ ਦੇ ਨਾਲ ਨਾ ਆਇਆ।

ਮਹੰਤ ਦੇ ਬਿਆਨ ਤੇ ਗੁਰਦੁਆਰਾ ਸਾਹਿਬ ਦੀ ਸਾਰੀ ਜਾਇਦਾਦ ਦੀ ਫ਼ਹਿਰਿਸਤ ਸ: ਦਲੀਪ ਸਿੰਘ ਜੀ ਸ਼ਹੀਦ ਨੇ ਤਿਆਰ ਕੀਤੀ। ਜਿਸ ਵਿਚ ਇਕ ਕੋਠਾ ਕਣਕ ਦਾ ਇਕ ਛੋਲਿਆਂ ਦਾ ਪੈਂਤੀ ਮੱਝੀਂ ਗਾਈਂ ਛੀ ਘੋੜੀਆਂ ਲੰਗਰ ਦੇ ਬਰਤਨ ਆਦ ਅਤੇ ਪੰਝੀ ਬਿਸਤਰੇ ਸਨ।

ਹੁਣ ਮਹੰਤਨੀ ਈਸ਼ਰ ਕੌਰ ਨੂੰ ਬੁਲਾਇਆ ਗਿਆ ਅਤੇ ਝੱਬਰ ਨੇ ਉਸ ਨੂੰ ਕਿਹਾ "ਮਹੰਤਨੀ ਜੀ ਤੁਸਾਂ ਗੁਰਦੁਆਰੇ ਦੀ ਸੇਵਾ ਕੀਤੀ ਹੈ ਅਤੇ ਸਾਡਾ ਸਾਥ ਦਿੱਤਾ ਹੈ ਇਥੇ ਕਿਸੇ ਚੀਜ਼ ਦੀ ਕਮੀ ਨਹੀਂ ਆਹ ਪੰਜ ਬਿਸਤਰੇ ਪੰਜ ਮੰਜੇ, ਚੌਕੇ ਦੇ ਭਾਂਡੇ ਜਿਨੇ ਲੋੜ ਹਨ ਲੈ ਲਓ, ਇਸ ਤੋਂ ਇਲਾਵਾ ੧੦੧ ਰੁਪੈ ਅਸੀਂ ਤੈਨੂੰ ਆਪਣੀ ਖੁਸ਼ੀ ਨਾਲ ਦੇਂਦੇ ਹਾਂ" ਮਹੰਤਨੀ ਸਾਰਾ ਸਾਮਾਨ ਲੈ ਕੇ ਭੰਡੋੜ ਚਲੀ ਗਈ।

## ਭੋਜੀਆਂ ਜ਼ਿਲਾ ਮਿੰਟਗੁਰੀ ਵਾਲੇ ਭਾਈ ਵਰਿਆਮ ਸਿੰਘ ਜੀ ਸ਼ਹੀਦ

ਪੋਹ ਸੰਨ ੧੯੨੦-੨੧ ਦੀ ਗੱਲ ਹੈ ਕਿ ਇਕ ਦਿਨ ਝੱਬਰ ਤੇ ਇਨਾਂ ਦੇ ਜਥੇ ਦੇ ਸਿੰਘ ਗੁਰਦਵਾਰਾ ਮੱਚੇ ਸੌਂਦੇ ਬੈਠੇ ਸੀ



Digitized by Panjab Digital Library | www.panjabdigilib.org

ਕਿ ਇਕ ਪ੍ਰੇਮੀ ਸਿਖ ਆਇਆ ਤੇ ਮਥਾ ਟੇਕ ਕੇ ਨੇੜੇ ਹੀ ਬੈਠ ਗਿਆ ਥੋੜੇ ਚਿਰ ਪਿਛੋਂ ਓਪਰਾ ਆਦਮੀ ਜਾਣ ਕੇ ਝੱਬਰ ਨੇ ਉਸ ਨੂੰ ਪੁਛਿਆ ਕਿ ਭਾਈ ਪਰੇਮੀਆਂ ਤੂੰ ਮਥਾ ਟੇਕ ਲਿਆ ਹੈ ਹੁਣ ਤੂੰ ਜਿਧਰ ਜਾਣਾ ਹੈ ਜਾਹ ਉਹ ਪਰੇਮੀ ਬੋਲਿਆ ਖਾਲਸਾ ਜੀ ਮੈਂ ਤਾਂ ਹੋਰ ਕਿਤੇ ਨਹੀਂ ਜਾਣਾ, ਜਿਥੇ ਜਾਣਾ ਸੀ ਮੈਂ ਪਹੁੰਚ ਗਿਆ ਹਾਂ ਝੱਬਰ ਜੀ ਨੇ ਕਿਹਾ ਭਾਈ ਏਥੇ ਤੇਰਾ ਕੀ ਕੰਮ ਹੈ, ਪਰੇਮੀ ਬੋਲਿਆ, ਕਿ ਮੈਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਹੁਕਮ ਹੈ, ਕਿ ਤੂੰ ਜਾ ਕੇ ਜਥੇ ਵਿੱਚ ਸ਼ਾਮਲ ਹੋ, ਤੇ ਗੁਰਦੁਆਰਿਆਂ ਦੀ ਸੇਵਾ ਕਰ–ਤੁਸੀਂ ਮੇਰੀ ਕਹਾਣੀ ਸੁਣੋ। ਪੁਛਣ ਤੇ ਇਸ ਨੇ ਆਪਣਾ ਨਾਮ ਵਰਿਆਮ ਸਿੰਘ ਅਤੇ ਪਿੰਡ ਭੋਜੀਆਂ ਜ਼ਿਲਾ ਮਿੰਟਗੁਮਰੀ ਦਸਿਆ ਤੇ ਆਪਣੀ ਕਹਾਣੀ ਇਉਂ ਸੁਣਾਈ "ਕਲ ਦੀ ਗੱਲ ਹੈ ਕਿ ਮੈਂ ਆਪਣੇ ਘਰ ਸੁਤਾ ਪਿਆ ਸੀ ਅੰਮ੍ਰਿਤ ਵੇਲੇ ਮੇਰੇ ਘਰ ਸ੍ਰੀ ਕਲਗੀਧਰ ਜੀ ਆਏ ਤੇ ਮੈਨੂੰ ਬਾਹੋਂ ਪਕੜ ਕੇ ਉਠਾ ਕੇ ਆਖਿਆ, ਭਾਈ ਸਿਖਾ ਜਾਗ–ਹੁਣ ਸੌਣ ਦਾ ਵੇਲਾ ਨਹੀਂ-ਜਾਹ ਤੂੰ ਅਕਾਲੀ ਸਿੰਘਾਂ ਨਾਲ ਰਲ ਕੇ ਗੁਰਦੁਆਰਿਆਂ ਦੀ ਸੇਵਾ ਕਰ। ਮੈਂ ਸੋਚੀਂ ਪੈ ਗਿਆ ਕਿ ਇਹ ਕੀ ਹੁਕਮ ਹੋਇਆ ਹੈ ਉਹ ਅਕਾਲੀ ਕਿਥੇ ਤੇ ਕੌਣ ਹਨ। ਸਾਡੇ ਪਿੰਡ ਭਾਈ ਹੇਮ ਸਿੰਘ ਹਵਾਲਦਾਰ ਪੈਨਸ਼ਨਰ ਰਹਿੰਦਾ ਹੈ ਉਸ ਪਾਸ ਅਖਬਾਰ ਆਉਂਦਾ ਹੈ। ਮੈਂ ਭਾਈ ਹੇਮ ਸਿੰਘ ਨੂੰ ਜਾ ਕੇ ਪੁਛਿਆ ਤਾਂ ਉਸ ਨੇ ਮੈਨੂੰ ਦਸਿਆ ਕਿ ਅਕਾਲੀ ਸਿੰਘ ਨਵੇਂ ਨਿਕਲੇ ਹਨ, ਤੇ ਉਨਾਂ ਵੱਡੇ ਵਡੇ ਗੁਰਦਵਾਰੇ ਮੱਲ ਲਏ ਹਨ ਤੇ ਅਕਾਲ ਤਖਤ ਸਾਹਿਬ ਰਹਿੰਦੇ ਹਨ ਤੂੰ ਸ੍ਰੀ ਅੰਮ੍ਰਿਤਸਰ ਜਾ ਕੇ ਉਨ੍ਹਾਂ ਨਾਲ ਮਿਲਕੇ ਸੇਵਾ ਕਰ ਤੈਨੂੰ ਗੁਰੂ ਸਾਹਿਬ ਜੀ ਨੇ ਆਪ ਆ ਕੇ ਹੁਕਮ ਕੀਤਾ ਹੈ, ਉਸ ਨੇ ੧ ਰੁਪੈਆ ਕੋਲੋਂ ਕਰਾਏ ਲਈ ਭੀ ਦਿਤਾ। ਮੈਂ ਘਰ ਨਹੀਂ ਗਿਆ ਕਿ ਮਤੇ ਘਰ ਦੇ ਜਾਣ ਨਾਂ ਦੇਣ। ਮੈਂ ਤਾਂਦਲਿਆਂ ਵਾਲੇ ਆ ਕੇ ਪ੍ਰਸ਼ਾਦ ਛਕਿਆ ਤੇ ਬਾਕੀ ਪੈਸਿਆਂ ਦਾ ਜੜਾਂਵਾਲੇ ਦਾ ਟਿਕਟ ਲੀਤਾ, ਮੇਰੀ ਗੱਡੀ ਜੜਾਂਵਾਲੇ



Digitized by Panjab Digital Library | www.panjabdigilib.org

ਪੁਜੀ ਤਾਂ ਖ` ਸਿੰਘ ਖਲੋਤੇ ਲਾਹੌਰ ਵਾਲੀ ਗੱਡੀ ਨੂੰ ਉਡੀਕ ਰਹੇ ਸੀ ਮੈਂ ਪੁਛਿਆ ਕਿ ਤੁਸੀਂ ਏਥੇ ਕੀ ਕਰ ਰਹੇ ਹੋ ਤਾਂ ਉਨ੍ਹਾਂ ਦਸਿਆ ਕਿ ਸਾਡੇ ਸਿੰਘ ਸ੍ਰੀ ਅੰਮ੍ਰਿਤਸਰ ਅਕਾਲੀਆਂ ਦਾ ਪਤਾ ਕਰਨ ਗਏ ਹੋਏ ਹਨ। ਖਬਰਾਂ ਸੁਨਣ ਲਈ ਉਨ੍ਹਾਂ ਨੂੰ ਉਡੀਕ ਰਹੇ ਹਾਂ ਮੈਂ ਉਨ੍ਹਾਂ ਨੂੰ ਆਪਣੀ ਸਾਰੀ ਕਥਾ ਸੁਣਾਈ ਤੇ ਕਿਹਾ ਕਿ ਮੈਂ ਉਨ੍ਹਾਂ ਕੋਲ ਜਾਣਾ ਹੈ ਇੱਕ ਸਿੰਘ ਨੇ ਬਾਹੜੀਆਂ ਵਾਲੇ ਦਾ ਟਿਕਟ ਮੈਨੂੰ ਲਿਆ ਦਿੱਤਾ ਤੇ ਆਖਿਆ ਕਿ ਇੱਕ ਜਥੇਦਾਰ ਝੱਬਰ ਸੱਚੇ ਸੌਦੇ ਰਹਿੰਦਾ ਹੈ, ਤੂੰ ਜਾ ਕੇ ਉਨ੍ਹਾਂ ਦੇ ਜਥੇ ਵਿੱਚ ਸ਼ਾਮਲ ਹੋ ਜਾ ਮੈਂ ਬਾਹੜੀਆ ਵਾਲੇ ਉਤਰ ਕੇ ਰਾਤ ਮਹਾਰਾਣੀ ਨਕੈਣ ਦੇ ਗੁਰਦੁਵਾਰੇ ਸ਼ੇਖੂਪੁਰੇ ਆਇਆਂ, ਮਹੰਤ ਨੇ ਨਾ ਮੈਨੂੰ ਰੋਟੀ ਦਿੱਤੀ ਤੇ ਨਾ ਹੀ ਮੰਜੀ ਕਪੜਾ ਦਿੱਤਾ, ਮੈਂ ਰਾਤ ਡਿਊਢੀ ਦੀ ਇਕ ਗੁਠ ਵਿੱਚ ਬਿਨਾਂ ਕ੍ਪੜੇ ਦੇ ਕੱਟੀ ਦਿਨ ਚੜੇ ਮੈਨੂੰ ਬਾਜ਼ਾਰ ਵਿੱਚ ਭਾਈ ਜਗਤ ਸਿੰਘ ਬਜਾਜ਼ ਮਿਲਿਆ, ਮੇਰੀ ਰਾਤ ਦੀ ਗਲ ਸੁਣ ਕੇ ਆਪਣੇ ਘਰ ਲੈ ਗਿਆ ਤੇ ਚਾਹ ਬਣਾ ਕੇ ਛਕਾਈ ਅਤੇ ਦੋ ਆਨੇ ਦੇ ਪੈਸੇ ਦਿਤੇ ਤੇ ਮੈਂ ਗੱਡੀ ਚੜ੍ਹਕੇ ਸ਼ੇਖੂਪੁਰੇ ਤੋਂ ਚੂਹੜਕਾਣੇ ਉਤਰ ਕੇ ਆਪ ਜੀ ਦੇ ਪਾਸ ਪੁੱਜਾ ਹਾਂ। ਤੁਸੀਂ ਮੈਨੂੰ ਅਕਾਲੀ ਬਨਾਓ'' ਝੱਬਰ ਨੇ ਕਿਹਾ, ਭਾਈ ਵਰਿਆਮ ਸਿੰਘ ਜੀ ਤੁਸੀਂ ਸਾਨੂੰ ਹੇਮ ਸਿੰਘ ਹੌਲਦਾਰ ਦਾ ਪੂਰਾ ਪੂਰਾ ਪਤਾ ਲਿਖਾਓ ਅਸੀਂ ਉਹਨੂੰ ਚਿਠੀ ਲਿਖਦੇ ਹਾਂ ਜੇ ਉਸ ਨੇ ਤੁਹਾਡੀ ਆਪਣੀ ਕੀਤੀ ਕਹਾਣੀ ਦੀ ਪ੍ਰੋੜਤਾ ਕੀਤੀ ਤਾਂ ਅਸੀਂ ਤੁਹਾਡੀ ਸਾਰੀ ਗੱਲ ਤੇ ਇਤਬਾਰ ਕਰਾਂਗੇ ਕਿਉਂਕਿ ਤੁਸਾਂ ਨੂੰ ਅਸੀਂ ਜਾਣਦੇ ਨਹੀਂ ਵਰਿਆਮ ਸਿੰਘ ਨੇ ਪਤਾ ਦਸਿਆ ਤਾਂ ਉਸੇ ਵੇਲੇ ਭਾਈ ਹੇਮ ਸਿੰਘ ਜੀ ਨੂੰ ਚਿਠੀ ਲਿਖ ਦਿਤੀ ਗਈ ਇਸ ਦਾ ਪੰਜਵੇਂ ਦਿਨ ਉਤਰ ਆਇਆ ਕਿ ਭਾਈ ਵਰਿਆਮ ਸਿੰਘ ਸਾਡੇ ਪਿੰਡ ਦਾ ਹੈ ਤੇ ਇਸ ਨੇ ਜੋ ਕੁਝ ਤੁਹਾਨੂੰ ਆਖਿਆ ਹੈ ਉਹ ਠੀਕ ਹੈ ਚਿਠੀ ਪੜ੍ਹ ਕੇ ਸਿੰਘ ਬੜੇ ਖੁਸ਼ੀ ਹੋਏ। ਭਾਈ ਵਰਿਆਮ ਸਿੰਘ ਜੀ ਨੇ ੧੫ ਦਿਨ ਗੁਰੂ ਕੇ ਲੰਗਰ ਵਿੱਚ ਫੁਲਕੇ ਪਕਾਣ ਦੀ ਸੇਵਾ ਕੀਤੀ।



Digitized by Panjab Digital Library | www.panjabdigilib.org

ਪੰਜੇ ਸਾਹਿਬ ਰਹਿੰਦਿਆਂ ਇੱਕ ਬੂਟਾ ਸਿੰਘ ਨਾਮੇ ਸਿਖ ਝੱਬਰ ਦੇ ਪਾਸ ਰਿਹਾ ਸੀ ਇਹ ਪੋਠੋਹਾਰੀ ਪ੍ਰੇਮੀ ਘਰੋਂ ਸਿਧਾ ਸ੍ਰੀ ਨਨਕਾਣੇ ਸਾਹਿਬ ਪੁਜਾ ਅਤੇ ਉਨ੍ਹੀ ਦਿਨੀ ਹੀ ਜਦੋਂ ਭ: ਵਰਿਆਮ ਸਿੰਘ ਸਚੇ ਸੌਦੇ ਆਇਆ ਇਸ ਨੇ ਇਥੇ ਆਕੇ ਆਪਣੀ ਬੀਤੀ ਇਉਂ ਸੁਣਾਈ ਝੱਬਰ ਜੀ ਮੈਂ ਨਨਕਾਣੇ ਸਾਹਿਬ ਜਾ ਕੇ ਰਾਤ ਰਿਹਾ ਸਵੇਰੇ ਉਠ ਕੇ ਸਰੋਵਰ ਤੋਂ ਇਸ਼ਨਾਨ ਕਰਕੇ ਮਥਾ ਟੇਕਣ ਜਾ ਰਿਹਾ ਸੀ। ਤਾਂ ਦੋ ਪਠਾਨਾਂ ਨੇ ਮੈਨੂੰ ਪਕੜ ਲਿਆ ਮੇਟੀ ਤਲਾਸ਼ੀ ਲੈ ਕੇ ਮੇਰੇ ਪ) ਤੇ ਗਾਤ੍ਰੇ ਵਾਲੀ ਕ੍ਰਿਪਾਨ ਖੋਹ ਲਈ ਮੈਂ ਮਹੰਤ ਨਰੈਣ ਦਾਸ ਕੋਲ ਬੈਠਕ ਵਿੱਚ ਗਿਆ ਤੇ ਜਾ ਕੇ ਕਿਹਾ ਕਿ ਪਠਾਨਾਂ ਨੇ ਮੇਰੇ ਪ) ਤੇ ਕ੍ਰਿਪਾਨ ਖੋਹ ਲਈ ਹੈ। ਮਹੰਤ ਨੇ ਮੈਨੂੰ ਪੁਛਿਆ ਕਿ ਤੂੰ ਕਿਥੋਂ ਆਇਆ ਹੈ ਮੈਂ ਕਿਹਾ ਪੰਜੇ ਸਾਹਿਬ ਤੋਂ ਮੇਰੀ ਗੱਲ ਸੁਨ ਕੇ ਮਹੰਤ ਨੇ ਆਖਿਆ ਤੂੰ ਏਥੇ ਆਇਆ ਹੀ ਕਿਉਂ ਸੀ ਏਥੇ ਕੋਈ ਮੇਲਾ ਸੀ? ਮਹੰਤ ਨੇ ਮੇਰੀ ਕੋਈ ਗੱਲ ਨਾ ਸੁਨੀ ਅਖੀਰ ਮੈਂ ਚਲਾ ਆਇਆ। ਮੈਨੂੰ ਇੱਕ ਸ਼ਹਿਰ ਦੇ ਸਿੰਘ ਨੇ ਦਸਿਆ ਕਿ "ਮਹੰਤ ਨੇ ਇਹ ਪਠਾਨ ਨੌਕਰ ਰਖੇ ਹੋਏ ਹਨ ਜੋ ਕ੍ਰਿਪਾਨ ਧਾਰੀ ਸਿਖ ਆਵੇ ਉਸ ਨੂੰ ਇਹ ਇਸੇ ਤਰ੍ਹਾਂ ਬੇ ਇਜ਼ਤ ਕਰਦੇ ਹਨ, ਕਲ ਭਾਈ ਸੰਤ ਸਿੰਘ ਪਸਾਰੀ ਨੂੰ ਮਹਤ ਨੇ ਜੁਤੀਆਂ ਮਾਰੀਆਂ ਸਨ. ਏਥੇ ਸਿਖਾਂ ਨਾਲ ਬਹੁਤ ਬੁਰੀ ਪਈ ਹੁੰਦੀ ਹੈ ਤੂੰ ਏਥੋਂ ਚਲਾ ਜਾਹ।" ਮੈਂ ਨਨਕਾਣੇ ਸਾਹਿਬ ਤੋਂ ਪੈਦਲ ਚਲ ਕੇ ਆਇਆ ਹਾਂ ਕਿਉਂਕਿ ਮੇਰੇ ਪਾਸ ਕਰਾਇਆ ਨਹੀਂ ਸੀ। ਇਹ ਗੱਲ ਸੁਣ ਕੇ ਝੱਬਰ ਨੇ ਭਾਈ ਵਰਿਆਮ ਸਿੰਘ ਜੀ ਨੂੰ ਨਨਕਾਣੇ ਸਾਹਿਬ ਆਪਣਾ ਬਿਜਲਾ ਸਿੰਘ ਭਾਵ ਗੁਪਤਚਰ ਮੁਕੱਰਰ ਕਰਕੇ ਘਲਿਆ ਤੇ ਸਮਝਾਇਆ ਕਿ ਉਥੇ ਭਾਈ ਉਤਮ ਸਿੰਘ ਕਾਰਖਾਨੇ ਵਾਲਾ ਹੈ, ਜਦ ਤੈਨੂੰ ਕੋਈ ਲੋੜ ਪਵੇ ਤੂੰ ਉਸ ਪਾਸ ਜਾਣਾ ਤੇ ਉਸ ਨੂੰ ਆਪਣਾ ਸਾਰਾ ਭੇਤ ਭੀ ਦਸ ਦੇਣਾ ਕਹਿਣਾ ਕਿ ਮੈਨੂੰ ਝੱਬਰ ਨੇ ਘਲਿਆ ਹੈ। ਭਾਈ ਵਰਿਆਮ ਸਿੰਘ ਨੇ ਗੇਰੂ ਰੰਗ ਮੰਗਵਾ ਕੇ ਕਪੜੇ ਰੰਗ ਲਏ, ਅਗਲੇ ਦਿਨ ਉਦਾਸੀ ਸਾਧੂ ਬਣ ਕੇ ਨਨਕਾਣੇ ਸਾਹਿਬ ਪੁਜ



Digitized by Panjab Digital Library | www.panjabdigilib.org

ਗਿਆ। ਲੰਗਰੋ ਪ੍ਰਸ਼ਾਦਾ ਛਕ ਕੇ ਉਥੇ ਹੀ ਫਿਰਦਾ ਟੁਰਦਾ ਦਿਨ ਗੁਜ਼ਾਰ ਛਡਦਾ ਅਤੇ ਆਪਣੀ ਖਬਰ ਜੋ ਪਤਾ ਲਗੇ ਲਿਖਦਾ ਰਿਹਾ। ਇਕ ਹਫਤੇ ਪਿਛੋਂ ਗੁਰਦੁਆਰੇ ਦੇ ਮਹੰਤ ਦੇ ਆਦਮੀਂ ਇਸ ਨੂੰ ਤਾੜ ਗਏ। ਤੇ ਪੁਛਿਆ ਕਿ ਤੂੰ ਕਿਹੜੀ ਸ੍ਰੇਣੀ ਦਾ ਉਦਾਸੀ ਸਾਧੂ ਹੈ। ਇਹ ਦੱਸ ਨਾ ਸਕਿਆ। ਉਨ੍ਹਾਂ ਤਾੜਿਆ ਤੇ ਕਿਹਾ ਜੇ ਭਲਾ ਮਾਨਸ ਹੈ, ਤਾਂ ਏਥੋਂ ਚਲਾ ਜਾਹ। ਉਤਰ ਵਿਚ ਭਾਈ ਵਰਿਆਮ ਸਿੰਘ ਨੇ ਆਖਿਆ ਕਿ ਭਾਈ ਮੈਂ ਤਾਂ ਨਵਾਂ ਨਵਾਂ ਸਾਧੂ ਬਣਿਆ ਸੀ। ਚੰਗਾ ਜੇ ਤੁਸੀਂ ਨਹੀਂ ਰਹਿਣ ਦਿੰਦੇ ਤਾਂ ਮੈਂ ਗ੍ਰਿਸਤੀ ਬਣ ਜਾਂਦਾ ਹਾਂ। ਕਿਸੇ ਦੀ ਨੌਕਰੀ ਕਰਕੇ ਗੁਜ਼ਾਰਾ ਕਰ ਲਵਾਂਗੇ। ਫਿਰ ਇਹ ਭਾਈ ਉਤਮ ਸਿੰਘ ਪਾਸ ਗਿਆ, ਤੇ ਉਸ ਨੂੰ ਸਾਰੀ ਹੱਡ ਬੀਤੀ ਸੁਣਾਈ। ਭਾਈ ਉਤਮ ਸਿੰਘ ਨੇ ਇਕ ਕਾਪੀ ਤੇ ਪੈਂਨਸਲ ਦਿਤੀ ਤੇ ਕਿਹਾ ਕਿ ਤੂੰ ਕਪੜੇ ਚਿਟੇ ਕਰ ਲੈ, ਤੇ ਜਿਥੇ ਮਰਜ਼ੀ ਹੋਵੇ ਫਿਰ ਕੇ ਆਪਣਾ ਕੰਮ ਕਰਿਆ ਕਰ ਜੇ ਕੋਈ ਪੁਛੇ ਤਾਂ ਕਹਿਣਾ ਕਿ ਮੈਂ ਸ: ਉਤਮ ਸਿੰਘ ਦਾ ਮੁਨਸ਼ੀ ਹਾਂ। ਪ੍ਰਸ਼ਾਦ ਦੇ ਵਕਤ ਸਾਡੇ ਘਰ ਆ ਜਾਣਾ ਅਤੇ ਛਕ ਜਾਇਆ ਕਰਨਾ, ਹੁਣ ਵਰਿਆਮ ਸਿੰਘ ਜੀ ਮੁਨਸ਼ੀ ਬਣ ਕੇ ਰਹਿਣ ਲਗੇ। ਅਤੇ ਸਚੇ ਸੌਦੇ ਆਪਣੀ ਰਪੋਰਟ ਭੇਜਦੇ ਰਹਿੰਦੇ ਇਕ ਚਿਠੀ ਵਿੱਚਸਿੰਧ ਦੀ ੧੨-੧੩ ਸਾਲ ਦੀ ਕੰਨਿਆਂ ਦਾ ਗੁਰਦੁਆਰੇ ਅੰਦਰ ਪੁਜਾਰੀ ਸਾਧੂ ਨੇ ਜਿਵੇਂ ਜਬਰੀ ਸਤ ਭੰਗ ਕੀਤਾ ਇਹ ਸਾਰੀ ਕਹਾਣੀ ਲਿਖੀ। ਦੂਜੀ ਵਿਚ ਮਹੰਤ ਨੇ ਮੁਕਤਸਰ ਤੋਂ ਜੋ ੫੦੦ ਸਾਧੂ ਆਪਣੀ ਰਾਖੀ ਲਈ ਮੰਗਾਇਆ ਸੀ ਉਹ ਭੀ ਲਿਖਿਆ ਜਦ ਸਾਧੂਆਂ ਨੂੰ ਦਸਿਆ ਗਿਆ ਕਿ ਏਥੇ ਅਕਾਲੀਆਂ ਨੇ ਕਬਜ਼ਾ ਕਰਨ ਲਈ ਆਉਣਾ ਹੈ ਤੇ ਤੁਹਾਨੂੰ ਉਹਨਾਂ ਨਾਲ ਲੜਨਾਂ ਹੈ ਤਾਂ ਉਹਨਾਂ ਸਾਧੂਆਂ ਨੇ ਆਪਸ ਵਿੱਚ ਬੈਠਕੇ ਵੀਚਾਰ ਕੀਤੀ ਕਿ ਸਾਨੂੰ ਕੀ ਲੋੜ ਹੈ ਕਿ ਅਕਾਲੀਆਂ ਨਾਲ ਲੜੀਏ। ਇਨ੍ਹਾਂ ਨੇ ਮਹੰਤ ਨੂੰ ਆਪਣੇ ਪਾਸ ਬੁਲਾ ਕੇ ਆਖਿਆ ਕਿ ਅਸਾਂ ਸੁਣਿਆ ਹੈ ਕਿ ਏਥੇ ਸਿੰਘਾਂ ਨੇ ਕਬਜ਼ਾ ਕਰਨ ਲਈ ਆਉਣਾ ਹੈ, ਜੇ ਤੂੰ ਗੁਰਦੁਆਰਾ ਉਦਾਸੀ



Digitized by Panjab Digital Library | www.panjabdigilib.org

ਭੇਖ ਦੀ ਕਮੇਟੀ ਨੂੰ ਜੋ ਅਸੀਂ ਬਨਾਈ ਹੈ ਦੇ ਦੇਵੇਂ ਤਾਂ ਅਸੀਂ ਏਥੇ ਰਹਿੰਦੇ ਹਾਂ। ਜੇ ਤੂੰ ਕਮੇਟੀ ਨਾ ਮੰਨੇ ਤਾਂ ਸਾਨੂੰ ਕੀ ਲੋੜ ਹੈ ਕਿ ਅਸੀਂ ਅਕਾਲੀਆਂ ਨਾਲ ਲੜ ਕੇ ਸਿਰ ਪੜਵਾਈਏ। ਮਹੰਤ ਨਰੈਣ ਦਾਸ ਨੇ ਇਨਕਾਰ ਕਰ ਦਿਤਾ ਤੇ ਸਾਧੂ ਅਗਲੇ ਦਿਨ ਕੂਚ ਕਰ ਗਏ। ਤੀਜੀ ਚਿਠੀ ਵਿਚ ਉਸਨੇ ਲਿਖਿਆ ਕਿ ਮਹੰਤ ਨਰੈਣ ਦਾਸ ਲਾਹੌਰ ਹਿੰਦੂ ਲੀਡਰਾਂ ਪਾਸ ਗਿਆ ਹੈ। ੩੦੦੦) ਲਾਲਾ ਲਾਜਪਤ ਰਾਇ ਨੂੰ ਬੰਦੇ ਮਾਤ੍ਰਮ ਅਖਬਾਰ ਵਾਸਤੇ ਸਹੈਤਾ ਦਿਤੀ ਹੈ। ਤੇ ਆਖਿਆ ਹੈ ਕਿ ਮੇਰੀ ਮਦਦ ਕਰੋ। ਲਾਹੌਰ ਲਾਲਾ ਲਾਜਪਤ ਰਾਇ ਦੀ ਕੋਠੀ ਵਿਚ ਮੀਟਿੰਗ ਹੋ ਕੇ ਨਨਕਾਣੇ ਸਾਹਿਬ ਵਾਸਤੇ ਹਿੰਦੂ ਲੀਡਰਾਂ ਦਾ ਇਕ ਟ੍ਰਸਟ ਬਨਾਇਆ ਗਿਆ ਤੇ ਅਦਾਲਤ ਵਿੱਚ ਰਜਿਸਟ੍ਰਡ ਹੋਣਾ ਪਾਸ ਹੋਇਆ। ਸਾਰੀ ਗੱਲ ਬਾਤ ਹੋ ਜਾਨ ਦੇ ਮਗਰੋਂ ਮਹੰਤ ਨੇ ਕਿਹਾ, ਲਾਲਾ ਜੀ ਟ੍ਰਸਟ ਦੇ ਮੈਂਬਰ ਤਾਂ ਤੁਸਾਂ ਸਾਰੇ ਲਹੌਰ ਦੇ ਰਹਿਣ ਵਾਲੇ ਬਨਾਏ ਹਨ। ਜਦ ਓਥੇ ਅਕਾਲੀਆਂ ਦੇ ਜਥੇ ਕਬਜ਼ਾ ਕਰਨ ਲਈ ਆਉਣਗੇ ਤਾਂ ਉਨਾਂ ਨੂੰ ਕੌਣ ਰੋਕੇਗਾ? ਉਤਰ ਵਿੱਚ ਲਾਲਾ ਜੀ ਨੇ ਆਖਿਆ ਕਿ ਜਥਿਆਂ ਨੂੰ ਰੋਕਣਾਂ ਟ੍ਰਸਟ ਦਾ ਕੰਮ ਤਾਂ ਨਹੀਂ ਇਹ ਤਾਂ, ਮਹੰਤ ਸਾਹਿਬ ਆਪ ਹੀ ਨੇ ਰੋਕਣਾ ਹੈ। ਮਹੰਤ ਨੇ ਕਿਹਾ ਤਾਂ ਫਿਰ ਮੈਨੂੰ ਗੁਰਦੁਆਰੇ ਦਾ ਟ੍ਰਸਟ ਬਨਾਉਣ ਦੀ ਲੋੜ ਨਹੀਂ ੩੦੦੦) ਬੰਦੇ ਮਾਤ੍ਰਮ ਵਾਲਾ ਤਾਂ ਲਾਲਾ ਜੀ ਪਾਸ ਰਿਹਾ ਅਤੇ ਮਹੰਤ ਉਥੋਂ ਉਠ ਆਇਆ ਤੇ ਟ੍ਰਸਟ ਏਥੇ ਹੀ ਖਤਮ ਹੋ ਗਿਆ।

ਇਸੇ ਦੌਰਾਨ ਵਿਚ ਝੱਬਰ ਜੀ ਦੇ ਇਕ ਹੋਰ ਸੂਹੀਏ* ਸ:

*ਇਹ ਸ: ਅਵਤਾਰ ਸਿੰਘ ਸ਼ਰੀਕੇ ਵਿਚੋਂ ਝੱਬਰ ਜੀ ਦਾ ਭਤੀਜਾ ਸੀ ਅਤੇ ਸ਼ਿਤਾਬ ਗੜ੍ਹ ਵਿਆਹਿਆ ਹੋਇਆ ਸੀ। ਸ਼ਤਾਬ ਗੜ੍ਹੀਏ ਮਹੰਤ ਸੁੰਦਰ ਦਾਸ ਨਾਲ ਇਸਦੇ ਚੰਗ ਤੁਅੱਲਕਾਤ ਸਨ। ਅਵਤਾਰ ਸਿੰਘ ਸੁੰਦਰ ਦਾਸ ਹੋਰਾਂ ਨੂੰ ਖੂਬ ਖੁਆਂਦਾ ਪਿਆਂਦਾ ਰਹਿੰਦਾ ਸੀ ਅਤੇ ਇਸ ਕਰਕੇ ਝੱਬਰ ਜੀ ਨੇ ਇਸਨੂੰ ਮਹੰਤਾਂ ਦੇ ਹੋਰ ਨੇੜੇ ਰਹਿਣ ਅਤੇ ਭੇਤ ਲੈਣ ਲਈ ਹਿਦਾਇਤ ਕੀਤੀ ਹੋਈ ਸੀ ਜਿਸਨੂੰ ਅਵਤਾਰ ਸਿੰਘ ਨੇ ਬੜੀ ਵਫ਼ਾਦਾਰੀ ਨਾਲ ਨਿਭਾਇਆ। ਜਿਸਦਾ ਜ਼ਿਕਰ ਪਾਠਕ ਅਗੇ ਪੜ੍ਹਨਗੇ।



Digitized by Panjab Digital Library | www.panjabdigilib.org

ਅਵਤਾਰ ਸਿੰਘ ਨੇ ਖਬਰ ਦਿਤੀ ਕਿ ਮਹੰਤ ਨਰੈਣ ਦਾਸ ਅਤੇ ਉਸ ਦੇ ਹੋਰ ਸਾਥੀ ਉਦਾਸੀ ਮਹੰਤਾਂ ਨੇ ਪੰਜਾਹ ਹਜ਼ਾਰ ਰੁਪੈਆ ਇਕਠਾ ਕਰਕੇ ਲਾਹੌਰ ਦੇ ਕਮਿਸ਼ਨਰ ਕਿੰਗ ਸਾਹਿਬ ਨੂੰ ਦਿਤਾ ਹੈ ਅਤੇ ਉਸ ਨੂੰ ਆਪਣੇ ਹਥਾਂ ਵਿਚ ਕਰ ਲਿਆ ਹੈ, ਚੁਨਾਂਚਿ ਜਦੋਂ ਫਰਵਰੀ ਦੇ ਅਰੰਭ ਵਿਚ ਝੱਬਰ ਜੀ ਲਾਹੌਰ ਅਕਾਲੀ ਅਖਬਾਰ ਦੇ ਪ੍ਰੈਸ ਤੋਂ ਸੱਚੇ ਸੌਦੇ ਦੇ ੭-੮-੯ ਫਰਵਰੀ ਨੂੰ ਹੋਣ ਵਾਲੇ ਮੇਲੇ ਦਾ ਇਸ਼ਤਿਹਾਰ ਲੈਣ ਦੇ ਸੰਬੰਧ ਵਿਚ ਪ੍ਰੈਸ ਵਿਚ ਪੁਜੇ ਤਾਂ ਉਨ੍ਹਾਂ ਨੂੰ ਸ: ਪ੍ਰਤਾਪ ਸਿੰਘ ਸੇਖੋਂ ਐਡੀਟਰ ਅਕਾਲੀ ਨੇ ਕਿੰਗ ਕਮਿਸ਼ਨਰ ਵਲੋਂ ਜਾਰੀ ਕੀਤੀ ਗਈ ਇਕ ਚਿਠੀ ਦਿਤੀ ਜਿਸ ਵਿਚ ਉਸਨੇ ਗੁਰਦਵਾਰਿਆਂ ਦੇ ਮਹੰਤਾਂ ਦੀ ਹੌਸਲਾ ਅਫਜਾਈ ਕਰਦੇ ਹੋਏ ਉਨ੍ਹਾਂ ਨੂੰ ਖਰਚ ਭਰਨ ਪਰ ਪੋਲੀਸ ਦੀ ਰਾਖੀ ਦਾ ਭਰੋਸਾ ਦਿਵਾਇਆ ਸੀ ਅਤੇ ਨਾਲ ਹੀ ਫ਼ੌਜਦਾਰੀ ਅਦਾਲਤਾਂ ਰਾਹੀਂ ਆਪਣੇ ਗੁਰਦਵਾਰੇ ਅਤੇ ਸੰਬੰਧਤ ਜਾਇਦਾਦਾ ਮਹਿਫੂਜ਼ ਕਰਨ ਦਾ ਮਸ਼ਵਰਾ ਦਿਤਾ ਸੀ, ਇਸ ਚਿਠੀ ਦੀ ਤਸ਼ਰੀਹ ਝੱਬਰ ਜੀ ਨੇ ਸ: ਮਹਿਤਾਬ ਸਿੰਘ, ਜੋ ਉਸ ਸਮੇਂ ਸਰਕਾਰੀ ਵਕੀਲ ਸਨ, ਪਾਸੋਂ ਕਰਵਾਈ ਅਤੇ ਉਨ੍ਹਾਂ ਝਬਰ ਜੀ ਨੂੰ ਕਿਹਾ ਕਿ ਤੁਹਾਨੂੰ ਸਭ ਤੋਂ ਪਹਿਲੋਂ ਨਨਕਾਣਾ ਸਾਹਿਬ ਦੇ ਗੁਰਦਵਾਰੇ ਸੰਭਾਲਨੇ ਚਾਹੀਦੇ ਹਨ, ਹੋ ਸਕਦਾ ਹੈ ਸਰਕਾਰ ਛੇਤੀ ਹੀ ਤੁਹਾਨੂੰ ਗਰਿਫਤਾਰ ਕਰ ਲਵੇ ਅਤੇ ਗੁਰਦਵਾਰਿਆਂ ਦੇ ਕਬਜ਼ੇ ਹੋਣ ਵਿਚ ਰੋਕ ਪਾ ਦੇਵੇ।

ਜਿਸ ਦਿਨ ਸਿੰਧ ਦੀ ਲੜਕੀ ਦੇ ਗੁਰਦੁਆਰੇ ਦੀ ਨਿੱਕੀ ਡਿਊੜੀ ਦੇ ਕਮਰੇ ਵਿੱਚ ਸਤ ਭੰਗ ਹੋਣ ਦੀ ਖਬਰ ਭਾਈ ਵਰਿਆਮ ਸਿੰਘ ਦੀ ਲਿਖੀ ਹੋਈ ਆਈ ਤਾਂ ਸਚੇ ਸੌਦੇ ਝੱਬਰ ਨੇ ਆਪਣੇ ਸਾਥੀਆਂ ਨੂੰ ਇਹ ਖਬਰ ਸੁਣਾਈ। ਸੁਣ ਕੇ ਭਾਈ ਬਲਵੰਤ ਸਿੰਘ ਮਿਰਜ਼ੇ ਵਾਲਾ ਜੋ ਕੋਲ ਹੀ ਬੈਠਾ ਸੀ। ਬੋਲਿਆ ਕਿ ਦਸ ਦਿਨ ਦੀ ਗੱਲ ਹੈ ਸਾਡੇ



Digitized by Panjab Digital Library | www.panjabdigilib.org

ਪਿੰਡ ਦੇ ਦੋ ਕੰਬੋ ਸਿੰਘ ਰਾਤ ਗੁਰਦੁਆਰੇ ਰਹੇ ਸੀ। ਇਕ ਨੇ ਗੱਲ ਕੀਤੀ ਕਿ ਐਤਕੀ ਭਾਦਰੋਂ ਦੀ ਮਸਿਆ ਤੇ ਲਾਇਲਪੁਰ ਦੇ ਇਕ ਚੱਕ ਵਿਚੋਂ ੬ ਔਰਤਾਂ ਦੁਧ, ਮੱਖਣ ਤੇ ਖੀਰ ਭੇਟ ਕਰਨ ਵਾਸਤੇ ਨਨਕਾਣੇ ਸਾਹਿਬ ਆਈਆਂ ਮੁੜ ਕੇ ਗੱਡੀ ਆਵਨ ਵਿਚ ਦੇਰੀ ਹੋ ਗਈ ਤੇ ਉਹ ਗੱਡੀ ਤੋਂ ਰਹਿ ਗਈਆਂ। ਮੁੜ ਕੇ ਗੁਰਦੁਆਰੇ ਜਨਮ ਅਸਥਾਨ ਆਈਆਂ। ਪੁਜਾਰੀ ਸਾਧੂ ਨੇ ਜੋ ਗੁਰਦਵਾਰੇ ਦੇ ਅੰਦਰ ਦੱਖਨ ਪਾਸੇ ਦੇ ਕਮਰੇ ਸੀ ਇਨ੍ਹਾਂ ਵਿਚ ਉਨਾਂ ਨੂੰ ਰਹਿਣ ਲਈ ਜਗ੍ਹਾ ਦਿਤੀ ਅਤੇ ਰਾਤ ਨੂੰ ਉਨਾਂ ਛੇਆਂ ਹੀ ਔਰਤਾਂ ਦਾ ਸਾਧੂਆਂ ਨੇ ਸਤ ਭੰਗ ਕੀਤਾ।

## ਸ਼੍ਰੋਮਣੀ ਅਕਾਲੀ ਦਲ

ਜਦ ਪੰਜਾ ਸਾਹਿਬ ਕਬਜ਼ਾ ਕਰਨ ਪਿਛੋਂ ਤੀਜੇ ਦਿਨ ਦੋ ਢਾਈ ਹਜ਼ਾਰ ਦੀ ਗਿਣਤੀ ਵਿੱਚ ਹਿੰਦੂਆਂ ਨੇ ਝੱਬਰ ਦੇ ਜਥੇ ਤੇ ਹਮਲਾ ਕੀਤਾ ਸੀ ਤਾਂ ਝੱਬਰ ਨੇ ਰਾਤ ਨੂੰ ਆਪਣੀ ਰੋਜ਼ਾਨਾ ਕਾਰਵਾਈ ਲਿਖਕੇ ਭੇਜੀ ਸੀ ਜੋ ਰੋਜ਼ਾਨਾ 'ਅਕਾਲੀ' ਅਖਬਾਰ ਲਾਹੌਰ ਵਿੱਚ ਛਪੀ ਸੀ। ਉਸ ਵਿਚ ਇਹ ਤਜਵੀਜ਼ ਲਿਖੀ ਸੀ ਕਿ ਸਾਨੂੰ ਇੱਕ ਜਥਾ ਕਾਇਮ ਕਰਨਾ ਚਾਹੀਦਾ ਹੈ। ਉਸ ਜਥੇ ਦੇ ੨੦੦ ਜੁਆਨ ਹੈਡ ਕੁਆਰਟਰ ਸ੍ਰੀ ਅੰਮ੍ਰਿਤਸਰ ਵਿੱਚ ਸਦਾ ਹਾਜ਼ਰ ਰਹਿਣ। ਜਿਥੇ ਲੋੜ ਪਵੇ ਉਥੇ ਮੌਕੇ ਸਿਰ ਪੁਜ ਜਾਇਆ ਕਰਨ।

ਗੁ: ਸੱਚਾ ਸੌਦਾ ਤੇ ਕਬਜ਼ਾ ਹੋ ਜਾਣ ਪਿਛੋਂ ਮਿਤੀ ੨੪ ਜਨਵਰੀ ੧੯੨੧ ਨੂੰ ਗੁ: ਕਮੇਟੀ ਦੀ ਮੀਟਿੰਗ ਸ੍ਰੀ ਅੰਮ੍ਰਿਤਸਰ ਹੋਈ। ਦੂਰ ਦੂਰ ਤੋਂ ਸਿੰਘ ਪੁਜੇ ਹੋਏ ਸਨ। ਸ੍ਰੀ ਅਕਾਲ ਤਖਤ ਸਾਹਿਬ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਝੱਬਰ ਨੇ ਪੰਜੇ ਸਾਹਿਬ ਦੇ ਕਬਜ਼ੇ ਦੇ ਦਿਲਚਸਪ ਹਾਲਾਤ ਸੁਣਾਏ ਅਤੇ ਪੇਸ਼ ਕੀਤਾ ਕਿ ਇਕ ਜਥਾ ਜਿਸ ਦਾ ਨਾਮ "ਅਕਾਲੀ ਦਲ" ਹੋਵੇ ਕਾਇਮ ਕੀਤਾ ਜਾਵੇ। ਉਸ ਦਾ ਹੈਡ ਕੁਆਰਟਰ ਸ੍ਰੀ ਅੰਮ੍ਰਿਤਸਰ ਵਿੱਚ ਹੋਵੇ। ਇਹ ਗੱਲ ਸੰਗਤ ਨੇ ਬੜੀ ਖੁਸ਼ੀ ਨਾਲ ਪ੍ਰਵਾਨ



Digitized by Panjab Digital Library | www.panjabdigilib.org

ਕੀਤੀ। ਪਰ ਭਾਈ ਅਰਜਨ ਸਿੰਘ ਧੀਰਕੇ ਜ਼ਿਲਾ ਅੰਮ੍ਰਿਤਸਰ ਨੇ ਇਸ ਜਥੇ ਦਾ ਨਾਮ 'ਗੁਰਦੁਆਰਾ ਸੇਵਕ ਦਲ' ਰਖਣ ਲਈ ਪੇਸ਼ ਕੀਤਾ। ਝੱਬਰ ਤੇ ਭਾਈ ਅਰਜਨ ਸਿੰਘ ਦੀ ਕੁਝ ਸਮਾਂ ਇਸ ਨਾਮ ਤੇ ਬਹਿਸ ਹੁੰਦੀ ਰਹੀ, ਹੋਰ ਸੱਜਨ ਭੀ ਹਿਸਾ ਲੈਂਦੇ ਰਹੇ। ਅਖੀਰ ਵਿਚ ਝੱਬਰ ਨੇ ਦਲੀਲ ਦਿਤੀ ਕਿ "ਸੇਵਕ" ਸ਼ਬਦ ਦਾ ਅਸਰ ਮਨੁਖ ਦਿਲ ਤੇ ਪੈ ਕੇ ਉਸ ਨੂੰ ਨਿਮਾਣਾ 'ਤੇ ਕਮਜ਼ੋਰ ਕਰਨ ਦਾ ਕਾਰਨ ਬਣਦਾ ਹੈ ਤੇ ਇਸ ਦੇ ਮੁਕਾਬਲੇ ਤੇ ਅਕਾਲੀ ਸ਼ਬਦ ਆਦਮੀ ਨੂੰ ਅਕਾਲੀ ਬੰਨਣ ਦਾ ਅਸਰ ਪਾਂਦਾ ਹੈ। 'ਅਕਾਲੀ' ਦੇ ਅਰਥ ਹਨ 'ਅਕਾਲ ਦਾ ਬੰਦਾ', ਪੁਰਾਨੀ ਤਾਰੀਖ ਭੀ ਦਸਦੀ ਹੈ ਕਿ ਜਥੇਦਾਰ ਅਕਾਲੀ ਫੂਲਾ ਸਿੰਘ ਜੀ ਨੇ ਅਕਾਲ ਰੈਜਮੈਂਟ ਕਾਇਮ ਕੀਤੀ। ਸ਼ੇਰੇ ਪੰਜਾਬ ਦੇ ਤਨਖਾਹ ਦਾਰ ਸਪਾਹੀਆਂ ਕੋਲੋਂ ਜਿਹੜੇ ਮੋਰਚੇ ਅੜਦੇ ਸੀ ਇਹ ਅਕਾਲੀ ਫੌਜਾਂ ਭਾਵ ਅਕਾਲ ਪੁਰਖ ਦੀਆਂ ਫੌਜਾਂ ਓਥੇ ਪਹੁੰਚ ਕੇ ਅੜੇ ਹੋਏ ਮੋਰਚੇ ਫਤਹਿ ਕਰਦੀਆ ਸਨਤੇ ਉਹ ਤਨਖਾਹ ਭੀ ਨਹੀ ਲੈਂਦੇ ਸਨ। ਇਸ ਲਈ ਇਸ ਵੇਲੇ ਸਾਨੂੰ ਭੀ ਐਸੇ ਗੁਰ ਸਿਖਾਂ ਦੀ ਲੋੜ ਹੈ ਜੋ ਪੰਥ ਪਾਸੋਂ ਤਨਖਾਹ ਆਦਿ ਤਾਂ ਨਾ ਮੰਗਣ ਪਰ ਆਪਨਾ ਤਨ ਮਨ ਧਨ ਗੁਰੂ ਕੇ ਅਰਪਨ ਕਰ ਦੇਣ, ਜਿਹਲਾਂ, ਫਾਂਸੀ, ਕਾਲੇ ਪਾਨੀ ਆਦਿ ਮਿਲਨ ਤਾਂ ਧੰਨ ਭਾਗ ਸਮਝਨ। ਅਜੇ ਪਤਾ ਨਹੀ ਗੁ: ਪ੍ਰਬੰਧ-ਸੁਧਾਰ ਲਈ ਕਿਤਨੇ ਕੁ ਮੋਰਚੇ ਲਾਣੇ ਪੈਣ" ਸਾਰੀ ਸੰਗਤ ਵਿਚੋਂ ਮਨਜ਼ੂਰੀ ਦੀ ਆਵਾਜ਼ ਆਈ। ਭੁਚਰ ਜੀ ਨੇ ਭੀ ਤਾਈਦ ਕੀਤੀ ਤੇ ਭਾਈ ਅਰਜਨ ਸਿੰਘ ਜ਼ੀ ਨੇ ਆਪਨਾ ਪੇਸ਼ ਕੀਤਾ ਨਾਮ ਵਾਪਸ ਲੈ ਲੀਤਾ। ਝੱਬਰ ਦਾ ਤਜਵੀਜ਼ ਕੀਤੀ ਹੋਇਆ ਨਾਮ "ਅਕਾਲੀ ਦਲ" ਸਰਬ ਸੰਮਤੀ ਨਾਲ ਪ੍ਰਵਾਨ ਹੋਇਆ ਅਤੇ ਇਸ ਤਰਾਂ ਸ੍ਰੋ: ਅਕਾਲੀ ਦਲ ਕਾਇਮ ਹੋ ਗਿਆ।

## ਸ੍ਰੀ ਤਰਨ ਤਾਰਨ ਗੁਰਦੁਆਰੇ ਦਾ ਕਬਜ਼ਾ

ਮਿਤੀ ੨੬ ਜਨਵਰੀ ੧੯੨੧ ਨੂੰ ਗੁ: ਪ੍ਰ: ਕ: ਸ੍ਰੀ: ਅੰਮ੍ਰਿਤਸਰ ਦੀ ਅਕਾਲ ਤਖਤ ਸਾਹਿਬ ਦੀ ਦੂਜੀ ਛੱਤ ਤੇ ਮੀਟਿੰਗ ਹੋ ਰਹੀ ਸੀ। ਹੇਠਾ ਦੀਵਾਨ ਸਜ ਰਿਹਾ ਸੀ। ਉਥੇ ਤਰਨ ਤਾਰਨ



Digitized by Panjab Digital Library | www.panjabdigilib.org

ਤੋਂ ਆਏ ਹੋਏ ਸਿੰਘਾਂ ਵਿਚੋਂ ਇਕ ਸਿੰਘ ਨੇ ਤਰਨ ਤਾਰਨ ਦੇ ਪੁਜਾਰੀਆਂ ਦੇ ਅਤਿਅਚਾਰ ਜੋ ਉਹ ਆਈਆਂ ਸੰਗਤਾ ਨਾਲ ਕਰਦੇ ਸੀ ਖੜੇ ਹੋ ਕੇ ਬਿਆਨ ਕੀਤੇ ਜੋ ਇਸ ਪ੍ਰਕਾਰ ਸਨ :-

(੧) ਦੋ ਨਿਹੰਗ ਸਿੰਘਾਂ ਨੂੰ ਗੁਰੂ ਕੇ ਸ਼ਬਦ ਪੜ੍ਹਨ ਤੋਂ ਕੁਟ ਪਈ

(੨) ਸ਼ਹਿਰ ਦੇ ਇਕ ਪਤਿਵੰਤੇ ਸਜਨ ਦੀ ਨੌਜੁਆਨ ਲੜਕੀ ਨੂੰ ਇਕ ਮੁਸ਼ਟੰਡੇ ਪੁਜਾਰੀ ਨੇ ਗੁਰਦੁਵਾਰੇ ਦੇ ਅੰਦਰ ਹੀ ਛੇੜ ਛਾੜ ਕੀਤੀ।

(੩) ਭਾਈ ਸੰਤ ਸਿੰਘ ਸਕਤ੍ਰ ਸਿੰਘ ਸਭਾ ਦੇ ਬਚੇ ਨੂੰ ਇਸ਼ਨਾਨ ਕਰਨ ਗਿਆਂ ਗਲ ਨਾਲ ਪਥਰ ਬੰਨ੍ਹ ਕੇ ਸ੍ਰੋਵਰ ਵਿੱਚ ਡਬੋ ਕੇ ਮਾਰ ਦਿੱਤਾ। ਪੁਜਾਰੀ ਹਜਾਮਤਾਂ ਕਰਾਂਦੇ, ਤਮਾਕੂ ਪੀਂਦੇ ਕੁਠਾ ਖਾਂਦੇ ਹਨ। ਗੁਰੂ ਕੀ ਗੋਲਕ ਵਿਚੋਂ ਆਪਣੀ ਪੱਤੀ ਲੈ ਕੇ ਸ਼ਰਾਬ ਪੀਂਦੇ, ਰੰਡੀਆਂ ਕੋਲ ਜਾਂਦੇ ਅਤੇ ਆਰਯਾ ਸਮਾਜ ਦੇ ਮੈਂਬਰ ਬਨੇ ਹੋਏ ਹਨ ਬਲਕਿ ਸਮਾਜ ਦਾ ਸਕਤ੍ਰ ਭੀ ਗੁਰਦਵਾਰਾ ਤਰਨ ਤਾਰਨ ਦਾ ਇਕ ਪੁਜਾਰੀ ਹੀ ਹੈ। ਜਿਵੇਂ ਕਸੂਰ ਵਿੱਚ ਬ੍ਰਹਮਨ ਨੇ ਬ੍ਰਹਮਨੀ ਨੂੰ ਖੁਹਾ ਕੇ ਏਥੇ ਅਕਾਲ ਤਖਤ ਸਾਹਿਬ ਪੁਕਾਰ ਕੀਤੀ ਸੀ ਅਸੀਂ ਭੀ ਏਸੇ ਤਰ੍ਹਾਂ ਦੁਖੀ ਹਾਂ ਸਾਡੀ ਪੰਥ ਪੁਕਾਰ ਸੁਣੇ ਤੇ ਤਰਨ ਤਾਰਨ ਦੇ ਗੁਰਦੁਵਾਰੇ ਦਾ ਪ੍ਰਬੰਧ ਲੁਚਿਆਂ ਤੇ ਗੁਰੂ ਨਿੰਦਕਾਂ ਤੋਂ ਛੁਡਾ ਕੇ ਪੰਥ ਆਪ ਕਰੇ। ਇਹ ਕਹਾਣੀ ਸੁਣ ਕੇ ਦੀਵਾਨ ਵਿਚ ਬੈਠੇ ਸਿੰਘਾਂ ਨੇ ਬਿਨਾ ਕਿਸੇ ਸਲਾਹ ਮਸ਼ਵਰੇ ਕੀਤੇ ਗੁਰਦਵਾਰਾ ਸ੍ਰੀ ਤਰਨ ਤਾਰਨ ਤੇ ਕਬਜ਼ਾ ਕਰਨ ਲਈ ਅਰਦਾਸਾ ਸੋਧ ਦਿੱਤਾ। ਜਦੋਂ ਮੀਟਿੰਗ ਉਪਰੰਤ ਕਮੇਟੀ ਦੇ ਮੈਂਬਰ ਹੇਠਾਂ ਉਤਰੇ ਤਾਂ ਅਰਦਾਸਾ ਸੋਧਿਆ ਗਿਆ ਸੁਣ ਕੇ ਸਾਰਿਆਂ ਨੇ ਇੱਸ ਗੱਲ ਨੂੰ ਬੁਰਾ ਮਨਾਇਆ ਤੇ ਕਮੇਟੀ ਦੇ ਕਈ ਮੈਂਬਰਾਂ ਨੇ ਕਬਜ਼ੇ ਲਈ ਜਾਣ ਤੋਂ ਰੋਕਨ ਦੀ ਕੋਸ਼ਸ਼ ਭੀ ਕੀਤੀ ਪਰ ਝੱਬਰ ਤੇ ਭੁਚਰ ਨੇ ਸਮਝਾਇਆ ਕਿ ਹੁਨ ਤੁਸੀਂ ਚੁਪ ਕਰ ਰਹੋ ਇਹ ਅਰਦਾਸਾ ਸ੍ਰੀ ਅਕਾਲ ਤਖਤ ਸਾਹਿਬ ਸੋਧਿਆ ਗਿਆ ਹੈ ਇਸ ਤੇ ਅਮਲ ਹੋਨਾਂ ਚਾਹੀਦਾ ਹੈ। ਝੱਬਰ ਤੇ ਭੁਚਰ ਨੇ ਤਿਆਰੀ ਅਰੰਭ ਦਿਤੀ। ਪੰਜ ਛੇ ਸਿੰਘਾਂ ਨੂੰ ਗੁ: ਸਚੇ ਸੌਦੇ ਜਥਾ ਲਿਆਉਣ ਲਈ ਘੱਲ ਦਿਤਾ ਤੇ ਉਹ ਰਾਤੋਂ ਰਾਤ ੧੨ ਬਜੇ ਚੂਹੜ ਕਾਨੇ ਉਤਰ ਕੇ



Digitized by Panjab Digital Library | www.panjabdigilib.org

ਸਚੇ ਸੌਦੇ ਪੁਜੇ । ਇਥੇ ਭਾਈ ਸੁਚਾ ਸਿੰਘ ਚਕਰ ਵਾਲਾ ਮੌਜੂਦ ਸੀ ਉਹ ੨੨ ਸਿੰਘ ਨਾਲ ਲੈ ਕੇ ੫ ਬਜੇ ਸਵੇਰ ਦੀ ਗੱਡੀ ਚੜ੍ਹਕੇ ੧੦ ਬਜਦੇ ਨੂੰ ਅੰਮ੍ਰਿਤਸਰ ਸਾਹਿਬ ਪੁੱਜ ਗਏ ।

ਰਾਤ ਗੁਰੂ ਰਾਮਦਾਸ ਜੀ ਦੇ ਲੰਗਰ ਵਿਚ ਕਮੇਟੀ ਹੋਈ ਤੇ ਸਵੇਰੇ ਸੌ ਟਿਕਟਾਂ ਭਗਤਾਂ ਵਾਲੇ ਸਟੇਸ਼ਨ ਤੋਂ ਲੈ ਕੇ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਦਰਬਾਰ ਸਾਹਿਬ ਤਰਨ ਤਾਰਨ ਪੁਜ ਗਏ। ਰਾਗੀ ਸਿੰਘ ਆਸਾ ਦੀ ਵਾਰ ਲਾ ਰਹੇ ਸਨ । ਜਥਾ ਪ੍ਰਕਰਮਾਂ ਕਰਕੇ ਮੱਥਾ ਟੇਕ ਕੇ ਇੱਕ ਪਾਸੇ ਬੈਠ ਗਿਆ, ਸ਼ਹਿਰ ਵਿੱਚ ਜਥੇ ਦੇ ਆਉਣ ਦੀ ਖਬਰ ਸੁਣ ਕੇ ਲੋਕੀ ਆਉਣ ਲਗੇ । ਖੂਬ ਰੌਨਕ ਹੋ ਗਈ। ਆਸਾ ਜੀ ਦੀ ਵਾਰ ਦਾ ਭੋਗ ਪਿਆ ਤਾਂ ਤੇਜਾ ਸਿੰਘ ਨਾਮੇ ਇਕ ਪੁਜਾਰੀ ਨੇ ਖੜੇ ਹੋ ਕੇ ਬੋਲਨਾਂ ਸ਼ੁਰੂ ਕੀਤਾ ਕਿ "ਪਿਆਰੀ ਸਾਧ ਸੰਗਤ ਜੀ ਇਹ ਜਥਾ ਜੋ ਸ: ਕਰਤਾਰ ਸਿੰਘ ਝੱਬਰ ਤੇ ਸ: ਤੇਜਾ ਸਿੰਘ ਭੁਚਰ ਲੈ ਕੇ ਆਏ ਹਨ ਤੇ ਗੁਰਦੁਵਾਰਿਆਂ ਤੇ ਕਬਜ਼ਾ ਕਰਦੇ ਫਿਰਦੇ ਹਨ, ਪੰਜੇ ਸਾਹਿਬ ਭੀ ਇਨ੍ਹਾਂ ਨੇ ਕਬਜ਼ਾ ਕਰ ਲੀਤਾ ਹੈ ਤੇ ਅੱਜ ਤਰਨ ਤਾਰਨ ਵਿਖੇ ਕਬਜ਼ਾ ਕਰਨ ਆਏ ਹਨ, ਮੈਂ ਇਨ੍ਹਾਂ ਵੀਰਾਂ ਨੂੰ ਦਸਨਾਂ ਚਾਹੁੰਦਾ ਹਾਂ ਕਿ ਅਸੀਂ ਉਦਾਸੀ ਸਾਧੂ ਨਹੀਂ, ਅਸਾਂ ਨੇ ਭੀ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਹੈ ਸਾਨੂੰ ਅਕਾਲ ਤਖਤ ਸਾਹਿਬ ਵਿਖੇ ਹੋਇ ਗੁਰਮਤੇ ਦੀ ਖਬਰ ਕੱਲ ਹੀ ਪੁਜ ਗਈ ਸੀ, ਅਤੇ ਅਸਾਂ ਨੇ ਮੁਕਾਬਲੇ ਲਈ ਪੂਰਾ ਪੂਰਾ ਇੰਤਜ਼ਾਮ ਕੀਤਾ ਹੋਇਆ ਹੈ। ਔਹ ਵੇਖੋ ਦਰਸ਼ਨੀ ਡਿਊਢੀ ਦੇ ਦਰਵਾਜ਼ੇ ਦੇ ਉਪਰ ਅਸਾਂ ਨਗਾਰਾ ਕੱਸ ਕੇ ਰੱਖ ਦਿੱਤਾ ਹੈ। ਜਿਸ ਵੇਲੇ ਜਥਾ ਗੁਰਦਵਾਰੇ ਦੇ ਕਿਸੇ ਕੰਮ ਵਿਚ ਦਖਲ ਦੇਵੇਗਾ ਅਸੀਂ ਉਸ ਵੇਲੇ ਨਗਾਰੇ ਤੇ ਚੋਟ ਲਾ ਦਿਆਂਗੇ। ਅਸੀਂ ਏਥੇ ਦੋ ਸੌ ਘਰ ਪੁਜਾਰੀਆਂ ਦੇ ਘਟ ਤੋਂ ਘਟ ੧੦੦੦ ਦੀ ਤਾਦਾਦ ਵਿਚ ਹਾਂ, ਅਸੀਂ ਜਥੇ ਨੂੰ ਦਸਾਂਗੇ ਕਿ ਕਿਵੇਂ ਗੁਰਦੁਵਾਰੇ ਤੇ ਕਬਜ਼ਾ ਕਰੀਦਾ ਹੈ।" ਇਹ ਆਖ ਕੇ ਪੁਜਾਰੀ ਸਿੰਘ ਬੈਠ ਗਿਆ ।



Digitized by Panjab Digital Library | www.panjabdigilib.org

ਝੱਬਰ ਨੇ ਸਾਹਮਣੇ ਬੈਠ ਕੇ ਇਹ ਸਾਰੀ ਤਕਰੀਰ ਸੁਨੀ ਸੀ। ਉਠ ਕੇ ਇਉ ਉਤਰ ਦਿੱਤਾ, "ਪਿਆਰੇ ਖਾਲਸਾ ਜੀ ਪਤਾ ਨਹੀਂ ਪੁਜਾਰੀ ਸਿੰਘਾਂ ਨੂੰ ਇਤਨਾ ਫ਼ਿਕਰ ਕਿਉਂ ਪਿਆ ਹੈ, ਅਸੀਂ ਗੁਰਦੁਵਾਰੇ ਤੇ ਅਜ ਕੋਈ ਨਵਾਂ ਕਬਜ਼ਾ ਕਰਨ ਨਹੀਂ ਆਏ, ਕਬਜ਼ਾ ਤਾਂ ਪੰਥ ਦਾ ਜਦੋਂ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਹੋ ਗਿਆ ਉਦੋਂ ਦਾ ਹੀ ਏਥੇ ਹੋ ਚੁਕਾ ਹੈ।"

"ਕਿਉਂਕਿ ਅਕਾਲ ਤਖਤ, ਸ੍ਰੀ ਦਰਬਾਰ ਸਾਹਿਬ, ਬਾਬਾ ਅਟਲ ਤੇ ਸ੍ਰੀ ਤਰਨ ਤਾਰਨ ਸਾਹਿਬ ਦਾ ਸਰਬ੍ਰਾਹ ਇਕੋ ਹੀ ਹੈ, ਅਤੇ ਗੋਲਕ ਦੀਆਂ ਚਾਬੀਆਂ ਉਸ ਪਾਸ ਹਨ ਕਾਨੂੰਨੀ ਤੌਰ ਤੇ ਇਥੇ ਪੰਥ ਦਾ ਕਬਜ਼ਾ ਤਾਂ ਹੋ ਚੁਕਾ ਹੈ। ਅਸੀਂ ਅਜ ਇਸ ਵਾਸਤੇ ਆਏ ਹਾਂ ਕਿ ਸਾਨੂੰ ਦਸਿਆ ਗਿਆ ਹੈ ਕਿ ਤਰਨ ਤਾਰਨ ਗੁਰੂ ਕੀ ਗੋਲਕ ਵਿਚੋਂ ਆਰੀਆ ਸਮਾਜੀ ਨੜੀ ਮਾਰ, ਕੁਠਾ ਖਾਨ ਵਾਲੇ ਆਈਆਂ ਸੰਗਤਾਂ ਦੀਆਂ ਧੀਆਂ ਭੈਣਾਂ ਦੀ ਪਤ ਲਾਹੁਣ ਵਾਲੇ ਭੀ ਬਾਕਾਇਦਾ ਹਿੱਸਾ ਲੈਂਦੇ ਹਨ, ਜੇ ਇਹ ਮੇਰੀਆਂ ਗੱਲਾਂ ਠੀਕ ਹਨ ਤਾਂ ਅਸਾਂ ਅਜ ਉਨ੍ਹਾਂ ਪੁਜਾਰੀਆਂ ਨੂੰ ਗੁਰਦੁਵਾਰੇ ਵਿਚੋਂ ਜ਼ਰੂਰ ਕਢਨਾਂ ਹੈ। ਜੇ ਭਾਈ ਤੇਜਾ ਸਿੰਘ ਜੀ ਪਤਿਤਾਂ, ਨੜੀ ਮਾਰਾਂ ਤੇ ਗੁਰੂ ਨਿੰਦਕਾਂ ਦੇ ਹਾਮੀ ਹਨ ਤਾਂ ਦੇਰੀ ਨਾਂ ਲਾਣ ਬੇਸ਼ਕ ਨਗਾਰੇ ਤੇ ਚੋਟ ਲਾ ਦੇਣ, ਸਾਨੂੰ ਪਤਾ ਹੈ ਕਿ ਪੁਜਾਰੀ ਸਿੰਘਾਂ ਦੀ ਏਨੀ ਕੁ ਤਾਕਤ ਹੈ, ਅਸੀਂ ਭੀ ਆਪਨਾ ਸਾਰਾ ਸਾਮਾਨ ਤਿਆਰ ਕਰਕੇ ਆਏ ਹਾਂ, ਸਾਡਾ ਗੁਰੂ ਕੇ ਸਿਖਾਂ ਨਾਲ ਕੋਈ ਵਿਰੋਧ ਨਹੀਂ, ਅਸਾਂ ਤਾਂ ਖਰਾਬੀਆਂ ਨੂੰ ਦੂਰ ਕਰਨਾਂ ਹੈ ਤੇ ਕਰਨ ਆਏ ਹਾਂ" ਉਤਰ ਵਿੱਚ ਫਿਰ ਪੁਜਾਰੀ ਸਿੰਘ ਉਠਿਆ ਤੇ ਬੜੇ ਧੀਰਜ ਨਾਲ ਆਖਨ ਲਗਾ ਕਿ ਜੇ "ਇਹ ਜਥਾ ਐਸੇ ਪਤਿਤ, ਲੁਚੇ ਤੇ ਨਿੰਦਕਾਂ ਦਾ ਸੁਧਾਰ ਕਰਨ ਆਇਆ ਹੈ ਤਾਂ ਜੀਉ ਆਇਆਂ, ਅਸੀਂ ਭੀ ਇਸ ਸੁਧਾਰ ਦੇ ਹਾਮੀ ਹਾਂ, ਚੂੰ ਕਿ ਸ਼ਰੀਕੇ ਦਾ ਮੁਆਮਲਾ ਹੈ ਅਸੀਂ ਉਨ੍ਹਾਂ ਨੂੰ ਕੁਝ ਨਹੀਂ ਆਖ ਸਕਦੇ, ਵਿਚੋਂ ਅਸੀਂ ਚਾਹੁੰਦੇ ਹਾਂ ਪਰ ਪੇਸ਼ ਨਹੀਂ ਜਾਂਦੀ"



Digitized by Panjab Digital Library | www.panjabdigilib.org

ਇਹ ਆਖ ਕੇ ਉਹ ਫਿਰ ਬੈਠ ਗਿਆ, ਅਰਦਾਸਾ ਹੋ ਕੇ ਭੋਗ ਪਿਆ। ਸ੍ਰੀ ਮਾਨ ਭਾਈ ਮੋਹਨ ਸਿੰਘ ਜੀ ਵੈਦ, ਭਾ: ਸੁੰਦਰ ਸਿੰਘ ਤੇ ਭਾਈ ਸੰਤ ਸਿੰਘ ਹੁਰਾਂ ਨੇ ਜਥੇ ਦਾ ਡੇਰਾ ਢੋਟੀਆਂ ਵਾਲੇ ਬੁੰਗੇ ਵਿਚ ਜੋ ਦਰਵਾਜ਼ੇ ਦੇ ਨਾਲ ਹੀ ਹੈ ਕਰਵਾਇਆ ਤੇ ਜਥੇ ਦੇ ਲੰਗਰ ਦੀ ਤਿਆਰੀ ਭੀ ਏਥੇ ਹੀ ਹੋ ਗਈ। ਭਾਈ ਮੋਹਨ ਸਿੰਘ ਜੀ ਨੇ ਸਿਆਣੇ ੨ ਪੁਜਾਰੀਆਂ ਨਾਲ ਗੱਲ ਬਾਤ ਕੀਤੀ। ਦੋ ਵਜੇ ਬਾਕਾਇਦਾ ਮੀਟਿੰਗ ਹੋ ਕੇ ਸੁਲਾਹ ਦੀ ਗੱਲ ਬਾਤ ਹੋਈ ਤੇ ਸ਼ਰਤਾਂ ਲਿਖੀਆਂ ਗਈਆਂ। ਪੁਜਾਰੀ ਏਧਰ ਤਾਂ ਸੁਲਾਹ ਦੀ ਗੱਲ ਬਾਤ ਕਰਦੇ ਰਹੇ ਤੇ ਓਧਰ ਆਪਣੇ ਆਦਮੀ ਪਿੰਡਾਂ ਵਿਚੋਂ ਬਦਮਾਸ਼ਾਂ ਨੂੰ ਲੈਣ ਲਈ ਭੀ ਘੱਲ ਦਿਤੇ। ਜਿਸ ਪਿੰਡ ਵਿਚ ਪੁਜਾਰੀਆਂ ਦਾ ਆਦਮੀਂ ਕਿਸੇ ਬਦਮਾਸ਼ ਨੂੰ ਅਕਾਲੀਆਂ ਨਾਲ ਲੜਨ ਲਈ ਕਹੇ ਉਥੇ ਸਾਰੇ ਪਿੰਡ ਵਿਚ ਹੀ ਇਹ ਗੱਲ ਖਿਲਰ ਜਾਵੇ। ਦੋ ਚਾਰ ਆਦਮੀ ਤਾਂ ਪੁਜਾਰੀ ਭਾੜੇ ਤੇ ਲਿਆਉਣ ਅਤੇ ਬਾਕੀ ਸਾਰਾ ਪਿੰਡ ਉਨ੍ਹਾਂ ਦੇ ਹੀ ਭਰਾ ਭਾਈ ਅਕਾਲੀਆਂ ਦੀ ਮਦਦ ਲਈ ਆ ਜਾਣ। ਪੰਡੋਰੀ ਪਿੰਡ ਵਿਚ ਭੀ ਪੁਜਾਰੀ ਗਏ ਓਥੇ ਦੇ ਸਿੰਘਾਂ ਨੂੰ ਜਦ ਪਤਾ ਲਗਾ ਤਾਂ ਉਨ੍ਹਾਂ ਨੇ ਢੋਲ ਮਾਰਿਆ ਤੇ ਦੋ ਢਾਈ ਸੌ ਆਦਮੀ ਜਥੇ ਦੀ ਮਦਦ ਲਈ ਆ ਗਿਆ। ਇਸ ਤਰ੍ਹਾਂ ਹੋਰ ਪਿੰਡਾਂ ਵਿਚੋਂ ਭੀ ਸਿੰਘ ਢੋਲ ਮਾਰ ਕੇ ਮਦਦ ਕਰਨ ਲਈ ਆਏ। ਤ੍ਰਕਾਲਾਂ ਵੇਲੇ ਨੂੰ ਛੇ ਸਤ ਹਜ਼ਾਰ ਦੀ ਭੀੜ ਹੋ ਗਈ। ਝਬਾਲੀਏ ਸਰਦਾਰ ਅਮਰ ਸਿੰਘ ਤੇ ਜਸਵੰਤ ਸਿੰਘ ਭੀ ਸੁਣ ਕੇ ਆਏ। ਸੂਬੇਦਾਰ ਬਲਵੰਤ ਸਿੰਘ ਜੀ ਜੋ ਹੁਣੇ ਹੁਣੇ ਅਕਾਲੀ ਦਲ ਦੇ ਜਥੇਦਾਰ ਬਣੇ ਸਨ ਆਏ। ਸ੍ਰੀ ਦਰਬਾਰ ਸਾਹਿਬ ਤੇ ਢੋਟੀਆਂ ਵਾਲੇ ਬੁੰਗੇ ਦੇ ਦਰਮਿਆਨ ਦੀਵਾਨ ਸਜ ਗਿਆ। ਬੁੰਗੇ ਵਿਚ ਹੀ ਸੁਲਾਹ ਦੀ ਗੱਲ ਬਾਤ ਹੋ ਰਹੀ ਸੀ। ਏਧਰ ਗੁਰਦੁਆਰੇ ਅੰਦਰ ਰਹਿਰਾਸ ਦੇ ਪਾਠ ਦਾ ਭੋਗ ਪੈ ਗਿਆ ਤਾਂ ਭਾਈ ਕਿਸ਼ਨ ਸਿੰਘ ਹੌਲਦਾਰ ਜੋ ਭੁਚਰ ਦੇ ਰਹਿਣ ਵਾਲਾ ਸੀ ਨੇ ਸ੍ਰੀ ਦਰਬਾਰ ਸਾਹਿਬ ਦੀ ਤਾਬਿਆ ਬੈਠੇ



Digitized by Panjab Digital Library | www.panjabdigilib.org

ਪੁਜਾਰੀ ਨੂੰ ਉਠਾ ਕੇ ਆਪਣਾ ਇਕ ਸਿੰਘ ਬਠਾ ਦਿਤਾ। ਇਸ ਸਮੇਂ ਇਕ ਪੁਜਾਰੀ ਨੇ ਜਿਸਦਾ ਘਰ ਨਿਸ਼ਾਨ ਸਾਹਿਬ ਦੇ ਪਾਸ ਸੀ ਆਪਣੇ ਕੋਠੇ ਤੇ ਖਲੋ ਕੇ ਇਕ ਫਰਸ਼ੀ ਗੋਲਾ ਅਗ ਲਾ ਕੇ ਸ੍ਰੀ ਦਰਬਾਰ ਹਰਿ ਮੰਦਰ ਸਾਹਿਬ ਦੇ ਦਰਵਾਜ਼ੇ ਪਾਸ ਕੰਧ ਦੇ ਨਾਲ ਸੁਟਿਆ। ਗੋਲਾ ਫਟਨ ਦੇ ਨਾਲ ਭਾਰੀ ਧਮਾਕਾ ਹੋਇਆ, ਸੰਗਤ ਨੇ ਸਮਝਿਆ ਕਿ ਬੰਬ ਫਟਿਆ ਹੈ। ਅਚਾਨਕ ਗੋਲਾ ਫਟਨ ਦੀ ਅਵਾਜ਼ ਨਾਲ ਲੋਕੀ ਦੌੜਨ ਲਗ ਪਏ। ਇਸ ਬੁੰਗੇ ਤੋਂ ਦੀਵਾਨ ਵਿਚ ਬੈਠੀ ਹੋਈ ਸੰਗਤ ਨੂੰ ਇਟਾਂ ਭੀ ਮਾਰੀਆਂ ਗਈਆਂ। ਭਾਈ ਟਹਿਲ ਸਿੰਘ ਸ਼ਹੀਦ ਨੂੰ ਭੀ ਜੋ ਸਚੇ ਸੌਦੇ ਤੋਂ ਜਥੇਦਾਰ ਚਕਰ ਵਾਲੇ ਦੇ ਨਾਲ ਤਰਨ ਤਾਰਨ ਪੁਜਾ ਹੋਇਆ ਸੀ, ਨਕ ਤੇ ਇਟ ਲਗੀ ਤੇ ਜ਼ਖਮ ਹੋ ਗਿਆ। ਪਰ ਗੋਲਾ ਚਲਨ ਦੇ ਨਾਲ ਹੀ ਪੁਜਾਰੀਆਂ ਨੇ ਜੋ ਕਾਫੀ ਗਿਣਤੀ ਵਿਚ ਅੰਦਰ ਬੈਠੇ ਹੋਏ ਸੀ, ਅਕਾਲੀਆਂ ਨੂੰ ਮਾਰਨਾਂ ਸ਼ੁਰੂ ਕਰ ਦਿਤਾ। ਚੂੰਕਿ ਜਥੇ ਦਾ ਤਾਂ ਹਾਲੀ ਪ੍ਰੋਗਰਾਮ ਹੀ ਕੋਈ ਨਹੀਂ ਸੀ ਅਤੇ ਅਚੱਨਚੇਤ ਹੀ ਗੁਰਦੁਆਰੇ ਅੰਦਰ ਬੈਠੇ ਅਕਾਲੀਆਂ ਨੂੰ ਪੁਜਾਰੀਆਂ ਨੇ ਮਾਰਨਾਂ ਸ਼ੁਰੂ ਕਰ ਦਿਤਾ ਸੀ, ਭਾਈ ਹੁਕਮ ਸਿੰਘ ਤੇ ਭਾ: ਹਜ਼ਾਰਾ ਸਿੰਘ ਸਖਤ ਫਟੜ ਹੋਏ ਤੇ ਸ: ਬਲਵੰਤ ਸਿੰਘ ਸੂਬੇਦਾਰ ਜਥੇਦਾਰ ਅਕਾਲੀ ਦਲ ਭੀ ਫਟੜ ਹੋ ਗਏ। ਇਨ੍ਹਾਂ ਨੂੰ ਡੌਲੇ ਤੇ ਛਵੀ ਦਾ ਫਟ ਲੱਗਾ। ਝੱਬਰ ਜੀ ਸਾਥੀਆਂ ਸਮੇਤ ਦੀਵਾਨ ਵਿਚ ਬੈਠੇ ਸੀ। ਇਹ ਗੋਲੇ ਦਾ ਧਮਾਕਾ ਸੁਣ ਕੇ ਦਰਬਾਰ ਸਾਹਿਬ ਦੇ ਉਤਰ ਪਾਸੇ ਬੜੇ ਨਾਲ ਜੋ ਅੰਬ ਹੈ ਇਸਦੇ ਹੇਠ ਇਕਠੇ ਹੋ ਗਏ। ਲੋਕੀ ਦੌੜ ਚੁਕੇ ਸਨ ਅਤੇ ਬਾਹਰ ਚੁਪ ਚਾਪ ਹੋ ਗਈ ਸੀ ਪਰ ਹਰਮੰਦਰ ਸਾਹਿਬ ਦੇ ਅੰਦਰੋਂ ਹਾਲਾਂ ਡਾਂਗ-ਸੋਟਾ ਖੜਕਨ ਦੀ ਅਵਾਜ਼ ਆਉਂਦੀ ਸੀ ਤਾਂ ਝੱਬਰ ਨੇ ਦਰਬਾਰ ਸਾਹਿਬ ਦੇ ਉਤਰ ਦੇ ਦਰਵਾਜ਼ੇ ਵੱਲ ਖਲੋ ਕੇ ਆਪਣੇ ਜਥੇ ਨੂੰ ਵੰਗਾਰਿਆ ਕਿ ਛੇਤੀ ਆਉ। ਇਹ ਸਾਰੇ ਹੀ ਆ ਗਏ ਤੇ ਝੱਬਰ ਨੇ ਕਿਹਾ ਕਿ "ਘਰੀਂ ਜਾ ਕੇ ਕੀ ਦਸੋਗੇ ਅਸੀਂ ਗੁਰਦਵਾਰਾ



Digitized by Panjab Digital Library | www.panjabdigilib.org

ਖੁਹਾ ਆਏ ਹਾਂ। ਅੰਦਰ ਵੜੋ ਤੇ ਮਾਰੋ ਪੁਜਾਰੀ ਜਾਂਦੇ ਪਏ ਜੇ।" ਪੁਜਾਰੀਆਂ ਨੇ ਸ਼ਰਾਬਾਂ ਪੀਤੀਆਂ ਹੋਈਆਂ ਸਨ ਤੇ, ਹਰਮੰਦਰ ਦੇ ਅੰਦਰ ਲਲਕਾਰੇ ਮਾਰਦੇ ਸਨ ਜਥੇ ਦੇ ਸਿੰਘ ਅੰਦਰ ਵੜੇ ਇਨ੍ਹਾਂ ਕੋਲ ਉਦੋਂ ਛੋਟੇ ਦਸਤੇ ਵਾਲੇ ਟਕੂਏ ਸਨ ਤੇ ਪੁਜਾਰੀਆਂ ਕੋਲ ਡਾਂਗ ਤੇ ਛਵੀਆਂ ਸਨ। ਅੰਦਰ ਵੜਦੇ ਹੀ ਭਾਈ ਸੁਚਾ ਸਿੰਘ ਚਕਰ ਵਾਲਾ ਤਾਂ ਫਟੜ ਹੋ ਗਿਆ ਉਸ ਬਾਹਰ ਨਿਕਲ ਕੇ ਕਿਹਾ ਕਿ "ਪੇਸ਼ ਨਹੀਂ ਜਾਂਦੀ ਕਿਉਂਕਿ ਸਾਡੇ ਟਕੂਇਆਂ ਦੇ ਦਸਤੇ ਛੋਟੇ ਹਨ।"

ਝੱਬਰ ਦੌੜ ਕੇ ਭੁਚਰ ਦੇ ਬੁੰਗੇ ਵਿਚ ਗਿਆ। ਉਥੋਂ ੧੫–੧੬ ਲੰਮੀਆਂ ਡਾਂਗਾਂ ਲਿਆਂਦੀਆਂ ਅਤੇ ਆਪਨੇ ਜਥੇ ਦੇ ਸਿੰਘਾਂ ਨੂੰ ਦਿਤੀਆਂ। ਦੋ ਸਿੰਘ ਭੀ ਉਥੋਂ ਨਾਲ ਆਏ। ਸਿੰਘ ਹੁਣ ਉਤਰ ਤੇ ਦਖਨ ਵਾਲੇ ਦਰਵਾਜ਼ਿਆਂ ਥਾਨੀਂ ਅੰਦਰ ਲੰਘੇ ਤੇ ਲੱਗੀ ਡਾਂਗ ਵਸਨ ਤੇ ਪੁਜਾਰੀ ਲਗੇ ਡਿਗੱਨ। ਜਿਹੜਾ ਡਿਗੇ ਸਿੰਘ ਧੂਹ ਕੇ ਬਾਹਰ ਲੈ ਆਉਣ ਅਤੇ ਝੱਬਰ ਉਸੇ ਦੀ ਹੀ ਪੱਗ ਲਾਹ ਕੇ ਮੁਸ਼ਕਾਂ ਬੰਨ੍ਹ ਦੇਵੇ। ਸਿੰਘਾਂ ਨੇ ਕੁਝ ਪੁਜਾਰੀ ਤਾਂ ਡਾਂਗਾਂ ਮਾਰ ਕੇ ਡੇਗ ਲਏ ਬਾਕੀ ਭੱਜ ਨਿਕਲੇ ਪਰ ਇਕ ਜੁਆਨ ਪੁਜਾਰੀ ਸ਼ਰਾਬ ਨਾਲ ਗੁਟ ਹੋਇਆ ੨ ਕੇਸ ਖਿਲਰੇ ਹੋਏ ਚੜ੍ਹਦੇ ਦਰਵਾਜ਼ੇ ਹਰਿਮੰਦਰ ਸਾਹਿਬ ਦੇ ਅੰਦਰ ਖਲੋ ਕੇ ਫਰਸ਼ ਤੇ ਛਵੀਆਂ ਮਾਰੀ ਜਾਵੇ ਅਤੇ ਨਾਲੇ ਅਕਾਲੀਆਂ ਨੂੰ ਵੰਗਾਰੇ, ਝੱਬਰ ਨੇ ਸਾਹਮਣੇ ਖਲੋ ਕੇ ਵੇਖਿਆ ਤੇ ਬਹਾਦਰ ਸਿੰਘ ਘਸੀਟ ਪੁਰੇ ਵਾਲੇ ਨੂੰ ਸਮਝਾਇਆ ਕਿ ਤੇਰੇ ਕੋਲ ਲੰਮੇ ਦਸਤੇ ਵਾਲਾ ਟਕੂਆ ਹੈ ਤੂੰ ਅਗੋਂ ਖਲੋ ਕੇ ਝਾਕਾ ਦੇਹ ਤੇ ਭਾਈ ਸੁਚਾ ਸਿੰਘ ਚਕਰ ਵਾਲੇ ਨੂੰ ਕਿਹਾ ਕਿ ਤੂੰ ਅੰਦਰ ਦੀ ਜਾ ਕੇ ਪ੍ਰਕਰਮਾਂ ਦੀ ਗੁਠੋਂ ਲੰਘ ਕੇ ਛੋਟੇ ਦਸਤੇ ਵਾਲਾ ਟਕੂਆਂ ਪੀਣ ਵਲੋਂ ਇਸ ਦੇ ਸਿਰ ਵਿਚ ਮਾਰ। ਐਸਾ ਹੀ ਕੀਤਾ ਗਿਆ ਜਿਸ ਵੇਲੇ ਟਕੂਏ ਦੀ ਪੀਣ ਸਿਰ ਵਿੱਚ ਠੁਕੀ ਤਾਂ ਆਪਣੀ ਛਵੀ ਉਥੇ ਸੁਟ ਕੇ ਬੇ-ਤਹਾਸ਼ਾ ਬਾਹਰ ਨੂੰ



Digitized by Panjab Digital Library | www.panjabdigilib.org

ਦ ਸ਼ਨੀ ਡਿਉਢੀ ਵਲ ਦੌੜਿਆ ਤਾਂ ਉਤਲੀ ਪੌੜੀ ਤੋਂ ਸਿਧਾ ਨੌ ਨਿਸੱਲ ਘੜੰਮ ਮੂੰਹ ਪਰਨੇ ਪਿਆ ਤੇ ਬ ਹੋਸ਼ ਹੋ ਗਿਆ। ਹੁਣ ਪੁਜਾਰੀ ਇੱਕ ਨਾਂ ਰਿਹਾ। ਗੁਰਦਵਾਰੇ ਤੇ ਪਹਿਰਾ ਲਾ ਦਿਤਾ ਗਿਆ। ੧ ਘੰਟੇ ਬਾਦ ਭਾਈ ਮੋਹਣ ਸਿੰਘ ਵੈਦ ਫਟੜ ਸਿੰਘਾਂ ਨੂੰ ਲੈਣ ਆਏ ਅਤੇ ਉਹ ਆਪਨੇ ਫਟੜਾਂ ਨੂੰ ਚੁਕ ਕੇ ਸਿਧਾ ਹਸਪਤਾਲ ਲੈ ਗਏ। ਫਿਰ ਪੁਜਾਰੀ ਭਾਈ ਮੋਹਨ ਸਿੰਘ ਜੀ ਨੂੰ ਨਾਲ ਲੈ ਕੇ ਝੱਬਰ ਪਾਸ ਆਏ ਕਿ ਸਾਨੂੰ ਫਟੜ ਲੈ ਜਾਣ ਦਿਉ। ਇਸ ਕਿਹਾ ਜਾਂ ਲੈ ਸਕ ਲੈ ਜਾਓ ਪਰ ਫਿਰ ਏਥੇ ਕੋਈ ਨਾ ਆਵੇ। ਝੱਬਰ ਨੇ ੧੯ ਫਟੜ ਮੁਸ਼ਕਾਂ ਬਧੀਆਂ ਹੋਈਆਂ ਖੋਲ੍ਹ ਕੇ ਦੇ ਦਿਤੇ ਤੇ ਪੁਜਾਰੀ ਆਪਣੇ ਫਟੜ ਘਰ ਲੈ ਗਏ।

ਝੱਬਰ ਆਪਨੇ ਜਥੇ ਸਮੇਤ ਸਾਰੀ ਰਾਤ ਗੁਰਦਵਾਰੇ ਵਿੱਚ ਬੈਠਾ ਰਿਹਾ। ਢਲਦੀ ਰਾਤ ਨਾਲ ਸਰੋਵਰ ਦੀ ਚੜ੍ਹਦੀ ਤੇ ਦਖਨ ਦੀ ਗੁੱਠ ਵਲੋਂ ਅਠਾਰਾਂ ਵੀਹ ਆਦਮੀ ਲਾਲਟੈਨਾਂ ਲੈ ਕੇ ਗੁਰਦੁਵਾਰੇ ਵਲ ਆਏ, ਅਗੋਂ ਇਹ ਸਾਰੇ ਜਾਗਦੇ ਸੀ ਸਾਰੇ ਜਥੇ ਨੇ ਉਠ ਕੇ ਵੰਗਾਰਿਆ ਸ਼ਾਬਾ ਬਈ ਆਉ ਤੇ ਤੁਸੀਂ ਭੀ ਹੱਥ ਵੇਖ ਲਵੋ ਪਰ ਉਹ ਟੋਲੀ ਅਗੇ ਨਾ ਆਈ ਵਾਪਸ ਮੁੜ ਗਈ। ਪਹਿਰ ਰਾਤ ਰਹਿੰਦੀ ਇਕ ਮਾਈ ਆਈ ਉਸਨੂੰ ਪਹਿਰੇ ਵਾਲੇ ਨੇ ਰੋਕ ਦਿੱਤਾ। ਓਸ ਨੇ ਕਿਹਾ ਕਿ ਮੇਰਾ ਰੋਜ਼ ਦਾ ਨਿਯਮ ਹੈ ਹਰਿਮੰਦਰ ਵਿਚ ਮੈਂ ਝਾੜੂ ਕਰਦੀ ਹਾਂ। ਝੱਬਰ ਨੇ ਉਸ ਨੂੰ ਆਉਨ ਦੀ ਇਜਾਜ਼ਤ ਦੇ ਦਿਤੀ। ਅੰਦਰ ਕੋਈ ਬੱਤੀ ਨਹੀਂ ਸੀ ਹਨੇਰਾ ਸੀ। ਇਨਾਂ ਮਾਈ ਨੂੰ ਘਲਿਆ ਉਸ ਨੇ ਲਾਲਟੈਨਾਂ ਆਂਦੀਆਂ ਰੋਸ਼ਨੀ ਹੋਈ, ਆਪਨੇ ਲੰਗਰ ਵਿਚੋਂ ਗਾਗਰਾਂ ਭਾਂਡੇ ਲਿਆ ਕੇ ਸਿੰਘ ਜਲ ਢੋਨ ਲਗੇ। ਉਸ ਮਾਈ ਨੇ ਗੁਰਦੁਵਾਰੇ ਦਾ ਅੰਦਰਲਾ ਫਰਸ਼ ਜੋ ਲਹੂ ਲੁਹਾਨ ਹੋਇਆ ਸੀ ਧੋਤਾ ਹਰਿਮੰਦਰ ਜੀ ਦੀ ਸਫਾਈ ਅੰਦਰੋ ਬਾਹਰੋਂ ਕਰਦਿਆਂ ਪੋਹ ਫੁਟ ਪਈ। ਕੁਝ ਸ਼ਹਿਰੀ ਪ੍ਰੇਮੀ ਸਿੰਘ ਭੀ ਆ ਗਏ ਭਾਈ ਮੋਹਨ ਸਿੰਘ ਜੀ ਵੈਦ ਭੀ ਆਏ, ਆਸਾ ਦੀ ਵਾਰ ਜਥੇ ਵਲੋਂ ਲਗੀ। ਸੂਰਜ ਨਿਕਲਦੇ



Digitized by Panjab Digital Library | www.panjabdigilib.org

ਨੂੰ ਸੰਗਤ ਬਹੁਤ ਆ ਗਈ ਸੀ। ਹਣ ਪੂਰੀ ੨ ਤਸੱਲੀ ਹੋ ਗਈ ਕਿ ਪੁਜਾਰੀ ਨਹੀਂ ਆਉਂਦੇ ਤਾਂ ਝੱਬਰ ਨੇ ਭਾਈ ਸੁਚਾ ਸਿੰਘ ਚਕਰ ਵਾਲ ਨੂੰ ਕਿਹਾ ਕਿ ਏਥੇ ਦਿਨ ਚੜ੍ਹੇ ਨਾਲ ਹੀ ਪੁਲੀਸ ਨੇ ਆਉਨਾ ਹੈ, ਪਰਚੇ ਹੋਣੇ ਹਨ ਤੁਸੀਂ ਜਥੇ ਦੇ ਆਦਮੀ ਜੋ ਕਈ ਫਟੜ ਹਨ ਨਿਕਲ ਜਾਵੋ ਤੇ ਸਚੇ ਸੌਦੇ ਪੁਜੱਨ ਦੀ ਕਰੋ। ਇੱਕ ਸਿੰਘ ਨੂੰ ਛੱਡ ਜਾਉ ਉਹ ਤੁਹਾਨੂੰ ਪਰਸੋਂ ਤਕ ਇਥੋਂ ਦੀ ਕਾਰਵਾਈ ਦਸੇਗਾ। ਫਟੜ ਸਿੰਘ ਸਚੇ ਸੌਦੇ ਨਾਂ ਜਾਨ ਹਾਲੀ ਘਰੀ ਚਲੇ ਜਾਨ। ਇਸ ਤਰਾਂ ਖਰੇ ਸੌਦੇ ਜਥੇ ਦੇ ਸਾਰੇ ਸਿੰਘ ਵਾਪਸ ਹੋ ਗਏ ਫਟੜਾਂ ਵਿਚੋਂ ਭਾਈ ਹੁਕਮ ਸਿੰਘ ਰਾਤ ਨੂੰ ਹੀ ਹਸਪਤ ਲ ਵਿਚ ਚੜ੍ਹਾਈ ਕਰ ਗਿਆ ਸੀ। ਸਵੇਰੇ ਹੋਰ ਭੀ ਅਕਾਲੀ ਸਿੰਘ ਪੁਜ ਗਏ। ਸਿੰਘਾਂ ਦਾ ਪਰਚਾ ਪੁਜਾਰੀਆਂ ਦੇ ਖਿਲਾਫ ਰਾਤ ਨੂੰ ਹੀ ਹ ਗਿਆ ਸੀ ਪੁਜਾਰੀ ਥਾਣੇ ਗਏ ਤਾਂ ਸਿੰਘਾਂ ਨੇ ਇਤਰਾਜ ਕੀਤਾ ਕਿ "ਜੇ ਪੁਜਾਰੀ ਰਾਤ ਗੁਰਦਵਾਰੇ ਅੰਦਰ ਫਟੜ ਹੁੰਦੇ ਤਾਂ ਇਹ ਰਾਤ ਹਸਪਤਾਲ ਆਪਨੇ ਫਟੜ ਨਾਂ ਲੈ ਆਉਦੇ ? ਹੁਣ ਸ਼ਾਡੇ ਸਿੰਘ ਦਾ ਸ਼ਹੀਦ ਹੋ ਜਾਨਾ ਸੁਨ ਕੇ ਇਨ੍ਹਾਂ ਆਪਨੇ ਆਦਮੀ ਆਪ ਫਟੜ ਕੀਤੇ ਹਨ ਸੋ ਪੁਜਾਰੀਆਂ ਦਾ ਪਰਚਾ ਨਾਂ ਹੋਇਆ।

ਜਥੇ ਨੇ ਅਗਲੇ ਭਲਕ ਗੁਰਦਵਾਰੇ ਸੰਬੰਧੀ ਹੋਰ ਥਾਵਾਂ ਤੇ ਭੀ ਕਬਜ਼ਾ ਕੀਤਾ। ਬੜੀ ਰੌਨਕ ਹੋਈ, ਤੀਜੇ ਦਿਨ ਤਾਂ ਦੂਰ ੨ ਤੋਂ ਸੰਗਤਾਂ ਆਈਆਂ ਅਤੇ ਪ੍ਰਬੰਧ ਲਈ ਗੁਰਦਵਾਰਾ ਕਮੇਟੀ ਬਨਾਈ ਗਈ। ਅਗਲੇ ਦਿਨ ਦੂਜਾ ਫਟੜ ਭਾਈ ਹਜ਼ਾਰਾ ਸਿੰਘ ਭੀ ਚੜ੍ਹਾਈ ਕਰ ਗਿਆ ਅਤੇ ਇਸ ਤਰਾਂ ਭਾਈ ਹਜਾਰਾ ਸਿੰਘ ਤੇ ਹੁਕਮ ਸਿੰਘ ਇਸ ਗੁਰਦਵਾਰੇ ਦੀ ਸੇਵਾ ਕਰਦੇ ਸ਼ਹਾਦਤ ਦਾ ਅਦੁਤੀ ਪਿਆਲਾ ਪੀ ਕੇ ਸ੍ਰੀ ਕਲਗੀਧਰ ਦੇ ਚਰਨਾਂ ਵਿਚ ਜਾ ਬਿਰਾਜੇ।

## ਗੁਰਦਵਾਰਾ ਗੁਰੂ ਕੇ ਬਾਗ ਤੇ ਪੰਥ ਦਾ ਕਬਜ਼ਾ

ਸ੍ਰੀ ਤਰਨ ਤਾਰਨ ਦਾ ਵਾਕਿਆ ਸੁਣ ਕੇ ਸੰਗਤਾਂ ਦੂਰ ਦੂਰ ਤੋਂ ਆਈਆਂ। ਘੁਕੇ ਵਾਲੀ ਤੇ ਪਿੰਡ ਤੇੜੇ ਦੇ ਸਿੰਘ ਝੱਬਰ ਜੀ ਪਾਸ ਪੁਜੇ।



Digitized by Panjab Digital Library | www.panjabdigilib.org

ਇਹ ਪ੍ਰੇਮੀ ਅੰਮ੍ਰਿਤਸਰ ਭੀ ਇਨਾਂ ਨੂੰ ਆਖਦੇ ਸੀ ਕਿ ਗੁਰੂ ਕੇ ਬਾਗ਼ ਦਾ ਮਹੰਤ ਬੜਾ ਲੁੱਚਾ ਹੈ। ਇਕ ਰੰਡੀ ਰੰਨ ਡੇਰੇ ਵਿਚ ਰਖੀ ਹੋਈ ਹੈ। ਸ਼ਰਾਬ ਪੀਂਦਾ ਹੈ। ਉਹ ਰੰਨ ਭੀ ਸ਼ਰਾਬ ਪੀਂਦੀ ਹੈ। ਉਸ ਨੂੰ ਕਢਨ ਬੜਾ ਜ਼ਰੂਰੀ ਹੈ। ਸਾਡੇ ਨਾਲ ਜਥਾ ਲੈ ਕੇ ਚਲੋ ਅਸੀਂ ਭੀ ਤੁਹਾਡੇ ਨਾਲ ਹੋਵਾਂਗੇ। ਝੱਬਰ ਨੇ ਜਥੇ ਨਾਲ ਗਰਮਤਾ ਕੀਤਾ ਤਾਂ ਪਾਸ ਹੋਇਆ ਕਿ ਗੁਰੂ ਕੇ ਬਾਗ਼ ਕਬਜ਼ਾ ਕਰਨਾ ਚਾਹੀਦਾ ਹੈ ਸੋ ਝੱਬਰ ਦੀ ਜਥੇਦਾਰੀ ਹੇਠ ੫੦ ਸਿੰਘਾਂ ਦਾ ਜਥਾ ਅਗਲੇ ਭਲਕ ਅਥਵਾ ੩੧-੧-੨੧ ਨੂੰ ਸ੍ਰੀ ਅੰਮ੍ਰਿਤਸਰ ਪੁਜਾ ਅਤੇ ਇਥੋਂ ਰਾਜੇ ਸਾਂਸੀ ਤਕ ਟਾਂਗਿਆਂ ਤੇ, ਉਥੋਂ ਪੈਦਲ ਚੱਲ ਕੇ ੪ ਬਜੇ ਪਿਛਲੇ ਪਹਿਰ ਗੁਰੂ ਕੇ ਬਾਗ ਘੁਕੇ ਵਾਲੀ ਰੋੜ ਜ਼ਿਲਾ ਅੰਮ੍ਰਿਤਸਰ ਪੁਜ ਗਏ। ਇਸ ਇਲਾਕੇ ਦੇ ਸਿੰਘ ਇਕ ਦਿਨ ਪਹਿਲੇ ਪੁਜੇ ਹੋਏ ਸੀ। ਇਨ੍ਹਾਂ ਨੇ ਪਿੰਡ ਵਿਚ ਜਥੇ ਦੇ ਆਉਨ ਦੀ ਖਬਰ ਭੇਜੀ ਹੋਈ ਸੀ। ਰਸਤੇ ਵਿੱਚ ਹੀ ਸਿੰਘ ਜਥੇ ਨਾਲ ਰਲਨ ਲਗ ਪਏ ਸਨ। ਗੁਰਦਵਾਰੇ ਪਹੁੰਚਨ ਤਕ ਚਾਰ ਪੰਜ ਸੌ ਦੀ ਰੌਣਕ ਹੋ ਗਈ। ਜਾਂਦਿਆਂ ਹੀ ਸ੍ਰੋਵਰ ਦੇ ਕੰਢੇ ਦੀਵਾਨ ਲਗਾ ਦਿਤਾ ਤੇ ਝੱਬਰ ਨੇ ਗੁਰਦਵਾਰਾ ਗੁਰੂ ਕਾ ਬਾਗ਼ ਦੇ ਮਹੰਤ ਸੁੰਦਰ ਦਾਸ ਸਬੰਧੀ ਸੁਣੀਆਂ ਹੋਈਆਂ ਗੱਲਾਂ ਦੀ ਤਸੱਲੀ ਕਰਨ ਲਈ ਅਧਾ ਘੰਟਾ ਲੈਕਚਰ ਕੀਤਾ। ਸਾਰੀ ਸੰਗਤ ਨੂੰ ਪੁਛਣ ਤੋਂ ਮਹੰਤ ਦੀ ਬਦ ਚਲਨੀ ਦੀ ਤਾਈਦ ਹੋਈ। ਦੀਵਾਨ ਸਮਾਪਤ ਕਰਕੇ ਝੱਬਰ ਗੁਰਦੁਆਰੇ ਅੰਦਰ ਗਿਆ ਅਤੇ ਮਥਾ ਟੇਕ ਕੇ ਆਪਣੇ ਜਥੇ ਦੇ ਸਿੰਘਾਂ ਨੂੰ ਹੁਕਮ ਦਿਤਾ ਕਿ "ਗੁਰਦੁਆਰੇ ਦੇ ਇਹਾਤੇ ਵਿਚੋਂ ਮਹੰਤ ਦੇ ਆਦਮੀਆਂ ਨੂੰ ਬਾਹਰ ਕਢ ਦਿਓ, ਪੰਜ ਸਿੰਘ ਗੁਰਦੁਆਰੇ ਅੰਦਰ ਬੈਠ ਜਾਓ ਤੇ ੧੦ ਸਿੰਘ ਬਾਹਰ ਦੇ ਦਰਵਾਜ਼ੇ ਅਗੇ ਬੈਠੋ, ਅਜ ਰਾਤ ਸਾਰੇ ਸਿੰਘ ਹੀ ਗੁਰਦੁਆਰੇ ਵਿਚ ਰਹੋ। ਭਲਕੇ ਮਹੰਤ ਨੂੰ ਡੇਰੇ ਤੋਂ ਜੋ ਉਸ ਨੇ ਮਾਲ ਮਝੀ ਘੋੜੇ ਬੈਲਾ ਆਦਿ ਲਈ ਬਣਾਇਆ ਹੋਇਆ ਹੈ ਤੇ ਮਹੰਤਨੀ ਸਮੇਤ ਉਥੇ ਰਹਿੰਦਾ ਹੈ ਕਢਾਂਗੇ।" ਅੱਜ ਦੀ ਇਤਨੀ ਕੁ ਕਾਰਵਾਈ



Digitized by Panjab Digital Library | www.panjabdigilib.org

ਕਰਦਿਆਂ ਦਿਨ ਡੁਬ ਚੁਕਾ ਸੀ। ਇਸ ਲਈ ਰਾਤ ਨੂੰ ਮਹੰਤ ਨੂੰ ਡੇਰੇ ਵਿਚੋਂ ਕਢਨਾ ਯੋਗ ਨਾ ਸਮਝਿਆ। ਰਾਤ ਨੂੰ ਝੱਬਰ ਨੂੰ ਘੁਕੇ ਵਾਲੀ ਦੇ ਸਿੰਘ ਆਪਣੇ ਨਾਲ ਲੈ ਗਏ ਅਤੇ ਉਹ ਇਕ ਫੌਜੀ ਹਵਾਲਦਾਰ ਸਿੰਘ ਦੇ ਘਰ ਰਹੇ। ਏਧਰ ਮਹੰਤ ਨੇ ਰਾਤੋ ਰਾਤ ਆਪਣੇ ਆਦਮੀ ਭੇਜ ਕੇ ਸ: ਅਮਰ ਸਿੰਘ ਝਬਾਲ ਨੂੰ ਲੈ ਆਂਦਾ। ਸਿਆਲ ਦੀ ਰੁਤ ਸੀ ਸਵੇਰੇ ਜਾਂ 'ਇਹ ਪ੍ਰਸ਼ਾਦ ਛਕ ਕੇ ਗੁਰਦੁਆਰੇ ਆਏ ਤਾਂ ਸ: ਅਮਰ ਸਿੰਘ ਝੱਬਰ ਜੀ ਨੂੰ ਮਿਲੇ। ਜਥੇ ਦੇ ਲੰਗਰ ਦਾ ਰਾਤ ਤਾਂ ਕੋਈ ਇੰਤਜ਼ਾਮ ਨਹੀਂ ਹੋ ਸਕਿਆ ਸੀ ਤੇ ਲੰਗਰ ਮਸਤਾਨਾ ਹੀ ਰਿਹਾ ਸੀ ਪਰ ਸਵੇਰੇ ਸੰਗਤਾਂ ਨੇ ਪਿੰਡਾਂ ਵਿਚੋਂ ਰਸਦਾਂ ਲਿਆ ਕੇ ਲੰਗਰ ਲਾ ਦਿੱਤਾ।

ਸਵੇਰੇ ਫਿਰ ਸਰੋਵਰ ਪਾਸ ਦੀਵਾਨ ਲਗਾ ਤੇ ਮਹੰਤ ਦੇ ਡੇਰੇ ਤੇ ਕਬਜ਼ਾ ਕਰਨ ਦੀ ਸੰਗਤਾਂ ਤੋਂ ਝੱਬਰ ਨੇ ਰਾਇ ਲਈ। ਲੋਕਾਂ ਨੇ ਬੜੀ ਖੁਸ਼ੀ ਨਾਲ ਪਾਸ ਕੀਤਾ ਕਿ ਮਹੰਤ ਨੂੰ ਕਢ ਦਿਤਾ ਜਾਵੇ।

ਸ: ਅਮਰ ਸਿੰਘ ਝਬਾਲ ਬੋਲੇ ਕਿ ਜੇ ਕਰ ਮਹੰਤ ਤੁਹਾਡਾ ਹੁਕਮ ਹੀ ਮੰਨ ਲਵੇ ਤਾਂ ਉਸ ਨੂੰ ਨਹੀਂ ਕਢਨਾ ਚਾਹੀਦਾ। ਉਤਰ ਵਿੱਚ ਝੱਬਰ ਨੇ ਕਿਹਾ ਕਿ "ਇਕ ਵਾਰ ਜ਼ਰੂਰ ਮਹੰਤ ਨੂੰ ਕਢ ਦੇਣਾ ਚਾਹੀਦਾ। ਹੈ ਜੇ ਮਹੰਤ ਨੇ ਪੰਥ ਦਾ ਹੁਕਮ ਮੰਨਨਾ ਹੈ ਤਾਂ ਇਹ ਸ੍ਰੀ ਅਕਾਲ ਤਖਤ ਸਾਹਿਬ ਜਾਵੇ ਤੇ ਉਥੇ ਗੁਰਦੁਵਾਰ ਪ੍ਰ: ਕ: ਨੂੰ ਲਿਖ ਕੇ ਦੇ ਆਵੇ, ਤੇ ਸਾਨੂੰ ਪੰਥ ਵਲੋਂ ਚਿਠੀ ਲਖਾ ਕੇ ਲਿਆ ਦੇਵੇ ਫਿਰ ਅਸੀਂ ਮਹੰਤ ਨੂੰ ਬੈਠੇ ਰਹਿਣ ਦੇਵਾਂਗੇ।

ਸ: ਅਮਰ ਸਿੰਘ ਨੇ ਕਿਹਾ ਕਿ ਅੰਮ੍ਰਿਤਸਰ ਜਾਨ ਦੀ ਕੀ ਲੋੜ ਹੈ, ਅਸੀਂ ਏਥੇ ਹੀ ਮਹੰਤ ਕੋਲੋਂ ਉਸ ਦੇ ਹਥਾਂ ਦੀ ਤਹਿਰੀਰ ਕਰਵਾ ਲੈਂਦੇ ਹਾਂ। ਇਹ ਆਖ ਕੇ ਸ: ਅਮਰ ਸਿੰਘ ਜੀ ਮਹੰਤ ਕੋਲ ਗਏ ਤੇ ਉਸ ਦੇ ਹਥਾਂ ਦੀ ਤਹਿਰੀਰ ਇਕ ਕੋਰੇ ਕਾਗਜ ਤੇ ਲਿਖਾ ਲਿਆਏ। ਇਸ ਵਿੱਚ ਲਿਖਿਆ ਸੀ ਕਿ ਮੈਂ ਗੁ: ਪ੍ਰ: ਕ: ਨੂੰ ਗੁਰੂ ਕਾ ਬਾਗ ਗੁਰਦੁਵਾਰਾ ਦਿੰਦਾ ਹਾਂ ਤੇ ਮੈਂ



Digitized by Panjab Digital Library | www.panjabdigilib.org

ਅਗੇ ਲਈ ਪ੍ਰ: ਕ: ਦੇ ਹੁਕਮ ਅਨੁਸਾਰ ਗੁਰਦਵਾਰੇ ਦਾ ਪ੍ਰਬੰਧ ਕਰਾਂਗਾ। ਇਸ ਲਿਖਤ ਤੇ ਭੀ ਝੱਬਰ ਨੇ ਇਤਰਾਜ਼ ਕੀਤਾ ਕਿ ਇਹ ਕਚਾ ਕਾਗਜ਼ ਹੈ ਅਤ ਦੂਜਾ ਜੇ ਮਹੰਤ ਨੂੰ ਇਕ ਵਾਰੀ ਕਢਿਆ ਨਾ ਗਿਆ ਤਾਂ ਇਸ ਦਾ ਕਬਜ਼ਾ ਇਸ ਦੇ ਪਾਸ ਹੀ ਰਿਹਾ, ਇਸ ਨੂੰ ਕਮ ਤੋਂ ਕਮ ਇਕ ਹਫਤਾ ਗੁਰਦੁਵਾਰੇ ਦੀ ਜ਼ਮੀਨ ਵਿਚੋਂ ਕਢ ਕੇ ਕਬਜ਼ਾ ਤੋੜਨਾਂ ਚਾਹੀਦਾ ਹੈ।

ਸ: ਅਮਰ ਸਿੰਘ ਜੀ ਬੜੇ ਗੁਸੇ ਵਿਚ ਆਏ ਤੇ ਆਖਨ ਲਗੇ ਕਿ ਝੱਬਰ ਜੀ ਤੁਸੀਂ ਸਾਡੀ ਲੋਕਲ ਆਦਮੀਆਂ ਦੀ ਰਾਇ ਦੀ ਜ਼ਰਾ ਭੀ ਪ੍ਰਵਾਹ ਨਹੀਂ ਕਰਦੇ ਸਾਰੇ ਮਆਮਲੇ ਦੇ ਜ਼ਿੰਮੇਵਾਰ ਤਾਂ ਅਸੀਂ ਲੋਕਲ ਲੋਕ ਹਾਂ।

ਝੱਬਰ ਨੇ ਕਿਹਾ ਸ: ਅਮਰ ਸਿੰਘ ਜੀ ਇਸ ਵਿੱਚ ਤੁਸੀਂ ਗਲਤੀ ਕਰ ਰਹੇ ਹੋ, ਪਰ ਚੰਗਾ ਤੁਸੀਂ ਜ਼ਿਦ ਕਰਦੇ ਹੋ ਅਸੀਂ ਹੁਣ ਤੁਹਾਡੇ ਨਾਲ ਝਗੜਾ ਨਹੀਂ ਪਾਂਦੇ, ਜਿਵੇਂ ਮਰਜ਼ੀ ਹੈ ਕਰੋ। ਪਰ ਇਲਾਕੇ ਦੀਆਂ ਸੰਗਤਾਂ ਵਿਚੋਂ ਜੋ ਇਥੇ ਹਾਜ਼ਰ ਹਨ ਚੋਣ ਕਰਕੇ ਇਕ ਕਮੇਟੀ ਬਨਾ ਲਵੋ ਤੇ ਪ੍ਰਬੰਧ ਉਸ ਨੂੰ ਸਉਂਪ ਦੇਵੋ। ਝੱਬਰ ਨੇ ਫਿਰ ਇਕ ਘੰਟਾ ਲੈਕਚਰ ਕੀਤਾ ਤੇ ਸਾਰੀ ਸੰਗਤ ਦੀ ਰਾਇ ਨਾਲ ਕਮੇਟੀ ਬਨਾ ਲਈ ਗਈ ਤੇ ਪ੍ਰਬੰਧ ਕਮੇਟੀ ਦੇ ਸਪੁਰਦ ਕੀਤਾ ਗਿਆ ਤੀਜੇ ਦਿਨ ਝੱਬਰ ਆਪਨੇ ਜਥੇ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਵਾਪਸ ਪੁਜਾ।

ਨੋਟ:—ਮਹੰਤ ਦੀ ਲਿਖਤੀ ਚਿਠੀ ਝੱਬਰ ਨੇ ਸ਼੍ਰੋ: ਗੁ: ਪ੍ਰ: ਕਮੇਟੀ ਨੂੰ ਦੇ ਦਿਤੀ ਜੋ ਮਹੰਤ ਨੇ ੫੦੦ ਰੁਪੈ ਕਿਸੇ ਦਫਤਰ ਦੇ ਆਦਮੀ ਨੂੰ ਦੇਕੇ ਉੜਾ ਲਈ ਤੇ ਫੇਰ ਪੁਲੀਸ ਨੂੰ ਗੰਢ ਕੇ ਮੋਰਚਾ ਲੁਆਇਆ। ਜਿਸ ਦਾ ਹਾਲ ਪਾਠਕ ਅਗੇ ਪੜ੍ਹਨਗੇ।

## ਗੁਰਦੁਆਰਾ ਬਾਵੇ ਦਾ ਕੇਰ

੭, ੮, ਅਤੇ ੯ ਫਰਵਰੀ ਨੂੰ ਗੁਰੂ ਜੀ ਦੇ ਸਚਾ ਸੌਦਾ ਕਰਨ ਦਾ



Digitized by Panjab Digital Library | www.panjabdigilib.org

ਗੁਰਦੁਵਾਰੇ ਸਚੇ ਸੌਦੇ ਮੇਲਾ ਸੀ। ਮੇਲੇ ਤੋਂ ਅਗਲੇ ਭਲਕ ਅਥਵਾ ੧੦-੨-੨੧ ਨੂੰ ਅਕਾਲੀ ਦਲ ਖਰਾ ਸੌਦਾ ਬਾਰ ਦਾ ਜਥਾ ਸਚੇ ਸੌਦੇ ਤੋਂ ਚਲ ਕੇ ਕੇਰ ਬਾਵਾ ਕ੍ਰਿਪਾ ਰਾਮ ਜੋ ਗਰਦੁਵਾਰਾ ਸਚਾ ਸੌਦਾ ਦੇ ਨੇੜੇ ਹੀ ਹੈ ਪੁਜਾ ਤੇ ਸਾਧੂਆਂ ਨੂੰ ਕਢ ਦਿੱਤਾ ਤੇ ਕਬਜ਼ਾ ਕਰ ਲਿਆ। ਅਗਲੇ ਭਲਕ ੨੫ ਸਿੰਘ ਸੇਵਾਦਾਰ ਏਥੇ ਛੱਡ ਕੇ ਬਾਕੀ ਦਾ ਜਥਾ ਨਾਲ ਲੈ ਕੇ ਝੱਬਰ ਮਾਛੀ ਕੇ ਪੁਜਾ ਅਤੇ ੧੧-੨-੨੧ ਨੂੰ ਮਾਛੀ ਕੇ ਭੀ ਮਹੰਤ ਗੁਲਾਬ ਦਾਸ ਨੂੰ ਕਢ ਕੇ ਕਬਜ਼ਾ ਕਰ ਲੀਤਾ। ੧੨-੨-੨੧ ਨੂੰ ਸ਼ੇਖੂਪੁਰੇ ਮਹਾਰਾਣੀ ਨਕੈਣ ਦੇ ਗੁਰਦੁਵਾਰੇ ਕਬਜ਼ਾ ਕੀਤਾ ਪਰ ਇਹ ਤਿੰਨੇ ਗੁਰਦੁਵਾਰੇ ਗੁਰਦੁਵਾਰਾ ਕਾਨੂੰਨ ਬਣ ਜਾਣ ਪਿਛੋਂ ਸੰਨ ੨੬ ਵਿਚ ਮੁਕਦਮੇ ਕਰਕੇ ਉਦਾਸੀਆਂ ਵਾਪਸ ਲੈ ਲੀਤੇ।

## ਗੁਰਦੁਆਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ

ਸੰਤ ਸੂਰਜ ਸਿੰਘ ਜੀ ਨੇ ਆਪਣੇ ਗ੍ਰੰਥ 'ਜਾਗ੍ਰਤ ਖਾਲਸਾ' ਵਿਚ ਸ੍ਰੀ ਨਨਕਾਣਾ ਸਾਹਿਬ ਜਨਮ ਅਸਥਾਨ ਦੇ ਮਹੰਤ ਦਾ ਜੋ ਨਕਸ਼ਾ ਖਿਚਿਆ ਹੈ ਉਹ ਹੇਠਾਂ ਲਿਖੀਆਂ ਪਉੜੀਆਂ ਤੋਂ ਪਰਤਖ ਹੈ:-

(੧) ਵਿਚ ਤਲਵੰਡੀ ਵੇਖੀਏ ਚਲ ਕੇ ਨਨਕਾਣਾ।
ਗੁਰੂ ਨਾਨਕ ਦਾ ਜਾਣੀਏ ਹੈ ਜਨਮ ਸਥਾਨਾਂ।
ਦੂਰੋਂ ਦੂਰੋਂ ਸਿਖ ਆ ਕਰਦੇ ਸਨਮਾਨਾਂ।
ਤਨ ਮਨ ਧਨ ਗੁਰੂ ਘਰ ਤੋਂ ਕਰਦੇ ਕੁਰਬਾਨਾਂ।
ਕਈ ਲਖ ਜਾਂਗੀਰ ਦਾ ਹੈ ਨਾਲ ਲਗਾਨਾ।
ਦੁਸ਼ਟ ਨਰੈਣੂ ਉਸ ਥਾਂ ਮਹੰਤ ਟਕਾਣਾਂ।
ਰਹਿੰਦਾ ਮਨਮੁਖ ਗੁਰਾਂ ਤੋਂ ਮਨਮਤੀ ਮਹਾਨਾ।
ਲੱਖਾਂ ਪੈਸਾ ਚੜ੍ਹਤ ਦਾ ਕਰ ਰਿਹਾ ਵਿਰਾਨਾ।
ਮਹਿਲ ਮਾੜੀਆ ਆਪਣੇ ਬਹੁ ਰਚੇ ਮਹਾਨਾ।
ਗੁਰੂ ਨਾਨਕ ਦਾ ਰਤੀ ਨਾਂ ਹੈ ਉਦਮ ਠਾਨਾਂ।



Digitized by Panjab Digital Library | www.panjabdigilib.org

ਭਰਿਆ ਮਨ ਦੇ ਵਿਚ ਮਹਾਨਾ।
(੨) ਹੋ ਮਹੰਤ ਗੁਰ ਧਾਮ ਦੇ ਕੀ ਕਿਰਤ ਕਮਾਈ।
ਇਕ ਡੂਮਣੀ ਉਸ ਨੇ ਘਰ ਵਿਚ ਵਸਾਈ।
ਵਿਸ਼ੇ ਪਰਾਇਨ ਹੋ ਰਿਹਾ ਸਭ ਬੁਧ ਨਸਾਈ।
ਪੁਤ੍ਰ ਧੀਆਂ ਉਸ ਤੋਂ ਬੈਠਾ ਉਪਜਾਈ।
ਨਾਮ ਉਨਾਂ ਦੇ ਲਾਂਵਦਾ ਸੀ ਵਿਰਸਾ ਭਾਈ।
ਲਾਜ ਨਾਂ ਸਾਧੂ ਭੇਖ ਦੀ ਭੈੜੇ ਨੂੰ ਆਈ।
ਪੀਏ ਸ਼ਰਾਬ ਨਿਤ ਹੀ ਬਣ ਰਿਹਾ ਸ਼ੁਦਾਈ।
ਚੋਰ ਉਚੱਕੇ ਧਾੜਵੀ ਬਹੁ, ਪਾਸ ਬੁਲਾਈ।
ਦੇਖ ਦੇਖ ਰਹੇ ਸਿੰਘ ਦੁਖਾਈ।

ਪਿਛਲੇ ਸਫਿਆਂ ਤੋਂ ਪਾਠਕ ਭਾਈ ਵਰਿਆਮ ਸਿੰਘ ਦੀਆਂ ਸ੍ਰੀ ਨਨਕਾਣਾ ਸਾਹਿਬ ਤੋਂ ਭੇਜੀਆਂ ਕੁਝ ਰੀਪੋਟਾਂ ਦਾ ਹਾਲ ਪੜ੍ਹ ਚੁਕੇ ਹਨ। ਇਹ ਰੀਪੋਟਾਂ ਪੜ੍ਹ ਕੇ ਅਕਾਲੀ ਦਲ ਖਰਾ ਸੌਦਾ ਬਾਰ ਦੇ ਸਿੰਘਾਂ ਨੂੰ ਬਹੁਤ ਰੋਹ ਚੜ੍ਹਿਆ। ਫਰਵਰੀ ੧੯੨੧ ਦੇ ਸ਼ੁਰੂ ਦੀ ਗੱਲ ਹੈ ਕਿ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਮੀਟਿੰਗ ਵਿਚ ਸ੍ਰੀ ਅਕਾਲ ਤਖਤ ਸਾਹਿਬ ਖੜੇ ਹੋ ਕੇ ਝੱਬਰ ਨੇ ਇਹ ਤਕਰੀਰ ਕੀਤੀ।

"ਖਾਲਸਾ ਜੀ, ਅਰਸਾ ਇਕ ਮਹੀਨੇ ਦਾ ਹੋਇਆ ਹੈ, ਕਿ ਸਿੰਧ ਵਿਚੋਂ ਇਕ ਪ੍ਰੇਮੀ ਜੋ ਸੈਸ਼ਨ ਜੱਜ ਸੀ ਤੇ ਪੈਨਸ਼ਨ ਹੋ ਕੇ ਪੰਜਾਬ ਵਿਚ ਆਪਣੇ ੩੦-੩੫ ਜੀਆਂ ਦੇ ਪ੍ਰਵਾਰ ਸਹਿਤ ਗੁਰਦਵਾਰਿਆਂ ਦੇ ਦਰਸ਼ਨ ਨੂੰ ਆਇਆ ਬਦਕਿਸਮਤੀ ਨਾਲ ਸਭ ਤੋਂ ਪਹਿਲਾਂ ਉਹ ਸ੍ਰੀ ਨਨਕਾਣੇ ਸਾਹਿਬ ਪੁਜਾ। ਦਰਸ਼ਨ ਕੀਤਾ ਮਥਾ ਟੇਕਿਆ। ਪੁਜਾਰੀ ਸਾਧੂਆਂ ਨੇ ਇਨਾਂ ਨੂੰ ਰਿਹਾਇਸ਼ ਵਾਸਤੇ ਗੁਰਦਵਾਰੇ ਦੇ ਅੰਦਰ ਦਖਨ ਪਾਸੇ ਜੋ ਕਮਰੇ ਹਨ ਇਹ ਥਾਂ ਦਿਤਾ। ਦਿਨ ਡੁਬ ਗਿਆ ਤਾਂ ਇਨਾਂ ਪੁਜਾਰੀ ਕੋਲੋਂ ਦੀਵਾ ਮੰਗਿਆ। ਦੀਵਾ ਉਸੇ ਕਮਰੇ ਵਿਚ ਪਿਆ ਸੀ, ਸਾਧੂ ਨੇ ਦੇ ਦਿਤਾ ਪਰ ਇਸ ਵਿਚ ਤੇਲ ਨਹੀਂ ਸੀ।



Digitized by Panjab Digital Library | www.panjabdigilib.org

ਸਾਧੂ ਨੇ ਕਿਹਾ ਮੈਂ ਤੇਲ ਲੈ ਲਵੇ। ਇਹ ਦੀਵਾ ਇਕ ਬਾਰਾਂ ਤੇਰ੍ਹਾਂ ਸਾਲ ਦੀ ਕੰਨਿਆਂ ਨੇ ਫੜਿਆ ਹੋਇਆ ਸੀ, ਸਾਧੂ ਨੇ ਕਿਹਾ ਇਸ ਲੜਕੀ ਨੂੰ ਹੀ ਭੇਜ ਦਿਉ। ਤਾਂ ਉਹ ਲੜਕੀ ਤੇਲ ਲੈਣ ਗਈ. ਇਸ ਚੰਡਾਲ ਸਾਧੂ ਨੇ ਇਸ ਨਾਬਾਲਗ ਲੜਕੀ ਦਾ ਸਤ ਭੰਗ ਕੀਤਾ ਤੇ ਇਹ ਰੋਂਦੀ ਪਿਟਦੀ ਬਾਹਰ ਆਈ। ਗੁਰਦਵਾਰਾ ਜਨਮ ਅਸਥਾਨ ਵਿਚ ਇਸ ਵੇਲੇ ਰਹਿਰਾਸ ਦਾ ਪਾਠ ਹੋ ਰਿਹਾ ਸੀ। ਸੰਗਤ ਇਸ ਘੋਰ ਅਪ੍ਰਾਧ ਨੂੰ ਵੇਖ ਕੇ ਹੈਰਾਨ ਰਹਿ ਗਈ, ਰੌਲਾ ਪੈਣ ਲਗ ਪਿਆ। ਉਹ ਸਿੰਧੀ ਪ੍ਰਦੇਸੀ ਰੋਣ ਪਿਟੱਣ ਲਗਾ। ਮਹੰਤ ਨਰੈਣ ਦਾਸ ਨੂੰ ਜੋ ਉਸ ਵੇਲੇ ਬੈਠਕ ਵਿੱਚ ਸੀ ਪਤਾ ਲਗਾ। ਇਹ ਭੀ ਦਸ ਬਾਰਾਂ ਲੁਚਿਆਂ ਸਮੇਤ ਆਇਆ ਸਿੰਧੀ ਆਪਣੀ ਲੜਕੀ ਨੂੰ ਲੈ ਕੇ ਛੇਤੀ ਨਾਲ ਗੁਰਦਵਾਰੇ ਵਿਚੋਂ ਨਿਕਲ ਕੇ ਮੰਡੀ ਨੂੰ ਤੁਰ ਪਏ। ਮਹੰਤ ਨੇ ਉਸ ਵੇਲੇ ਆਪਣੇ ਬਦਮਾਸ਼ਾਂ ਨੂੰ ਕਿਹਾ ਤੇ ਇਹ ਗੁੰਡੇ ਲੜਕੀ ਨੂੰ ਧੱਕੇ ਨਾਲ ਚੁਕ ਕੇ ਲੈ ਗਏ। ਸਿਧੀ ਹੋਰ ਘਬਰਾਇਆ ਤੇ ਬੋਹੜਾਂ ਦੇ ਥਲੇ ਸ੍ਰੋਵਰ ਦੇ ਕੰਢੇ ਬੈਠ ਕੇ ਸਾਰੀ ਰਾਤ, ਸਾਰਾ ਪ੍ਰਵਾਰ ਰੋਂਦਾ ਰਿਹਾ। ਸਵੇਰੇ ਮਹੰਤ ਨੇ ਆਖਿਆ ਕਿ ਜੇ ਤੁਸੀਂ ਗੱਡੀ ਚੜ੍ਹ ਜਾਵੋ ਤਾਂ ਮੈਂ ਤੁਹਾਨੂੰ ਲੜਕੀ ਸਟੇਸ਼ਨ ਤੇ ਦੇ ਦੇਵਾਂਗਾ। ਉਹ ਗਰੀਬ ਘਬਰਾ ਗਏ। ਇਹ ਗੱਲ ਮੰਨ ਕੇ ਗੱਡੀ ਵਿਚ ਬੈਠੇ। ਮਹੰਤ ਨੇ ਉਥੇ ਆਪਣੇ ਆਦਮੀਆਂ ਦੇ ਹਥ ਲੜਕੀ ਘਲ ਦਿਤੀ ਤੇ ਸਿੰਧੀ ਲੈ ਕੇ ਵਾਪਸ ਚਲੇ ਗਏ। ਇਸੇ ਤਰਾਂ ਲਾਇਲ ਪੁਰ ਵਿਚੋ ਆਈਆਂ ਛੇ ਔਰਤਾਂ ਦਾ ਸਤ ਭੰਗ ਹੋਨਾਂ ਭੀ ਬਿਆਨ ਕੀਤਾ ਗਿਆ ਅਤੇ ਭਾਈ ਬੂਟਾ ਸਿੰਘ ਪੇਠੋਹਾਰੀ ਦੀ ਕ੍ਰਿਪਾਨ ਤੇ ਰੁਪੈ ਖੋਹੇ ਜਾਣੇ ਭੀ ਦਸੇ। ਇਹ ਸਾਰੇ ਵਾਕਿਆਤ ਸੁਣਾ ਕੇ ਝੱਬਰ ਨੇ ਕਿਹਾ। "ਖਾਲਸਾ ਜੀ ਇਤਨੇ ਅਪ੍ਰਾਧ ਤੇ ਘੋਰ ਪਾਪ ਮਹੰਤ ਕਰ ਰਿਹਾ ਹੈ, ਜਾਤਰੂ ਸਿੰਘਾਂ ਦੀ ਸਖਤ ਬੇਇਜ਼ਤੀ ਹੋ ਰਹੀ ਹੈ। ਕਮੇਟੀ ਨੇ ਪਾਸ ਕੀਤਾ ਹੋਇਆ ਹੈ ਕਿ ਕਿਤੇ ਭੀ ਕਬਜ਼ਾ ਕਰਨਾ ਹੋਵੇ ਤਾਂ ਆਗਿਆ ਲਈ



Digitized by Panjab Digital Library | www.panjabdigilib.org

ਜਾਵੇ। ਸੋ ਮੈਂ ਆਪ ਪਾਸੋਂ ਸ੍ਰੀ ਨਨਕਾਣੇ ਸਾਹਿਬ ਤੇ ਕਬਜ਼ਾ ਕਰਨ ਦੀ ਆਗਿਆ ਲੈਣ ਆਇਆ ਹਾਂ। ਮੈਂ ਆਪ ਪਾਸੋਂ ਇਕ ਪੈਸਾ ਨਹੀਂ ਮੰਗਦਾ ਅਤੇ ਨਾ ਹੀ ਆਦਮੀ ਮੰਗਦਾ ਹਾਂ, ਕੇਵਲ ਆਗਿਆ ਬਖਸ਼ੋ ਹੁਣ ਦੇਰੀ ਨਹੀਂ ਹੋਣੀ ਚਾਹੀਦੀ।'' ਇਹ ਆਖ ਕੇ ਝੱਬਰ ਬੈਠ ਗਿਆ।

ਉਤਰ ਵਿਚ ਸ: ਨਿਹਾਲ ਸਿੰਘ ਸੁਹਾਵੀਆ ਸਟੰਗੀਆ ਜ਼ਿਲਾ ਸਿਆਲਕੋਟ ਜੱਜ ਹਾਈ ਕੋਰਟ ਪਟਿਆਲਾ ਬੜੇ ਦੁਖ ਭਰੇ ਲਫਜ਼ਾਂ ਵਿਚ ਬੋਲੇ, ''ਝੱਬਰ ਜੀ ਨਨਕਾਣੇ ਸਾਹਿਬ ਗੁਰਦੁਆਰੇ ਵਿਚ ਹੋ ਰਹੇ ਐਡੇ ਘੋਰ ਪਾਪ ਜੋ ਤੁਸਾਂ ਦਸੇ ਹਨ ਬ੍ਰਦਾਸ਼ਤ ਨਹੀਂ ਕੀਤੇ ਜਾ ਸਕਦੇ। ਤੁਸੀਂ ਇਕੱਲੇ ਕਿਉਂ ਜਾਵੋ ਅਸੀਂ ਭੀ ਗੁਰੂ ਕੇ ਸਿਖ ਹਾਂ ਅਸੀਂ ਭੀ ਨਾਲ ਚਲਾਂਗੇ। ਕਮੇਟੀ ਵਲੋਂ ਐਲਾਨ ਕੀਤਾ ਜਾਵੇ ਅਤੇ ਤਾਰੀਖ ਮਿਥੀ ਜਾਵੇ। ਕੁਝ ਵੀਚਾਰ ਹੋ ਕੇ ਪ੍ਰਬੰਧਕ ਕਮੇਟੀ ਵਿਚ ਪਾਸ ਹੋਇਆ ਅਤੇ ੪-੫-੬ ਮਾਰਚ ੧੯੨੧ ਦੀਆਂ ਤਾਰੀਖਾਂ ਤੇ ਸ੍ਰੀ ਨਨਕਾਣਾ ਸਾਹਿਬ ਵਿਖੇ ਪੰਥ ਦੇ ਇੱਕਠਾ ਹੋਣ ਦਾ ਐਲਾਨ ਕੀਤਾ ਗਿਆ ਅਤੇ ਏਸ ਪੰਥਕ ਇਕੱਠ ਦੇ ਲੰਗਰ ਆਦਿ ਦੇ ਪ੍ਰਬੰਧ ਵਾਸਤੇ ਹੇਠ ਲਿਖੇ ਸਜਨਾਂ ਦੀ ਕਮੇਟੀ ਬਣਾਈ ਗਈ।

(੧) ਸ: ਬੂਟਾ ਸਿੰਘ ਜੀ ਵਕੀਲ ਸ਼ੇਖੂ ਪੁਰਾ
(੨) ਸ: ਤੇਜਾ ਸਿੰਘ ਜੀ ਸਮੁੰਦਰੀ
(੩) ਭਾਈ ਬੂਟਾ ਸਿੰਘ ਜੀ ੨੦੪ ਵਾਲੇ
(੪) ਸ: ਕਰਤਾਰ ਸਿੰਘ ਝੱਬਰ

ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵਲੋਂ ਇਹ ਪਹਿਲਾ ਐਲਾਨ ਪੜ੍ਹ ਕੇ ਮਹੰਤ ਨੇ ਝੱਬਰ ਪਾਸ ਦੋ ਆਦਮੀ ਮਹੰਤ ਸੁੰਦਰ ਦਾਸ ਸ਼ਤਾਬ ਗੜ੍ਹ ਵਾਲਾ ਤੇ ਸੰਤ ਹਰੀ ਦਾਸ ਸੱਯਦ ਵਾਲੇ ਵਾਲਾ ਜੋ ਇਨਾਂ ਦੇ ਵਾਕਫ ਸਨ ਘਲੇ। ਇਹ ਸਚੇ ਸੌਦੇ ਆ ਕੇ ਮਿਲੇ ਅਤੇ ਇਨ੍ਹਾਂ ਦੀ ਰਾਹੀਂ ਮਹੰਤ ਨਰੈਣ ਦਾਸ ਨੇ ਝੱਬਰ ਨੂੰ ਨਨਕਾਣਾ ਸਾਹਿਬ ਆਉਣ ਤੋਂ ਰੋਕਣ ਦੀ ਕੋਸ਼ਸ਼ ਕੀਤੀ। ਉਤਰ ਵਿਚ ਝੱਬਰ ਨੇ ਕਿਹਾ



Digitized by Panjab Digital Library | www.panjabdigilib.org

"ਇਹ ਗੱਲ ਕਦਾਚਿਤ ਨਹੀਂ ਹੋ ਸਕਦੀ। ਹਾਂ ਇਹ ਹੈ ਕਿ ਜੇ ਮਹੰਤ ਮੇਰੇ ਆਖੇ ਲਗੇ, ਤਾਂ ਮੈਂ ਮਹੰਤ ਨੂੰ ਬਚਾ ਸਕਦਾ ਹਾਂ। ਉਹ ਇਸ ਤਰ੍ਹਾਂ ਕਿ ਜੇ ਮਹੰਤ ਗੁਰਦੁਆਰਾ ਪੰਥ ਨੂੰ ਦੇ ਦੇਵੇ ਤਾਂ ਮੈਂ ਮਹੰਤ ਨੂੰ ਇਕ ਹਜ਼ਾਰ ਤੋਂ ਡੇਢ ਹਜ਼ਾਰ ਦੇ ਦਰਮਿਆਨ ਮਹੀਨੇ ਦੀ ਤਨਖਾਹ, ਵੱਡਾ ਮਹਿਲ, ਮਾਲ ਵਾਲਾ ਤਬੇਲਾ ਅਤੇ ਹੋਰ ਭੀ ਬਹੁਤ ਕੁਝ ਦਿਵਾ ਸਕਦਾ ਹਾਂ। ਪਰ ਇਹ ਸਾਰੀ ਗੱਲ ਮਹੰਤ ਆਪ ਮੇਰੇ ਨਾਲ ਖੁਦ ਮਿਲ ਕੇ ਕਰੇ ਅਤੇ ਇਕਰਾਰ ਕਰੇ ਤਾਂ ਮੈਂ ਕਮੇਟੀ ਦੇ ਪੇਸ਼ ਕਰਾਂਗਾ।" ਇਸ ਤੋਂ ਕੁਝ ਦਿਨ ਮਗਰੋਂ ਪ੍ਰਬੰਧਕ ਕਮੇਟੀ ਦੀ ਮੀਟਿੰਗ ਹੋਣੀ ਸੀ ਅਤੇ ਝੱਬਰ ਅੰਮ੍ਰਿਤਸਰ ਜਾ ਰਿਹਾ ਸੀ। ਕਿ ਮਹੰਤ ਸੁੰਦਰ ਦਾਸ ਇਨਾਂ ਨੂੰ ਲਾਹੌਰ ਸਟੇਸ਼ਨ ਤੋਂ ਬੁਲਾ ਕੇ ਲੈ ਗਿਆ, ਅਤੇ ਮੇਲਾ ਰਾਮ ਦੇ ਤਾਲਾਬ ਤੇ ਜਿਥੇ ਮਹੰਤ ਠਹਿਰਿਆ ਹੋਇਆ ਸੀ ਚੁਬਾਰੇ ਵਿਚ ਅਧਾ ਘੰਟਾ ਗੱਲ ਹੁੰਦੀ ਰਹੀ। ਮਹੰਤ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇ ਦੇਣਾ ਮੰਨ ਲਿਆ। ਗੱਲ ਬਾਤ ਕਰਕੇ ਜਦ ਝੱਬਰ ਹੇਠਾਂ ਉਤਰਿਆ ਤਾਂ ਮਹੰਤ ਦੇ ਆਦਮੀ ਰਾਂਝਾ ਤੇ ਰਿਹਾਣਾ ਬੰਦੂਕਾਂ ਲਈ ਖਲੋਤੇ ਸੀ। ਪਤਾ ਨਹੀਂ ਮਹੰਤ ਦੇ ਦਿਲ ਵਿਚ ਕੀ ਖਿਆਲ ਸੀ ਇਹ ਬੰਦੂਕਾਂ ਵਾਲੇ ਉਸ ਦੀ ਆਪਣੀ ਰਾਖੀ ਲਈ ਜਾਂ ਕਿ ਝੱਬਰ ਦੇ ਮਾਰਨ ਲਈ ਸਨ। ਉਸ ਨੇ ਬੰਦੂਕਾਂ ਵਾਲੇ ਨਾਲ ਕਿਉਂ ਲਿਆਂਦੇ ਸਨ ਪਤਾ ਨਹੀਂ ਲਗਾ। ਅਗਲੇ ਭਲਕ ਸ੍ਰੀ ਅਕਾਲ ਤਖਤ ਸਾਹਿਬ ਕਮੇਟੀ ਹੋਈ ਤਾਂ ਝੱਬਰ ਨੇ ਮਹੰਤ ਨਰੈਣ ਦਾਸ ਨਾਲ ਹੋਈ ਗੱਲ ਬਾਤ ਦਸੀ ਤੇ ਕਿਹਾ ਕਿ ਮਹੰਤ ਸੁਲਹ ਕਰਨੀ ਚਾਹੁੰਦਾ ਹੈ। ਮਹੰਤ ਨਰੈਣ ਦਾਸ ਨਾਲ ਸੁਲਹ ਦੀ ਗੱਲ ਬਾਤ ਕਰਨ ਵਾਸਤੇ ਹੇਠ ਲਿਖੇ ਪੰਜਾਂ ਆਦਮੀਆਂ ਦੀ ਕਮੇਟੀ ਬਣਾਈ ਗਈ।

(੧) ਬਾਬਾ ਕੇਹਰ ਸਿੰਘ ਜੀ ਪੱਟੀ
(੨) ਪ੍ਰੋਫੈਸਰ ਜੋਧ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ
(੩) ਸ: ਬੂਟਾ ਸਿੰਘ ਵਕੀਲ ਸ਼ੇਖੂ ਪੁਰਾ
(੪) ਸ: ਤੇਜਾ ਸਿੰਘ ਸਮੁੰਦਰੀ
(੫) ਸ: ਕਰਤਾਰ ਸਿੰਘ ਝੱਬਰ



Digitized by Panjab Digital Library | www.panjabdigilib.org

੭-੮-੯ ਫਰਵਰੀ ਨੂੰ ਸਚੇ ਸੌਦੇ ਗੁਰੂ ਜੀ ਦੇ ਸਚਾ ਸੌਦਾ ਕਰਨ ਦਾ ਸਾਲਾਨਾ ਮੇਲਾ ਸੀ। ਮਹੰਤ ਨੂੰ ਸਚੇ ਸੌਦੇ ਆ ਕੇ ਗੱਲ ਬਾਤ ਕਰਨ ਲਈ ਚਿਠੀ ਲਿਖੀ ਗਈ। ਸਚੇ ਸੌਦੇ ਨੀਯਤ ਦਿਨ ਤੇ ਮਹੰਤ ਆਪ ਤਾਂ ਨਾ ਆਇਆ ਪਰ ੯-੨-੨੧ ਨੂੰ ਸ: ਸਾਹਿਬ ਸਿੰਘ ਮਾਨ ਤੇ ਦੇਵੀ ਦਿਆਲ ਨਨਕਾਣੇ ਸਾਹਿਬ ਵਾਲੇ ਨੂੰ ਘਲਿਆ। ਇਨਾਂ ਦੋਵਾਂ ਸਜਨਾਂ ਨੇ ਮਹੰਤ ਦਾ ਸੁਨੇਹਾ ਦਿਤਾ ਕਿ ਮੈਂ ਏਥੇ ਨਹੀਂ ਆਉਂਦਾ, ਤੁਸੀਂ ਮੇਰੇ ਨਾਲ ਕਿਸੇ ਸ਼ਹਿਰ ਗੱਲ ਕਰੋ। ਇਨ੍ਹਾਂ ਸਜਨਾਂ ਨੇ ਇਹ ਭੀ ਦਸਿਆ ਕਿ ਮਹੰਤ ਨੂੰ ਲੋਕਾਂ ਨੇ ਬੜਾ ਡਰਾਇਆ ਹੋਇਆ ਹੈ ਕਿ ਜੇ ਤੂੰ ਸਚੇ ਸੌਦੇ ਗਿਆ ਤਾਂ ਤੈਨੂੰ ਜਥੇਦਾਰ ਝੱਬਰ ਨੇ ਫੜ ਕੇ ਅੰਦਰ ਦੇ ਲੈਣਾ ਹੈ ਅਤੇ ਨਨਕਾਣੇ ਸਾਹਿਬ ਆ ਕੇ ਕਬਜ਼ਾ ਕਰ ਲੈਣਾ ਹੈ। ਮਹੰਤ ਨੇ ਆਪਣੇ ਬਚਾ ਵਾਸਤੇ ਬਾਹਰੋਂ ਬਹੁਤ ਸਾਰੇ ਬਦਮਾਸ਼ ਭੀ ਮੰਗਾਏ ਹੋਏ ਸਨ। ਝੱਬਰ ਨੇ ੧੪-੨-੨੧ ਨੂੰ ਸ਼ੇਖੂ ਪੁਰੇ ਵਿਚ ਸ: ਬੂਟਾ ਸਿੰਘ ਵਕੀਲ ਦੀ ਬੈਠਕ ਵਿਚ ਗੱਲ ਬਾਤ ਕਰਨ ਲਈ ਤਰੀਕ ਮਿਥੀ। ੧੪-੨-੨੧ ਨੂੰ ਝੱਬਰਸ਼ੇਖੂਪੁਰੇ ਗਿਆ। ਸਾਰਾ ਦਿਨ ਉਡੀਕਿਆ ਪਰ ਮਹੰਤ ਨਾ ਆਇਆ। ਰਾਤ ਦੀ ਗੱਡੀ ਮਹੰਤ ਜੀਵਨ ਦਾਸ ਸ਼ੇਖੂ ਪੁਰੇ ਵਾਲਾ ਆਇਆ ਤੇ ਆਖਿਆ ਕਿ ਮਹੰਤ ਤੁਹਾਨੂੰ ਲਾਹੌਰ ਸਦਦਾ ਹੈ। ਸਵੇਰੇ ੫ ਬਜੇ ਦੀ ਗਡੀ ਝੱਬਰ ਤੇ ਸ: ਬੂਟਾ ਸਿੰਘ ਜੀ ਲਾਇਲ ਗਜ਼ਟ ਦੇ ਦਫਤਰ ਵਿਚ ਲਾਹੌਰ ਪੁਜੇ ਤੇ ਮਹੰਤ ਜੀਵਨ ਦਾਸ ਨੂੰ ਕਿਹਾ ਕਿ ਤੂੰ ਮਹੰਤ ਨੂੰ ਸ: ਅਮਰ ਸਿੰਘ, ਅਡੀਟਰ ਲਾਇਲ ਗਜ਼ਟ ਦੇ ਮਕਾਨ ਤੇ ਲੈ ਆ। ਜਦ ਮਹੰਤ ਜੀਵਨ ਦਾਸ ਨੇ ਰਾਮ ਗਲੀ ਮਹੰਤ ਦੇ ਮਕਾਨ ਤੇ ਜਾ ਕੇ ਗੱਲ ਕੀਤੀ ਤਾਂ ਉਥੇ ਝੱਬਰ ਦਾ ਸੂਹੀਆਂ ਅਵਤਾਰ ਸਿੰਘ ਭੀ ਸੀ ਜਿਸ ਦੀ ਡਿਊਟੀ ਝੱਬਰ ਨੇ ਲਾਈ ਹੋਈ ਸੀ ਕਿ ਤੂੰ ਮਹੰਤਾਂ ਦੇ ਨਾਲ ਹੀ ਰਿਹਾ ਕਰ ਅਤੇ ਖਿਆਲ ਰਖਿਆ ਕਰ।

ਝੱਬਰ ਦਾ ਲਾਹੌਰ ਆਉਣਾ ਸੁਣ ਕੇ ਇਹ ਝਟ ਲਾਇਲ ਗਜ਼ਟ ਦੇ ਦਫਤਰ ਵਿਚ ਪੁਜਾ ਤੇ ਦਸਿਆ।



Digitized by Panjab Digital Library | www.panjabdigilib.org

"ਮਹੰਤ ਨੇ ਅਜ ਰਾਤ ਰਾਮ ਗਲੀ ਅਪਣੇ ਮਕਾਨ ਤੇ ਇਕ ਖੁਫੀਆ ਮੀਟਿੰਗ ਕੀਤੀ ਹੈ, ਮੈਂ ਭੀ ਉਸ ਵਿਚ ਸੀ। ਅੰਜਨ ਦਾਸ ਬਮਨ ਤੇ ਜਗਨ ਨਾਥ ਬਘਿਆਂ ਵਾਲਾ, ਬਸੰਤ ਦਾਸ ਮਾਨਕ ਵਾਲਾ ਤੇ ਚਾਰ ਪੰਜ ਮਾਝੇ ਦੇ ਜੱਟ ਸੀ। ਮਹੰਤ ਨੇ ਡੇਢ ਲਖ ਰੁਪੈਆ ਮਾਝੇ ਦੇ ਬਦਮਾਸਾਂ ਨੂੰ ਦੇਣਾ ਮੰਨਿਆ ਹੈ ਤੇ ਉਨ੍ਹਾਂ ਨੇ ੧੨ ਭਗੌੜੇ ਕਾਤਲ ਨਨਕਾਣੇ ਸਾਹਿਬ ੬ ਮਾਰਚ ਨੂੰ ਲੈ ਕੇ ਪੁਜਨਾਂ ਹੈ ਜਿਸ ਦਿਨ ਪੰਥ ਦਾ ਇਕੱਠ ਹੈ। ਅਗੋਂ ਸਕੀਮ ਇਹ ਬਣਾਈ ਹੈ, ਕਿ ਭਰੇ ਮੇਲੇ ਵਿਚ ਸਿਖ ਲੀਡਰਾਂ ਸ: ਹਰਬੰਸ ਸਿੰਘ ਅਟਾਰੀ, ਪਰੋਫੈਸਰ ਜੋਧ ਸਿੰਘ, ਕਰਤਾਰ ਸਿੰਘ ਝੱਬਰ ਤੇਜਾ ਸਿੰਘ ਭੁਚਰ ਨੂੰ ਜੋ ਇਸ ਵੇਲੇ ਪੰਥ ਦਾ ਕੰਮ ਕਰਦੇ ਹਨ, ਗੁਰਦਵਾਰੇ ਅੰਦਰ ਸੁਲ੍ਹਾ ਦੀ ਗੱਲ ਬਾਤ ਕਰਨ ਲਈ ਬੁਲਾ ਲਿਆ ਜਾਵੇ। ' ਅਸੀਂ ਗੱਲ ਬਾਤ ਕਰੀਏ, ਗੁਰਦੁਵਾਰੇ ਦਾ ਲਹਿੰਦਾ ਬੂਹਾ ਖੋਲ੍ਹ ਦਿਤਾ ਜਾਵੇਗਾ, ਚੜ੍ਹਦਾ ਪਹਿਲਾਂ ਬੰਦ ਕੀਤਾ ਹੋਇਆ ਹੋਵੇਗਾ। ਬਾਹਰੋਂ ਬਦਮਾਸ਼ ਘੋੜਿਆਂ ਤੇ ਆਉਣ ਅਤੇ ਲਹਿੰਦੇ ਵੱਲ ਖਾਲੀ ਥਾਂ ਤੇ ਕਿੱਲੇ ਲਗੇ ਹੋਏ ਹੋਣਗੇ ਉਹ ਘੋੜਿਆਂ ਤੋਂ ਉਤਰ ਕਿੱਲਿਆਂ ਨਾਲ ਘੋੜੇ ਬੰਨ੍ਹ ਕੇ ਅੰਦਰ ਆ ਕੇ ਹੋ ਰਹੀ ਕਮੇਟੀ ਵਿਚ ਬੈਠੇ ਸਿਖ ਲੀਡਰਾਂ ਨੂੰ ਕਤਲ ਕਰ ਕੇ ਘੋੜੇ ਭਜਾ ਲੈ ਜਾਣ। ਅਸੀਂ ਭੀ ਹਾਲ ਦੁਹਾਈ ਪਾ ਦਿਆਂਗੇ, ਕਿ ਮਾਰ ਗਏ ਮਾਰ ਗਏ।' ਤੁਹਾਡੀ ਸੁਲ੍ਹਾ ਦੀ ਕੋਈ ਗੱਲ ਬਾਤ ਨਹੀਂ। ਤੁਸੀਂ ਆਪਣੇ ਬਚਾ ਦਾ ਉਪਾ ਕਰੋ ਤੇ ਝੱਬਰ ਜੀ ਤੁਸਾਂ ਨੂੰ ਤਾਂ ਪਹਿਲਾਂ ਹੀ ਮਾਰ ਦੇਣ ਦੀ ਤਜਵੀਜ ਹੈ। ਆਪਣਾ ਫਿਕਰ ਰਖਿਆ ਕਰੋ ਤੇ ਨਾਲ ਦੋ ਸਿੰਘ ਭੀ ਜ਼ਰੂਰ ਰਖਿਆ ਕਰੋ" ਇਹ ਗੱਲ ਦਸ ਕੇ ਅਵਤਾਰ ਸਿੰਘ ਫਿਰ ਵਾਪਸ ਚਲਾ ਗਿਆ ਅਤੇ ਝੱਬਰ ਤੇ ਸ: ਬੂਟਾ ਸਿੰਘ ਨੇ ਮਹੰਤ ਨੂੰ ੨ ਘੰਟੇ ਉਡੀਕ ਕੇ ਇਕ ਆਦਮੀ ਨੂੰ ਜੋ ਸ: ਅਮਰ ਸਿੰਘ ਐਡੀਟਰ ਲਾਇਲ-ਗਜ਼ਟ ਦਾ ਰਿਸ਼ਤੇਦਾਰ ਸੀ ਮਹੰਤ ਨੂੰ ਸਦਣ ਲਈ ਘਲਿਆ। ਉਸ ਆਦਮੀ ਨੇ ਵਾਪਸ ਆ ਕੇ ਦਸਿਆ ਕਿ "ਮੇਰੇ ਗਿਆਂ ਮਹੰਤ ਟਾਂਗੇ



Digitized by Panjab Digital Library | www.panjabdigilib.org

ਤੇ ਚੜ੍ਹਿਆ ਸੀ ਤੇ ਜਦ ਮੈਂ ਕਿਹਾ ਮਹੰਤ ਜੀ ਤੁਹਾਨੂੰ ਝੱਬਰ ਤੇ ਸ: ਬੂਟਾ ਸਿੰਘ ਜੀ ਬੁਲਾਂਦੇ ਹਨ ਤਾਂ ਮਹੰਤ ਨੇ ਉਤਰ ਦਿਤਾ ਕਿ ਮੈਂ ਬਾਵਾ ਕਰਤਾਰ ਸਿੰਘ ਦੀ ਕੋਠੀ ਜਾ ਰਿਹਾ ਹਾਂ ਮੇਰਾ ਐਸ ਵੇਲੇ ਜਾਣ ਨਹੀਂ ਹੁੰਦ ।"

(ਨੋਟ: ਮਹੰਤਾਂ ਪੁਜਾਰੀਆਂ ਨੇ ਬਾਵਾ ਕਰਤਾਰ ਸਿੰਘ ਬੇਦੀ ਦੀ ਕੋਠੀ ੧੯-੨੦ ਫਰਵਰੀ ਨੂੰ ਸਿਖ ਸਨਾਤਨ ਕਾਨਫ੍ਰੰਸ ਰਖੀ ਹੋਈ ਸੀ, ਜੋ ਉਦਾਸੀ ਮਹਾ ਮੰਡਲ ਵਲੋਂ ਸੀ।)

ਸ: ਅਮਰ ਸਿੰਘ ਦੇ ਆਦਮੀ ਦੀ ਜ਼ਬਾਨੀ ਮਹੰਤ ਦਾ ਆਉਣੋਂ ਇਨਕਾਰ ਸੁਣ ਕੇ ਇਨ੍ਹਾਂ ਨੂੰ ਅਵਿਤਾਰ ਸਿੰਘ ਦੀ ਜ਼ਬਾਨੀ ਸੁਣੀ ਸਾਜ਼ਸ਼ ਦਾ ਪੱਕਾ ਯਕੀਨ ਹੋ ਗਿਆ ਅਤੇ ਝੱਬਰ ਨੇ ਕਿਹਾ ਕਿ "ਚੰਗਾ ਚਬਲ ਸਾਧ ਸਾਡੇ ਨਾਲ ਗੱਲ ਕਰਕੇ ਫਿਰ ਗਿਆ ਹੈ ਅਸੀਂ ਭੀ ਇਸ ਦੀ ਸਾਜਸ਼ ਦਾ ਬੰਦੋਬਸਤ ਕਰਾਂਗੇ।" ਝੱਬਰ ਦੇ ਕੋਲ ਬੈਠੇ ਸਜਨਾਂ ਨੇ ਪੁਛਿਆ ਤੁਸੀਂ ਹੁਣ ਕੀ ਕਰੋਗੇ। ਝੱਬਰ ਨੇ ਕਿਹਾ ਕਿ ਜਿਹੜੇ ਸਾਡੇ ਨਾਲ ਟੁਰਨਗੇ ਉਨ੍ਹਾਂ ਨੂੰ ਦਸਾਂਗੇ। ਰਾਤ ੧੨ ਬਜੇ ਝੱਬਰ ਸਚੇ ਸੌਦੇ ਪੁਜਾ ਤੇ ਜਥੇ ਦੇ ਸਾਰੇ ਸਿੰਘਾਂ ਨੂੰ ਉਠਾ ਕੇ ਸ਼ੇਖੂਪੁਰੇ ਤੇ ਲਾਹੌਰ ਹੋਈ ਸਾਰੀ ਗੱਲ ਬਾਤ ਸੁਣਾਈ ਤੇ ਅਗੋਂ ਵਾਸਤੇ ਨਨਕਾਣ ਸਾਹਿਬ ਕਬਜ਼ਾ ਕਰਨ ਲਈ ਹੇਠ ਲਿਖੀ ਸਕੀਮ ਜਥੇ ਦੇ ਪੇਸ਼ ਕੀਤੀ।

## ਗੁਰਦੁਵਾਰਾ ਜਨਮ ਅਸਥਾਨ ਤੇ ਕਬਜ਼ਾ ਕਰਣ ਦੀ ਸਕੀਮ

੧੯ ਤੇ ੨੦ ਫਰਵਰੀ ਨੂੰ ਮਹੰਤਾਂ ਨੇ ਸਨਾਤਨ ਸਿਖ ਕਾਨਫ੍ਰੰਸ ਕਰਨੀ ਹੈ, ਮਹੰਤ ਸਾਰੇ ਲਾਹੌਰ ਕਾਨਫ੍ਰੰਸ ਤੇ ਹੋਣਗੇ ਤੇ ਅਸੀਂ ਪਿਛੋਂ ੨੦ ਸਵੇਰੇ ਨਨਕਾਣਾ ਸਾਹਿਬ ਤੇ ਕਬਜ਼ਾ ਕਰ ਲਈਏ। ਜੇ ਮਹੰਤਾਂ ਦੀ ਕਾਨਫ੍ਰੰਸ ਚੁਪ ਚਾਪ ਹੋ ਜਾਵੇ, ਤਾਂ ਉਨ੍ਹਾਂ ਦੀ ਭੀ ਜਥੇਬੰਦੀ ਸਾਡੇ ਮੁਕਾਬਲੇ ਤੇ ਹੋ ਜਾਵੇਗੀ ਜਿਸ ਦਾ ਅਸਰ ਪਬਲਿਕ ਅਤੇ ਗੌਰਮਿੰਟ ਉਤੇ ਸਾਡੇ ਖਿਲਾਫ ਪਵੇਗਾ। ਦੂਜਾ ਧੜਾ ਕਾਇਮ ਹੋ ਜਾਵੇਗਾ ਅਤੇ ਫਿਰ



Digitized by Panjab Digital Library | www.panjabdigilib.org

ਮਹੰਤ ਸਾਨੂੰ ੪-੫-੬ ਮਾਰਚ ਨੂੰ ਨਨਕਾਣੇ ਸਾਹਿਬ ਵਿਚ ਪੰਥ ਦਾ ਇਕਠ ਹੀ ਨਹੀਂ ਕਰਨ ਦੇਣਗੇ। ਮਹੰਤ ਹਥਿਆਰ ਤੇ ਬਦਮਾਸ਼ ਬਹੁਤ ਜਮ੍ਹਾ ਕਰ ਰਿਹਾ ਹੈ ਅਤੇ ਮਾਝੇ ਦੇ ੧੨ ਕਾਤਲ ਜੋ ਭਗੌੜੇ ਹਨ ਉਸ ਹਥਾਂ ਵਿਚ ਕਰ ਲਏ ਹਨ ਇਹ ਜ਼ਰੂਰ ਸਾਡਾ ਨੁਕਸਾਨ ਕਰਨਗੇ ਅਤੇ ਫਿਰ ਸਾਨੂੰ ਨਨਕਾਣੇ ਸਾਹਿਬ ਦਾ ਕਬਜ਼ਾ ਨਹੀਂ ਕਰਨ ਦੇਣਗੇ। ਅਸੀਂ ਫੇਹਲ ਹੋ ਜਾਵਾਂਗੇ। ਪੰਥ ਦੀ ਹਾਨੀ ਹੋਵੇਗੀ।

ਇਸ ਗਲ ਦੀ ਪ੍ਰਬੰਧਕ ਕਮੇਟੀ ਨੂੰ ਭੀ ਖਬਰ ਨਾ ਹੋਵੇ ਕਿਉਂਕਿ ਉਨਾਂ ਸਾਨੂੰ ਆਗਿਆ ਨਹੀਂ ਦੇਣੀ ਬਲਕਿ ਰਾਵੀ ਤੋਂ ਪਾਰ ਕਿਸੇ ਆਦਮੀ ਨਾਲ ਗਲ ਬਾਤ ਹੀ ਨਾਂ ਕੀਤੀ ਜਾਵੇ। ਸਿਰਫ ਆਪਣੇ ਇਲਾਕੇ ਵਿਚੋਂ ਚਾਰ ਪੰਜ ਹਜ਼ਾਰ ਜੁਆਨਾਂ ਦਾ ਜਥਾ ਤਿਆਰ ਕੀਤਾ ਜਾਵੇ। ਸਾਂਗਲੇ ਵਲੋਂ ਭਾਈ ਲਛਮਣ ਸਿੰਘ ਤੇ ਟਹਿਲ ਸਿੰਘ ਹੋਰਾਂ ਨੂੰ ਬੁਲਾ ਕੇ ਸਕੀਮ ਸਮਝਾਈ ਜਾਵੇ ਤੇ ਲਾਇਲਪੁਰ ਤੋਂ ਭਾਈ ਬੂਟਾ ਸਿੰਘ ਚਕ ੨੦੪ ਨੂੰ ਪਤਾ ਦਿਤਾ ਜਾਵੇ। ਉਹ ਆਖਦਾ ਹੁੰਦਾ ਸੀ ਕਿ ਜਦੋਂ ਨਨਕਾਣੇ ਸਾਹਿਬ ਕਬਜ਼ਾ ਕਰਨਾਂ ਹੋਵੇ ਮੈਨੂੰ ਜ਼ਰੂਰ ਖਬਰ ਕਰਨੀ। ਮੇਰੇ ਪਾਸ ਭੀ ਕਾਫੀ ਜਥਾ ਹੈ।

ਅਕਾਲੀ ਦਲ ਖਰਾ ਸੌਦਾ ਬਾਰ ਦਾ ਜਥਾ ਤਾਂ ੧੯ ਤ੍ਰੀਕ ਸ਼ਾਮ ਤ੍ਰਕਾਲਾਂ ਵੇਲ ਸਚੇ ਸੌਦੇ ਤੋਂ ਇਕਠਾ ਹੋ ਕੇ ਤੁਰੇ ਤੇ ਸ਼ੇਖੂ ਪੁਰਾ ਮਿਰਜ਼ਾ, ਕੁਰਲਕੇ ਮਲੀਯਾ ਵਲੋਂ ਜਾਣ ਵਾਲੇ ਸਿੰਘਾਂ ਲਈ ਬੁਟਰੀਂ ਲੰਗਰ ਤਿਆਰ ਕੀਤਾ ਜਾਵੇ। ਉਹ ਸਾਰੇ ਰਾਤ ਦਾ ਪ੍ਰਸ਼ਾਦਾ ਛਕ ਕੇ ਇਸ ਜਥੇ ਨੂੰ ਬੁਟਰਾਂ ਵਾਲੇ ਪੁਲ ਤੇ ਮਿਲਨ ਅਤੇ ਉਥੋਂ ਹੁੰਦੇ ਖਾਰਿਆਂ ਵਾਲਾ ਤੇ ਭਿਖੀ ਦੇ ਸਿੰਘ ਮਾਨਾਂ ਵਾਲੇ ਦੇ ਪੁਲ ਤੇ ਰਾਤ ੧੦ ਵਜੇ ਮਿਲਨ ਤੇ ਬਾਗਾ ਵਾਲਾ ਜੈ ਚਕ ਗਰਮੂਲਾ ਚੱਬਾ ਗਿੱਲ ਵਾਲਾ ਆਦਿ ਤੇ ਭਾਈ ਟਹਿਲ ਸਿੰਘ ਲਛਮਣ ਸਿੰਘ ਦਾ ਜਥਾ ਰਾਤ ੧੨ ਬਜੇ ਤੋਂ ੨ ਤਕ ਚੰਦੂ ਕੋਟ ਦੀ ਝਾਲ ਤੇ ਮਿਲਨ।



Digitized by Panjab Digital Library | www.panjabdigilib.org

ਲਾਇਲ ਪੁਰ ਦੇ ਤੇ ਵਿਰਕਾਂ ਦੇ ਪਿੰਡ ਝੰਗ ਇਨੋਆਨਾ, ਇਨਾਂ ਨੂੰ ਨਨਕਾਣੇ ਸਾਹਿਬ ਦੇ ਭਠਿਆਂ ਕੋਲ ਪਹਿਰ ਰਾਤ ਰਹਿੰਦੀ ਨਾਲ ਮਿਲਨ ਪਰ ਸ਼ਰਤ ਇਹ ਹੈ ਕਿ ਇਹ ਸਾਰੇ ਜਥੇ ਨਨਕਾਣਾ ਸਾਹਿਬ ਤੋਂ ੧੨ ਕੋਹ ਦੂਰ ਹੀ ਦਿਨ ਲਾਹ ਕੇ ਟੁਰਨ, ਕਿਉਂਕਿ ਰਾਤੋ ਰਾਤ ਬਾਰਾਂ ਕੋਹ ਦਾ ਸਫਰ ਕਰਕੇ ਕੋਈ ਜਰਨੈਲ ਕਿਸੇ ਕਿਲੇ ਤੇ ਜਾ ਪਵੈ ਤਾਂ ਅਗਲਿਆਂ ਸੁਤਿਆਂ ਨੂੰ ਪਤਾ ਨਹੀਂ ਲਗਦਾ, ਅਛੋਪ ਹੀ ਕਾਬੂ ਕਰ ਲਈਦੇ ਹਨ। ਮਹੰਤਨੇ ਨਨਕਾਣੇ ਸਾਹਿਬ ਗੁਰਦੁਵਾਰੇ ਨੂੰ ਕਿਲ੍ਹਾ ਬਨਾਇਆ ਹੋਇਆ ਹੈ ਅਤੇ ਮੋਰਚੇ ਭੀ ਬਨਾਏ ਹੋਏ ਹਨ, ਦਿਨੇ ਜਾ ਕੇ ਇਹ ਕਾਮਯਾਬ ਨਹੀਂ ਹੋ ਸਕਦੇ, ਬੇ-ਖਬਰੇ ਪਈਏ ਤਾਂ ਹੀ ਅਸੀ ਕਾਮਯਾਬ ਹੋ ਸਕਦੇ ਹਾਂ। ਸੱਚਾ ਸੌਦਾ ਨਨਕਾਣਾ ਸਾਹਿਬ ਤੋਂ ੧੫ ਕੋਹ ਹੈ ਅਤੇ ਧਾਰੋਵਾਲੀ ਭੀ ੧੫ ਕੋਹ ਹੀ ਹੈ, ਲਾਇਲ ਪੁਰ ਵਾਲੇ ਭੀ ੧੨ ਕੋਹ ਤੋਂ ਪਿਛੋਂ ਹੀ ਕਿਸੇ ਚਕ ਵਿਚ ਦੀਵਾਨ ਰੱਖ ਕੇ ਇਕਠੇ ਹੋ ਕੇ ਦਿਨ ਲਥੇ ਤੋਂ ਪਿਛੋਂ ਟੁਰਨ। ਭਠਿਆਂ ਕੋਲ ਸਾਰੇ ਜਥੇ ਡੇਢ ਪਹਿਰ ਰਾਤ ਰਹਿੰਦੀ ਪੁਜ ਜਾਣ, ਉਥੋਂ ਮੂੰਹੇ ਕੁ ਪਹਿਰ ਰਾਤ ਰਹਿੰਦੀ ਨਨਕਾਣੇ ਸਾਹਿਬ ਦਾ ਕਬਜ਼ਾ ਇਸ ਤ੍ਰੀਕੇ ਨਾਲ ਕੀਤਾ ਜਾਵੇ। ੧੦੦ ਘੋੜਿਆਂ ਦੇ ਅਸਵਾਰਾਂ ਦਾ ਪਹਿਰਾ ਜਨਮ ਅਸਥਾਨ ਬਸਤੀ ਤੋਂ ਇਕ ਪੈਲੀ ਹਟਾਵਾਂ ਲਾਇਆ ਜਾਵੇ। ਇਨ੍ਹਾਂ ਨਾਲ ੧੦੦ ਸਿੰਘ ਪੈਦਲ ਭੀ ਹੋਣ। ਇਹ ਕਿਸੇ ਆਦਮੀਂ ਨੂੰ ਬਾਹਰੋਂ ਅੰਦਰ ਨਾ ਜਾਣ ਦੇਣ। ਦੂਜਾ ਜਥਾ ਸੁਤੇ ਪਏ ਲੋਕਾਂ ਦੀਆਂ ਕੁੰਡੀਆਂ ਬਾਹਰੋਂ ਮਾਰ ਦੇਵੇ। ਤੀਜਾ ਜਥਾ ਵੇਹੜਿਆਂ ਵਿਚ ਖੁਲੇ ਬਾਜ਼ਾਰਾਂ ਵਿਚ ੨੦, ੨੦ ਸਿੰਘਾਂ ਦਾ ਜਥਾਂ ਖੜਾ ਹੋ ਜਾਵੇ। ਇਹ ਕਿਸੇ ਨੂੰ ਟੁਰਨ ਫਿਰਨ ਨਾਂ ਦੇਨ ਨਾ ਕਿਸੇ ਨੂੰ ਉਚੀ ਬੋਲਣ ਦੇਣ। ਨੰਬਰ ਚਾਰ ਜਥਾ ਮਹੰਤ ਦੇ ਮਕਾਨ ਤੇ ਪਵੇ, ਦਰਵਾਜ਼ਾ ਭੰਨ ਕੇ ਅੰਦਰ ਵੜ ਜਾਣ, ਮਹੰਤ ਨੂੰ ਲਭਣ ਜਾਂ ਕੋਈ ਹਥਿਆਰ ਮਿਲੇ ਤਾਂ ਕਾਬੂ ਕਰ ਲੈਣ। ਪੰਜਵਾਂ ਜਥਾ ਮਹੰਤ ਦੀ ਬੈਠਕ ਤੇ ਪੌੜੀਆਂ ਲਾ ਕੇ ਇੱਕ ਦਮ ਉਪਰ ਚੜ੍ਹ ਜਾਵੇ।



Digitized by Panjab Digital Library | www.panjabdigilib.org

ਮਹੰਤ ਤੇ ਹਥਿਆਰ ਲਭ ਕੇ ਕਬਜ਼ੇ ਕਰ ਲੈਣ । ਛੇਵਾਂ ਜਥਾ ਗੁਰਦੁਵਾਰੇ ਤੇ ਲਾਇਆ ਜਾਵੇ ਇਥੋਂ ਭੀ ਹਥਿਆਰ ਪਕੜ ਲੈਣ । ਸਤਵਾਂ ਜਥਾ ਪਠਾਨਾਂ ਉਤੇ ਸਰਾਂ ਵਿੱਚ ਪਵੇ, ਸੁਤੇ ਪਠਾਨਾਂ ਦੀਆਂ ਕੁੰਡੀਆਂ ਮਾਰ ਦੇਣ, ਤੇ ਜਿਹੜੇ ਬਾਹਰ ਹੋਣ ਪਕੜ ਕੇ ਮੁਸ਼ਕਾਂ ਬੰਨ੍ਹ ਕੇ ਸਰਾਂ ਵਿਚ ਰਖੇ ਜਾਣ ਬਾਕੀ ਸਾਰਾ ਜਥਾ ਬੋਹੜਾਂ ਹੇਠ ਹੋਵੇਗਾ । ਜਿਸ ਕਿਸੇ ਨੂੰ ਕੋਈ ਕੰਮ ਹੋਵੇ ਉਹ ਝੱਬਰ ਨੂੰ ਬੋਹੜਾਂ ਹੇਠ ਮਿਲੇ । ਕਿਸੇ ਦਾ ਸੂਈ ਭਰ ਦਾ ਨੁਕਸਾਨ ਨਹੀਂ ਕਰਨਾ ਅਤੇ ਨਾ ਹੀ ਕਿਸੇ ਨਾਲ ਲੜਾਈ ਕਰਨੀ ਹੈ ਇਸ ਤਰ੍ਹਾਂ ਦਬਾਈ ਤਾ ਬੇ ਸ਼ਕ ਰਖਣਾ ਪਰ ਕਿਸੇ ਨੂੰ ਮਾਰਨਾ ਨਹੀਂ ।

ਜੇ ਮਹੰਤ ਲਭ ਪਵੇ ਤਾਂ ਉਸ ਵੇਲੇ ਮਹੰਤ ਨੂੰ ਇਕ ਊਠ ਦੇ ਅਗਲੇ ਆਸਨ ਤੇ ਮੁਸ਼ਕਾਂ ਬੰਨ੍ਹ ਕੇ ਬਠਾਇਆ ਜਾਵੇ ਅਤੇ ਪਿਛਲੇ ਆਸਨ ਤੇ ਤੇਜ਼ ਤਲਵਾਰ ਵਾਲਾ ਸਿੰਘ ਨੰਗੀ ਕਰਕੇ ਬੈਠਾ ਹੋਵੇ ਤੇ ੨੫ ਘੋੜ ਸਵਾਰ ਨਾਲ ਛਵੀਆਂ ਵਾਲੇ ਹੋਣ । ਤੇ ਨਨਕਾਣੇ ਸਾਹਿਬ ਤੋਂ ਊਠ ਭਜਾ ਕੇ ਸਚੇ ਸੌਦੇ ਪੁਜ ਜਾਵੇ । ਏਥੇ ਲਹਿੰਦੇ ਬੁਰਜ ਦੀ ਹੇਠਲੀ ਕੋਠੀ ਵਿਚ ਜੋ ਤਹਿਖਾਨਾ ਸੀ ਵਿਚ ਲਿਆ ਕੇ ਬੰਦ ਕਰਕੇ ਪਹਿਰਾ ਲਾ ਦਿਤਾ ਜਾਵੇ । ਉਧਰ ਦਿਨ ਚੜ੍ਹੇ ਇਕ ਇਕ ਪਠਾਨ ਨੂੰ ਸਰਾਂ ਤੋਂ ਬਾਹਰ ਲਿਆ ਕੇ ਲੰਮੇ ਪਾਕੇ ਦੋ ਜੁਆਨ ਸੋਟੀਆਂ ਵਾਲੇ ਉਪਰ ਲਾਏ ਜਾਣ । ਜੋ ਚਿਤੜ ਲਾਲ ਕਰਕੇ ਫਿਰ ਕਾਲਾ ਮੂੰਹ ਕਰਕੇ ਪੰਜ ਸਿੰਘ ਲੈ ਕੇ ਟੁਰ ਪੈਣ ਤੇ ਨਨਕਾਣੇ ਸਾਹਿਬ ਦੀ ਬੁਰਜੀ ਵਿਚੋਂ ਕਢ ਆਉਣ ਤਾਂ ਕਿ ਇਹਨਾਂ ਨੂੰ ਮਹੰਤ ਤੋਂ ਤਨਖਾਹ ਲੈ ਕੇ ਸਿੰਘਾਂ ਨਾਲ ਮੁਕਾਬਲਾ ਕਰਨ ਦਾ ਸੁਆਦ ਚਖਾ ਇਆ ਜਾਵੇ । ਇਹ ਕੁਝ ਕਰਦਿਆਂ ਦਿਨ ਚੜ੍ਹ ਜਾਵੇਗਾ । ਸ਼ਹਿਰੀ ਲੋਕ ਹਾਕਮਾ ਨੂੰ ਤਾਰਾਂ ਖਬਰਾਂ ਦੇਣਗੇ ਅਫੀਸਰ ਜਿਸ ਵੇਲੇ ਮੰਡੀ ਪਾਸ ਆ ਜਾਣਗੇ ਤਾਂ ਝੱਬਰ ਪੰਜ ਵਾਰ ਸਟੀ ਮਾਰੇਗਾ ਸੁਣ ਕੇ ਸਾਰੇ ਜਥੇਦਾਰ ਸੀਟੀਆਂ ਮਾਰਨ ਤੇ ਸਿੰਘ ਸਾਰੇ ਪਹਿਰੇ ਛਡ ਕੇ ਗੁਰਦਵਾਰਾ ਜਨਮ ਅਸਥਾਨ ਦੇ ਸਾਹਮਣੇ ਉਸੇ ਤਰ੍ਹਾਂ ਹਥਿਆਰ



Digitized by Panjab Digital Library | www.panjabdigilib.org

ਬੰਦ ਹੋ ਕੇ ਖੜੇ ਹੋ ਜਾਣ ਜੋ ਕੁਝ ਅਫਸਰ ਪੁਛਣਗੇ ਤਾਂ ਝੱਬਰ ਉਤਰ ਦੇਵੇਗਾ। ਇਸ ਦਾ ਨਤੀਜਾ ਹਾਰ ਜਾਂ ਜਿਤ ਗੁਰੂ ਦੇ ਵਸ ਹੈ ਇਕ ਜ਼ਰੂਰ ਹੋਵੇਗਾ ਜੇ ਲੜਾਈ ਹੋ ਕੇ ਇਹ ਸਿੰਘ ਕਤਲ ਹੋ ਗਏ ਤਾਂ ਭੀ ਗੁਰੂ ਕੀ ਸੇਵਾ ਹੈ ਮਰ ਜਾਣ ਤੋਂ ਬਾਅਦ ਕਿਸੇ ਨੇ ਹਾਰ ਕੋਈ ਆ ਕੇ ਵੇਖਣੀ ਹੈ। ਜੇ ਇਸ ਸਕੀਮ ਨਾਲ ਅਮਨ ਨਾਲ ਕਬਜ਼ਾ ਹੋ ਗਿਆ ਤਾਂ ਪੰਥ ਸਾਡੇ ਨਾਲ ਹੋਵੇਗਾ। ਮਾੜਾ ਕੰਮ ਉਹ ਹੁੰਦਾ ਹੈ ਜੋ ਆਪਣੇ ਲੋਭ ਲਾਲਚ ਲਈ ਕੀਤਾ ਜਾਵੇ। ਅਸਾਂ ਤਾਂ ਪੰਥ ਦੇ ਭਲੇ ਲਈ ਕੁਰਬਾਨੀ ਕਰਨੀ ਹੈ। ਇਹ ਗੁਰੂ ਕਾ ਕੰਮ ਹੈ ਗੁਰੂ ਆਪ ਸਾਡੀ ਸਹਾਇਤਾ ਕਰੇਗਾ।" ਰਾਤ ਦੇ ਤਿੰਨ ਬਜ ਗਏ, ਇਹ ਸਕੀਮ ਸਰਬ ਸੰਮਤੀ ਨਾਲ ਪਾਸ ਹੋ ਗਈ। ਸਵੇਰ ਦੀ ਗਡੀ ਇਕ ਸਿੰਘ ਨੂੰ ਭਾਈ ਲਛਮਣ ਸਿੰਘ ਤੇ ਟਹਿਲ ਸਿੰਘ ਵੱਲ ਘਲਿਆ ਗਿਆ ਤੇ ਭਾਈ ਗੁਰਦਿਤ ਸਿੰਘ ਝੰਡੇ ਵਾਲੇ ਨੂੰ ਲਾਇਲ ਪੁਰ ਭਾਈ ਬੂਟਾ ਸਿੰਘ ਨੂੰ ਲਿਆਉਣ ਲਈ ਘਲਿਆ। ੧੬-੨-੨੧ ਦੀ ਸ਼ਾਮ ਨੂੰ ਗੁਰਦਿਤ ਸਿੰਘ ਦੇ ਨਾਲ ਭਾਈ ਬੂਟਾ ਸਿੰਘ ਜੀ ਆ ਗਏ ਤੇ ਲਛਮਣ ਸਿੰਘ ਹੋਰਾਂ ਨੇ ਆਖਿਆ ਕਿ ਅਸੀਂ ਏਥੇ ਪਿੰਡਾਂ ਵਿਚ ਨਨਕਾਣਾ ਸਾਹਿਬ ਦੇ ਲੰਗਰ ਵਾਸਤੇ ਉਗਰਾਹੀ ਕਰ ਰਹੇ ਹਾਂ, ਝੱਬਰ ਜੀ ਸਾਨੂੰ ੧ ਵਜੇ ਰਾਤ ਦੀ ਗੱਡੀ ਢਾਬਾਂ ਸਟੇਸ਼ਨ ਤੇ ਆ ਕੇ ਮਿਲਨ, ਅਸੀਂ ਸਟੇਸ਼ਨ ਤੇ ਹੋਵਾਂਗੇ। ਭਾਈ ਬੂਟਾ ਸਿੰਘ ਹੁਰਾਂ ਨਾਲ ਸਾਰੀ ਗੱਲ ਕੀਤੀ ਤੇ ਸਕੀਮ ਸਮਝਾਈ। ਵਿਚਾਰ ਹੋਣ ਤੇ ਫੈਸਲਾ ਹੋਇਆ ਕਿ ਟਾਹੌੜ ਸਿੰਘਾਂ ਦਾ ਨਨਕਾਣੇ ਸਾਹਿਬ ਬੁੰਗਾ ਹੈ। ਇਸ ਲਈ ਭਾਈ ਬੂਟਾ ਸਿੰਘ ਨੇ ਆਪਣੇ ਜਥੇ ਨੂੰ ਤਿਆਰ ਕਰ ਕੇ ਆਪ ੧੯-੨-੨੧ ਨੂੰ ਨਨਕਾਣੇ ਸਾਹਿਬ ਪੁਜ ਕੇ ਪੌੜੀਆਂ ਬਨਾਣਾ ਭੀ ਆਪਣੇ ਜੁਮੇ ਲੈ ਲਿਆ। ਭਾਈ ਬੂਟਾ ਸਿੰਘ ਜੀ ਨੂੰ ਦੋ ਗੱਲਾਂ ਦੀ ਖਾਸ ਪੱਕੀ ਕੀਤੀ ਗਈ ਕਿ ਇਕ ਤਾਂ ਸ਼ਹਿਰ ਵਿਚ ਗਲ ਨਹੀਂ ਕਰਨੀ ਤੇ ਦੂਜਾ ਉਨ੍ਹਾਂ ਦੇ ਜਥੇ ਦੇ ਸਿੰਘ ਕਿਤੇ ਜੜ੍ਹਾਂ ਵਾਲੇ ਦੇ ਪਾਸ ਦੀਵਾਨ ਰਖ ਕੇ ਦਿਨ ਡੋਬ ਕੇ ਉਥੋਂ ਟੁਰਨ ਤੇ ਭਠਿਆਂ ਕੋਲ ਡੇਢ ਪਹਿਰ ਰਾਤ ਰਹਿੰਦੀ ਪੁਜ ਜਾਵਨ। ਰਾਤ ਦੀ ਗੱਡੀ



Digitized by Panjab Digital Library | www.panjabdigilib.org

ਚੜ ਕੇ ਝੱਬਰ ਤੇ ਭਾਈ ਸੁਚਾ ਸਿੰਘ ਚਕਰ ਵਾਲਾ ਢਾਬੀਂ ਪੁਜੇ। ਏਥੇ ਭਾਈ ਲਛਮਨ ਸਿੰਘ ਤੇ ਭਾ: ਟਹਿਲ ਸਿੰਘ ਦੋਵੇਂ ਸਜਨ ਮਿਲੇ। ਗੱਡੀ ਵਿਚ ਬੈਠ ਕੇ ਮੋਮਨ ਗੱਡੀ ਦਾ ਅਗੋਂ ਮੇਲ ਹੋਣਾ ਸੀ। ਮੋਮਨ ਜਾਣ ਤੇ ਆਵਨ ਦੇ ਵਕਤ ਵਿਚ ਸਾਰੀ ਗਲ ਸਮਝਾ ਦਿਤੀ ਤੇ ਪੱਕੀ ਕੀਤੀ ਕਿ ਤੁਸੀਂ ਕਾਹਲਵਾਂ ਦੇ ਪਿੰਡਾਂ ਵਿਚ ਦੀਵਾਨ ਰੱਖ ਲਵੋ ਤੇ ਦਿਨ ਲਥੇ ਤੋਂ ਪਿਛੋਂ ਇਥੋਂ ਟੁਰ ਕੇ ਰਾਤ ਦੇ ਬਾਰਾਂ ਬਜੇ ਤੋਂ ੨ ਬਜੇ ਤਕ ਝੱਬਰ ਦੇ ਜਥੇ ਨੂੰ ਝਾਲ ਚੰਦਨ ਕੋਟ ਤੇ ਮਿਲੋ। ੧੯-੨-੨੧ ਨੂੰ ਭਾਈ ਸੰਤ ਸਿੰਘ ਬਜਾਜ ਸਾਂਗਲੇ ਨੂੰ ਸਵੇਰੇ ਤਾਰ ਮਿਲੇਗੀ। ਇਸ਼ਾਰਾ ਕੰਬਲ ਦਾ ਹੋਵੇਗਾ ਜੇ ਇਹ ਹੋਵੇ ਕਿ ਕੰਬਲ ਨਹੀਂ ਮਿਲਿਆ ਤਾਂ ਸਮਝੋ ਕਿ ਕੋਈ ਢਿਲ ਪੈ ਗਈ ਹੈ ਜੇ ਹੋਵੇ ਕਿ ਕੰਬਲ ਮਿਲ ਗਿਆ ਹੈ ਤਾਂ ਸਮਝਨਾਂ ਕਿ ਪੂਰੀ ਪੂਰੀ ਤਿਆਰੀ ਹੈ।

ਸਾਰੇ ਜਥੇ ਆਪੋ ਆਪਣੇ ਇਲਾਕੇ ਵਿਚ ਤਿਆਰੀ ਕਰਨ ਲਈ ਜੁਟ ਗਏ। ੧੮ ਫਰਵਰੀ ਨੂੰ ਲਾਇਲਪੁਰ ਤੋਂ ਝੱਬਰ, ਨੂੰ ਸ: ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਦੀ ਤਾਰ ਆਈ ਕਿ ਸਵੇਰੇ ਪੰਜ ਵਜੇ ਸਟੇਸ਼ਨ ਚੂਹੜਕਾਣਾ ਤੇ ਅਸੀਂ ਗੱਡੀ ਵਿਚ ਹੋਵਾਂਗੇ ਆਪ ਸਾਨੂੰ ਆ ਕੇ ਮਿਲੋ। ਰਾਤ ਭਾਈ ਸੁਚਾ ਸਿੰਘ ਜੀ ਜੋ ਚਕ ਵਾਲੇ ਨੂੰ ਝੱਬਰ ਨੇ ਆਖਿਆ ਕਿ ਸਟੇਸ਼ਨ ਤੇ ਤੁਸੀਂ ਜਾਓ। ਮੇਰਾ ਖਿਆਲ ਹੈ ਉਨ੍ਹਾਂ ਨੂੰ ਪਤਾ ਲਗ ਗਿਆ ਹੈ, ਸਾਨੂੰ ਉਹ ਰੋਕਨਾ ਚਾਹੁੰਦੇ ਹਨ। ਤੁਸੀਂ ਜਾ ਕੇ ਗੱਲ ਸੁਣ ਆਵੋ। ਭਾਈ ਸੁਚਾ ਸਿੰਘ ਜੀ ਗੱਡੀ ਤੇ ਗਏ। ਮਾਸਟਰ ਤਾਰਾ ਸਿੰਘ ਜੀ ਅਤੇ ਸ: ਤੇਜਾ ਸਿੰਘ ਸਮੁੰਦਰੀ ਮਿਲੇ ਉਨ੍ਹਾਂ ਨੇ ਜਥੇ ਨੂੰ ਨਨਕਾਣੇ ਸਾਹਿਬ ਜਾਣ ਤੋਂ ਰੋਕਿਆ। ੧੯-੨-੨੧ ਨੂੰ ਝੱਬਰ ਸਚੇ ਸੌਦੇ ਪੌੜੀਆਂ ਵਾਲੇ ਥੜੇ ਤੇ ਬੈਠਾ ਸੀ ਤਾਂ ਇਕ ਆਦਮੀ ਫਿਰਦਾ ਵੇਖਿਆ। ਇਕ ਸੇਵਾਦਾਰ ਸਿੰਘ ਨੂੰ ਝੱਬਰ ਨੇ ਕਿਹਾ ਕਿ ਉਸ ਆਦਮੀ ਨੂੰ ਫੜ ਕੇ ਮੇਰੇ ਕੋਲ ਲੈ ਆਓ। ਦੋ ਸਿੰਘ ਗਏ। ਉਸ ਆਦਮੀ ਨੂੰ ਲੈ ਆਂਦਾ। ਝੱਬਰ ਨੇ ਕਿਹਾ ਕਿ ਸੱਚ ਸੱਚ ਦਸ



Digitized by Panjab Digital Library | www.panjabdigilib.org

ਤੂੰ ਕੌਣ ਹੈ ਤੇ ਕਿਥੋਂ ਆਇਆ ਹੈ? ਉਸ ਨੇ ਕਿਹਾ ਕਿ ਮੈਂ ਗਡੀਉ ਉਤਰਿਆਂ ਹਾਂ ਅਤੇ ਰਾਹੀ ਹਾਂ। ਝੱਬਰ ਨੇ ਕਿਹਾ ਕਿ ਤੂੰ ਰਾਹੀ ਨਹੀਂ ਤੂੰ ਤਾਂ ਮਹੰਤਾਂ ਦਾ ਆਦਮੀ ਹੈਂ ਅਤੇ ਸਾਡਾ ਭੇਦ ਲੈਣ ਲਈ ਆਇਆ ਹੈਂ, ਸੱਚ ਬੋਲ ਜੇ ਆਪ ਦਸ ਦੇਵੇ ਤਾਂ ਅਸੀਂ ਤੈਨੂੰ ਕੁਝ ਨਹੀਂ ਆਖਦੇ ਅਤੇ ਜੇ ਤੂੰ ਝੂਠ ਬੋਲਿਆਂ ਤਾਂ ਤੈਨੂੰ ਖੂਬ ਕੁਟ ਪਵੇਗੀ। ਬੋਲ ਤੇਰਾ ਨਾਮ ਕੀ ਹੈ। ਉਸ ਦਾ ਚਿਹਰਾ ਫਿਰ ਗਿਆ ਅਤੇ ਬੋਲਿਆ ਜੀ ਮੇਰਾ ਨਾਮ ਸੰਤੋਖ ਦਾਸ ਹੈ ਤੇ ਮੈਨੂੰ ਮਹੰਤ ਨੇ ਲਾਹੌਰ ਤੋਂ ਤੁਹਾਡਾ ਪਤਾ ਕਰਨ ਲਈ ਘਲਿਆ ਹੈ। ਮੈਂ ਗੱਡੀ ਤੋਂ ਉਤਰ ਕੇ ਮੰਡੀ ਡਾਕਖਾਨੇ ਜਾ ਕੇ ੩ ਤਾਰਾਂ ਦਿਤੀਆਂ ਹਨ, ਅੰਮ੍ਰਿਤਸਰ ਲਾਹੌਰ ਅਤੇ ਨਨਕਾਣੇ ਸਾਹਿਬ ਲਿਖਿਆ ਹੈ ਕਿ ਮੈਂ ਚੂਹੜਕਾਣੇ ਪੁਜ ਗਿਆ ਹਾਂ, ਇਹ ਤਿੰਨ ਰਸੀਦਾਂ ਭੀ ਉਨ੍ਹਾਂ ਦੀਆਂ ਹਨ, ਝੱਬਰ ਨੇ ਕਿਹਾ, ਅੱਛਾ ਇਸ ਨੇ ਸੱਚ ਦਸ ਦਿਤਾ ਹੈ ਇਸ ਲਈ ਇਸਨੂੰ ਕਹਿਣਾ ਕੁਝ ਨਹੀਂ, ਅੰਦਰ ਬੁਰਜ ਵਿਚ ਇਸ ਨੂੰ ਕੈਦ ਕਰੋ। ਤੜਕੇ ੮ ਬਜੇ ਤਕ ਬੰਦ ਕਰ ਛਡੋ। ਇਸੇ ਤਰ੍ਹਾਂ ਹੀ ਕੀਤਾ ਗਿਆ। ਅਧੇ ਘੰਟੇ ਪਿਛੋਂ ਭਾਈ ਦਲੀਪ ਸਿੰਘ ਜੀ ਸ਼ਹੀਦ ਅਤੇ ਸ: ਜਸਵੰਤ ਸਿੰਘ ਝਬਾਲੀਆਂ ਭੀ ਗੱਡੀ ਤੋਂ ਉਤਰ ਕੇ ਆ ਗਏ। ਇਨਾਂ ਨੇ ਝੱਬਰ ਨਾਲ ਗੱਲਬਾਤ ਕੀਤੀ ਤੇ ਕਿਹਾ ਕਿ ਸਾਨੂੰ ਕਮੇਟੀ ਨੇ ਤੁਹਾਨੂੰ ਰੋਕਣ ਲਈ ਘਲਿਆ ਹੈ। ਕਮੇਟੀ ਦਾ ਹੁਕਮ ਹੈ ਕਿ ਤੁਸੀਂ ਜਥਾ ਲੈ ਕੇ ਨਨਕਾਣੇ ਸਾਹਿਬ ਨਾ ਜਾਵੋ। ਝੱਬਰ ਨੇ ਕਿਹਾ ਕਿ ਮੈਂ ਬਾਰ ਦਾ ਗਵੇਢੂ ਆਦਮੀ ਹਾਂ, ਤੁਹਾਨੂੰ ਕਮੇਟੀ ਨੇ ਆਖਿਆ ਹੀ ਨਹੀਂ ਕਿਉਂਕਿ ਮੈਨੂੰ ਭੀ ਕਮੇਟੀ ਦੀ ਚਿਠੀ ਆਈ ਹੋਈ ਹੈ ਤੇ ਲਿਖਿਆ ਹੈ ਕਿ ਕਮੇਟੀ ੧ ਬਜੇ ਹੋਵੇਗੀ ਤੇ ਤੁਸੀਂ ਜਿਸ ਗੱਡੀ ਤੇ ਆਏ ਹੋ ਇਹ ਸਾਢੇ ਦਸ ਬਜੇ ਲਾਹੌਰ ਤੋਂ ਚਲਦੀ ਹੈ, ਇਸ ਲਈ ਕਮੇਟੀ ਨੇ ਤੁਹਾਨੂੰ ਨਹੀਂ ਘਲਿਆ। ਉਨ੍ਹਾਂ ਨੇ ਮੰਨ ਲਿਆ ਕਿ ਸਾਨੂੰ ਅੰਮ੍ਰਿਤਸਰ ਤੋਂ ਕਮੇਟੀ ਨੇ ਨਹੀਂ ਘਲਿਆ ਪਰ ਸਾਨੂੰ ਪੰਥ ਦੇ ਲੀਡਰਾਂ ਨੇ ਲਾਹੌਰ ਤੋਂ



Digitized by Panjab Digital Library | www.panjabdigilib.org

ਘਲਿਆ ਹੈ। ਝੱਬਰ ਨੇ ਕਿਹਾ ਕਿ ਲੀਡਰ ਕਿਹੜਾ ਸੀ? ਉਨ੍ਹਾਂ ਕਿਹਾ ਕਿ ਸ: ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਜੀ, ਸ: ਅਮਰ ਸਿੰਘ ਝਬਾਲ, ਸ: ਸਰਦੂਲ ਸਿੰਘ ਕਵੀਸ਼ਰ ਆਦਿ, ਝੱਬਰ ਨੇ ਕਿਹਾ ਕਿ ਇਸ ਵੇਲੇ ਜ਼ਿਲਾ ਸ਼ੇਖੂਪੁਰਾਂ ਤੇ ਲਾਇਲਪੁਰ ਵਿਚ ਨਨਕਾਣੇ ਸਾਹਿਬ ਪੁਜਣ ਵਾਸਤੇ ਬੜੀ ਭਾਰੀ ਤਿਆਰੀ ਹੋ ਚੁਕੀ ਹੈ, ਇਹੋ ਜਹੇ ਮੌਕੇ ਤੇ ਰੋਕਣਾ ਠੀਕ ਨਹੀਂ ਹੈ। ਸਾਡਾ ਨਨਕਾਣੇ ਸਾਹਿਬ ਤੇ ਕਬਜ਼ਾ ਕਰ ਲੈਣ ਦਾ ਪੱਕਾ ਪਰੋਗਰਾਮ ਬਣ ਚੁਕਾ ਹੈ, ਤੁਸੀਂ ਸਾਡੇ ਕੰਮ ਵਿਚ ਦਖਲ ਨਾ ਦਿਉ। ਅਸੀਂ ਕਦਾਚਿਤ ਨਹੀਂ ਰੁਕਣਾ।

ਰੇਲਵੇ ਲਾਈਨ ਤੋਂ ਉਤਰ ਦੇ ਪਾਸੇ ਦੇ ਵਰਕੋਤ ਦੇ ਪਿੰਡਾਂ ਵਿਚੋਂ ਸਿੰਘ ਜਥੇ ਬਣ ਬਣ ਕੇ ਹਥਿਆਰ ਬੰਦ ਹੋ ਕੇ ਸਚੇ ਸੌਦੇ ਇਕਠੇ ਹੋ ਰਹੇ ਸਨ। ਲਾਇਲਪੁਰ ਤੋਂ ੫ ਬਜੇ ਦੀ ਗੱਡੀ ਸੰਤ ਤੇਜਾ ਸਿੰਘ ਨੜਾਲੀ ਜ਼ਿਲਾ ਰਾਵਲ ਪਿੰਡੀ ਵਾਲੇ ੬੦ ਸਿੰਘਾਂ ਦਾ ਜਥਾ ਲੈ ਕੇ ਪੁਜੇ ਪਰ ਇਹ ਭੀ ਸ: ਜਸਵੰਤ ਸਿੰਘ ਤੇ ਭਾਈ ਦਲੀਪ ਸਿੰਘ ਦੇ ਨਾਲ ਦੇ ਹੋ ਗਏ। ਇਨ੍ਹਾਂ ਨੇ ਝੱਬਰ ਨੂੰ ਕਿਹਾ ਕਿ ਸਾਡੇ ਜਥੇ ਨੇ ਲਾਇਲਪੁਰੋਂ ਟੁਰਨ ਲਗੇ ਪਾਸ ਕੀਤਾ ਸਾ ਕਿ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਆਗਿਆ ਹੋਈ ਤਾਂ ਨਨਕਾਣੇ ਸਾਹਿਬ ਝੱਬਰ ਦੇ ਜਥੇ ਵਿਚ ਸ਼ਾਮਲ ਹੋ ਕੇ ਜਾਣਾ ਹੈ ਪਰ ਜੇ ਕਰ ਕਮੇਟੀ ਦੀ ਆਗਿਆ ਨਹੀਂ ਲਈ ਗਈ ਤਾਂ ਅਸੀਂ ਵਾਪਸ ਮੁੜ ਆਵਾਂਗੇ। ਹੁਣ ਇਹ ਤਿੰਨੇ ਸਜਣ ਤੇ ਕੁਝ ਹੋਰ ਝੱਬਰ ਨੂੰ ਲੈ ਕੇ ਇਕ ਕੋਠੇ ਤੇ ਬੈਠ ਗਏ ਅਤੇ ਲਗੇ ਜਥੇ ਨੂੰ ਰੋਕਣ ਲਈ ਦਲੀਲਾਂ ਦੇਣ ਪਰ ਝੱਬਰ ਨੇ ਬਿਲਕੁਲ ਨਾ ਮੰਨਿਆ।

ਇਲਾਕੇ ਦੇ ਸਿੰਘਾਂ ਦਾ ਜਥਾ ਕਰੀਬਨ ੩੦੦੦ ਸੀ। ਇਹ ਪ੍ਰਸ਼ਾਦੇ ਛਕ ਕੇ ਟੁਰਨ ਲਈ ਤਿਆਰ ਹੋ ਚੁਕਾ ਸੀ। ਉਨਾਂ ਵਿਚੋਂ ਸਿੰਘਾਂ ਨੇ ਕਿਹਾ ਕਿ ਝੱਬਰ ਜੀ ਹੁਣ ਬਸ ਕਰੋ, ਅਤੇ ਉਠੋ। ਜਦ ਝੱਬਰ ਉਠਨ ਲਗਾ ਤਾਂ ਸੰਤ ਤੇਜਾ ਸਿੰਘ ਜੀ ਨੇ ਕਿਹਾ, ਝੱਬਰ ਜੀ ਮੇਰੀ ਇਕ



Digitized by Panjab Digital Library | www.panjabdigilib.org

ਗੱਲ ਸੁਣ ਲਵੇ, ਫਿਰ ਜਾਣਾ। ਸੰਤ ਜੀ ਕਹਿਣ ਲਗੇ ਕਿ ਝੱਬਰ ਜੀ ਮੈਂ ੬੦ ਸਿੰਘਾਂ ਦੇ ਜਥੇ ਦਾ ਜਥੇਦਾਰ ਹਾਂ। ਸਾਡੇ ਸਾਰੇ ਜਥੇ ਦੀ ਰਾਇ ਹੈ, ਕਿ ਕਮੇਟੀ ਦੀ ਆਗਿਆ ਤੋਂ ਬਿਨਾਂ ਨਹੀਂ ਜਾਣਾ ਚਾਹੀਦਾ ਜੇ ਤੁਸੀਂ ਜਾਉਗੇ ਤਾਂ 'ਪੰਥ ਤੇ ਗੁਰੂ ਮਹਾਰਾਜ ਦੇ ਦੇਣ ਦਾਰ ਹੋਵੋਗੇ।' ਝੱਬਰ ਨੇ ਕਿਹਾ ਖਾਲਸਾ ਜੀ ਹੁਣ ਬਸ ਇਹ ਓੜਕ ਦੀ ਸੌਂਹ ਤੁਸਾਂ ਪਾਈ ਹੈ, ਮੇਰਾ ਦਿਲ ਨਹੀਂ ਮੰਨਦਾ। ਜੇ ਅਸੀਂ ਨਾਂ ਗਏ ਤਾਂ ਪਤਾ ਨਹੀਂ ਕਿ ਨਨਕਾਣੇ ਸਾਹਿਬ ਕੀ ਬਣ ਜਾਵੇ। ਮੈਂ ਤੁਹਾਡਾ ਹੁਕਮ ਛਤੀ ਤੇ ਪਥਰ ਰਖ ਕੇ ਮੰਨਦਾ ਹਾਂ। ਹੁਣ ਅਸੀਂ ਨਹੀਂ ਜਾਵਾਂਗੇ। ਮੈਂ ਤੁਹਾਨੂੰ ਹੁਣ ਭੀ ਆਖਦਾ ਹਾਂ ਕਿ ਜੇ ਤੁਸੀਂ ਸਾਨੂੰ ਨਾਂ ਰੋਕੋ, ਤਾਂ ਓਥੇ ਸੂਈ ਦਾ ਭੀ ਨੁਕਸਾਨ ਨਹੀਂ ਹੋਵੇਗਾ। ਪਰ ਤੁਸੀਂ ਸਾਨੂੰ ਮਜਬੂਰ ਪਏ ਕਰਦੇ ਹੋ, ਜੇ ਓਥੇ ਕਲ ਕੋਈ ਕਤਲ ਹੋ ਗਏ ਤਾਂ ਕੌਣ ਜੁਮੇਵਾਰ ਹੋਵੇਗਾ। ਸਰਦਾਰ ਜਸਵੰਤ ਸਿੰਘ ਜੀ ਕਹਿਣ ਲਗੇ, ਕਿ ਅਸੀਂ ਪੰਥ ਅਗੇ ਜ਼ਿਮੇਵਾਰ ਹੋਵਾਂਗੇ, ਜੋ ਤੁਹਾਨੂੰ ਰੋਕ ਰਹੇ ਹਾਂ। ਝੱਬਰ ਨੇ ਕਿਹਾ ਚੰਗਾ, ਹੇਠਾਂ ਚਲ ਕੇ ਸਾਰੇ ਜਥੇ ਦੇ ਰੂਬਰੂ ਖੜੇ ਹੋ ਕੇ ਆਖੋ। ਇਹ ਸਾਰੇ ਕੋਠੇ ਤੋਂ ਹੇਠਾਂ ਆਏ ਤੇ ਗੁਰਦਵਾਰੇ ਦੇ ਸਾਹਮਣੇ ਝੱਬਰ ਨੇ ਸਾਰੇ ਜੱਥੇ ਨੂੰ ਫਾਲਨ ਕਰ ਦਿਤਾ, ਤੇ ਇਨ੍ਹਾਂ ਜਥੇ ਰੋਕਣ ਵਾਲੇ ਸਾਰੇ ਸਜਨਾਂ ਨੇ ਵਾਰੋ ਵਾਰੀ ਜਥੇ ਨੂੰ ਨਾਂ ਜਾਣ ਲਈ ਸਮਝਾਇਆ ਤੇ ਘਾਟੇ ਵਾਧੇ ਦੀ ਜ਼ਿਮੇਵਾਰੀ ਚੁਕੀ।

ਆਏ ਸਜਣਾਂ ਨੇ ਭਾਈ ਦਲੀਪ ਸਿੰਘ ਦੀ ਡਿਊਟੀ ਲਾਈ ਕਿ ਤੁਸੀਂ ਜਾਉ ਤੇ ਜਥਿਆਂ ਨੂੰ ਜਾ ਕੇ ਰੋਕੋ। ਸੋ ਭਾਈ ਦਲੀਪ ਸਿੰਘ ਜੀ ਤਿਆਰ ਹੋਏ। ਉਨਾਂ ਨੂੰ ਘੋੜਾ ਦਿਤਾ ਗਿਆ ਤੇ ਨਾਲ ਭਾਈ ਵਰਿਆਮ ਸਿੰਘ ਜੀ ਗਰਮੂਲਾ, ਗੁਰਦਿਤ ਸਿੰਘ ਝੀਂਡੇ ਵਾਲਾ ਅਤੇ ਰਾਮ ਸਿੰਘ ਝੰਡਿਆਂਵਾਲੀ ਵਾਲਾ ਤਿੰਨੇ ਘੋੜ ਸਵਾਰ ਚਲੇ ਗਏ। ਸਾਰੇ ਜਥਿਆਂ ਨੂੰ ਮੁੜ ਜਾਣ ਲਈ ਝੱਬਰ ਨੇ ਚਿਠੀਆਂ



Digitized by Panjab Digital Library | www.panjabdigilib.org

ਲਿਖ ਦਿਤੀਆਂ ਪਰ ਇਸ ਵੇਲੇ ਖਰੇ ਸੌਦੇ ਦੇ ਜਥੇ ਵਿਚੋਂ ਕੁਝ ਸਿੰਘ ਜੋਸ਼ ਵਿਚ ਆ ਗਏ ਤੇ ਰੋਕਣ ਵਾਲੇ ਸਜਨਾਂ ਨੂੰ ਕੌੜਾ ਫਿੱਕਾ ਬੋਲਨ ਲਗ ਪਏ ਪਰ ਝੱਬਰ ਨੇ ਉਨ੍ਹਾਂ ਨੂੰ ਝਿੜਕਿਆ।

ਜਥਿਆਂ ਨੂੰ ਰੋਕਣ ਵਾਲੇ ਚਾਰੇ ਸਵਾਰ ਚਲੇ ਗਏ। ਬਾਕੀ ਸਿੰਘ ਜਿਨ੍ਹਾਂ ਨੂੰ ਰੋਕਿਆ ਗਿਆ ਸੀ ਉਹ ਮੁੜ ਕੇ ਘਰੀਂ ਜਾਣ ਲਗੇ, ਤਾਂ ਝੱਬਰ ਨੇ ਕਿਹਾ, ਖਾਲਸਾ ਜੀ ਤੁਸੀਂ ਸਾਰੇ ਨਾਂ ਚਲੇ ਜਾਵੋ ਮੇਰੇ ਪਾਸ ਘਟ ਤੋਂ ਘਟ ੧੦੦ ਸਿੰਘ ਠਹਿਰੋ, ਮੈਨੂੰ ਸ਼ਕ ਹੈ, ਸਵੇਰ ਨੂੰ ਨਨਕਾਣੇ ਸਾਹਿਬ ਖੈਰ ਨਹੀਂ ਰਹਿਣੀ। ਤੁਹਾਡੀ ਫਿਰ ਲੋੜ ਪੈਣੀ ਹੈ। ਜਥਿਆਂ ਨੂੰ ਰੋਕਣ ਵਾਲੇ ਚਾਰ ਸਿਘ ਬੁਟਰੀਂ ਪੁਜੇ ਚਿਠੀ ਵਖਾਈ ਤਾਂ ਜਥਾ ਵਾਪਸ ਹੋ ਗਿਆ। ਭਾਈ ਲੱਖਾ ਸਿੰਘ ਕੁਝ ਸਿੰਘਾਂ ਸਮੇਤ ਸਵੇਰੇ ਸੱਚੇ ਸੌਦੇ ਪੁਜ ਗਏ ਸਨ, ਲਾਗਰਾ ਵਾਲੇ ਭਿਖੀ ਵਾਲੇ ਜਿਉਂ ਜਿਉਂ ਰੋਕਣ ਵਾਲਿਆਂ ਨੂੰ ਮਿਲੇ ਸਭ ਵਾਪਸ ਹੋ ਗਏ। ਇਹ ਚਾਰੇ ਘੋੜ ਸਵਾਰ ਚੰਦਰ ਕੋਟ ਦੀ ਪੁਲ ਤੇ ਜਿਥੇ ਧਾਰੋ ਵਾਲੀ ਦੇ ਜਥੇ ਨੇ ਮਿਲਨਾ ਸੀ ਪੁਜੇ ਪਰ ਭਾਈ ਲਛਮਨ ਸਿੰਘ ਜੀ ਦਾ ਜਥਾ ਚੰਦਰ ਕੋਟ ਨਾ ਆਇਆ। ਜਦ ਇਹ ਏਥੇ ਨਾਂ ਮਿਲਿਆ ਤਾਂ ਇਹ ਸਵਾਰ ਅਗਲੇ ਪੁਲ ਤਕ ਭੀ ਗਏ ਪਰ ਇਨ੍ਹਾਂ ਨੂੰ ਜਥਾ ਨਾਂ ਮਿਲਿਆ। ਪੰਜ ਚਕ ਵਾਲੇ ਪੁਲ ਤੋਂ ਮੁੜ ਕੇ ਤਿੰਨ ਸਵਾਰ ਤਾਂ ਨਨਕਾਣੇ ਸਾਹਿਬ ਨੂੰ ਚਲੇ ਗਏ, ਤੇ ਭਾਈ ਰਾਮ ਸਿੰਘ ਨੂੰ ਫਿਰ ਚੰਦਰ ਕੋਟ ਭਾਲ ਤੇ ਘਲਿਆ। ਜੋ ਨਨਕਾਣਾ ਸਾਹਿਬ ਗਏ ਉਨਾਂ ਵਿਚੋਂ ਭਾਈ ਵਰਿਆਮ ਸਿੰਘ ਤੇ ਗੁਰਦਿਤ ਸਿੰਘ ਤਾਂ ਮੰਡੀ ਵਿਚ ਥੋੜੀ ਰਾਤ ਰਹਿੰਦਿਆਂ ਜਾ ਸੁਤੇ ਅਤੇ ਭਾਈ ਦਲੀਪ ਸਿੰਘ ਜੀ ਭਾਈ ਉਤਮ ਸਿੰਘ ਦੇ ਕਾਰਖਾਨੇ ਪੁਜੇ। ਏਥੇ ਸਾਡਾ ਬਿਜਲਾ ਸਿੰਘ—ਭਾਈ ਵਰਿਆਮ ਸਿੰਘ ਭੋਜੀਆਂ ਵਾਲਾ ਮਿਲਿਆ। ਆਪਸ ਵਿਚ ਗਲ ਬਾਤ ਕੀਤੀ ਤਾਂ ਭਾਈ ਦਲੀਪ ਸਿੰਘ ਨੇ ਜਥੇ ਨੂੰ ਰੋਕਣ ਵਾਲੀ ਚਿਠੀ ਭਾਈ ਵਰਿਆਮ ਸਿੰਘ ਨੂੰ ਦਿਤੀ ਤੇ ਕਿਹਾ ਕਿ ਹੁਣ ਰਾਤ ਥੋੜੀ ਰਹਿ



Digitized by Panjab Digital Library | www.panjabdigilib.org

ਗਈ ਹੈ ਤੂੰ ਜਾਹ ਜੇਕਰ ਫਾਟਕ ਵੱਲ ਕੋਈ ਜਥਾ ਮਿਲੇ ਤਾਂ ਇਹ ਚਿਠੀ ਵਖਾਣੀ ਅਤੇ ਕਹਿਣਾ ਕਿ ਵਾਪਸ ਚਲੇ ਜਾਵੇ। ਭਾਈ ਵਰਿਆਮ ਸਿੰਘ ਜੀ ਫਾਟਕ ਕੋਲ ਗਏ ਤਾਂ ਕੋਟ ਦਰਬਾਰ ਵਾਲੀ ਸੜਕੋ ਜਥਾ ਆ ਰਿਹਾ ਸੀ। ਭਾ: ਵਰਿਆਮ ਸਿੰਘ ਨੇ ਚਿਠੀ ਭਾਈ ਲਛਮਣ ਸਿੰਘ ਜੀ ਨੂੰ ਦਿਤੀ। ਚਿਠੀ ਪੜ੍ਹ ਕੇ ਭਾਈ ਲਛਮਣ ਸਿੰਘ ਨੇ ਜਥੇ ਨੂੰ ਕਿਹਾ ਕਿ ਵਾਪਸ ਚਲੋ। ਜਥਾ ਵਾਪਸ ਮੁੜ ਪਿਆ ਪਰ *ਭਾਈ ਟਹਿਲ ਸਿੰਘ ਜੀ ਬੋਲੇ "ਖਾਲਸਾ ਜੀ ਮੈਂ ਤਾਂ ਘਰੋਂ ਨਨਕਾਣੇ ਸਾਹਿਬ ਸ਼ਹੀਦ ਹੋਣ ਲਈ ਅਰਦਾਸਾ ਸੋਧਿਆ ਹੋਇਆ ਹੈ ਇਸ ਲਈ ਤੁਸੀਂ ਜਾਣਾ ਹੈ ਤਾਂ ਬੇਸ਼ਕ ਜਾਓ, ਪਰ ਮੈਂ ਪਿਛੂੰ ਮੁੜ ਕੇ ਨਹੀਂ ਜਾਣਾ।"

ਇਹ ਕਹਿੰਦੇ ਇਹ ਇਕਲਾ ਹੀ ਗੁਰਦੁਆਰੇ ਵਲ ਟੁਰ ਪਿਆ, ਜਥੇ ਵਿਚੋਂ ਸਿੰਘਾਂ ਨੇ ਆਵਾਜ਼ਾਂ ਮਾਰੀਆਂ ਪਰ ਇਹ ਨਾ ਮੁੜਿਆ। ਫਿਰ ਭਾਈ ਲਛਮਣ ਸਿੰਘ ਜੀ ਭੀ ਸਮੇਤ ਜਥੇ ਮੁੜ ਗੁਰਦੁਆਰੇ ਵੱਲ ਚਲ ਪਏ। ਨਾਲ ਕੁਝ ਸਿੰਘਣੀਆਂ ਭੀ ਸਨ, ਭਾਈ ਲਛਮਣ ਸਿੰਘ ਨੇ ਸਿੰਘਣੀਆਂ ਨੂੰ ਕਿਹਾ ਤੁਸੀਂ ਸਾਡੇ ਨਾਲ ਨਾ ਜਾਓ। ਭਾਈ ਮੂਲਾ ਸਿੰਘ ਬੋਲਾ ਜਰਮਨੀ ਡਲੇ ਵਾਲਾ ਨਾਲ ਦੇ ਕੋਇਨਾਂ ਨੂੰ ਗੁਰਦਵਾਰਾ ਤੰਬੂ ਸਾਹਿਬ ਘਲ ਦਿਤਾ।

* ਬੂਟਾ ਸਿੰਘ ਪੋਠੋਹਾਰੀ ਨੇ ਪਠਾਨਾਂ ਵਲੋਂ ਕ੍ਰਿਪਾਨ ਲਾਹੇ ਜਾਣ ਵਾਲੀ ਆਪਣੀ ਬੇ-ਇਜ਼ਤੀ ਦੀ ਗਲ ਸਚੇ ਸੌਦੇ ਵਿਚ ਜਥੇ ਨੂੰ ਸੁਨਾਈ ਸੀ ਤਾਂ ਇਹ ਪ੍ਰੇਮੀ (ਭਾਈ ਟਹਿਲ ਸਿੰਘ) ਭੀ ਕੋਲ ਸੀ। ਸੁਣ ਕੇ ਕਹਿਣ ਲਗਾ ਕਿ ਜਥੇਦਾਰ ਜੀ, ਤੁਸੀਂ ਹੁਕਮ ਕਰੋ ਤਾਂ ਮੈਂ ਪੰਜ ਸਿੰਘ ਨਾਲ ਲੈ ਕੇ ਨਨਕਾਣੇ ਸਾਹਿਬ ਜਾਂਦਾ ਹਾਂ। ਮਹੰਤ ਕ੍ਰਿਪਾਨ ਧਾਰੀਆਂ ਦੇ ਗਲ ਪੈਂਦਾ ਹੈ ਅਸੀਂ ਲੜ ਕੇ ਸ਼ਹੀਦ ਹੋ ਜਾਵਾਂਗੇ ਤੇ ਮਹੰਤ ਨੂੰ ਕਤਲ ਕਰ ਦੇਵਾਂਗੇ ਫਿਰ ਤੁਸੀਂ ਜਾ ਕ ਗੁਰਦਵਾਰੇ ਤੇ ਕਬਜ਼ਾ ਕਰ ਲੈਣਾ। ਝੱਬਰ ਨੇ ਕਿਹਾ, "ਭਾਈ ਟਹਿਲ ਸਿੰਘ, ਤੇਰੇ ਵਰਗੇ ਗੁਰੂ ਕੇ ਲਾਲਾਂ ਨੂੰ ਕਤਲ ਕਰਾ ਕੇ ਅਸੀਂ ਗੁਰਦਵਾਰੇ ਦਾ ਕਬਜ਼ਾ ਨਹੀਂ ਲੈਣਾ। ਅਸੀਂ ਮਹੰਤ ਤੇ ਮਹੰਤ ਦੇ ਬਦਮਾਸ਼ਾਂ ਨੂੰ ਕੰਨਾਂ ਤੋਂ ਪਕੜ ਕੇ ਨਨਕਾਣ ਸਾਹਿਬ ਦਾ ਕਬਜ਼ਾ ਲੈਣਾ ਹੈ।"



Digitized by Panjab Digital Library | www.panjabdigilib.org

ਜਥੇ ਨੇ ਸਰੋਵਰ ਤੇ ਇਸ਼ਨਾਨ ਕੀਤਾ ਤੇ ਵਡੇ ਦਰਵਾਜ਼ਿਉ ਗੁਰਦਵਾਰੇ ਦੇ ਅੰਦਰ ਜਾ ਵੜੇ। ਮਥਾ ਟੇਕ ਕੇ ਜਥੇ ਨੇ ਜੈਕਾਰੇ ਛਡੇ। ੬੦ ਆਦਮੀ ਜੋ ਮਹੰਤ ਨੇ ਰਾਖੇ ਰਖੇ ਸੀ ਜੈਕਾਰੇ ਸੁਣ ਕੇ ਸਭ ਬਾਹਰ ਭਜ ਗਏ। ਸਿੰਘਾਂ ਨੇ ਗੁਰਦਵਾਰੇ ਦੇ ਦਰਵਾਜ਼ੇ ਆਪ ਬੰਦ ਕਰ ਲਏ। ਮਹੰਤ ਦੇ ਲਾਏ ਹੋਏ ਜਾਲ ਵਿਚ ਇਹ ਭੋਲੇ ਸਿੰਘ ਆਪ ਜਾ ਫਸੇ।

੧੮-੨-੨੧ ਨੂੰ ਗੁਰਦਵਾਰਾ ਸਿੰਘ ਸਭਾ ਲਾਇਲਪੁਰ ਵਿਚ ਨਨਕਾਣੇ ਸਾਹਿਬ ਜਾਣ ਵਾਲੇ ਜਥੇ ਵਿਚ ਸ਼ਾਮਲ ਹੋਣ ਬਾਰੇ ਇਕ ਮੀਟਿੰਗ ਹੋਣੀ ਸੀ। ਇਸ ਮੀਟਿੰਗ ਵਿਚ ਮਹੰਤ ਦੇ ਦਰਦੀ ਭੀ ਸ਼ਾਮਲ ਸਨ। ਇਨ੍ਹਾਂ ਨੇ ਇਸੇ ਦਿਨ ਮਹੰਤ ਨੂੰ ਨਨਕਾਣੇ ਸਾਹਿਬ ਤਾਰ ਦੇ ਦਿਤੀ ਕਿ ਮਹੰਤ ਜੀ ੧੯-੨-੨੧ ਨੂੰ ਅਕਾਲੀ ਕਬਜ਼ਾ ਕਰਨ ਲਈ ਆ ਰਹੇ ਹਨ।

ਮਹੰਤ ਉਸੇ ਦਿਨ ਲਾਹੌਰ ਆਇਆ ਅਤੇ ੨ ਬਜੇ ਤੋਂ ਹੀ ਚੁਫੇਰੇ ਰਾਹਾਂ ਤੇ ਆਦਮੀ ਖੜੇ ਕਰਕੇ ਪਹਿਰੇ ਲਾ ਦਿਤੇ, ਕਿ ਜੇ ਕੋਈ ਜਥਾ ਆਵੇ ਤਾਂ ਮੈਨੂੰ ਖਬਰ ਦਿਓ। ਕੁਝ ਬਦਮਾਸ਼ ਜਿੰਨੇ ਹੋ ਸਕੇ ਨਨਕਾਣੇ ਸਾਹਿਬ ਵਿਚੋਂ ਇਕਠੇ ਕਰਕੇ ਜਥੇ ਨੂੰ ਰੋਕਣ ਲਈ ਬੈਠ ਗਏ ਪਰ ੧੯-੨-੨੧ ਨੂੰ ਕੋਈ ਜਥਾ ਨਾ ਆਇਆ। ਮਹੰਤ ਨੇ ਖਿਆਲ ਕੀਤਾ ਕਿ ਹੁਣ ਕੋਈ ਨਹੀਂ ਆਉਂਦਾ। ਸਾਰੇ ਆਦਮੀਂ ਵਾਪਸ ਬੁਲਾ ਲਏ ਅਤੇ ਆਪ ਸਮੇਤ ਕੁਝ ਆਦਮੀਆਂ ਦੇ ਲਾਹੌਰ ਸਿਖ ਸਨਾਤਨ ਕਾਨਫਰੰਸ ਤੇ ਜਾਣ ਲਈ ਪੰਜ ਵਜੇ ਸ਼ਾਮ ਦੀ ਗਡੀ ਚੜ੍ਹ ਬੈਠਾ। ਇਸ ਗਡੀ ਤੋਂ ਇਕ ਔਰਤ ਨਨਕਾਣੇ ਸਾਹਿਬ ਰਹਿਣ ਵਾਲੀ ਉਤਰੀ ਜਿਸ ਨੇ ਕੁਝ ਅਕਾਲੀ ਸਿੰਘ ਬੁਚੀਆਣੇ ਸਟੇਸ਼ਨ ਤੇ ਗਡੀਓਂ ਉਤਰਦੇ ਵੇਖੇ ਸਨ। ਇਸ ਨੇ ਤੁਰੀ ਜਾਂਦੀ ਗਡੀ ਵਿਚ ਮਹੰਤ ਨੂੰ ਬੈਠਿਆਂ ਵੇਖਿਆ ਤੇ ਉਚੀ ਬਾਂਹ ਕਰਕੇ ਆਖਿਆ, "ਵੇ ਮਹੰਤਾ ਤੂੰ ਕਿਧੇ ਪਿਆ ਵੈਂਦਾ ਏਂ, ਇਹ ਕਾਲੀਆਂ ਪਗਾਂ ਤੇ ਛੁਰਿਆਂ ਵਾਲੇ ਤਾਂ ਬੁਚਿਆਣੇ ਆ ਉਤਰੇ ਹਨ।"



Digitized by Panjab Digital Library | www.panjabdigilib.org

ਮਹੰਤ ਸੁਣਦੇ ਸਾਰ ਚਲਦੀ ਗੱਡੀ ਤੋਂ ਛਾਲ ਮਾਰ ਕੇ ਉਤਰਿਆ ਤੇ ਸਾਥੀਆਂ ਨੂੰ ਇਸ਼ਾਰਾ ਕੀਤਾ। ਕਈ ਤਾਂ ਏਥੋਂ ਹੀ ਚਲਦੀ ਗੱਡੀ ਚੋਂ ਉਤਰ ਆਏ ਤੇ ਕਈ ਅਗਲੇ ਸਟੇਸ਼ਨ ਵਕੀਲ ਵਾਲੇ ਉਤਰ ਕੇ ਨਨਕਾਣੇ ਸਾਹਿਬ ਵਾਪਸ ਪੁਜ ਗਏ। ਮਹੰਤ ਨੇ ਸਾਰੀ ਰਾਤ ਫਿਰ ਰਾਹਾਂ ਤੇ ਪਹਿਰਾ ਲਾਇਆ ਪਰ ਵਗਾਰੀ ਲੋਕਾਂ ਦਾ ਕੀ ਇਤਬਾਰ ਹੁੰਦਾ ਹੈ। ਜਥਾ ਇਸ਼ਨਾਨ ਕਰ ਕੇ ਗੁਰਦਵਾਰੇ ਜਾ ਪੁਜਾ ਪਰ ਕਿਸੇ ਨੂੰ ਪਤਾ ਨ ਲਗਾ। ਜਦ ਜਥੇ ਨੇ ਜੈਕਾਰੇ ਛਡੇ ਤਾਂ ਮਹੰਤ ਨੂੰ ਅਤੇ ਲੋਕਾਂ ਨੂੰ ਪਤਾ ਲਗਾ। ਮਹੰਤ ਨੇ ਕਿਹਾ ਕਿ ਬਸ ਕਬਜ਼ਾ ਹੋ ਗਿਆ। ਇਕ ਘੰਟਾ ਮਹੰਤ ਨਾ ਮੰਨਿਆ ਜਦ ਲੋਕਾਂ ਯਕੀਨ ਕਰਾ ਦਿਤਾ ਕਿ ਮਹੰਤ ਜੀ ਇਹ ਜਥਾ ਵਿਰਕਾਂ ਦਾ ਨਹੀਂ। ਇਥੇ ਤਾ ਥੋੜੇ ਜੇਹੇ ਆਦਮੀ ਹਨ ਤਾਂ ਮਹੰਤ ਨੇ ਰਾਂਝੇ ਅਤੇ ਰਿਹਾਣੇ ਮਾਛੀ ਨੂੰ ਜੋ ਹਰ ਵੇਲੇ ਮਹੰਤ ਦੇ ਨਾਲ ਰਾਖੀ ਲਈ ਰਹਿੰਦੇ ਸਨ, ਕਿਹਾ ਜਾਉ ਸਾਰਿਆਂ ਨੂੰ ਮਾਰ ਦਿਉ। ਇਹ ਦੋਵੇਂ ਬੰਦੂਕਾਂ ਅਤੇ ਕੁਝ ਹੋਰ ਬਦਮਾਸ਼ ਨਾਲ ਲੈ ਕੇ ਮਹੰਤ ਦੀ ਬੈਠਕ ਤੋਂ ਉਤਰੇ ਦਰਵਾਜ਼ੇ ਬੰਦ ਸੀ। ਇਕ ਸ਼ੇਰ ਸਿੰਘ ਨਾਮੇ ਸਿਖ ਨੇ ਮਹੰਤ ਤੀਰਥ ਸਿੰਘ ਦੇ ਘਰੋਂ ਜਾ ਕੇ ਪੌੜੀ ਲਿਆਂਦੀ ਅਤੇ ਦਖਣ ਦੀ ਬਾਹੀ ਖੂਹ ਕੋਲ ਲਾ ਦਿਤੀ। ਸਾਰੇ ਬਦਮਾਸ਼ ਕਮਰੇ ਦੀ ਛਤ ਤੇ ਚੜ੍ਹ ਗਏ ਅਤੇ ਬਾਰਾਂ ਦਰੀ ਵਿਚ ਬੈਠੇ ਸ਼ਬਦ ਪੜ੍ਹਦੇ ਸਿੰਘਾਂ ਨੂੰ ਗੋਲੀਆਂ ਨਾਲ ਭੁੰਨ ਸੁਟਿਆ। ਫਿਰ ਕਾਤਲ ਹੇਠਾਂ ਉਤਰੇ ਅਤੇ ਲਹਿੰਦੇ ਦਰਵਾਜ਼ੇ ਨੂੰ ਸਬਰੇ ਨਾਲ ਪਾੜ ਪਾ ਕੇ ਇਸ ਛੇਕ ਥਾਣੀ ਬੰਦੂਕਾਂ ਦੇ ਸ਼ਰੇ ਮਾਰ ਮਾਰ ਕੇ ਅੰਦਰ ਬੈਠੇ ਸਿੰਘਾਂ ਨੂੰ ਭੁੰਨ ਸਟਿਆ। ਗੁਰੂ ਗ੍ਰੰਥ ਸਾਹਿਬ ਜੀ ਨੂੰ ਭੀ ਗੋਲੀਆਂ ਲਗੀਆਂ, ਕੁਝ ਆਦਮੀਆਂ ਨੇ ਡਿਊਢੀ ਵਿਚ ਖਲੋਤੇ ਸਿੰਘਾਂ ਨੂੰ ਛਵੀਆਂ ਨਾਲ ਉਥੇ ਹੀ ਕਤਲ ਕਰ ਦਿਤਾ। ਇਧਰ ਗੁਰਦਵਾਰੇ ਅੰਦਰ ਬਦਮਾਸ਼ ਖੂਨ ਦੀ ਹੋਲੀ ਖੇਡ ਰਹੇ ਸਨ ਤੇ ਮਹੰਤ ਬਾਹਰ ਘੋੜੇ ਤੇ ਫਿਰ ਰਿਹਾ ਸੀ।

ਭਾਈ ਵਰਿਆਮ ਸਿੰਘ ਜਥੇ ਨੂੰ ਚਿਠੀ ਦੇ ਕੇ ਭਾਈ ਦਲੀਪ ਸਿੰਘ ਪਾਸ ਕਾਰਖਾਨੇ ਪੁਜ ਗਿਆ ਸੀ। ਚਾਹ ਤਿਆਰ ਸੀ ਅਤੇ ਭਾਈ



Digitized by Panjab Digital Library | www.panjabdigilib.org

ਦਲੀਪ ਸਿੰਘ ਭਾਈ ਵਰਿਆਮ ਸਿੰਘ ਅਤੇ ਭਾਈ ਬੂਟਾ ਸਿੰਘ ੨੦੪ ਚੱਕ ਵਾਲੇ ਤਿੰਨੇ ਚਾਹ ਛਕਣ ਲਗੇ ਸਨ ਤਾਂ ਗੁਰਦਵਾਰੇ ਵਿਚੋਂ ਗੋਲੀਆਂ ਦੀ ਆਵਾਜ਼ ਆਈ। ਭਾਈ ਦਲੀਪ ਸਿੰਘ ਜੀ ਉਠ ਖਲੋਤੇ ਤੇ ਕਿਹਾ ਕਿ "ਬਸ, ਸਿੰਘ ਮਾਰੇ ਗਏ ਚਲੋ ਅਸੀਂ ਭੀ ਚਲੀਏ।" ਭਾਈ ਉਤਮ ਸਿੰਘ ਨੇ ਕਿਹਾ ਕਿ ਭਾਈ ਸਾਹਿਬ ਚਾਹ ਤਾਂ ਛਕ ਲਵੋ ਪਰ ਇਨ੍ਹਾਂ ਨੇ ਫਿਰ ਨਾਂਹ ਕੀਤੀ ਤੇ ਦੋਵੇ (ਭ: ਦਲੀਪ ਸਿੰਘ ਤੇ ਭ: ਵਰਿਆਮ ਸਿੰਘ) ਗੁ: ਜਨਮ ਅਸਥਾਨ ਵੱਲ ਨੂੰ ਟੁਰ ਪਏ। ਦੋਵੇਂ ਸਜਨ ਜਨਮ ਅਸਥਾਨ ਦੇ ਸਾਹਮਣੇ ਪੁਜੇ, ਤਾਂ ਅਗੋਂ ਮਹੰਤ ਆਉਂਦਾ ਮਿਲਿਆ। ਭਾਈ ਦਲੀਪ ਸਿੰਘ ਨੇ ਕਿਹਾ "ਓ ਮਹੰਤਾ ਇਹ ਕੀ ਕੀਤਾ ਈ।" ਇਹ ਪਹਿਲੋਂ ਤੋਂ ਉਸ ਦੇ ਵਾਕਫ ਸਨ। ਮਹੰਤ ਨੇ ਪੁਛਿਆ "ਤੂੰ ਦਲੀਪ ਸਿੰਘ ਹੈਂ?" ਭ: ਦਲੀਪ ਸਿੰਘ ਨੇ ਕਿਹਾ 'ਹਾਂ।' ਮਹੰਤ ਨੇ ਕਿਹਾ, ਤੂੰ ਭੀ ਅਕਾਲੀ ਹੋ ਗਿਆ ਹੈ?" ਭਾਈ ਦਲੀਪ ਸਿੰਘ ਨੇ ਉਤਰ ਦਿਤਾ, "ਹਾਂ ਮੈਂ ਭੀ ਅਕਾਲੀ ਹਾਂ।" ਮਹੰਤ ਨੇ ਕਿਹਾ "ਲੈ ਫਿਰ ਤਕੜਾ ਹੋ ਜਾਹ ਆਈ ਆ।" ਮਹੰਤ ਪਾਸ ਪਸਤੌਲ ਸੀ, ਉਸ ਨੇ ਭਾਈ ਦਲੀਪ ਸਿੰਘ ਨੂੰ ਗੋਲੀ ਮਾਰੀ, ਜੋ ਛਾਤੀ ਵਿਚ ਵਜੀ। ਨਾਲ ਦੇ ਬਦਮਾਸ਼ਾਂ ਪਾਸ ਛਵੀਆਂ ਸਨ, ਬਸ ਫਿਰ ਕੀ ਸੀ ਇਕ ਮਿੰਟ ਵਿਚ ਦੋਹਾਂ ਭਾਈ ਦਲੀਪ ਸਿੰਘ ਤੇ ਵਰਿਆਮ ਸਿੰਘ ਨੂੰ ਕਤਲ ਕਰ ਦਿਤਾ ਗਿਆ।

ਹੁਣ ਮਹੰਤ ਨੇ ਸਿੰਘਾਂ ਦੀਆਂ ਲਾਸ਼ਾਂ ਨੂੰ ਗੁੰਮ ਕਰਨ ਲਈ ਮੰਡੀ ਤੋਂ ਗਡਾ ਘੱਲ ਕੇ ਮਿਟੀ ਦਾ ਤੇਲ ਮੰਗਾਇਆ। ਘਾਇਲ ਪਏ ਜਥੇਦਾਰ ਲਛਮਣ ਸਿੰਘ ਨੂੰ ਜੰਡ ਨਾਲ ਬੰਨ੍ਹ ਕੇ ਤੇਲ ਪਾ ਕੇ ਅਗ ਲਾ ਦਿਤੀ ਤੇ ਪਠਾਨਾਂ ਨੂੰ ਲਕੜੀਆਂ ਢੋਣ ਲਈ ਲਾਇਆ। ਬਾਕੀ ਦੇ ਅੰਦਰ ਪਏ ਸਿੰਘਾਂ ਨੂੰ ਜਿਨਾਂ ਵਿਚੋਂ ਕਈ ਜ਼ਖਮੀ ਸਹਿਕ ਰਹੇ ਸਨ ਜੰਡ ਤੋਂ ਚੜਦੇ ਪਾਸੇ ਤੇ ਭਾਈ ਦਲੀਪ ਸਿੰਘ ਵਰਿਆਮ ਸਿੰਘ ਆਦਿਕ ਕਈ ਸਿੰਘਾਂ ਨੂੰ ਘੁਮਿਆਰਾਂ ਦੀ ਆਵੀ ਵਾਲੇ ਥਾਂ ਲਕੜਾਂ ਤੇ ਤੇਲ ਪਾ ਕੇ ਜਲਾ ਦਿਤਾ। ਮੈਂਬੂ ਸਾਹਿਬ ਡਿਸਟ੍ਰਿਕਟ ਐਨਜੀਨੀਅਰ ਜੋ ਉਸ ਦਿਨ ਨਨਕਾਣਾ ਸਾਹਿਬ



Digitized by Panjab Digital Library | www.panjabdigilib.org

ਡਾਕ ਬੰਗਲੇ ਸੀ ਨੇ ਮਾਂਗਟਾ ਵਾਲੇ ਬੰਗਲੇ ਡਿਪਟੀ ਕਮਿਸ਼ਨਰ ਕਰੀ ਸਾਹਿਬ ਨੂੰ ਜੋ ਉਥੇ ਉਤਰਿਆ ਹੋਇਆ ਸੀ, ਸਾਰੀ ਖਬਰ ਕੀਤੀ ਤਾਂ ਉਹ ਸਮੇਤ ਇਕ ਥਾਣੇਦਾਰ ਦੇ ਸਵੇਰੇ ਹੀ ਨਨਕਾਣੇ ਸਾਹਿਬ ਪੁਜ ਗਿਆ। ਗੁਰਦਵਾਰੇ ਪੁਜ ਕੇ ਡਿਪਟੀ ਕਮਿਸ਼ਨਰ ਨੇ ਆਪਣੇ ਪਾਸ ਤੇ ਕਤ ਨਾ ਵੇਖ ਕੇ ਮਹੰਤ ਨੂੰ ਕੁਝ ਨਾ ਕਿਹਾ। ਅਜੇ ਕੁਝ ਲਾਸ਼ਾਂ ਸੜਨ ਵਾਲੀਆਂ ਪਈਆਂ ਸਨ।

ਉਸਨੇ ਥਾਨੇਦਾਰ ਨੂੰ ਹੁਕਮ ਦਿਤਾ, ਕਿ ਆਪ ਹੋਰ ਲਾਸ਼ਾਂ ਜਲਨ ਨਹੀਂ ਦੇਣੀਆਂ। ਥਾਣੇਦਾਰ ਨੂੰ ਲਾਸ਼ਾ ਦੀ ਰਾਖੀ ਖਲ੍ਹਾਰ ਕੇ ਆਪ ਸਟੇਸ਼ਨ ਤੇ ਜਾ ਕੇ ਗਵਰਨਮਿੰਟ ਪੰਜਾਬ ਨੂੰ ਹਾਦਸੇ ਦੀਆਂ ਤਾਰਾਂ ਦਿਤੀਆਂ। ਜਾਂ ਸਾਹਿਬ ਮੁੜ ਕੇ ਗੁਰਦਵਾਰੇ ਆਇਆ ਸਿਰਫ ੩ ਲਾਸ਼ਾਂ ਰਹਿ ਗਈਆਂ ਸਨ, ਬਾਕੀ ਸਭ ਜਲ ਗਈਆਂ ਸਨ।

ਗੁਰਦਵਾਰੇ ਕਤਲ ਆਮ ਕਰਕੇ ਮਹੰਤ ਨੇ ਭਾਈ ਉਤਮ ਸਿੰਘ ਵੱਲ ਆਦਮੀ ਘਲਿਆ, ਕਿ ਮੈਂ ਲਾਸ਼ਾਂ ਨੂੰ ਸਾਂਭ ਕੇ ਤੇਰੇ ਵੱਲ ਭੀ ਆਇਆ ਤੂੰ ਤਕੜਾ ਹੋ ਲੈ। ਭਾਈ ਉਤਮ ਸਿੰਘ ਪਾਸ ਬੰਦੂਕ ਸੀ, ਤੇ ਕਾਰਤੂਸ ਭੀ ਚੋਖੇ ਮੰਗਾ ਕੇ ਰਖੇ ਹੋਏ ਸਨ। ਜਿਸ ਵੇਲੇ ਮਹੰਤ ਹਥਿਆਰ ਤੇ ਗੋਲੀ ਗੱਟਾ ਕਠੇ ਕਰ ਰਿਹਾ ਸੀ, ਤਾਂ ਉਤਮ ਸਿੰਘ ਨੂੰ ਆਪਣਾ ਫਿਕਰ ਸੀ, ਕਿ ਜੇ ਕੋਈ ਵਕਤ ਬਣਿਆਂ ਤਾਂ ਮੈਨੂੰ ਭੀ ਹਿਸਾ ਲੈਣਾ ਪੈਣਾ ਹੈ। ਇਸ ਲਈ ਭਾਈ ਉਤਮ ਸਿੰਘ ਜੀ ਨੇ ਆਪਣੇ ਬਚਾ ਲਈ ਪੂਰਾ ੨ ਇੰਤਜ਼ਾਮ ਕੀਤਾ ਹੋਇਆ ਸੀ। ਉਹ ਜੁਆਨ ਆਪਣੇ ਕੋਠੇ ਤੇ ਮੋਰਚਾ ਬਣਾ ਕੇ ਬੈਠ ਗਿਆ। ਕੋਠੇ ਤੇ ਬੈਠ ਕੇ ਪੰਥਕ ਮੁਖੀਆਂ ਅਤੇ ਗਵਰਨਮੈਂਟ ਪੰਜਾਬ ਨੂੰ ਤੇ ਹੋਰ ਯੋਗ ਥਾਵਾਂ ਤੇ ਤਾਰਾਂ ਲਿਖ ਕੇ ਸਟੇਸ਼ਨ ਮਾ: ਸਰਦਾਰ ਕਰਮ ਸਿੰਘ ਜੀ ਨੂੰ ਘਲੀਆਂ ਤੇ ਸ: ਕਰਮ ਸਿੰਘ ਨੇ ਇਹ ਤਾਰਾਂ ਦਿਤੀਆ।

## ਅਕਾਲੀ ਦਲ ਖਰਾ ਸੌਦਾ ਬਾਰ ਦੀ ਚੜ੍ਹਾਈ ਲਈ ਤਿਆਰੀ।

ਸਵੇਰੇ ਹੀ ਭਾਈ ਸੁਚੱਾ ਸਿੰਘ ਜੋਦ ਚਕ ਵਾਲਿਆਂ ਨੂੰ ਮੰਡੀ



Digitized by Panjab Digital Library | www.panjabdigilib.org

ਘਲਿਆ ਗਿਆ, ਅਤੇ ਨਨਕਾਣੇ ਸਾਹਿਬ ਭਾਈ ਉਤਮ ਸਿੰਘ ਜੀ ਹੁਰਾਂ ਨੂੰ ਤਾਰ ਦਿਤੀ ਕਿ ਆਪਣੀ ਸੁਖ ਸਾਂਦ ਲਿਖੋਂ। ਇਹ ਐਤਵਾਰ ਦਾ ਦਿਨ ਸੀ। ੧੧ ਵਜੇ ਨਾਲ ਜਥੇ ਲਈ ਲੰਗਰ ਵਿਚ ਪ੍ਰਸ਼ਾਦੇ ਤਿਆਰ ਹੋ ਰਹੇ ਸੀ ਕਿ ਭਾਈ ਧਰਮ ਸਿੰਘ ਆੜ੍ਹਤੀ ਨੂੰ ਝੱਬਰ ਨੇ ਆਉਂਦਿਆਂ ਵੇਖਿਆ, ਤੇ ਆਖਿਆ ਕਿ ਧਰਮ ਸਿੰਘ ਦੇ ਰਾਸ ਉਡੇ ਹੋਏ ਸਨ, ਖੈਰ ਨਹੀਂ। ਧਰਮ ਸਿੰਘ ਜੀ ਨੇ ਆ ਕੇ ਕਿਹਾ ਕਿ ਇਹ ਤਾਰ ਨਨਕਾਣੇ ਸਾਹਿਬ ਤੋਂ ਆਈ ਹੈ। ਤਾਰ ਧਰਮ ਸਿੰਘ ਨੇ ਪੜ੍ਹ ਕੇ ਸੁਨਾਈ। ਤਾਰ ਦੇ ਅਖਰ ਇਹ ਸੀ, "ਭਾਈ ਦਲੀਪ ਸਿੰਘ ਲਛਮਨ ਸਿੰਘ ਕਤਲ ਹੋ ਗਏ ਹਨ। ਮਹੰਤ ਸਿਖਾਂ ਨੂੰ ਮਿਟੀ ਦਾ ਤੇਲ ਪਾ ਕੇ ਜ਼ਿੰਦਾ ਸਾੜ ਰਿਹਾ ਹੈ। ਅਸੀਂ ਘੇਰੇ ਵਿਚ ਹਾਂ ਤੁਸੀਂ ਛੇਤੀ ਮਿਲੋ।" ਇਹ ਤਾਰ ਝੱਬਰ ਦੇ ਨਾਮ ਸੀ। ਤਾਰ ਸੁਣਦੇ ਸਾਰ ਲੰਗਰ ਦੇ ਪ੍ਰਸ਼ਾਦੇ ਵਿਚੇ ਰਹੇ। ਝੱਬਰ ਨੇ ਕਿਹਾ ਖਾਲਸਾ ਜੀ ਉਠੋ, ਗੁਰਦਵਾਰੇ ਦੇ ਸਾਹਮਣੇ ਇਹ ਸਾਰੇ ਜੋ ੮੦-੯੦ ਦੇ ਕਰੀਬ ਸਨ ਖਲੋ ਗਏ, ਅਤੇ ਝੱਬਰ ਨੇ ਅਰਦਾਸਾ ਸੋਧਿਆ, "ਹੇ ਸਚੇ ਪਾਤਸ਼ਾਹ ਸਾਡੇ ਭਾਈ ਗੁਰਦਵਾਰਾ ਜਨਮ ਅਸਥਾਨ ਨੂੰ ਅਜ਼ਾਦ ਕਰਾਉਣ ਗਏ ਸੀ, ਉਹ ਸ਼ਹੀਦ ਹੋ ਗਏ ਹਨ। ਹੁਣ ਇਹ ਤੇਰੇ ਟਹਿਲੀਏ ਨਨਕਾਣੇ ਸਾਹਿਬ ਤੇ ਕਬਜ਼ਾ ਕਰਨ ਲਈ ਕਮਰ-ਕਸੇ ਕਰਦੇ ਹਨ। ਅੰਗ ਸੰਗ ਹੋ ਕੇ ਫਤਿਹ ਬਖਸ਼ਨੀ ਜੇ, ਅਸੀਂ ਕਬਜ਼ਾ ਨਾਂ ਲੈ ਸਕੀਏ ਤਾਂ ਅਸੀਂ ਸਨਮੁਖ ਹੋ ਕੇ ਸ਼ਹੀਦ ਹੋ ਜਾਈਏ।" ਅਰਦਾਸਾ ਕਰ ਕੇ, ਬੈਠ ਕੇ ਕਮੇਟੀ ਹੋਈ ਤੇ ਪ੍ਰੋਗਰਾਮ ਬਣਾਇਆ। ਇਸ ਵੇਲੇ ਗੁਰਦਵਾਰੇ ਵਿਚ ੯ ਘੋੜੀਆਂ ਮੌਜੂਦ ਸਨ, ਫੈਸਲਾ ਹੋਇਆ ਕਿ ਨੌ ਸਵਾਰ ਤੇ ਬਾਕੀ ਪੈਦਲ ਜਾ ਕੇ ਪਿੰਡਾਂ ਵਿਚ ਡੌਂਡੀਆਂ ਪਿਟਵਾਣ। ਡੌਂਡੀ ਦੇ ਅਖਰ ਇਹ ਹੋਣ, "ਨਨਕਾਣੇ ਸਾਹਿਬ ਵਿਚ ਮਹੰਤ ਨੇ ਬੜੇ ਸਿਖ ਕਤਲ ਕਰ ਦਿਤੇ ਹਨ। ਜੋ ਕੋਈ ਗੁਰੂ ਕਾ ਸਿਖ ਹੈ, ਤਿਆਰ ਬਰ ਤਿਆਰ ਹੋ ਕੇ ਪਿੰਡ ਦਾ ਜਥਾ ਬਣਾ ਕੇ



Digitized by Panjab Digital Library | www.panjabdigilib.org

ਚੰਦੂ ਕੋਟ ਦੀ ਝਾਲ ਤੇ ਰਾਤੋ ਰਾਤ ਪੁਜੇ, ਖਾਲੀ ਹੱਥ ਨਹੀਂ ਆਉਣਾ।"
੪੦ ਕੁ ਆਦਮੀ ਸਵਾਰ ਤੇ ਪੈਦਲ ਸਚੇ ਸੌਦੇ ਦੇ ਚੜ੍ਹਦੇ ਲਹਿੰਦੇ ਦਖਣ ਪਹਾੜ ਦੇ ਪਿੰਡਾਂ ਵਿਚ ਪੁਜੇ। ਚੂਹੜ ਕਾਣੇ ਦੇ ਸ਼ਖ ਨੂੰ ਅਠ ਆਨੇ ਦੇ ਕੇ ਡਉਂਡੀ ਪਟਵਾਈ ਗਈ। ੪੨ ਸਿੰਘਾਂ ਦਾ ਜਥਾ ਗੋਗੇਰਾ ਨਹਿਰ ਦੀ ਪਟੜੀ ਪੈ ਕੇ ਪੈਦਲ ਚਲ ਪਿਆ। ਝੱਬਰ ਢਿਲਵਾਂ ਦੇ ਪੁਲ ਤੋਂ ਚੜ੍ਹਦੀ ਪਟੜੀ ਪੈ ਕੇ ਬੁਟਰੀਂ ਪੁੱਜਾ ਤੇ ਇਥੋਂ ਸਿੰਘਾਂ ਨੂੰ ਲੈ ਕੇ ਬੰਗਲੇ ਫੀਰੋਜ਼ ਪਾਸ ਜਥੇ ਨੂੰ ਜਾ ਮਿਲਿਆ।

ਬਾਬਾ ਸ਼ੇਰ ਸਿੰਘ ਜੀ ਜਿਸ ਦੀ ੭੦ ਬਰਸ ਦੀ ਉਮਰ ਸੀ ਸਚੇ ਸੌਦੇ ਤੋਂ ਪੈਦਲ ਦੌੜਕੇ ਝੀਂਡੇ ਬਾਹੜ ਅਤੇ ਉਥੋਂ ਆਪਣੇ ਪਿੰਡ ਲਾਗਰਾਂ ਤੋਂ ਹੋ ਕੇ ਫਿਰ ਹੰਬੋ ਨੂੰ ਭਿਖੀ ਖਬਰ ਦੇ ਕੇ ਜਥੇ ਨੂੰ ਖੋਤੀ ਵਾੜੇ ਵਾਲੀ ਝਾਲ ਤੇ ੨੬ ਮੀਲ ਦਾ ਪੈਂਡਾ ਕਟ ਕੇ ਆ ਮਿਲਿਆ। ਇਹ ਸਾਰੇ ਜਥੇ ਚੰਦਰ ਕੋਟ ਝਾਲ ਤੇ ਪੁਜ ਗਏ ਅਤੇ ਏਥੇ ਜਥੇ ਕਠੇ ਹੋਣ ਲਗੇ।

ਰਾਤ ਦੇ ੧੧ ਬਜੇ ਤਕ ਝਾਲ ਚੰਦਰ ਕੋਟ ਤੇ ੧੫੦੦ ਸਿੰਘ ਇਕਠੇ ਹੋ ਗਏ। ਕਮੇਟੀ ਕਰਕੇ ਵਿਚਾਰ ਕੀਤੀ, ਕਿ ਜਥਾ ਏਥੇ ਦਿਨ ਚੜ੍ਹਦੇ ਤਕ ਠਹਿਰੇ, ਪਰ ਰਾਤ ਨੂੰ ਦੁਆਲੇ ੨ ਪਹਿਰਾ ਲਾ ਦਿਤਾ ਜਾਵੇ। ੨੦ ਸਿੰਘਾਂ ਦਾ ਪਹਿਰਾ ਲਾ ਦਿਤਾ ਗਿਆ। ਥੱਕੇ ਹੋਏ ਕਈ ਸਿੰਘ ਸੌਂ ਗਏ। ੧ ਘੰਟੇ ਬਾਅਦ ਝੱਬਰ ਨੂੰ ਪਹਿਰੇ ਵਾਲੇ ਸਿੰਘ ਨੇ ਉਠਾਇਆ ਤੇ ਆਖਿਆ ਕਿ ਚੂਹੜਕਾਣੇ ਵਲੋਂ ਇਕ ਲਾਲਟੈਨ ਬੜੀ ਤੇਜ਼ੀ ਨਾਲ ਸਾਡੇ ਵੱਲ ਆ ਰਹੀ ਹੈ। ਝੱਬਰ ਨੇ ਉਠ ਕੇ ਵੇਖਿਆ ਤੇ ਕਿਹਾ ਕਿ ਇਹ ਤਾਂ ਮੋਟਰ ਹੈ। ਖਾਲਸਾ ਜੀ ਜਾਗੋ ਇਹ ਮੋਟਰ ਲੰਘ ਨਾ ਜਾਇ ਕਿਉਂਕਿ ਇਹ ਕੋਈ ਸਾਡੇ ਆਦਮੀ ਹਨ ਜਾਂ ਮਹੰਤਾਂ ਦੇ, ਜੇ ਸਾਡੇ ਹਨ ਤਾਂ ਭੀ ਰੋਕਣਾ ਚਾਹੀਦਾ ਹੈ ਅਤੇ ਜੇ ਕਰ ਮਹੰਤਾਂ ਦੀ ਮੋਟਰ ਹੋਵੇ ਤਾਂ ਭੀ ਰੋਕਣਾ ਅਤਿ ਜ਼ਰੂਰੀ ਹੈ। ਪਤਾ ਕੀਤਾ



Digitized by Panjab Digital Library | www.panjabdigilib.org

ਜਾਇ ਕਿ ਇਹ ਕੌਣ ਤੇ ਕਿਸ ਨੀਯਤ ਤੇ ਹਨ। ਪਟੜੀ ਦੇ ਲਹਿੰਦੇ ਤੇ ਚੜ੍ਹਦੇ ਪੰਝੀ ਪੰਝੀ ਸਿੰਘ ਖੜੇ ਕਰ ਦਿਤੇ ਤੇ ਉਨਾਂ ਨੂੰ ਸਮਝਾਇਆ ਗਿਆ ਕਿ ਤੁਸਾਂ ਰੌਲਾ ਪਾਣਾ ਮੋਟਰ ਖੜੀ ਕਰੋ ਖੜੀ ਕਰੋ। ਕਹਿਣਾ ਕੁਝ ਨਹੀਂ ਪੰਜਾਹ ਸਿੰਘ ਹੋਰ ਦੂਰ ਤਕ ਦੋਹੀਂ ਪਾਸੀਂ ਦੇ ਕਤਾਰਾਂ ਵਿਚ ਖਲ੍ਹਾਰ ਦਿਤੇ ਤੇ ਸਮਝਾਇਆ ਕਿ ਮੋਟਰ ਆਵੇ ਤਾਂ ਆਖਣਾ ਖੜੀ ਕਰੋ ਖੜੀ ਕਰੋ। ਜੇ ਅੱਧ ਤਕ ਆਣ ਕੇ ਮੋਟਰ ਵਾਲੇ ਨਾਂ ਖਲਾਰਨ ਤਾਂ ਛਵੀਆਂ ਮਾਰ ਕੇ ਹੇਠੋਂ ਪਹੀਏ ਵਢ ਦਿਉ। ਮੋਟਰ ਆ ਗਈ ਸਿੰਘਾਂ ਲਲਕਾਰਾ ਮਾਰਿਆ ਮੋਟਰ ਖੜੀ ਕਰੋ, ਖੜੀ ਹੋ ਗਈ। ਵੇਖਿਆ ਤਾਂ ਵਿਚ ਮਹੰਤ ਦੇਵਾ ਦਾਸ, ਨਰੈਣ ਦਾਸ ਦਾ ਚਾਚਾ ਗੁਰੂ ਤੇ ਹੋਰ ੪ ਆਦਮੀ ਬੈਠੇ ਹਨ ਸਿੰਘ ਕਚੀਚੀਆਂ ਲੈ ਲੈ ਪੈਣ ਪਰ ਝੱਬਰ ਨੇ ਕਿਹਾ ਖਾਲਸਾ ਜੀ ਇਨ੍ਹਾਂ ਨੂੰ ਮਾਰਨਾਂ ਸਾਡੀ ਕੋਈ ਬਹਾਦਰੀ ਨਹੀਂ। ਇਨ੍ਹਾਂ ਨੂੰ ਮਾਰਨ ਨਾਲ ਸਾਡਾ ਵੈਰ ਪੂਰਾ ਨਹੀਂ ਹੁੰਦਾ। ਇਨ੍ਹਾਂ ਨੂੰ ਕੁਝ ਨਹੀਂ ਆਖਣਾ। ਹਫੜਾ ਦਫੜੀ ਵਿਚ ਇਨ੍ਹਾਂ ਵਿਚੋਂ ਇਕ ਨਹਿਰ ਵੱਲ ਨੂੰ ਜੋ ਸੁਕੀ ਸੀ ਨੂੰ ਨਿਕਲ ਗਿਆ। ਬਾਕੀ ਚਾਰਾਂ ਵਿਚ ਦੇਵਾ ਦਾਸ, ਰਲਾ ਰਾਮ ਜੋ ਮਹੰਤ ਕ੍ਰਿਸ਼ਨ ਦਾਸ ਦਾ ਭਤੀਜਾ ਸੀ ਤੇ ਅਰਜਨ ਦਾਸ ਥੰਮਣ ਵਾਲਾ ਸਨ। ਇਨ੍ਹਾਂ ਦੀਆਂ ਤਲਾਸ਼ੀਆਂ ਲੈ ਕੇ ਮੁਸ਼ਕਾਂ ਬੰਨ੍ਹ ਕੇ ਪਹਿਰਾ ਲਾ ਦਿਤਾ ਗਿਆ। ਥੋੜੀ ਦੇਰ ਪਿਛੋਂ ਝੱਬਰ ਨੇ ਆਖਿਆ ਇਕ ਆਦਮੀਂ ਵਿਚੋਂ ਨਸ ਗਿਆ ਹੈ ਤੇ ਨਨਕਾਣੇ ਸਾਹਿਬ ਦੇ ਪਿੰਡ ਕੋਟ ਦਰਬਾਰ ਆਦਕ ਨੇੜੇ ਹਨ। ਕਿਤੋਂ ਕਾਤਲਾਂ ਨੂੰ ਲੈ ਕੇ ਆਪਣੇ ਸਾਥੀਆਂ ਨੂੰ ਛੁਡਾਨ ਲਈ ਬੰਦੂਕਾਂ ਲੈ ਕੇ ਨਾਂ ਆ ਜਾਵਨ ਅਤੇ ਦੇਵਾ ਦਾਸ ਨੂੰ ਛੁਡਾ ਕੇ ਨਾਂ ਲੈ ਜਾਣ। ਦੇਵਾ ਦਾਸ ਨੂੰ ੨੦ ਸਿੰਘਾਂ ਦੇ ਸਪੁਰਦ ਕੀਤਾ ਗਿਆ ਤੇ ਕਿਹਾ ਕਿ ਇਸ ਨੂੰ ਝਾਲ ਤੋਂ ੨ ਮੁਰੱਬੇ ਮੋਕਲਾ ਲੈ ਜਾਵੋ। ਉਚੀ ਨਹੀਂ ਬੋਲਣਾ, ਚੁਪ ਚਾਪ ਬੈਠਨਾਂ। ਸਿੰਘ ਦੇਵਾਦਾਸ ਨੂੰ ਦੂਰ ਲੈ ਗਏ ਤੇ ਇੱਕ ਵਣ ਹੇਠ ਲੈ ਜਾ ਬਿਠਾਇਆ। ਕੋਲ ਮਨ ਛਿਟੀਆਂ ਪਈਆਂ ਸਨ ਅਗ ਬਾਲ ਕੇ ਸੇਕਣ ਲਗੇ। ਦੇਵਾ ਦਾਸ ਨੇ ਸਮਝਿਆ ਕਿ ਸਿੰਘ



Digitized by Panjab Digital Library | www.panjabdigilib.org

ਮੈਨੂੰ ਸਾੜਨ ਲਗੇ ਹਨ। ਇਸ ਦਾ ਟਟੀ ਪਿਸ਼ਾਬ ਨਿਕਲ ਗਿਆ। ਇਸਨੇ ਹਥ ਬੰਨ੍ਹ ਕੇ ਕਿਹਾ ਕਿ ਮੈਨੂੰ ਮਾਰੋ ਨਾਂ ਮੈਨੂੰ ਜਥੇਦਾਰ ਪਾਸ ਲੈ ਚਲੋ ਮੈਂ ਜਥੇਦਾਰ ਸਾਹਿਬ ਨੂੰ ੮ ਲੱਖ ਰੁਪੈਆ ਦਸਦਾ ਹਾਂ। ਤਾਂ ਭਾਈ ਗੁਰਦਿਤ ਸਿੰਘ ਬੁਟਰਾਂ ਵਾਲਾ ਝੱਬਰ ਪਾਸ ਆਇਆ ਤੇ ਦਸਿਆ ਕਿ ਮਹੰਤ ਦੇਵਾ ਦਾਸ ੮ ਲਖ ਰੁਪੈਆ ਦਸਦਾ ਹੈ। ਝੱਬਰ ਨੇ ਉਤਰ ਦਿਤਾ ਕਿ ਜਾ ਕੇ ਦੇਵਾ ਦਾਸ ਨੂੰ ਤਸੱਲੀ ਦੇ ਦਿਉ ਕਿ ਤੈਨੂੰ ਕੋਈ ਕੁਝ ਨਹੀਂ ਆਖਦਾ। ਸਾਨੂੰ ਇਸ ਵੇਲੇ ਰੁਪੈ ਦੀ ਕੋਈ ਲੋੜ ਨਹੀ" ਮੋਟਰ ਵਿਚ ਪੰਜ ਸਿੰਘ ਬਠਾ ਦਿਤੇ ਜਿਨਾਂ ਨੇ ਪਹਿਲਾਂ ਤਾਂ ਮੋਟਰ ਲੈਕੇ ਪਿਛਾਂਹ ਪਟੜੀ ਤੇ ਬੰਗਲੇ ਫੀਰੋਜ਼ ਤਕ ਫੇਰਾ ਮਾਰਿਆ ਪਰ ਭਿਖੀ ਦਾ ਜਥਾ ਨਾ ਮਿਲਿਆ। ਫਿਰ ਇਹ ਸਿੰਘ ਭਾਈ ਅਨੋਖ ਸਿੰਘ, ਅਰਜਨ ਸਿੰਘ, ਸਰੈਣ ਸਿੰਘ ਸੁਦ ਗਰ ਸਿੰਘ ਜੜ੍ਹਾਂ ਵਾਲੇ ਜਿਥੇ ਬਹੁਤ ਸਿੰਘ ਇਕਠੇ ਹੋਏ ਹੋਏ ਸਨ ਨੂੰ ਖਬਰ ਕਰਨ ਗਏ ਕਿ ਉਹ ਭੀ ਚੰਦਰ ਕੋਟ ਪੁਜ ਜਾਣ, ਜੜ੍ਹਾਂ ਵਾਲੇ ਦੇ ਰਸਤੇ ਵਿਚ ਪ ਚਕ ਦੇ ਪੁਲ ਤੇ ਇਕ ਸਿੰਘ ਉਤਰ ਗਿਆ। ਮੋਟਰ ਜੜ੍ਹਾਂ ਵਾਲੇ ਪੁਜੀ। ਅਜੇ ਹਨੇਰਾ ਹੀ ਸੀ ਸਿੰਘ ਸ਼ਹਿਰ ਵਿਚ ਗਏ ਅਤੇ ਕਈ ਸਿੰਘਾਂ ਨੂੰ ਖਬਰ ਕੀਤੀ ਕਿ ਸਾਡਾ ਜਥਾ ਝਾਲ ਚੰਦਰ ਕੋਟ ਤੇ ਇਕਠਾ ਹੋਇਆ ਹੈ ਤੁਸੀਂ ਭੀ ਆਉ। ਮੁੜ ਕੇ ਮੋਟਰ ਕੋਲ ਆਏ ਤਾਂ ਅਗੋ ਪੋਲੀਸ ਕੋਲ ਖਲੋਤੀ ਸੀ। ਸਿੰਘਾਂ ਨੇ ਮੋਟਰ ਉਥੇ ਛਡੀ ਤੇ ਹਿੰਮਤ ਕਰਕੇ ਪੈਦਲ ਹੀ ਆਪਣੇ ਜਥੇ ਨੂੰ ਆਣ ਮਿਲੇ। ਨੀਲਿਆਂ ਵਾਲੇ ਵਲੋਂ ਸਿੰਘਾਂ ਦਾ ਜਥਾ ਜਦ ਨਨਕਾਣੇ ਸਾਹਿਬ ਵਾਲੇ ਰਾਜਵਾਹ ਦੇ ਹੈਡ ਤੋਂ ਲੰਘਿਆ ਤਾਂ ਇਨ੍ਹਾਂ ਦੇ ਅਗੇ ਅਗੇ ਇਕ ਆਦਮੀ ਟਟੂ ਤੇ ਜਿਸ ਨਾਲ ਇਸਤਰੀ ਬਿਠਾਈ ਹੋਈ ਸੀ ਪਟੜੀ ਛਡ ਕੇ ਲਾਂਭੇ ਹੋ ਗਿਆ। ਇਨ੍ਹਾਂ ਕਿਆਸ ਕੀਤਾ ਕਿ ਸਾਨੂੰ ਵੇਖ ਕੇ ਰਸਤਾ ਛਡ ਗਿਆ ਹੈ। ਇਹ ਕੋਈ ਜ਼ਰੂਰ ਮਹੰਤ ਦਾ ਆਦਮੀ ਹੋਵੇਗਾ। ਦੋ ਸਿੰਘ ਗਏ ਅਤੇ ਇਸ ਨੂੰ ਪਕੜ ਕੇ ਲੈ ਆਂਦਾ। ਚੰਦਰ



Digitized by Panjab Digital Library | www.panjabdigilib.org

ਕੋਟ ਝਾਲ ਤੇ ਲਿਆ ਕੇ ਝੱਬਰ ਕੋਲ ਲਿਆਂਦਾ ਗਿਆ। ਝੱਬਰ ਨੇ ਪੁਛਿਆ ਤੂੰ ਕਿਥੋਂ ਆਇਆ ਹੈਂ ਤੇ ਤੇਰਾ ਨਾਮ ਕੀ ਹੈ ? ਇਸ ਨੇ ਕਿਹਾ ਕਿ ਮੈਂ ਨਨਕਾਣੇ ਸਾਹਿਬ ਤੋਂ ਆਇਆ ਹਾਂ ਅਤੇ ਮੇਰਾ ਨਾਮ ਸੰਤ ਸਿੰਘ ਹੈ। ਮੈਂ ਕੋਟ ਵਾਰ ਆਪਣੇ ਸੌਹਰੇ ਜਾਣਾ ਹੈ। ਇਕ ਸਿੰਘ ਨੇ ਦਸਿਆ ਕਿ ਇਹ ਜਨਮ ਅਸਥਾਨ ਦਾ ਹਲਵਾਈ ਹੈ, ਇਸ ਦੀਆਂ ਮੁਸ਼ਕਾਂ ਬੰਨ੍ਹ ਕੇ ਦੇਵਾ ਦਾਸ ਦੇ ਨਾਲ ਹੀ ਬਠਾ ਦਿਤਾ ਗਿਆ। ਇਸ ਦੀ ਔਰਤ ਨੂੰ ਕੋਟ ਵਾਰ ਤੋਂ ਸਿੰਘ ਰੋਟੀਆਂ ਤੇ ਲਸੀ ਲੈ ਕੇ ਆਏ ਪਠਾਣ ਕੇ ਨਾਲ ਇਸ ਦੇ ਘਰ ਲੈ ਗਏ ਅਤੇ ਘਰ ਦਿਆਂ ਦੇ ਸਪੁਰਦ ਕੀਤੀ। ਸੰਤ ਸਿੰਘ ਪਾਸ ਇਕ ਨਿਕੀ ਜਹੀ ਟੀਨ ਦੀ ਸੰਦੂਕੜੀ ਸੀ। ਇਹ ਆਖਦਾ ਸੀ ਕਿ ਇਸ ਵਿਚ ਮੇਰੇ ਰੁਪੈ ਹਨ। ਇਹ ਸੰਦੂਕੜੀ ਬਾਬਾ ਕਿਹਰ ਸਿੰਘ ਜੀ ਪਟੀ ਦੇ ਸਪੁਰਦ ਕੀਤੀ ਗਈ ਜੋ ਇਸ ਸਮੇਂ ਅਥਵਾ ੨੧ ਤਾਰੀਖ ਦਿਨੇ ਇਕ ਵਜੇ ਇਥੇ ਪੁਜ ਗਏ ਸਨ। ਬਾਬਾ ਕੇਹਰ ਸਿੰਘ ਪਟੀ ਸ: ਤੇਜਾ ਸਿੰਘ ਜੀ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਜੀ ਤਿੰਨੇ ਸਜਨ ਸ੍ਰੀ ਅੰਮ੍ਰਿਤਸਰ ਤੋਂ ਗਡੀ ਚੜ੍ਹ ਕੇ ਸਾਂਗਲੇ ਉਤਰ ਕੇ ਸ਼ਾਹ ਕੋਟ ਤਕ ਟਾਂਗੇ ਉਤੇ ਅਤੇ ਅਗੋਂ ਪੈਦਲ ਹੀ ਚੰਦਰ ਕੋਟ ਝਾਲ ਤੇ ਪੁਜੇ ਸੀ।

## ਪਿੰਡ ਭਿਖੀ ਦਾ ਜਥਾ

ਜਦ ਬਾਬਾ ਸ਼ੇਰ ਸਿੰਘ ਜੀ ਸਚੇ ਸੌਦੇ ਤੋਂ ਭਿਖੀ ਝੱਬਰ ਦੀ ਚਿਠੀ ਲੈ ਕੇ ਪੁਜੇ ਤਾਂ ਸਿੰਘਾਂ ਨੇ ਤਿਆਰੀ ਕਰ ਦਿਤੀ। ਪ੍ਰੰਤੂ ਇਕ ਚਿਠੀ ਭਾਈ ਲਾਹੌਰਾ ਸਿੰਘ ਠੇਠਰ ਵਾਲੇ ਨੇ ਜੋ ਲਾਹੌਰ ਤੋਂ ੨੦-੨-੨੧ ਨੂੰ ਜਥਾ ਲੈ ਕੇ ਨਨਕਾਣੇ ਸਾਹਿਬ ਆਉਣ ਲਈ ਚਲੇ ਸੀ ਪਰ ਏਥੇ ਗਡੀ ਨਾ ਖਲੋਤੀ ਅਤੇ ਤੁਰੀ ਜਾਂਦੀ ਗਡੀ ਵਿਚੋਂ ਲਾਈਨ ਦੇ ਆਸੇ ਪਾਸੇ ਸਿੰਘਾਂ ਦੀਆਂ ਲਾਸ਼ਾਂ ਜਲਦੀਆਂ ਵੇਖ ਗਏ ਸਨ ਭਿਖੀ ਵਾਲਿਆਂ ਨੂੰ ਲਿਖੀ, ਕਿ ਕੋਈ ਸਿਖ ਨਨਕਾਣੇ ਸਾਹਿਬ ਨਾ ਆਵੇ ਸਭ ਨੂੰ ਰੋਕ ਦੇਵੋ ਇਹ ਚਿਠੀ ਪੜ੍ਹ ਕੇ ਸਭ ਰੁਕ ਗਏ। ਰਾਤ ਨੂੰ ਸ: ਕਾਹਨ ਸਿੰਘ ਲੰਗਾ ਸਿੰਘ



Digitized by Panjab Digital Library | www.panjabdigilib.org

ਲਾਭ ਸਿੰਘ ਘੋੜੀਆਂ ਤੇ ਸਵਾਰ ਹੋ ਕੇ ਝਾਲ ਚੰਦਰ ਕੋਟ ਤੋਂ ਸਵੇਰ ਨਾਲ ਪਿੰਡ ਭਿਖੀ ਪੁਜ ਕੇ ਸ਼ੇਖ ਤੋਂ ਢੋਲ ਵਜਵਾਇਆ ਅਤੇ ਸਿੰਘ ਕਠੇ ਹੋ ਕੇ ਜਥਾ ਬੰਨ੍ਹ ਸਚੇ ਸੌਦੇ ਵਾਲੇ ਜਥੇ ਨੂੰ ਖਿਪ ਵਾਲੇ ਆ ਮਿਲੇ।

੨੧—੨—੨੬ ਨੂੰ ਸ਼ੇਖੂ ਪੁਰੇ ਤੋਂ ਸ: ਬੂਟਾ ਸਿੰਘ ਜੀ, ਸ: ਪ੍ਰੀਤਮ ਸਿੰਘ ਆਦਿ ਸਾਰੇ ਸਿਖ ਵਕੀਲ ਨਾਲ ਕੁਝ ਸਿੰਘਣੀਆਂ ਭੀ ਟਾਂਗਿਆ ਤੇ ੧੨ ਬਜੇ ਨੂੰ ਝਾਲ ਚੰਦਰ ਕੋਟ ਪੁਜ ਗਏ ਸਨ। ਸਾਹੋ ਵਾਲੇ ਤੋਂ ਭਾਈ ਦਲੀਪ ਸਿੰਘ ਦੇ ਬਰਾਦਰੀ ਦੇ ਸਿੰਘ ਤੇ ਉਨ੍ਹਾਂ ਦੀ ਭੈਣ ਭਗਵਾਨ ਕੌਰ ਭੀ ਝਾਲ ਚੰਦਰ ਕੋਟ ਤੇ ਬਹਾਲੀ ਕੇ ਤੋਂ ਗਡੀ ਉਤਰ ਕੇ ਆਣ ਮਿਲੇ। ਕੋਟ ਵਾਰ ਤੇ ਮਾਨਾਂ ਵਾਲਾ ਦੇ ਸਿੰਘਾਂ ਨੇ ਜਥੇ ਦੀ ਸੇਵਾ ਪ੍ਰਸ਼ਾਦੇ ਤੇ ਭੁੰਨੇ ਹੋਏ ਛੋਲਿਆਂ ਦੇ ਦਾਣੇ ਲਿਆ ਕੇ ਕੀਤੀ। ੨ ਬਜ ਗਏ ਹੁਣ ਜਥੇ ਦੀ ਤਿਆਰੀ ਹੋਈ। ਦੇਵਾ ਦਾਸ ਹੋਰੀ ਪਕੜੇ ਹੋਏ ਸਾਧ ਮੁਸ਼ਕਾਂ ਬੰਨੀਆਂ ਲਾਗਰਾਂ ਵਾਲੇ ਜਥੇ ਦੇ ਸਪੁਰਦ ਕੀਤੇ ਗਏ ਤੇ ਜਥਾ ਅਗੇ ਟੁਰ ਪਿਆ ਝਾਲ ਚੰਦਰ ਕੋਟ ਤੋਂ ਸੁਭਾ ਇਕ ਸਵਾਰ ਨਨਕਾਣੇ ਦੇ ਹਾਲਾਤ ਦਾ ਪਤਾ ਕਰਨ ਲਈ ਘਲਿਆ ਸੀ ਜੋ ੧੦ ਬਜੇ ਨੂੰ ਮੁੜ ਕੇ ਆਇਆ ਤੇ ਦਸਿਆ ਕਿ ਮਹੰਤ ਨੂੰ ਰਾਤ ਗ੍ਰਿਫਤਾਰ ਕਰਕੇ ਸਮੇਤ ਪਠਾਨਾਂ ਤੇ ਕਈ ਹੋਰ ਆਦਮੀਆਂ ਦੇ ਪੁਲੀਸ ਲਾਹੌਰ ਲੈ ਗਈ ਹੈ। ਗੁਰਦੁਆਰੇ ਤੇ ਸਰਕਾਰੀ ਕਬਜਾ ਹੋ ਚੁਕਾ ਹੈ। ਜੰਦਰੇ ਵਜੇ ਹੋਏ ਹਨ ਅਤੇ ਇਕ ਅੰਗ੍ਰੇਜ਼ ਜਰਨੈਲ ਦੇ ਮਾਹਤਹਿਤ ੧੫੦ ਗੋਰਾ ਫੌਜੀ ਪਹਿਰਾ ਗੁਰਦੁਆਰੇ ਤੇ ਲਗਾ ਹੋਇਆ ਹੈ।

ਖਿਪ ਵਾਲਾ ਨਨਕਾਣੇ ਸਾਹਿਬ ਦੇ ਮੁਜਾਰਿਆਂ ਦੀ ਪੁਰਾਣੀ ਬਸਤੀ ਹੈ। ਏਥੇ ਪੁਜੇ ਤਾਂ ਖੂਹ ਵਗਦਾ ਸੀ ਲੋਕਾਂ ਨੂੰ ਪਿਆਸ ਲਗੀ ਹੋਈ ਸੀ, ਪਾਣੀ ਪੀਤਾ। ੪ ਵਜ ਚੁਕੇ ਸਨ। ਇਸ ਬਸਤੀ ਤੋਂ ਸਿਧੀ ਸੜਕ ਚੜ੍ਹਦੇ ਰੁਖ ਨੂੰ ਕਿਆਰਾ ਸਾਹਿਬ ਵੱਲ ਜਾਂਦੀ ਹੈ। ਏਥੇ ਸਾਰੀ ਸੰਗਤ ਜੋ ਚਾਰ ਪੰਜ ਹਜ਼ਾਰ ਦੇ ਕਰੀਬ ਸੀ, ਸਭ ਨੂੰ ਖੜੇ ਕਰਕੇ ਆਖਿਆ, ਤੁਸੀਂ ਸਾਰੇ ਇਸ ਸੜਕੇ ਪੈ ਕੇ ਗੁਰਦਵਾਰਾ ਕਿਆਰਾ



Digitized by Panjab Digital Library | www.panjabdigilib.org

ਸਾਹਿਬ ਨੂੰ ਜਾਵੇ। ਹੁਣ ਝੱਬਰ ਨੇ ਆਪਣੇ ਜਥੇ ਨੂੰ ਇਉਂ ਸੰਬੋਧਨ ਕੀਤਾ "ਖਾਲਸਾ ਜੀ, ਕਲ ੮ ਵਜੇ ਸ਼ਾਮ ਦੇ ਕਮਿਸ਼ਨਰ ਸਾਹਿਬ ਸਮੇਤ ੧੫੦ ਗੋਰਾ ਫੌਜ ਦੇ ਤੇ ਨਾਲ ੬ ਸਿਖ ਲੀਡਰ ਨਨਕਾਣਾ ਸਾਹਿਬ ਪੁਜੇ ਹੋਏ ਹਨ ਤੇ ਮਹੰਤ ਤੇ ਕਈ ਹੋਰ ਉਸਦੇ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਜਿਹਲ ਵਿਚ ਭੇਜ ਦਿਤਾ ਹੈ। ਗੁਰਦਵਾਰਾ ਕੁਰਕ ਕਰਕੇ ਦੁਆਲੇ ਗੋਰਾ ਫੌਜ ਦਾ ਪਹਿਰਾ ਲਾ ਦਿਤਾ ਗਿਆ ਹੈ। ਗੁਰਦਵਾਰੇ ਨੂੰ ਜੰਦਰੇ ਵਜੇ ਹੋਏ ਹਨ, ਤੇ ਸਾਡੇ ਸ਼ਹੀਦਾਂ ਦੀਆਂ ਲਾਸ਼ਾਂ ਪਤਾ ਨਹੀਂ ਕਿਸ ਹਾਲਤ ਵਿਚ ਅੰਦਰ ਹਨ। ਕਿਸੇ ਸਿਖ ਨੂੰ ਗੁਰਦਵਾਰੇ ਵੱਲ ਜਾਣ ਨਹੀਂ ਦਿੰਦੇ। ਸੜਕਾਂ ਤੇ ਸਭ ਰਸਤੇ ਬੰਦ ਹਨ। ਅਸੀਂ ਸਚੇ ਸੌਦੇ ਤੋਂ ਗੁਰਦਵਾਰੇ ਦਾ ਕਬਜ਼ਾ ਲੈਣ ਦਾ ਅਰਦਾਸਾ ਸੋਧ ਕੇ ਟੁਰੇ ਹਾਂ ਸਾਡਾ ਜਥਾ ਇਥੋਂ ਸਿਧਾ ਗੁਰਦਵਾਰਾ ਜਨਮ ਅਸਥਾਨ ਨੂੰ ਜਾਵੇਗਾ, ਰਸਤੇ ਵਿਚ ਫੌਜ ਨੇ ਸਾਨੂੰ ਰੋਕਣਾ ਹੈ ਤੇ ਅਸਾਂ ਗੁਰਦਵਾਰੇ ਜਾਣਾ ਹੈ ਪਤਾ ਨਹੀਂ ਓਥੇ ਪੁਜਿਆਂ ਕੀ ਨਤੀਜਾ ਨਿਕਲੇ।" ਇਕ ਲੀਕ ਕਢ ਕੇ ਝੱਬਰ ਨੇ ਉਚੀ ਕਿਹਾ, "ਜਿਨ੍ਹਾਂ ਨੇ ਫੌਜ ਦਾ ਮੁਕਾਬਲਾ ਕਰਨਾ ਤੇ ਮੌਤ ਮਨਜ਼ੂਰ ਹੈ ਉਹ ਇਹ ਲੀਕ ਟਪਨ ਤੇ ਇਹ ਟਾਂਗੇ ਤੇ ਆਏ ਵਕੀਲ ਤੇ ਬੀਬੀਆਂ ਤੇ ਹੋਰ ਸਜਨ ਜੋ ਜਥੇ ਵਿਚ ਨਹੀਂ ਆਏ ਉਹ ਸਿਧੇ ਕਿਆਰੇ ਸਾਹਿਬ ਦੀ ਸੜਕੇ ਪੈ ਜਾਣ।"

ਲੀਕ ਟੱਪਣ ਵਲੇ ਸਿੰਘਾਂ ਦੀ ਝੱਬਰ ਜੋ ਜਥੇਬੰਦੀ ਕਰ ਰਹੇ ਸੀ। ਤਾਂ ਇਕ ਆਦਮੀ ਮੋਟਰ ਤੇ ਡਿਪਟੀ ਕਮਿਸ਼ਨਰ ਦਾ ਹੁਕਮ ਜੋ ਝੱਬਰ ਦੇ ਨਾਮ ਸੀ ਲੈ ਕੇ ਆਇਆ। ਕੋਲ ਖਲੋਤੇ ਇਕ ਸਿੰਘ ਨੂੰ ਝੱਬਰ ਨੇ ਕਿਹਾ, ਖਾਲਸਾ ਜੀ ਸੁਨਾਉ ਇਹ ਕੀ ਲਿਖਿਆ ਹੈ। ਲਿਖਤ ਅੰਗਰੇਜ਼ੀ ਵਿਚ ਸੀ ਪੜ੍ਹਨ ਵਾਲੇ ਨੇ ਸੁਨਾਇਆ ਕਿ ਤੁਹਾਡੇ ਵੱਲ ਲਿਖਿਆ ਕਿ ਮੈਂ ਤੈਨੂੰ ਹੁਕਮ ਦਿੰਦਾ ਹਾਂ, ਕਿ ਜਥਾ ਲੈ ਕੇ



Digitized by Panjab Digital Library | www.panjabdigilib.org

ਅਗੇ ਮਤ ਆਵੇ। ਝੱਬਰ ਨੇ ਇਹ ਰੁਕਾ ਪਾੜ ਕੇ ਜ਼ਮੀਨ ਤੇ ਰਖ ਕੇ ਦਸ ਛਿਤਰ ਮਾਰੇ ਅਤੇ ਉਸ ਆਦਮੀ ਨੂੰ ਕਿਹਾ ਕਿ ਤੂੰ ਜਾ ਕੇ ਸਾਹਿਬ ਨੂੰ ਕਹਿ ਦੇਹ ਕਿ ਝੱਬਰ ਕਹਿੰਦਾ ਸੀ, ਮੈਂ ਜਥਾ ਲੈ ਕੇ ਆਉਂਦਾ ਪਿਆ ਹਾਂ ਤੂੰ ਜੋ ਤਿਆਰੀ ਕਰਨੀ ਹੈ ਕਰ ਲੈ। ਦੋ ਦੋ ਸੌਦਾ ਇਕ ਇਕ ਜਥਾ ਬਣਾਇਆ ਗਿਆ ੧੧ ਜਥੇ ਦੋ ਦੋ ਸੌ ਦੇ ਬਣੇ। ਇਨ੍ਹਾਂ ਜਥਿਆਂ ਵਿਚੋਂ ਇਕ ੨ ਜਥੇਦਾਰ ਚੁਣਿਆ। ੧੧ ਜਥੇਦਾਰ ਤੇ ਇਨ੍ਹਾਂ ੧੧ ਜਥੇਦਾਰ ਤੇ ੧੨ਵਾਂ ਜਥੇਦਾਰ ਝੱਬਰ ਚੁਣਿਆ ਗਿਆ। ਹਰ ਇਕ ਜਥੇਦਾਰ ਆਪਣੇ ੨ ਜਥੇ ਦੇ ਅਗੇ ਘੋੜੇ ਤੇ ਸਵਾਰ ਸੀ ਇਸ ਤਰਕੀਬ ਨਾਲ ਅਕਾਲੀ ਜਥਾ ਖਰਾ ਸੌਦਾ ਬਾਰ ਦੇ ਸ਼ੇਰਾਂ ਦਾ ਜਥਾ ਗੋਲੀਆਂ ਦਾ ਮੁਕਾਬਲਾ ਕਰਨ ਲਈ ਖਿਪ ਵਾਲੇ ਤੋਂ ਸਿਧਾ ਜਨਮ ਅਸਥਾਨ ਨੂੰ ਟੁਰਿਆ। ਹਰ ਇਕ ਜਥਾ ਆਪਣੇ ਜਥੇਦਾਰ ਦੇ ਪਿਛੇ ੨੫-੨੫ ਦੀ ਲਾਈਨ ਵਿਚ ਜਾ ਰਿਹਾ ਸੀ। ਸਭ ਤੋਂ ਅਗੇ ਝੱਬਰ ਘੋੜੇ ਤੇ ਸੀ। ਇਕ ਮੁਰੱਬਾ ਅਗੇ ਜਾ ਕੇ ਝੱਬਰ ਸੀਟੀ ਵਜਾਉਂਦਾ ਸੀ ਤੇ ਸਾਰਾ ਜਥਾ ਉਚੀ ਗੱਜ ਕੇ ਜੈਕਾਰਾ ਬੁਲਾਉਂਦਾ ਸੀ। ਜਦ ਜਥਾ ਖਿਪ ਵਾਲੇ ਤੋਂ ਜਨਮ ਅਸਥਾਨ ਦੇ ਅੱਧ ਵਿਚ ਪੁਜਾ ਤਾਂ ਸ: ਬਹਾਦਰ ਮਤਾਬ ਸਿੰਘ ਜੋ ਇਸ ਵੇਲੇ ਸਰਕਾਰੀ ਵਕੀਲ ਸਨ ਘੋੜੇ ਤੇ ਸਵਾਰ ਜਥੇ ਨੂੰ ਅਗੋਂ ਆ ਮਿਲੇ। ਵਿਰਾਗ ਵਿਚ ਗਲ ਨਾਂ ਕਰ ਸਕਣ ਅਤੇ ਰੋਈ ਜਾਣ। ਕਹਿਣ ਲਗੇ, ਝੱਬਰ ਜੀ ਜਥੇ ਨੂੰ ਰੋਕ ਦਿਉ। ਅਗੇ ਨਾਂ ਜਾਵੇ ਅਗੇ ਗੋਰਾ ਫੌਜ ਹੈ ਤੇ ਤੁਸਾਡੇ ਵਾਸਤੇ ਲਾਈਨ ਤੋਂ ਪਾਰ ਮਸ਼ੀਨ ਗਨਾਂ ਗਡੀਆਂ ਹੋਈਆਂ ਹਨ। ਅਗੇ ੨੦੦ ਸਿੰਘ ਕਤਲ ਹੋ ਗਿਆ ਹੈ ਹੁਣ ਤੁਸੀਂ ਭੀ ਮਾਰੇ ਜਾਵੋਗੇ। ਝੱਬਰ ਨੇ ਉਤਰ ਦਿਤਾ, ਕਿ ਸਰਦਾਰ ਬਹਾਦਰ ਉਸ ਦਿਨ ਤਾਂ ਤੂੰ ਭੀ ਆਖਿਆ ਸੀ ਕਿ ਨਨਕਾਣੇ ਸਾਹਿਬ ਤੇ ਕਬਜ਼ਾ ਜ਼ਰੂਰ ਕਰੋ। ਹੁਣ ਪਿਛਾਂਹ ਮੁੜਨ ਦਾ ਵੇਲਾ ਨਹੀਂ ਜੋ ਕੁਛ ਹੁੰਦਾ ਹੈ ਹੋਣ ਦਿਓ ਅਸੀਂ ਰੁਕ ਨਹੀਂ ਸਕਦੇ। ਸਾਨੂੰ ਕੁਝ ਨਾ ਆਖੋ ਚਲੇ ਜਾਵੋ ਅਸੀਂ ਤੇਰੀ ਨਹੀਂ ਸੁਣਦੇ। ਸਰਦਾਰ ਸਾਹਿਬ ਉਸੇ ਤਰ੍ਹਾਂ ਰੁਮਾਲ



Digitized by Panjab Digital Library | www.panjabdigilib.org

ਨਾਲ ਅੰਸੂ ਪੂੰਝਦਾ ਵਾਪਸ ਚਲਾ ਗਿਆ ਝੱਬਰ ਨੇ ਹੁਕਮ ਦਿਤਾ ਕਿ ਸਭ ਜਥੇ ਇਕ ਲਾਈਨ ਵਿਚ ਹੋ ਜਾਵੇ। ਇਥੇ ਖੜੇ ਹੋ ਕੇ ੧੦ ਮਿੰਟ ਝੱਬਰ ਨੇ ਫਿਰ ਇਕ ਲੈਕਚਰ ਦਿਤਾ। ਕਿਹਾ ਖਾਲਸਾ ਜੀ ਹੁਣ ਅਸੀਂ ਗੋਲੀ ਦੀ ਮਾਰ ਦੇ ਨੇੜੇ ਪੁਜ ਗਏ ਹਾਂ। ਜਿਸ ਵੇਲੇ ਗੋਲੀ ਸ਼ੁਰੂ ਹੋਵੇ। ਇਕ ਦਮ ਦੌੜ ਪਵੋ ਜਿਹੜਾ ਗੋਲੀ ਨਾਲ ਡਿਗ ਪਵੇ ਉਸ ਨੂੰ ਪਿਆ ਰਹਿਣ ਦਿਉ ਉਸ ਵਲ ਮਤ ਵੇਖੋ, ਤੁਸੀਂ ਅਗੇ ਦੌੜਦੇ ਚਲੋ ਜਿਹੜੇ ਮਰ ਜਾਣਗੇ ਉਹ ਸ਼ਹੀਦ ਹੋ ਜਾਣਗੇ। ਬਾਕੀ ਜਿਹੜੇ ਬਚੇ ਹੋਏ ਹੋਵੇ ਗੋਰਿਆਂ ਦੀ ਹਥੀਂ ਪੈ ਕੇ ਬੰਦੂਕਾਂ ਖੋਹ ਲਵੋ ਤੇ ਗੋਰਾ ਇਕ ਨਾ ਰਹਿਣ ਦਿਓ। ਇਸ ਤੋ ਅਗੇ ਫਿਰ ਗੁਰਦੁਵਾਰੇ ਪਜੋ। ਜੇ ਮੁਕਾਬਲਾ ਹੋਵੇ ਤਾਂ ਗੋਰਾ ਇਕ ਨਾ ਬਚੇ। ਪ ਮਿੰਟਾਂ ਵਿਚ ਜਥੇ ਆਪੋ ਆਪਣੀਆਂ ਕਤਾਰਾਂ ਵਿਚ ਹੋ ਗਏ। ਫਿਰ ਸੀਟੀ ਵੱਜੀ ਜੈਕਾਰਾ ਛਡਿਆ ਤੇ ਅਗੇ ਟੁਰ ਪਏ। ਭੁਠਿਆਂ ਦੇ ਪਾਸ ਰੇਲ ਦੇ ਫਾਟਕ ਤੋਂ ਪਿਛਾਂਹ ਹੀ ਜਥੇ ਨੂੰ ਅਗੋਂ ਸਿਖ ਲੀਡਰ ਤੇ ਚਾਰ ਅੰਗਰੇਜ਼ ਆ ਮਿਲੇ। ਲੀਡਰ ਸ: ਹਰਬੰਸ ਸਿੰਘ ਜੀ ਅਟਾਰੀ, ਪਰੋਫੈਸਰ ਜੋਧ ਸਿੰਘ ਜੀ ਤੇ ਸ: ਲਾਲ ਸਿੰਘ, ਸ: ਬਹਾਦਰ ਮਤਾਬ ਸਿੰਘ ਜੀ ਸਨ ਅਤੇ ਇਨ੍ਹਾਂ ਦੇ ਨਾਲ ਕਿੰਗ ਸਾਹਿਬ ਕਮਿਸ਼ਨਰ ਲਾਹੌਰ, ਐਮਰਸਨ ਸਾਹਿਬ ਡੀ. ਆਈ. ਜੀ. ਪੁਲੀਸ ਲਾਹੌਰ, ਡਿਪਟ ਕਮਿਸ਼ਨਰ ਕਰੀ ਸਾਹਿਬ ਸ਼ੇਖੂਪੁਰਾ ਤੇ ਚੌਥਾ ਫੌਜ ਦੇ ਕਮਾਂਡਰ ਜਰਨੈਲ ਸਨ। ਝੱਬਰ ਘੋੜੇ ਤੇ ਸਵਾਰ ਸੀ। ਪੇਟੀ ਵਾਲਾ ਗਾਤ੍ਰਾ ਕ੍ਰਿਪਾਨ ਤੇ ਵਡੇ ਦਸਤੇ ਵਾਲਾ ਸਫਾ ਜੰਗ ਹੱਥ ਵਿਚ ਸੀ। ਅਗੋਂ ਉਪਰੋਕਤ ਅਫਸਰ ਤੇ ਸਿਖ ਲੀਡਰ ਆ ਮਿਲੇ। ਸਭ ਨੇ ਫਤਿਹ ਬੁਲਾਈ ਤੇ ਖਲੋਣ ਵਾਸਤੇ ਇਸ਼ਾਰਾ ਕੀਤਾ ਪਰ ਝੱਬਰ ਨੇ ਘੋੜਾ ਨਾ ਖਲਾਰਿਆ ਤਾਂ ਫਿਰ ਅਗੇ ਹੋ ਕੇ ਸ: ਲਾਲ ਸਿੰਘ ਸੁਦਾਗਰ ਲਕੜੀ ਲਾਹੌਰ ਜੋ ਝੱਬਰ ਦਾ ਮਿਤਰ ਸੀ ਨੇ ਆਖਿਆ, "ਜਥੇਦਾਰ ਜੀ ਖਲੋ ਕੇ ਸਾਹਿਬ ਦੀ ਗੱਲ ਸੁਣੋ।" ਤਾਂ ਝੱਬਰ ਨੇ ਘੋੜਾ ਖਲਾਰ ਕੇ ਸੀਟੀ ਮਾਰੀ ਸਾਰਾ ਜਥਾ ਉਸੇ ਤਰ੍ਹਾਂ ਇਕ ਲਾਈਨ ਵਿਚ ਸਨਧ ਬਧ ਖੜਾ ਹੋ ਗਿਆ ਤੇ ਇਕ ਸਿੰਘ ਨੇ ਝੱਬਰ ਦਾ ਘੋੜਾ



Digitized by Panjab Digital Library | www.panjabdigilib.org

ਪਕੜ ਲਿਆ। ਝੱਬਰ ਘੋੜੇ ਤੋਂ ਉਤਰਿਆਂ ਸਾਹਮਣੇ ਖਲੋਤੇ ਅੰਗਰੇਜ਼ ਡਿਪਟੀ ਕਮਿਸ਼ਨਰ ਨੂੰ ਮੁਖਾਤਬ ਹੋ ਕੇ ਕਿਹਾ, "ਸਾਹਿਬ ਬਹਾਦਰ ਦਸੋ ਕੀ ਆਖਦੇ ਹੋ ?" ਕਰੀ ਸਾਹਿਬ ਨੇ ਕਿਹਾ ਕਿ ਜਥੇ ਕੋ ਰੋਕੋ। ਅਗੇ ਜਰਨੈਲ ਸਾਹਿਬ ਫੌਜ ਲੇ ਕਰ ਖੜਾ ਹੂਆ ਹੈ ਆਗੇ ਮਤ ਜਾਉ, ਗੋਲੀ ਚਲ ਜਾਵੇਗੀ।

ਝੱਬਰ ਨੇ ਕਿਹਾ ਸਾਹਿਬ ਬਹਾਦਰ ਫਿਰ ਤੁਸੀਂ ਚਲਾਉ ਗੋਲੀ ਤੁਸਾਡੇ ਪਾਸ ੧੫੦ ਗੋਰਾ ਹੈ ਮੇਰੇ ਪਾਸ ੨੨੦੦ ਜੁਆਨ ਹੈ, ਤੁਸੀਂ ਗੋਲੀ ਚਲਾਓ ਵੇਖੋ ਮੇਰੇ ਜੁਆਨ ਚਲਦੀ ਗੋਲੀ ਵਿਚ ਕਿਵੇਂ ਹਥ ਵਖਾਂਦੇ ਹਨ। ਦੂਜਾ ਸਾਹਿਬ ਡੀ. ਆਈ ਜੀ. ਬੋਲਿਆ, 'ਆਪ ਚਾਹਤੇ ਕਿਆ ਹੈ ?" ਝੱਬਰ ਨੇ ਕਿਹਾ ਸਾਹਿਬ ਬਹਾਦਰ ਅਸੀਂ ਆਪ ਪਾਸੋਂ ਤਾਂ ਕੁਝ ਨਹੀਂ ਲੈਣਾ ਚਾਹੁੰਦੇ ਤੁਸਾਂ ਸਾਡੇ ਗੁਰਦਵਾਰੇ ਤੇ ਕਬਜ਼ਾ ਕਿਉਂ ਕੀਤਾ ਹੈ। ਇਹ ਕੋਈ ਮਹਾਰਾਜਾ ਰਣਜੀਤ ਸਿੰਘ ਦਾ ਕਿਲ੍ਹਾ ਨਹੀਂ। ਇਹ ਸਾਡਾ ਯੂਰਸ਼ਲੇਮ ਹੈ ਗੁਰਦਵਾਰੇ ਤੇ ਕਬਜ਼ਾ ਕਰਨ ਦਾ ਆਪ ਦਾ ਕੋਈ ਹੱਕ ਨਹੀਂ, ਚਾਬੀਆਂ ਦੇ ਦੇਵੋ ਫੌਜ ਹਟਾ ਲਵੋ, ਨਹੀਂ ਤੇ ਗੋਲੀ ਚਲਾਉ ਅਸੀਂ ਤੁਹਾਡੀ ਗੋਲੀ ਦਾ ਭੀ ਜ਼ੋਰ ਵੇਖ ਲਵਾਂਗੇ। ਅਸਾਂ ਤਾਂ ਅਰਦਾਸਾ ਕੀਤਾ ਹੋਇਆ ਹੈ ਕਿ ਗੁਰਦਵਾਰੇ ਪੁਜ ਕੇ ਖਲੋਣਾ ਹੈ ਅਤੇ ਰਹਿਰਾਸ ਦਾ ਪਾਠ ਗੁਰਦਵਾਰੇ ਕਰਨਾ ਹੈ। ਕਰੀ ਸਾਹਿਬ ਕਹਿਣ ਲੱਗਾ ਆਪ ਗੁਰਦਵਾਰੇ ਦੀਆਂ ਚਾਬੀਆਂ ਚਾਹੁੰਦੇ ਹੋ ? ਬਹੁਤ ਅੱਛਾ, ਰਾਤ ਜਥੇ ਕੋ ਠਹਿਰਾਓ ਸੁਭਾ ਆਪ ਕੋ ਚਾਬੀ ਦੇ ਦੀ ਜਾਵੇਗੀ।

ਝੱਬਰ ਨੇ ਕਿਹਾ ਸਾਹਿਬ ਬਹਾਦਰ ਆਪ ਨੂੰ ਮੱਤ ਦੇਣ ਵਾਲਾ ਮੇਰੇ ਕੋਲ ਭੀ ਰਹਿ ਗਿਆ ਸੀ। ਇਸ ਵੇਲੇ ਤੇਰੇ ਪਾਸ ਸਿਰਫ ੧੫੦ ਗੋਰਾ ਫੌਜ ਹੈ ਤੇ ਮੇਰੇ ਪਾਸ ੨੨੦੦ ਜਵਾਨ ਤਿਆਰ ਬਰ ਤਿਆਰ ਹੈ ਤੇਰੀ ਇਹ ਮਰਜ਼ੀ ਹੈ ਕਿ ਰਾਤ ਅਸੀਂ ਏਥੇ ਸੁੱਤੇ ਰਹੀਏ, ਤੇ ਤੂੰ ਰਾਤ ਹੋਰ ਫੌਜ ਲਿਆ ਕੇ ਸਾਨੂੰ ਸੁਤਿਆਂ ਨੂੰ ਹੀ ਕਾਬੂ ਕਰ ਲਵੇਂ, ਸਾਡਾ ਮੁਕਾਬਲਾ ਤਾਂ ਮਹੰਤ ਨਾਲ ਸੀ। ਹੁਣ ਤੁਸਾਂ ਸਾਡੇ



Digitized by Panjab Digital Library | www.panjabdigilib.org

ਅਜ ਨਜਾਇਜ਼ ਲੱਤ ਆਣ ਅੜਾਈ ਹੈ, ਜਹ ਤੋਂ ਹਮਾਰਾ ਪ੍ਰੋਗਰਲੇਮ ਹੈ ਸਾਡ ਗੁਰਦੁਆਰ ਤੇ ਕਬਜ਼ਾ ਕਰਨ ਦਾ ਤੁਹਾਡਾ ਕੋਈ ਹਕ ਨਹੀਂ। ਚਾਬੀਆ ਦੇ ਦੇਹ ਜਾ ਚਲਾ ਗੋਲੀ। ਜਥੇ ਵੱਲ ਮੁਖ ਤਬ ਹੋ ਕੇ ਝੱਬਰ ਨੇ ਉਚੀ ਆਵਾਜ਼ ਨਾਲ ਕਿਹਾ, ਕਿਉਂ ਖਾਲਸਾ ਜੀ ਇਹ ਸਾਹਿਬ ਆਖਦੇ ਹਨ ਕਿ ਤੁਸੀਂ ਚਾਰ ਪਹਿਰ ਰਾਤ ਏਥੇ ਸਵੋਂ ਤੇ ਫਿਰ ਅਸੀਂ ਤੁਹਾਨੂੰ ਭਲਕੇ ਚਾਬੀਆ ਦੇਵਾਂਗਾ।


ਇਹ ਸੁਣ ਕੇ ਸਿੰਘਾਂ ਦੀ ਕਤਾਰ ਜੋ ਹਥਿਆਰ ਬੰਦ ਸੀ, ਵਿਚੋਂ ਇਕ ਗਿਆਨ ਸਿੰਘ ਨਾਮੇ ਪਿੰਡ ਲਾਗਰ ਦੇ ਲੜਕੇ ਨੇ ਜੋ ਛਵੀ ਲੈ ਕੇ ਖਲੋਤਾ ਸੀ। ਨੇ ਕਿਹਾ ਚਾਰ ਪਹਿਰ ਰਤ ਕਿਥੇ ਅਸੀਂ ਤਾਂ ਚਾਰ ਮਿੰਟ ਨਹੀਂ ਰੁਕਣਾ। ਇਹ ਆਖ ਕੇ ਜ਼ਮੀਨ ਤੇ ਜ਼ੋਰ ਨਾਲ ਛਵੀ ਮਾਰੀ। ਫਿਰ ਸਾਰੇ ਜਥੇ ਨੇ ਹੀ ਜੋ ਕਿਸੇ ਕੋਲ ਹਥਿਆਰ ਸੀ, ਜ਼ਮੀਨ ਤੇ ਮਾਰਿਆ ਤੇ ਧੂੜ ਉੜ ਈ ਤੇ ਜੈਕਾਰੇ ਛਡੇ। ਏਧਰੋਂ ਝੱਬਰ ਨੇ ਗਜ ਕੇ ਰੋਹ ਨਾਲ ਆਖਿਆ, 'ਸਾਹਿਬ ਬਹਾਦਰ ਹਟ ਪਿਛੇ ਅਗਰ ਤੁਸਾਂ ਨੂੰ ਕੋਈ ਕਤਲ ਕਰ ਦੇਵੇਗਾ ਤਾਂ ਮੈਂ ਕੋਈ ਜ਼ਿਮੇਵਾਰ ਨਹੀਂ ਹੋਵਾਂਗਾ। ਹਟ ਜਾ ਪਿਛੇ ਦੂਰ ਹੋ ਜਾ। ਇਸ ਵੇਲੇ ਸਾਹਿਬ ਬਹਾਦਰ ਦੇ ਚਿਹਰੇ ਦਾ ਰੰਗ ਫਿਕਾ ਪੈ ਗਿਆ। ਪਿਛੇ ਹਟਦਾ ਹਟਦਾ ਆਖਣ ਲਗਾ ਅਛਾ ਸ: ਸਾਹਿਬ ਦੋ ਮਿੰਟ ਠੈਹਰੋ। ਝੱਬਰ ਨੇ ਕਿਹਾ ਹਾਂ, ਦੋ ਮਿੰਟ ਅਸੀਂ ਠਹਿਰਦੇ ਹਾਂ। ਜਥੇ ਨੂੰ ਚੁਪ ਕਰਨ ਲਈ ਇਸ਼ਾਰਾ ਕੀਤਾ। ਚੁਪ ਹੋ ਗਈ ਕੋਲ ਹੀ ਇਕ ਝਾੜੀ ਨਾਲ ਕਿੰਗ ਸਾਹਿਬ ਕਮਿਸ਼ਨਰ ਲਾਹੌਰ ਤੇ ਸ: ਬ: ਮਤਾਬ ਸਿੰਘ ਖਲੋਤਾ ਸੀ, ਚਾਰਾਂ ਅੰਗਰੇਜ਼ ਅਫਸਰਾਂ ਇਕਠੇ ਹੋ ਕੇ ਆਪਸ ਵਿਚ ਕੁਝ ਗਲ ਬਾਤ ਕੀਤੀ।

ਉਪ੍ਰੰਤ ਸਰਦਾਰ ਮਹਤਾਬ ਸਿੰਘ ਨੇ ਆਵਾਜ਼ ਮਾਰੀ, 'ਝੱਬਰ ਜੀ ਆਉਂ ਤੁਹਾਨੂੰ ਕਮਿਸ਼ਨਰ ਸਾਹਿਬ ਬੁਲਾਂਦੇ ਹਨ।" ਝੱਬਰ ਨੇ ਕਿਹਾ ਮੈਂ ਨਹੀਂ ਆਉਂਦਾ। ਦੂਜੇ ਵਾਰ ਫਿਰ ਸਰਦਾਰ ਬਹਾਦਰ ਨੇ ਕਿਹਾ ਜਥੇਦਾਰ ਜੀ ਆਉ ਸਾਹਿਬ ਬਹਾਬਰ ਬੁਲਾਂਦੇ ਹਨ, ਕਹਿੰਦੇ ਹਨ



Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਸ: ਹਰਬੰਸ ਸਿੰਘ ਅਟਾਰੀ

Digitized by Panjab Digital Library | www.panjabdigilib.org

ਚਾਬੀਆਂ ਲੈ ਲ । ਝੱਬਰ ਨੇ ਆਖਿਆ ਕਮਿਸ਼ਨਰ ਆਪ ਅਗੇ ਆ ਜਵੇ ਕਮਿਸ਼ਨਰ ਆਪ ਅਗੇ ਵਧਿਆ ਤੇ ਚਾਬੀਆਂ ਝੱਬਰ ਨੂੰ ਦਿੰਦੇ ਹੋਏ ਕਿਹਾ ਕਿ ਸਰਦਾਰ ਸਾਹਿਬ ਅਬ ਜਥੇ ਕੋ ਯਹਾਂ ਠਹਿਰਾਵੇ, ਹਮ ਫੌਜ ਕੋ ਹਟਾ ਲਵੇਂ ਫਿਰ ਤੁਮਾਰਾ ਜਥਾ ਅਗੇ ਆਵੇ। ਉਤਰ ਵਿਚ ਝੱਬਰ ਨੇ ਕਿਹਾ ਸਾਹਿਬ ਬਹਾਦਰ ਬਹੁਤ ਅਛਾ। ਝੱਬਰ ਨੇ ਵਾਪਸ ਘੋੜੇ ਤੇ ਚੜ੍ਹ ਕੇ ਪਿਛੇ ਹਟ ਕੇ ਇਕ ਉਚੇ ਥਾਂ ਘੋੜਾ ਖਲਾਰ ਕੇ ਸੋਟੀ ਮਾਰੀ ਤੇ ਸਾਰਾ ਜਥਾ ਝੱਬਰ ਦੇ ਨੇੜੇ ਆ ਕੇ ਖੜਾ ਹੋ ਗਿਆ। ਉਸ ਵਕਤ ਝੱਬਰ ਨੇ ਘੋੜੇ ਤੇ ਬੈਠਿਆਂ ਉਚਾ ਹਥ ਕਰ ਕੇ ਜਥੇ ਨੂੰ ਕੁੰਜੀਆ ਵਖਾ ਕੇ ਆਖਿਆ ਕਿ ਖਾਲਸਾ ਜੀ ਅਸੀਂ ਜੋ ਅਰਦਾਸਾ ਸਚੇ ਸੌਦੇ ਤੋਂ ਸੋਧ ਕੇ ਟੁਰੇ ਸਾਂ ਉਹ ਗੁਰੂ ਮਹਾਰਾਜ ਨੇ ਪੂਰਾ ਕਰ ਦਿਤਾ ਹੈ। ਇਹ ਗੁਰਦਵਾਰੇ ਦੀਆਂ ਚਾਬੀਆਂ ਹਨ, ਹੁਣ ਤੁਸੀਂ ਏਥੇ ਠਹਿਰੋ ਮੈਂ ਜਾਂਦਾ ਹਾਂ ਫੌਜ ਹਟਵਾ ਕੇ ਮੈਂ ਫਿਰ ਤੁਹਾਨੂੰ ਆ ਕੇ ਲੈ ਚਲਾਂਗਾ। ਜਥੇ ਨੇ ਖੁਸ਼ੀ ਦੇ ਜੈਕਾਰੇ ਛਡੇ ਤੇ ਏਥੇ ਠਹਿਰ ਗਿਆ। ਫਾਟਕ ਦੇ ਕੋਲ ਫਸਟ ਕਲਾਸ ਰੇਲਵੇ ਦੇ ਡਬੇ ਖਲੋਤੇ ਸੀ, ਅਫਸਰ ਭੀ ਏਥੇ ਸਨ। ਝੱਬਰ ਆਇਆ ਤਾਂ ਕਮਿਸ਼ਨਰ ਸਾਹਿਬ ਨੇ ਕਿਹਾ ਕਿ ਤੁਸੀਂ ਨਨਕਾਣਾ ਸਾਹਿਬ ਗੁਰਦਵਾਰੇ ਦੀ ਕਮੇਟੀ ਬਣਾ ਲਵੋ, ਤੇ ਅਸੀਂ ਤੁਹਾਨੂੰ ਕਬਜ਼ਾ ਲਿਖ ਦੇਂਦੇ ਹਾਂ। ਸਰਦਾਰ ਹਰਬੰਸ ਸਿੰਘ ਜੀ ਨੇ ਕਿਹਾ ਕਿ ਨਵੀਂ ਕਮੇਟੀ ਬਨਾਣ ਦੀ ਕੀ ਲੋੜ ਹੈ, ਗੁਰਦਵਾਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਹੀ ਕਬਜ਼ਾ ਲਿਖ ਦੇਵੋ। ਇਸ ਗੱਲ ਤੇ ਕਿੰਗ ਸਾਹਿਬ ਤੇ ਸ: ਹਰਬੰਸ ਸਿੰਘ ਦੀ ਆਪਸ ਵਿਚ ਝੜਪ ਹੋ ਗਈ। ਇਸ ਵੇਲੇ ਸ: ਅਮਰ ਸਿਘ ਐਡੀਟਰ ਲਾਇਲ ਗਜ਼ਟ ਸ: ਸੁੰਦਰ ਸਿੰਘ ਰਾਮ ਗੜੀਆ ਭੀ ਆਏ ਹੋਏ ਸੀ। ਕੁਝ ਗਲ ਬਾਤ ਹੋ ਕੇ ਸ੍ਰੀ ਨਨਕਾਣੇ ਸਾਹਿਬ ਗੁਰਦਵਾਰੇ ਦੀ ੭ ਮੈਂਬਰਾਂ ਦੀ ਕਮੇਟੀ ਬਣਾਈ ਗਈ। ਸ: ਹਰਬੰਸ ਸਿੰਘ ਜੀ ਅਟਾਰੀ ਪ੍ਰਧਾਨ ਬਣੇ, ਪ੍ਰੋਫੈਸਰ ਜੋਧ ਸਿੰਘ ਸ: ਅਮਰ ਸਿੰਘ ਲਾਇਲ ਗਜ਼ਟ ਅਤੇ ਝੱਬਰ ਮੈਂਬਰ ਬਣੇ। ਕਮਿਸ਼ਨਰ ਸਾਹਿਬ ਨੇ ਕਮੇਟੀ ਨੂੰ ਕਬਜ਼ਾ ਲਿਖ ਦਿਤਾ।



Digitized by Panjab Digital Library | www.panjabdigilib.org

੧੪੫ ਦਫਾ ਜੋ ਗੁਰਦਵਾਰੇ ਤੇ ਲਗੀ ਹੋਈ ਸੀ, ਹਟਾ ਲਈ ਗਈ, ਗੋਰਾ ਫੌਜ ਦੇ ਜਰਨੈਲ ਨੂੰ ਭੀ ਫੌਜ ਹਟਾ ਲੈਣ ਵਾਸਤੇ ਹੁਕਮ ਦੇ ਦਿੱਤਾ। ਜਰਨੈਲ ਸਾਹਿਬ ਹੁਣ ਫੌਜ ਨੂੰ ਹਟਾਨ ਲਈ ਗੁਰਦਵਾਰੇ ਨੂੰ ਟੁਰੇ। ਦਖਨ ਵਾਲੇ ਬੁਰਜ ਕੋਲ ਖਲੋਤੇ ਇਕ ਫੌਜੀ ਅਫਸਰ ਨੂੰ ਜਰਨੈਲ ਨੇ ਹੁਕਮ ਦਿੱਤਾ 'ਤੁਮ ਐਬਾਊਟ ਟਰਨ' ਹੋ ਜਾਉ। ਉਸ ਨੇ ਉਸੇ ਵੇਲੇ ਉਚੀ ਨਾਲ ਗੋਰੇ ਸਿਪਾਹੀਆਂ ਨੂੰ ਐਬਾਊਟ ਟਰਨ ਹੋ ਜਾਣ ਲਈ ਹੁਕਮ ਕੀਤਾ। ਸੁਨਦੇ ਸਾਰ ਹੀ ਗੋਰਾ ਫੌਜ ਰੇਲ ਦੀ ਲਾਈਨ ਪਾਸ ਆਪਣੇ ਤੰਬੂਆਂ ਵਿਚ ਚਲੀ ਗਈ।

ਮੰਡੀ ਵਲੋਂ ਇਸ ਵੇਲੇ ਹੋਰ ਭੀ ਸਿੰਘ ਆ ਗਏ ਸੀ। ਝੱਬਰ ਨੇ ਦਖਨ ਵਾਲਾ ਦਰਵਾਜ਼ਾ ਜਿਸ ਨੂੰ ਜੰਦਰਾ ਸੀ ਲਾਹਿਆ ਅਤੇ ਅੰਦਰ ਵੜ ਕੇ ਵੇਖਿਆ ਤਾ ਗੁਰਦਵਾਰੇ ਦਾ ਪ੍ਰਕਰਮਾਂ ਵਾਲਾ ਥੜਾ ਤੇ ਬਾਰਾਂਦਰੀ ਸਭ ਲਹੂ ਲੁਹਾਨ ਹੋਇਆ ਪਿਆ ਸੀ। ਉਤਰ ਪਾਸੇ ਤੇ ਲਾਸ਼ਾਂ ਸਿੰਘਾਂ ਦੀਆ ਤੇ ਦਖਨ ਪਾਸੇ ਇਕ ਸਾਧੂ ਦੀ ਲਾਸ਼ ਪਈ ਸੀ। ਸਾਰੇ ਸਿੰਘਾਂ ਦੇ ਨੇਤ੍ਰਾਂ ਚੋਂ ਛਮਾ ਛਮ ਆਂਸੂ ਗਿਰ ਰਹੇ ਸੀ। ਛੇਤੀ ਹੀ ਇਹ ਬਾਹਰ ਨਿਕਲ ਆਏ। ਦਰਵਾਜ਼ਾ ਬੰਦ ਕੀਤਾ। ਗੁਜਰਾਂਵਾਲੇ ਦੇ ਕੁਝ ਸਿੰਘ ਲਾਹੌਰ ਤੇ ਪੁਜੇ ਹੋਏ ਸੀ। ਡਾਕਟਰ ਮਹਾਂ ਸਿੰਘ ਭਾਈ ਈਸ਼ਰ ਸਿੰਘ ਬਜ਼ਾਜ਼ ਆਦਿ ਨੂੰ ਜਥੇ ਦੇ ਆਉਣ ਤਕ ਪਹਿਰੇ ਤੇ ਖੜਾ ਕੀਤਾ ਤੇ ਝੱਬਰ ਫਿਰ ਵਾਪਸ ਆਪਣੇ ਜਥੇ ਪਾਸ ਆਇਆ। ਜਿਸ ਵੇਲੇ ਜਥਾ ਨੇੜੇ ਆਇਆ ਤਾਂ ਲੋਕੀਂ ਕੋਠਿਆਂ ਤੇ ਚੜ੍ਹ ਕੇ ਵੇਖ ਰਹੇ ਸੀ ਕਿ ਹੁਣ ਫੌਜ ਗੋਲੀ ਚਲਾਏਗੀ ਵੇਖੀਏ ਜਥੇ ਨਾਲ ਕੀ ਵਰਤਦੀ ਹੈ। ਜਿਨ੍ਹਾਂ ਨੂੰ ਪਤਾ ਲਗਾ ਕਿ ਜਥੇ ਨੇ ਗੁਰਦਵਾਰੇ ਦੀਆਂ ਚਾਬੀਆਂ ਲੈ ਲਈਆਂ ਹਨ ਤਾਂ ਜਿਹੜੇ ਦਰਦੀ ਸਨ ਭਾਈ ਉਤਮ ਸਿੰਘ ਵਰਗ ਉਹ ਜਥੇ ਲਈ ਮੰਡੀ ਤੋਂ ਦੁਧ, ਖੰਡ, ਮਿਸ਼ਰੀ ਆਦਿ ਲੈ ਕੇ ਆਉਣ ਲਗੇ ਅਤੇ ਪਿਆਸੇ ਸਿੰਘਾਂ ਨੂੰ ਪ੍ਰੇਮ ਸਹਿਤ ਜਲ ਪਾਣੀ ਛਕਾਇਆ। ਇਸ ਤੋਂ ਇਲਾਵਾ ਸਿਖ ਲੀਡਰ ਭੀ ਜਥੇ ਪਾਸ ਆਏ ਅਤੇ ਖੁਸ਼ ਹੋ ਕੇ ਜਫੀਆਂ



njab Digital Library | www.

ਪ ਪਾ ਕੇ ਝੱਬਰ ਨੂੰ ਮਿਲੇ। ਬਾਬਾ ਕੇਹਰ ਸਿੰਘ ਪਟੀ ਵਾਲੇ ਨੇ ਝੱਬਰ ਨੂੰ ਜਫੀ ਪਾ ਕੇ ਆਖਿਆ, "ਸ਼ਾਬਾਸ਼ ਬਹਾਦਰੋ ਅੱਜ ਤੁਸਾਂ ਪੰਥ ਦੀ ਰੱਖ ਵਖ਼ਾਈ ਹੈ। ਮੈਂ ਸੁਣਦਾ ਹੁੰਦਾ ਸੀ ਕਿ ਵਿਰਕ ਬੜੇ ਬਹਾਦਰ ਹਨ। ਅੱਜ ਸੱਚ ਮੁਚ ਤੁਸਾਂ ਬਹਾਦਰ ਬਣ ਵਿਖਾਇਆ ਹੈ। ਮੈਂ ਤੁਹਾਨੂੰ ਇਸ ਬਹਾਦਰੀ ਦਾ ਸਿਰੋ ਪਾਉ ਮਾਝੇ ਦਾ ਡੋਲਾ ਦਿੰਦਾ ਹਾਂ।" ਬਾਬਾ ਜੀ ਨੇ ਅਗਲੇ ਭਲਕ ਹੀ ਜਨਮ ਅਸਥਾਨ ਦੇ ਦਖਨ ਵਾਲੇ ਬੁਰਜ ਕੋਲ ਭਿਖੀ ਦੇ ਜਥੇ ਦੇ ਗਭਰੂਆਂ ਵਿਚੋਂ ਸਾਵਲ ਸਿੰਘ ਪੁਤਰ ਸ: ਪ੍ਰੇਮ ਸਿੰਘ ਜ਼ੈਲਦਾਰ ਭਿਖੀ ਨੂੰ ਸ: ਤੇਜਾ ਸਿੰਘ ਸਮੁੰਦਰੀ ਦੀ ਭਣੇਵੀਂ ਬੀਬੀ ਗੁਰਬਚਨ ਕੌਰ ਦਾ ਰਿਸ਼ਤਾ ਦਿਤਾ, ਜੋ ਅਸੂ ਵਿਚ ਸਾਵਲ ਸਿੰਘ ਦੀ ਜੰਞ ਚਕ ਨ: ੪੦ ਵਿਚ ਸ: ਤੇਜਾ ਸਿੰਘ ਸਮੁੰਦਰੀ ਦੇ ਘਰ ਢੁਕੀ ਤੇ ਵਿਵਾਹ ਹੋਇਆ।

ਜਿਹੜੀ ਸੰਦੂਕੜੀ ਸੰਤ ਸਿੰਘ ਵਾਲੀ ਝੱਬਰ ਨੇ ਬਾਬਾ ਜੀ ਨੂੰ ਚੰਦਰ ਕੋਟ ਝਾਲ ਤੇ ਦਿੱਤੀ ਸੀ, ਉਹ ਉਸੇ ਤਰ੍ਹਾਂ ਬਾਬਾ ਜੀ ਨੇ ਵਾਪਸ ਦੇ ਦਿੱਤੀ। ਝੱਬਰ ਨੇ ਇਕ ਬਹਾਦਰ ਸਿੰਘ ਅਕਾਲੀ ਨੂੰ ਜੋ ਤਰਨ ਤਾਰਨ ਹਰਿਮੰਦਰ ਸਾਹਿਬ ਦੇ ਅੰਦਰ ਜਿਥੇ ਭਾਈ ਹੁਕਮ ਸਿੰਘ ਤੇ ਹਜਾਰਾ ਸਿੰਘ ਸ਼ਹੀਦ ਹੋਏ ਸੀ ਜਥੇ ਨਾਲ ਸ਼ਾਮਲ ਸੀ ਅਤੇ ਇਥੇ ਇਸ ਨੇ ਚੰਗੇ ਹਥ ਵਖਾਏ ਸੀ, ਅਤੇ ਜੋ ਦੋ ਮਹੀਨੇ ਤੋਂ ਖਰੇ ਸੌਦੇ ਦੇ ਜਥੇ ਨਾਲ ਸ਼ਾਮਲ ਸੀ ਅਤੇ ਬਹੁਤਾ ਝੱਬਰ ਨਾਲ ਹੀ ਰਹਿੰਦਾ ਸੀ, ਉਸ ਨੂੰ ਇਤਬਾਰੀ ਜਾਨ ਕੇ, ਸੰਦੂਕੜੀ ਇਸ ਨੂੰ ਫੜਾ ਦਿਤੀ।

ਹੁਣ ਜਿਹੜੇ ਮੰਡੀ ਦੇ ਲੋਕ ਜਥੇ ਪਾਸ ਆਏ ਹੋਏ ਸੀ ਉਨ੍ਹਾਂ ਨੇ ਪ੍ਰੇਮ ਨਾਲ ਕਿਹਾ ਕਿ ਜਥਾ ਇਸ ਤਰ੍ਹਾਂ ਮੰਡੀ ਵਿਚੋਂ ਸਜਿਆ ਸਜਾਇਆ ਲੰਘੇ। ਝੱਬਰ ਨੇ ਬਾਕੀ ਜਥੇਦਾਰਾਂ ਨੂੰ ਹੁਕਮ ਦਿੱਤਾ ਕਿ ਖਾਲਸਾ ਜੀ ਆਪੋ ਆਪਣੇ ਜਥੇ ਲੈਣਾਂ ਵਿਚ ਕਰ ਲਵੋ, ਲਾਈਨਾਂ ਬਣਾ ਕੇ ਚਲੋ, ਕਿਉਂਕਿ ਬਾਜ਼ਾਰ ਸੌੜੇ ਹਨ। ਸਾਰੇ ਜਥੇਦਾਰ ਆਪਣੇ ਆਪਣੇ ਘੋੜਿਆਂ ਤੇ ਸਵਾਰ ਹੋ ਗਏ, ਝੱਬਰ ਦਾ ਘੋੜਾ ਸਭ ਤੋਂ



Digitized by Panjab Digital Library | www.panjabdigilib.org

ਅਰੇ ਸਨ । ਇਕ ਇਕ ਜਥੇਦਾਰ ਪਿਛੇ ਦੋ ਦੋ ਸੌ ਦਾ ਜਥਾ ਸੀ, ਮੋਢੇ ਤੇ ਛਵੀਆਂ ਕੁਹਾੜੀਆਂ ਆਦਿ ਸਨ । ਘਟ ਤੋਂ ਘਟ ਡਾਂਗ ਹਰ ਇਕ ਪਾਸ ਸੀ । ਇਹ ਮੰਡ ਦੇ ਵਿਚੋਂ ਦੀ ਲੰਘੇ, ਖਾਲਸੇ ਦੇ ਮਿਤਰਾਂ ਨੂੰ ਖੁਸ਼ੀਆਂ ਤੇ ਦੁਸ਼ਮਨ ਯਰਕ ਰਹੇ ਸੀ । ਜਥੇ ਨੇ ਜਨਮ ਅਸਥਾਨ ਦਰਸ਼ਨੀ ਦਰਵਾਜ਼ਾ ਜੋ ਉਸ ਵਕਤ ਬੰਦ ਸੀ, ਦੇ ਸਾਹਮਣੇ ਖੜੇ ਹੋ ਕੇ ਮਥਾ ਟੇਕ ਕੇ ਸਰੋਵਰ ਵਾਲੀਆਂ ਬੋਹੜਾਂ ਹੇਠ ਡੇਰਾ ਲਾਇਆ ਅਤੇ ਜਥੇਦਾਰ ਨੇ ਉਸੇ ਵੇਲੇ ਇਕ ਸੌ ਜੁਆਨ ਦਾ ਪਹਿਰਾ ਗੁਰਦਵਾਰੇ ਦੇ ਦੁਆਲੇ ਸ਼ਹੀਦਾਂ ਦੀਆਂ ਲਾਸ਼ਾਂ ਦੀ ਰਾਖੀ ਲਈ ਲਾ ਦਿਤਾ । ਤਿੰਨ ਘੰਟੇ ਬਾਦ ਉਨ੍ਹਾਂ ਦੀ ਬਦਲੀ ਕੀਤੀ ਜਾਂਦੀ ਸੀ । ਏਥੇ ਕਿਆਰੇ ਸਾਹਿਬ ਦੇ ਮਹੰਤ ਸੰਤ ਸਿੰਘ ਤੇ ਬਾਲ ਲੀਲਾ ਦੇ ਮਹੰਤ ਤੀਰਥ ਸਿੰਘ ਨੇ ਜਥੇ ਲਈ ਦੁਧ ਤੇ ਰੋਟੀਆਂ ਲਿਆਂਦੀਆਂ ਪਰ ਰਾਤ ਨੂੰ ਜਥੇ ਦੇ ਪ੍ਰਸ਼ਾਦ ਦਾ ਕਾਫੀ ਪ੍ਰਬੰਧ ਨਾ ਹੋ ਸਕਿਆ ਕਿਉਂਕਿ ਬੇ ਵਕਤ ਹੋ ਗਿਆ ਸੀ । ਜੋ ਕੁਝ ਆਇਆ ਉਹ ਬੁਢਿਆਂ ਤੇ ਥਕੇ ਮਾਂਦੇ ਸਿੰਘਾਂ ਨੂੰ ਵਰਤਾ ਦਿਤਾ ਗਿਆ । ਜਥਾ ਭੁਖਾ ਹੀ ਰਿਹਾ, ਝੱਬਰ ਨੇ ਭੀ ਪ੍ਰਸ਼ਾਦਾ ਨਾ ਛਕਿਆ ।

ਡੇਢ ਕੁ ਪਹਿਰ ਰਾਤ ਲੰਘਣ ਤੋਂ ਪਿਛੋਂ ਜਨਮ ਅਸਥਾਨ ਦੀ ਬਸਤੀ ਵਿਚੋਂ ਸ਼ਕਾਇਤ ਆਈ ਕਿ ਲੋਕਾਂ ਦੇ ਘਰਾਂ ਵਿਚੋਂ ਨੁਕਸਾਨ ਹੋ ਰਿਹਾ ਹੈ । ਕੋਈ ਬੰਦੋਬਸਤ ਕੀਤਾ ਜਾਵੇ । ਝੱਬਰ ਨੇ ਉਤਰ ਦਿਤਾ ਕਿ ਮੈਂ ਆਪਣੇ ਸਿੰਘਾਂ ਨੂੰ ਪਿੰਡ ਦੇ ਵਿਚ ਨਹੀਂ ਵੜਨ ਦੇਣਾ ਅਤੇ ੫੦ ਕਰਮ ਤੇ ਪਿੰਡੋਂ ਬਾਹਰ ਪਿੰਡ ਦੇ ਚੁਫੇਰੇ ਚਾਰ ਸੌ ਜੁਆਨ ਦਾ ਪਹਿਰਾ ਲਾ ਦਿਤਾ । ਝੱਬਰ ਨੇ ਅਨੋਖ ਸਿੰਘ ਲਾਗਰਾਂ ਵਾਲੇ ਦੀ ਇਸ ਕੰਮ ਤੇ ਡਿਊਟੀ ਲਾਈ । ਪਹਿਰਾ ਲਗ ਜਾਣ ਪਰ ਅਮਨ ਹੋ ਗਿਆ । ਅਕਾਲੀ ਦਲ ਖਰਾ ਸੌਦਾ ਬਾਰ ਦੇ ਜਥੇ ਤੋਂ ਪਿਛੋਂ ਰਾਤ ਨੂੰ ਸਾਢੇ ਦਸ ਵਜੇ ਜੜਾਂ ਵਾਲੇ ਤੋਂ ਪੈਦਲ ਚਲ ਕੇ ਢਾਈ ਕੁ ਸੌ ਸਿੰਘਾਂ ਦਾ ਇਕ ਜਥਾ ਪੁਜਾ । ਇਸ ਵਿਚ ਉਹ ਸਾਰੇ ਸਿੰਘ ਸ਼ਾਮਲ ਸਨ ਜੋ ਦੁਪਹਿਰ ਦੀ ਲਾਹੌਰ ਤੋਂ ਆਈ ਗਡੀ ਦੇ ਨਨਕਾਣਾ ਸਾਹਿਬ ਨ



Digitized by Panjab Digital Library | www.panjabdigilib.org

ਠਹਿਰਨ ਕਰਕੇ ਜੜ੍ਹਾਂਵਾਲੇ ਜਾ ਉਤਰੇ ਸਨ*

ਇਸ ਜਥੇ ਤੋਂ ਬਾਅਦ ਰਾਤ ਦੇ ਦੋ ਬਜੇ ਸਰਗੋਧੇ ਤੋਂ ਸ: ਬਾਘ ਸਿੰਘ ਜੋ ਸ: ਮਤਾਬ ਸਿੰਘ ਜੀ ਦੇ ਚਾਚੇ ਦਾ ਪੁਤਰ ਭਰਾ ਸੀ ਜਥਾ ਲੈ ਕੇ ਪੁਜ ਗਿਆ। ਇਹ ਜਥਾ ਸ: ਉਤਮ ਸਿੰਘ ਦੀ ਤਾਰ ਮਿਲਨ ਤੇ ਸ਼ੇਰ ਕੋਟ ਵਲੋਂ ਗਡੀ ਚੜ੍ਹ ਕੇ ਆਇਆ ਸੀ। ਜੜ੍ਹਾਂ ਵਾਲੇ ਪੁਲੀਸ ਨੇ ਜਥੇ ਨੂੰ ਗਡੀ ਤੋਂ ਉਤਾਰ ਦਿਤਾ ਤਾਂ ਜਥਾ ਰੇਲ ਦੀ ਪਟੜੀ ਤੇ ਪੈਦਲ ਹੀ ਚਲ ਪਿਆ। ਜਥਾ ਬੁਚਿਆਣੇ ਸਟੇਸ਼ਨ ਤੇ ਪੁਜਾ ਤਾਂ ਏਥੇ ਡਿਊਟੀ ਵਾਲਾ ਬਾਬੂ ਸਿਖ ਸੀ, ਉਸ ਨੂੰ ਆਖ ਕੇ ਨਨਕਾਣੇ ਸਾਹਿਬ ਤੋਂ ਤਾਰ ਦੀ ਰਾਹੀਂ ਸਾਰਾ ਪਤਾ ਕਰ ਲੀਤਾ। ਇਨ੍ਹਾਂ ਨੂੰ ਪਤਾ ਲਗਾ ਕਿ ਝੱਬਦ ਦੇ ਜਥੇ ਨੇ ਪੁਜ ਕੇ ਗੁਰਦੁਵਾਰੇ ਦਾ ਕਬਜ਼ਾ ਲੈ ਲੀਤਾ ਹੈ। ਪਿਛੋਂ ਮਾਲ ਗਡੀ ਆਈ ਉਸ ਦਾ ਗਾਰਡ ਭੀ ਸਿਖ ਸੀ। ਸ: ਬਾਘ ਸਿੰਘ ਨੇ ਦੋਹਾਂ ਸਿਖ ਬਾਬੂਆਂ ਨੂੰ ਆਖ ਕੇ ਆਪਣਾ ਜਥਾ ਮਾਲ ਗਡੀ ਵਿਚ ਬਠਾ ਲਿਆ ਤੇ ਨਨਕਾਣੇ ਸਾਹਿਬ ਲਹਿੰਦੇ ਫਾਟਕ ਪਾਸ ਗਡੀ ਖਲਾਰ ਕੇ ਜਥੇ ਨੂੰ ਉਤਾਰ ਦਿਤਾ। ਇਹ ਜਥਾ ਇਸ ਤਰ੍ਹਾਂ ਪੁਜਾ।

ਅਗਲੇ ਭਲਕ ਸਵੇਰੇ ਹੀ ਰਾਵਲਪਿੰਡੀ ਤੋਂ ਸ: ਸੁੰਦਰ ਸਿੰਘ ਜੀ ਮਜੀਠਾ ਐਗਜ਼ੈਕਟਿਵ ਮੈਂਬਰ ਗਵਰਨਮੈਂਟ ਪੰਜਾਬ ਦੀ ਤਾਰ ਆਈ ਕਿ ਸ਼ਹੀਦਾਂ ਦਾ ਸਸਕਾਰ ਨਹੀਂ ਕਰਨਾ, ਮੈਂ ਲਾਟ ਸਾਹਿਬ ਨੂੰ ਨਾਲ ਲੈ ਕੇ ਨਨਕਾਣੇ ਸਾਹਿਬ ਆ ਰਿਹਾ ਹਾਂ। ਸ: ਹਰਬੰਸ ਸਿੰਘ ਜੀ ਪ੍ਰਧਾਨ ਕਮੇਟੀ ਨੇ ਝੱਬਰ ਨੂੰ ਬੁਲਾ ਕੇ ਸਾਰਾ ਹਾਲ ਸੁਣਾਇਆ। ਲਾਸ਼ਾਂ ਤੇ ਪਹਿਰਾ ਜਾਰੀ ਰਖਿਆ ਗਿਆ। ਦਿਨ ਚੜ੍ਹੇ ਗਡੀਆਂ ਭੀ ਖਲੋਤੀਆਂ ਅਤੇ ਦੂਰ ਦੂਰ ਖਬਰਾਂ ਹੋ ਗਈਆਂ ਕਿ ਝੱਬਰ ਦੇ ਜਥੇ ਨੇ ਗੁਰਦੁਵਾਰੇ ਦਾ ਕਬਜ਼ਾ ਲੈ ਲਿਆ ਹੈ। ਅਜ ਸਾਰਾ ਦਿਨ ਚਾਰ ਚੁਫੇਰਿਉਂ ਸਿੰਘਾਂ ਦੇ ਜਥੇ ਵਹੀਰਾਂ ਪਾ ਕੇ ਪੁਜੇ। ਕਮੇਟੀ ਵਲੋਂ ਪ੍ਰੋਫੈਸਰ ਜੋਧ ਸਿੰਘ ਜੀ

---

ਜੜ੍ਹਾਂਵਾਲੇ ਤੋਂ ਆਏ ਇਸ ਜਥੇ ਵਿਚ ਲੇਖਕ ਸ਼ਾਮਲ ਸੀ ਅਤੇ ਇਸ ਤੋਂ ਪਿਛੋਂ ਦੇ ਅਖੀਂ ਡਿਠੇ ਹਾਲਾਤ ਹਨ।*



Digitized by Panjab Digital Library | www.panjabdigilib.org

ਨੇ ਸੰਗਤਾਂ ਵਾਸਤੇ ਲੰਗਰ ਦਾ ਪ੍ਰਬੰਧ ਕੀਤਾ, ਸੈਂਕੜੇ ਬੋਰੀਆਂ ਆਟਾ ਦਾਲ ਲੰਗਰ ਵਿਚ ਗਡਿਆਂ ਤੇ ਝੱਬਰ ਦੇ ਜਥਿਆਂ ਨੇ ਲਿਆਂਦਾ ਜੋ ਕਈ ਦਿਨ ਤੇ ਕਈ ਰਾਤਾਂ ਪਕਦਾ ਰਿਹਾ ਤੇ ਸੰਗਤਾਂ ਛਕਦੀਆਂ ਰਹੀਆਂ। ਕਮੇਟੀ ਪਾਸ ਖਬਰ ਪੁਜੀ ਕਿ ਮਹੰਤ ਕ੍ਰਿਪਾ ਰਾਮ ਸਮੇਤ ਪ੍ਰਵਾਰ ਕਿਤੇ ਨੱਸ ਗਿਆ ਹੈ ਅਤੇ ਉਸਦਾ ਮਕਾਨ ਸੁੰਞਾ ਪਿਆ ਹੈ, ਕਮੇਟੀ ਰਾਖੀ ਦਾ ਬੰਦੋਬਸਤ ਕਰੇ। ਪ੍ਰੈਜ਼ੀਡੈਂਟ ਦਾ ਹੁਕਮ ਪ੍ਰੋ: ਜੋਧ ਸਿੰਘ ਦੀ ਰਾਹੀਂ ਝੱਬਰ ਪਾਸ ਪੁੱਜਾ। ਝੱਬਰ ਨੇ ਝਟ ੧੦੦ ਸਿੰਘ ਲਾਂਗਰਾਂ ਵਾਲੇ ਜਥੇ ਦੇ ਲੈ ਕੇ ਨਾਲ ਜਾ ਕੇ ਮਹੰਤ ਕ੍ਰਿਪਾ ਰਾਮ ਦੀ ਬੈਠਕ ਜੋ ਖੁਲੀ ਸੀ, ਉਸ ਵਿਚ ਜਥੇ ਦਾ ਡੇਰਾ ਲਵਾ ਦਿਤਾ। ਮਕਾਨ ਨੂੰ ਤਾਲੇ ਲਗੇ ਹੋਏ ਸੀ, ਤਾਕੀਦ ਕੀਤੀ ਕਿ ਤੁਸਾਂ ਮਕਾਨ ਦੇ ਨੇੜੇ ਕਿਸੇ ਗੈਰ ਆਦਮੀ ਨੂੰ ਦਿਨੇਂ ਜਾਂ ਰਾਤ ਨਹੀਂ ਆਉਣ ਦੇਣਾ। ਮਾਲ ਮਝੀਂ ਗਾਂਈਂ ਘੋੜਿਆਂ ਨੂੰ ਪਠੇ ਪਾਨ ਵਾਲਾ ਕੋਈ ਨਹੀਂ ਸੀ, ਮਾਲ ਨੂੰ ਭੀ ਜਥੇ ਦੇ ਸਪੁਰਦ ਕੀਤਾ ਗਿਆ। ਇਸ ਜਥੇ ਨੇ ਮਹੰਤ ਕ੍ਰਿਪਾ ਰਾਮ ਦੇ ਘਰ ਤੇ ਮਾਲ ਡੰਗਰ ਦੀ ਇਕ ਹਫਤੇ ਤਕ ਚੰਗੀ ਸਿਆਣਪ ਨਾਲ ਰਾਖੀ ਕੀਤੀ।

੨੩-੨-੨੧ ਨੂੰ ਸਪੈਸ਼ਲ ਗੱਡੀ ਗਵਰਨਰ ਪੰਜਾਬ ਦੀ ਆਈ ਨਾਲ ਹੀ ਇਸ ਦੀ ਸਾਰੀ ਕੌਂਸਲ ਭੀ ਆਈ। ਸ: ਸੁੰਦਰ ਸਿੰਘ ਜੋ ਵਜ਼ੀਰ ਮਾਲ, ਲਾਲਾ ਹਰ ਕਿਸ਼ਨ ਲਾਲ ਹਿੰਦੂ ਵਜ਼ੀਰ ਤੇ ਫਜ਼ਲ ਹੁਸੈਨ ਮੁਸਲਮਾਨ ਵਜ਼ੀਰ ਕਮਿਸ਼ਨਰ ਤੇ ਹੋਰ ਅੰਗ੍ਰੇਜ਼ ਭੀ ਨਾਲ ਸਨ। ਪ੍ਰਬੰਧਕਾਂ ਨੇ ਤਜਵੀਜ਼ ਕੀਤੀ, ਕਿ ਲਾਟ ਸਾਹਿਬ ਨੂੰ ਦਖਨ ਵਾਲਾ ਦਰਵਾਜ਼ਾ ਖੋਲ੍ਹ ਕੇ ਸਮੇਤ ਸਾਥੀਆਂ ਅੰਦਰ ਲੰਘਾ ਕੇ ਦਰਵਾਜ਼ੇ ਬੰਦ ਕਰ ਦਿਤੇ ਜਾਣ। ਐਸਾ ਹੀ ਕੀਤਾ ਗਿਆ ਤਾਂ ਕਿ ਰੌਲਾ ਨਾਂ ਪਵੇ, ਤਾਂ ਕਿ ਲਾਟ ਸਾਹਿਬ ਨੂੰ ਚੰਗੀ ਤਰ੍ਹਾਂ ਕਤਲ ਕਰਨ ਵਾਲੇ ਥਾਂ ਅਤੇ ਹਾਲਾਤ ਭੀ ਦਸੇ ਜਾਣ। ਪਰ ਲੋਕਾਂ ਦਾ ਜੋਸ਼ ਕਿਥੇ ਠਲਿਆ ਜਾਵੇ। ਲੋਕ ਗੁਰਦਵਾਰੇ ਦੇ ਮਕਾਨਾਂ ਦੀਆਂ ਛੱਤਾਂ ਤੇ ਕੰਧਾ ਟੱਪ ਕੇ



Digitized by Panjab Digital Library | www.panjabdigilib.org

ਚੜ੍ਹ ਗਏ ਅਤੇ ਭਾਂਤ ਭਾਂਤ ਲਗੀ ਬੋਲਨ। ਲਾਟ ਸਾਹਿਬ ਤੇ ਉਸਦੇ ਨਾਲ ਦੇ ਸਾਰੇ ਸਾਥੀ ਬੂਟਾਂ ਸਮੇਤ ਹੀ ਅੰਦਰ ਆਏ ਸੀ (ਮਹੰਤਾਂ ਦੇ ਵੇਲੇ ਗੁਰਦਵਾਰੇ ਦਾ ਜੋ ਅੰਦਰਲਾ ਥੜਾ ਸੀ ਦੋ ਫੁਟ ਉਚਾ ਸੀ ਤੇ ਇਸ ਦੇ ਉਪਰ ਜੋੜਾ ਨਹੀਂ ਸੀ ਜਾਂਦਾ। ਪਰ ਉਸਤੋਂ ਬਾਹਰ ਵਡੀਆਂ ਪ੍ਰਕਰਮਾਂ ਵਿਚ ਸੰਗਤ ਸਮੇਤ ਜੋੜੇ ਹੀ ਜਾਂਦੀ ਸੀ)

ਜਦੋਂ ਲਾਟ ਸਾਹਿਬ ਦਖਨ ਦੇ ਪਾਸੇ ਤੋਂ ਲਹਿੰਦੇ ਪਾਸੇ ਪੁਜੇ ਤਾਂ ਇਸ ਵੇਲੇ ਝੱਬਰ ਨੇ ਮਜੀਠੀਏ ਸਰਦਾਰ ਨੂੰ ਜੋ ਲਾਟ ਦੇ ਪਿਛੇ ਪਿਛੇ ਜਾ ਰਿਹਾ ਸੀ ਕਿਹਾ ਕਿ ਉਹ ਲਾਟ ਸਾਹਿਬ ਨੂੰ ਜੋੜਾ ਲਾਹ ਕੇ ਅੰਦਰ ਵੇਖਨ ਲਈ ਕਹੇ। ਬਾਹਰੋਂ ਫਿਰ ਕੇ ਵੇਖਿਆ ਤਾਂ ਕੀ ਵੇਖਿਆ। ਮਜੀਠੀਏ ਸਰਦਾਰ ਨੇ ਝੱਬਰ ਵੱਲ ਇਸ਼ਾਰਾ ਕੀਤਾ ਕਿ ਤੁਸੀਂ ਕਹੋ। ਉਸ ਵੇਲੇ ਲਾਟ ਸਾਹਿਬ ਉਤਰ ਪਾਸੇ ਪੁਜ ਗਿਆ ਸੀ ਤਾਂ ਝੱਬਰ ਨੇ ਲਾਟ ਸਾਹਿਬ ਦੀ ਬਾਂਹ ਫੜ ਕੇ ਕਿਹਾ, "ਸਾਹਿਬ ਬਹਾਦਰ ਬੂਟ ਲਾਹ ਕੇ ਅੰਦਰ ਆ ਕੇ ਵੇਖੋ।"

ਮੰਦਰ ਦੇ ਉਤਰ ਪਾਸੇ ਥੜੇ ਤੇ ਚੜਨ ਲਈ ਨਿਕੀਆਂ ੨ ਦੋ ਪੌੜੀਆਂ ਸਨ। ਲਾਟ ਸਾਹਿਬ ਏਥੇ ਖਲੋ ਗਿਆ ਅਤੇ ਬੂਟ ਉਤਾਰ ਕੇ ਥੜੇ ਤੇ ਚੜ੍ਹ ਕੇ ਬਾਰਾਂਦਰੀ ਵਲ ਹੋਇਆ। ਨਾਲ ਦੇ ਭੀ ਸਾਰਿਆਂ ਨੇ ਬੂਟ ਲਾਹੇ ਤੇ ਉਪਰ ਚੜ੍ਹ ਆਏ। ਜਦ ਲਾਟ ਸਾਹਿਬ ਨੇ ਬਾਰਾਂਦਰੀ ਤੇ ਅੰਦਰ ਲਹੂ ਲੁਹਾਨ ਟੋਏ ਵੇਖੇ ਤਾਂ ਅੱਖਾਂ ਵਿਚੋਂ ਛਮ ਛਮ ਅਥਰੂ ਕਿਰੇ ਅਤੇ ਪੂੰਝਦਿਆਂ ਆਪ ਦਾ ਰੁਮਾਲ ਭਿੱਜ ਗਿਆ। ਆਪ ਦੇ ਦਿਲ ਤੇ ਗਹਿਰਾ ਅਸਰ ਹੋਇਆ ਪਰ ਕੋਠੇ ਤੋਂ ਇਕ ਮਨਚਲੇ ਨੇ ਕਿਹਾ ਕਿ ਸਾਡੇ ਸਿੰਘ ਤਾਂ ਕਿੰਗ ਕਮਿਸ਼ਨਰ ਤੇ ਕਰੀ ਡਿਪਟੀ ਕਮਿਸ਼ਨਰ ਨੇ ਮਰਵਾਏ ਹਨ। ਫਿਰ ਕੀ ਸੀ, ਕਿੰਗ ਕਰੀ, ਕਿੰਗ ਕਰੀ ਆਖ ੨ ਕੇ ਬੜਾ ਰੌਲਾ ਪਿਆ। ਇਸ ਵਕਤ ਨਾਲ ਦੇ ਅੰਗਰੇਜ਼ ਤੇ ਦੇਸੀ ਅਫਸਰਾਂ ਨੇ ਇਸ ਰੌਲੇ ਨੂੰ ਬੁਰਾ ਮਨਾਇਆ। ਝੱਬਰ ਨੇ ਲੋਕਾਂ ਨੂੰ ਚੁਪ ਕਰਾਨ ਲਈ ਬੜਾ ਹੀ



Digitized by Panjab Digital Library | www.panjabdigilib.org

ਜ਼ੋਰ ਲਾਇਆ ਪਰ ਲੋਕਾਂ ਨੇ ਇਕ ਨਾ ਸੁਣੀ। ਲਾਟ ਸਾਹਿਬ ਸਟੇਸ਼ਨ ਨੂੰ ਜਿਥੇ ਗੱਡੀ ਖਲੋਤੀ ਸੀ ਵਾਪਸ ਮੁੜਿਆ ਤਾਂ ਸ: ਹਰਬੰਸ ਸਿੰਘ ਜੀ ਨੇ ਕਿਹਾ, "ਝੱਬਰ ਜੀ ਤੁਸੀਂ ਵੀ ਨਾਲ ਚਲੋ ਲਾਟ ਸਾਹਿਬ ਨੂੰ ਗੱਡੀ ਚੜ੍ਹਾ ਆਈਏ।" ਜਦ ਸਟੇਸ਼ਨ ਤੇ ਪੁਜੇ ਤੇ ਲਾਟ ਸਾਹਿਬ ਗਡੀ ਦੇ ਅੰਦਰ ਵੜਨ ਲੱਗਾ ਤਾਂ ਝੱਬਰ ਗੱਡੀ ਦੇ ਨਾਲ ਦਰਵਾਜ਼ੇ ਕੋਲ ਖਲੋ ਗਿਆ, ਅਤੇ ਕਿਹਾ, ਲਾਟ ਸਾਹਿਬ ਬਹਾਦਰ ਮੇਰੀ ਗਲ ਸੁਣੋ ਆਪ ਦੂਰ ਅੰਦੇਸ਼ ਤੇ ਨੇਕ ਦਿਲ ਹੋ ਆਪ ਜੀ ਨੇ ਨਨਕਾਣੇ ਸਾਹਿਬ ਆ ਕੇ ਸਾਡੇ ਸ਼ਹੀਦਾ ਨਾਲ ਜੋ ਹਮਦਰਦੀ ਕੀਤੀ ਹੈ ਉਸ ਨਾਲ ਆਪ ਨੇ ਸਿਖ ਕੌਮ ਨੂੰ ਖੁਸ਼ ਕੀਤਾ ਹੈ। ਅਸੀਂ ਆਪ ਜੀ ਦੇ ਬੜੇ ਮਸ਼ਕੂਰ ਹਾਂ।" ਇਸ ਵੇਲੇ ਝੱਬਰ ਦੀ ਕੰਡ ਪਿਛੇ ਮਨਾਰਡ ਸਾਹਿਬ ਅੰਗਰੇਜ਼ ਹੋਮ ਮੈਂਬਰ ਖਲੋਤਾ ਸੀ। ਉਹ ਇਨ੍ਹਾਂ ਦੇ ਮੋਢੇ ਤੇ ਹੱਥ ਨਾਲ ਥਾਪਨਾ ਦੇ ਕੇ ਆਖਦਾ ਸੀ, ਸ਼ਾਬਾਸ਼ ਸ਼ਾਬਾਸ। ਝੱਬਰ ਬੋਲੀ ਗਿਆ, "ਸਾਹਿਬ ਬਹਾਦਰ ਆਪ ਬੜੇ ਰੋਸ਼ਨ ਦਿਮਾਗ ਅਫਸਰ ਹੋ, ਲਾਟ ਪੰਜਾਬ ਓਡਵਾਇਰ ਨੇ ਜੋ ਜਲਿਆਂ ਵਾਲੇ ਬਾਗ ਵਿਚ ਅੱਗ ਬਾਲੀ ਸੀ ਆਪ ਉਸ ਨੂੰ ਆਪਣੀ ਲਿਆਕਤ ਨਾਲ ਬੁਝਾ ਰਹੇ ਹੋ।"

"ਹੁਣ ਸਾਨੂੰ ਕੋਈ ਆ ਕੇ ਆਖਦਾ ਹੈ ਕਿ ਹਰਦੁਆਰ ਤੋਂ ੪ ਹਜ਼ਾਰ ਉਦਾਸੀ ਸਾਧੂ ਆ ਰਹੇ ਹਨ। ਕੋਈ ਆਖਦਾ ਹੈ ਕਿ ਭਟੀ ਪਏ ਤਿਆਰ ਹੁੰਦੇ ਹਨ। ਨਨਕਾਣੇ ਸਾਹਿਬ ਦਾ ਕਬਜ਼ਾ ਲੈਣ ਲਈ ਸਾਡੇ ਦੋ ਸੌ ਜੁਆਨਾਂ ਨੇ ਜਾਨਾਂ ਦਿਤੀਆਂ ਹਨ। ਪਰ ਕਾਨੂੰਨ ਸ਼ਿਕਨੀ ਨਹੀਂ ਕੀਤੀ ਹਥ ਨਹੀਂ ਚੁਕਿਆ। ਹੁਣ ਜੇਕਰ ਸਾਡੇ ਪਾਸੋਂ ਕੋਈ ਧਕੇ ਨਾਲ ਕਬਜ਼ਾ ਲੈਣ ਲਈ ਆਇਆ ਤਾਂ ਅਸਾਂ ਹੁਨ ਚੁਪ ਨਹੀਂ ਕਰ ਰਹਿਣਾ ਅਸੀਂ ਅਗੋਂ ਸਿਖਾਂ ਵਾਲੇ ਹੱਥ ਵਖਾਵਾਂਗੇ।"

ਲਾਟ ਸਾਹਿਬ ਨੇ ਸੁਣ ਕੇ ਗੱਡੀ ਵਿੱਚ ਬੈਠ ਕੇ ਤੇ ਸ: ਮਜੀਠੀਏ ਨੂੰ ਅੰਦਰ ਬੁਲਾ ਕੇ ਕਿਹਾ ਕਿ ਝੱਬਰ ਜਥੇਦਾਰ ਕੋ ਕਹਿ ਦੋ ਕਿ ਅਮਨ ਰਖਣੇ ਕੇ ਜ਼ਿਮੇਵਾਰ ਹਮ ਹੈ, ਕੋਈ ਫਿਕਰ ਨਾ ਕਰੋ ਹਮ ਕਲ ਸਿਖ ਫੌਜ



Digitized by Panjab Digital Library | www.panjabdigilib.org

ਕੇ ਯਹਾਂ ਭੇਜ ਦੇਂਗੇ। ਬੋਰਨ ਸਾਹਿਬ ਸੀ. ਆਈ. ਡੀ. ਦਾ ਕਪਤਾਨ ਭੀ ਝੱਬਰ ਦੇ ਪਿਛੇ ਖਲੋਤਾ ਸੀ ਅਤੇ ਸੁਨ ਰਿਹਾ ਸੀ। ਇਸ ਨੇ ਅੰਗਰੇਜ਼ੀ ਵਿਚ ਕਿਹਾ ਕਿ ਦੇਖੋ ਇਹ ਆਦਮੀ ਗਵਰਨਰ ਸਾਹਿਬ ਨੂੰ ਧਮਕਾਂਦਾ ਹੈ। ਇਸ ਲਈ ਕਿ ਇਹ ਕਾਲੇ ਪਾਣੀ ਤੋਂ ਹੋ ਆਇਆ ਹੈ। ਇਹ ਇਥੇ ਰਹਿਣ ਦੇ ਕਾਬਲ ਨਹੀਂ ਇਹ ਕਾਲੇ ਪਾਣੀ ਹੀ ਜਾਨਾਂ ਚਾਹੀਏ।

੨੩-੨-੨੧ ਨੂੰ ਜੰਡ ਤੋਂ ਚੜ੍ਹਦੇ ਪਾਸੇ ਜਿਥੇ ਅਗੇ ਸਿੰਘ ਸਾੜੇ ਗਏ ਸੀ, ਉਥੇ ਹੀ ਲਕੜਾਂ ਜੋੜ ਕੇ ਘਿਓ ਦੇ ਪੀਪੇ ਪਾ ਪਾ ਕੇ ਸਿੰਘਾਂ ਦੀਆਂ, ਕਿਸੇ ਦੀਆਂ ਲੱਤਾ ਕਿਸੇ ਦੀਆਂ ਬਾਹਾਂ ਸਭ ਉਪਰ ਰਖ ਕੇ ਅਰਦਾਸਾ ਸ੍ਰੀ ਮਾਨ ਪਰੋਫੈਸਰ ਜੋਧ ਸਿੰਘ ਨੇ ਕੀਤਾ ਹਜ਼ਾਰਾਂ ਖਲੋਤੀਆਂ ਸਿਖ ਸੰਗਤਾਂ ਦੇ ਨੇਤ੍ਰਾਂ ਵਿਚੋਂ ਜਲ ਵਹਿ ਰਿਹਾ ਸੀ, ਤੇ ਲੰਬੂ ਲਾ ਕੇ ਸਸਕਾਰ ਕੀਤਾ ਗਿਆ। ਤੀਜੀ ਰਾਤ ਅੱਜ ਗੁਰਦਵਾਰੇ ਤੇ ਪਹਿਰਾ ਨਹੀਂ ਸੀ। ਪ੍ਰਸ਼ਾਦ ਛਕ ਕੇ ਪ੍ਰੇਮੀ ਬਾਉਲੀ ਵਿਚੋਂ ਪਾਣੀ ਕਢ ਕੇ ਗੁਰਦਵਾਰੇ ਦਾ ਫਰਸ਼ ਜੋ ਲਹੂ ਨਾਲ ਲਿਬੜਿਆ ਹੋਇਆ ਸੀ ਧੋਣ ਲਗੇ। ਸਾਰੀ ਰਾਤ ਹੀ ਧੋਂਦੇ ਰਹੇ। ਸਵੇਰ ਨੂੰ ਫਰਸ਼ ਸਾਫ ਹੋਇਆ। ਪ੍ਰੇਮ ਦੇ ਰਸੀਏ ਸ੍ਰੀ ਮਾਨ ਭਾਈ ਹੀਰਾ ਸਿੰਘ ਜੀ ਰਾਗੀ ਫਰੂਕੇ ਵਾਲਿਆਂ ਨੇ ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਕੀਤਾ।

ਉਪ੍ਰੰਤ ਕਮੇਟੀ ਨੇ ਸੰਗਤਾਂ ਵਲੋਂ ਆਈਆਂ ਤਾਰਾਂ ਘਲੀਆਂ, ਝੱਬਰ ਨੇ ਇਕ ਸਿੰਘ ਦੀ ਸੁਨਾਉਣ ਲਈ ਡਿਊਟੀ ਲਾਈ। ਇਨਾਂ ਵਿਚ ਇਕ ਤਾਰ ਮਹਾਰਾਜਾ ਪਟਿਆਲਾ ਭੁਪਿੰਦਰ ਸਿੰਘ ਜੀ ਦੀ ਸੀ। ਤਾਰ ਸੰਗਤਾਂ ਨੂੰ ਪੜ੍ਹ ਕੇ ਸੁਨਾਉਣ ਲਈ ਆਖਿਆ ਗਿਆ। ਸ: ਅਮਰ ਸਿੰਘ ਝਬਾਲੀਆ ਬੋਲਿਆ ਖਾਲਸਾ ਜੀ ਸਾਨੂੰ ਰਾਜਿਆਂ ਮਹਾਰਾਜਿਆਂ ਦੀ ਹਮਦਰਦੀ ਦੀ ਕੋਈ ਲੋੜ ਨਹੀਂ ਏਹੋ ਜਹੀਆਂ ਤਾਰਾਂ ਏਥੇ ਨਹੀਂ ਸੁਨਾਉਣੀਆਂ ਚਾਹੀਦੀਆਂ।



Digitized by Panjab Digital Library | www.panjabdigilib.org

ਪ੍ਰੰਤੂ ਝੱਬਰ ਨੇ ਕਿਹਾ ਕਿ ਇਹ ਕੀ ਅਸੂਲ ਹੈ ਇਕ ਸਿਖ ਰਾਜਾ ਹੋ ਕੇ ਮਨ ਨੂੰ ਨੀਵਾਂ ਕਰ ਕੇ ਹੋਏ ਸ਼ਹੀਦਾਂ ਨਾਲ ਤੇ ਪੰਥ ਨਾਲ ਹਮਦਰਦੀ ਕਰਦਾ ਹੈ ਤਾਂ ਇਹ ਭੀ ਕੋਈ ਗੁਨਾਹ ਹੈ? ਤਾਰ ਜ਼ਰੂਰ ਪੜ੍ਹੀ ਜਾਏ ਕਿਉਂ ਨਾ ਪੜ੍ਹੀ ਜਾਏ, ਅਖੀਰ ਤਾਰ ਪੜ੍ਹਕੇ ਸੁਣਾਈ ਗਈ। ਤਾਰ ਦਾ ਭਾਵ ਇਹ ਸੀ ਕਿ ਮਹਾਰਾਜਾ ਪਟਿਆਲਾ ਸ਼ਹੀਦਾਂ ਦੀ ਬਾਬਤ ਪੰਥ ਤੇ ਸ਼ਹੀਦਾਂ ਦੇ ਪ੍ਰਵਾਰਾਂ ਨਾਲ ਹਮਦਰਦੀ ਪ੍ਰਗਟ ਕਰਦੇ ਹਨ, ਕਹਿੰਦੇ ਹਨ ਕਿ ਸ਼ਹੀਦਾਂ ਦੇ ਪ੍ਰਵਾਰਾਂ ਦੀ ਕਮੇਟੀ ਫਹਿਰਸਤ ਲਿਖ ਘਲੇ ਮੈਂ ਸਭ ਦੀਆਂ ਪਿਨਸਨਾਂ ਲਗਾ ਦੇਵਾਂਗਾ।

## ਗੁਰਦੁਆਰਾ ਦੇ ਮਾਲ ਸਾਹਿਬ ਦਾ ਮਹੰਤ

ਜਿਸ ਵੇਲੇ ਫੌਜ ਨਨਕਾਣੇ ਸਾਹਿਬ ਪੁਜੀ ਤੇ ਗ੍ਰਿਫਤਾਰੀਆਂ ਹੋਣ ਲਗੀਆਂ ਤਾਂ ਮਹੰਤ ਕਿਰਪਾ ਰਾਮ ਰਾਤੋ ਰਾਤ ਆਪਣਾ ਬਾਲ ਬੱਚਾ ਤੇ ਮਾਲ ਅਸਬਾਬ ਲੈ ਕੇ ਵਾਰ ਬ੍ਰਟਨ ਨੱਸ ਗਿਆ ਸੀ। ਚਾਰ ਦਿਨਾਂ ਪਿਛੋਂ ਇਹ ਸ: ਉਤਮ ਸਿੰਘ ਦੇ ਘਰ ਜਿਥੇ ਸਿਖ ਲੀਡਰ ਰਹਿੰਦੇ ਸਨ ਪੁਜਾ ਤੇ ਇਸ ਨੇ ਆਪਨਾ ਆਪ ਪੰਥ ਦੇ ਪੇਸ਼ ਕਰ ਦਿਤਾ, ਅਤੇ ਕਿਹਾ ਕਿ ਮੈਂ ਤਾਂ ਇਕ ਮਹੀਨਾ ਪਹਿਲਾਂ ਸ: ਕਰਤਾਰ ਸਿੰਘ ਝੱਬਰ ਜਥੇਦਾਰ ਨੂੰ ਗੁ: ਸਚੇ ਸੌਦੇ ਲਿਖ ਕੇ ਭੇਜ ਦਿਤਾ ਸੀ ਕਿ ਜਿਸ ਦਿਨ ਆਪ ਨਨਕਾਣੇ ਸਾਹਿਬ ਆਵੋ ਪਹਿਲਾਂ ਮੇਰੇ ਪਾਸ ਆਓ। ਮੈਂ ਗੁਰਦਵਾਰਾ ਜਥੇ ਨੂੰ ਦੇਵਾਂਗਾ। ਇਹ ਸੁਣ ਕੇ ਝੱਬਰ ਨੂੰ ਪੁਛਿਆ ਗਿਆ ਤਾਂ ਝੱਬਰ ਨੇ ਮਹੰਤ ਕ੍ਰਿਪਾ ਰਾਮ ਦੀ ਸਫਾਈ ਦਿਤੀ। ਅਤੇ ਕਿਹਾ ਕਿ ਮਹੰਤ ਕ੍ਰਿਪਾ ਰਾਮ ਨੇ ਮੇਰੇ ਪਾਸ ਭਾਈ ਹਜ਼ਾਰਾ ਸਿੰਘ ਬਦਨ ਸਿੰਘ ਰਾਜੇ ਜੰਗ ਵਾਲੇ ਭੇਜੇ ਸਨ ਤੇ ਇਹ ਦੋਵੇਂ ਸਜਨ ਸਾਡੇ ਜਥੇ ਵਿਚ ੪ ਮਹੀਨੇ ਰਹ ਸੀ। ਪਰ ਇਕ ਹਫਤੇ ਦੀ ਛੁਟੀ ਗਏ ਤਾਂ ਇਨ੍ਹਾਂ ਨੂੰ ਭਾਈ ਹਰਨਾਮ ਸਿੰਘ ਘਵੰਡੀ ਵਾਲਾ ਜੋ ਮਹੰਤ ਕ੍ਰਿਪਾ ਰਾਮ ਦੇ ਸਾਂਢੂ ਕਾਹਨ ਸਿੰਘ ਹਵਾਲਦਾਰ ਦਾ ਭਰਾ ਸੀ ਮਿਲ ਪਿਆ ਤੇ ਇਹ ਤਿੰਨੇ ਨਨਕਾਣੇ ਸਾਹਿਬ ਮਹੰਤ ਕਿਰਪਾ ਰਾਮ ਦੇ ਘਰ ਗਏ। ਇਨ੍ਹਾਂ ਨੇ ਨਨਕਾਣੇ ਸਾਹਿਬ ਦੇ ਕਬਜ਼ਾ ਕਰਨ ਦੀ ਤਿਆਰੀ ਦਸੀ



Digitized by Panjab Digital Library | www.panjabdigilib.org

ਅਤੇ ਮਹੰਤ ਨੂੰ ਸਮਝਾਇਆ। ਮਹੰਤ ਸਿਆਣਾ ਸੀ। ਮਹੰਤ ਨੇ ਇਕ ਲੰਮੀ ਚੌੜੀ ਪੰਦਰਾਂ ਸੋਲਾਂ ਸਫੇ ਦੀ ਮਿਸਲ ਲਿਖ ਕੇ ਝੱਬਰ ਨੂੰ ਘਲੀ। ਇਸ ਵਿਚ ਲਿਖਿਆ ਸੀ ਕਿ "ਮੈਂ (ਮਹੰਤ ਕ੍ਰਿਪਾ ਰਾਮ) ਕਿਸ ਤਰ੍ਹਾਂ ਆਪਣੇ ਗੁਰੂ ਨੂੰ ਸਮਝਾ ਕੇ ਜ਼ਮੀਨ ਗੁਰਦਵਾਰਾ ਮਾਲ ਜੀ ਦੇ ਨਾਮ ਲਗਵਾਈ ਮੰਡੀ ਪਾਈ, ਨਰੈਣ ਦਾਸ ਨਾਲ ਮੁਕਾਬਲਾ ਕਰਕੇ ਸਟੇਸ਼ਨ ਏਥੇ ਆਪਣੇ ਕੋਲ ਬਨਵਾਇਆ, ਡੇਢ ਲੱਖ ਰੁਪੈਆ ਲਾ ਕੇ ਆਲੀਸ਼ਾਨ ਗੁਰਦੁਵਾਰਾ ਬਣਵਾਇਆ, ਹੁਣ ਜੇ ਕਰ ਜਥਾ ਨਨਕਾਣੇ ਸਾਹਿਬ ਗੁਰਦਵਾਰੇ ਤੇ ਕਬਜ਼ਾ ਕਰਨ ਆਵੇ ਤਾਂ ਸਭ ਤੋਂ ਪਹਿਲਾਂ ਮਾਲ ਜੀ ਗੁਰਦਵਾਰੇ ਆਵੇ ਮੈਂ ਸਭ ਕੁਝ ਜਥੇ ਦੇ ਹਵਾਲੇ ਕਰ ਦੇਵਾਂਗਾ।" ਇਹ ਠੀਕ ਹੈ ਸਾਰੇ ਸਿਖ ਲੀਡਰ ਸੁਨ ਕੇ ਮਹੰਤ ਤੇ ਰਾਜ਼ੀ ਹੋਏ ਤੇ ਮਹੰਤ ਨਾਲ ਸਮਝੌਤਾ ਹੋ ਗਿਆ।

ਮਹੰਤ ਨੇ ਦਰਖਾਸਤ ਲਿਖ ਕੇ ਪੇਸ਼ ਕੀਤੀ। ਕਮੇਟੀ ਨੇ ਕਾਨੂੰਨੀ ਮਸ਼ਵਰਾ ਸ: ਬਹਾਦਰ ਮਤਾਬ ਸਿੰਘ ਜੀ ਤੇ ਸ: ਨਰੈਣ ਸਿੰਘ ਵਕੀਲ ਗੁਜਰਾਂ ਵਾਲੇ ਨਾਲ ਕੀਤਾ ਅਤੇ ਮਹੰਤ ਕਿਰਪਾ ਰਾਮ ਨੂੰ ਆਪਣੇ ਵਲੋਂ ਇਹ ਸ਼ਰਤਾਂ ਲਿਖ ਦਿਤੀਆਂ ਕਿ ੧੦੦੦) ਤਨਖਾਹ ਮਾਹਵਾਰ ਸਾਰੀ ਉਮਰ ਵਾਸਤੇ ਅਗੋਂ ਪੁਤਰ ਨੂੰ ੫੦੦) ਮਾਹਵਾਰ ਤੇ ਪੋਤੇ ਨੂੰ ੨੫੦) ਮਾਹਵਾਰ ਕਮੇਟੀ ਦੇਵੇਗੀ। ੩ ਮਰਬੇ ਜ਼ਮੀਨ ਹਮੇਸ਼ਾਂ ਲਈ ਪੱਕੀ ਮਾਲਕੀ, ਮਹੰਤ ਦਾ ਘਰ ਹਵੇਲੀ ਜਿਸ ਵਿਚ ਉਸਦੇ ਆਪਣੇ ਮਕਾਨ ਤੇ ਮੁਜ਼ਾਰਿਆ ਦੇ ਮਕਾਨ ਸਨ ਤੇ ਜੋ ਦੋ ਘੁਮਾਂ ਦੇ ਲੱਗ ਪੱਗ ਸੀ ਦੇ ਦਿਤੀ। ਮਹੰਤ ਦਾ ਕਰਜ਼ਾ ਭੀ ਜੋ ਸੀ ਕਮੇਟੀ ਨੇ ਲਾਹੁਨਾ ਮੰਨਿਆਂ।

ਮਹੰਤ ਨੇ ਗੁਰਦਵਾਰਾ ਅਤੇ ੧੩੦ ਮਰੱਬੇ ਜ਼ਮੀਨ ਕਮੇਟੀ ਨੂੰ ਦੇ ਦਿਤੀ। ਮਹੰਤ ਦੇ ਘਰੋਂ ਜਥਾ ਹਟਾ ਲਿਆ ਗਿਆ ਅਤੇ ਸਾਰਾ ਸਮਾਨ ਤੇ ਮਕਾਨ ਅਮਨ ਅਮਾਨ ਮਹੰਤ ਨੂੰ ਦੇ ਦਿਤਾ ਗਿਆ।

ਦੂਜੇ ਮਹੰਤਨੀ ਇੰਦਰ ਕੌਰ ਜੋ ਕਿਆਰੇ ਸਾਹਿਬ ਦੇ ਪਤੀਦਾਰ



Digitized by Panjab Digital Library | www.panjabdigilib.org

ਮਹੰਤ ਈਸ਼ਰ ਸਿੰਘ ਦੀ ਵਿਧਵਾ ਸੀ ਅਤੇ ਰਹਿੰਦੀ ਮਹੰਤ ਕ੍ਰਿਪਾ ਰਾਮ ਦੇ ਘਰ ਸੀ, ਇਸ ਦਾ ਭੀ ਫੈਸਲਾ ਕਰ ਦਿਤਾ। ਗੁਰਦੁਆਰਾ ਕਿਆਰਾ ਸਾਹਿਬ ਦੀ ਜ਼ਮੀਨ ਵਿਚੋਂ ਤੀਜੇ ਹਿਸੇ ਦੀ ੧੫ ਮੁਰੱਬੇ ਜ਼ਮੀਨ ਕਮੇਟੀ ਨੂੰ ਮਹੰਤਨੀ ਨੇ ਦਿਤੀ ਤੇ ਕਮੇਟੀ ਨੇ ੧੦੦) ਮਾਹਵਾਰ ਤਾ ਜ਼ਿੰਦਗੀ ਮਹੰਤਨੀ ਨੂੰ ਦੇਣਾ ਪ੍ਰਵਾਨ ਕੀਤਾ। ਮਹੰਤ ਕ੍ਰਿਪਾ ਰਾਮ ਤੇ ਮਹੰਤਨੀ ਇੰਦਰ ਕੌਰ ਆਪਣੀਆਂ ਪੈਨਸ਼ਨਾਂ ਬਾਕਾਇਦਾ ਲੈਂਦੇ ਰਹੇ ਹਨ।

## ਮਹਾਰਾਜਾ ਦਲੀਪ ਸਿੰਘ ਦੀ ਸ਼ਾਹਜ਼ਾਦੀ ਸ੍ਰੀ ਨਨਕਾਣਾ ਸਾਹਿਬ ਵਿਚ।

੨੪-੨-੨੧ ਨੂੰ ਸਰਦਾਰ ਜੋਗਿੰਦਰ ਸਿੰਘ ਜੀ ਰਈਸ ਰਸੂਲ ਪੁਰੀਆ ਮਹਾਰਾਜਾ ਦਲੀਪ ਸਿੰਘ ਦੀ ਲੜਕੀ ਜੋ ਲਾਹੌਰ ਰਹਿੰਦੀ ਸੀ ਦੇ ਨਾਲ ਕਾਰ ਤੇ ਨਨਕਾਣੇ ਸਾਹਿਬ ਆਏ ਤੇ ਉਨ੍ਹਾਂ ਨੂੰ ਇਕ ਸਿੰਘ ਨੇ ਜੋ ਕਮੇਟੀ ਵਲੋਂ ਆਇਆ ਸੀ, ਸ਼ਹੀਦ ਹੋਏ ਸਿੰਘਾਂ ਦੇ ਕਤ-ਲਾਮ ਦੇ ਥਾਂ ਵਖਾਏ। ਸਾਰਾ ਹਾਲ ਸੁਣ ਕੇ ਮਹਾਰਾਜਾ ਦਲੀਪ ਸਿੰਘ ਦੀ ਲੜਕੀ ਨੇ ਕਿਹਾ, "ਵੁਹ ਝੱਬਰ ਕਹਾਂ ਹੈ ਉਸ ਕੋ ਬੁਲਾਉ ਮੈਂ ਦੇਖਨਾ ਚਾਹਤੀ ਹੂੰ" ਇਕ ਸਿੰਘ ਆਇਆ ਤੇ ਝੱਬਰ ਨੂੰ ਬੁਲਾ ਕੇ ਲੈ ਗਿਆ ਝੱਬਰ ਨੇ ਸ: ਸਾਹਿਬ ਅਤੇ ਮਹਾਰਾਜਾ ਦਲੀਪ ਸਿੰਘ ਦੀ ਲੜਕੀ ਨੂੰ ਸਤਿ ਸ੍ਰੀ ਅਕਾਲ ਕਹੀ ਅਤੇ ਖੁਸ਼ ਹੋ ਕੇ ਮਿਲੇ। ਕੋਲ ਆ ਕੇ ਸ਼ਾਹਜ਼ਾਦੀ ਜੀ ਨੇ ਮੋਢੇ ਤੇ ਝੱਬਰ ਨੂੰ ਥਾਪਨਾ ਦਿਤੀ ਤੇ ਕਹਿਆ ਸ਼ਾਬਾਸ ਖੂਬ ਝੱਬਰ ਸਾਹਿਬ ਖੂਬ ਹੈ।

ਇਸ ਦਿਨ ਮਹੰਤ ਨਰੈਣ ਦਾਸ ਦੇ ਵਡੇ ਮਹਿਲ ਬੈਠਕ ਤੇ ਤਬੇਲਾ ਆਦਿਕ ਸਾਰੀ ਜਾਇਦਾਦ ਦੀ ਪੜਤਾਲ ਹਿਤ ਇਕ ਸਬ ਕਮੇਟੀ ਬਣਾਈ ਗਈ। ਜਿਸ ਵਿਚ ਸਰਦਾਰ ਤੇਜਾ ਸਿੰਘ ਸਮੁੰਦਰੀ ਭੀ ਸੀ। ਉਸ ਨੇ ਫਹਿਰਿਸਤ ਤਿਆਰ ਕੀਤੀ। ਬੈਠਕ ਦੇ ਹੇਠਲੇ ਕਮਰੇ ਵਿਚ ਇਕ ਵਡੀ ਸਾਰੀ ਲੋਹੇ ਦੀ ਪੇਟੀ ਪਈ ਸੀ। ਇਸਨੂੰ ਲੁਹਾਰ ਸਦ ਕੇ



Digitized by Panjab Digital Library | www.panjabdigilib.org

ਤੋੜਿਆ ਗਿਆ ਤਾਂ ਖਾਲੀ ਨਿਕਲੀ। ਸਿਰਫ ਵਿਚੋਂ ਕੁਝ ਖੋਟੇ ਰੁਪੈ ਤੇ ਇਕ ਖਰਾਬ ਹੋਇਆ ਪਸਤੌਲ ਨਿਕਲਿਆ।

ਬਾਲ ਲੀਲਾ, ਕਿਆਰਾ ਸਾਹਿਬ, ਤੰਬੂ ਸਾਹਿਬ, ਪਟੀ ਸਾਹਿਬ ਸਭ ਦੇ ਮਹੰਤਾਂ ਨੇ ਕਮੇਟੀ ਪਾਸ ਦਰਖਾਸਤਾਂ ਲਿਖ ਕੇ ਦਿਤੀਆਂ ਕਿ ਅਸੀਂ ਗੁਰਦਵਾਰੇ ਕਮੇਟੀ ਨੂੰ ਦਿੰਦੇ ਹਾਂ। ਕਮੇਟੀ ਨੇ ਝੱਬਰ ਨੂੰ ਆਖਿਆ ਕਿ ਮਹੰਤਾਂ ਦੀਆਂ ਦਰਖਾਸਤਾਂ ਆਈਆਂ ਹਨ, ਆਪ ਨਾਲ ਸੇਵਾਦਾਰ ਲੈ ਜਾ ਕੇ ਗੁਰਦਵਾਰਿਆਂ ਦੇ ਕਬਜ਼ੇ ਲੈ ਕੇ ਸੇਵਾਦਾਰ ਥਾਪ ਆਵੇ।

ਝੱਬਰ ਨੇ ਸਾਰੇ ਗੁਰਦਵਾਰਿਆਂ ਦੇ ਮਹੰਤਾਂ ਨੂੰ ਬੁਲਾ ਕੇ ਕਬਜ਼ਾ ਲੈ ਕੇ ਸੇਵਾਦਾਰ ਬੈਠਾ ਦਿਤੇ।

ਇੱਕ ਹਫਤੇ ਵਿਚ ਪਿਛੋਂ ਇਕ ਦਿਨ ਜਨਮ ਅਸਥਾਨ ਆਸਾ ਦੀ ਵਾਰ ਦਾ ਭੋਗ ਪੈਣ ਉਪਰੰਤ ਸੰਤ ਸਿੰਘ ਦੇ ਭਾਈ ਤੀਰਥ ਸਿੰਘ ਨੇ ਖੜੇ ਹੋ ਕੇ ਸੰਗਤ ਵਿਚ ਕਿਹਾ ਕਿ ਮੇਰੇ ਭਰਾ ਸੰਤ ਸਿੰਘ ਪਾਸੋਂ ਝੱਬਰ ਜੀ ਨੇ ਲਾਲ ਚੰਦਰ ਕੋਟ ਤੇ ਸੰਦੂਕੜੀ ਲਈ ਸੀ ਉਸ ਵਿਚ ਸਾਡਾ ੨੫੦੦ ਰੁਪਿਆ ਸੀ ਉਹ ਸਾਨੂੰ ਮਿਲਨਾ ਚਾਹੀਦਾ ਹੈ। ਝੱਬਰ ਵਿਚ ਬੈਠਾ ਸੀ, ਉਤਰ ਵਿਚ ਉਨਾਂ ਕਿਹਾ ਹਾਂ ਠੀਕ ਹੈ ਸੰਦੂਕੜੀ ਮੈਂ ਲਈ ਸੀ, ਮੈਂ ਉਹ ਇੱਕ ਸਿੰਘ ਪਾਸ ਰਖੀ ਹੋਈ ਹੈ, ਮੈਂ ਹੁਣੇ ਲੈ ਕੇ ਦੇਂਦਾ ਹਾਂ ਪਰ ਮੈਨੂੰ ਇਹ ਨਹੀਂ ਪਤਾ ਕਿ ਉਸ ਦੇ ਵਿਚ ਕੀ ਹੈ ਜਾਂ ਕੀ ਨਹੀਂ ਹੈ, ਮੈਂ ਖੋਲ੍ਹ ਕੇ ਨਹੀਂ ਵੇਖੀ, ਭੋਗ ਤੋਂ ਪਿਛੋਂ ਸੰਦੂਕੜੀ ਵਾਲੇ ਸਿੰਘ ਬਹਾਦਰ ਸਿੰਘ ਨੂੰ ਲਭਨ ਲਗੇ ਦੁਨੀਆਂ ਬੇ ਹਿਸਾਬ ਸੀ, ਥੋੜੇ ਦਿਨ ਰਹਿੰਦੀਆਂ ਭਾਈ ਸੇਵਾ ਸਿੰਘ ਜੀ ਗੁੰਬੀ (ਭਾਈ ਹਰੀ ਸਿੰਘ ਜੀ ਗੁੰਬੀ ਸਿੰਘ ਸਭਾ ਲਾਇਲਪੁਰ ਦੇ ਵਡੇ ਭਾਈ) ਕਰਮ ਸਿੰਘ ਜੀ ਅਕਾਲੀ ਲਾਇਲ ਪੁਰਨੇ ਝੱਬਰ ਨੂੰ ਆ ਕੇ ਦਸਿਆ ਕਿ "ਸਾਡੇ ਇਕ ਸਿੰਘ ਨੇ ਦਸਿਆ ਹੈ ਕਿ ਆਹ ਸੰਦੂਕੜੀ ਇਕ ਸਿੰਘ ਹੁਣੇ ਜਹੇ ਦੇ ਗਿਆ ਹੈ ਅਤੇ ਭਾਈ ਸੇਵਾ ਨੇ ਕਿਹਾ "ਸੰਦੂਕੜੀ ਵੇਖੋ ਤਾਂ ਸਹੀਂ ਸਾਨੂੰ ਜ਼ਨਾਨੀਆਂ ਨੇ ਦਸਿਆ ਹੈ ਕਿ ਬਹਾਦਰ ਸਿੰਘ ਨੇ ਵਿਚੋਂ ਮਾਲ ਤਾਂ ਕਢ ਲਿਆ ਹੈ," ਜਾਂ ਝੱਬਰ ਨੇ ਸੰਦੂਕੜੀ ਫੜਕੇ ਵੇਖੀ ਤਾਂ ਹੋਲੀ ਜਹੀ



Digitized by Panjab Digital Library | www.panjabdigilib.org

ਸੀ ਤਾਂ ਯਕੀਨ ਹੋ ਗਿਆ ਕਿ ਠੀਕ ਮਾਲ ਬਹਾਦਰ ਸਿੰਘ ਕਢ ਕੇ ਲੈ ਗਿਆ ਹੈ, ਭਾਈ ਸੇਵਾ ਸਿੰਘ ਤੇ ਕਰਮ ਸਿੰਘ ਉਸਦੇ ਮਗਰ ਸਟੇਸ਼ਨ ਤੇ ਗਏ, ਉਥੇ ਪਤਾ ਲੱਗਾ ਕਿ ਉਹ ਤਾਂ ਮਾਲ ਗੱਡੀ ਵਿਚ ਚੜ੍ਹ ਗਿਆ ਹੈ।

੭-੩-੨੧ ਨੂੰ ਝੱਬਰ ਲਾਇਲਪੁਰ ਗਿਆ ਤੇ ਡਾਕਟਰ ਕਿਸ਼ਨ ਸਿੰਘ ਜੀ ਨੂੰ ਮਿਲਿਆ। ਉਨ੍ਹਾਂ ਸੰਤ ਤੇਜਾ ਸਿੰਘ ਜੀ ਨੂੰ ਬੁਲਾਇਆ ਸੰਤ ਜੀ ਨੇ ਬਹਾਦਰ ਸਿੰਘ ਸੰਦੂਕੜੀ ਵਾਲੇ ਦਾ ਪਤਾ ਕੀਤਾ ਤਾਂ ਬਾਜ਼ਾਰ ਵਿਚੋਂ ਕਿਸੇ ਨੇ ਦਸਿਆ ਕਿ ਬਹਾਦਰ ਸਿੰਘ ਪਰਸੋਂ ਚੌਥ ਦਾ ਏਥੇ ਆਇਆ ਹੋਇਆ ਹੈ ਤੇ ਉਹ ਕੋਈ ਸਰਾਫੀ ਦੀ ਦੁਕਾਨ ਪਾਉਣ ਲਈ ਲਭ ਰਿਹਾ ਹੈ। ਇਹ ਭੀ ਪਤਾ ਲਗਾ ਹੈ ਕਿ ਇਹ ਘਸੀਟ ਪੁਰੇ ਦਾ ਸੁਨਿਆਰਾ ਹੈ ਸੰਤ ਜੀ ਨੇ ਕਿਹਾ ਕਿ ਬਹਾਦਰ ਸਿੰਘ ਹਾਲੇ ਸਾਨੂੰ ਲਭਦਾ ਨਹੀਂ ਤੁਸੀਂ ਜਾਓ। ਅਸੀਂ ਰੁਪਿਆ ਵਾਪਸ ਲੈਣ ਦੀ ਕੋਸ਼ਸ਼ ਕਰਾਂਗੇ। ਪ੍ਰੰਤੂ ਕੋਸ਼ਸ਼ ਦੇ ਬਾਵਜੂਦ ਭੀ ਬਹਾਦਰ ਸਿੰਘ ਪਾਸੋਂ ਕੁਝ ਵਸੂਲ ਨਾ ਹੋਇਆ।

ਸ਼ੁਰੂ ਮਾਰਚ ਵਿਚ ਮਹਾਤਮਾਂ ਗਾਂਧੀ ਤੇ ਇਸ ਦੇ ਨਾਲ ਮੁਹੰਮਦ ਅਲੀ ਦਾ ਛੋਟਾ ਭਾਈ ਸ਼ੌਕਤ ਅਲੀ ਨਨਕਾਣੇ ਸਾਹਿਬ ਗੁਰਦਵਾਰੇ ਪੁਜੇ। ਸੰਗਤ ਬਹੁਤ ਸੀ ਦੀਵਾਨ ਸੱਜ ਗਿਆ, ਗਾਂਧੀ ਜੀ ਨੇ ਕਿਹਾ ਕਿ ਕੋਈ ਸਾਹਿਬ ਨਨਕਾਣੇ ਸਾਹਿਬ ਦੇ ਹਾਦਸੇ ਦੇ ਹਾਲ ਮੈਨੂੰ ਸੁਣਾਏ, ਮੈਂ ਫਿਰ ਬੋਲਾਂਗਾ। ਕਮੇਟੀ ਦੇ ਬੈਠੇ ਮੈਂਬਰਾਂ ਨੇ ਕਿਹਾ ਕਿ ਉਠੋ ਝੱਬਰ ਜੀ, ਆਪ ਸੁਨਾਉ, ਤੁਹਾਨੂੰ ਹੀ ਸਾਰੇ ਹਾਲ ਮਾਲੂਮ ਨੇ ਝੱਬਰ ਨੇ। ਉਠ ਕੇ ਇਕ ਘੰਟਾ ਤਕਰੀਰ ਕੀਤੀ। ਮੁਖਤਸਰ ਹਾਲਾਤ ਦਸੇ। ਅਖੀਰ ਵਿੱਚ ਆਖਿਆ, ਲਾਟ ਸਾਹਿਬ ਪੰਜਾਬ ਕਾਤਲਾਂ ਨੂੰ ਸਜ਼ਾ ਦੇਣ ਵਾਸਤੇ ਪੂਰਾ ਭਰੋਸਾ ਦਵਾ ਗਏ ਹਨ, ਉਨ੍ਹਾਂ ਤੋਂ ਪਿਛੋਂ ਸ਼ੌਕਤ ਅਲੀ ਉਠਿਆ ਕਹਿਣ ਲਗਾ, ਕਿ ਝੱਬਰ ਸਾਹਿਬ ਮੇਰੇ ਪੁਰਾਣੇ ਦੋਸਤ ਹਨ, ਆਪ ਨੇ ਮਾਰਸ਼ਲ ਲਾ ਵਿਚ ਇਸ ਅੰਗਰੇਜ਼ ਦੀ ਫਾਂਸੀ ਵੇਖੀ, ਕਾਲੇ ਪਾਣੀ ਵੇਖੇ ਹੁਣ ਕਹਿੰਦੇ ਨੇ ਕਿ ਅੰਗਰੇਜ਼ ਨੇ ਸਾਨੂੰ ਇਨਸਾਫ ਕਰਨ ਦਾ



Digitized by Panjab Digital Library | www.panjabdigilib.org

ਵਾਹਦਾ ਦਿੱਤਾ ਹੈ, ਝੱਬਰ ਜੀ, ਤੋਲੇ ਹੋਏ ਵੱਟਿਆਂ ਨੂੰ ਕੀ ਤੋਲਨਾ ਹੈ, ਅੰਗਰੇਜ਼ ਕੀ ਅਤੇ ਇਨਸਾਫ ਕੀ।

ਫਿਰ ਮਹਾਤਮਾ ਗਾਂਧੀ ਜੀ ਉਠੇ। ਇਕ ਘੰਟਾ ਤਕਰੀਰ ਕੀਤੀ। ਖਾਲਸਾ ਜੀ ਦੀ ਬੜੀ ਤਾਰੀਫ ਕੀਤੀ ਕਿਹਾ, "ਕਿ ਹੁਣ ਹਿੰਦੁਸਤਾਨ ਦੀ ਅਜ਼ਾਦੀ ਤਾਂ ਖਾਲਸਾ ਜੀ ਦੇ ਹੱਥ ਵਿਚ ਹੈ, ਨਨਕਾਣੇ ਸਾਹਿਬ ਦੇ ਸ਼ਹੀਦਾਂ ਦੇ ਇਸ ਮੁਕਦਮੇਂ ਵਿਚ ਅੰਗਰੇਜ਼ ਦੇ ਨਾਲ ਨਾਮਿਲਵਰਤਣ ਕਰਨਾ ਚਾਹੀਦਾ ਹੈ। ਮੈਂ ਤਾਂ ਇਸ ਕੰਮ ਲਈ ਦੂਰ ਤੋਂ ਆਇਆ ਹਾਂ। ਮੈਨੂੰ ਪੂਰਾ ਯਕੀਨ ਹੈ ਕਿ ਖਾਲਸਾ ਜੀ ਮੇਰੀ ਇਸ ਅਰਜ਼ਦਾਸ਼ਤ ਨੂੰ ਮਨਜ਼ੂਰ ਕਰੇਗਾ।"

ਇਕ ਦਿਨ ਲਾਲਾ ਲਾਜਪਤ ਰਾਇ ਭੀ ਆਏ, ਆਪ ਜੀ ਨੇ ਭੀ ਖਾਲਸਾ ਜੀ ਨੂੰ ਬਹੁਤ ਵਡਿਆਇਆ ਫੁਲਾਇਆ ਤੇ ਗਾਂਧੀ ਜੀ ਦੇ ਪਰੋਗਰਾਮ ਤੇ ਚਲਣ ਦੀ ਤਾਕੀਦ ਕੀਤੀ।

ਐਲਾਨ ਜੋ ਸਾਕੇ ਤੋਂ ਪਹਿਲਾ ਕੀਤਾ ਗਿਆ ਸੀ ਦੇ ਮੁਤਾਬਕ ਪੰਥ ਦੇ ਇਕਠ ਸਮੇਂ ਗੁਰਦਵਾਰਾ ਪ੍ਰ: ਕਮੇਟੀ ਦੀ ਮੀਟਿੰਗ ਮਹੰਤ ਵਾਲੀ ਬੈਠਕ ਵਿਚ ੬-੨-੨੧ ਨੂੰ ਹਈ। ਪਰ ਮੈਂਬਰ ਬਹੁਤ ਘਟ ਆਏ, ਮਾਸਟਰ ਮੋਤਾ ਸਿੰਘ ਜੀ ਜੋ ਇਨ੍ਹਾਂ ਦਿਨਾਂ ਵਿਚ ਚਕਰਵਰਤੀ ਹੀ ਸਨ, ਪਹੁੰਚ ਗਏ ਤੇ ਇਨ੍ਹਾਂ ਨੇ ਰੈਜ਼ੂਲੇਸ਼ਨ ਪੇਸ਼ ਕੀਤਾ ਕਿ ਸ਼ਹੀਦਾਂ ਦੇ ਮੁਕਦਮੇਂ ਵਿਚ ਸਰਕਾਰ ਨਾਲ ਨਾ ਮਿਲਵਰਤਨ ਕੀਤਾ ਜਾਵੇ, ਤਾਈਦ ਹੋ ਗਈ। ਸ: ਹਰਬੰਸ ਸਿੰਘ ਅਟਾਰੀ, ਪਰੋਫੈਸਰ ਜੋਧ ਸਿੰਘਜੀ ਤੇ ਝੱਬਰ ਖਿਲਾਫ ਸੀ, ਬਹੁਤ ਸਮਝਾਇਆ ਪਰ ਸਿੱਖ ਲੀਡਰ ਨਵੇਂ ਨਵੇਂ ਕਾਂਗਰਸ ਵਿਚ ਸ਼ਾਮਲ ਹੋਏ ਸਨ। ਉਹ ਨਾ ਮੰਨੇ, ਤੇ ਮਤਾ ਪਾਸ ਹੋ ਗਿਆ ਤੇ ਮਤੇ ਦੀਆਂ ਨਕਲਾਂ ਤਾਰਾਂ ਰਾਹੀਂ ਸਰਕਾਰ ਨੂੰ ਭੇਜੀਆਂ ਗਈਆਂ।*

*ਹੁਣ ਤਕ ਤਾਂ ਸਰਕਾਰ ਪੰਜਾਬ ਸਿਖਾ ਦੀ ਇਸ ਲਹਿਰ ਨੂੰ ਧਾਰਮਕ ਹੀ ਸਮਝਦੀ ਸੀ ਪ੍ਰੰਤੂ ਇਸ ਮਤੇ ਦੇ ਪਾਸ ਹੋ ਜਾਣ ਤੇ ਸਰਕਾਰ ਨੂੰ ਨਿਸਚਾ ਹੋ ਗਿਆ ਕਿ ਇਸ ਲਹਿਰ ਦੇ ਪਿਛੇ ਪੋਲੀਟੀਕਲ ਖਿਆਲ ਕੰਮ ਕਰ ਰਹੇ ਹਨ ਤੇ ਅਕਾਲੀਆਂ ਦਾ ਸਿਧਾ ਮਥਾ ਸਰਕਾਰ ਨਾਲ ਲਗਣਾ ਹੈ ਇਸ ਦਾ ਜੋ ਨਤੀਜਾ ਹੋਇਆ ਉਹ ਪਾਠਕ ਅਗੇ ਪੜ੍ਹਨਗੇ।



Digitized by Panjab Digital Library | www.panjabdigilib.org

੮-੩-੨੧ ਨੂੰ ਗਵਰਨਰ ਨੇ ਲਾਹੌਰ ਵਿਖੇ ਸਿਖ ਲੀਡਰਜ਼ ਪੰਜਾਬ ਦੀ ਕਾਨਫ੍ਰੰਸ ਬੁਲਾਈ। ਇਸ ਕਾਨਫ੍ਰੰਸ ਵਿਚ ਸ: ਹਰਚੰਦ ਸਿੰਘ ਲਾਇਲ ਪੁਰ ਤੇ ਸ: ਖੜਕ ਸਿੰਘ ਸਿਆਲ ਕੋਟ ਸਿਖ ਲੀਗ ਵੱਲੋਂ, ਸ: ਸ਼ਿਵਦੇਵ ਸਿੰਘ ਤੇ ਸ: ਹਰਬੰਸ ਸਿੰਘ ਜੀ ਚੀ: ਖਾਂ: ਦੀ: ਵਲੋਂ ਅਤੇ ਭਾਈ ਤੇਜਾ ਸਿੰਘ ਭੁਚਰ ਅਤੇ ਝੱਬਰ ਅਕਾਲੀਆਂ ਵਿਚੋਂ ਬੁਲਾਏ ਗਏ ਸਨ। ਸ: ਖੜਕ ਸਿੰਘ ਤੇ ਹਰਚੰਦ ਸਿੰਘ ਨਾਆਏ ਪ੍ਰੰਤੂ ਸ: ਬਹਾਦਰ ਮਤਾਬ ਸਿੰਘ ਜੀ ਭੀ ਸ਼ਾਮਲ ਹੋ ਗਏ।

ਗਵਰਨਮੇਂਟ ਵਲੋਂ ਮੀਨਾਰਡ ਸਾਹਿਬ ਹੋਮ ਮੈਂਬਰ, ਸ: ਸੁੰਦਰ ਸਿੰਘ ਮਜੀਠਾ ਲਾਲਾ ਹਰਕਿਸ਼ਨ ਲਾਲ ਤੇ ਮੀਆਂ ਫਜ਼ਲ ਹੁਸੈਨ ਵਜ਼ੀਰ ਸ਼ਾਮਲ ਸਨ। ਗਲ ਬਾਤ ਸ਼ੁਰੂ ਹੋਈ। ਸਿਖਾਂ ਨੂੰ ਇਹ ਪੁਛਿਆ ਗਿਆ ਕਿ ਤੁਸੀਂ ਗੁਰਦਵਾਰਿਆਂ ਤੇ ਇਸ ਤਰ੍ਹਾਂ ਕਬਜ਼ੇ ਕਿਉਂ ਕਰਦੇ ਹੋ। ਕਾਨੂੰਨ ਅਨੁਸਾਰ ਦਾਹਵੇ ਕਰਕੇ ਲਵੋ। ਉਤਰ ਦਿਤਾ ਕਿ ਕੋਈ ਐਸਾ ਕਾਨੂੰਨ ਨਹੀਂ ਜਿਸ ਰਾਹੀਂ ਅਸੀਂ ਦਾਹਵੇ ਕਰਕੇ ਕਬਜ਼ਾ ਲੈ ਸਕੀਏ। ਸ: ਬਹਾਦਰ ਹਾਲਾਂ ਸਰਕਾਰੀ ਵਕੀਲ ਸਨ, ਪਰ ਚੂੰਕਿ ਉਹ ਕਾਨੂੰਨ ਦਾਨ ਸਨ ਉਤਰ ਨਾਲੋ ਨਾਲ ਦਈ ਆਉਂਦੇ ਸਨ।

ਮੀਨਾਰਡ ਸਾਹਿਬ ਨੇ ਕਿਹਾ ਕਿ ਅਗੇ ਲਈ ਆਪ ਲੋਕਾਂ ਨੇ ਕਿਸੇ ਗੁਰਦਵਾਰੇ ਤੇ ਕਬਜ਼ਾ ਨਹੀਂ ਕਰਨਾ ਅਤੇ ਤੁਮ ਲੋਕ ਸਭ ਲੋਗੋਂ ਕੋ ਇਸ ਤਰ੍ਹਾਂ ਕਬਜ਼ੇ ਕਰਨੇ ਸੇ ਰੋਕੋ ਝੱਬਰ ਨੇ ਉਤਰ ਦਿਤਾ ਕਿ ਤੁਸੀਂ ਨਵਾਂ ਕਾਨੂੰਨ ਸਰਕਾਰ ਪੰਜਾਬ ਵਲੋਂ ਬਨਾਣ ਦਾ ਐਲਾਨ ਕਰ ਦਿਓ ਤਾਂ ਅਸੀਂ ਕਬਜ਼ੇ ਕਰਨ ਤੋਂ ਰੋਕਣ ਦਾ ਐਲਾਨ ਕਰ ਦਿੰਦੇ ਹਾਂ।

ਲਾਲਾ ਹਰਕਿਸ਼ਨ ਲਾਲ ਨੇ ਕਿਹਾ ਤੁਹਾਨੂੰ ਹਿੰਦੂ ਉਦਾਸੀ ਤੇ ਨਿਰਮਲਿਆਂ ਦੇ ਗੁਰਦਵਾਰਿਆਂ ਤੇ ਜੋ ਉਨ੍ਹਾਂ ਦੇ ਕਬਜ਼ੇ ਵਿਚ ਹਨ ਕਬਜ਼ਾ ਕਰਨ ਲਈ ਸਰਕਾਰ ਕਿਵੇਂ ਕਾਨੂੰਨ ਬਣਾ ਕੇ ਦੇਵੇ। ਝੱਬਰ ਨੇ ਕਿਹਾ ਕਿ ਨਿਰਮਲੇ ਤੇ ਉਦਾਸੀਆਂ ਦੇ ਗੁਰਦੁਵਾਰੇ ਕੋਈ ਉਨ੍ਹਾਂ ਦੀ ਜੱਦੀ ਮਾਲਕੀ ਨਹੀਂ ਗੁਰਦਵਾਰੇ ਤਾਂ ਪੰਥ ਦੀ ਸਾਂਝੀ ਚੀਜ਼ ਹੈ। ਡੇਢ



Digitized by Panjab Digital Library | www.panjabdigilib.org

ਘੰਟਾ ਗਲ ਬਾਤ ਕਰਨ ਦੇ ਉਪ੍ਰੰਤ ਮੀਨਾਰਡ ਸਾਹਿਬ ਨੇ ਇਕ ਐਲਾਨ ਲਿਖਿਆ ਜੋ ਮਗਰੋਂ ਕੁਝ ਬਦਲ ਕੇ ਪ੍ਰਕਾਸ਼ਤ ਕੀਤਾ ਗਿਆ ਇਸ ਦਾ ਭਾਵ ਸੀ, ਕਿ ਕੋਈ ਜਥਾ ਕਿਸੇ ਗੁਰਦਵਾਰੇ ਤੇ ਕਬਜ਼ਾ ਨਾ ਕਰੇ*

## ਅਕਾਲੀਆਂ ਦੀਆਂ ਗਰਿਫਤਾਰੀਆਂ

੧੧-੩-੨੧ ਨੂੰ ਨਨਕਾਣੇ ਸਾਹਿਬ ੪ ਬਜੇ ਸ਼ਾਮ ਨੂੰ ਪਤਾ ਲਗਾ ਕਿ ਲਾਹੌਰ ਤੋਂ ਕਿੰਗ ਕਮਿਸ਼ਨਰ ਫੌਜ ਤੇ ਰਸਾਲੇ ਦੇ ਦਸਤੇ ਲੈ ਕੇ ਗੁਰਦਵਾਰੇ ਵਲ ਆ ਰਿਹਾ ਹੈ। ਫੌਜ ਨੇ ਆ ਕੇ ਸਰੋਵਰ ਦੇ ਕੋਲ ਉਚੇ ਥਾਂ ਮਸ਼ੀਨ ਗਨਾਂ ਗਡ ਦਿਤੀਆਂ। ਦਫਤਰ ਵਾਲੇ ਬੁਰਜ ਦੇ ਪਾਸ ਝੱਬਰ ਖਲੋਤਾ ਸੀ। ਡਿਪਟੀ ਕਮਿਸ਼ਨਰ ਪੁਲੀਸ ਕਪਤਾਨ ਤੇ ਨਾਲ ਬਹੁਤ ਸਾਰੇ ਸਿਪਾਹੀ ਭੀ ਆਏ। ਡਿਪਟੀ ਕਮਿਸ਼ਨਰ ਸਾਹਿਬ ਜੋ ਨਵਾਂ ਹੀ ਮੁਲਤਾਨ ਤੋਂ ਬਦਲ ਕੇ ਸ਼ੇਖੂ ਪੁਰੇ ਕਰ ਸਾਹਿਬ ਦੇ ਥਾਂ ਲਗਾ ਸੀ, ਆ ਕੇ ਕਹਿਣ ਲਗਾ ਸ: ਕਰਤਾਰ ਸਿੰਘ ਝੱਬਰ ਸਾਹਿਬ ਮੈਂ ਆਪ ਨੂੰ ਗ੍ਰਿਫਤਾਰ ਕਰਦਾ ਹਾਂ। ਝੱਬਰ ਨੇ ਕਿਹਾ ਸਾਹਿਬ ਬੜੀ ਖੁਸ਼ੀ ਨਾਲ ਕਰੋ। ਸਾਹਿਬ ਨੇ ਕਿਹਾ ਅਛਾ ਚਲੋ। ਝੱਬਰ ਨੇ ਕਿਹਾ ਹਾਂ ਚਲੋ, ਝੱਬਰ ਜੀ ਸਰਾਂ ਦੀ ਗੁਠ ਪਾਸ ਜਿਥੇ ਪਿਛੋਂ ਹਸਪਤਾਲ ਬਣਿਆ, ਆਕੇ ਖਲੋ ਗਏ। ਗਰਿਫਤਾਰੀ ਦੀ ਖਬਰ ਸੁਣ ਕੇ ਸਿੰਘ ਬਹੁਤ ਗਿਣਤੀ ਵਿਚ ਇਥੇ ਇਕਠੇ ਹੋ ਗਏ ਹੋਏ ਸਨ। ਝੱਬਰ ਨੇ ਉਚੀ ਕਿਹਾ ਖਾਲਸਾ ਜੀ, ਤੁਸਾਂ ਜੋਸ਼ ਵਿਚ ਨਹੀਂ ਆਉਣਾ ਸਾਡਾ ਹੁਣ ਸਿਧਾ ਗਵਰਨਮੈਂਟ ਪੰਜਾਬ ਨਾਲ ਮੋਰਚਾ ਲਗ ਗਿਆ ਹੈ। ਗੁਰਦਵਾਰੇ ਦੇ ਸਾਹਮਣੇ ਡਟ ਜਾਵੋ। ਗੁਰਦਵਾਰੇ ਦਾ ਕਬਜ਼ਾ ਨਹੀਂ ਛਡਣਾ। ਪੁਲੀਸ ਗੁਰਦਵਾਰੇ ਦੇ ਨੇੜੇ ਮਤ ਜਾਏ। ਝੱਬਰ ਨੂੰ ਮਿਉਂਸਪੈਲਟੀ ਦੇ ਬਣ ਰਹੇ ਹਸਪਤਾਲ ਦੇ ਕੋਨੇ ਵਾਲੇ ਕਮਰੇ ਵਿਚ ਬੰਦ ਕੀਤਾ ਗਿਆ। ਥੋੜੇ ਚਿਰ ਪਿਛੋਂ ਭਾਈ ਉਤਮ ਸਿੰਘ ਜੀ ਭੀ ਗ੍ਰਿਫਤਾਰ ਹੋ ਕੇ

---

*ਇਸੇ ਐਲਾਨ ਵਿਚ ਸਰਕਾਰ ਵਲੋਂ ਛੇ ਇੰਚੀ ਤੋਂ ਵਡੇ ਟਕੂਏ ਜ਼ਬਤ ਕੀਤੇ ਜਾਣ ਦਾ ਭੀ ਹੁਕਮ ਸੀ।



Digitized by Panjab Digital Library | www.panjabdigilib.org

ਆ ਗਏ ਕਿਆਰੇ ਸਾਹਿਬ ਮਲਵਈ ਜਥਾ ਸੇਵਾ ਵਾਸਤੇ ਲਗਾ ਹੋਇਆ ਸੀ। ਪੁਲੀਸ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਗਈ ਤਾਂ ਉਨ੍ਹਾਂ ਅਗੋਂ ਕ੍ਰਿਪਾਨਾਂ ਖਿਚ ਲਈਆਂ ਰਾਤ ਦੇ ੧੦ ਬਜੇ ਝੱਬਰ ਪਾਸ ਫਿਰ ਡਿਪਟੀ ਕਮਿਸ਼ਨਰ ਆਇਆ ਤੇ ਕਿਆਰੇ ਸਾਹਿਬ ਦੇ ਝਗੜੇ ਦੀ ਗੱਲ ਸੁਣਾਈ, ਤੇ ਕਿਹਾ ਕਿ ਆਪ ਸਾਡੇ ਨਾਲ ਚਲੋ ਮਤੇ ਕਿਤੇ ਪੁਲੀਸ ਦੇ ਨਾਲ ਜਥੇ ਦੀ ਲੜਾਈ ਨਾ ਹੋ ਜਾਵੇ। ਝੱਬਰ ਪੋਲੀਸ ਦੀ ਹਿਰਾਸਤ ਵਿਚ ਕਿਆਰੇ ਸਾਹਿਬ ਗਿਆ, ਅਤੇ ਸਿੰਘਾਂ ਨੂੰ ਸਮਝਾਇਆ ਕਿ ਸਾਡਾ ਪੁਲੀਸ ਨਾਲ ਲੜਾਈ ਝਗੜਾ ਕਰਨਾ ਠੀਕ ਨਹੀਂ ਇਹ ਗ੍ਰਿਫਤਾਰ ਕਰਦੇ ਹਨ ਆਪ ਗ੍ਰਿਫਤਾਰ ਹੋ ਜਾਵੋ। ਓਡ ਸਾਹਿਬ ਪੁਲੀਸ ਕਪਤਾਨ ਜੋ ਅਜੇ ਲੜਕਾ ਹੀ ਸੀ ਇਸ ਨੇ ਇਹ ਗ੍ਰਿਫਤਾਰੀਆਂ ਕੀਤੀਆਂ। ਅਗਲੇ ਭਲਕ ਭਾਈ ਲਖਾ ਸਿੰਘ ਕੁਰਲ ਕੇ ਦੀ ਮੰਗ ਕੀਤੀ ਗਈ ਉਹ ਭੀ ਪੇਸ਼ ਹੋ ਗਿਆ। ੧੨-੩-੨੧ ਨੂੰ ੬ ਬਜੇ ਇਨ੍ਹਾਂ ਲਈ ਸਪੈਸ਼ਲ ਗਡੀ ਤਿਆਰ ਹੋਈ, ਇਸ ਦੇ ਇੰਜਨ ਨਾਲ ਦੋ ਡਬੇ ਸੀ। ਇਕ ਵਿਚ ਕਮਿਸ਼ਨਰ ਤੇ ਇਕ ਵਿਚ ਝੱਬਰ ਤੇ ਨਾਲ ਭਾਈ ਉਤਮ ਸਿੰਘ ਤੇ ਇਨ੍ਹਾਂ ਦੀ ਅੜਦਲ ਲਈ ਗੁਜਰ ਸਿੰਘ ਥਾਨੇਦਾਰ ਤੇ ੮ ਸਪਾਹੀ ਇਸ ਡਬੇ ਵਿਚ ਸਨ। ਜਦ ਲਾਹੌਰ ਸਟੇਸ਼ਨ ਤੇ ਪੁਜੇ ਤੇ ਗਡੀ ਖਲੋਤੀ ਤਾਂ ਦੋ ਅੰਗਰੇਜ਼ ਝੱਬਰ ਪਾਸ ਆ ਕੇ ਪੁਛਣ ਲਗੇ। "ਟੁਮ ਨੇ ਕਿਸ ਕੇ ਹੁਕਮ ਸੇ ਗੁਰਡਵਾਰੋਂ ਪਰ ਕਬਜ਼ਾ ਕੀਆ ਠਾ?" ਝੱਬਰ ਗਜ ਕੇ ਬੋਲਿਆ, ਕਿ ਮੈਂ ਨੇ ਕਿਸੇ ਦੇ ਹੁਕਮ ਨਾਲ ਕਿਸੇ ਗੁਰਦਵਾਰੇ ਤੇ ਕਬਜ਼ਾ ਨਹੀਂ ਕੀਤਾ। ਮੈਂ ਖੁਦ ਪੰਜਾਬ ਦਾ ਜਨਰਲ ਜਥੇਦਾਰ ਹਾਂ ਮੈਨੂੰ ਪੰਥ ਵਲੋਂ ਅਖਤਿਆਰ ਮਿਲੇ ਹੋਏ ਹਨ ਮੈਂ ਨੇ ਖੁਦ ਕਬਜ਼ੇ ਕੀਤੇ ਹਨ। ਸਾਹਿਬ ਤਾਂ ਚੁਪ ਹੋ ਗਏ, ਪਰ ਝੱਬਰ ਦੇ ਉਚੀ ਬੋਲਣ ਨਾਲ ਪਲੇਟ ਫਾਰਮ ਤੇ ਬਾਬੂ ਤੇ ਹੋਰ ਮੁਸਾਫਰ ਲੋਕੀ ਬੜੇ ਇਕਠੇ ਹੋ ਗਏ। ਇਨ੍ਹਾਂ ਨੂੰ ਬੋਰਸਟਲ ਜਿਹਲ ਵਿਚ ਪੁਚਾ ਦਿਤਾ ਗਿਆ। ਅਗਲੇ ਭਲਕ ਭਾਈ ਲਖਾ ਸਿੰਘ ਤੇ ਮਲਵਈ ਜਥਾ ਭੀ ਆ ਗਿਆ। ਮਾਨਕ ਤੋਂ ਭਾਈ



Digitized by Panjab Digital Library | www.panjabdigilib.org

ਲਾਹੌਰਾ ਸਿੰਘ ਤੇ ਭ: ਤਾਰਾ ਸਿੰਘ ਠੇਠਰ ਵਾਲੇ ਭੀ ਸਮੇਤ ਸਾਥੀਆਂ ਪਕੜ ਲਿਆਂਦੇ ਗਏ। ਚਾਰ ਦਿਨ ਪਿਛੋਂ ਭਾਈ ਤੇਜਾ ਸਿੰਘ ਭੁਚਰ ਪਸ਼ੌਰ ਤੋਂ ਗ੍ਰਿਫਤਾਰ ਹੋ ਕੇ ਆਇਆ। ਇਨ੍ਹਾਂ ਤੇ ਜਮਰੋਦ ਵਾਲੇ ਗੁਰਦੁਆਰੇ ਤੇ ਕਬਜ਼ਾ ਕਰਨ ਦਾ ਮੁਕਦਮਾ ਸੀ। ਝੱਬਰ ਦੇ ਖਿਲਾਫ ੩੩ ਪਰਚੇ ਬੋਰਨ ਕਪਤਾਨ ਸੀ. ਆਈ. ਡੀ. ਇਨਚਾਰਜ ਮੁਕਦਮੇ ਨਨਕਾਣਾ ਸਾਹਿਬ ਦੇ ਹੁਕਮ ਨਾਲ ਕਟੇ ਗਏ। ਇਨਾਂ ਦੇ ਮੁਕਦਮਿਆਂ ਵਾਸਤੇ ਸਪੈਸ਼ਲ ਅਦਾਲਤ ਬਣਾਈ ਗਈ, ਤੇ ਕਿਊ ਸਾਹਿਬ ਸੈਸ਼ਨ ਜਜ ਮੁਕਰਰ ਹੋਇਆ। ਸ੍ਰੀ ਅੰਮ੍ਰਿਤਸਰ, ਤਰਨ ਤਾਰਨ, ਪੰਜਾ ਸਾਹਿਬ ਨਨਕਾਣਾ ਸਾਹਿਬ ਵਡੇ ਵਡੇ ਗੁਰਦਵਾਰਿਆਂ ਤੇ ਪੰਥ ਦਾ ਕਬਜ਼ਾ ਹੋ ਗਿਆ ਸੀ ਤੇ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਲਖਾਂ ਰੁਪੈਆਂ ਦੀ ਆਮਦਨ ਹੋ ਗਈ ਸੀ।

ਬਾਹਰ ਪੰਥ ਵਿਚ ਜੋ ਸਿਖ ਲੀਡਰ ਇਨਾਂ ਨੂੰ ਕਬਜ਼ੇ ਕਰਨ ਤੋਂ ਰੋਕਦੇ ਸੀ, ਹੁਣ ਉਹ ਭੀ ਅਗੇ ਆ ਗਏ, ਨਾਲੇ ਕਾਂਗਰਸ ਦਾ ਪਰੋਗਰਾਮ ਵਰਤਣ ਵਾਸਤੇ ਇਨ੍ਹਾਂ ਕਮੇਟੀ ਵਿਚ ਜੋਰ ਦਿਤਾ, ਕਿ ਸਾਰੇ ਮੁਕਦਿਮਿਆਂ ਵਿਚ ਨਾ ਮਿਲਵਰਤਣ ਹੀ ਕੀਤਾ ਜਾਵੇ। ਚੀਫ ਖਾਲਸਾ ਦੀਵਾਨ ਵਾਲੇ ਸਜਨ ਤੇ ਸ: ਬ: ਮਹਿਤਾਬ ਸਿੰਘ ਨਾ ਮਿਲਵਰਤਣ ਨਹੀਂ ਕਰਨਾ ਚਾਹੁੰਦੇ ਸੀ। ਆਪਸ ਵਿਚ ਫੈਸਲਾ ਹੋਇਆ ਕਿ ਅੰਦਰ ਵਾਲੇ ਜਿਨ੍ਹਾਂ ਤੇ ਮੁਕਦਮੇਂ ਬਣੇ ਹੋਏ ਹਨ ਉਨ੍ਹਾਂ ਨੂੰ ਪੁਛਿਆ ਜਾਵੇ। ਇਹ ਦੋਵੇਂ ਪਾਰਟੀਆਂ ਸ: ਸਰਦੂਲ ਸਿੰਘ ਕਵੀਸ਼ਰ ਸ: ਅਮਰ ਸਿੰਘ ਝਬਾਲੀਆਂ ਮਾਸਟਰ ਸੁੰਦਰ ਸਿੰਘ ਲਾਇਲ ਪੁਰ ਆਦਿ ਨਾ ਮਿਲਵਰਤਣ ਦੇ ਹਕ ਵਿਚ ਸੀ। ਦੂਜਾ ਸ: ਹਰਬੰਸ ਸਿੰਘ ਅਟਾਰੀ ਸ: ਬ: ਮਤਾਬ ਸਿੰਘ ਸ: ਅਮਰ ਸਿੰਘ ਐਡੀਟਰ ਲਾਇਲ ਗਜ਼ਟ ਆਦਿ ਨੇ ਇਨ੍ਹਾਂ ਨੂੰ ਆ ਕੇ ਜੇਹਲ ਵਿਚ ਪੁਛਿਆ ਕਿ ਤੁਸੀਂ ਦਸੋ ਤੁਹਾਡੇ ਮੁਕਦਮਿਆਂ ਵਿਚ ਕੀ ਕੀਤਾ ਜਾਵੇ। ਅੰਦਰੋਂ ਹਵਾਲਾਤੀਆਂ ਵਿਚੋਂ ੨੫ ਆਦਮੀ ਡਿਉੜੀ ਵਿਚ ਆਏ। ਇਨ੍ਹਾ ਵਿਚ ਸ: ਲਾਲ



Digitized by Panjab Digital Library | www.panjabdigilib.org

ਸਿੰਘ ਲਕੜੀ ਵਾਲਾ ਲਾਹੌਰ ਤੇ ਸ: ਉਜਾਗਰ ਸਿੰਘ ਵਕੀਲ ਭੁੜਾਨੇ ਵਾਲਾ ਭੀ ਮਾਨਕ ਗੁਰਦਵਾਰੇ ਦੇ ਕਬਜ਼ੇ ਵਿਚ ਗ੍ਰਿਫਤਾਰ ਸੀ। ਸਾਰਿਆਂ ਨੇ ਇਸਦਾ ਉਤਰ ਦੇਣ ਲਈ ਝੱਬਰ ਦਾ ਨਾਮ ਨੀਯਤ ਕੀਤਾ ਅਤੇ ਕਿਹਾ ਕਿ ਜੋ ਫੈਸਲਾ ਕਰਨਗੇ ਅਸੀਂ ਪ੍ਰਵਾਨ ਕਰਾਂਗੇ। ਜਦ ਗ੍ਰਿਫਤਾਰ ਹੋਏ ਸਾਰਿਆਂ ਨੇ ਗਲ ਝੱਬਰ ਤੇ ਸੁਟੀ ਤਾਂ ਉਨ੍ਹਾਂ ਬਾਹਰੋਂ ਆਏ ਲੀਡਰਾਂ ਨੂੰ ਸਾਹਮਣੇ ਖਲੋ ਕੇ ਇਹ ਉਤਰ ਦਿਤਾ ਕਿ ਗੁਰਦਵਾਰਾ ਲਹਿਰ ਇਕ ਧਾਰਮਕ ਕੰਮ ਹੈ ਸਾਡਾ ਮੋਰਚਾ ਸੁਕਾਰ ਪੰਜਾਬ ਨਾਲ ਕੋਈ ਪੁਲੀਟੀਕਲ ਨਹੀਂ ਨਾਂ ਹੀ ਇਹ ਹਿੰਦੂ ਮੁਸਲਮਾਨ ਦਾ ਇਕੱਠਾ ਕਾਜ਼ ਹੈ। ਮੋਰਚਾ ਇਹ ਤਾਂ ਸਾਡਾ ਸਿਖਾਂ ਦਾ ਮਜ਼੍ਹਬੀ ਕੰਮ ਹੈ। ਇਸਨੂੰ ਪੁਲੀਟੀਕਲ ਰੰਗ ਨਹੀਂ ਦੇਣਾ ਚਾਹੀਦਾ। ਅਸੀਂ ਸਚੇ ਸਚੇ ਬਿਆਨ ਦੇਵਾਂਗੇ ਤੇ ਆਖਾਂਗੇ ਕਿ ਅਸੀਂ ਬਾਹਰ ਆਏ ਤਾਂ ਬਾਕੀ ਦੇ ਗੁਰਦਵਾਰਿਆ ਤੇ ਭੀ ਕਬਜ਼ੇ ਕਰਾਂਗੇ ਅਸੀਂ ਨਾ-ਮਿਲਵਰਤਨ ਦੇ ਪ੍ਰੋਗਰਾਮ ਨੂੰ ਨਹੀਂ ਚਲਾਨਾ ਚਾਹੁੰਦੇ। ਇਸਤੇ ਕਾਂਗ੍ਰਸ ਪਾਰਟੀ ਨਾਰਾਜ਼ ਹੋ ਕੇ ਚਲੀ ਗਈ। ਛੇ ਮਹੀਨੇ ਤਕ ਮੁਕਦਮੇਂ ਹੁੰਦੇ ਰਹੇ। ਨਤੀਜਾ ਇਹ ਨਿਕਲਿਆ।

ਭਾਈ ਲਖਾ ਸਿੰਘ ਨੂੰ ੨ ਸਾਲ ਕੈਦ।
ਭਾਈ ਤੇਜਾ ਸਿੰਘ ਭੁਚਰ ੯ ਸਾਲ ਕੈਦ।
ਸ: ਤਾਰਾ ਸਿੰਘ ਠੇਠਰ ੧੧ ਸਾਲ ਕੈਦ।
ਲਹੌਰਾ ਸਿੰਘ, ਲਾਲ ਸਿੰਘ, ਉਜਾਗਰ ਸਿੰਘ ਬਰੀ।
ਮਲਵਈ ਜਥੇ ਨੂੰ ੨-੨ ਸਾਲ ਕੈਦ।

ਭਾਈ ਉਤਮ ਸਿੰਘ ਦਾ ਪੋਲੀਸ ਨੇ ਚਲਾਨ ਹੀ ਨਹੀਂ ਸੀ ਕੀਤਾ। ਝੱਬਰ ਨੂੰ ੧੮ ਸਾਲ ਕੈਦ ਹੋਈ। ੧੮ ਸਾਲ ਕੈਦ ਸੁਣਾ ਕੇ ਮਜਿਸਟਰੇਟ ਬੋਲਿਆ ਕਿ ਸ: ਕਰਤਾਰ ਸਿੰਘ ਝੱਬਰ ਦੇ ਖਿਲਾਫ ਮਿਸਲੇਂ ਤੋ ਔਰ ਭੀ ਹੈਂ ਮਗਰ ਅਬ ਕੈਦ ਬਹੁਤ ਲੰਬੀ ਹੋ ਗਈ ਹੈ ਮੁਝੇ ਅਫਸੋਸ ਹੈ। ਝੱਬਰ ਨੇ ਉਤਰ ਦਿਤਾ ਕਿਊ ਸਾਹਿਬ ਆਪ ਨੂੰ



Digitized by Panjab Digital Library | www.panjabdigilib.org

ਅਫਸੋਸ ਕਰਨ ਦੀ ਲੋੜ ਨਹੀਂ ਕਿਉਂਕਿ ਮੈਂ ਇਸਨੂੰ ਕੈਦ ਨਹੀਂ ਸਮਝਦਾ, ਮੈਂ ਕੋਈ ਜੁਰਮ ਨਹੀਂ ਕੀਤਾ, ਮੈਂ ਤਾਂ ਕੌਮ ਦੀ ਸੇਵਾ ਕੀਤੀ ਹੈ ਮੇਰੀ ਲੰਬੀ ਕੈਦ ਇਸਦਾ ਸਬੂਤ ਹੈ ਕਿ ਮੈਂ ਪੰਥ ਦੀ ਸਭ ਤੋਂ ਵੱਧ ਸੇਵਾ ਕੀਤੀ ਹੈ ਸਗੋਂ ਮੈਨੂੰ ਤਾ ਇਸਦਾ ਫਖ਼ਰ ਹੈ। ਆਪ ਇਸਦਾ ਬਿਲਕੁਲ ਅਫਸੋਸ ਨਾਂ ਕਰੋ।

ਪੰਜਵਾਂ ਮੁਕਦਮਾਂ ਭਾਈ ਤੇਜਾ ਸਿੰਘ ਭੁਚਰ ਜਥੇਦਾਰ ਅਤੇ ਝੱਬਰ ਤੇ ਸ੍ਰੀ ਤਰਨ ਤਾਰਨ ਦੇ ਹਾਦਸੇ ਦਾ ਭੀ ਸ੍ਰੀ ਅੰਮ੍ਰਿਤਸਰ ਕਚਹਿਰੀ ਵਿਚ ਕਾਨਰ ਸਾਹਿਬ ਅੰਗਰੇਜ਼ ਦੀ ਕਚਹਿਰੀ ਵਿਚ ਚਲਦਾ ਸੀ। ਇਨ੍ਹਾਂ ਦੋਵਾਂ ਅਤੇ ਸ: ਬਲਵੰਤ ਸਿੰਘ ਸੂਬੇਦਾਰ (ਇਹ ਫਟੜ ਹੋਇਆ ਸੀ) ਭਾਈ ਮੋਹਨ ਸਿੰਘ ਵੈਦ, ਸੁੰਦਰ ਸਿੰਘ, ਸੰਤ ਸਿੰਘ ਆਦਿ ਉਤੇ ਇਹ ਮੁਕਦਮਾਂ ਚਲਿਆ ਸੀ। ਇਸ ਵਿਚ ਝੱਬਰ ਨੇ ਆਪਣੇ ਬਿਆਨਾਂ ਵਿਚ ਅਖਰ ੨ ਅਸਲੀ ਅਸਲੀ ਗੱਲ ਕਰਕੇ ਦਸੀ। ਇਕ ਤਿਲ ਭਰ ਭੀ ਵਾਧਾ ਘਾਟਾ ਨਾਂ ਕੀਤਾ। ਅਖੀਰ ਫੈਸਲਾ ਹੋਇਆ ਤੇ ਇਨ੍ਹਾਂ ਵਿਚੋਂ ਸੂਬੇਦਾਰ ਬਲਵੰਤ ਸਿੰਘ ਨੂੰ ਢਾਈ ਸਾਲ ਕੈਦ ਹੋਈ ਤੇ ਬਾਕੀ ਸਾਰੇ ਬਰੀ ਹੋ ਗਏ ਤੇ ਪੁਜਾਰੀਆਂ ਨੂੰ ਸਜ਼ਾ ਹੋ ਗਈ। ਪੁਜਾਰੀ ਫਟੜ ਹੋਏ ਹੋਏ ਸੀ। ਪ੍ਰੰਤੂ ਇਧਰ ਅਕਾਲੀਆਂ ਵਿਚੋਂ ਕਿਸੇ ਨੂੰ ਕੋਈ ਨਿਸ਼ਾਨ ਨਹੀਂ ਸੀ। ਝੱਬਰ ਤੋਂ ਬਿਨਾਂ ਦੂਜੇ ਸਜਨ ਲੜਾਈ ਵਿਚ ਹਾਜ਼ਰ ਭੀ ਨਹੀਂ ਸੀ। ਭਾਈ ਹਜ਼ਾਰਾ ਸਿੰਘ ਤੇ ਹੁਕਮ ਸਿੰਘ ਸ਼ਹੀਦ ਹੋ ਗਏ ਸੀ। ਭਾਈ ਲਾਹੌਰਾ ਸਿੰਘ ਜਿਨਾਂ ਮਾਨਕ ਗੁਰਦਵਾਰੇ ਤੇ ਕਬਜ਼ਾ ਕੀਤਾ ਸੀ ਤੇ ਭਾਈ ਤੇਜਾ ਸਿੰਘ ਭੁਚਰ ਦਾ ਜਥਾ ਪਿੰਡ ਜੰਬਰ ਪੰਜਵੀ ਪਾਤਸ਼ਾਹੀ ਦੇ ਗੁਰਦਵਾਰੇ ਤੇ ਕਬਜ਼ਾ ਕਰਨ ਬਦਲੇ ਸਾਰੇ ਕਰੀਬਨ ੧੦੦ ਅਕਾਲੀ ਕੈਦ ਹੋਏ। ਸ: ਅਮਰ ਸਿੰਘ ਝਬਾਲ ਭੀ ੩ ਮਹੀਨੇ ਕੈਦ ਹੋਏ। ਝੱਬਰ ਤੇ ਭੁਚਰ ਤੋਂ ਬਿਨਾਂ ਜਿਨਾਂ ਤੇ ਸ੍ਰੀ ਤਰਨ ਤਾਰਨ ਦਾ ਮੁਕਦਮਾਂ ਚਲਦਾ ਸੀ ਤੇ ਜਿਨ੍ਹਾਂ ਨੂੰ ਬੋਸਟਲ ਜਿਹਲ ਲਾਹੌਰ ਵਿਚ ਰਖਿਆ ਗਿਆ ਸੀ ਇਥੋਂ ਇਹ ਸ੍ਰੀ ਅੰਮ੍ਰਿਤਸਰ ਜਾ ਕੇ ਤਰੀਕ ਭੁਗਤ ਦੇ ਸੀ। ਬਾਕੀ



Digitized by Panjab Digital Library | www.panjabdigilib.org

ਸਾਰੇ ਮੀਆਂ ਵਾਲੀ ਜਿਹਲ ਵਿਚ ਘਲੇ ਗਏ ਸੀ। ਇਨਾਂ ਦੇ ਸਜਾ ਹੋ ਜਾਣ ਤੋਂ ਪਿਛੋਂ ਸਾਰੇ ਪੰਜਾਬ ਵਿਚ ਕਿਸੇ ਜਥੇ ਨੇ ਕਿਸੇ ਗੁਰਦਵਾਰੇ ਤੇ ਕਬਜ਼ਾ ਨਹੀਂ ਕੀਤਾ। ਲੀਡਰ ਭੀ ਚੁਪ ਹੋ ਗਏ ਅਤੇ ਇਹ ਲਹਿਰ ਲਗ ਭਗ ਖਤਮ ਹੋ ਗਈ ਸੀ। ਗਰਮੀਆਂ ਦੀ ਰੁਤ ਸੀ ਵਡੇ ਵਡੇ ਅਫਸਰ ਸਾਰੇ ਸ਼ਿਮਲੇ ਚਲੇ ਗਏ ਸੀ। ੬ ਮਹੀਨੇ ਬਾਦ ਚੀ: ਖਾ: ਦੀ: ਪਾਰਟੀ ਖਾਸ ਕਰਕੇ ਸ: ਸੁੰਦਰ ਸਿੰਘ ਮਜੀਠਾ ਤੇ ਸ: ਜੋਗਿੰਦਰ ਸਿੰਘ ਜੀ ਰਸੂਲਪੁਰੀਆਂ ਨੇ ਵਡੇ ਅਫਸਰਾਂ ਨੂੰ ਮਿਲ ਮਿਲਾ ਕੇ ਸਾਰੇ ਅਕਾਲੀ ਬਰੀ ਕਰਾਉਣ ਦਾ ਹੁਕਮ ਲਿਆ।

ਇਨ੍ਹਾਂ ਸਾਰਿਆਂ ਤੇ ਗਵਰਨਮੈਂਟ ਨੇ ਇਹ ਸ਼ਰਤ ਲਾਈ ਸੀ ਕਿ ਕਿਸੇ ਗੁਰਦਵਾਰੇ ਤੇ ਜਬਰਨ ਕਬਜ਼ਾ ਨਹੀਂ ਕਰਨਾ ਤੇ ਨੇਕ ਚਲਨ ਰਹਿਨਾ। ਝੱਬਰ ਜੀ ਤੇ ਇਨਾਂ ਦੇ ਸਾਥੀਆਂ ਨੂੰ ਬੋਸਟਲ ਜਿਹਲ ਦੀ ਡਿਉਡੀ ਵਿਚ ਬੁਲਾਇਆ ਗਿਆ। ੩ ਸਿਖ ਲੀਡਰ ਸ: ਸੇਵਾ ਰਾਮ ਸਿੰਘ ਜੀ, ਸ: ਦਸੌਂਧਾ ਸਿੰਘ ਜੀ ਅਤੇ ਸ: ਅਮਰ ਸਿੰਘ ਜੀ ਐਡੀਟਰ ਡਿਉਡੀ ਵਿਚ ਆਏ ਹੋਏ ਸੀ। ਸ਼ਰਤਾਂ ਸੁਨ ਕੇ ਝੱਬਰ ਹੋਰਾਂ ਮੰਨਣ ਤੋਂ ਇਨਕਾਰ ਕਰ ਦਿਤਾ। ਇਨ੍ਹਾਂ ਸਿਖ ਲੀਡਰਾਂ ਨੇ ਕਿਹਾ ਕਿ "ਤੁਸੀਂ ਨਿਕੰਮਾਂ ਹੱਠ ਨਾ ਕਰੋ ਇਡੀ ਲੰਮੀ ਕੈਦ ਵਾਲੇ ਕੈਦੀ ਰਿਹਾ ਹੋ ਜਾਣੇ ਬੜੀ ਕਾਮਯਾਬੀ ਹੈ। ਹੁਣ ਤੇ ਕਬਜ਼ੇ ਕਰਨ ਦੀ ਲੋੜ ਹੀ ਨਹੀਂ ਰਹਿ ਜਾਨੀ ਗੁਰਦਵਾਰਾ ਕਾਨੂੰਨ ਬਣ ਜਾਣਾ ਹੈ ਅਤੇ ਗੁ: ਪ੍ਰ: ਕ: ਨੇ ਭੀ ਪਾਸ ਕੀਤਾ ਹੋਇਆ ਹੈ ਕਿ ਕੋਈ ਜਥਾ ਕਿਸੇ ਗੁਰਦਵਾਰੇ ਤੇ ਕਬਜ਼ਾ ਨਾ ਕਰੇ। ਬਾਹਰ ਤੁਹਾਡੀ ਗ੍ਰਿਫਤਾਰੀ ਤੋਂ ਬਾਅਦ ਕੰਮ ਤਾਂ ਬਿਲਕੁਲ ਢਿੱਲਾ ਪੈ ਗਿਆ ਹੈ। ਸ: ਸੇਵਾਰਾਮ ਸਿੰਘ ਨੇ ਸ: ਜੋਗਿੰਦਰ ਸਿੰਘ ਜੀ ਨੂੰ ਫ਼ੋਨ ਕੀਤਾ। ਉਨ੍ਹਾਂ ਗੱਲ ਕਰਨ ਲਈ ਕਿਹਾ ਸ: ਜੋਗਿੰਦਰ ਸਿੰਘ ਜੀ ਨੇ ਝੱਬਰ ਨੂੰ ਕਿਹਾ "ਹਾਲ ਤੁਸੀਂ ਇਨਕਾਰ। ਨਾ ਕਰੋ ਬਾਹਰ ਆਵੋ ਅਸੀਂ ਥੋੜੇ ਚਿਰ ਪਿਛੋਂ ਸ਼ਰਤਾਂ ਹਟਾ ਲਵਾਂਗੇ।" ਝੱਬਰ ਨੇ ਭੁਚਰ ਨਾਲ ਸਲਾਹ ਕੀਤੀ ਕਿ ਸ਼ਰਤਾਂ ਮੰਨ ਲਈਆਂ ਜਾਨ ਜਾਂ ਨਾਂ। ਬਾਹਰ ਅਕਾਲੀ ਲਹਿਰ ਬਿਲਕੁਲ ਖਤਮ ਹੋ ਗਈ ਹੈ। ਬਾਹਰ



Digitized by Panjab Digital Library | www.panjabdigilib.org

ਚੱਲ ਕੇ ਕੰਮ ਸ਼ੁਰੂ ਕਰਾਂਗੇ ਤੇ ਫਿਰ ਸ਼ਰਤਾਂ ਤੋੜ ਕੇ ਜਿਹਲ ਵਿਚ ਆ ਜਾਵਾਂਗੇ, ਲੋਕਮਾਨੀਆਂ ਤਿਲਕ ਵੀ ਤਾਂ ਸ਼ਰਤਾਂ ਮੰਨ ਕੇ ਜਿਹਲੋਂ ਬਾਹਰ ਆ ਗਏ ਸਨ, ਫਿਰ ਕੰਮ ਸ਼ੁਰੂ ਕਰ ਦਿੱਤਾ ਸੀ ਅਤੇ ਸ਼ਰਤਾਂ ਤੋੜ ਕੇ ਫਿਰ ਜਿਹਲ ਚਲੇ ਗਏ ਸੀ।"

ਚੁਨਾਂਚਿ ਝੱਬਰ ਤੇ ਭੁਚਰ ਨੇ ਲੀਡਰਾਂ ਦੀ ਗੱਲ ਮੰਨ ਲੈਣ ਦਾ ਫੈਸਲਾ ਕੀਤਾ ਤੇ ਗ੍ਰਿਫਤਾਰੀ ਤੋਂ ਤਕਰੀਬਨ ਪੰਜ ਮਹੀਨੇ ਮਗਰੋਂ ਬਾਹਰ ਆ ਗਏ। ਇਹ ਸ੍ਰੀ ਅੰਮ੍ਰਿਤਸਰ ਗੁ: ਪ੍ਰ: ਕਮੇਟੀ ਵਿਚ ਪੁਜੇ, ਕਮੇਟੀ ਦੀ ਮੀਟਿੰਗ ਹੋਈ। ਕੁਝ ਮੈਂਬਰ ਇਨ੍ਹਾਂ ਦੇ ਹੱਕ ਵਿਚ ਤੇ ਕੁਝ ਖਿਲਾਫ਼ ਰਹੇ। ਮੀਟਿੰਗ ਤੋਂ ਪਿਛੋਂ ਭੁਚਰ ਦੀ ਸ: ਖੜਕ ਸਿੰਘ ਦੇ ਗਿ: ਸ਼ੇਰ ਸਿੰਘ ਨਾਲ ਤੂੰ ਤੂੰ, ਮੈਂ ਮੈਂ ਅੱਛੀ ਗਰਮਾਂ ਗਰਮ ਹੋਈ। ਇਨਾਂ ਕਿਹਾ ਤੁਸੀਂ ਸਾਨੂੰ ਆਖਦੇ ਹੋ ਕਿ ਸ਼ਰਤਾਂ ਕਿਉਂ ਮੰਨੀਆਂ, ਤੁਸਾਂ ਸਾਡੇ ਪਿਛੋਂ ਕਿਹੜੀ ਖੋਹਣ ਖੁਭੀ, ਚੁਪ ਕਰਕੇ ਘਰੀਂ ਜਾ ਬੈਠੇ, ਤੁਸਾਂ ਅਕਾਲੀ ਲਹਿਰ ਹੀ ਮਾਰ ਦਿਤੀ। ਇਸ ਲੜਾਈ ਦਾ ਨਤੀਜਾ ਇਹ ਹੋਇਆ ਕਿ ਅਗਲੀ ਭਲਕ ਉਚੇਚੀ ਮੀਟਿੰਗ ਵਿਚ ਕਮੇਟੀ ਨੇ ਨਵੇਂ ਕਬਜ਼ੇ ਕਰਨੇ ਪਾਸ ਕਰ ਕੇ ਖੜਕ ਸਿੰਘ ਨੇ ਗੁਰਦਵਾਰਾ ਤੇਜੇ ਜ਼ਿਲਾ, ਗੁਰਦਾਸਪੁਰ ਦਾ ਕਬਜ਼ਾ ਕਰ ਲੀਤਾ ਤੇ ਨਾਲ ਹੀ ਗੁਰਦੁਆਰਾ ਹੋਟੀਆਂ ਤੇ ਕਬਜ਼ਾ ਹੋ ਗਿਆ।

ਬੋਸਟਨ ਜਿਹਲ ਵਿਚ ਹੁੰਦਿਆਂ ਇਕ ਦਿਨ ਝੱਬਰ ਦੀ ਮੁਲਾਕਾਤ ਭਾਈ ਉਤਮ ਸਿੰਘ ਜੀ ਦੇ ਛੋਟੇ ਭਾਈ ਬੇਅੰਤ ਸਿੰਘ ਜੀ ਨੇ ਕੀਤੀ। ਉਸ ਨੇ ਇਕ ਨਵੀਂ ਅਖਬਾਰੀ ਖਬਰ ਦਸੀ ਕਿ ਪਰਸੋਂ ਤਰਨ ਤਾਰਨ ਡਿਪਟੀ ਕਮਿਸ਼ਨਰ ਬਾਜ਼ਾਰ ਵਿਚ ਗਿਆ ਅਗੋਂ ਇਕ ਸਿੰਘ ਕਾਲੀ ਪਗ ਬੰਨੀ ਆ ਰਿਹਾ ਸੀ। ਸਾਹਿਬ ਨੂੰ ਕਾਲੀ ਪੱਗ ਵੇਖ ਕੇ ਗੁਸਾ ਚੜ੍ਹ ਗਿਆ ਤੇ ਪੁਛਿਆ ਯੇਹਿ ਕੌਣ ਹੈ? ਨਾਲ ਹੀ ਥਾਨੇਦਾਰ ਘੋੜੇ ਤੇ ਜਾ ਰਿਹਾ ਸੀ। ਉਸ ਨੇ ਕਿਹਾ ਹਜ਼ੂਰ ਇਹ ਆਦਮੀ ਪਿੰਡ ਪੜੋਰੀ ਦਾ ਨੰਬਰਦਾਰ ਤੇਜਾ ਸਿੰਘ ਹੈ। ਸਾਹਿਬ ਨੇ ਹੁਕਮ ਦਿਤਾ ਕਿ ਇਸ



Digitized by Panjab Digital Library | www.panjabdigilib.org

ਦੀ ਪਗੜੀ ਉਤਾਰ ਲੋ ਅਤੇ ਕੋਈ ਅ ਦਮੀ ਐਸੀ ਪਗੜੀ ਮਤ ਬੰਧੇ। ਇਹ ਈਸਟਰ ਦੀਆਂ ਛੁਟੀਆਂ ਦੇ ਦਿਨ ਸੀ ਤੇ ਸਿਖ ਐਜੂਕੇਸ਼ਨ ਕਾਨਫ੍ਰੰਸ ਦਾ ਸਾਲਾਨਾ ਸਮਾਗਮ ਹੁਸ਼ਿਆਰ ਪੁਰ ਹੋ ਰਿਹਾ ਸੀ। ਇਸ ਦੇ ਪ੍ਰਧਾਨ ਪ੍ਰੋ: ਜੋਧ ਸਿੰਘ ਜੀ ਸਨ। ਝੱਬਰ ਨੇ ਭਾਈ ਬੇਅੰਤ ਸਿੰਘ ਨੂੰ ਪਕੀ ਕੀਤੀ ਕਿ ਤੂੰ ਹੁਣੇ ਹੀ ਵਡੇ ਡਾਕਖਾਨੇ ਪੁਜ ਕੇ ਐਜੂਕੇਸ਼ਨਲ ਕਾਨਫ੍ਰੰਸ ਦੇ ਪ੍ਰਧਾਨ ਦੇ ਨਾਮ ਤੇ ਝੱਬਰ ਤੇ ਭੁਚਰ ਵਲੋਂ ਤਾਰ ਦੇ ਦੇਹ ਕਿ ਗੁਰਮਤਾ ਪਾਸ ਕੀਤਾ ਜਾਵੇ ਕਿ ਜੋ ਕੋਈ ਗੁਰੂ ਕਾ ਸਿਖ ਹੈ ਉਹ ਸਭ ਕਾਲੀਆਂ ਪੱਗਾਂ ਬੰਨਣ। ਇਹ ਮਤਾ ਪੇਸ਼ ਹੋ ਕੇ ਪਾਸ ਹੋ ਗਿਆ। ਅਖਬਾਰਾਂ ਵਿਚ ਪੜ੍ਹਦੇ ਸਾਰ ਸਾਰੇ ਪੰਜਾਬ ਵਿਚ ਹੀ ਅਕਾਲੀਆਂ ਨੇ ਕਾਲੀਆਂ ਪੱਗਾਂ ਰੰਗ ਕੇ ਬੰਨ੍ਹ ਲਈਆਂ ਅਤੇ ਇਸ ਤੋਂ ਬਾਦ ਜਿਥੇ ਕਿਤੇ ਦੀਵਾਨ ਹੋਵੇ ਉਥੇ ਹੀ ਪ੍ਰਬੰਧਕ ਕੜਾਹੇ ਵਿਚ ਕਾਲਾ ਰੰਗ ਕਾਹੜ ਛੱਡਣ ਅਤੇ ਆਏ ਨੌਜੁਆਨ ਪੱਗਾਂ ਕਾਲੀਆਂ ਕਰ ਕੇ ਘਰੀਂ ਜਾਣ।

ਸ੍ਰੀ ਦਰਬਾਰ ਸਾਹਿਬ ਜੀ ਦੀਆਂ ਚਾਬੀਆਂ ਗੁਰਦਵਾਰਾ ਤੇਜੇ ਤੇ ਕਬਜ਼ਾ ਕਰਨ ਲਈ ਤਾਂ ਕਮੇਟੀ ਨੇ ਪਾਸ ਕੀਤਾ ਸੀ ਪਰ ਕੋਲ ਹੀ ਕੋਹ ਤੇ ਹੋਟੀਆਂ ਤੇ ਸਿੰਘਾਂ ਦੇ ਇਕ ਜਥੇ ਨੇ ਆਪੇ ਹੀ ਕਬਜ਼ਾ ਕਰ ਲਿਆ। ਕਮੇਟੀ ਨੇ ਇਹ ਭੀ ਪਾਸ ਕੀਤਾ ਕਿ ਸ: ਸੁੰਦਰ ਸਿੰਘ ਜੀ ਰਾਮ ਗੜ੍ਹੀਆ ਪਾਸੋਂ (ਜੋ ਸ੍ਰੀ ਦਰਬਾਰ ਸਾਹਿਬ ਦਾ ਅਰੂੜ ਸਿੰਘ ਦੀ ਥਾਂਇ ਸਰਬਰਾਹ ਬਣਿਆ ਸੀ ਅਤੇ ਦਰਬਾਰ ਸਾਹਿਬ ਦੇ ਕਬਜ਼ੇ ਸਮੇਂ ਝੱਬਰ ਜੀ ਤ ਭੁਚਰ ਜੀ ਦੇ ਇਹ ਖਿਆਲ ਕਰ ਕੇ ਕਿ ਇਹ ਰੁਪੇ ਪੈਸੇ ਦੇ ਹਿਸਾਬ ਕਿਤਾਬ ਦਾ ਮੁਆਮਲਾ ਹੈ ਚਾਬੀਆਂ ਨਹੀਂ ਸਨ ਲਈਆਂ ਕਿ ਆਪੇ ਪੰਥ ਦੀ ਕਮੇਟੀ ਬਣੇਗੀ ਤੇ ਚਾਬੀਆਂ ਫਿਰ ਲਵਾਂਗੇ, ਸੋ ਹਾਲ ਚਾਬੀਆਂ ਸਰਬਰਾਹ ਪਾਸ ਹੀ ਸਨ।) ਚਾਬੀਆਂ ਲੈ ਲਈਆਂ ਜਾਣ ਸੋ ਕਮੇਟੀ ਨੇ ਚਾਬੀਆਂ ਮੰਗੀਆਂ ਪਰ ਸਰਬਰਾਹ ਨੇ ਦੇਣ ਤੋਂ ਇਨਕਾਰ ਕੀਤਾ ਤੇ ਡਿਪਟੀ ਕਮਿਸ਼ਨਰ ਨੂੰ ਕਿਹਾ ਕਿ ਮੇਰੇ ਕੋਲੋਂ ਕਮੇਟੀ ਚਾਬੀਆਂ ਮੰਗਦੀ ਹੈ। ਡਿਪਟੀ ਕਮਿਸ਼ਨਰ ਨੇ ਉਸੇ ਵੇਲੇ ਸਿਟੀ ਮਜਿਸਟਰੇਟ ਨੂੰ ਚਾਬੀਆਂ



Digitized by Panjab Digital Library | www.panjabdigilib.org

ਆਪਣੇ ਕਬਜ਼ੇ ਕਰ ਲੈਣ ਲਈ ਕਿਹਾ ਤੇ ਉਹ ਤ੍ਰਕਾਲਾਂ ਵੇਲੇ ਹੀ ਆ ਕੇ ਚਾਬੀਆਂ ਲੈ ਗਿਆ। ਚਾਬੀਆਂ ਦੇਣ ਉਪਰੰਤ ਸ: ਸੁੰਦਰ ਸਿੰਘ ਸਰਬਰਾਹੀ ਨੇ ਅਸਤੀਫਾ ਦੇ ਦਿਤਾ। ਕਮੇਟੀ ਵਲੋਂ ਚਾਬੀਆਂ ਸਬੰਧੀ ਸਾਰਾ ਮੁਆਮਲਾ ਪ੍ਰਕਾਸ਼ਤ ਕਰ ਦਿਤਾ ਗਿਆ ਤਾਂ ਸਾਰੇ ਪੰਜਾਬ ਵਿਚ ਖਾਲਸੇ ਵਿਚ ਜੋਸ਼ ਫੈਲ ਗਿਆ। ਥਾਂ ਥਾਂ ਜਲਸੇ ਹੋਣ ਲਗੇ। ਸਰਕਾਰ ਪੰਜਾਬ ਨੇ ਇਸਦੇ ਮੁਕਾਬਲੇ ਤੇ ਸਿਖਾਂ ਨੂੰ ਆਪਨੇ ਖਿਆਲਾਂ ਮਗਰ ਲਾਉਣ ਲਈ ਡਿਪਟੀ ਕਮਿਸ਼ਨਰਾਂ ਨੂੰ ਪਿੰਡ ੨ ਦੌਰਾ ਕਰਨ ਦਾ ਹੁਕਮ ਦਿਤਾ। ਅਜਨਾਲਾ ਜ਼ਿਲਾ ਅੰਮ੍ਰਿਤਸਰ ਵਿਚ ਡਿਪਟੀ ਕਮਿਸ਼ਨਰ ਨੇ ਆਪਣਾ ਜਲਸਾ ਰਖਿਆ। ਗੁ: ਪ੍ਰ: ਕਮੇਟੀ ਨੇ ਭੀ ਮੁਕਾਬਲੇ ਤੇ ਦੀਵਾਨ ਲਾਇਆ। ਸਪੀਚਾਂ ਸ਼ੁਰੂ ਹੋਈਆਂ। ਏਥੇ ਅਕਾਲੀ ਲੀਡਰਾਂ ਨੇ ਪੁਜ ਕੇ ਤਕਰੀਰਾਂ ਕੀਤੀਆਂ। ਸ: ਖੜਕ ਸਿੰਘ, ਸ: ਤੇਜਾ ਸਿੰਘ ਸਮੁੰਦਰੀ, ਸ: ਬ: ਮਤਾਬ ਸਿੰਘ, ਭਗਤ ਜਸਵੰਤ ਸਿੰਘ ਆਦਿ ਪੁਜੇ ਹੋਏ ਸਨ। ਇਹ ਸਭ ਗ੍ਰਿਫਤਾਰ ਕੀਤੇ ਗਏ।

ਇਸੇ ਮੌਕਿਆਂ ਤੇ ਬੁਗਿਆਨਾ ਜ਼ਿਲਾ ਲਾਹੌਰ ਵਿਚੋਂ ਭਾਈ ਹਰਬੰਸ ਸਿੰਘ ਜੀ ਤੇ ਉਨ੍ਹਾਂ ਦੇ ਨਾਲ ਕੁਝ ਸਿੰਘ ਸਚੇ ਸੌਦੇ ਪੁਜੇ ਤੇ ਕਿਹਾ ਕਿ ਅਸਾਂ ਅੰਮ੍ਰਿਤ ਛਕਨਾਂ ਹੈ। ਨੱਕੇ ਵਿਚ ਬੁਗਿਆਨੇ ਅੰਮ੍ਰਿਤ ਪ੍ਰਚਾਰ ਕੀਤਾ ਜਾਵੇ। ਝੱਬਰ ਜੀ ਨੇ ਭਾਈ ਲਾਭ ਸਿੰਘ ਜੀ ਭਿਖੀ ਨੂੰ ਬਗਿਆਨੇ ਘਲਿਆ ਕਿ ਤੂੰ ਚਲ ਕੇ ਪ੍ਰਬੰਧ ਕਰ। ਲੋਕਾਂ ਨੂੰ ਤਿਆਰ ਕਰਕੇ ਸਾਨੂੰ ਪਤਾ ਦੇਣਾ, ਫਿਰ ਜਥਾ ਬਗਿਆਨੇ ਪੁਜ ਕੇ ਅੰਮ੍ਰਿਤ ਛਕਾਏਗਾ। ਭਾਈ ਲਾਭ ਸਿੰਘ ਭਿਖੀ ਉਥੇ ਪੁਜੇ, ਤਿਆਰੀ ਹੋਈ। ਬੁਗਿਆਨੇ ਪੁਜੇ ਤੇ ਅੰਮ੍ਰਿਤ ਪ੍ਰਚਾਰ ਹੋਇਆ। ੨੦੦ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। ਅਗਲੇ ਭਲਕ ਸਵੇਰੇ ਆਸਾ ਜੀ ਦੀ ਵਾਰ ਲਗੀ ਹੋਈ ਸੀ, ਦੀਵਾਨ ਭਰਿਆ ਹੋਇਆ ਸੀ, ਅਮਨ ਤੇ ਸ਼ਾਂਤੀ ਨਾਲ ਹੋ ਰਹੇ ਦੀਵਾਨ ਨੂੰ ਇਕੋ ਵਾਰ ਗੋਰਾ ਫੌਜ ਨੇ ਆ ਘੇਰਾ ਪਾਇਆ। ਪਿੰਡਾਂ ਦੇ ਅਨਜਾਣ ਲੋਕ ਇਹ ਵੇਖ ਕੇ ਘਬਰਾ



Digitized by Panjab Digital Library | www.panjabdigilib.org

ਗਏ। ਝੱਬਰ ਨੇ ਰਾਗੀ ਸਿੰਘਾਂ ਨੂੰ ਬੰਦ ਕਰਕੇ ਉਠ ਕੇ ਪੰਜ ਮਿੰਟ ਤਕਰੀਰ ਕੀਤੀ, ਤੇ ਲੋਕਾਂ ਨੂੰ ਸਮਝਾਇਆ ਕਿ ਪਤਾ ਨਹੀਂ ਕੀ ਗੱਲ ਹੈ, ਫੌਜ ਕਿਉਂ ਆਈ ਹੈ, ਤੁਸੀਂ ਘਬਰਾਉ ਨਹੀਂ। ਇਹ ਆਏ ਹਨ ਜੋ ਕੁਝ ਇਨ੍ਹਾਂ ਨੇ ਕਰਨਾਂ ਹੈ, ਕਰਨਾਂ ਹੀ ਹੈ। ਚੁਪ ਚਾਪ ਬੈਠੇ ਗੁਰੂ ਜਸ ਸੁਣੋ। ਇਹ ਲੈਕਚਰ ਡਿਪਟੀ ਕਮਿਸ਼ਨਰ ਲਾਹੌਰ ਸਾਹਮਣੇ ਖਲੋਤਾ ਸੁਣ ਰਿਹਾ ਸੀ। ਜਦ ਲੈਕਚਰ ਖਤਮ ਹੋਇਆ ਤਾ ਡਿਪਟੀ ਕਮਿਸ਼ਨਰ, ਫੈਰਰ ਸਾਹਿਬ ਨੇ ਝੱਬਰ ਨੂੰ ਬਾਹਰ ਬੁਲਾਇਆ। ਏਥੇ ਤਸੀਲਦਾਰ, ਇਨਸਪੈਕਟਰ ਪੁਲੀਸ, ਇਲਾਕਾ ਮਜਿਸਟ੍ਰੇਟ, ਥਾਨੇਦਾਰ ਅਤੇ ਹੋਰ ਅਫਸਰ ਭੀ ਖਲੋਤੇ ਸਨ। ਜਦ ਝੱਬਰ ਸਾਮਨੇ ਜਾ ਖਲੋਤਾ ਤਾਂ ਫੈਰਰ ਸਾਹਿਬ ਡਿ: ਕਮਿਸ਼ਨਰ ਨੇ ਬੜੇ ਗੁਸੇ ਤੇ ਰੋਹ ਨਾਲ ਕਿਹਾ, "ਦੇਖੋ ਸਰਦਾਰ ਸਾਹਿਬ ਯਹਾਂ ਜਲਸੇ ਮੇਂ ਅੰਗਰੇਜ਼ੋਂ ਕੋ ਬੰਦਰ ਔਰ ਸੂਰ ਕਹਾ ਗਿਆ ਹੈ। ਹਮਾਰੀ ਗੌਰਮਿੰਟ ਕੇ ਖਲਾਫ ਬੜਾ ਭਾਰੀ ਐਜੀਟੇਸ਼ਨ ਕੀਆ ਗਿਆ ਹੈ।" ਉਤਰ ਵਿੱਚ ਝੱਬਰ ਨੇ ਧੀਰਜ ਨਾਲ ਡਿ: ਕ: ਨੂੰ ਸਮਝਾਇਆ, ਕਿ ਸਾਹਿਬ ਇਹ ਸਾਰੀ ਗੱਲ ਗ਼ਲਤ ਹੈ, ਸਾਡੇ ਦੀਵਾਨ ਵਿਚ ਸਰਕਾਰ ਦੇ ਖਿਲਾਫ ਕੁਝ ਨਹੀਂ ਕਿਹਾ ਗਿਆ ਅਤੇ ਨਾ ਹੀ ਕਿਸੇ ਪ੍ਰਚਾਰਕ ਨੇ ਅੰਗਰੇਜ਼ ਨੂੰ ਬੰਦਰ ਜਾਂ ਸੂਰ ਕਿਹਾ ਹੈ। ਮੈਂ ਕੱਲ ਦਾ ਏਥੇ ਆਇਆ ਹੋਇਆ ਹਾਂ, ਲੈਕਚਰ ਮੈਂ ਹੀ ਆ ਕੇ ਪਰੋਗਰਾਮ ਬਨਾ ਕੇ ਸ਼ੁਰੂ ਕਰਾਏ ਹਨ, ਤੁਹਾਨੂੰ ਖਬਰ ਦੇਨੇ ਵਾਲੇ ਨੇ ਗਲਤ ਕਿਹਾ ਹੈ, ਅਸੀਂ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਚਾਬੀਆਂ ਸਰਕਾਰ ਤੋਂ ਵਾਪਸ ਲੈਣ ਲਈ ਲੈਕਚਰ ਕੀਤੇ ਹਨ ਤੇ ਅੱਜ ਰੇਜ਼ੂਲੇਸ਼ਨ ਭੀ ਪਾਸ ਕਰਨਾਂ ਹੈ।

ਡਿਪਟੀ ਨੇ ਮੌਜੂਦਾ ਅਫਸਰਾਂ ਨੂੰ ਕਿਹਾ ਕਿ ਜਵਾਬ ਦੋ ਤਾਂ ਇਨਸ-ਪੈਕਟਰ ਪੁਲੀਸ ਨੇ ਕਿਹਾ, ਹਾਂ ਸਾਹਿਬ ਇਸ ਦੀਵਾਨ ਵਿਚ ਕਿਸੀ ਨੇ ਨਹੀਂ ਕਿਹਾ, ਉਹ ਤਾਂ ਨਗਰ ਕੀਰਤਨ ਵਿਚ ਇਕ ਸ਼ਖਸ਼ ਨੇ ਤਕਰੀਰ ਕੀਤੀ ਸੀ। ਝੱਬਰ ਨੇ ਕਿਹਾ ਉਸੇ ਆਦਮੀ ਨੂੰ ਗ੍ਰਿਫਤਾਰ ਕਰ ਲਵੋ, ਸਾਨੂੰ ਕੋਈ ਇਤਰਾਜ਼ ਨਹੀਂ। ਇਹ ਇੱਕ ਵਰੰਟੀ ਭਗੌੜਾ ਨੌਜੁਆਨ ਸੀ ਜੋ ਕਵਿਤਾ ਪੜ੍ਹ ਕੇ ਨੱਸ



Digitized by Panjab Digital Library | www.panjabdigilib.org

ਗਿਆ ਸੀ। ਗਲ ਸੁਨ ਕੇ ਫੈਰਰ ਸਾਹਿਬ ਠੰਡਾ ਹੋ ਗਿਆ ਤੇ ਝੱਬਰ ਸਾਹਿਬ ਨੇ ਕਿਹਾ ਕਿ ਆਪ ਦੀਵਾਨ ਤੋਂ ਫੌਜ ਦਾ ਪਹਿਰਾ ਹਟਾ ਲਵੇ। ਪਹਿਰਾ ਹਟ ਗਿਆ ਤਾਂ ਝੱਬਰ ਨੇ ਚਾਬੀਆਂ ਸੰਬੰਧੀ ਫਿਰ ਇਕ ਘੰਟਾ ਤਕਰੀਰ ਕੀਤੀ। ਡੀ. ਸੀ. ਨੇ ਸੁਣੀ। ਡਿਪਟੀ ਕਮਿਸ਼ਨਰ ਨੇ ੩੫ ਆਦਮੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ। ਝੱਬਰ ਨੇ ਕਿਹਾ 'ਸਾਹਿਬ ਬਹਾਦਰ ਨਾਮ ਬੋਲਨ, ਜਿਸ ਆਦਮੀ ਨੂੰ ਗ੍ਰਿਫਤਾਰ ਕਰਨਾ ਚਾਹੁਣ, ਉਹ ਹਜ਼ਾਰ ਹੋ ਜਾਵੇਗਾ।" ਤਸੀਲ-ਦਾਰ ਨੇ ਨਾਮ ਬੋਲਨੇ ਸ਼ੁਰੂ ਕੀਤੇ। ਜਿਸ ਦਾ ਨਾਮ ਬੋਲੇ ਉਹ ਹੀ ਉਠ ਕੇ ਸਾਹਿਬ ਦੇ ਪਾਸ ਜਾ ਖਲੋਵੇ। ੩੦ ਆਦਮੀ ਪਿੰਡ ਦੇ ਹੀ ਜਿੰਨ੍ਹਾਂ ਨੇ ਇਹ ਜਲਸਾ ਕੀਤਾ ਸੀ ਗ੍ਰਿਫਤਾਰ ਹੋਏ।

ਤੀਜੇ ਦਿਨ ਨੂੰ ਗੌਰਮਿੰਟ ਨੇ ਚਾਬੀਆਂ ਦੇ ਦਿਤੀਆਂ ਤੇ ਸਿੰਘ ਭੀ ਰਿਹਾ ਕਰ ਦਿਤੇ। ਇਹ ਭੀ ਰਿਹਾ ਹੋ ਕੇ ਘਰ ਆ ਗਏ। ਪੰਥ ਵਿਚ ਇਸ ਵੇਲੇ ਏਡਾ ਇਤਫਾਕ ਸੀ ਕਿ ਬਾਵਜੂਦ ਗਵਰਨਮੈਂਟ ਦੇ ਬੜੀ ਕੋਸ਼ਿਸ਼ ਕਰਨ ਦੇ ਕਿਸੇ ਸਿੰਘ ਨੇ ਦਰਬਾਰ ਸਾਹਿਬ ਦਾ ਸਰਾਬਰਾਹ ਬਨਨਾ ਪ੍ਰਵਾਨ ਨ· ਕੀਤਾ। ਇਕ ਸਰਦਾਰ ਬਹਾਦਰ ਸਿੰਘ ਪੈਨਸ਼ਨਰ ਰਸਾਲਦਾਰ ਪਿੰਡ ਘਵਿੰਡ ਨੂੰ ਚਾਬੀਆਂ ਦੇ ਕੇ ਸਰਬ੍ਰਾਹ ਬਨਾਇਆ ਪਰ ਉਹ ਭੀ ਬਦਨਾਮੀ ਤੋਂ ਡਰਦਾ ਚਾਬੀਆਂ ਵਾਪਸ ਕਰ ਗਿਆ। ਜਦ ਕੋਈ ਸਿਖ ਚਾਬੀਆਂ ਲੈਣ ਲਈ ਤਿਆਰ ਨਾ ਹੋਇਆ ਤਾਂ ਅਖੀਰ ਚਾਬੀਆਂ ਭਰੇ ਦੀਵਾਨ ਵਿਚ ਗੁ: ਪ੍ਰ: ਕ: ਦੇ ਪ੍ਰਧਾਨ ਸ: ਖੜਕ ਸਿੰਘ ਨੂੰ ਸਿਟੀ ਮਜਿਸਟਰੇਟ ਨੇ ਪੰਥ ਦੀ ਮੰਗ ਅਨੁਸਾਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਹਾਜ਼ਰ ਹੋ ਕੇ ਦਿਤੀਆਂ।

## ਗੁਰੂ ਕੇ ਬਾਗ ਦਾ ਮੋਰਚਾ

ਮਹੰਤ ਸੁੰਦਰ ਦਾਸ ਗੁਰੂ ਕੇ ਬਾਗ ਵਾਲੇ ਦੀ ਜਿਹੜੀ ਲਿਖਤ ਸ: ਅਮਰ ਸਿੰਘ ਝਬਾਲ ਨੇ ਕਬਜ਼ਾ ਕਰਨ ਗਿਆਂ ਝੱਬਰ ਨੂੰ ਦਿਤੀ ਸੀ ਉਹ ਝੱਬਰ ਨੇ ਗੁ: ਪ੍ਰ: ਕ: ਦੇ ਪ੍ਰਧਾਨ ਨੂੰ ਦੇ ਦਿਤੀ ਸੀ। ਸੁਨਣ



Digitized by Panjab Digital Library | www.panjabdigilib.org

ਵਿੱਚ ਆਇਆ ਹੈ ਕਿ ਉਹ ਲਿਖਤ ਗੁਰੂ ਕੇ ਬਾਗ਼ ਦੇ ਮਹੰਤ ਨੇ ਕਿਸੇ ਦੀ ਰਾਹੀਂ ਇਕ ਕਲੱਰਕ ਨੂੰ ੫੦੦ ਰੁਪੈ ਦੇ ਕੇ ਕਮੇਟੀ ਦੇ ਦਫਤਰ ਵਿਚੋਂ ਚੋਰੀ ਕਰ ਲਈ ਅਤੇ ਅਕਾਲੀ ਸੇਵਾਦਾਰਾਂ ਨਾਲ ਛੇੜਖਾਨੀ ਸ਼ੁਰੂ ਕਰ ਦਿਤੀ। ੮ ਅਗਸਤ ੧੯੨੨ ਨੂੰ ਸਿੰਘ ਲੰਗਰ ਲਈ ਗੁਰੂ ਕੇ ਬਾਗ਼ ਦੀ ਜ਼ਮੀਨ ਵਿਚੋਂ ਬਾਲਨ ਲਈ ਲਕੜ ਲੈਣ ਗਏ ਤਾਂ ਪੋਲੀਸ ਨੇ ਪੰਜਾਂ ਸਿੰਘਾਂ ਦਾ ਚਾਲਾਨ ਕਰ ਦਿਤਾ ਤੇ ਇਸ ਤਰ੍ਹਾਂ ਗੁਰੂ ਕੇ ਬਾਗ਼ ਦਾ ਮੋਰਚਾ ਅਰੰਭ ਹੋਇਆ।

ਸ੍ਰੋ: ਗੁ: ਪ੍ਰ: ਕ: ਨੇ ਮੋਰਚੇ ਲਈ ਸਿੰਘਾਂ ਦੀ ਮੰਗ ਕੀਤੀ। ਇਹ ਖਬਰ ਝੱਬਰ ਨੇ ਅਖਬਾਰ ਵਿਚ ਪੜ੍ਹੀ। ਉਸ ਦਿਨ ਪਿੰਡ ਅੰਮੋ ਕੀ ਸਾਲਾਨਾ ਦੀਵਾਨ ਸੀ। ਅਗਲੇ ਭੁਲਕ ਦੇ ਦੀਵਾਨ ਵਿਚ ਝੱਬਰ ਨੇ ਗੁਰੂ ਕੇ ਬਾਗ਼ ਦੇ ਮੋਰਚੇ ਲਈ ਸਿੰਘਾਂ ਦੀ ਭਰਤੀ ਕੀਤੀ। ੧੦੦ ਸਿੰਘਾਂ ਦੀ ਮੰਗ ਸੀ ਸੋ ਜਥਾ ਤਿਆਰ ਹੋ ਕੇ ਉਸੇ ਵੇਲੇ ਟੁਰ ਪਿਆ। ਰਾਤ ਨੂੰ ਖੰਨੇ ਲਬਾਨਿਆਂ ਰਿਹਾ। ਖੰਨੇ ਤੋਂ ਨੇੜੇ ਹੀ ਡੇਕ ਲਗਦੀ ਹੈ, ਜਥਾ ਦਿਨ ਲਥੇ ਡੇਕ ਲੰਘਿਆ। ਉਥੇ ਕਾਲੋ ਕਿਆਂ ਦੇ ਭੁਝੰਗੀ ਭਾਈ ਬੰਤਾ ਸਿੰਘ ਨੂੰ ਸੱਪ ਡੱਸ ਗਿਆ। ਤਜਵੀਜ ਹੋਈ ਕਿ ਬੰਤਾ ਸਿੰਘ ਵਾਪਸ ਚਲਾ ਜਾਵੇ ਪਰ ਇਹ ਨਾਂ ਗਿਆ ਤੇ ਸਵੇਰੇ ਜਥੇ ਨਾਲ ਹੀ ਟੁਰ ਪਿਆ। ਪਰ ਮਹਿਮਦ ਪੁਰ ਅਪੜ ਕੇ ਇਹ ਬੇ ਸੁਧ ਹੋ ਗਿਆ। ਭਤੇ ਵੇਲੇ ਦਾ ਪ੍ਰਸ਼ਾਦ ਜਥੇ ਨੇ ਏਥੇ ਛਕਿਆ ਤੇ ਬੰਤਾ ਸਿੰਘ ਨੂੰ ਇਥੇ ਹੀ ਛੱਡ ਗਏ। ਸੰਗਤਾਂ ਨੇ ਬੜੀ ਸੇਵਾ ਕੀਤੀ ਤੇ ਇਹ ਰਾਜੀ ਹੋ ਕੇ ਵਾਪਸ ਆਇਆ।

ਝੱਬਰ ਜੀ ਦਾ ਜਿਹੜਾ ਜਥਾ ਸ੍ਰੀ ਅੰਮ੍ਰਿਤਸਰ ਜੀ ਪੁਜਾ, ਇਨ੍ਹਾਂ ਵਿਚੋਂ ੫੦ ਸਿੰਘ ਗੁਰੂ ਕੇ ਬਾਗ਼ ਦੇ ਮੋਰਚੇ ਤੇ ਭੇਜੇ ਗਏ, ਇਹ ਇਸ ਮੋਰਚੇ ਦਾ ਪਹਿਲਾ ਜਥਾ ਸੀ। ਝੱਬਰ ਜੀ ਜਦੋਂ ਨਨਕਾਣੇ ਸਾਹਿਬ ਦੇ ਕਤਕ ਦੀ ਪੂਰਨਮਾਸੀ ਦੇ ਮੇਲੇ ਉਪ੍ਰੰਤ ਸਚੇ ਸੌਦੇ ਆਏ ਤਾਂ ਗੁਰੂ ਕੇ ਬਾਗ਼ ਲਈ ੧੦੦ ਸਿੰਘਾਂ ਦਾ ਜਥਾ ਲੈ ਕੇ ਆਉਨ ਦੀ ਚਿਠੀ ਦੂਜੀ ਵਾਰ ਸ੍ਰੀ ਅੰਮ੍ਰਿਤਸਰ ਤੋਂ ਆਈ ਹੋਈ ਸੀ। ਭਰਤੀ ਲਈ ਝੱਬਰ ਨੇ ਉਤਸ਼ਾਹ



Digitized by Panjab Digital Library | www.panjabdigilib.org

ਦੇ ਕੇ ਜਥੇ ਵਿਚ ਸ਼ਾਮਲ ਹੋਣ ਲਈ ਵੰਗਾਰਿਆ। ਅਗਲੇ ਭਲਕ ੧੨ ਬਜੇ ਢੋਲ ਤੇ ਡਗਾ ਲਗਾ ਅਤੇ ਸਚੇ ਸੌਦੇ ਤੋਂ ਗੁਰੂ ਕੇ ਬਾਗ਼ ਜਾਣ ਵਾਲਾ ਜਥਾ ਟੁਰਿਆ ਅਗੇ ੨ ਢੋਲ ਵਜਦਾ ਜਾਂਦਾ ਸੀ। ਮੰਡੀ ਚੂਹੜਕਾਣੇ ਦੇ ਵਿਚੋਂ ਦੀ ਹੁੰਦਾ ਹੋਇਆ ਜਥਾ ੫ ਬਜੇ ਦੀ ਗੱਡੀ ਚੜ੍ਹ ਕੇ ਰਾਤ ਨੂੰ ਸ੍ਰੀ ਅੰਮ੍ਰਿਤਸਰ ਪੁਜਾ। ਬਾਬਾ ਅਟਲ ਸਾਹਿਬ ਜੱਥੇ ਦਾ ਡੇਰਾ ਸੀ। ਏਥੇ ਆਰਾਮ ਕੀਤਾ। ਅਗਲੇ ਭਲਕ ਭਾਈ ਮਾਨ ਸਿੰਘ ਹੰਭੋ ਵਾਲਾ ਜਥੇਦਾਰ ਬਨਿਆ ਅਤੇ ਜਥਾ ਗੁਰੂ ਕੇ ਬਾਗ਼ ਨੂੰ ਤੁਰ ਗਿਆ। ਜਥਾ ਗ੍ਰਿਫਤਾਰ ਹੋ ਗਿਆ ਮੁਕਦਮੇ ਦੀ ਪੇਸ਼ੀ ਵਾਲੇ ਦਿਨ ਝੱਬਰ ਫਿਰ ਸ੍ਰੀ ਅੰਮ੍ਰਿਤਸਰ ਗਿਆ। ਤਾਂ ਪਤਾ ਲਗਾ ਕਿ ਕਈ ਲੜਕਿਆਂ ਦੇ ਮਾਪਿਆਂ ਨੇ ਅਦਾਲਤ ਵਿਚ ਆਪੋ ਆਪ ਦਰਖਾਸਤ ਕੀਤੀ ਸੀ ਕਿ ਸਾਡਾ ਮੁੰਡਾ ਅਵਾਣਾਂ ਹੈ ਭੁੱਲ ਭੁਲੇਖੇ ਅਕਾਲੀਆਂ ਨਾਲ ਜਥੇ ਵਿਚ ਆ ਗਿਆ ਹੈ। ਇਹ ਅਸਲ ਵਿਚ ਅਕਾਲੀ ਨਹੀਂ। ਮੈਜਿਸਟਰੇਟ ਜਦ ਉਸ ਲੜਕੇ ਨੂੰ ਪੁਛੇ ਕਿ ਓ ਫਲਾਨਾ ਸਿੰਘ ਤੂੰ ਅਕਾਲੀ ਨਹੀਂ ? ਉਹ ਉਤਰ ਦੇਵੇ ਜੀ ਮੈਂ ਤਾਂ ਅਕਾਲੀ ਹਾਂ ਅਤੇ ਇਸ ਦਰਖਾਸਤ ਦੇਣ ਵਾਲੇ ਨੂੰ ਤਾਂ ਮੈਂ ਜਾਨਦਾ ਭੀ ਨਹੀਂ, ਖਬਰੇ ਕੌਣ ਹੈ।

ਗੁਰੂ ਕੇ ਬਾਗ ਦਾ ਕਬਜ਼ਾ ੩੧ ਜਨਵਰੀ ੧੯੨੧ ਨੂੰ ਹੋ ਚੁਕਾ ਸੀ। ਮਹੰਤ ਸੁੰਦਰ ਦਾਸ ਕਬਜ਼ਾ ਸ਼੍ਰੋ: ਪ੍ਰ: ਕਮੇਟੀ ਨੂੰ ਲਿਖ ਕੇ ਦੇ ਚੁਕਾ ਸੀ ਪ੍ਰੰਤੂ ਜਦੋਂ ਸਰਕਾਰ ਪੰਜਾਬ ਅਕਾਲੀ ਲਹਿਰ ਨੂੰ ਪੁਲੀਟੀਕਲ ਲਹਿਰ ਮੰਨ ਕੇ ਇਸ ਦੇ ਕੁਚਲ ਦੇਣ ਤੇ ਤੁੱਲ ਗਈ ਅਤੇ ਮਿ: ਡੰਨਟ ਡੀ. ਸੀ. ਅੰਮ੍ਰਤਸਰ ਨੇ ੮ ਅਗਸਤ ੧੯੨੨ ਨੂੰ ਗੁਰੂ ਕੇ ਬਾਗ ਦੀ ਜ਼ਮੀਨ ਵਿਚੋਂ ਲੰਗਰ ਵਾਸਤੇ ਲਕੜੀ ਕਟਣ ਗਏ ਪੰਜ ਸਿੰਘਾਂ ਦੀ ਗਰਿਫਤਾਰੀ ਦਾ ਹੁਕਮ ਦੇ ਦਿਤਾ ਅਤੇ ਬਾਦ ਵਿਚ ਮਹੰਤ ਨੂੰ ਗੰਢ ਕੇ ਉਸ ਪਾਸੋਂ ਆਪਣੀ ਜ਼ਮੀਨ ਵਿਚੋਂ ਲਕੜੀ ਚੁਰਾਏ ਜਾਣ ਦਾ ਪਰਚਾ ਲੈ ਲਿਆ, ਸਿੰਘ ਰੋਜ਼ਾਨਾ ਲਕੜੀ ਕਟਣ ਜਾਣ ਅਤੇ ਗ੍ਰਿਫਤਾਰ ਹੋਣੇ ਸ਼ੁਰੂ ਹੋ ਗਏ ਜਿਨ੍ਹਾਂ ਦੀ ਗਿਣਤੀ ੨੫ ਅਗਸਤ ਤਕ ੨੧੦ ਹੋ ਗਈ। ੨੬ ਅਗਸਤ



Digitized by Panjab Digital Library | www.panjabdigilib.org

ਨੂੰ ਸਰਕਾਰ ਵਲੋਂ ਹੋਰੀ ਸਖਤੀ ਤੇ ਉਤਰ ਆਈ ਅਤੇ ਉਸ ਦਿਨ ਲਕੜ ਕਟਣ ਗਏ ੩੬ ਸਿੰਘਾਂ ਨੂੰ ਪੁਲਸ ਨੇ ਸਖਤ ਮਾਰ ਕੁਟਾਈ ਕੀਤੀ। ਇਸੇ ਦਿਨ ਸ਼੍ਰੋ: ਗੁ: ਕਮੇਟੀ ਦੇ ੮ ਮੁਖੀ ਭੀ ਗ੍ਰਿਫਤਾਰ ਕਰ ਲਏ ਗਏ। ੨੨ ਅਗਸਤ ਤੋਂ ਰੋਜ਼ਾਨਾ ਲਗ ਭਗ ਇਕ ੨ ਸੌ ਸਿੰਘਾਂ ਦੇ ਜਥੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਗੁਰੂ ਕੇ ਬਾਗ ਨੂੰ ਜਾਣੇ ਸ਼ੁਰੂ ਹੋਏ ਸਨ ਜਿਨ੍ਹਾਂ ਨੂੰ ਰਸਤੇ ਵਿਚ ਹੀ ਰੋਕ ਕੇ ਡਾਂਗਾਂ ਨਾਲ ਬੁਰੀ ਤਰਾਂ ਮਾਰਿਆ ਜਾਂਦਾ ਅਤੇ ਬੇਸੁਧ ਹੋ ਜਾਣ ਤੇ ਕੇਸਾਂ ਤੋਂ ਧਰੂਹ ਕੇ ਗੰਦੇ ਪਾਣੀ ਦੇ ਛਪੜਾਂ ਵਿਚ ਸੁਟ ਦਿਤਾ ਜਾਂਦਾ। ਅਜੇਹੀ ਰੋਜ਼ਾਨਾ ਵਾਪਰ ਰਹੀ ਘਟਨਾਂ ਨੂੰ ਵੇਖਣ ਹਿਤ ਹਿੰਦੁਸਤਾਨ ਭਰ ਵਿਚੋਂ ਕੌਮੀ ਨੇਤਾ ਆਉਣੇ ਸ਼ੁਰੂ ਹੋ ਗਏ। ਪੰਡਤ ਮਾਲਵੀਆ ਅਤੇ ਸੀ: ਐਫ. ਐਂਡਰੀਊਜ਼ ਜੈਸੇ ਸਜਨਾਂ ਨੇ ਇਹ ਮਾਰ ਕੁਟਾਈ ਅਖੀਂ ਡਿਠੀ। ਐਂਡਰੀਊਜ਼ ਦੀ ਪਰੇਰਨਾ ਨਾਲ ੧੩-੯-੨੨ ਨੂੰ ਮੈਕਲੇਗਨ ਗਵਰਨਰ ਨੇ ਅੰਮ੍ਰਿਤਸਰ ਪੁਜ ਕੇ ਮਾਰ ਕੁਟਾਈਬੰਦ ਕਰਾ ਦਿਤੀ ਤੇ ਗ੍ਰਿਫਤਾਰੀਆਂ ਹੋਣੀਆ ਸ਼ੁਰੂ ਹੋ ਗਈਆਂ। ੧੭ ਨਵੰਬਰ ੧੯੨੨ ਤਕ ੫੬੦੫ ਸਿੰਘ ਗ੍ਰਿਫਤਾਰ ਕਰਕੇ ਜੇਹਲਾਂ ਵਿਚ ਸੁਟੇ ਗਏ। ਹਿੰਦੁਸਤਾਨ ਦੀਆਂ ਸਮੁਚੀਆਂ ਹਿੰਦੂ ਮੁਸਲਮਾਨ ਸੰਸਥਾਵਾਂ ਦੀ ਹਮਦਰਦੀ ਸਿਖਾਂ ਨਾਲ ਸੀ। ਅਖੀਰ ਜਦੋਂ ਸਰਕਾਰ ਸਿਖਾਂ ਦੀ ਪੂਰੀ ਅਜ਼ਮਾਇਸ਼ ਕਰ ਚੁਕੀ ਅਤੇ ਸਿਖ ਰਤਾ ਭਰ ਭੀ ਨਾ ਡੁੱਲ੍ਹੇ ਤਾਂ ਸਰਕਾਰ ਨੇ ਗ੍ਰਿਫਤਾਰੀਆ ਭੀ ਬੰਦ ਕਰ ਦਿਤੀਆਂ ਅਤੇ ਇਸ ਤਰਾਂ ਸਿਖਾਂ ਦੀ ਸ਼ਾਨਦਾਰ ਫਤਹ ਹੋ ਕੇ ਇਸ ਮੋਰਚੇ ਦੀ ਸਮਾਪਤੀ ਹੋਈ। ਇਸ ਸਮੇਂ ਸਿਖ ਸੰਗਤਾ ਨੇ ਮੋਰਚੇ ਦੀ ਸਫਲਤਾ ਲਈ ਤਿੰਨ ਲਖ ਰੁਪੈਆ ਸ਼੍ਰੋ: ਗੁ: ਕਮੇਟੀ ਨੂੰ ਭੇਜਿਆ। ਫਟੜ ਹੋਏ ਸਿੰਘਾਂ ਦੀ ਸੇਵਾ ਤੇ ਰੋਜ਼ਾਨਾ ਤਿੰਨ ਹਜ਼ਾਰ ਰੁਪੈਆ ਖਰਚ ਕੀਤਾ ਜਾਂਦਾ ਰਿਹਾ।

## ਕਾਰ ਸੇਵਾ

ਗੁਰਦਵਾਰਾ ਸੁਧਾਰ ਲਹਿਰ ਇਸ ਵੇਲੇ ਪੂਰੇ ਜੋਬਨ ਤੇ ਸੀ ਅਤੇ ਗੁਰੂ ਕੇ ਬਾਗ ਦਾ ਮੋਰਚਾ ਸਰ ਹੋ ਜਾਣ ਸਮੇਂ ਸਿਖਾਂ ਵਿਚ ਜੋ ਪਿਆਰ



Digitized by Panjab Digital Library | www.panjabdigilib.org

ਤੇ ਮਿਲਾਪ ਸੀ ਇਸ ਦਾ ਨਮੂਨਾ ਸਿਖ ਇਤਿਹਾਸ ਵਿਚ ਵਿਰਲਾ ਹੀ ਕਿਧਰੇ ਮਿਲਦਾ ਹੈ ਨ ਕੇਵਲ ਸਿਖ ਹੀ ਬਲਕਿ ਹਿੰਦੂ ਮੁਸਲਮਾਨਾਂ ਦੀ ਪੂਰੀ ਹਮਦਰਦੀ ਸਿਖਾਂ ਨਾਲ ਸੀ ਜਿਸ ਦਾ ਸਬੂਤ ਨਿਰਾ ਜ਼ਬਾਨੀ ਹੀ ਨਹੀਂ ਬਲਕਿ ਅਮਲੀ ਵਰਤੋਂ ਰਾਹੀਂ ਸਭ ਨੇ ਦਿਤਾ। ਸ਼੍ਰੋਮਣੀ ਕਮੇਟੀ ਨੇ ਸ੍ਰੀ ਹਰਿ ਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਦੀ ਗਾਰ ਕਢਣ ਦੀ ਕਾਰ ਸੇਵਾ ਦਾ ਐਲਾਨ ਕੀਤਾ ਜਿਸ ਲਈ ਕਾਰ ਸੇਵਾ ਕਮੇਟੀ ਬਣਾਈ ਗਈ ਜਿਸ ਦੇ ਸਕਤਰ ਭਗਤ ਜਸਵੰਤ ਸਿੰਘ ਜੀ ਸਨ। ਕਾਰ ਸੇਵਾ ਦਾ ਅਰੰਭ ੧੭ ਜੂਨ ੧੯੨੩ ਨੂੰ ਹੋਇਆ। ਇਕ ਬੇਮਿਸਾਲ ਜਲੂਸ ਕਢਣ ਉਪ੍ਰੰਤ ਸੇਵਾ ਦਾ ਅਰੰਭ ਪੰਜਾਂ ਪਿਆਰਿਆਂ ਜਿਨ੍ਹਾਂ ਵਿਚ ਗੁਰਮੁਖ ਪਿਆਰੇ ਬਿਰਧ ਬਾਬਾ ਸੰਤ ਸ਼ਾਮ ਸਿੰਘ ਜੀ ਸ਼ਾਮਲ ਸਨ, ਨੇ ਕੀਤਾ। ਸਿਖ ਮਹਾਰਾਜਿਆਂ ਤੋਂ ਲੈ ਕੇ ਸਮੂਹ ਸਿਖ ਜਨਤਾ ਨੇ ਇਸ ਵਿਚ ਹਿਸਾ ਲਿਆ। ਮਹਾਰਾਜਾ ਭੂਪਿੰਦਰ ਸਿੰਘ ਵਾਲੀਏ ਰਿਆਸਤ ਪਟਿਆਲਾ ਨੇ ਆਪਣੇ ਸਿਰ ਪਰ ਗਾਰ ਦੀ ਟੋਕਰੀ ਉਠਾ ਕੇ ਇਹ ਸੇਵਾ ਕੀਤੀ। ਹਿੰਦੂ ਮੁਸਲਮਾਨ ਮਰਦ ਇਸਤਰੀਆਂ ਬਚੇ ਇਸ ਸੇਵਾ ਵਿਚ ਜੁਟੇ ਦਿਸ ਆਉਂਦੇ ਸਨ। ਇਹ ਹਿੰਦੂ ਸਿਖ ਮੁਸਲਮ ਪਿਆਰ ਦਾ ਇਕ ਬੇਮਿਸਾਲ ਨਮੂਨਾ ਸੀ।

ਇਸ ਤੋਂ ਛੇਤੀ ਹੀ ਪਿਛੋਂ ਗੁਰਦਵਾਰਾ ਗੰਗਸਰ (ਜੈਤੋ) ਦਾ ਮੋਰਚਾ ਲਗ ਗਿਆ ਜਿਸ ਦਾ ਸੰਖੇਪ ਜ਼ਿਕਰ ਲੜੀ ਜੋੜਨ ਲਈ ਜ਼ਰੂਰੀ ਹੈ।

## ਜੈਤੋ ਦਾ ਮੋਰਚਾ

ਮਹਾਰਾਜਾ ਰਿਪਦਮਨ ਸਿੰਘ ਵਾਲੀਏ ਰਿਆਸਤ ਨਾਭਾ ਦੇ ਸੰਨ ੧੯੨੩ ਵਿਚ ਗਦੀਉਂ ਉਤਾਰੇ ਜਾਣ ਪਰ ਸਿਖ ਜਨਤਾ ਵਿਚ ਕਾਫੀ ਬੇਚੈਨੀ ਹੋਈ ਅਤੇ ਥਾਂ ਪਰ ਥਾਂ ਦੀਵਾਨ ਹੋ ਕੇ ਸਰਕਾਰ ਅੰਗਰੇਜ਼ੀ ਦੇ ਇਸ ਰਵਈਏ ਤੇ ਰੋਸ ਪ੍ਰਗਟ ਕੀਤੇ ਗਏ। ਅਜਿਹਾ ਇਕ ਦੀਵਾਨ ੨੫, ੨੬, ਤੇ ੨੭ ਅਗਸਤ ਨੂੰ ਜੈਤੋ ਗੁਰਦਵਾਰਾ ਗੰਗ ਸਰ ਵਿਖੇ ਭੀ ਹੋਇਆ (ਜੈਤੋ ਨਾਭਾ ਰਿਆਸਤ ਵਿਚ ਸੀ)। ਇਸ ਵੇਲੇ ਪੁਲਸ



Digitized by Panjab Digital Library | www.panjabdigilib.org

ਨੇ ਗੁਰਦਵਾਰੇ ਦਾਖਲ ਹੋ ਕੇ ਤਾਬਿਆ ਬੈਠੇ ਸਿੰਘ ਭਾ: ਇੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਸ ਤੋਂ ਪਿਛੋਂ ੧੪ ਸਤੰਬਰ ਨੂੰ ਇਥੇ ਹੋ ਰਹੇ ਅਖੰਡ ਪਾਠ ਢੇ ਪੁਲਸ ਵਲੋਂ ਖੰਡਤ ਕੀਤੇ ਜਾਣ ਦੀ ਦੁਰਘਟਨਾ ਹੋਈ ਜਿਸਤੇ ਕੌਮ ਅੰਦਰ ਬੜਾ ਜੋਸ਼ ਫੈਲਿਆ। ਗੁਰਦਵਾਰਾ ਗੰਗ ਸਰ ਵਿਖੇ ਅਖੰਡ ਪਾਠ ਕੀਤੇ ਜਾਣ ਅਤੇ ਇਸ ਤੋਂ ਹਰ ਪ੍ਰਕਾਰ ਦੀਆਂ ਪਾਬੰਦੀਆਂ ਉਠਾਏ ਜਾਣ ਦੀ ਜ਼ਬਰਦਸਤ ਮੰਗ ਸ਼੍ਰੋ: ਕਮੇਟੀ ਅਤੇ ਸਮੁਚੀ ਸਿਖ ਜਨਤਾ ਵਲੋਂ ਕੀਤੀ ਗਈ ਜਿਸ ਲਈ ਜਥੇ ਜਾਣੇ ਅਰੰਭ ਹੋਏ। ਜਥਿਆ ਤੇ ਬੜੀ ਸਖਤੀ ਕੀਤੀ ਜਾਂਦੀ ਅਤੇ ਗ੍ਰਿਫਤਾਰ ਕਰ ਕੇ ਦੂਰ ਦੁਰਾਡੇ ਲੈ ਜਾ ਕੇ ਛਡਿਆ ਜਾਂਦਾ। ਕਈਆਂ ਦੀਆਂ ਜਾਇਦਾਦਾਂ ਜ਼ਬਤ ਹੋਈਆਂ। ਕਈਆਂ ਨੂੰ ਭਾਂਤ ੨ ਦੇ ਸਰੀਰਕ ਕਸ਼ਟ ਅਤੇ ਕਈਆਂ ਨੂੰ ਜੁਰਮਾਨੇ ਅਤੇ ਸਤ ਤੋਂ ਚੌਦਾ ੨ ਸਾਲ ਤਕ ਦੀਆਂ ਲੰਮੀਆਂ ਸਜ਼ਾਵਾਂ ਦਿਤੀਆਂ ਗਈਆਂ। ਇਸ ਵੇਲੇ ਰਿਆਸਤ ਦਾ ਪ੍ਰਬੰਧ ਮਿ: ਵਿਲਸਨ ਜਾਨਸਟਨ ਅੰਗਰੇਜ਼ ਐਡਮਿਨਿਸਟਰੇਟਰ ਦੇ ਹਥ ਵਿਚ ਸੀ।

ਜੈਤੋ ਵਿਚ ਸਿਖਾਂ ਤੇ ਹੋਈਆਂ ਸਖਤੀਆਂ ਵੇਖਣ ਹਿਤ ਪੰਡਤ ਜਵਾਹਰ ਲਾਲ ਜੀ ਨਹਿਰੂ, ਪ੍ਰੋ: ਗਿਡਵਾਨੀ ਅਤੇ ਮਿ: ਕੇ. ਸਨਤਾਨਮ ਜੈਤੋ ਪੁਜੇ ਤਾਂ ਇਨ੍ਹਾਂ ਨੂੰ ਭੀ ਗ੍ਰਿਫਤਾਰ ਕਰਕੇ ਜੇਹਲ ਦੀਆਂ ਕਾਲ ਕੋਠੜੀਆਂ ਵਿਚ ਡਕ ਦਿਤਾ ਗਿਆ ਤੇ ਮੁਕਦਮੇ ਚਲਾ ਕੇ ਢਾਈ ਸਾਲ ਦੀ ਕੈਦ ਬੋਲੀ ਗਈ। ਭਾਵੇਂ ਜਲਦੀ ਪਿਛੋਂ ਇਨ੍ਹਾਂ ਨੂੰ ਛਡ ਦਿਤਾ ਗਿਆ।

ਇਸ ਦੌਰਾਨ ਵਿਚ ਤੇ ਇਸੇ ਮੋਰਚੇ ਤੋਂ ਖਿਝ ਕੇ ਸਰਕਾਰ ਪੰਜਾਬ ਨੇ ਸ਼੍ਰੋਮਣੀ ਗੁਰਦਵਾਰਾ ਕਮੇਟੀ ਅਤੇ ਸ਼੍ਰੋ: ਅਕਾਲੀ ਦਲ ਨੂੰ ੧੩ ਅਕਤੂਬਰ ੧੯੨੩ ਨੂੰ ਖਿਲਾਫ ਕਾਨੂੰਨ ਕਰਾਰ ਦੇ ਕੇ ਸ਼੍ਰੋਮਣੀ ਕਮੇਟੀ ਦੇ ਸਾਰੇ ਮੈਂਬਰਾਂ ਨੂੰ ਗਰਿਫਤਾਰ ਕਰਕੇ ਪਹਿਲੋਂ ਅਮ੍ਰਿਤਸਰ ਤੇ ਫਿਰ ਲਾਹੌਰ ਕਿਲੇ ਵਿਚ ਬੰਦ ਕਰ ਦਿਤਾ ਅਤੇ ਇਨਾਂ



Digitized by Panjab Digital Library | www.panjabdigilib.org

ਸਾਰੇ ੬੦ ਮੈਂਬਰਾਂ ਉਤੇ ਬਾਦਸ਼ਾਹ ਅਤੇ ਸਰਕਾਰ ਵਿਰੁਧ ਸਾਜ਼ਸ਼ ਕਰਨ ਦਾ ਦੋਸ਼ ਲਾ ਕੇ ਕੇਸ ਦਾਇਰ ਕਰ ਦਿਤਾ ਜਿਸ ਦੀ ਪੇਸ਼ੀ ਭੀ ਕਿਲੇ ਅੰਦਰ ਹੁੰਦੀ ਰਹੀ। ੭ ਜਨਵਰੀ ੧੯੨੪ ਨੂੰ ਨਵੀਂ ਬਣੀ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਿਥੇ ਉਨਾਂ ਦੀ ਮੀਟਿੰਗ ਹੋ ਰਹੀ ਸੀ ਗਰਿਫਤਾਰ ਕੀਤਾ ਗਿਆ ਅਤੇ ਇਨ੍ਹਾਂ ਉਤੇ ਪਹਿਲੀ ਸ਼੍ਰੋਮਣੀ ਕਮੇਟੀ ਵਾਲੇ ਇਲਜ਼ਾਮ ਲਗਾ ਕੇ ਹੀ ਵਖਰਾ ਮੁਕਦਮਾਂ ਚਲਾਇਆ ਗਿਆ ਜਿਸਦਾ ਫੈਸਲਾ ੨੯ ਮਾਰਚ ੧੯੨੪ ਨੂੰ ਸੁਣਾਉਂਦੇ ਹੋਏ ਇਕ ਤੋਂ ਦੋ ਸਾਲ ਤਕ ਕੈਦ ਅਤੇ ਪੰਜ ਪੰਜ ਸੌ ਰੁਪਿਆ ਜੁਰਮਾਨੇ ਦੀ ਸਜ਼ਾ ਦੇ ਕੇ ਲਗ ਪਗ ਸਾਰੇ ਮੈਂਬਰਾਂ ਨੂੰ ਕੈਦ ਕਰ ਦਿਤਾ ਗਿਆ।

ਚੂੰਕਿ ਜੈਤੋ ਦੇ ਇਸ ਮੋਰਚੇ ਦੇ ਹਾਲਾਤ ਦਿਨੋਂ ਦਿਨ ਖਰਾਬ ਹੁੰਦੇ ਜਾ ਰਹੇ ਸਨ ਅਤੇ ਸਖਤੀ ਦਾ ਦੌਰ ਤਿਖਾ ਹੁੰਦਾ ਜਾ ਰਿਹਾ ਸੀ, ਸ਼੍ਰੋ: ਗੁ: ਕਮੇਟੀ ਨੇ ੯ ਫਰਵਰੀ ੧੯੨੪ ਨੂੰ ਪੰਜ ਸੌ ਸਿੰਘਾਂ ਦਾ ਸ਼ਹੀਦੀ ਜਥਾ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੈਤੋ ਭੇਜਣ ਦਾ ਏਲਾਨ ਕੀਤਾ। ਇਹ ਜਥਾ ਪੜਾਓ ਪੜਾਈ ਪੈਦਲ ਮਾਰਚ ਕਰਦਾ ੨੧ ਫਰਵਰੀ ਨੂੰ ਜੈਤੋ ਪੁਜਾ। ਹਾਲਾਂ ਜਥਾ ਗੁਰਦਵਾਰਾ ਟਿੱਬੀ ਸਾਹਿਬ ਤੋਂ ਕੁਝ ਵਿਥ ਤੇ ਸੀ ਜਦੋਂ ਫੌਜ ਵਲੋਂ ਤਿੰਨਾਂ ਤਰਫਾਂ ਤੋਂ ਇਨਾਂ ਤੇ ਗੋਲੀ ਵਸਨੀ ਸ਼ੁਰੂ ਹੋਈ। ਇਹ ਗੁਰਦਵਾਰੇ ਵੱਲ ਨੂੰ ਵਧਦੇ ਤੁਰੇ ਗਏ। ਇਸ ਸਮੇਂ ਲਗ ਪਗ ੧੦੦ ਸਿੰਘ ਸ਼ਹੀਦ ਅਤੇ ੨੦੦ ਫਟੜ ਹੋਏ ਦਸੇ ਜਾਂਦੇ ਹਨ। ਇਸ ਸਾਕੇ ਨੇ ਹਿੰਦ ਭਰ ਵਿਚ ਤਰਥਲੀ ਮਚਾ ਦਿਤੀ ਅਤੇ ਥਾਂ ਪਰ ਥਾਂ ਸਰਕਾਰ ਦੀ ਨਖੇਧੀ ਕੀਤੀ ਗਈ। ਬੜੇ ਬੜੇ ਨੇਤਾਵਾਂ ਤੇ ਸੰਸਥਾਵਾਂ ਨੇ ਇਸ ਵਿਚ ਹਿਸਾ ਲਿਆ ਤੇ ਸਿਖਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ।

ਜੈਤੋ ਦੇ ਇਸ ਸਾਕੇ ਦੀ ਖਬਰ ਸੰਸਾਰ ਭਰ ਵਿਚ ਫੈਲ ਗਈ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਪੰਜ ਸੌ ਦੇ ਹੋਰ ਜਥੇ ਜੈਤੋ ਵੱਲ ਨੂੰ



Digitized by Panjab Digital Library | www.panjabdigilib.org

ਤੁਰਨੇ ਸ਼ੁਰੂ ਹੋ ਗਏ। ਸਿਖਾਂ ਨੇ ਸ਼ਹਾਦਤ ਹਾਸਲ ਕਰਨ ਹਿਤ ਵਹੀਰਾਂ ਘਤ ਦਿਤੀਆਂ, ਇਹ ਮੋਰਚਾ ਸਾਲ ਭਰ ਜਾਰੀ ਰਿਹਾ ਅਤੇ ਇਸ ਵਿਚ ੧੭ ਪੰਜ ਪੰਜ ਸੌ ਦੇ ਜਥੇ ਜੈਤੋ ਪੁਜੇ। ਅਠਵਾਂ ਜਥਾ ਅਕਾਲੀ ਦਲ ਖਰਾ ਸੌਦਾ ਬਾਰ ਵਲੋਂ ਝੱਬਰ ਜੀ ਨੇ ਤਿਆਰ ਕਰਕੇ ਭੇਜਿਆ ਸੀ। ਇਸ ਦੇ ਜਥੇਦਾਰ ਸ: ਮਾਨ ਸਿੰਘ ਟਿਬੀ ਹੰਝੋ ਵਾਲੇ ਸਨ। ਇਸ ਮੋਰਚੇ ਲਈ ਪੰਜਾਬ ਤੋਂ ਬਾਹਰੋਂ ਬੰਗਾਲ, ਸ਼ੰਘਾਈ ਹਾਂਗਕਾਂਗ ਕੈਨੇਡਾ ਆਦਿਕ ਥਾਵਾਂ ਤੋਂ ਸਿੰਘ ਪੁਜ ਕੇ ਜਥਿਆ ਦੇ ਨਾਲ ਸ਼ਾਮਲ ਹੁੰਦੇ ਰਹੇ। ਇਕ ੧੦੧ ਸਿੰਘਾਂ ਦਾ ਸਪੈਸ਼ਲ ਜਥਾ ੨੭ ਅਪਰੈਲ ੧੯੨੫ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਚਲਿਆ। ਇਹ ਹਾਲਾਂ ਰਸਤੇ ਵਿਚ ਹੀ ਸੀ ਕਿ ਸਰਕਾਰ ਨੇ ਅਖੰਡ ਪਾਠ ਦੀ ਖੁਲ੍ਹ ਕਰ ਦਿਤੀ। *

ਜੈਤੋ ਦੇ ਮੋਰਚੇ ਦੇ ਦੌਰਾਨ ਵਿਚ ਪੰਜਾਬ ਦਾ ਗਵਰਨਰ ਮੈਕਲੈਗਨ ਸਾਹਿਬ ਬਦਲ ਕੇ ਉਸ ਦੀ ਜਗਾ ਹੇਲੀ ਸਾਹਿਬ ਗਵਰਨਰ ਹੋ ਕੇ ਆਇਆ। ਇਸ ਨੇ ਸ਼ਿਮਲੇ ਵਿਖੇ ਤਕਰੀਰ ਕੀਤੀ। ਝੱਬਰ ਨੇ ਇਹ ਤਕਰੀਰ ਅਖਬਾਰ ਵਿਚ ਪੜ੍ਹੀ। ਇਸ ਵਿਚ ਅਕਾਲੀਆਂ ਨੂੰ ਸਖਤ ਧਮਕੀ ਦਿਤੀ ਗਈ ਸੀ ਆਪਨੇ ਕਿਹਾ ਕਿ ਮੇਰੇ ਤੋਂ ਪਹਿਲਾਂ ਪੰਜਾਬ ਦਾ ਗਵਰਨਰ ਮੈਕਲੈਗਨ ਬੜੀ ਨਰਮ ਮਜ਼ਾਜ ਦਾ ਗਵਰਨਰ ਸੀ ਇਸ ਲਈ ਅਕਾਲੀ ਭੂਏ ਹੋ ਗਏ ਹਨ, ਹੁਣ ਇਨ੍ਹਾਂ ਨੂੰ ਮੈਂ ਕਾਨੂੰਨ ਦੀ ਰਾਖੀ ਕਰਕੇ ਸਿਧੇ ਕਰਾਂਗਾ। ਜਿਸ ਗੁਰਦੁਆਰੇ ਦੀ ਡਿਗਰੀ ਅਦਾਲਤ ਮਹੰਤਾਂ ਦੇ ਹੱਕ ਵਿਚ ਦੇਵੇਗੀ ਮੈਂ ਉਸ ਗੁਰਦਵਾਰੇ ਦਾ ਕਬਜ਼ਾ ਵਾਪਸ ਮਹੰਤਾਂ ਨੂੰ ਦੁਵਾਂਵਾਂਗਾ। ਝੱਬਰ ਨੇ ਇਹ ਤਕਰੀਰ ਪੜ੍ਹ ਕੇ ਫੈਸਲਾ ਕੀਤਾ, ਅਕਾਲੀ ਜਿਹਲਾਂ

---

*ਜੁਲਾਈ ੧੯੨੫ ਵਿਚ ਗੁਰਦਵਾਰਾ ਐਕਟ ਲਾਗੂ ਹੋ ਜਾਣ ਅਤੇ ਜੈਤੋ ਦਾ ਮੋਰਚਾ ਸਮਾਪਤ ਹੋ ਜਾਣ ਤੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋ: ਅਕਾਲੀ ਦਲ ਦੇ ਖਿਲਾਫ ਕਾਨੂੰਨ ਜਮਾਇਤਾਂ ਹੋਣ ਦਾ ਹੁਕਮ ਸਰਕਾਰ ਨੇ ਵਾਪਸ ਲੈ ਲਿਆ ਅਤੇ ਹੌਲੀ ੨ ਕਰਕੇ ਸ਼੍ਰੋਮਣੀ ਕਮੇਟੀ ਦੇ ਸਾਰੇ ਫੜੇ ਗਏ ਮੈਂਬਰ ਅਤੇ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰ ਹੋਏ ਸਾਰੇ ਸਿੰਘ ਰਿਹਾ ਕਰ ਦਿਤੇ ਗਏ।



Digitized by Panjab Digital Library | www.panjabdigilib.org

ਵਿਚ ਹਨ ਮੇਰਾ ਘਰ ਬੈਠਨਾਂ ਠੀਕ ਨਹੀਂ।

ਗੁ: ਡੇਰ੍ਹੇ ਸਾਹਿਬ ਲਾਹੌਰ ਦਾ ਜੇਠ ਸੁਦੀ ਚੌਥ ਦਾ ਮੇਲਾ ਆਇਆ ਤਾਂ ਝੱਬਰ ਘਰੋਂ ਤਿਆਰ ਹੋ ਕੇ ਲਾਹੌਰ ਪੁਜਾ। ਚਾਰ ਪੰਜ ਦੀਵਾਨਾਂ ਵਿਚ ਝੱਬਰ ਗਿਆ, ਪਰ ਕਿਸੇ ਦੀਵਾਨ ਵਿਚ ਭੀ ਬੋਲਨ ਵਾਲਾ ਅਕਾਲੀ ਲਹਿਰ ਦੀ ਕੋਈ ਗਲ ਨਾ ਕਰੇ। ਸਾਰੇ ਮੇਲੇ ਵਿਚ ਬੋਲਨ ਵਾਲੇ ਸਹਿਮੇ ਹੋਏ ਜਾਪੇ ਝੱਬਰ ਮੁੜ ਕੇ ਗੁ: ਕਮੇਟੀ ਦੇ ਦੀਵਾਨ ਵਿਚ ਆਇਆ ਤਾਂ ਏਥੇ ਭੀ ਭਾਈ ਕਾਹਨ ਸਿੰਘ ਪ੍ਰਚਾਰਕ ਨੇ ਭਾਈ ਤਾਰੇ ਦੀ ਜਿਸ ਨੇ ਮੁਗਲ ਰਾਜ ਵੇਲੇ ਲਾਹੌਰ ਵਿਚ ਲਗਾਈ ਹੋਈ ਅੱਗ ਬੁਝਾਈ ਸੀ ਦੀ ਸਾਖੀ ਸ਼ੁਰੂ ਕੀਤੀ ਹੋਈ ਸੀ। ਝੱਬਰ ਨੇ ਸਟੇਜ ਸਕਤਰ ਨੂੰ ਰੁਕਾ ਲਿਖਿਆ ਕਿ ਇਸ ਨੂੰ ਆਖੋ ਕਿ ਅਕਾਲੀ ਲਹਿਰ ਤੇ ਬੋਲੇ, ਜੇ ਨਹੀਂ ਬੋਲਨਾ ਤਾਂ ਬੈਠ ਜਾਵੇ। ਭਾਈ ਕਾਹਨ ਸਿੰਘ ਝਟ ਬੈਠ ਗਿਆ। ਸਕਤਰ ਨੇ ਝੱਬਰ ਦੇ ਲੈਕਚਰ ਦਾ ਐਲਾਨ ਕਰ ਦਿਤਾ ਅਤੇ ਝੱਬਰ ਨੇ ਸਟੇਜ ਤੇ ਖਲੋ ਕੇ ਆਪਨਾ ਲੈਕਚਰ ਇਸਤਰ੍ਹਾਂ ਸ਼ੁਰੂ ਕੀਤਾ, ਖਾਲਸਾ ਜੀ, ਸਮਾਂ ਕਿਆ ਚੀਜ਼ ਹੈ। ਸਮਾਂ ਇਕ ਰਸ ਨਹੀਂ ਰਹਿੰਦਾ, ਰਾਤ ਗੁਜ਼ਰੀ ਸੁਹਾਉਨੀ ਸੁਭਾ ਹੋਈ ਪਰ ਉਹ ਭੀ ਨਾਂ ਰਹੀ, ਇਸ ਵੇਲੇ ਦੁਪਹਿਰ ਦੀ ਗਰਮੀਂ ਆਪਣੇ ਪੂਰੇ ਜੋਬਨ ਤੇ ਹੈ ਪਰ ਰਹਿਣਾ ਇਸ ਭੀ ਨਹੀਂ, ਦੁਪਹਿਰਾਂ ਪਿਛੋਂ ਸੂਰਜ ਛਿਪ ਜਾਵੇਗਾ ਫਿਰ ਰਾਤ ਪਵੇਗੀ, ਉਹ ਭੀ ਨਹੀਂ ਰਹੇਗੀ। ਇਸੇ ਤਰ੍ਹਾਂ ਕੌਮਾਂ ਉਤੇ ਕਦੇ ਮੁਸੀਬਤਾਂ ਅਤੇ ਕਦੇ ਖੁਸ਼ੀਆਂ ਆਉਂਦੀਆਂ ਹਨ, ਕੁਝ ਵੀ ਥਿਰ ਨਹੀਂ ਰਹਿੰਦਾ। ਇਕ ਸਮਾਂ ਸੀ, ਆਹ ਸਾਹਮਣੇ ਬੁਰਜ ਵਿੱਚ ਸਾਡਾ ਪੁਲੀਟੀਕਲ ਜਥੇਦਾਰ ਸ਼ੇਰੇ ਪੰਜਾਬ ਕੀਮਖਾਬੀ ਤੇ ਅਤਲਸੀ ਬਿਸਤਰਿਆਂ ਵਿਚ ਬਰਾਜਦਾ ਸੀ, ਪੰਜਾਬ ਤੋਂ ਬਾਹਰ ਡੇਹਰਿਆਂ ਦੇ ਬਲੋਚ ਅਤੇ ਸਰਹਦੀ ਇਲਾਕੇ ਦੇ ਪਠਾਨ ਸਾਡੇ ਸ਼ੇਰੇ ਪੰਜਾਬ ਦੀ ਖਿਦਮਤ ਵਿਚ ਹਾਜ਼ਰ ਹੋ ਕੇ ਗੱਲ ਕਰਨ ਲਈ ਘਰਾਂ ਤੋਂ ਪੀਰਾਂ ਦੀਆਂ ਨਿਆਜ਼ਾ ਸੁਖ ਕੇ ਆਉਂਦੇ ਸੀ, ਕਿ ਕਿਵੇਂ ਸ਼ੇਰੇ ਪੰਜਾਬ ਸਾਡੇ ਨਾਲ ਗੱਲ ਕਰੇ। ਉਸ ਸਮੇਂ ਖਾਲਸਾ ਜੀ ਦੀ ਸ਼ਾਨ



Digitized by Panjab Digital Library | www.panjabdigilib.org

ਦੀ ਗੁਡੀ ਸਿਖਾਂ ਦੀ ਚੜ੍ਹੀ ਹੋਈ ਸੀ ਪਰ ਉਹ ਵੀ ਦਿਨ ਨਾ ਰਹੇ ਅਜ ਸਾਡੇ ਤੇ ਮੁਸੀਬਤਾਂ ਦੇ ਪਹਾੜ ਹਕੂਮਤ ਵਲੋਂ ਗਿਰਾਇ ਜਾ ਰਹੇ ਹਨ। ਉਸ ਵਕਤ ਤਾਂ ਸਾਡਾ ਜਥੇਦਾਰ ਸ਼ੇਰੇ ਪੰਜਾਬ ਸ਼ਾਹੀ ਮਹਿਲ ਵਿਚ ਸੰਮਨ ਬੁਰਜ ਦੇ ਝਰੋਖੇ ਵਿਚੋਂ ਹਵਾ ਲੈਂਦਾ ਸੀ ਪਰ ਅਜ ਸਾਡੇ ਧਾਰਮਕ ਲੀਡਰ ਇਸੇ ਕਿਲੇ ਦੀਆਂ ਹਨੇਰੀਆਂ ਤੇ ਗੰਦੀਆਂ ਕੋਠੀਆਂ ਵਿਚ ਬੇਗੁਨਾਹ ਬੰਦ ਕੀਤੇ ਹੋਏ ਹਨ। ਜਿਥੇ ਦਿਨ ਦਾ ਸੂਰਜ ਤੇ ਰਾਤ ਨੂੰ ਚੰਦ ਦੀ ਚਾਨਣੀ ਵੇਖ ਭੀ ਨਹੀਂ ਸਕਦੇ, ਖਾਲਸਾ ਜੀ ਸਾਡੇ ਤੇ ਜਿਵੇਂ ਉਹ ਸ਼ੇਰੇ ਪੰਜਾਬ ਦੀਆਂ ਚੜ੍ਹਦੀਆਂ ਕਲਾਂ ਵਾਲਾ ਸਮਾਂ ਨਹੀਂ ਸੀ ਰਿਹਾ ਇਸੇ ਤਰ੍ਹਾਂ ਇਹ ਮੁਸੀਬਤਾਂ ਦਾ ਸਮਾ ਭੀ ਹਰਗਿਜ਼ ਨਹੀਂ ਰਹੇਗਾ। ਇਸ ਵੇਲੇ ਹਕੂਮਤ ਖਾਲਸਾ ਜੀ ਨੂੰ ਅਜ਼ਮਾ ਰਹੀ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਔਖੀ ਤੋਂ ਔਖੀ ਅਜ਼ਮਾਇਸ਼ ਵਿਚ ਪੂਰੇ ਉਤਰ ਕੇ ਦਿਖਾਈਏ। ਆਹ ਜ਼ਰਾ ਧਿਆਨ ਮੇਰੇ ਵਲ ਕਰੋ। ਤਿਆਰ ਹੋ ਜਾਵੋ ਅਸਾਂ ਸ੍ਰੋ: ਕ: ਦੇ ਝੰਡੇ ਨੂੰ ਉਚਾ ਕਰਨਾ ਹੈ। ਜੈਸੀ ਮੰਗ ਪੰਥ ਕਰੇ ਤਿਆਰ ਰਹੋ, ਸਾਡੇ ਲੀਡਰ ਤਾਂ ਹੀ ਬਾਹਰ ਆਉਣਗੇ ਜੇ ਅਸੀਂ ਭੀ ਉਨ੍ਹਾਂ ਨੂੰ ਅੰਦਰ ਪੁਜ ਕੇ ਫਤਹ ਬੁਲਾਵਾਂਗੇ। ਐ ਨੌ ਜੁਆਨੋ ਅੰਮ੍ਰਿਤ ਛਕੋ ਅਕਾਲੀ ਜਥਿਆਂ ਵਿਚ ਭਰਤੀ ਹੋਵੋ, ਬਾਦਸ਼ਾਹਾਂ ਨਾਲ ਕੌਮਾਂ ਦੇ ਮੋਰਚੇ ਨਿਤ ਨਿਤ ਨਹੀਂ ਲਗਦੇ ਤਨ, ਮਨ, ਧਨ ਨਾਲ ਪੰਥ ਦੀ ਸਹੈਤਾ ਲਈ ਤਿਆਰ ਹੋ ਜਾਓ।

ਅਗਲੇ ਭਲਕ ਸੀਹੋਂ ਵਾਲ ਜ਼ਿਲਾ ਸਿਆਲ ਕੋਟ ਦੀਵਾਨ ਸੀ। ਝੱਬਰ ਸ਼ਾਮ ਦੀ ਗਡੀ ਚੜ੍ਹਨ ਲਈ ਬਾਦਾਮੀ ਬਾਗ ਪੁਜਾ। ਏਥੇ ਘਰਜਾਖ ਦੇ ਸਿੰਘਾਂ ਨੇ ਇਨਾਂ ਦਾ ਟਿਕਟ ਗੁਜਰਾਂ ਵਾਲੇ ਦਾ ਲੈ ਲੀਤਾ ਅਤੇ ਇਹ ਘਰਜਾਖ ਰਾਤ ਦੇ ੯ ਬਜੇ ਪੁਜੇ। ੨ ਘੰਟੇ ਲੈਕਚਰ ਦੇ ਕੇ ਫਿਰ ਗਡੀ ਚੜ੍ਹ ਕੇ ਰਾਤੋ ਰਾਤ ਸਿਆਲ ਕੋਟ ਤੇ ਰਵਿੰਡੇ ਸਟੇਸ਼ਨ ਤੋਂ ਉਤਰ ਕੇ ਸੀਹੋਂ ਵਾਲ ਪੁਜੇ, ਲੈਕਚਰ ਹੋਇਆ। ਦੀਵਾਨ ਅਗਲੇ ਭਲਕ ਭੀ ਸੀ। ਪਿੰਡਾਂ ਵਿਚੋਂ ਬੜੀ ਸੰਗਤ ਆਈ। ੨ ਬਜੇ ਤੋਂ ੪ ਬਜੇ ਤਕ ਲੈਕਚਰ ਕੀਤਾ ਤੇ ਪਿਛੋਂ ਇਹ ਨਜ਼ਮ ਪੜ੍ਹੀ,



Digitized by Panjab Digital Library | www.panjabdigilib.org

ਹੋ ਜਾਓ ਸਭ ਅਕਾਲੀ ਹੁਣ ਰੁਤ ਆ ਗਈ ਜੇ
ਸਿਰ ਦਸਤਾਰੇ ਕਾਲੇ ਬੰਨ੍ਹੋ ਕ੍ਰਿਪਾਨ ਗਾਤਰੇ ਵਾਲੀ ਹੁਣ......
ਤਨ ਮਨ ਧਨ ਸਭ ਦਿਓ ਪੰਥ ਨੂੰ ਚਲੋ ਗੁਰਮਤ ਚਾਲੀ ਹੁਣ......
ਪਰੇਮ ਧੁਨੀ ਜਪ ਜਾਪ ਪੜੋ ਰਖੋ ਰਹਿਤ ਅਕਾਲੀ ਹੁਣ......
ਮਹੰਤ ਪੁਜਾਰੀ ਬਣ ਗਏ ਲੁਚੇ ਇਨ੍ਹਾਂ ਕੰਜਰ ਭਗਤ ਨਿਕਾਲੀ ਹੁਣ......
ਜੀਵਨ ਦਾਸ ਜੋ ਸ਼ੇਖੂਪੁਰੀਆ ਇਸ ਬੂਹੇ ਪੁਲਸ ਬਹਾਲੀ ਹੁਣ......

ਝੱਬਰ ਦੇ ਲੈਕਚਰ ਦਾ ਇਹ ਅਸਰ ਹੋਇਆ ਕਿ ੩੦੦ ਜੁਆਨਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ, ਤੇ ਅਕਾਲੀ ਜਥੇ ਵਿਚ ਭਰਤੀ ਹੋ ਗਏ। ਇਥੋਂ ਵਾਪਸ ਝੱਬਰ ਸ੍ਰੀ ਅੰਮ੍ਰਿਤਸਰ ਆ ਗਿਆ।

## ਸ੍ਰੀ ਅਕਾਲ ਤਖਤ ਸਾਹਿਬ ਝੱਬਰ ਦਾ ਲੈਕਚਰ

ਪਿਛਲੇ ਪਹਿਰ ਦਾ ਦੀਵਾਨ ਗੁਰੂ ਕੇ ਬਾਗ਼ ਵਿਚ ਰੋਜ਼ ਵਾਂਗ ਲਗਾ ਹੋਇਆ ਸੀ। ਅਜ ਏਥੇ ਅਕਾਲੀ ਪ੍ਰਚਾਰਕਾਂ ਦੀ ਖਾਸ ਮੀਟਿੰਗ ਸੀ। ਝੱਬਰ ਭੀ ਦੀਵਾਨ ਵਿਚ ਪੁਜਾ ਤਾਂ ਪ੍ਰਚਾਰਕ ਇਨ੍ਹਾਂ ਪਾਸ ਆਏ ਤੇ ਕਹਿਣ ਲਗੇ ਸਾਡੀ ਅਜ ਅਕਾਲੀ ਲਹਿਰ ਦੇ ਪਰੋਗਰਾਮ ਬਾਰੇ ਮੀਟਿੰਗ ਸੀ, ਸਬਬ ਨਾਲ ਅਸੀਂ ਇਕਠੇ ਹੋਏ ਹੋਏ ਹਾਂ, ਤੁਸਾਂ ਸਾਰਾ ਕੰਮ ਸ਼ੁਰੂ ਕੀਤਾ ਸੀ, ਸਾਨੂੰ ਤੁਸੀਂ ਅਜ ਅਕਾਲੀ ਲਹਿਰ ਤੇ ਲੈਕਚਰ ਸੁਣਾਓ ਖਾਸ ਕਰਕੇ ਭਾਈ ਅਮਰ ਸਿੰਘ ਸ਼ੇਖੂ ਪੁਰੇ ਵਾਲੇ ਨੇ ਬਹੁਤ ਜ਼ੋਰ ਦਿਤਾ। ਭਾਈ ਠਾਕਰ ਸਿੰਘ ਮੰਧਰਾ ਜ਼ਿਲਾ ਰਾਵਲ ਪਿੰਡੀ ਵਾਲਾ ਇਸ ਵੇਲੇ ਸਟੇਜ ਸਕਤਰ ਸੀ ਉਸ ਨੇ ਕਿਹਾ ਕਿ ਝੱਬਰ ਜੀ ਮੈਂ ਤੁਹਾਡੇ ਲੈਕਚਰ ਦਾ ਐਲਾਨ ਕਰਾਂ? ਉਨ੍ਹਾਂ ਕਿਹਾ ਕਿ ਇਹ ਐਲਾਨ ਕਰੋ ਕਿ ਕਲ ਸਵੇਰੇ ਸ੍ਰੀ ਅਕਾਲ ਤਖਤ ਸਾਹਿਬ ਆਸਾ ਦੀ ਵਾਰ ਪਿਛੋਂ ਝੱਬਰ ਦਾ ਲੈਕਚਰ ਹੋਵੇਗਾ। ਗਿਆਨੀ ਠਾਕਰ ਸਿੰਘ ਨੇ ਐਲਾਨ ਕਰ ਦਿਤਾ। ਸਵੇਰੇ ਆਸਾ ਦੀ ਵਾਰ ਦੇ ਭੋਗ ਮਗਰੋਂ ਝੱਬਰ ਉਠਿਆ ਤੇ ਕਿਹਾ, "ਪਿਆਰੇ ਖਾਲਸਾ ਜੀ ਕਲ ਇਕ ਨਵਾਂ ਇਸ਼ਤਿਹਾਰ ਮੈਂ ਬਾਜ਼ਾਰ ਵਿਚ ਪੜ੍ਹਿਆ ਸੀ ਜੋ ਸ: ਸਾਧੂ ਸਿੰਘ ਜੀ ਕਕੜ ਆਨਰੇਰੀ ਮਜਿਸਟਰੇਟ



Digitized by Panjab Digital Library | www.panjabdigilib.org

ਵਲੋਂ ਸਿਖ ਸੁਧਾਰ ਕਮੇਟੀ ਦਾ ਸਕਤਰ ਬਣ ਕੇ ਜਾਰੀ ਹੋਇਆ ਹੈ। ਮੈਂ ਸ: ਸਾਧੂ ਸਿੰਘ ਜੀ ਤੋਂ ਪੁਛਦਾ ਹਾ ਕਿ ਤੂੰ ਕਿਹੜੇ ਪਾਸੇ ਦਾ ਗੁਰਮਤ ਦਾ ਗਿਆਨੀ ਜੰਮ ਪਿਆ ਹੈ ਜੋ ਸਿਖਾਂ ਦਾ ਸੁਧਾਰ ਕਰੇਂਗਾ। ਪਹਿਲਾਂ ਤੂੰ ਆਪਣਾ ਸੁਧਾਰ ਤਾਂ ਕਰ ਤੂੰ ਨਵੇਂ ਸੂਰਜ ਬੁਢੇਪਾ ਦੂਰ ਕਰਨ ਲਈ ਮੂੰਹ ਕਾਲਾ ਕਰਦਾ ਹੈ। ਖਾਲਸਾ ਜੀ ਇਹ ਇਕ ਨਵੀਂ ਗ਼ਦਾਰ ਕਮੇਟੀ ਸਿਖਾਂ ਵਿਚ ਬਣੀ ਹੈ, ਜੋ ਸਿਖ ਇਸ ਦਾ ਮੈਂਬਰ ਬਣੇਗਾ ਉਹ ਪੰਥ ਧਰੋਹੀ ਤੇ ਕੌਮੀ ਗਦਾਰ ਹੋਵੇਗਾ।"

"ਪਿਆਰੀ ਸਾਧ ਸੰਗਤ ਜੀ ਨਵੇਂ ਆਏ ਲਾਟ ਹੇਲੀ ਸਾਹਿਬ ਨੇ ਸ਼ਿਮਲੇ ਵਿਚ ਜੋ ਪਹਿਲੀ ਸਪੀਚ ਕੀਤੀ ਹੈ ਸਾਨੂੰ ਬੜੀ ਧਮਕੀ ਦਿਤੀ ਹੈ ਕਿਹਾ ਹੈ ਕਿ ਮੈਂ ਉਹ ਗੁਰਦਵਾਰੇ ਜਿਨ੍ਹਾਂ ਦੀ ਡਿਗਰੀ ਅਦਾਲਤ ਮਹੰਤਾਂ ਦੇ ਹੱਕ ਵਿਚ ਦੇਵੇਗੀ ਉਨ੍ਹਾਂ ਦੇ ਕਬਜ਼ੇ ਅਕਾਲੀਆਂ ਤੋਂ ਖੋਹ ਕੇ ਵਾਪਸ ਮਹੰਤਾਂ ਨੂੰ ਦੇਵਾਂਗਾ ਮੈਂ ਇਸ ਦਾ ਉਤਰ ਦੇਣ ਲਈ ਘਰੋਂ ਆਇਆ ਹਾਂ। ਮੇਰਾ ਉਤਰ ਇਹ ਹੈ ਕਿ ਕੋਈ ਐਸਾ ਪੁਤਰ ਮਾਂ ਨੇ ਨਹੀਂ ਜੰਮਿਆ, ਲਾਟ ਹੇਲੀ ਕੀ, ਭਾਂਵੇਂ ਵਾਇਸਰਾਏ ਕਿਉਂ ਨਾ ਹੋਵੇ ਜੋ ਸਾਡੇ ਕੀਤੇ ਕਬਜ਼ੇ ਸਾਥੋਂ ਖੋਵੇ। ਮਸਾਲ ਦੇ ਤੌਰ ਤੇ ਇਸੇ ਅਕਾਲ ਤਖਤ ਸਾਹਿਬ ਦੀ ਡਿਗਰੀ ਸਾਡੇ ਤੇ ਹੋਈ ਹੋਈ ਹੈ, ਜ਼ਰਾ ਹੇਲੀ ਸਾਹਿਬ ਇਸ ਦਾ ਕਬਜ਼ਾ ਲੈ ਕੇ ਤਾਂ ਵਿਖਾਏ, ਨਹੀਂ ਨਹੀਂ ਅਸਾਂ ਸਗੋਂ ਬਾਕੀ ਦੇ ਸਾਰੇ ਗੁਰਦਵਾਰੇ ਭੀ ਲੈਣੇ ਹਨ।" ਅੰਮ੍ਰਿਤਸਰ ਤੋਂ ਝੱਬਰ ਵਾਪਸ ਘਰ ਆਇਆ, ਹਾਲਾਂ ਪੰਜ ਦਿਨ ਹੀ ਹੋਏ ਸੀ ਕਿ ਪਿੰਡ ਦਾ ਚੌਕੀਦਾਰ ਤੇ ਇਕ ਸਪਾਹੀ ਇਨ੍ਹਾਂ ਪਾਸ ਖੂਹ ਤੇ ਆਏ ਤੇ ਕਿਹਾ ਪਿੰਡ ਚਲੋ ਤੁਹਾਨੂੰ ਕਪਤਾਨ ਸਾਹਿਬ ਬੁਲਾਂਦੇ ਹਨ। ਪਿੰਡ ਆਏ ਤੇ ਕਪਤਾਨ ਨੂੰ ਜੋ ਅੰਗਰੇਜ਼ ਸੀ ਸਤਿ ਸ੍ਰੀ ਅਕਾਲ ਬੁਲਾਈ ਤੇ ਪੁਛਿਆ ਸਾਹਿਬ ਬਹਾਦਰ ਕੀ ਕੰਮ ਹੈ? ਉਤਰ ਵਿਚ ਕਪਤਾਨ ਸਾਹਿਬ ਨੇ ਕਿਹਾ ਮੇਰੇ ਕੋਲ ਆਪ ਦਾ ਵਾਰੰਟ ਗ੍ਰਿਫਤਾਰੀ ਹੈ ਝੱਬਰ ਨੇ ਕਿਹਾ ਸਾਹਿਬ ਤੂੰ ਮੈਨੂੰ ਸ਼ੇਖੂ ਪੁਰੇ ਤੋਂ ਸੁਨੇਹਾ ਚਾ ਘਲੇਂਹਾ ਮੈਂ ਉਥੇ ਹਾਜ਼ਰ ਹੋ ਜਾਂਦਾ।



Digitized by Panjab Digital Library | www.panjabdigilib.org

ਥਾਨੇਦਾਰ-ਗਾਰਦ ਸਪਾਹੀ, ਨਾਲੇ ਆਪ ਨੇ ਏਡੀ ਖੇਚਲ ਕਿਉਂ ਕੀਤੀ ਮੈਂ ਤਾਂ ਆਪ ਗ੍ਰਿਫਤਾਰ ਹੋਣ ਲਈ ਲੈਕਚਰ ਕੀਤੇ ਸਨ ।

ਜ਼ਰਾ ਮੈਨੂੰ ਵਾਰੰਟ ਪੜ ਕੇ ਸੁਣਾਉ ? ਉਰਦੂ ਤਰਜਮਾਂ ਸੁਣਾਨਾ ? ਕਪਤਾਨ ਨੇ ਵਾਰੰਟ ਪੜ ਕੇ ਸੁਣਾਇਆ ਕਿ ਸਰਦਾਰ ਕਰਤਾਰ ਸਿੰਘ ਝੱਬਰ ਨੇ ੭ ਸ਼ਰਤੇਂ ਤੋੜ ਦੀ ਹੈਂ ਉਸ ਕੋ ਗ੍ਰਿਫਤਾਰ ਕਰਕੇ ਸੀਧਾ ਕੈਂਬਲ ਪੁਰ ਜਿਹਲ ਮੇਂ ੧੮ ਸਾਲ ਕੇ ਲੀਏ ਭੇਜ ਦੋ । ਗ੍ਰਿਫਤਾਰੀ ਕੇ ਲੀਏ ਕਪਤਾਨ ਸਾਹਿਬ ਖੁਦ ਜਾਏਂ । ਅਗਰ ਕਪਤਾਨ ਪੁਲੀਸ ਹੈਡ ਕੁਆਟਰ ਪਰ ਨਾ ਹੋ ਤੋ ਡਿਪਟੀ ਕਮਿਸ਼ਨਰ ਗ੍ਰਿਫਤਾਰੀ ਕੇ ਲੀਏ ਜਾਏ ।

ਝੱਬਰ ਨੇ ਅਖਬਾਰਾਂ ਵਿਚ ਐਲਾਨ ਕੀਤਾ ਹੋਇਆ ਸੀ, ਕਿ ਜਦੋਂ ਕੋਈ ਅਕਾਲੀ ਗ੍ਰਿਫਤਾਰ ਹੋਵੇ ਤਾਂ ਉਹ ਪੰਜ ਜੈਕਾਰੇ ਛਡੇ, ਸੋ ਇਹ ਐਲਾਨ ਕਪਤਾਨ ਸਾਹਿਬ ਨੂੰ ਦਸ ਕੇ ਝੱਬਰ ਨੇ ਉਚੀ ਜ਼ੋਰ ਨਾਲ ੫ ਜੈਕਾਰੇ ਛਡੇ । ਇਨਾਂ ਦੇ ਪਿਤਾ ਜੀ ਸੁਣ ਕੇ ਆਏ ਇਨ੍ਹਾਂ ਨੂੰ ਕਿਹਾ ਕਿ ਘਰੋਂ ਕਪੜੇ ਤੇ ਚਾਦਰ ਤੇ ਇਕ ਖੇਸ ਘਲ ਦਿਓ ਅਤੇ ਤੁਸੀਂ ਆਰਾਮ ਕਰੋ । ਫਿਕਰ ਕਰਨ ਦੀ ਲੋੜ ਨਹੀਂ ਮੈਂ ਕੋਈ ਗੁਨਾਹ ਨਹੀਂ ਕੀਤਾ ਇਹ ਪੰਥ ਦੀ ਸੇਵਾ ਹੈ । ਕਪੜੇ ਆ ਗਏ ਅਤੇ ਮੋਟਰ ਵਿਚ ਬਠਾ ਕੇ ਝੱਬਰ ਨੂੰ ਸ਼ੇਖੂਪੁਰੇ ਲੈ ਆਏ । ਦੁਪਹਿਰੇ ਪੁਲੀਸ ਲਾਈਨ ਵਿਚ ਠਹਿਰੇ ਤੇ ਪੰਜ ਬਜੇ ਦੀ ਗਡੀ ਸ਼ੇਖੂਪੁਰੇ ਤੋਂ ਚੜ ਕੇ ਤੇ ਕੈਂਬਲ ਪੁਰ ਪੁਚਾਣ ਲਈ ੨ ਸਪਾਹੀ ਤੇ ਇਕ ਲਾਲਾ ਕਲਿਆਨ ਦਾਸ ਥਾਨੇਦਾਰ ਅਰਦਲੀ ਮਿਲੇ ਅਤੇ ਇਹ ਅਗਲੇ ਭਲਕ ਜਿਹਲ ਕੈਂਬਲ ਪੁਰ ਪੁਜ ਗਏ ।

## ਕੈਂਬਲ ਪੁਰ ਜਿਹਲ

ਜਿਸ ਜਿਹਲ ਵਿਚ ਕੈਦੀ ਨਵਾਂ ਆਵੇ ਉਸ ਨੂੰ ੮ ਤੋਂ ੧੫ ਦਿਨ ਤਕ ਅਲਗ ਰਖਿਆ ਜਾਂਦਾ ਹੈ । ਆਮ ਤੌਰ ਤੇ ਚਕੀ ਦਿਤੀ ਜਾਂਦੀ ਹੈ । ਏਸ ਅਸੂਲ ਮੁਤਾਬਕ ਝੱਬਰ ਨੂੰ ਚਕੀ ਬੰਦ ਕੀਤਾ ਗਿਆ । ਚਾਰ ਦਿਨ ਬਾਦ ਇਨਾਂ ਪਾਸ ਇਕ ਹਿੰਦੂ ਪ੍ਰੇਮੀ ਆਇਆ ਤੇ ਬੜੇ ਪ੍ਰੇਮ ਨਾਲ ਕਹਿਣ ਲਗਾ ਕਿ ਮੈਂ ਸ਼ਹਿਰ ਵਿਚ ਆਨਰੇਰੀ ਮਜਿਸਟਰੇਟ ਹਾਂ ਤੇ ਇਸ



Digitized by Panjab Digital Library | www.panjabdigilib.org

ਜਿਹਲ ਦਾ ਮੈਂ ਗੈਰ ਸਰਕਾਰੀ ਵਿਜ਼ੇਟਰ ਭੀ ਹਾਂ ਜਦੋਂ ਤੁਸਾਂ ਪੰਜੇ ਸਾਹਿਬ ਕਬਜ਼ਾ ਕੀਤਾ ਸੀ, ਮੈਂਨੇ ਆਪ ਦਾ ਲੈਕਚਰ ਸੁਣਿਆ ਸੀ। ਮੇਰੀ ਆਪ ਪਰ ਬਹੁਤ ਸ਼ਰਧਾ ਹੈ ਮੈਨੂੰ ਅਜ ਸਵੇਰੇ ਹੀ ਪਤਾ ਲਗਾ ਸੀ ਕਿ ਝੱਬਰ ਸਾਹਿਬ ਏਥੇ ਆਏ ਹਨ। ਦਾਸ ਆਪ ਦੀ ਬਹੁਤ ਮਦਦ ਕਰ ਸਕਦਾ ਹੈ। ਤੁਸੀਂ ਮੈਨੂੰ ਦਸੋ ਕਿ ਕੋਈ ਤਕਲੀਫ ਤਾਂ ਨਹੀਂ। ਝੱਬਰ ਨੇ ਉਤਰ ਦਿਤਾ ਕਿ "ਆਪ ਨੇ ਬੜੀ ਕ੍ਰਿਪਾ ਕੀਤੀ ਹੈ ਦਰਸ਼ਨ ਦਿਤੇ ਹਨ ਮੈਂ ਆਪ ਦਾ ਦਿਲੋਂ ਧੰਨਵਾਦੀ ਹਾਂ। ਆਪ ਜਾਣਦੇ ਹੋ ਕਿ ਜਿਹਲ ਖਾਨੇ ਵਿਚ ਕੈਦੀ ਨੂੰ ਕਾਨੂੰਨ ਦੀ ਪਾਲਨਾ ਕਰਨੀ ਹੀ ਪੈਂਦੀ ਹੈ ਏਥੇ ਤਾਂ ਹੀ ਦਿਨ ਲੰਘਦੇ ਹਨ ਜੇ ਦੁਖ ਨੂੰ ਦੁਖ ਨਾ ਸਮਝੀਏ, ਨਾਲੇ ਦੁਖ ਤੇ ਸੁਖ ਮੰਨਣ ਵਿਚ ਹੀ ਹੁੰਦਾ ਹੈ। ਜੇ ਦੁਖ ਨੂੰ ਸੁਖ ਮੰਨ ਲਈਏ ਤਾਂ ਫਿਰ ਦੁਖ ਨੇੜੇ ਨਹੀਂ ਆਉਂਦਾ। ਪਰ ਚੰਗਾ ਜੇ ਮੈਨੂੰ ਕੋਈ ਨਾਜਾਇਜ਼ ਤਕਲੀਫ ਹੋਈ ਤਾਂ ਤੁਸਾਂ ਫਿਰ ਮਿਲਦੇ ਹੀ ਰਹਿਣਾ" ਸੁਪਰੰਟੈਂਡਟ ਜਿਹਲ ਬ੍ਰਾਹਮਣ ਸੀ ਝੱਬਰ ਦੀ ੧੮ ਸਾਲ ਕੈਦ ਵੇਖ ਕੇ ਘਬਰਾਇਆ ਕਿਉਂਕਿ ਇਹ ਜਿਹਲ ਨਿਕਾ ਹੈ ਇਥੇ ਆਮ ਕਰਕੇ ੨ ਸਾਲ ਕੈਦ ਵਾਲਾ ਕੈਦੀ ਹੀ ਆਉਂਦਾ ਹੈ। ਝੱਬਰ ਜੀ ਨੂੰ ੫ ਦਿਨ ਚਕੀ ਬੰਦ ਰਖ ਕੇ ਫਿਰ ਫਾਂਸੀ ਵਾਲੀ ਕੋਠੀ ਵਿਚ ਬੰਦ ਕਰ ਦਿਤਾ। ਇਥੇ ਦਿਨ ਰਾਤ ਹੀ ਪਹਿਰਾ ਰਹਿੰਦਾ ਸੀ। ਸੁਪਰਨਡੈਂਟ ਜਿਹਲ ਨੇ ਲਾਹੌਰ ਡੀ. ਆਈ. ਜੀ ਨੂੰ ਝੱਬਰ ਦੀ ਜਿਹਲ ਤਬਦੀਲੀ ਲਈ ਲਿਖਿਆ। ਲਾਹੌਰੋਂ ਜਵਾਬ ਆਇਆ ਕਿ ਇਸ ਨੂੰ ਗਵਰਨਰ ਸਾਹਿਬ ਨੇ ਕੈਂਬਲਪੁਰ ਜਿਹਲ ਵਿਚ ਘਲਿਆ ਹੈ। ਅਸੀਂ ਇਸ ਦੀ ਜਿਹਲ ਬਦਲੀ ਨਹੀਂ ਕਰ ਸਕਦੇ।

ਜਦ ਝੱਬਰ ਨੂੰ ਇਥੇ ਆਇਆ ੧੦ ਦਿਨ ਹੋਏ ਸਨ ਤਾਂ ਬੈਰੀ ਸਾਹਿਬ ਅੰਗਰੇਜ਼ ਡਿਪਟੀ ਕਮਿਸ਼ਨਰ ਜੋ ਪਹਿਲੇ ੩ ਸਾਲ ਸ਼ੇਖੂਪੁਰੇ ਰਹਿ ਗਿਆ ਸੀ ਝੱਬਰ ਨੂੰ ਮਿਲਣ ਲਈ ਆਇਆ। ਉਸ ਵਕਤ ਝੱਬਰ ਫਾਂਸੀ ਦੀ ਕੋਠੀ ਵਿਚ ਸੀ। ਬੈਰੀ ਸਾਹਿਬ ਦੇ ਨਾਲ ਜਿਹਲ ਦਾ ਸਾਰਾ ਸਟਾਫ ਭੀ ਸੀ। ਅੰਦਰਲੀ ਕੋਠੀ ਦਾ ਫਾਟਕ ਖੋਲ



Digitized by Panjab Digital Library | www.panjabdigilib.org

ਦਿਤਾ ਗਿਆ ਤੇ ਸਾਹਮਣੇ ਦਰਵਾਜ਼ੇ ਅਗੇ ਝੱਬਰ ਆ ਖਲੋਤਾ ਤੇ ਬੈਰੀ ਸਾਹਿਬ ਨੇ ਪੁਛਿਆ ਕਿ ਆਪ ਕੈਸੇ ਗ੍ਰਿਫਤਾਰ ਹੋ ਗਏ। ਝੱਬਰ ਨੇ ਕਿਹਾ ਸਾਹਿਬ ਬਹਾਦਰ ਇਸ ਵੇਲੇ ਪੰਝੀ ਹਜ਼ਾਰ ਅਕਾਲੀ ਜਿਹਲਾਂ ਵਿਚ ਹੈ ਸਭ ਅਕਾਲੀ ਲੀਡਰ ਭੀ ਜਿਹਲਾਂ ਵਿਚ ਹਨ ਮੈਂ ਭੀ ਬਾਹਰ ਰੇਹਿਣਾ ਠੀਕ ਨਹੀਂ ਸਮਝਿਆ। ਇਨਾਂ ਦੀ ੧੧ ਬਜੇ ਤੋਂ ੧ ਬਜੇ ਤਕ ਬਾਤ ਹੁੰਦੀ ਰਹੀ। ਬੈਰੀ ਸਾਹਿਬ ਅਕਾਲੀ ਲਹਿਰ ਸਬੰਧੀ ਝੱਬਰ ਤੇ ਸਵਾਲ ਕਰੀ ਜਾਵੇ ਅਤੇ ਉਹ ਉਤਰ ਦੇਈ ਜਾਵੇ। ਦੋ ਘੰਟੇ ਬਾਦ ਪੁਛਣ ਲਗਾ ਕਿ ਆਪ ਕੋ ਕੋਈ ਤਕਲੀਫ ਤੋ ਨਹੀਂ ? ਝੱਬਰ ਨੇ ਕਿਹਾ, ਨਹੀਂ ਸਾਹਿਬ ਬਹਾਦਰ ਮੈਨੂੰ ਕੋਈ ਤਕਲੀਫ ਨਹੀਂ। ਏਥੇ ੮੦੦ ਅਕਾਲੀ ਕੈਦੀ ਸੀ। ਤਿੰਨ ਮਹੀਨੇ ਹੋ ਗਏ ਤਾਂ ਉਨ੍ਹਾਂ ਵਿਚੋਂ ਕਈਆਂ ਨੇ ਸੁਪ੍ਰਟੰਡੰਟ ਨੂੰ ਕਿਹਾ ਕਿ ਸਾਹਿਬ ਤੂੰ ਝੱਬਰ ਨੂੰ ਫਾਂਸੀ ਦੀ ਕੋਠੀ ਵਿਚੋਂ ਕਢ ਦੇਹ। ਉਸ ਨੇ ਉਤਰ ਦਿਤਾ ਕਿ ਝੱਬਰ ਆਖੇ ਤਾਂ ਮੈਂ ਇਹ ਗਲ ਮੰਨ ਲੈਂਦਾ ਹਾਂ ਪਰ ਝੱਬਰ ਨੇ ਨਾਹ ਕਰ ਦਿਤੀ। ਫਿਰ ਸਿੰਘਾਂ ਨੇ ਸੁਨੇਹਾ ਘਲਿਆ ਕਿ ਅਸੀਂ ਤੁਹਾਨੂੰ ਕਢਣ ਲਈ ਮੋਰਚਾ ਲਾਂਦੇ ਹਾਂ ਪਰ ਝੱਬਰ ਨੇ ਐਸਾ ਕਰਨ ਤੋਂ ਰੋਕਿਆ।

## ਦਰੋਗੇ ਨਾਲ ਅਕਾਲੀਆਂ ਦਾ ਮੋਰਚਾ

ਹੁਣ ਸੁਪਰਟੰਡੰਟ ਪੁਰੀ ਸਾਹਿਬ ਬਦਲ ਕੇ ਕੈਂਬਲ ਪੁਰ ਜਿਹਲ ਵਿਚ ਆ ਲਗਾ, ਉਸ ਨੂੰ ਅਕਾਲੀਆਂ ਨੇ ਕਿਹਾ, "ਪੁਰੀ ਸਾਹਿਬ ਦਰੋਗਾ ਦੋ ਬੋਰੀਆਂ ਆਟਾ-ਦਾਲ-ਲੂਣ ਸਾਡੀ ਰਸਦ ਵਿਚੋਂ ਰਖ ਲੈਂਦਾ ਹੈ। ਸਾਡੀ ਰਸਦ ਸਾਨੂੰ ਆਪ ਦਿਓ ਅਸੀਂ ਆਪ ਪਕਾਵਾਂਗੇ।" ਤਾਂ ਪੁਰੀ ਸਾਹਿਬ ਨੇ ਕਿਹਾ ਕਿ ਤੁਸੀਂ ਪਕੜਾ ਦਿਓ ਤਾਂ ਅਕਾਲੀਆਂ ਨੇ ਆਟਾ ਚੁਕੀ ਜਾਂਦੇ ਕੈਦੀਆਂ ਨੂੰ ਪਕੜ ਲਿਆ। ਪੁਰੀ ਸਾਹਿਬ ਨੂੰ ਵਖਾ ਦਿਤਾ, ਫਿਰ ਭੀ ਪੁਰੀ ਸਾਹਿਬ ਚੁਪ ਰਿਹਾ। ਅਕਾਲੀਆਂ ਨੇ ਗੁਰਮਤਾ ਕੀਤਾ ਕਿ ਮੋਰਚਾ ਲਾ ਦਿਤਾ ਜਾਵੇ ਅਤੇ ਅਠ ਸੌ ਅਕਾਲੀਆਂ ਨੇ ਇਕੋ ਵੇਰ ਕੰਮ ਕਰਨਾ ਛਡ ਦਿਤਾ। ਜਿਹਲ ਵਾਲਿਆਂ ਭੀ ਹਥਕੜੀਆਂ



Digitized by Panjab Digital Library | www.panjabdigilib.org

ਬੇੜੀਆਂ ਆਦਿ ਚੰਗੀਆਂ ਸਜ਼ਾਵਾਂ ਦਿਤੀਆਂ ਪਰ ਉਹਨਾਂ ਦਾ ਸਾਮਾਨ ਪੂਰਾ ਨਾ ਆਵੇ, ਮਸਾਂ ੩੦੦ ਅਕਾਲੀਆਂ ਨੂੰ ਬੇੜੀਆਂ ਹਥਕੜੀਆਂ ਅਤੇ ਰੁਖਾਂ ਨਾਲ ਬੰਨ ਕੇ ਖਲੋਤੀਆਂ ਹਥਕੜੀਆਂ ਤੇ ਚਕੀਆਂ ਆਦਿ ਮਿਲੀਆਂ, ਫਿਰ ਭੀ ੫੦੦ ਅਕਾਲੀ ਖਾਲੀ ਬੈਠਾ ਰਿਹਾ। ਤਿੰਨ ਦਿਨ ਵਿਚ ਹੀ ਜਿਹਲ ਵਾਲਿਆਂ ਪਾਸੋਂ ਆਟਾ ਮੁਕ ਗਿਆ ਤਾਂ ਪੁਰੀ ਸਾਹਿਬ ਨੇ ਜਿਹਲ ਵਿਚ ਇਕ ਥਾਂ ਮੁਖੀ ਅਕਾਲੀਆਂ ਨੂੰ ਬੁਲਾ ਕੇ ਸੁਲਾਹ ਲਈ ਕਿਹਾ। ਝੱਬਰ ਭੀ ਸਦਿਆ ਗਿਆ। ਅਕਾਲੀਆਂ ਨੇ ਆਪਣੇ ਮੁਤਾਲਬੇ ਪੇਸ਼ ਕੀਤੇ ਕਿ ਮੁਸ਼ੱਕਤ ਅਧੀ ਕਰਾਂਗੇ। ਤੇ ਰਸਦ ਪੂਰੀ ਲੈ ਕੇ ਲੰਗਰ ਆਪ ਪਕਾਵਾਂਗੇ। ਪੁਰੀ ਸਾਹਿਬ ਨੇ ਇਹ ਮੰਗਾਂ ਪ੍ਰਵਾਨ ਕਰ ਲਈਆਂ ਪਰ ਦਰੋਗਾ ਬੋਲਿਆ ਕਿ ਸਾਹਿਬ ਬਹਾਦਰ ਮੇਰੀ ਭੀ ਇਕ ਅਰਜ਼ ਹੈ ਕਿ ਜੇ ਇਹ ਰਸਦ ਪੂਰੀ ਲੈਣ ਤਾਂ ਕੀ ਵਜਾ ਹੈ ਕਿ ਮੁਸ਼ੱਕਤ ਅਧੀ ਕਰਨ, ਇਹ ਰਸਦ ਭੀ ਪੂਰੀ ਲੈਣ ਅਤੇ ਮੁਸ਼ੱਕਤ ਪੂਰੀ ਕਰਨ ਜਦ ਇਖਲਾਕੀ ਕੈਦੀ ਮੁਸ਼ੱਕਤ ਪੂਰੀ ਕਰਦੇ ਹਨ ਤਾਂ ਇਹ ਕਿਉਂ ਨਾ ਕਰਨ ? ਪੁਰੀ ਸਾਹਿਬ ਨੇ ਅਕਾਲੀਆਂ ਨੂੰ ਆਖਿਆ ਕਿ ਦਰੋਗਾ ਸਾਹਿਬ ਦੇ ਸਵਾਲ ਦਾ ਜਵਾਬ ਦਿਓ ਤਾਂ ਅਕਾਲੀਆਂ ਨੇ ਝੱਬਰ ਨੂੰ ਕਿਹਾ ਆਪ ਉਤਰ ਦੇਵੇ। ਝੱਬਰ ਨੇ ਕਿਹਾ, "ਦਰੋਗਾ ਸਾਹਿਬ ਅਸੀਂ ਕੋਈ ਕਾਨੂੰਨੀ ਜੁਰਮ ਨਹੀਂ ਕੀਤਾ। ਇਸ ਲਈ ਅਸੀਂ ਕੈਦੀ ਨਹੀਂ, ਅਸੀਂ ਕਿਉਂ ਤੁਹਾਨੂੰ ਪੂਰੀ ਮੁਸ਼ੱਕਤ ਕਰਕੇ ਦੇਵੀਏ। ਅਸੀਂ ਤਾਂ ਸ਼ਾਹੀ ਮਹਿਮਾਨ ਹਾਂ, ਆਪਣੀ ਕੌਮ ਦੇ ਹੱਕ ਮੰਗਦੇ ਹਾਂ। ਹੱਕ ਮੰਗਣਾ ਕੋਈ ਜੁਰਮ ਨਹੀਂ ਅਧੀ ਮੁਸ਼ਕਤ ਭੀ ਸਾਨੂੰ ਨਹੀਂ ਕਰਨੀ ਚਾਹੀਦੀ। ਪਰ ਅਸੀਂ ਆਪਣੀ ਸਿਹਤ ਠੀਕ ਰਖਣ ਲਈ ਅਧੀ ਮੰਨੀ ਹੈ। ਅਸਲ ਵਿਚ ਤਾਂ ਤੁਹਾਨੂੰ ਚਾਹੀਦਾ ਹੈ ਕਿ ਸਾਨੂੰ ਦੁਧ ਦਹੀਂ ਘਿਉ ਮਿਠਾ ਆਦਿ ਪੂਰੀ ਪੂਰੀ ਰਸਦ ਦਿਓ ਇਸ ਲਈ ਕਿ ਅਸੀਂ ਸ਼ਾਹੀ ਮਹਿਮਾਨ ਹਾਂ ਸਾਨੂੰ ਘਰ ਵਰਗੀ ਖੁਰਾਕ ਏਥੇ ਮਿਲਨੀ ਚਾਹੀਦੀ ਹੈ।" ਦਰੋਗਾ ਚੁਪ ਹੋ ਗਿਆ। ੯ ਮਹੀਨੇ ਪਿਛੋਂ ਉਹੋ ਆਨਰੇਰੀ ਮਜਿਸਟਰੇਟ ਜੋ



Digitized by Panjab Digital Library | www.panjabdigilib.org

ਪਹਿਲੇ ਦਿਨ ਆਇਆ ਸੀ ਆਇਆ ਤੇ ਝੱਬਰ ਜੀ ਨੂੰ ਮਿਲਿਆ। ਇਸ ਵੇਲੇ ਇਨ੍ਹਾਂ ਦੀ ਸਿਹਤ ਬਹੁਤ ਖਰਾਬ ਹੋ ਚੁਕੀ ਸੀ। ਕਿਉਂਕਿ ਜੇਠ ਹਾੜ ਦੀ ਗਰਮੀ ਤੇ ਸਾਵਨ ਭਾਦੋ ਦੇ ਵੱਟਾਂ ਵਿਚ ਫਾਂਸੀ ਦੀ ਕੋਠੀ ਵਿਚ ਜਿਥੇ ਹਵਾ ਨਹੀਂ ਸੀ ਲਗਦੀ ਉਥੇ ਬੰਦ ਰਹਿਣਾ ਕੋਈ ਥੋੜੀ ਜੇਹੀ ਗੱਲ ਨਹੀਂ ਸੀ। ਇਸ ਪਰੇਮੀ ਨੇ ਵੇਖ ਕੇ ਅਫਸੋਸ ਕੀਤਾ ਤੇ ਕਿਹਾ, "ਝੱਬਰ ਜੀ ਮੈਨੂੰ ਆਪਣਾ ਇੱਕ ਨਿਜੀ ਕੰਮ ਪਸ਼ੌਰ ਸੀ ਉਥੇ ਚਲਾ ਗਿਆ ਸੀ ਤੁਹਾਡੀ ਤਾਂ ਸਿਹਤ ਬਹੁਤ ਖਰਾਬ ਹੋ ਗਈ ਹੈ ਹੁਣ ਮੈਂ ਬੰਦੋਬਸਤ ਕਰਦਾ ਹਾਂ।" ਇੱਕ ਘੰਟੇ ਪਿਛੋਂ ਹੀ ੯ ਮਹੀਨੇ ਬਾਦ ਉਸ ਫਾਂਸੀ ਦੀ ਕੋਠੀ ਵਿਚੋਂ ਕਢ ਕੇ ਝੱਬਰ ਜੀ ਨੂੰ ਕੋਠੀਆਂ ਦੀ ਲਾਈਨ ਵਿਚੋਂ ਇੱਕ ਕੋਠੀ ਵਿਚ ਬੰਦ ਕੀਤਾ ਗਿਆ। ਅਗਲੇ ਭਲਕ ਉਹ ਪਰੇਮੀ ਪੁਰੀ ਸਾਹਿਬ ਨੂੰ ਨਾਲ ਲੈ ਕੇ ਆਇਆ। ਪੁਰੀ ਸਾਹਿਬ ਡਾਕਟਰ ਸੀ ਇਹ ਝੱਬਰ ਦੀ ਸਿਹਤ ਖਰਾਬ ਵੇਖ ਕੇ ਲਿਖ ਗਿਆ ਕਿ ਇਸ ਨੂੰ ਸਿਰਫ ਦੁਪਹਿਰ ਵੇਲੇ ਜਿਸ ਵੇਲੇ ਸਾਰਾ ਜਿਹਲ ਬੰਦ ਹੁੰਦਾ ਹੈ ਕੇਵਲ ਦੋ ਘੰਟੇ ਲਈ ਬੰਦ ਕੀਤਾ ਜਾਵੇ ਅਗੋਂ ਪਿਛੋਂ ਸਾਰਾ ਦਿਨ ਖੁਲਾ ਰਹੇ। ਕੋਠੀਆਂ ਦੀ ਲਾਈਨ ਜੋ ੩੫ ਕਰਮ ਲੰਮੀ ਸੀ, ਏਥੇ ਟਹਿਲਣ ਲਈ ਲਿਖ ਗਿਆ। ਖੁਲੇ ਫਿਰਨ ਨਾਲ ਇਨ੍ਹਾਂ ਦੀ ਸਿਹਤ ਠੀਕ ਹੋ ਗਈ।

ਕੋਠੀਆਂ ਦੇ ਸਾਹਮਣੇ ਟਾਹਲੀਆਂ ਦੀ ਛਾਂ ਸੀ। ਝੱਬਰ ਏਥੇ ਛਾਂਵੇ ਬੈਠਦਾ ਸੀ।

ਜੇਹਲ ਦਾ ਛੋਟਾ ਦਰੋਗਾ ਝੱਬਰ ਜੀ ਨਾਲ ਕੁਝ ਖੁਣਸ ਰਖਦਾ ਸੀ। ਇਸ ਨੇ ਇਕ ਦਿਨ ਇਕ ਸ਼ਰਾਰਤ ਕਰਕੇ ਅਲਾਰਮ ਕਰ ਦਿਤਾ ਅਤੇ ਗਾਰਦ ਮੰਗਾ ਕੇ ਕੈਦਾਂ ਵਿੱਚ ਡੱਕੇ ਅਕਾਲੀਆਂ ਨੂੰ ਮਰਵਾਇਆ। ਜਦ ਝੱਬਰ ਦੀ ਸਿਹਤ ਠੀਕ ਹੋ ਗਈ ਤਾਂ ਇਨ੍ਹਾਂ ਨੂੰ ਸਮੇਤ ਈਸ਼ਰ ਸਿੰਘ ਨਥਾਵਾ ਐਡੀਟਰ ਅਕਾਲੀ (ਇਨ੍ਹਾਂ ਦਾ ਅਸਲ ਨਾਮ ਰਣਧੀਰ ਸਿੰਘ ਪਿੰਡ ਡੂਮ ਛੇੜੀ ਜ਼ਿਲਾ ਅੰਬਾਲਾ ਹੈ )ਦੇ ਜੋ ਉਨ੍ਹਾਂ ਦਿਨਾਂ ਵਿਚ ਇਥੇ ਕੈਦ ਸੀ ਇੱਕ ਮਹਿਫ਼ ਕੈਦੀਆਂ ਵਾਲੇ ਕਮਰੇ ਵਿਚ ੮ ਬਜੇ ਸਵੇਰ



Digitized by Panjab Digital Library | www.panjabdigilib.org

ਤੋਂ ੫ ਬਜੇ ਸ਼ਾਮ ਤਕ ਬੰਦ ਕੀਤੇ ਜਾਣ ਦਾ ਹੁਕਮ ਦੇ ਦਿਤਾ। ਇਸ ਕਮਰੇ ਦੀਆਂ ਚਾਬੀਆਂ ਇੱਕ ਨੂਰਾ ਨਾਮ ਦੇ ਜਿਹਲਮ ਦੇ ਕੈਦੀ ਪਾਸ, ਜੋ ਨੰਬਰਦਾਰ ਸੀ, ਰਹਿੰਦੀਆਂ ਸਨ।

ਇਕ ਦਿਨ ਵਰਦੀਆਂ ਦੇ ਗੁਦਾਮ ਵਿਚੋਂ ਇੱਕ ਕੈਦੀ ਨੂੰ ਫੋਟੋ ਲੈਨ ਵਾਲਾ ਕੈਮਰਾ ਲੱਭਾ, ਉਸ ਨੇ ਇਹ ਨੂਰੇ ਨੂੰ ਦਿਤਾ। ਨੂਰੇ ਨੇ ਬਾਬੂ ਅਮਰ ਦਾਸ ਛੋਟੇ ਦਰੋਗੇ ਨੂੰ ਦਸਿਆ ਤੇ ਅਮਰ ਦਾਸ ਨੇ ਨੂਰੇ ਨੂੰ ਸਮਝਾਇਆ ਕਿ ਤੂੰ ਇਹ ਕੈਮਰਾ ਕਰਤਾਰ ਸਿੰਘ ਝੱਬਰ ਦੇ ਕਮਰੇ ਵਿੱਚ ਦਬ ਕੇ ਮੁਖਬਰੀ ਕਰਦੇ ਤੇ ਪਕੜਾ ਦੇ, ਮੈਂ ਤੈਨੂੰ ੮ ਦਿਨ ਰਿਹਾਈ ਲੈ ਦਵਾਂਗਾ—ਨੂਰੇ ਨੇ ਇਸੇ ਤਰ੍ਹਾਂ ਕੀਤਾ। ਅਗਲੇ ਦਿਨ ੯ ਬਜੇ ਦਾ ਵਕਤ ਸੀ ਈਸ਼ਰ ਸਿਘ ਐਡੀਟਰ ਅਕਾਲੀ ਤੇ ਝੱਬਰ ਕਮਰੇ ਦੇ ਅੰਦਰ ਬੈਠੇ ਸੀ ਤਾਂ ਇਕੋ ਵੇਰ ਵੱਡਾ ਤੇ ਛੋਟਾ ਦਰੋਗਾ, ਬਾਬੂ, ਜਮਾਂਦਾਰ ਅਤੇ ਜਿਹਲ ਦੇ ਹੋਰ ਵਡੇ ਵਡੇ ਮੁਲਾਜ਼ਮ ਆ ਗਏ ਤੇ ਦਰਵਾਜ਼ਾ ਖੋਲ੍ਹ ਕੇ ਆਖਨ ਲਗੇ, "ਸਰਦਾਰ ਸਾਹਿਬ ਬਾਹਰ ਆ ਜਾਉ।" ਅਸੀਂ ਬਾਹਰ ਆ ਗਏ ਤਾਂ ਵਡੇ ਦਰੋਗੇ ਨੇ ਉਸ ਨੂਰੇ ਨੰਬਰਦਾਰ ਨੂੰ ਕਿਹਾ ਕਿ ਇਸ ਕਮਰੇ ਦੀ ਤਲਾਸ਼ੀ ਲਵੋ।" ਨੂਰਾ ਅੰਦਰ ਗਿਆ, ਇਧਰ ਓਧਰ ਝਾਕ ਕੇ ਇੱਕ ਥਾਂ ਤੋਂ ਕੈਮਰਾ ਪੁਟ ਕੇ ਲੈ ਆਇਆ ਤਾਂ ਦਰੋਗਾ ਅਬਦੁਲ ਗਨੀ ਜੋ ਗੁਜਰਾਂ ਵਾਲੇ ਦਾ ਸ਼ੇਖ ਸੀ ਕਹਿਨ ਲੱਗਾ, "ਸਰਦਾਰ ਸਾਹਿਬ ਇਹ ਕੈਮਰਾ ਤਾਂ ਆਪ ਦਾ ਹੀ ਹੈ ਨਾਂਹ?" ਝੱਬਰ ਨੇ ਕਿਹਾ, "ਸ਼ੇਖ ਜੀ ਇਹ ਕੈਮਰਾ ਮੇਰਾ ਨਹੀਂ ਇਹ ਤੁਸਾਡਾ ਹੈ" ਉਤਰ ਸੁਨ ਕੇ ਉਹ ਬੋਲਿਆ ਅੱਛਾ ਦੇਖਾ ਜਾਏਗਾ। ਕੁਝ ਦਿਨਾਂ ਮਗਰੋ ਸ਼ੇਖ ਸਾਹਿਬ ਜਿਨਾਂ ਦੀ ਕੋਠੀ ਕੋਲੋਂ ਲੰਘੇ ਤਾਂ ਝੱਬਰ ਨੇ ਕਿਹਾ ਸ਼ੇਖ ਜੀ ਕੈਮਰੇ ਦੇ ਮੁਆਮਲੇ ਵਿੱਚ ਇਨਸਾਫ ਹੋਨਾ ਚਾਹੀਦਾ ਹੈ। ਆਪ ਬੋਲੇ, "ਸਰਦਾਰ ਸਾਹਿਬ ਜਿਹਲ ਕੀ ਤੇ ਇਨਸਾਫ ਕੀ।" ਅਗਲੇ ਦਿਨ ਸੁਪ੍ਰੰਟੰਡੰਟ ਨੇ ਪੇਸ਼ੀ ਲਈ ਸਦਿਆ। ਇਹ ਉਸ ਦੇ ਦਫਤਰ ਵਿੱਚ ਹਾਜ਼ਰ



Digitized by Panjab Digital Library | www.panjabdigilib.org

ਹੋਇ। ਸੁਪ੍ਰੰਟੈਂਡੈਂਟ ਪਠਾਨ ਸੀ। ਪੁਛਣ ਲੱਗਾ, "ਸਰਦਾਰ ਸਾਹਿਬ ਯੇਹ ਕੈਮਰਾ ਆਪ ਕਾ ਹੈ?" ਝੱਬਰ ਨੇ ਕਿਹਾ, "ਖਾਨ ਸਾਹਿਬ ਇਹ ਮੇਰਾ ਨਹੀਂ ਹੈ, ਆਪ ਕਾ ਹੈ।" ਖਾਨ ਨੇ ਕਿਹਾ ਵਹੁ ਕੈਸੇ। ਝੱਬਰ ਨੇ ਕਿਹਾ ਕਲ ਦਰੋਗਾ ਸਾਹਿਬ ਮੇਰੇ ਪਾਸ ਗਏ ਸਨ, ਮੈਂ ਕਿਹਾ ਸੀ ਸ਼ੇਖ ਸਾਹਿਬ ਕੈਮਰਾ ਸਾਡਾ ਨਹੀਂ ਹੈ ਇਸ ਮੁਆਮਲੇ ਵਿਚ ਇਨਸਾਫ ਹੋਣਾ ਚਾਹੀਦਾ ਹੈ ਤਾਂ ਜਵਾਬ ਵਿਚ ਦਰੋਗਾ ਸਾਹਿਬ ਨੇ ਕਿਹਾ ਸੀ "ਜਿਹਲ ਕੀ ਤੇ ਇਨਸਾਫ ਕੀ" ਸੋ ਖਾਨ ਬਹਾਦਰ ਸਾਹਿਬ ਜੇ ਆਪ ਜੀ ਦੇ ਖਿਆਲ ਭੀ ਦਰੋਗਾ ਸਾਹਿਬ ਵਾਲੇ ਹਨ ਤਾਂ ਅਸੀਂ ਕੈਦੀ ਹਾਂ ਤੁਸੀਂ ਮਾਲਕ ਹੋ ਜੋ ਚਾਹੋ ਸਾਨੂੰ ਸਜ਼ਾ ਦੇ ਲਵੋ ਅਸੀਂ ਖੜੇ ਹਾਂ ਜੇ ਆਪ ਇਨਸਾਫ ਕਰੋ ਤਾਂ ਮੈਂ ਇਹ ਸਾਬਤ ਕਰ ਸਕਦਾ ਹਾਂ ਕਿ ਇਸ ਕੈਮਰੇ ਨਾਲ ਸਾਡਾ ਕੋਈ ਤਅਲੱਕ ਨਹੀਂ! ਇਹ ਆਪਦਾ ਹੈ। ਸੁਪ੍ਰੰਟੈਂਡੈਂਟ ਸਾਹਿਬ ਬੋਲੇ. "ਸਰਦਾਰ ਸਾਹਿਬ ਮੈਂ ਤਾਂ ਖੁਦਾ-ਪ੍ਰਸਤ ਹਾਂ ਮੈਂ ਇਨਸਾਫ ਕਰਾਂਗਾ, ਆਪ ਸੁਬੂਤ ਪੇਸ਼ ਕਰੋ ਤਾ ਕਿ ਮੈਂ ਗਲਤੀ ਨਾਂ ਖਾਵਾਂ।" ਝੱਬਰ ਨੇ ਕਿਹਾ ਬਹੁਤ ਅੱਛਾ ਖਾਨ ਸਾਹਿਬ ਏਥੇ ਸ਼ਹਾਦਤ ਹੋਨੀ ਹੈ ਅਤੇ ਇਹ ਸਾਰਾ ਜਿਹਲ ਸਟਾਫ਼ ਤਮਾਸ਼ਾ ਵੇਖਨ ਲਈ ਪਾਸ ਬੈਠਾ ਹੈ, ਇਹਨਾਂ ਹ ਸਾਡੇ ਉਤੇ ਹੁਣ ਭੁਗਤਨਾ ਹੈ, ਇਨ੍ਹਾਂ ਨੂੰ ਬਾਹਰ ਕਢ ਦਿਉ। ਖਾਨ ਸਾਹਿਬ ਨੇ ਕਿਹਾ ਬਹੁਤ ਅੱਛਾ। ਤੁਮ ਸਭ ਲੋਕ ਬਾਹਰ ਚਲੇ ਜਾਵੋ। ਸਭ ਉਠ ਬੈਠੇ! ਕਹਿਨ ਲੱਗਾ ਕਿ ਦਰੋਗਾ ਸਾਹਿਬ ਕੋ ਭੀ ਉਠਾ ਦੂੰ। ਝੱਬਰ ਨੇ ਕਿਹਾ ਨਹੀਂ ਬੈਠਾ ਰਹਿਨੇ ਦੋ, ਬਲਾਓ ਗਵਾਹ। ਸਭ ਤੋਂ ਪਹਿਲਾਂ ਬਾਬੂ ਅਮਰ ਦਾਸ ਇਨਾਂ ਦੇ, ਪੁਰਾਨੇ ਮਿਤਰ ਆਏ। ਆਪ ਬੋਲੇ ੯ ਬਜੇ ਦਾ ਵਕਤ ਸੀ। ਨੂਰੇ ਨੰਬਰਦਾਰ ਨੇ ਮੈਨੂੰ ਡਿਊੜੀ ਵਿਚ ਆਨ ਕੇ ਦਸਿਆ ਕਿ ਮੈਂ ਵੇਖਿਆ ਹੈ ਕਰਤਾਰ ਸਿੰਘ ਝੱਬਰ ਕੋਲ ਇੱਕ ਮਸ਼ੀਨ ਹੈ, ਪਤਾ ਨਹੀਂ ਕੀ ਹੈ, ਲਿਸ਼ਕ ਦਿਸੀ ਹੈ। ਇਹ ਇਤਲਾਹ ਸੁਨ ਕੇ ਮੈਂ ਦਰੋਗਾ ਸਾਹਿਬ ਨੂੰ ਤੇ ਬਾਬੂ ਆਗਿਆ ਰਾਮ ਨੂੰ ਕਾਰਖਾਨੇ



Digitized by Panjab Digital Library | www.panjabdigilib.org

ਵਿਚੋਂ ਬੁਲਾਇਆ ਤੇ ਜਮਾਂਦਾਰ ਚਕਰ ਨੂੰ ਬੁਲਾਇਆ, ਨਾਲ ਸਿਪਾਹੀ ਤੇ ਨੰਬਰਦਾਰ ਲਏ, ਇਨ੍ਹਾਂ ਦੇ ਕਮਰੇ ਦੀ ਤਲਾਸ਼ੀ ਲਈ ਤਾਂ ਇਹ ਕੈਮਰਾ ਨੂਰੇ ਨੰਬਰਦਾਰ ਨੇ ਅੰਦਰੋਂ ਪੁਟ ਕੇ ਲਿਆਂਦਾ, ਸਾਰਾ ਸਟਾਫ ਮੌਜੂਦ ਸੀ ਕੈਮਰਾ ਇਨ੍ਹਾਂ ਦੇ ਕਮਰੇ ਵਿਚੋਂ ਬਰਾਮਦ ਹੋਇਆ ਹੈ। ਬਾਬੂ ਜੀ ਬੈਠ ਗਏ, ਆਗਿਆਰਾਮ ਜੀ ਆਏ ਅਤੇ ਬੋਲੇ, ਨੂਰੇ ਨੰਬਰਦਾਰ ਨੇ ਮੈਨੂੰ ਕਾਰਖਾਨੇ ਵਿੱਚ ਪਹਿਲੇ ਇਤਲਾਹ ਦਿਤੀ ਤੇ ਮੈਂ ਦਰੋਗਾ ਸਾਹਿਬ ਅਤੇ ਬਾਬੂ ਅਮਰ ਦਾਸ ਸਾਹਿਬ ਜਮਾਂਦਾਰ ਚਕਰ ਨੂੰ ਬੁਲਾਇਆ ਤੇ ਅਸਾਂ ਸਾਰਿਆਂ ਨੇ ਮਿਲ ਕੇ ਸ: ਕਰਤਾਰ ਸਿੰਘ ਝੱਬਰ ਦੀ ਤਲਾਸੀ ਲਈ। ਨੂਰਾ ਨੰਬਰਦਾਰ ਅੰਦਰ ਵੜਿਆ, ਇਹ ਕੈਮਰਾ ਬਰਾਮਦ ਹੋਇਆ। ਹੁਣ—ਨੂਰਾ ਆਇਆ ਤੇ ਇਸ ਨੇ ਬਿਆਨ ਦਿੱਤਾ ਕਿ ਹਜ਼ੂਰ ਮੈਂ ਕਰਤਾਰ ਸਿੰਘ ਝੱਬਰ ਪ ਸ ਇਕ ਲਿਸ਼ਕਦੀ ਮਸ਼ੀਨ ਵੇਖੀ ਤੇ ਮੈਂ ਬਾਬੂ ਅਮਰ ਦਾਸ ਨੂੰ ਦਸੀ, ਫਿਰ ਦਰੋਗਾ ਸਾਹਿਬ ਨੂੰ ਦਸਿਆ ਤੇ ਦਰੋਗਾ ਸਾਹਿਬ ਨੇ ਸਾਰਿਆਂ ਨੂੰ ਨਾਲ ਲੈ ਕੇ ਤਲਾਸ਼ੀ ਲੈਨ ਦਾ ਹੁਕਮ ਦਿਤਾ, ਮੈਂ ਇਹ ਕੈਮਰਾ ਇਨ੍ਹਾਂ ਦੇ ਵਿਚੋਂ ਕਮਰੇ ਦਬਿਆ ਹੋਇਆ ਕੱਢ ਕੇ ਦਰੋਗਾ ਸਾਹਿਬ ਨੂੰ ਦਿੱਤਾ।

ਝੱਬਰ ਨੇ ਕਿਹਾ, ਨੂਰਿਆ ਸਾਡੇ ਕਮਰੇ ਦੀ ਚਾਬੀ ੨੪ ਘੰਟੇ ਤੇਰੇ ਪਾਸ ਰਹਿੰਦੀ ਹੈ? ਕੀ ਇਹ ਠੀਕ ਹੈ? ਨੂਰੇ ਕਿਹਾ, ਹਾਂ ਠੀਕ ਹੈ। ਸੁਪ੍ਰੰਟੰਡੈਂਟ ਨੇ ਸ਼ਹਾਦਤ ਖਤਮ ਕਰ ਦਿਤੀ ਤੇ ਸਾਡੇ ਤੇ ਸਵਾਲ ਕੀਤਾ ਕਿ ਸਰਦਾਰ ਸਾਹਿਬ ਇਹ ਕੈਮਰਾ ਅਗਰ ਆਪ ਦਾ ਨਹੀਂ ਤਾਂ ਆਪ ਤੇ ਮੁਕਦਮਾਂ ਕਿਉਂ ਬਨਾਇਆ ਗਿਆ ਹੈ।

ਝੱਬਰ ਨੇ ਜੁਆਬ ਦਿਤਾ ਕਿ ਖਾਨ ਬਹਾਦਰ ਸਾਹਿਬ ਅੱਜ ਕਲ ਅਕਾਲੀਆ ਨੇ ਗੌਰਮਿੰਟ ਨਾਲ ਮੋਰਚੇ ਲਾਏ ਹੋਏ ਹਨ ਅਤੇ ਗੌਰਮਿੰਟ ਅਕਾਲੀਆਂ ਨੂੰ ਸਜਾਵਾਂ ਦੇ ਰਹੀ ਹੈ, ਜਿਹੜੇ ਸਰਕਾਰੀ ਮੁਲਾਜ਼ਮ ਅਕਾਲੀਆਂ ਦੇ ਖਿਲਾਫ ਚਲ ਰਹੇ ਹਨ, ਉਨ੍ਹਾਂ ਨੂੰ ਸਰਕਾਰ ਤ੍ਰੱਕੀਆਂ ਤੇ ਇਨਾਮ ਦੇ ਰਹੀ ਹੈ ਇਨ੍ਹਾਂ ਬਾਬੂਆਂ ਭੀ ਇਹ ਸੋਚਿਆ



Digitized by Panjab Digital Library | www.panjabdigilib.org

ਕਿ ਅਸੀਂ ਭੀ ਕਰਤਾਰ ਸਿੰਘ ਝੱਬਰ ਵਰਗਾ ਮਸ਼ਹੂਰ ਅਕਾਲੀ ਮੁਕਦਮੇਂ ਵਿਚ ਫਸਾ ਕੇ ਸਜ਼ਾ ਦੁਵਾ ਕੇ ਤਰੱਕੀ ਹਾਸਲ ਕਰੀਏ। ਇਹ ਗਲ ਇਨ੍ਹਾਂ ਦੇ ਆਪਨੇ ਬਿਆਨਾਂ ਤੋਂ ਹੀ ਪ੍ਰਗਟ ਹੁੰਦੀ ਹੈ, ਬਾਬੂ ਅਮਰ ਦਾਸ ਤਾਂ ਆਖਦਾ ਹੈ ਕਿ ਮੈਨੂੰ ਪਹਿਲਾਂ ਨੂਰੇ ਦਸਿਆ ਤੇ ਮੈਂ ਫਿਰ ਦੂਜਿਆਂ ਨੂੰ ਬੁਲਾਇਆ ਤੇ ਆਗਿਆ ਰਾਮ ਆਖਦਾ ਹੈ ਕਿ ਮੈਂ ਦਰੋਗੇ ਸਾਹਿਬ ਨੂੰ ਪਹਿਲੇ ਇਤਲਾਹ ਦਿਤੀ। ਅਗੇ ਆਪ ਤੁਸੀਂ ਹੀ ਵਿਚਾਰ ਕਰ ਲਵੋ ਕਿ ਇਨ੍ਹਾਂ ਵਿਚੋਂ ਸੱਚਾ ਕਿਹੜਾ ਹੈ। ਸੁਪ੍ਰੰਟੰਡਟ ਨੇ ਕਿਹਾ ਕਿ ਸਰਦਾਰ ਸਾਹਿਬ ਆਪ ਜਾਵੋ।

ਇਸ ਤੋਂ ਇਕ ਮਹੀਨਾ ਤੇ ਇਕ ਦਿਨ ਬਾਦ ਝੱਬਰ ਨੇ ਸੁਪ੍ਰੰਟੰਡੰਟ ਨੂੰ ਕਿਹਾ ਕਿ ਖਾਨ ਸਾਹਿਬ ਆਪ ਮੇਰੀ ਬਦਲੀ ਕਿਸੇ ਹੋਰ ਜਿਹਲ ਵਿਚ ਕਰ ਦਿਉ ਤਾ ਸੁਪ੍ਰੰਟੰਡੰਟ ਨੇ ਕਿਹਾ, ਕਿ ਕਿਉਂ? ਝੱਬਰ ਨੇ ਕਿਹਾ ਕਿ ਮੈਨੂੰ ਸ਼ੱਕ ਰਹਿੰਦਾ ਹੈ ਕਿ ਏਥੇ ਭੀ ਕੁਝ ਦਬਿਆ ਹੋਇਆ ਨਾ ਹੋਵੇ। ਖਾਨ ਬਹਾਦਰ ਨੇ ਕਿਹਾ ਕਿ ਜਬ ਤਕ ਮੈਂ ਯਹਾਂ ਹੂੰ ਕੋਈ ਫਿਕਰ ਨਾ ਕਰੋ ਪਰ ੧੫ ਦਿਨ ਬਾਦ ਹੀ ਝੱਬਰ ਦੀ ਬਦਲੀ ਮੁਲਤਾਨ ਹੋ ਗਈ। ਜਦ ਇਨਾਂ ਦੀ ਗੱਡੀ ਮੁਜ਼ਫਰ ਗੜ੍ਹ ਪੁਜੀ ਤਾਂ ਏਥੇ ਗੱਡੀ ਚੜ੍ਹਨ ਲਈ ਇਨਾਂ ਦੇ ਪੁਰਾਨੇ ਮਿਤਰ ਬਾਵਾ ਬੁਧ ਸਿੰਘ ਜੀ ਪਲੇਟ ਫਾਰਮ ਤੇ ਮਿਲੇ। ਇਹ ਇਨ੍ਹਾਂ ਦਿਨਾਂ ਵਿੱਚ ਮੁਲਤਾਨ ਸੁਪ੍ਰੰਟੰਡੰਟ ਪੀ. ਡਬਲਯੂ. ਡੀ. ਸੀ.। ਅਗਲੇ ਸਟੇਸ਼ਨ ਇਨ੍ਹਾਂ ਨੇ ਇਕ ਸਿੰਘ ਦੇ ਹਥ ਝੱਬਰ ਜੀ ਨੂੰ ਮਠਾਈ ਘਲੀ। ਰਾਤ ਮੁਲਤਾਨ ਸ਼ਹਿਰ ਦੇ ਥਾਨੇ ਰਹੇ। ਸਵੇਰੇ ਜਿਹਲ ਨੂੰ ਜੋ ਏਥੋਂ ਚਾਰ ਮੀਲ ਸੀ ਚਲੇ, ਇਨਾਂ ਨੂੰ ਬੇੜੀ ਲੱਗੀ ਹੋਈ ਸੀ ਜੋ ਲਤਾਂ ਨਾਲ ਲਗਦੀ ਸੀ ਅਤੇ ਪੈਦਲ ਚਲਨਾ ਮੁਸਕਲ ਸੀ ਤੇ ਟਾਂਗੇ ਲਈ ਪੈਸੇ ਇਨਾਂ ਪਾਸ ਨਹੀਂ ਸਨ। ਭਾਈ ਦਿਆਲ ਦੇ ਗੁਰਦਵਾਰੇ ਆਏ ਏਥੋਂ ਪ੍ਰਸ਼ਾਦ ਛੱਕ ਕੇ ਸਿੰਘਾਂ ਨੇ ਟਾਂਗੇ ਤੇ ਬਿਠਾਕੇ ਮੁਲਤਾਨ ਜਿਹਲ ਭੇਜ ਦਿਤਾ



Digitized by Panjab Digital Library | www.panjabdigilib.org

ਝੱਬਰ ਜੀ ਨੂੰ ਸੰਨ ੧੯੨੪ ਵਿਚ ਕੈਂਬਲ ਪੁਰ ਜੇਹਲ ਵਿਚ ਭੇਜਿਆ ਗਿਆ ਸੀ, ਲਗ ਪਗ ਸਵਾ ਸਾਲ ਮਗਰੋਂ ੧੯੨੫ ਵਿਚ ਅਸੂ ਦੇ ਮਹੀਨੇ ਸੈਂਟ੍ਰਲ ਜਿਹਲ ਮੁਲਤਾਨ ਵਿਚ ਬਦਲਿਆ ਗਿਆ।

ਸੈਂਟ੍ਰਲ ਜਿਹਲ ਮੁਲਤਾਨ ਨੂੰ ਕਾਨੂੰਨ ਅਨੁਸਾਰ ਕੁਰਾਟੀਨ ਚੱਕੀ ਬੰਦ ਕੀਤਾ ਗਿਆ। ਏਸੇ ਦਿਨ ਏਥੋਂ ਸ੍ਰੀਮਾਨ ਭਾਈ ਸੁਚਾ ਸਿੰਘ ਜੀ ਜੋਦ ਚੱਕ ਵਾਲੇ ਰਿਹਾ ਹੋਏ ਸੀ। ਇਹ ਇਨ੍ਹਾਂ ਨੂੰ ਮਿਲੇ ਅਤੇ ਇਨ੍ਹਾਂ ਦੀ ਲੰਮੀ ਕੈਦ ਦਾ ਖਿਆਲ ਕਰਕੇ ਗ੍ਰਿਫਤਾਰ ਹੋਣ ਦਾ ਸ਼ੋਕ ਪ੍ਰਗਟ ਕੀਤਾ, ਉਤਰ ਵਿਚ ਝੱਬਰ ਨੇ ਕਿਹਾ ਕਿ ਸਾਰਿਆਂ ਤੋਂ ਪਿਛੇ ਰਹਿਣਾ ਭੀ ਠੀਕ ਨਹੀਂ। ਆਪ ਜੀ ਦੇ ਨੇਤ੍ਰਾਂ ਵਿਚੋਂ ਪ੍ਰੇਮ ਦੇ ਆਂਸੂ ਵਗ ਪਏ। ਜੱਫੀ ਪਾ ਕੇ ਮਿਲੇ ਤੇ ਵਿਦਾ ਹੋ ਗਏ।

ਹਫਤੇ ਪਿਛੋਂ ਦਰੋਗੇ ਨੇ ਇਨ੍ਹਾਂ ਦੀਆਂ ਦੋ ਪੇਸ਼ੀਆਂ ਲਿਖ ਕੇ ਸੁਪ੍ਰਟੰਡੰਟ ਨਿਹਚਲ ਦਾਸ ਪੁਰੀ ਦੇ ਪੇਸ਼ ਕੀਤਾ। ਇਹ ਪੁਰੀ ਪਸ਼ੌਰ ਜ਼ਿਲੇ ਦਾ ਵਡੇ ਕਦ ਵਾਲਾ ਹਿੰਦੂ ਦਹੂਸ਼ ਪਠਾਨਾਂ ਵਾਂਗਰ ਸੀ। ਦਰੋਗਾ ਹਸ਼ਮਤ ਖਾਂ ਦੁਆਬੇ ਦਾ ਮਿਰਾਸੀ ਸੀ ਅਤੇ ਇਹ ਆਖਦਾ ਸੀ ਕਿ ਮੇਰੇ ਪਿਉ ਨੂੰ ਸਿਖਾਂ ਨੇ ਆਪਣੇ ਰਾਜ ਵੇਲੇ ਬੜਾ ਬੇ ਰਹਿਮੀ ਨਾਲ ਮਾਰਿਆ ਸੀ ਮੈਂ ਆਪਣੇ ਪਿਉ ਦਾ ਬਦਲਾ ਲੈ ਰਿਹਾ ਹਾਂ। ਇਨ੍ਹਾਂ ਦੋਹਾਂ ਅਫਸਰਾਂ ਨੇ ਅਕਾਲੀਆਂ ਨੂੰ ਮਾਮੂਲੀ ੨ ਕਸੂਰ ਤੋਂ ਸਖਤ ਸਜਾਵਾਂ ਦਿਤੀਆਂ। ਬੈਂਤ ਮਾਰ ੨ ਕੇ ਬੇਹੋਸ਼ ਕਰ ਦਿਤਾ ਜਾਂਦਾ ਤੇ ਗੰਦੀਆਂ ਹੌਦਿਆਂ ਵਿਚ ਡਬੋਇਆ ਜਾਂਦਾ ਸੀ। ਭਾ: ਵਰਿਆਮ ਸਿੰਘ ਬੁਤ ਜ਼ਿਲਾ ਲਾਹੌਰ ਨੂੰ ੩੦ ਬੈਂਤ ਸਖਤ ਲਗਾਏ ਗਏ ਪਰ ਵੇਖਣ ਵਾਲੇ ਦਸਦੇ ਹਨ ਕਿ ਜੁਆਨ ਨੇ ਸੀ ਨਾ ਕੀਤੀ। ਇੰਦਰ ਸਿੰਘ ਨਾਗਾ ਪਟਿਆਲੇ ਦਾ ਸਿੰਘ ਭੀ ਪੁਰੀ ਦੇ ਪੇਸ਼ ਹੋਇਆ, ਜਿਸ ਨੂੰ ੩ ਵੇਰ ਬੈਂਤ ਮਾਰੇ ਗਏ। ਪਹਿਲੀ ਪੇਸ਼ੀ ਦਾਣੇ ਘਟ ਪੀਸਣ ਦੀ ਸੀ। ਜਦ ਪੁਰੀ ਨੇ ਪੁਛਿਆ ਜੁਆਨਾਂ ਤੂੰ ਦਾਣੇ ਪੂਰੇ ਕਿਉਂ ਨਹੀਂ ਪੀਂਹਦਾ ਤਾਂ ਝੱਬਰ ਨੇ ਕਿਹਾ ਪੁਰੀ ਸਾਹਿਬ ਬਾਹਰ ਤਾਂ ਸਵਾਏ ਲੈਕਚਰ ਦੇ ਕਦੇ ਕੋਈ ਕੰਮ ਨਹੀਂ ਕੀਤਾ, ਇਨਕਾਰ ਭੀ ਨਹੀਂ ਕਿਉਂਕਿ ਮੈਂ ਕੈਦੀ



Digitized by Panjab Digital Library | www.panjabdigilib.org

ਹਾਂ ਪੰਜ ਸੇਰ ਰੋਜ ਹੋਰ ਪੀਸਦੇ ਹਨ ਮੈਂ ਪੀਹ ਦੇਂਦਾ ਹਾਂ। ਦੂਜਾ ਇਹ ਕਿ ਤੂੰ ਕਛਹਿਰਾ ਕਿਉਂ ਗਵਾਇਆ। ਝੱਬਰ ਨੇ ਕਿਹਾ, "ਸਾਹਿਬ ਬਹਾਦਰ ਕਛਹਿਰਾ ਬਾਹਰਲੇ ਖਿੜਕੇ ਤੇ ਪਾਇਆ ਸੀ। ਮੈਂ ਰਾਤ ਨੂੰ ਸੌਂ ਗਿਆ ਮੈਨੂੰ ਪਤਾ ਨਹੀਂ ਸੀ ਕਿ ਏਥੇ ਜਿਹਲ ਵਿਚ ਭ ਚੋਰੀ ਹੋ ਜਾਂਦੀ ਹੈ, ਪਹਿਰੇ ਵਾਲੇ ਬਿਨਾ ਕੋਈ ਹੋਰ ਮੇਰੀ ਕੋਠੀ ਵਿਚ ਆ ਨਹੀਂ ਸਕਦਾ ਉਹ ਆਪ ਜੀ ਦਾ ਹੀ ਆਦਮੀ ਹੈ।' ਇਸ ਜਵਾਬ ਤੇ ਸੁਪ੍ਰੰਡੰਟ ਚੁਪ ਹੋ ਗਿਆ ਤੇ ਕਹਿਣ ਲਗਾ ਅਛਾ ਜੁਆਨ ਤੇਰੀ ਲੰਬੀ ਕੈਦ ਹੈ ਜਾਹ ਕਾਰਖਾਨੇ ਤੁਰ ਜਾਹ। ਇਸ ਤੋਂ ਪਿਛੋਂ ਝੱਬਰ ਜੀ ਲਗ ਪਗ ਛੇ ਮਹੀਨੇ ਇਸ ਜੇਹਲ ਵਿਚ ਰਹੇ।

## ਮੁਲਤਾਨ ਤੋਂ ਰਾਵਲਪਿੰਡੀ

ਗੁਰਦੁਆਰਾ ਐਕਟ ਬਨਣ ਤੋਂ ਬਾਦ ਬਹੁਤ ਸਾਰੇ ਕੈਦੀ ਰਿਹਾ ਹੋ ਗਏ ਸੀ। ਪੰਜਾਬ ਦੇ ਸਾਰੇ ਜੇਹਲਾਂ ਵਿਚ ਅਕਾਲੀ ਕੈਂਪ ਬਣੇ ਹੋਏ ਸੀ। ਸਾਰੇ ਕੈਂਪ ਜੋੜ ਕੇ ਰਾਵਲਪਿੰਡੀ ਜੇਹਲ ਵਿਚ ਇਕਠੇ ਕੀਤੇ ਗਏ। ਸੈਂਟਰਲ ਜੇਹਲ ਮੁਲਤਾਨ ਵਿਚੋਂ ਦੋ ੨ ਸੌ ਦਾ ਬੈਚ ਰਾਵਲਪਿੰਡੀ ਜਾਂਦਾ ਸੀ। ਜਦ ਅਖੀਰ ਦੇ ਬੈਚ ਦੀ ਫਰਿਸਤ ਬਣੀ ਤਾਂ ਝੱਬਰ ਨੂੰ ਦਫਤਰ ਵਿਚੋਂ ਇਨ੍ਹਾਂ ਦੇ ਇਕ ਮਿਤ੍ਰ ਨੇ ਦਸਿਆ ਕਿ ਭਾਈ ਤਾਰਾ ਸਿੰਘ ਠੇਠਰ ਤੇ ਝੱਬਰ ਦੇ ਨਾਮ ਫਰਿਸਤ ਵਿਚ ਨਹੀਂ ਹਨ, ਵਜਾਹ ਇਹ ਸੀ ਭਾਈ ਤਾਰਾ ਸਿੰਘ ਦੀ ਕੈਦ ੧੧ ਸਾਲ ਸੀ ਅਤੇ ਝੱਬਰ ਦੀ ੧੮ ਸਾਲ ਲਮੀ ਕੈਦ ਹੋਣ ਕਰਕੇ ਜੇਹਲ ਵਾਲਿਆ ਨੇ ਇਖਲਾਕੀ ਕੈਦੀਆਂ ਵਿਚ ਰਖਿਆ ਹੋਇਆ ਸੀ। ਅਾਂਈ ਰਾਤ ਇਖਲਾਕੀ ਕੈਦੀਆਂ ਨਾਲ ਪਕੀਆਂ ਬੈਰਕਾਂ ਵਿਚ ਬੰਦ ਕੀਤੇ ਜਾਂਦੇ ਸੀ।

ਭਾਈ ਤਾਰਾ ਸਿੰਘ ਜੀ ਨੇ ਝੱਬਰ ਨੂੰ ਆਖਿਆ, ਝੱਬਰ ਜੀ "ਸਾਡੀਆਂ ਲੰਮੀਆਂ ਕੈਦਾਂ ਹਨ ਇਖਲਾਕੀ ਕੈਦੀਆਂ ਵਿਚ ਕੈਦ ਕਟਣੀ ਸਾਨੂੰ ਬੜੀ ਮੁਸੀਬਤ ਤੇ ਮੁਸੀਬਤ ਪੈ ਜਾਵੇਗੀ ਤੁਹਾਡੇ ਤਾਂ ਬੜੇ ੨ ਸਿਖ ਲੀਡਰ ਮਿਤਰ ਹਨ ਕੋਈ ਚਾਰਾ ਕਰੋ ਅਸੀਂ ਭੀ ਰਾਵਲਪਿੰਡੀ ਆਪਣੇ ਭਰਾਵਾਂ ਪਾਸ ਚਲੇ ਜਾਈਏ।" ਇਹ ਦੁਪਹਿਰ ਵੇਲਾ ਸੀ, ਇਨ੍ਹਾਂ ਇਕ



Digitized by Panjab Digital Library | www.panjabdigilib.org

ਕਾਗਜ਼ ਮੰਗਾਇਆ। ਇਸ ਵੇਲੇ ਸਿਖਾਂ ਵਿਚੋਂ ਸਰਦਾਰ ਜੋਗਿੰਦਰ ਸਿੰਘ ਜੀ ਰਸੂਲ ਪੁਰੀਆ ਵਜ਼ੀਰ ਸਨ।

ਝੱਬਰ ਨੇ ਸਰਦਾਰ ਲਾਲ ਸਿੰਘ ਜੀ ਸੁਦਾਗਰ ਲਕੜੀ ਲਾਹੌਰ ਦੀ ਰਾਹੀਂ ਸਰਦਾਰ ਸਾਹਿਬ ਜੀ ਨੂੰ ਚਿਠੀ ਲਿਖੀ। ੩ ਬਜੇ ਗਾਰਦ ਬਦਲੀ, ਲਿਫਾਫਾ ਬਾਹਰ ਚਲਾ ਗਿਆ। ੬ ਬਜੇ ਦੀ ਗਡੀ ਲਫਾਫਾ ਡਾਕ ਪੈ ਕੇ ਸਵੇਰੇ ਲਾਹੌਰ ਪੁਜਾ ਸਰਦਾਰ ਲਾਲ ਸਿੰਘ ਜੀ ਰਾਹੀਂ ਸ: ਜੋਗਿੰਦਰ ਸਿੰਘ ਨੂੰ ਪੁਜ ਗਿਆ। ੧੦ ਬਜੇ ਦਫਤਰ ਅਪੜ ਕੇ ਸ: ਜੋਗਿੰਦਰ ਸਿੰਘ ਨੇ ਮੈਨਾਰਡ ਸਾਹਿਬ ਜੋ ਜ਼ਿਹਲਾਂ ਦੇ ਇਨਚਾਰਜ ਸੀ ਨੂੰ ਆਖਿਆ ਅਤੇ ਅਗਲੇ ਭਲਕ ੧ ਬਜੇ ਤਾਰ ਆਈ ਕਿ ਸਰਦਾਰ ਕਰਤਾਰ ਸਿੰਘ ਝੱਬਰ ਤੇ ਤਾਰਾ ਸਿੰਘ ਠੇਠਰ ਨੂੰ ਭੀ ਰਾਵਲ ਪਿੰਡੀ ਘਲਿਆ ਜਾਵੇ ਅਤੇ ਇਹ ਸੰਨ ੧੯੨੬ ਦੇ ਅਪਰੈਲ ਵਿਚ ਰਾਵਲ ਪਿੰਡੀ ਜੇਹਲ ਵਿਚ ਆ ਗਏ।

ਭਾਵੇਂ ਰਾਵਲ ਪਿੰਡੀ ਜੇਹਲ ਵਿਚ ਝੱਬਰ ਜੀ ਨੂੰ ਕੋਈ ਖਾਸ ਦੁਰਘਟਨਾਂ ਨਹੀਂ ਵਾਪਰੀ ਪ੍ਰੰਤੂ ਕੈਂਬਲਪੁਰ ਦੀ ਨੌਂ ਮਹੀਨੇ ਦੀ ਕੋਠੀ ਬੰਦੀ ਅਤੇ ਮੁਲਤਾਨ ਜੇਹਲ ਦੀਆਂ ਸਖਤੀਆਂ ਨੇ ਝੱਬਰ ਜੀ ਦੀ ਸੇਹਤ ਨੂੰ ਵਡਾ ਹਲੂਣਾ ਦੇ ਦਿਤਾ ਹੋਇਆ ਸੀ ਇਹ ਆਪਨੀ ਪਹਿਲੀ ਅਵਸਥਾ ਦੇ ਕਮਾਏ ਹੋਏ ਸਰੀਰ ਦੇ ਬਲ ਲਗ ਭਗ ਦੋ ਸਾਲ ਤਾਂ ਰਾਵਲ ਪਿੰਡੀ ਜੇਹਲ ਵਿਚ ਆਮ ਕੈਦੀਆਂ ਵਾਲੀ ਦਸ਼ਾ ਨੂੰ ਬਰਦਾਸ਼ਤ ਕਰਦੇ ਚਲੇ ਗਏ ਪ੍ਰੰਤੂ ਜਦੋਂ ਇਹ ਤਕਲੀਫਾਂ ਇਨਾਂ ਦੀ ਛਾਤੀ ਅਤੇ ਪਸਲੀਆਂ ਵਿਚ ਨਸੂਰਾਂ ਦੇ ਰੂਪ ਵਿਚ ਪ੍ਰਗਟ ਹੋ ਗਈਆਂ ਅਤੇ ਇਨ੍ਹਾਂ ਨਸੂਰਾਂ ਕਾਰਨ ਸੋਜਾ ਰਹਿਣ ਲਗਾ ਤਾਂ ਜੇਲ੍ਹ ਦੇ ਅਫਸਰਾਂ ਨੇ ਇਨਾਂ ਨੂੰ ਖਤਰਨਾਕ ਮਰੀਜ਼ ਸਮਝਦੇ ਹੋਏ ਰਾਵਲਪਿੰਡੀ ਦੇ ਸਿਵਲ ਹਸਪਤਾਲ ਵਿਚ ਦਾਖਲ ਕਰ ਦਿਤਾ ਜਿਥੇ ਪੋਲੀਸ ਦੇ ਪਹਿਰੇ ਵਿਚ ਇਨ੍ਹਾਂ ਦਾ ਇਲਾਜ ਹੋਣਾ ਸ਼ੁਰੂ ਹੋਇਆ।



Digitized by Panjab Digital Library | www.panjabdigilib.org

ਰਾਵਲ ਪਿੰਡੀ ਦੀਆਂ ਸਿਖ ਸੰਗਤਾਂ ਆਪ ਦੀ ਸੇਵਾ ਤੋਂ ਭਲੀ ਤਰਾਂ ਜਾਣੂੰ ਸਨ, ਜਦੋਂ ਇਨਾਂ ਨੂੰ ਝੱਬਰ ਜੀ ਦੇ ਸਿਵਲ ਹਸਪਤਾਲ ਵਿਚ ਦਾਖਲ ਹੋਏ ਹੋਣ ਦੀ ਖਬਰ ਹੋਈ ਤਾਂ ਇਨਾਂ ਨੇ ਝੱਬਰ ਦੀ ਸੇਵਾ ਦਾ ਬੀੜਾ ਚੁਕ ਲਿਆ ਅਤੇ ਡਾਕਟਰਾਂ ਹਿਦਾਇਤ ਦੇ ਅਧੀਨ ਵਧ ਤੋਂ ਵਧ ਜੋ ਵੀ ਇਨ੍ਹਾਂ ਦੀ ਖਾਤਰ ਕਰਨਾ ਪਿਆ ਕੀਤਾ।*

ਸੰਗਤਾਂ ਦੇ ਨਿਤ ਦੇ ਮਿਲਾਪ, ਪਿਆਰ ਅਤੇ ਉਨ੍ਹਾਂ ਵਲੋਂ ਕੀਤੀ ਸੇਵਾ ਤੇ ਇਲਾਜ ਦੇ ਸਦਕਾ ਝੱਬਰ ਜੀ ਦੀ ਸੇਹਤ ਕੁਝ ਠੀਕ ਹੋਣ ਲਗ ਗਈ ਪ੍ਰੰਤੂ ਪੰਜ ਮਹੀਨੇ ਲਗਾਤਾਰ ਸਿਵਲ ਹਸਪਤਾਲ ਵਿਚ ਪਏ ਰਹਿਣ ਦੀਆਂ ਰੀਪੋਰਟਾਂ, ਝੱਬਰ ਦੀ ਖਤਰਨਾਕ ਮਰਜ਼ ਨੇ ਸਰਕਾਰ ਪੰਜਾਬ ਨੂੰ ਮਜਬੂਰ ਕੀਤਾ ਕਿ ਇਨ੍ਹਾਂ ਦੀ ਬਕਾਇਆ ਰਹਿੰਦੀ ਕੈਦ ਮਨਸੂਖ ਕਰਕੇ ਇਨ੍ਹਾਂ ਨੂੰ ਰਿਹਾ ਕਰ ਦਿਤਾ ਜਾਵੇ ਚੁਨਾਂਕਿ ਦਸੰਬਰ ੧੯੨੮ ਨੂੰ ਜਦੋਂ ਝੱਬਰ ਜੀ ਨੇ ਆਪਨੀ ਅਠਾਰਾਂ ਸਾਲ ਦੀ ਲੰਬੀ ਕੈਦ ਵਿਚੋਂ ਹਾਲਾ ਸਾਢੇ ਚਾਰ ਕੁ ਸਾਲ ਕੈਦ ਭੁਗਤੀ ਸੀ ਇਨ੍ਹਾਂ ਨੂੰ ਰਿਹਾ ਕਰ ਦਿਤਾ ਗਿਆ ਜਿਸ ਤੋਂ ਮਗਰੋਂ ਕਾਫੀ ਲੰਬੇ ਇਲਾਜ ਪਿਛੋਂ ਆਪ ਪੂਰੀ ਤਰ੍ਹਾਂ ਸੇਹਤਯਾਬ ਹੋ ਕੇ ਫਿਰ ਸੇਵਾ ਦੇ ਮੈਦਾਨ ਵਿਚ ਵਿਚਰਨ ਲਗੇ।

ਝੱਬਰ ਜੀ ਦੇ ਕੈਦ ਰਹਿਣ ਦੇ ਦੌਰਾਨ ਵਿਚ ਸੰਨ ੧੯੨੫ ਵਿਚ ਗੁਰਦਵਾਰਾ ਐਕਟ ਪੰਜਾਬ ਲਾਗੂ ਹੋ ਚੁਕਾ ਸੀ ਅਤੇ ਇਸਦੇ

---

*ਝੱਬਰ ਜੀ ਨੂੰ ਹਸਪਤਾਲ ਦਾਖਲ ਹੋਇਆਂ ਦੋ ਦਿਨ ਹੋਏ ਸਨ ਕਿ ਇਕ ਰਾਤ ਇਕ ਬੁਢਾ ਜੇਹਾ ਸਿੰਘ ਇਨਾਂ ਦੇ ਪੈਰ ਘੁਟਨ ਆ ਲਗਾ। ਇਨ੍ਹਾਂ ਦੀ ਜਾਗ ਖੁਲੀ ਤੇ ਪ੍ਰੇਮੀ ਨੂੰ ਬਸ ਕਰਨ ਨੂੰ ਕਿਹਾ ਤਾਂ ਉਹ ਕਹਿਣ ਲਗਾ ਮੈਂ ਨਹੀਂ ਹਟਨਾ ਜਦੋਂ ਤਾਂਈ ਆਪ ਸਾਡਾ ਪ੍ਰਸ਼ਾਦ ਨਾ ਮੰਨੋ। ਜਿਨਾਂ ਸਮਾਂ ਆਪ ਏਥੋਂ ਰਹੋ ਪ੍ਰਸ਼ਾਦ ਆਦਿ ਦੀ ਸੇਵਾ ਅਸੀਂ ਕਰਾਂਗੇ। ਝੱਬਰ ਨੂੰ ਮੰਨਣਾ ਪਿਆ ਅਤੇ ਉਸ ਤੋਂ ਪਿਛੋਂ ਪੰਜ ਮਹੀਨੇ ਭਾਈ ਤਾਰਾ ਸਿੰਘ ਤੇ ਇਨ੍ਹਾਂ ਦੇ ਪ੍ਰਵਾਰ ਨੇ ਝੱਬਰ ਜੀ ਦੀ ਪ੍ਰਸ਼ਾਦ ਆਦ ਦੀ ਅਤੇ ਹੋਰ ਆਰਥਕ ਸੇਵਾ ਕੀਤੀ।



Digitized by Panjab Digital Library | www.panjabdigilib.org

ਤਹਿਤ ਸਿਖ ਗੁਰਦਵਾਰਿਆਂ ਦੇ ਸ਼ੈਡੀਊਲ ਮੁਕੰਮਲ ਹੋ ਕੇ ਹਰ ਇਕ ਸੰਬੰਧੀ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਸੀ। ਸਾਰੇ ਸੈਡੀਊਲਡ ਗੁਰਦਵਾਰੇ ਸ੍ਰੋ: ਗੁ: ਪ੍ਰ: ਕਮੇਟੀ ਦੇ ਮਾਤੈਹਤ ਆ ਕੇ ਇਨਾਂ ਦੀਆਂ ਪ੍ਰਬੰਧਕ ਕਮੇਟੀਆਂ ਬਣ ਚੁਕੀਆਂ ਸਨ ਤਥਾ ਬਣ ਰਹੀਆਂ ਸਨ ਅਤੇ ਮੁਤਨਾਜ਼ਿਆਂ ਗੁਰ ਅਸਥਾਨ ਜਾਂ ਡੇਰਿਆਂ ਦੇ ਮੁਕਦਮੇਂ ਚਲਾਏ ਗਏ ਸਨ। ਇਸੇ ਤਰ੍ਹਾਂ ਗੁਰਦਵਾਰਿਆਂ ਦੀਆਂ ਜਾਇਦਾਦਾਂ ਦੇ ਦਾਹਵੇ ਗੁਰਦਵਾਰਾ ਟ੍ਰਬੀਊਨਲ ਵਿਚ ਚਲਨੇ ਅਰੰਭ ਹੋ ਗਏ ਸਨ। ਗੁਰਦਵਾਰਾ ਸੁਧਾਰ ਲਹਿਰ ਦੇ ਸੰਬੰਧ ਵਿਚ ਗ੍ਰਿਫਤਾਰ ਹੋਏ ਲਗ ਭਗ ਸਾਰੇ ਅਕਾਲੀ ਕੈਦੀ ਰਿਹਾ ਕੀਤੇ ਗਏ ਸਨ ਅਤੇ ਇਸ ਤਰਾਂ ਗੁਰਦਵਾਰਾ ਸੁਧਾਰ ਲਹਿਰ ਤਕਰੀਬਨ ਖਤਮ ਹੋ ਚੁਕੀ ਸੀ।

ਹਰ ਇਕ ਚੀਜ਼ ਆਪਣੀ ਆਪਣੀ ਰੁਤੇ ਹੀ ਮੌਲਦੀ ਅਤੇ ਆਪਨੇ ਜੋਬਨ ਤੇ ਹੁੰਦੀ ਹੈ ਇਸੇ ਤਰਾ ਫੌਜੀ ਜਰਨੈਲ ਤਥਾ ਸਿਪਾਹੀ ਨੂੰ ਆਪਨੀ ਅਦੁਤੀ ਬਹਾਦਰੀ ਪ੍ਰਗਟਾਉਣ ਦਾ ਸਮਾਂ ਜੰਗ ਸਮੇਂ ਹੀ ਲਭਦਾ ਹੈ ਜਦੋਂ ਉਸ ਦੀ ਵਡਿਆਈ ਦੀ ਪੀਂਘ ਅਸਮਾਨਾ ਤੇ ਚੜ੍ਹੀ ਹੁੰਦੀ ਹੈ ਅਤੇ ਜੰਗ ਖਤਮ ਹੋਣ ਤੇ ਉਹ ਜੰਗ ਸਮੇਂ ਹਾਸਲ ਕੀਤੀ ਨੇਕ-ਨਾਮੀ ਦੇ ਸਿਰ ਤੇ ਜੀਉਂਦਾ ਅਤੇ ਉਸ ਸਮੇਂ ਦੀ ਕੀਤੀ ਘਾਲ ਕਮਾਈ ਨੂੰ ਰਜ ਰਜ ਤੁਠਦਾ ਹੈ। ਉਨਾਂ ਲਈ ਅਮਨ ਦਾ ਜ਼ਮਾਨਾ ਘਾਲਾਂ ਘਾਲਣ ਦਾ ਨਹੀਂ ਹੁੰਦਾ—ਇਸੇ ਪ੍ਰਕਾਰ ਅਕਾਲੀ ਲਹਿਰ ਦੀ ਸਮਾਪਤੀ ਨਾਲ ਸਾਡੇ ਅਕਾਲੀ ਜਰਨੈਲ ਦੇ ਮਰਦਊ ਪੁਨੇ ਵਾਲੇ ਕੰਮਾਂ ਨੂੰ ਇਕ ਵੇਰ ਠਲ੍ਹ ਪੈ ਕੇ ਆਪ ਮੁੜ ਪਰਚਾਰਕ ਦੇ ਰੂਪ ਵਿਚ ਵਿਚਰਨ ਲਗ ਗਏ।

ਗੁਰਦਵਾਰਿਆਂ ਦੇ ਕਬਜ਼ਿਆਂ ਦਾ ਕੰਮ ਮੁਕਣ ਪਿਛੋਂ ਇਨ੍ਹਾਂ ਦੇ ਪ੍ਰਬੰਧ ਦਾ ਸਵਾਲ ਸੀ ਜੋ ਹੋਰ ਸਰੇਣੀ ਦੇ ਤਥਾ ਸਿਵਲੀਅਨ ਲੋਕਾਂ ਦਾ ਕੰਮ ਸੀ ਪ੍ਰੰਤੂ ਜਿਸ ਤਰਾਂ ਸਿਵਲ ਦੇ ਪ੍ਰਬੰਧ ਕਾਇਮ ਤੇ ਚਾਲੂ ਹੋ ਜਾਣ ਤੇ ਭੀ ਕਦੀ ਕਦੀ ਫੌਜੀ ਤਾਕਤ ਦੀ ਲੋੜ ਪੈ ਜਾਂਦੀ ਹੈ ਅਤੇ ਫੌਜੀ ਦਾਬਾ ਕੰਮ ਆਉਂਦਾ ਰਹਿੰਦਾ ਹੈ ਇਵੇਂ ਹੀ ਜੰਗੀ ਹਾਲਤ ਖਤਮ



Digitized by Panjab Digital Library | www.panjabdigilib.org

ਹੋ ਜਾਣ ਮਗਰੋਂ ਝੱਬਰ ਜੀ ਗੁਰਦਵਾਰਾ ਪ੍ਰਬੰਧਕ ਕਮੇਟੀ ਨਨਕਾਣਾ ਸਾਹਿਬ ਦੇ ਮੈਂਬਰ ਚੁਣੇ ਗਏ ਜਿਥੇ ਇਹ ਕਈ ਸਾਲ ਕੰਮ ਕਰਦੇ ਰਹੇ। ਜਦੋਂ ਕਦੀ ਫੌਜੀ ਦਬਾ ਦੀ ਲੋੜ ਪੈਂਦੀ ਤਾਂ ਇਨ੍ਹਾਂ ਨੂੰ ਬੁਲਾ ਲਿਆ ਜਾਂਦਾ ਜਿਹਾ ਕਿ ਜਿਨਾਂ ਦਿਨਾਂ ਵਿਚ ਸ: ਪਿਆਰਾ ਸਿੰਘ ਗੁਰਦਵਾਰਾ ਨਨਕਾਣਾ ਸਾਹਿਬ ਦੀਆਂ ਜ਼ਮੀਨਾਂ ਦਾ ਮੈਨੇਜਰ ਸੀ ਲੋਕਾਂ ਵੱਲ ਗੁਰਦਵਾਰੇ ਦੀਆਂ ਢਾਈ ਲਖ ਦੀਆਂ ਰਕਮਾਂ ਬਕਾਇਆ ਹੋ ਗਈਆਂ ਸਨ ਅਤੇ ਲੋਕ ਦੇਣ ਤੋਂ ਆਕੀ ਹੁੰਦੇ ਦਿਸਦੇ ਸਨ ਤਾਂ ਸ਼੍ਰੋ: ਗੁ: ਪ੍ਰ: ਕਮੇਟੀ ਦੀ ਆਗਿਆ ਅਨੁਸਾਰ ਝੱਬਰ ਜੀ ਨੂੰ ਫਿਰ ਨਨਕਾਣਾ ਸਾਹਿਬ ਭੇਜਿਆ ਗਿਆ ਅਤੇ ਇਨ੍ਹਾਂ ਉਥੇ ਰਹਿ ਕੇ ਆਪਣੇ ਦਬਾ ਨਾਲ ਇਨਾਂ ਦੀ ਵਸੂਲੀ ਕਰਵਾ ਦਿਤੀ।

## ਆਕੜ ਭੰਨ ਦਲ

ਇਸੇ ਤਰ੍ਹਾਂ ੧੯੨੬ ਵਿਚ ਜਦੋਂ ਨਹਿਰੂ ਰੀਪੋਰਟ ਨੂੰ ਪਾਸ ਕਰਣ ਹਿਤ ਨੈਸ਼ਨਲ ਕਾਂਗ੍ਰਸ ਦਾ ਸਾਲਾਨਾ ਇਜਲਾਸ ਲਾਹੌਰ ਰਖਿਆ ਗਿਆ ਉਸ ਸਮੇਂ ਸਿਖਾਂ ਅੰਦਰ ਬੜੀ ਮਾਯੂਸੀ ਸ਼ੀ ਕਿਉਂਕਿ ਇਸ ਤੋਂ ਪਹਿਲੋਂ ਕਲਕਤੇ ਵਿਖੇ ਹੋਈ ਨੈਸ਼ਨਲ ਕਨਵੈਨਸ਼ਨ ਵਿਚ ਸਿਖਾਂ ਦੀ ਗੱਲ ਨਹੀਂ ਸੁਣੀ ਗਈ ਸੀ ਬਲਕਿ ਸ: ਬ: ਮਹਿਤਾਬ ਸਿੰਘ ਜੋ ਉਸ ਵਿਚ ਪੁਜੇ ਹੋਏ ਸਨ ਨੂੰ ਸਿਖਾਂ ਦੇ ਹਕ ਵਿਚ ਬੋਲਣ ਲਈ ਸਮਾਂ ਭੀ ਨਹੀਂ ਦਿਤਾ ਗਿਆ ਸੀ ਅਤੇ ਜਦੋਂ ਮਿਸਟਰ ਜਿਨਾਹ ਨੇ ਕਿਹਾ ਸੀ ਕਿ 'ਹਮਾਰੇ ਪਾਸ ਆਪ ਕੀ ਬਾਤੇਂ ਸੁਨਣੇ ਕੇ ਲੀਏ ਟਾਈਮ ਨਹੀਂ ਹੈ ਅਤੇ ਉਤਰ ਵਿਚ ਸ: ਬਹਾਦਰ ਨੇ ਮਹਾਤਮਾ ਗਾਂਧੀ ਜੀ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ "ਜੇ ਤੁਸੀਂ ਸਾਡੀ ਗੱਲ ਸੁਣਨ ਨੂੰ ਤਿਆਰ ਨਹੀਂ ਤਾਂ ਇਥੇ ਕਲਕਤੇ ਬੈਠ ਕੇ ਤੁਸੀਂ ਕਾਗਜ਼ਾਂ ਉਤੇ ਪੰਜਾਬ ਦੀਆਂ ਵੰਡੀਆਂ ਨਹੀਂ ਪਾ ਸਕਦੇ, ਪੰਜਾਬ ਦੀਆਂ ਵੰਡੀਆਂ ਤਲਵਾਰ ਨਾਲ ਪੈਣਗੀਆਂ" ਤਾਂ ਗਾਂਧੀ ਜੀ ਨੇ ਕਿਹਾ ਸੀ "ਸਰਦਾਰ ਸਾਹਿਬ ਜਬ ਆਪ ਤਲਵਾਰ ਚਲਾਓਗੇ ਤੋ ਹਮ ਆਪ ਦੇ ਪਾਸ ਆਇਗੇ"



Digitized by Panjab Digital Library | www.panjabdigilib.org

ਸਰਦਾਰ ਬਹਾਦਰ ਕਨਵੈਨਸ਼ਨ ਵਿਚੋਂ ਉਠ ਕੇ ਵਾਪਸ ਆ ਗਏ ਅਤੇ ਕਲਕਤੇ ਹੋਈ ਸਾਰੀ ਗਲ ਬਾਤ ਅਖਬਾਰਾਂ ਵਿਚ ਪ੍ਰਕਾਸ਼ਤ ਕਰ ਦਿਤੀ। ਝੱਬਰ ਜੀ ਨੇ ਇਹ ਖਬਰ ਪੜ੍ਹ ਕੇ ਐਲਾਨ ਪ੍ਰਕਾਸ਼ਤ ਕੀਤਾ ਕਿ ਕਾਂਗਰਸ ਨੇ ਸਿਖਾਂ ਦੀ ਗੱਲ ਨਹੀਂ ਸੁਣੀ ਅਤੇ ਹੈਂਕੜ ਵਖਾਈ ਹੈ ਹੁਣ ਜਦੋ ਕਾਂਗਰਸ ਦਾ ਇਜਲਾਸ ਲਾਹੌਰ ਹੋਵੇਗਾ ਅਸੀਂ ਇਹ ਆਕੜ ਭਨ ਕੇ ਵਿਖਾਵਾਂਗੇ।

੧੯੨੯ ਵਿਚ ਕਾਂਗਰਸ ਦਾ ਜਨਰਲ ਇਜਲਾਸ ਲਾਹੌਰ ਹੋਣਾ ਸੀ। ਇਜਲਾਸ ਤੋਂ ਇਕ ਮਹੀਨਾ ਪਹਿਲੋਂ ਝੱਬਰ ਜੀ ਨੇ ਇਕ ਹੋਰ ਐਲਾਨ ਪ੍ਰਕਾਸ਼ਤ ਕੀਤਾ ਜਿਸ ਵਿਚ ਆਕੜ ਭੰਨ ਦਲ ਜੋ ਝੱਬਰ ਜੀ ਨੇ ਸਮੇਂ ਦੀ ਲੋੜ ਅਨੁਸਾਰ ਕਾਇਮ ਕੀਤਾ ਸੀ, ਦੇ ਜਲੂਸ ਦਾ ਪਰੋਗਰਾਮ ਪ੍ਰਕਾਸ਼ਤ ਕੀਤਾ ਜਿਸ ਨੂੰ ਪੜ੍ਹ ਕੇ ਕਾਂਗਰਸ ਦੇ ਨੇਤਾ ਨੇ ਮਹਿਸੂਸ ਕੀਤਾ ਕਿ ਪੰਜਾਬ ਦੇ ਸਿਖਾਂ ਨੂੰ ਨਾਲ ਲਏ ਬਿਨਾਂ ਕਾਂਗਰਸ ਦੀ ਕੋਈ ਲਹਿਰ ਪੰਜਾਬ ਵਿਚ ਸਫਲ ਨਹੀਂ ਹੋ ਸਕਦੀ ਅਤੇ ਇਜਲਾਸ ਤੋਂ ਪੰਦਰਾਂ ਦਿਨ ਪਹਿਲੋਂ ਹੀ ਪੰਡਤ ਮੋਤੀ ਲਾਲ ਜੀ ਨਹਿਰੂ, ਮਹਾਤਮਾਂ ਗਾਂਧੀ ਜੀ, ਪੰ: ਮਦਨ ਮੋਹਣ ਮਾਲਵੀਆ ਲਾਹੌਰ ਪਹੁੰਚ ਕੇ ਚੌਬੁਰਜੀ ਸ਼੍ਰੋਮਣੀ ਕਮੇਟੀ ਦੇ ਦਫਤਰ ਵਿਖੇ ਤਿੰਨ ਦਿਨ ਸ: ਖੜਕ ਸਿੰਘ ਅਤੇ ਹੋਰ ਸਿਖ ਨੇਤਾਵਾਂ ਨਾਲ ਗਲ ਬਾਤ ਕਰਦੇ ਰਹੇ ਅਤੇ ਫੈਸਲਾ ਹੋਇਆ ਕਿ ਕਾਂਗਰਸੀ ਨੈਸ਼ਨਲ ਝੰਡੇ ਵਿਚ ਸਿਖਾਂ ਦਾ ਕੇਸਰੀ ਰੰਗ ਪਾਇਆ ਜਾਵੇਗਾ ਅਤੇ ਕਾਂਗਰਸ ਕੋਈ ਐਸਾ ਫੈਸਲਾ ਨਹੀਂ ਕਰੇਗੀ ਜੋ ਦੇਸ਼ ਦੀਆਂ ਘਟ ਗਿਣਤੀ ਕੌਮਾਂ [ਅਕਲੀਅਤਾਂ] ਨੂੰ ਮਨਜ਼ੂਰ ਨ ਹੋਵੇਗਾ।

ਇਨਾਂ ਸ਼ਰਤਾਂ ਤੇ ਸਮਝੌਤਾ ਹੋ ਜਾਣ ਉਪਰੰਤ ਆਕੜ ਭੰਨ ਦਲ ਨੇ ਆਪਣਾ ਪਰੋਗਰਾਮ ਵਾਪਸ ਲੈ ਲਿਆ ਅਤੇ ਝੱਬਰ ਜੀ ਮੁੜ ਆਪਣੇ ਅਮਨ ਦੇ ਪਰੋਗਰਾਮ ਵਿਚ ਜੁਟ ਗਏ। ਪ੍ਰੰਤੂ ਹਾਲਾਂ ਝੱਬਰ ਜੀ ਲਈ ਪਾਏ ਗਏ ਕਈ ਕਠਨ ਪਰਚੇ ਹੱਲ ਕਰਨੇ ਬਾਕੀ ਸਨ।



Digitized by Panjab Digital Library | www.panjabdigilib.org

ਮਾਘੀ ਦੇ ਦਿਨ ੧੩ ਜਨਵਰੀ ਸੰਨ ੧੯੩੩ ਦੀ ਗੱਲ ਹੈ ਕਿ ਝੱਬਰ ਜੀ ਨੇ ਗੁਰਦਵਾਰਾ ਸ੍ਰੀ ਜਨਮ ਅਸਥਾਨ ਨਨਕਾਣਾ ਸਾਹਿਬ ਵਿਖੇ ਲੈਕਚਰ ਦਿੰਦੇ ਹੋਏ ਖਟਰਾਨੇ ਦੀ ਢਾਬ ਤੇ ਚਾਲੀ ਸਿੰਘਾਂ ਦਾ ਜੋ ਸ੍ਰੀ ਅਨੰਦ ਪੁਰ ਸਾਹਿਬ ਦੇ ਕਿਲੇ ਵਿਚੋਂ ਨਿਕਲਣ ਸਮੇਂ ਦਸ਼ਮੇਸ਼ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਸਨ, ਸ਼ਹਾਦਤ ਦਾ ਪ੍ਰਸੰਗ ਸੁਣਾ ਕੇ, ਸ੍ਰੀ ਕਲਗੀਧਰ ਜੀ ਦੀ ਅਟੁਤੀ ਬਖਸ਼ਸ਼ ਦਾ ਜ਼ਿਕਰ ਕੀਤਾ ਅਤੇ ਨਾਲ ਹੀ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਪ੍ਰਸੰਗ ਸੁਣਾਇਆ। ਦੀਵਾਨ ਦੀ ਸਮਾਪਤੀ ਮਗਰੋਂ ਗੁਰਦਵਾਰੇ ਦੇ ਪ੍ਰਬੰਧਕ ਹਾਮੀਆਂ ਜਿਨਾ ਵਿਚ ਗੁ: ਕਮੇਟੀ ਨਨਕਾਣਾ ਸਾਹਿਬ ਦੇ ਦੋ ਮੈਂਬਰ ਕਰਤਾਰ ਸਿੰਘ ਝੱਬਰ ਅਤੇ ਭਾਈ ਸੁਦਾਗਰ ਸਿੰਘ ਅਲੁਵਾਲ ਭੀ ਸ਼ਾਮਲ ਸਨ ਦੀ ਗੱਲ ਬਾਤ ਹੋਈ ਅਤੇ ਦਸਿਆ ਗਿਆ ਕਿ ਮਾਲਜ਼ੀ ਦੀ ਪਤੀ ਲਹਿਣਾ ਦਾਸ ਦੀ ਜ਼ਮੀਨ ਜਿਸ ਦਾ ਕਾਨੂੰਨੀ ਦਖਲ ੧੨ ਜਨਵਰੀ ਲੋਹੜੀ ਦੇ ਦਿਨ ਲਿਆ ਗਿਆ ਸੀ ਦਾ ਮੌਕੇ ਤੇ ਕਬਜ਼ਾ ਹੋਣਾ ਮੁਸ਼ਕਲ ਹੈ ਕਿਉਂਕਿ ਲਹਿਣਾ ਦਾਸ ਨੇ ਬਹੁਤ ਸਾਰੇ ਬਦਮਾਸ਼ਾਂ ਨੂੰ ਜ਼ਮੀਨ ਬਟਾਈ ਤੇ ਦਿਤੀ ਹੋਈ ਹੈ ਜਿਨ੍ਹਾਂ ਤੋਂ ਉਹ ਅਧ ਦੀ ਬਜਾਏ ਚੌਥੇ ਹਿਸੇ ਦੀ ਬਟਾਈ ਇਸੇ ਵਾਸਤੇ ਲੈਂਦਾ ਹੈ ਕਿ ਲੋੜ ਪੈਣ ਤੇ ਇਹ ਲੋਕ ਲਹਿਣਾ ਦਾਸ ਦਾ ਸਾਥ ਦੇਣਗੇ ਅਤੇ ਉਹ ਕਹਿੰਦਾ ਹੈ ਕਿ ਕਾਗ਼ਜ਼ੀ ਕਬਜੇ ਹੁੰਦੇ ਰਹਿਣ। ਪਤਾ ਉਦੋਂ ਲਗਿਆ ਜਦੋਂ ਅਕਾਲੀਆਂ ਏਧਰ ਮੂੰਹ ਕੀਤਾ। ਇਕ ਮੁਨਸ਼ੀ ਨੇ ਦਸਿਆ ਕਿ ਇਹੀ ਵਜਾ ਹੈ ਉਧਰ ਕੋਈ ਪ੍ਰਬੰਧਕ ਮੂੰਹ ਨਹੀਂ ਕਰਦਾ, ਜਿਸ ਤੇ ਝੱਬਰ ਜੀ ਨੇ ਕਿਹਾ ਕਿ ਇਹ ਗੁਰਦਵਾਰੇ ਦੀਆਂ ਜ਼ਮੀਨਾਂ ਦਾ ਪਹਿਲਾ ਹੀ ਕਬਜ਼ਾ ਹੈ ਜੇ ਇਹ ਅੜ ਗਿਆ ਤਾਂ ਅਸੀਂ ਕਿਧਰੇ ਭੀ ਕਾਮਯਾਬ ਨਹੀਂ ਹੋਵਾਂਗੇ ਭਾਵੇਂ ਅਦਾਲਤੋਂ ਕਿਤਨੀਆਂ ਡਗਿਰੀਆਂ ਕਿਉਂ ਨ ਲੈ ਲਵੀਏ ਚੁਨਾਂਚਿ ਫੈਸਲਾ ਹੋਇਆ ਕਿ ਪਤੀ ਲਹਿਣਾ ਦਾਸ ਦੀ ਜ਼ਮੀਨ ਦਾ ਮੌਕੇ ਤੇ ਜਾ ਕੇ ਕਬਜ਼ਾ ਲਿਆ ਜਾਵੇ। ਇਹ ਗਲ ਪਾਸ ਹੋ ਗਈ ਅਤੇ



Digitized by Panjab Digital Library | www.panjabdigilib.org

ਗੁਰਦਵਾਰੇ ਦੇ ਸਮੂਹ ਉਘੇ ੨ ਸੇਵਾਦਾਰਾਂ, ਮੁਨਸ਼ੀਆਂ, ਮੈਨੇਜਰਾਂ ਅਤੇ ਦੋਨੋ ਮੈਂਬਰਾਂ ਨੇ ਕੋਟ ਲਹਿਣਾ ਦਾਸ ਦਾ ਰੁਖ ਕੀਤਾ। ਇਨ੍ਹਾਂ ਦੇ ਨਾਲ ਕਈ ਲੋਕੀ ਤਮਾਸ਼ਾ ਵੇਖਣ ਵਾਲੇ ਅਤੇ ਕਈ ਟਾਂਗਿਆਂ ਘੋੜਿਆਂ ਵਾਲੇ ਪਠੇ ਕਟਣ ਵਾਸਤੇ ਤਿਆਰ ਹੋ ਪਏ। ਇਹ ਪਿੰਡ ਏਥੋਂ ਦੋ ਮੀਲ ਦੀ ਵਾਟ ਤੇ ਸੀ, ਮਿੰਟਾਂ ਵਿਚ ਉਥੇ ਜਾ ਪੁਜੇ। ਪਿੰਡ ਤੋਂ ਦੋ ਪੈਲੀਆਂ ਦੀ ਵਾਟ ਤੇ ਸੜਕ ਦੇ ਲਾਗੇ ਹੀ ਸ਼ਟਾਲੇ ਦੇ ਲਹਿ-ਲਹਾਂਉਂਦੇ ਖੇਤ ਸੀ। ਕੁਝ ਆਦਮੀਆਂ ਨੇ ਏਥੋਂ ਪਠੇ ਵਢਨੇ ਅਰੰਭ ਦਿਤੇ ਅਤੇ ਬਾਕੀ ਏਧਰ ਓਧਰ ਟਹਿਲਣ ਲਗ ਗਏ। ਥੋੜਾ ਹੀ ਸਮਾਂ ਬੀਤਿਆ ਹੋਵੇਗਾ ਕਿ ਪਿੰਡ ਵਲੋਂ ਦਸ ਪੰਦਰਾ ਆਦਮੀ ਸੋਟੇ ਛਵੀਆਂ ਤੇ ਟਕਵੇ ਹਥਾਂ ਵਿਚ ਲਈ ਪਠਿਆਂ ਵਾਲੇ ਖੇਤ ਦੀ ਉਤਲੀ ਵਟ ਤੋਂ ਅਗੇ ਨੂੰ ਲੰਘ ਗਏ ਅਤੇ ਕਮਾਦ ਦੇ ਖੇਤ ਦੇ ਉਪਰੋਂ ਵਲ ਕੇ ਕੁਝ ਹੋਰ ਆਦਮੀਆਂ ਨੂੰ ਉਥੋਂ ਨਾਲ ਲਿਆ ਅਤੇ ਵਾਪਸ ਸਿੰਘਾਂ ਵੱਲ ਨੂੰ ਮੁੜੇ। ਉਹਨਾਂ ਦਾ ਇਹ ਚਾਲਾ ਵੇਖ ਸਿੰਘ ਵੀ ਇਕਠੇ ਹੋ ਗਏ—ਮੈਨੇਜਰ ਨਰੈਣ ਸਿੰਘ (ਲੇਖਕ) ਘੋੜੇ ਤੇ ਸਵਾਰ ਸਨ, ਬਾਕੀ ਦੇ ਕੁਝ ਸਿੰਘ, ਸੋਟੇ ਛਵੀਆਂ ਲਈ ਆ ਰਹੇ ਆਦਮੀਆਂ ਨੂੰ ਸਾਹਮਣੇ ਹੋਏ। ਛੋਟੀ ਛੋਟੀ ਲਹਿ ਲਹਾਉਂਦੀ ਕਣਕ ਦੇ ਇਕ ਖੇਤ ਵਿਚ ਇਨ੍ਹਾਂ ਦਾ ਟਾਕਰਾ ਹੋਇਆ। ਸ: ਕਰਤਾਰ ਸਿੰਘ ਝੱਬਰ ਨੇ ਲਲਕਾਰਿਆ ਤੇ ਸ: ਸਦਾਗਰ ਸਿੰਘ ਮਾਲੂਵਾਲ ਨੇ ਛਾਲ ਮਾਰ ਕੇ ਵਿਰੋਧੀਆਂ ਦੇ ਇਕ ਆਦਮੀ ਦੇ ਹਥੋਂ ਛਵੀ ਖੋਹ ਲਈ ਅਤੇ ਇਹ ਐਸੀ ਘੁਮਾਈ ਕਿ ਵਿਰੋਧੀਆਂ ਦੇ ਪੈਰ ਛੁਟ ਗਏ ਅਤੇ ਆਪ ਧੜਾਪੀ ਵਿਚ ਜਿਧਰ ਕਿਸੇ ਦਾ ਮੂੰਹ ਆਇਆ ਉਠ ਨਠੇ। ਸਿੰਘਾਂ ਨੇ ਹੋਰ ਲਲਕਾਰਾ ਮਾਰਿਆ ਅਤੇ ਦੋ ਚੋਂਹ ਨੇ ਨਠੇ ਜਾਂਦਿਆਂ ਦਾ ਪਿਛਾ ਕਰ ਉਨ੍ਹਾਂ ਨੂੰ ਕੁਝ ਸਟਾਂ ਵੀ ਲਾਈਆਂ ਅਤੇ ਤਿੰਨਾਂ ਮੁਖੀ ਆਦਮੀਆਂ ਨੂੰ ਫੜ ਕੇ ਉਨ੍ਹਾਂ ਦੀਆਂ ਮੁਸ਼ਕਾਂ ਬੰਨ ਸ਼ਹਿਰ ਵਲ ਨੂੰ ਲੈ ਤੁਰੇ—ਇਨ੍ਹਾਂ ਨੂੰ ਕੁਝ ਪਤਾ ਨਹੀਂ ਸੀ ਕਿ ਕਮਾਦ ਦੇ ਉਹਲੇ ਇਕ ਛਪਰੀ ਹੇਠ ਗੁੜਿਆਲ ਸੀ ਜਿਸ ਦੇ



Digitized by Panjab Digital Library | www.panjabdigilib.org

ਅੰਦਰ ਗੁੜ ਦਾ ਕੜਾਹਿਆ ਚੜ੍ਹਿਆ ਹੋਇਆ ਸੀ ਅਤੇ ਨਠ ਗਏ ਆਦਮੀਆਂ ਵਿਚੋਂ ਇਕ ਬਿਸ਼ਨਾ ਨਾਮੀ ਸਾਧ ਜੋ ਲਹਿਣਾ ਦਾਸ ਦਾ ਸਾਲਾ ਸੀ ਇਸ ਗੁੜਿਆ'ਲ ਵਿਚ ਜਾ ਵੜਿਆ ਸੀ ਅਤੇ ਅਕਾਲੀ ਸਿੰਘਾਂ ਵਿਚ ਇਕ ਨੌਜਵਾਨ ਹਥ ਵਿਚ ਬਰਛਾ ਲਈ ਇਸਦਾ ਪਿਛਾ ਕਰ ਰਿਹਾ ਸੀ—ਸ: ਨਰੈਣ ਸਿੰਘ ਨੇ ਭੀ ਘੋੜਾ ਗੁੜਿਆਲ ਵੱਲ ਨੂੰ ਕੀਤਾ ਅਤੇ ਅਕਾਲੀ ਸਿੰਘ ਨੂੰ ਗੁੜਿਆ'ਲ ਦੇ ਦਰਵਾਜੇ ਵਿਚ ਖਲੋ ਕੇ ਅੰਦਰ ਕਿਸੇ ਪਰ ਬਰਛੇ ਨਾਲ ਵਾਰ ਕਰਦਿਆਂ ਵੇਖ ਦੂਰੋਂ ਹੀ ਪੁਕਾਰਿਆ "ਨਾ ਮਾਰੀਂ ਓਇ ਨਾ ਮਾਰੀਂ" ਪ੍ਰੰਤੂ ਜਦ ਨੂੰ ਇਹ ਅਵਾਜ਼ ਉਸ ਦੇ ਕੰਨੀ ਪੁਜੀ ਤੀਰ ਚਿਲੇ ਵਿਚੋਂ ਜਾ ਚੁਕਾ ਸੀ ਅਰਥਾਤ ਬਰਛਾ ਬਿਸ਼ਨੇ ਦੇ ਪੇਟ ਵਿਚ ਆਪਨਾ ਕੰਮ ਕਰ ਗਿਆ ਸੀ ਅਤੇ ਬਿਸ਼ਨਾ ਲਹੂ ਦੀ ਛਪੜੀ ਵਿਚ ਘਾਇਲ ਪਿਆ ਸੀ ਪ੍ਰੰਤੂ ਗੁੜਿਆ'ਲ ਦੇ ਅੰਦਰ ਇਤਨਾ ਧੂਆਂ ਸੀ ਕਿ ਅਸਲ ਹਾਲਤ ਦਾ ਕਿਸੇ ਨੂੰ ਭੀ ਪਤਾ ਨਹੀਂ ਸੀ—ਉਹ ਅਕਾਲੀ ਇਹ ਕਹਿੰਦਾ ਸੀ ਕਿ ਬਿਸ਼ਨਾ ਮੁਸ਼ਕਲ ਹੀ ਬਚੇਗਾ। ਹੁਣ ਮੈਦਾਨ ਖਾਲੀ ਸੀ ਬਹੁਤੇ ਭਗੌੜੇ ਹੋ ਗਏ ਸਨ ਕੁਝ ਫੜੇ ਹੋਏ ਆਦਮੀਆਂ ਨੂੰ ਲੈ ਕੇ ਠਾਣੇ ਜਾ ਰਹੇ ਸਨ ਅਤੇ ਬਾਕੀ ਦੇ ਜਿਨਾਂ ਨੂੰ ਬਿਸ਼ਨੇ ਦੀ ਭੈੜੀ ਹਾਲਤ ਦਾ ਨਿਸਚਾ ਹੋ ਗਿਆ ਸੀ ਹਨੇਰਾ ਪੈਂਦਿਆਂ ਤਕ ਦੁਰਾਡੇ ਨਿਕਲ ਗਏ ਸਨ—ਬਿਸ਼ਨੇ ਦੇ ਵਾਰਸਾਂ ਨੇ ਵੇਹਲ ਹੋਈ ਵੇਖ ਉਸਨੂੰ ਸੰਭਾਲਿਆ—ਇਹ ਬੇਸੁਰਤ ਸੀ ਖ਼ੂਨ ਦੇ ਪਰਨਾਲੇ ਜਾਰੀ ਸਨ ਇਨ੍ਹਾਂ ਉਸਨੂੰ ਮੰਜੇ ਤੇ ਲਿਟਾਕੇ ਹਸਪਤਾਲ ਲਿਆਂਦਾ ਜਿਥੇ ਤਹਿਸੀਲਦਾਰ ਨੇ ਜੋ ਸਿਆ'ਲਕੋਟ ਦਾ ਮੁਸਲਮਾਣ ਲੁਹਾਰ ਸੀ ਅਤੇ ਅਕਾਲੀਆਂ ਦਾ ਬੜਾ ਵਿਰੋਧੀ ਸੀ ਬਾਵਾ ਲਹਿਣਾ ਦਾਸ ਦੀ ਜ਼ਬਾਨੀ ਬਿਸ਼ਨੇ ਦੇ ਫਰਜ਼ੀ ਬਿਆਨ ਲਿਖੇ ਕਿ "ਮੈਨੂੰ ਕਰਤਾਰ ਸਿੰਘ ਝੱਬਰ ਨੇ ਪੇਟ ਵਿਚ ਬਰਛਾ ਮਾਰਿਆ ਹੈ ਅਤੇ ਨਰੈਣ ਸਿੰਘ ਮੈਨੇਜਰ ਨੇ ਡੌਲੇ ਤੇ ਕਿਰਪਾਨਾਂ ਮਾਰੀਆਂ ਹੈ ਇਨ੍ਹਾਂ ਦੋਨਾਂ ਦੇ ਨਾਲ ਇਕ ਜੁਆਲਾ ਸਿੰਘ ਸੇਵਾਦਾਰ ਭੀ ਸੀ ਹੋਰ ਭੀ ਬਹੁਤ ਆਦਮੀ ਸਨ



Digitized by Panjab Digital Library | www.panjabdigilib.org

ਪਰ ਮੈਂ ਉਨ੍ਹਾਂ ਨੂੰ ਨਹੀਂ ਜਾਣਦਾ'' ਉਸ ਦਿਨ ਰਾਤ ਗਿਆਰਾਂ ਵਜੇ ਤਕ ਪੋਲੀਸ ਮੌਕਿਆ ਤੇ ਤਫਤੀਸ਼ ਕਰਦੀ ਰਹੀ ਅਤੇ ਅਗਲੇ ਭਲਕ ਗੁ: ਕਮੇਟੀ ਦੇ ਦਫਤਰ ਤੋਂ ਸ: ਸ਼ਮਸੇਰ ਸਿੰਘ ਪਟਵਾਰੀ ਸ: ਊਧਮ ਸਿੰਘ ਪਟਵਾਰੀ ਸ: ਆਤਮਾ ਸਿੰਘ ਜਥੇਦਾਰ ਸਟੋਰ ਅਤੇ ਭਾਈ ਜੁਆਲਾ ਸਿੰਘ ਸੇਵਾਦਾਰ ਗਰਿਫਤਾਰ ਕਰ ਲਏ ਗਏ। ਸ਼ੇਖੂਪੁਰੇ ਤੋਂ ਸਪੈਸ਼ਲ ਮੈਜਿਸਟਰੇਟ ਅਤੇ ਥਾਣੇਦਾਰ ਤਫਤੀਸ਼ ਲਈ ਪੁਜ ਗਏ-੧੫ ਜਨਵਰੀ ਅਥਵਾ ਮਾਘੀ ਤੋਂ ਤੀਜੇ ਦਿਨ ਸਵੇਰ ਹੀ ਬਿਸ਼ਨੇ ਦੇ ਮਰਣ ਦੀ ਹਸਪਤਾਲੋਂ ਖਬਰ ਪੁੱਜੀ ਅਤੇ ਸ਼ਾਮ ਨੂੰ ਸ: ਨਰੈਣ ਸਿੰਘ ਮੈਨੇਜਰ ਨੂੰ ਭੀ ਗਰਿਫਤਾਰ ਕਰ ਲਿਆ-ਗੁਰਦਵਾਰਾ ਕਮੇਟੀ ਦੇ ਦਫਤਰ ਵਲੋਂ ਸ਼੍ਰੋ: ਗੁ: ਪ੍ਰ: ਕਮੇਟੀ ਅੰਮ੍ਰਿਤਸਰ ਨੂੰ ਅਤੇ ਹੋਰ ਉਘੇ ੨ ਸੰਬੰਧਤ ਮੁਖੀਆਂ, ਪਰਧਾਨਾ ਤੇ ਤੇ ਮੈਂਬਰਾਂ ਨੂੰ ਇਸ ਵਾਕਿਆ ਦੀਆਂ ਖਬਰਾਂ ਤਾਰਾਂ ਰਾਹੀਂ ਭੇਜੀਆਂ ਗਈਆਂ ਸਨ ਪ੍ਰੰਤੂ ੧੫ ਜਨਵਰੀ ਸਵੇਰ ਤਕ ਲਾਹੌਰ ਤਕ ਤੋਂ ਸ: ਬ: ਸ: ਮਹਿਤਾਬ ਸਿੰਘ ਅਤੇ ਸ਼ੇਖੂਪੁਰੇ ਤੋਂ ਸ: ਮਾਨ ਸਿੰਘ ਹੌਬੋ ਅਤੇ ਸ: ਵਰਿਆਮ ਗਰਮੂਲਾ ਹੀ ਪੁਜੇ ਸਨ ਅਤੇ ਇਨ੍ਹਾਂ ਦੀ ਸਲਾਹ ਨਾਲ ਹੀ ਸ: ਨਰੈਣ ਸਿੰਘ ਨੂੰ ਪੋਲੀਸ ਵਲੋਂ ਸੰਗ ਹੋਣ ਤੇ ਪੇਸ਼ ਕੀਤਾ ਗਿਆ ਸੀ। ਸ਼ਹਿਰ ਨਨਕਾਣਾ ਸਾਹਿਬ ਉਤੇ ਭੈ ਅਤੇ ਸਹਿਮ ਦੇ ਬਦਲ ਛਾਏ ਹੋਏ ਸਨ ਅਤੇ ੧੦ ਫਗਣ ੧੯੨੧ ਦੇ ਸ੍ਰੀ ਨਨਕਾਣਾ ਸਾਹਿਬ ਦੇ ਭਿਆਨਕ ਸਾਕੇ ਪਿਛੋਂ ਅਜ ਮੁੜ ਉਹ ਦਿਨ ਆਇਆ ਪ੍ਰਤੀਤ ਹੁੰਦਾ ਸੀ ਜਿਸ ਤੋਂ ਅੰਦਾਜ਼ਾ ਕੀਤਾ ਜਾਂਦਾ ਸੀ ਕਿ ਨਨਕਾਣਾ ਸਾਹਿਬ ਵਿਚ ਹੁਣ ਸਿਖਾਂ ਦਾ ਖੁਰਾ ਖੋਜ ਮਿਟਾ ਦਿਤਾ ਜਾਵੇਗਾ ਅਤੇ ਮਹੰਤੀ ਦੌਰ ਦੌਰਾ ਇਕ ਵੇਰ ਮੁੜ ਆਪਣੇ ਜੋਬਨ ਤੇ ਆਵੇਗਾ। ਕਿਸੇ ਹਦ ਤਕ ਇਹ ਅੰਦਾਜ਼ਾ ਕੀਤਾ ਜਾਣਾ ਠੀਕ ਭੀ ਸੀ ਕਿਉਂਕਿ ਅੰਧਾ ਧੁੰਧ ਫੜੋ ਫੜੀ ਦੇ ਭੈ ਤੋਂ ਗੁਰਦਵਾਰਿਆਂ ਦੇ ਅਛੇ ੨ ਸੇਵਾਦਾਰ ਭੀ ਇਥੋਂ ਭਗੌੜੇ ਹੋ ਗਏ ਸਨ ਤੇ ਇਥੇ ਬਿਲਕੁਲ ਸੁਨਸਾਨ ਪ੍ਰਤੀਤ ਹੁੰਦੀ ਸੀ ਜੇਹੋ ਜੇਹੀ ਸਾਕੇ ਵਾਲੇ ਦਿਨ ਤੋਂ ਪਿਛੋਂ ਅਤੇ



Digitized by Panjab Digital Library | www.panjabdigilib.org

੧੯੪੭ ਦੇ ਘਲੂ ਘਾਰੇ ਤੋਂ ਪਹਿਲੋਂ ਅੱਜ ਹੀ ਹੋਈ ਸੀ ।

੧੬ ਜਨਵਰੀ ਸਵੇਰੇ ਹੀ ਸ: ਨਰੈਣ ਸਿੰਘ ਅਤੇ ਉਸਦੇ ਚਾਰ ਸਾਥੀਆਂ ਨੂੰ ਦੂਹਰੀ ਹਥਕੜੀ ਲਾਈ, ਸਟੇਸ਼ਨ ਤੇ ਲਿਆਂਦਾ ਗਿਆ ਅਤੇ ਇਥੋਂ ਗਡੀ ਤੇ ਸ਼ੇਖੂਪੁਰੇ ਲੈ ਜਾ ਕੇ ਜ਼ਿਲੇ ਦੀ ਜੇਲ੍ਹ ਵਿਚ ਸੁਟ ਦਿਤਾ ਗਿਆ—ਦੋ ਕੁ ਦਿਨਾਂ ਦੇ ਅੰਦਰ ੨ ਸ: ਕਰਤਾਰ ਸਿੰਘ ਝੱਬਰ ਲਾਇਲਪੁਰ ਤੋਂ ਸ: ਇੰਦਰ ਸਿੰਘ ਮਰੜ ਮੀਤ ਮੈਨੇਜਰ ਸਾਂਗਲੇ ਤੋਂ ਸ: ਗੁਲਜ਼ਾਰ ਸਿੰਘ ਤੇ ਸ: ਧਿਆਨ ਸਿੰਘ ਨਨਕਾਣਾ ਸਾਹਿਬ ਤੋਂ ਫੜੇ ਤੇ ਸ਼ੇਖੂਪੁਰੇ ਹਵਾਲਾਤ ਵਿਚ ਪਹੁੰਚਾਏ ਗਏ-ਲਗ ਭਗ ਇਕ ਮਹੀਨਾ ਪਿਛੋਂ ਸ: ਸੌਦਾਗਰ ਸਿੰਘ ਮਾਲੂਵਾਲ ਨੂੰ ਅੰਮ੍ਰਿਤਸਰ ਤੋਂ ਫੜ ਲਿਆਂਦਾ ਗਿਆ ਅਤੇ ਇਸ ਤਰ੍ਹਾਂ ਨਾਲ ਸਾਡੇ ਅਕਾਲੀ ਜਰਨੈਲ ਝੱਬਰ ਜੀ ਨੂੰ ਇਕ ਵੇਰ ਮੁੜ ਫਾਂਸੀ ਦੀ ਕੋਠੜੀ ਦਾ ਮੂੰਹ ਵੇਖਣ ਲਈ ਹੋਰ ਸਾਥੀਆਂ ਸਮੇਤ ਇਥੇ ਬੰਦ ਕੀਤਾ ਗਿਆ । ਫੜੇ ਜਾਣ ਤੋਂ ਗਿਆਰਾਂ ਦਿਨ ਤਕ ਇਹ ਸਭ ਵਖੋ ਵਖ ਕੋਠ-ੜੀਆਂ ਵਿਚ ਬੰਦ ਰਹੇ ਕਿਉਂਕਿ ਇਸ ਕਤਲ ਦੀ ਚਰਚਾ ਬਹੁਤ ਜ਼ਿਆਦਾ ਹੋ ਚੁਕੀ ਸੀ ਅਤੇ ਜੇਲ੍ਹ ਦੇ ਕਈ ਸੌ ਮਨੁਖਾਂ ਵਿਚ ਇਹ ਪੜ੍ਹੇ ਲਿਖੇ ਕਾਤਲਾਂ ਦਾ ਟੋਲਾ ਸਮਝਿਆ ਜਾਂਦਾ ਸੀ ਇਸ ਲਈ ਇਨ੍ਹਾਂ ਦੇ ਠੀਕ ਹਾਲ ਜਾਨਣ ਦੀ ਖਾਹਸ਼ ਹਰ ਇਕ ਦੇ ਮਨ ਵਿਚ ਸੀ। ਹਵਾਲਾਤੀਆਂ ਦੀ ਇਨ੍ਹਾਂ ਨਾਲ ਖਾਸ ਤੌਰ ਤੇ ਹਮਦਰਦੀ ਸੀ । ਆਪਨੇ ਹਵਾਲਾਤੀ ਭਰਾਵਾਂ ਵਿਚ ਇਹ ਛੇਤੀ ਹੀ ਉਘੇ ਹੋ ਗਏ ਅਤੇ ਜਦੋਂ ਗਿਆਰਾਂ ਦਿਨਾਂ ਪਿਛੋਂ ਇਨ੍ਹਾਂ ਨੂੰ ਹਵਾਲਾਤ ਦੇ ਇਹਾਤੇ ਵਿਚ ਫਿਰਨ ਤੁਰਨ ਦੀ ਖੁਲ੍ਹ ਹੋ ਗਈ ਤਾਂ ਇਨ੍ਹਾਂ ਦੇ ਦੁਆਲੇ ਹੋਰ ਹਵਾਲਾ-ਤੀਆਂ ਦਾ ਚੰਗਾ ਜਮਘਟਾ ਰਹਿੰਦਾ ਅਤੇ ਸਾਰਾ ਦਿਨ ਆਪਸ ਵਿਚ ਦੇ ਹਾਲਾਤ ਲੈਣ ਦੇਣ ਵਿਚ ਬੀਤ ਜਾਂਦਾ—ਹਵਾਲਾਤ ਭੀ ਆਪਨੀ ਕਿਸਮ ਦੀ ਇਕ ਵਖਰੀ ਹੀ ਦੁਨੀਆਂ ਹੈ ਜਿਥੋਂ ਦਾ ਦਿਨ ਸਵੇਰੇ ਅਠ ਵਜੇ ਚੜ੍ਹਦਾ ਅਤੇ ਪੰਜ ਵਜੇ ਅਸਤ ਹੋ ਜਾਂਦਾ ਹੈ ਜਿਥੋਂ ਦਾ ਖਾਣ-



Digitized by Panjab Digital Library | www.panjabdigilib.org

ਪੀਣ ਸੌਣ ਪਹਿਨਣ ਅਤੇ ਹਾਜਤ ਰਫ਼ਾਈ ਸਭ ਸਮੇਂ ਦੇ ਪਾਬੰਦ ਹਨ, ਜਿਥੋਂ ਦੀ ਭਾਈ ਬੰਦੀ ਮਜ਼੍ਹਬ ਮਿਲਤ ਦੇ ਤਫਰਕੇ ਤੋਂ ਬਿਨਾਂ, ਜਿਥੋਂ ਦੀਆ ਸਾਂਝਾਂ ਹਮਸਾਏ ਪਣ ਤੋਂ ਵਧੇਰੇ ਨੇੜ ਵਾਲੀਆਂ ਅਤੇ ਜਿਥੇ ਦੇ ਯਰਾਨੇ ਉਮਰ ਭਰ ਤਕ ਨਾ ਟੁਟਣ ਵਾਲੇ ਹੁੰਦੇ ਹਨ। ਹਰ ਇਕ ਹਵਾਲਾਤੀ ਦੂਸਰੇ ਹਵਾਲਾਤੀ ਭਰਾ ਦਾ ਦੁਖ ਸੁਖ ਦਾ ਸਾਥੀ ਅਤੇ ਭੀੜ ਪੈਣ ਤੇ ਹਥ ਵਟਾਉਣ ਵਾਲਾ ਹੁੰਦਾ ਹੈ-ਹਵਾਲਾਤੀਆਂ ਦੇ ਸੁਭਾ ਦੀ ਇਸ ਖੂਬੀ ਦਾ ਇਕ ਸਬੂਤ ਛੇਤੀ ਹੀ ਪੇਸ਼ ਆਇਆ। ਜਦੋਂ ਇਨ੍ਹਾਂ ਨਨਕਾਣਾ ਸਾਹਿਬ ਦੇ ਕਾਤਲਾਂ ਪਾਸ ਇਤਲਾਹ ਪੁੱਜੀ ਕਿ "ਅਜ ਤੁਹਾਡੀ ਸ਼ਨਾਖਤ ਪਰੇਡ ਹੋਵੇਗੀ" ਤਾਂ ਹਰ ਹਵਾਲਾਤੀ ਇਨ੍ਹਾਂ ਨੂੰ ਸਮਝਾਉਣੀਆਂ ਦੇਣ ਅਤੇ ਜਿਥੋਂ ਤਾਂਈ ਕਿਸੇ ਦੀ ਵਾਹ ਲਗਦੀ ਇਨ੍ਹਾਂ ਦੀ ਸਹਾਇਤਾ ਲਈ ਤੁਲਿਆ ਬੈਠਾ ਸੀ। ਨੌ ਜਣੇ ਉਸ ਦਿਨ ਪਰੇਡ ਵਿਚ ਸ਼ਾਮਲ ਸਨ। ਹਵਾਲਾਤੀਆਂ ਨੇ ਇਨ੍ਹਾਂ ਦੇ ਲਿਬਾਸ ਤੇ ਚੇਹਰੇ ਮੋਹਰੇ ਅਜਿਹੇ ਬਣਾ ਦਿਤੇ ਸਨ ਕਿ ਜਾਣਕਾਰ ਆਦਮੀ ਵੀ ਇਨਾਂ ਨੂੰ ਪਛਾਨਣ ਸਮੇਂ ਇਕ ਵੇਰ ਤਾਂ ਜ਼ਰੂਰ ਝਿਝਕ ਜਾਂਦਾ ਸੀ, ਮਿਸਾਲ ਵਜੋਂ ਸ: ਨਰੈਣ ਸਿੰਘ ਦਾ ਕੋਟ, ਨੀਲੀ ਘੋਟਵੀਂ ਦਸਤਾਰ ਅਤੇ ਚੂੜੀ ਦਾਰ ਪਾਜਾਮਾ ਇਕ ਹੋਰ ਉਸੇ ਕਦ ਤੇ ਰੰਗ ਢੰਗ ਦੇ ਹਵਾਲਾਤੀ ਨੇ ਪਹਿਨੇ ਹੋਏ ਸਨ ਜਦੋਂ ਕਿ ਸ: ਨਰੈਣ ਸਿੰਘ ਦੇ ਲੱਕ ਲਾਂਗੜ ਗਲ ਕਲੀਆਂ ਵਾਲਾ ਖਦਰ ਦਾ ਚੋਲਾ ਅਤੇ ਸਿਰ ਉਤੇ ਵਟਾਂ ਵਾਲੀ ਛਿਬੇ ਜੇਹੀ ਮੈਲੀ ਪਗ ਜਿਸ ਵਿਚੋਂ ਜੂੜਾ ਤੇ ਵਾਲ ਖਿਲਰੇ ਦਿਸਦੇ ਸਨ ਅਤੇ ਉਤੋਂ ਦੀ ਇਕ ਮੁਸ਼ਕ ਦੀ ਮਾਰੀ ਹੋਈ ਅਤੇ ਮੈਲੀ ਚਾਦਰ ਦੀ ਬੁਕਲ ਸੀ। ਪੈਰੇਡ ਵਿਚ ਜਿਥੇ ਇਨ੍ਹਾਂ ਮੁਲਜ਼ਮਾਂ ਤੋਂ ਬਿਨਾ ਵੀਹ ਪੰਝੀ ਹੋਰ ਆਦਮੀ ਵੀ ਸਨ ਸ: ਨਰੈਣ ਸਿੰਘ ਤੇ ਜਿਸ ਹਵਾਲਾਤੀ ਨਾਲ ਇਸਨੇ ਕਪੜੇ ਬਦਲੇ ਸਨ ਕੋਲ ੨ ਖੜੇ ਸਨ-ਸ਼ਨਾਖਤ ਕਰਨ ਵਾਸਤੇ ਆਏ ਸਭ ਗਵਾਹਾਂ ਵਿਚੋਂ ਕੋਈ ਵੀ ਉਨ੍ਹਾਂ ਨੂੰ ਨਾ ਪਛਾਣ ਸਕਿਆ ਬਲਕਿ ਉਨ੍ਹਾਂ ਵਿਚੋਂ ਪੰਜਾਂ ਨੇ ਇਨ੍ਹਾਂ ਦੇ ਕਪੜੇ ਪਹਿਨੀ



Digitized by Panjab Digital Library | www.panjabdigilib.org

ਖੜੇ ਦੂਸਰੇ ਹਵਾਲਾਤੀ ਨੂੰ ਨਰੈਣ ਸਿੰਘ ਕਹਿ ਕੇ ਹਥ ਲਗਾਇਆ ਇਸੇ ਤਰਾਂ ਸ: ਇੰਦਰ ਸਿੰਘ ਜੋ ਇਕ ਵਹਿੰਗੀ ਉਠਾ ਕੇ ਲਿਆਏ ਝੀਵਰ ਦਾ ਪੂਰਾ ਨਮੂਨਾ ਪੇਸ਼ ਕਰਦੇ ਸੀ ਨੂੰ ਭੀ ਕਿਸੇ ਨਹੀਂ ਪਛਾਣਿਆ—ਝੱਬਰ ਜੀ ਕੇਵਲ ਇਕ ਜ਼ਨਾਨੀ ਗਵਾਹ ਨੇ ਉਸ ਸਮੇਂ ਹਥ ਲਾਇਆ ਜਦੋਂ ਓਹ ਉਸਦੀ ਕਿਸੇ ਗੱਲ ਤੇ ਜ਼ਰਾ ਹਸ ਪਏ ਅਤੇ ਉਨ੍ਹਾਂ ਦੇ ਬੋੜੇ ਹੋਣ ਦਾ ਪਤਾ ਲਗ ਗਿਆ—ਭਾਂਵੇ ਸ: ਸ਼ਮਸ਼ੇਰ ਸਿੰਘ, ਊਧਮ ਸਿੰਘ ਤੇ ਭਾ: ਜੁਆਲਾ ਸਿੰਘ ਨੂੰ ਦੋ ਤਿੰਨਾਂ ਗਵਾਹਾਂ ਨੇ ਠੀਕ ਪਛਾਣਿਆਂ ਪ੍ਰੰਤੂ ਆਮ ਤੌਰ ਤੇ ਇਹ ਸ਼ਨਾਖਤ ਪਰੇਡ ਨਾਕਾਮ- ਛੱਟੀ ਯਾਬ ਰਹੀ ਅਤੇ ਜਿਨਾਂ ਸਜਨਾਂ ਦਾ ਨਾਉਂ ਲੈ ਕੇ ਗਵਾਹ ਉਨਾਂ ਨੂੰ ਆਪਨੇ ਰੂਬਰੂ ਬਿਸ਼ਨੇ ਨੂੰ ਮਾਰਦੇ ਦਸਦੇ ਸਨ ਉਨਾ ਦੀ ਉਕਾ ਹੀ ਪਛਾਣ ਨਾ ਕਰ ਸਕੇ, ਇਸਦਾ ਕਾਰਨ ਭਾਂਵੇ ਬਹੁਤਾ ਇਹ ਸੀ ਕਿ ਗਵਾਹਾਂ ਨੇ ਇਨ੍ਹਾਂ ਨੂੰ ਮਾਰਦਿਆਂ ਵੇਖਿਆ ਤਕ ਨਹੀਂ ਸੀ ਅਤੇ ਐਵੇਂ ਝੂਠ ਬੋਲ ਕੇ ਇਨ੍ਹਾਂ ਨੂੰ ਕਾਤਲ ਸਾਬਤ ਕਰਨਾ ਚਾਹੁੰਦੇ ਸਨ ਪ੍ਰੰਤੂ ਹਵਾਲਾਤੀਆਂ ਦੀ ਪੂਰੀ ੨ ਹਮਦਰਦੀ ਤੇ ਸਹਾਇਤਾ ਭੀ ਉਨਾਂ ਦੀ ਇਸ ਕਾਮਯਾਬੀ ਦਾ ਇਕ ਵਡਾ ਕਾਰਨ ਸੀ।

ਡੇਢ ਮਹੀਨੇ ਦੀਆਂ ਕਈ ਰੀਮਾਂਡਾਂ ਪਿਛੋਂ ਅਖੀਰ ਫੜੇ ਗਏ ਦਸਾਂ ਦੋਸ਼ੀਆਂ ਦੇ ਵਿਰੁਧ ਮਲਕ ਅਤਾ ਉਲਾ ਮੈਜਿਸਟਰੇਟ ਦਰਜਾ ਅਵਲ ਦੀ ਅਦਾਲਤ ਵਿਚ ਮੁਕਦਮੇ ਦੀ ਸੁਣਵਾਈ ਸ਼ੁਰੂ ਹੋਈ। ਮੁਦਈ ਸਰਕਾਰ ਸੀ ਅਤੇ ਮੁਲਜ਼ਮਾਂ ਵਲੋਂ ਲਾਲਾ ਅਮਰਦਾਸ ਲਾਹੌਰ ਵਾਲੇ ਅਤੇ ਸ: ਦਰਬਾਰਾ ਸਿੰਘ ਸ਼ੇਖੂਪੁਰੇ ਤੋਂ ਪੇਸ਼ ਹੁੰਦੇ ਰਹੇ। ਪੋਲੀਸ ਵਲੋਂ ਸਤ ਗਵਾਹ ਭੁਗਤਾਏ ਗਏ। ਹਰ ਇਕ ਮਕਤੂਲ ਬਿਸ਼ਨੇ ਦੇ ਉਤੇ ਲਿਖੇ ਬਿਆਨ ਦੀ ਪੁਸ਼ਟੀ ਕਰਦਾ ਤੇ ਕਹਿੰਦਾ ਸੀ ਕਿ ਬਿਸ਼ਨੇ ਨੂੰ ਝੱਬਰ ਤੇ ਨਰੈਣ ਸਿੰਘ ਮੈਨੇਜਰ ਨੇ ਆਪਣੀ ਹਥੀਂ ਕਤਲ ਕੀਤਾ ਅਤੇ ਬਾਕੀ ਦੇ ਮੁਲਜ਼ਮ ਸਮੇਤ ਦੋ ਕੁ ਸੌ ਹੋਰ ਆਦਮੀਆਂ ਦੇ ਇਨ੍ਹਾਂ ਦੇ ਨਾਲ ਸਨ—ਦੋਸ਼ੀਆਂ ਦੇ ਵਕੀਲਾਂ ਨੇ ਜਿਸ ਸਿਆਣਪ



Digitized by Panjab Digital Library | www.panjabdigilib.org

ਨਾਲ ਜਿਰਾਹ ਤੇ ਬਹਿਸ ਕੀਤੀ ਸ਼ਲਾਘਾ ਯੋਗ ਸੀ। ਸ: ਸੌਦਾਗਰ ਸਿੰਘ ਵਲੋਂ ਸਫਾਈ ਵਿਚ ਰੀਕਾਰਡ ਤੋਂ ਇਹ ਸਾਬਤ ਕਰਾਇਆ ਗਿਆ ਕਿ ਕਤਲ ਦੇ ਸਮੇਂ ਸ: ਸੌਦਾਗਰ ਸਿੰਘ ਅੰਮ੍ਰਿਤਸਰ ਵਿਖੇ ਇਕ ਰਜਿਸਟਰੀ ਦੇ ਸਬੰਧ ਵਿਚ ਅਫਸਰ ਮਾਲ ਅੰਮ੍ਰਿਤਸਰ ਦੇ ਪੇਸ਼ ਸਨ। ਅਖੀਰ ਮਲਕ ਅਤਾ ਉਲਾ ਨੇ ਆਪਣਾ ਫੈਸਲਾ ਸੁਣਾਇਆ ਅਤੇ ੨੪ ਅਪਰੈਲ ੧੯੩੩ ਨੂੰ ਸ: ਨਰੈਣ ਸਿੰਘ ਤੇ ਸ: ਸੌਦਾਗਰ ਸਿੰਘ ਨੂੰ ਬਰੀ ਕਰ ਦਿਤਾ ਅਤੇ ਬਾਕੀਆਂ ਨੂੰ ਸੈਸ਼ਨ ਸਪੁਰਦ ਕੀਤਾ। ਮੈਜਿਸਟਰੇਟ ਨੇ ਫੈਸਲੇ ਵਿਚ ਸ: ਨਰੈਣ ਸਿੰਘ ਬਾਰੇ ਲਿਖਿਆ ਕਿ ਮੈਨੂੰ ਸਮਝ ਨਹੀਂ ਆਈ ਕਿ ਇਕ ਆਦਮੀ ਜੋ ਤਾਲੀਮੀ ਤੌਰ ਤੇ ਐਮ. ਏ. ਪਾਸ ਹੈ ਅਤੇ ਨਨਕਾਣਾ ਸਾਹਿਬ ਦੀ ਐਸਟੇਟ ਦਾ ਸਭ ਤੋਂ ਮੁਖੀ ਅਫਸਰ ਹੈ, ਅਤੇ ਜਿਸ ਦੀ ਕਮਾਂਡ ਥੱਲੇ ਕਤਲ ਦੇ ਸਮੇਂ ਦੋ ਸੌ ਹਥਿਆਰ ਬੰਦ ਆਦਮੀ ਮੌਜੂਦ ਹਨ, ਅਤੇ ਜੋ ਘੋੜੇ ਤੇ ਸਵਾਰ ਦਸਿਆ ਜਾਂਦਾ ਹੈ ਉਸ ਨੇ ਆਪਣੇ ਮਾਤਹਿਤਾਂ ਨੂੰ ਬਿਸ਼ਨੇ ਨੂੰ ਮਾਰ ਦੇਣ ਵਾਸਤੇ ਕਿਉਂ ਹੁਕਮ ਨਾ ਦਿਤਾ ਅਤੇ ਉਚੇਚੇ ਤੌਰ ਤੇ ਆਪ ਕਿਉਂ ਘੋੜੇ ਤੋਂ ਉਤਰ ਕੇ ਗੁੜਿਆਲ ਦੇ ਅੰਦਰ ਜਾ ਕੇ ਬਿਸ਼ਨੇ ਨੂੰ ਕਿਰਪਾਨਾਂ ਮਾਰੀਆਂ-ਔਰ ਫਿਰ ਜਿਨ੍ਹਾਂ ਗਵਾਹਾਂ ਨੇ ਉਸ ਨੂੰ ਕਿਰਪਾਨਾਂ ਮਾਰਦਿਆਂ ਅਖੀਂ ਵੇਖਿਆ ਸੀ ਉਨ੍ਹਾਂ ਵਿਚੋਂ ਇਕ ਨੇ ਵੀ ਕਿਉਂ ਨਰੈਣ ਸਿੰਘ ਨੂੰ ਸ਼ਨਾਖਤ ਨਹੀਂ ਕੀਤਾ। ਇਸ ਤੋਂ ਮੈਂ ਸਮਝਦਾ ਹਾਂ ਕਿ ਜਿਥੋਂ ਤਕ ਨਰੈਣ ਸਿੰਘ ਦਾ ਸਬੰਧ ਹੈ ਇਹ ਸਭ ਬਨਾਵਟ ਹੈ ਅਤੇ ਇਸ ਵਿਚ ਰਤੀ ਭਰ ਵੀ ਸਚਾਈ ਨਹੀਂ।

ਮੈਜਿਸਟਰੇਟ ਦੇ ਇਸ ਫੈਸਲੇ ਦੀ ਸਰਕਾਰ ਪੰਜਾਬ ਦੇ ਮੁਖੀ ਕਰਮਚਾਰੀਆਂ ਅਤੇ ਆਮ ਪਬਲਿਕ ਵਿਚ ਇਤਨੀ ਚਰਚਾ ਹੋਈ ਅਤੇ ਮੈਜਿਸਟਰੇਟ ਦੀ ਦਲੇਰੀ ਤੇ ਇਤਨੀ ਹੈਰਾਨੀ ਹੋਈ (ਇਹ ਮੈਜਿਸਟਰੇਟ ਇਸ ਤੋਂ ਪਿਛੋਂ ਛੇਤੀ ਹੀ ਇਥੋਂ ਬਦਲਣ ਉਪ੍ਰੰਤ ਡੀਗਰੇਡ ਕਰ ਕੇ ਤਹਿਸੀਲਦਾਰ ਕਰ ਦਿਤਾ ਗਿਆ ਸੀ) ਕਿ ਸਰਕਾਰ ਪੰਜਾਬ ਨੇ ਇਸ ਫੈਸਲੇ ਦੀ ਨਿਗਰਾਨੀ ਡਿਪਟੀ ਕਮਿਸ਼ਨਰ ਪਾਸ ਦਾਇਰ ਕਰਵਾਈ:-



Digitized by Panjab Digital Library | www.panjabdigilib.org

ਤੇ ਭਾਵੇਂ ਡਿਪਟੀ ਕਮਿਸ਼ਨਰ ਨੂੰ ਜੋ ਦੀਵਾਨ ਬਹਾਦਰ ਨਰਿੰਦਰ ਨਾਥ ਦਾ ਜਵਾਈ ਸੀ, ਦੀਵਾਨ ਬਹਾਦਰ ਵਲੋਂ ਸਰ ਸੁੰਦਰ ਸਿੰਘ ਜੀ ਮਜੀਠਿਆ ਦੇ ਰਾਹੀ ਭੀ ਕਹਿਲਾਇਆ ਗਿਆ ਸੀ, ਪ੍ਰੰਤੂ ਉਹ ਕਸ਼ਮੀਰੀ ਪੰਡਤ ਸਾਬਤ ਦੁੰਬਾ ਖਾ ਜਾਣ ਵਾਲੇ ਮਲਕ ਦੇ ਮੁਕਾਬਲੇ ਵਿਚ ਦਿਲ ਦਾ ਇਤਨਾ ਕਮਜ਼ੋਰ ਸੀ ਕਿ ਉਸ ਨੇ ਨਿਗਰਾਨੀ ਮਨਜ਼ੂਰ ਕਰ ਲਈ ਅਤੇ ਸ: ਨਰੈਣ ਸਿੰਘ ਅਤੇ ਸ: ਸੌਦਾਗਰ ਸਿੰਘ ਦੋਬਾਰਾ ਮੁਲਜ਼ਮ ਕਰਾਰ ਦਿਤੇ ਗਏ ਅਤੇ ਆਪਣੇ ਦੂਜੇ ਸਾਥੀਆਂ ਸਮੇਤ ਸੈਸ਼ਨ ਸਪੁਰਦ ਹੋ ਗਏ।

ਲੰਮੇਰੀ ਉਡੀਕ ਪਿਛੋਂ ਇਹ ਮੁਕਦਮਾ ਸੈਸ਼ਨ ਜਜ ਚੌਧਰੀ ਇਹ-ਸਾਨੁਲ ਹੱਕ ਦੇ ਸਪੁਰਦ ਹੋਇਆ ਅਤੇ ਇਸ ਦੀ ਪੇਸ਼ੀ ੧੩ ਜੂਨ ੧੯੩੩ ਨੂੰ ਨਿਕਲੀ। ਸਰਕਾਰ ਪੰਜਾਬ ਇਸ ਮੁਕਦਮੇਂ ਦੀ ਨਿਰੀ ਮੁਦਈ ਹੀ ਨਹੀਂ ਸੀ ਬਲਕਿ ਮਿਸਟਰ ਗਾਰਬਟ ਉਸ ਸਮੇਂ ਦਾ ਹੋਮ ਸੈਕਟਰੀ ਜੋ ਸਿਖਾਂ ਦਾ ਖਾਸ ਕਰ ਅਕਾਲੀਆਂ ਦਾ ਕਟੜ ਵਿਰੋਧੀ ਸੀ ਇਸ ਗੱਲ ਤੇ ਤੁਲਿਆ ਹੋਇਆ ਸੀ ਕਿ ਇਸ ਮੁਕਦਮੇ ਨੂੰ ਸਿਖਾਂ ਵਾਸਤੇ ਇਕ ਮਿਸਾਲ ਬਣਾ ਦਿਤਾ ਜਾਵੇ ਅਤੇ ਇਸ ਵਿਚ ਕਾਬੂ ਆਏ ਦਸ ਗਿਆਰਾਂ ਆਦਮੀਆਂ ਨੂੰ ਫਾਹੇ ਲਗਵਾ ਕੇ ਸਿਖਾਂ ਨੂੰ ਹਮੇਸ਼ਾਂ ਲਈ ਦਬਾ ਦਿਤਾ ਜਾਏ। ਉਸ ਵਿਚਾਰੇ ਨੂੰ ਇਹ ਪਤਾ ਨਹੀਂ ਸੀ ਕਿ ਸਿਖਾਂ ਨੂੰ ਜਿਉਂ ਜਿਉਂ ਤਾਓ ਪਹੁੰਚੇ ਇਹ ਫੌਲਾਦ ਬਣਦੇ ਜਾਂਦੇ ਹਨ। ਕਿਉਂਕਿ ਇਸ ਕੇਸ ਵਿਚ ਪੰਜਾਬ ਸਰਕਾਰ ਇਕ ਧੜਾ ਬਣ ਚੁਕੀ ਸੀ ਇਸ ਲਈ ਇਸ ਗੱਲ ਦੀ ਲੋੜ ਸੀ ਕਿ ਦੂਜੇ ਵੰਨੇ ਭੀ ਕੋਈ ਏਡੀ ਵਡੀ ਤਾਕਤ ਹੀ ਟਾਕਰੇ ਲਈ ਖੜੀ ਕੀਤੀ ਜਾਵੇ। ਸਿਖਾਂ ਦੀ ਨਿਗਾਹ ਵਿਚ ਭੀ ਇਹ ਮੁਕਦਮਾ ਗੁਰਦਵਾਰਾ ਲਹਿਰ ਦਾ ਇਕ ਸਿਰੇ ਦਾ ਕੇਸ ਸੀ, ਨਾ ਕੇਵਲ ਨਨਕਾਣਾ ਸਾਹਿਬ ਦੀਆਂ ਹਜ਼ਾਰਾਂ ਘੁਮਾਵਾਂ ਅਤੇ ਸੈਂਕੜੇ ਮਕਾਨਾਂ ਦੀ ਜਾਇਦਾਦ ਹਾਸਲ ਕਰਨ ਦਾ ਹੀ ਸਵਾਲ ਸੀ ਬਲਕਿ ਗੁਰਦਵਾਰਾ ਐਕਟ ਦੇ ਹੇਠ ਆ ਚੁਕੇ ਸੈਂਕੜੇ ਗੁਰਦਵਾਰੇ ਅਤੇ ਉਨ੍ਹਾਂ



Digitized by Panjab Digital Library | www.panjabdigilib.org

ਦੀਆਂ ਕਰੋੜਾਂ ਰੁਪਿਆਂ ਦੀਆਂ ਜਾਇਦਾਦਾਂ ਤਰਾਜ਼ੂ ਤੇ ਪਲੜੇ ਵਿਚ ਤੁਲ ਰਹੀਆਂ ਸਨ ਅਤੇ ਇਸ ਮੁਕਦਮੇਂ ਦੇ ਫੈਸਲੇ ਨੇ ਉਸ ਤੱਕੜੀ ਦੇ ਇਕ ਪਲੜੇ ਵਿਚ ਪਥਰ ਵਾਂਗ ਭਾਰੂ ਹੋ ਡਿਗਣਾ ਸੀ ਇਸ ਲਾਈ ਸਿਖ ਵੀ ਇਸ ਨੂੰ ਜੀਵਨ ਅਤੇ ਮੌਤ ਦਾ ਸਵਾਲ ਸਮਝੀ ਬੈਠੇ ਸਨ ਅਤੇ ਸਭ ਦੀਆਂ ਨਿਗਾਹਾਂ ਨਨਕਾਣਾ ਸਾਹਿਬ ਅਤੇ ਮੁਕਦਮੇ ਦੀ ਪੈਰਵੀ ਤੇ ਲਗੀਆਂ ਹੋਈਆਂ ਸਨ । ਬ: ਸ: ਬੂਟਾ ਸਿੰਘ ਅਤੇ ਸ: ਬ: ਸ. ਮਹਿਤਾਬ ਸਿੰਘ-ਨਨਕਾਣਾ ਸਾਹਿਬ ਕਮੇਟੀ ਦੇ ਪੁਰਾਣੇ ਤੇ ਨਵੇਂ ਪਰਧਾਨ ਅਤੇ ਸ: ਵਰਿਆਮ ਸਿੰਘ ਗਰਮੂਲਾ ਮੈਂਬਰ ਇਨਚਾਰਜ ਦੇ ਸਿਰ ਇਸ ਦੀ ਜ਼ਿਮੇਵਾਰੀ ਸੀ । ਜਿਥੋਂ ਤਕ ਇਸ ਮੁਕਦਮੇ ਦਾ ਸਬੰਧ ਸੀ ਕੀ ਸਰਕਾਰੀ ਤੇ ਕੀ ਸਰਕਾਰ ਵਿਰੋਧੀ ਸਿਖ ਸਭ ਇਕ ਮੁਠ ਸਨ। ਇਸ ਸਬੰਧੀ ਕਈ ਗੁਪਤ ਵੀਚਾਰਾਂ ਹੋਈਆਂ ਅਤੇ ਅਖੀਰ ਗਿਆਨੀ ਸ਼ੇਰ ਸਿੰਘ ਅਤੇ ਸ: ਕਰਤਾਰ ਸਿੰਘ ਦੀਵਾਨਾ ਤੇ ਸ: ਵਰਿਆਮ ਸਿੰਘ ਗਰਮੂਲਾ ਦੇ ਸਪੁਰਦ ਹੋਇਆ ਕਿ ਉਹ ਇਸ ਬਾਰੇ ਮਹਾਰਾਜਾ ਸਾਹਿਬ ਪਟਿਆਲਾ ਭੂਪਿੰਦਰ ਸਿੰਘ ਪਾਸੋਂ ਸਹਾਇਤਾ ਹਾਸਲ ਕਰਨ । ਚੁਨਾਂਚਿ ਇਹ ਤਿੰਨ ਸਜਨ ਪਟਿਆਲੇ ਗਏ ਅਤੇ ਇਥੋਂ ਚੈਲ ਪੁਜੇ ਅਤੇ ਮਹਾਰਾਜਾ ਸਾਹਿਬ ਨੂੰ ਇਸ ਪੰਥਕ ਓਕੜ ਦੀ ਅਤੇ ਅਕਾਲੀ ਜਰਨੈਲ ਦੇ ਫੜੇ ਜਾਣ ਦੀ ਗੱਲ ਸੁਣਾ ਕੇ ਇਸ ਦੇ ਹੱਲ ਵਾਸਤੇ ਬੇਨਤੀ ਕੀਤੀ। ਇਹ ਸਿਖ ਹਿਰਦਾ ਰਖਣ ਵਾਲੇ ਮਹਾਰਾਜਾ ਸਾਹਿਬ ਨੂੰ ਪਤਾ ਲਗਾ ਕਿ ਮੁਕਦਮੇਂ ਦੀ ਸੁਣਾਈ ਉਨ੍ਹਾਂ ਦੀ ਕਰਿਕਟ ਟੀਮ ਦੇ ਖਿਲਾੜੀ ਚੌਧਰੀ ਇਹ-ਸਾਨੁਲ ਹੱਕ ਦੇ ਸਪੁਰਦ ਹੈ ਬਸ ਫਿਰ ਕੀ ਸੀ, ਸ: ਅਰਜਨ ਸ਼ਾਹ ਸਿੰਘ ਜੀ ਜਜ ਹਾਈ ਕੋਰਟ ਪਟਿਆਲਾ ਨੂੰ ਬੁਲਾਇਆ ਗਿਆ ਅਤੇ ਉਸ ਦੇ ਸਪੁਰਦ ਇਹ ਗਲ ਕੀਤੀ ਗਈ। ਸ: ਅਰਜਨ ਸ਼ਾਹ ਸਿੰਘ ਹੋਰੀਂ ਲਾਇਲ ਪੁਰ ਪੁਜੇ। ਚੌਧਰੀ ਇਹ-ਸਾਨੁਲ ਹੱਕ ਦੀ ਕੋਠੀ ਸ: ਅਰਜਨ ਸ਼ਾਹ ਸਿੰਘ ਦਾ ਬੇਖਬਰੇ ਪੁਜਣਾ ਮਾਮੂਲੀ ਗੱਲ ਨਹੀਂ ਸੀ। ਚੌਧਰੀ ਸਾਹਿਬ ਦੇ ਪੁਛਣ



Digitized by Panjab Digital Library | www.panjabdigilib.org

ਤੇ ਆਪ ਨੇ ਮਹਾਰਾਜ ਦਾ ਹੁਕਮ ਸੁਣਾਇਆ ਅਤੇ ਕਿਹਾ ਕਿ ਇਹ ਹੁਕਮ ਹੈ, ਕਿ ਸ: ਕਰਤਾਰ ਸਿੰਘ ਝੱਬਰ ਤੇ ਇਸ ਮੁਕਦਮੇਂ ਦੇ ਬਾਕੀ ਦੇ ਮੁਲਾਜ਼ਮ ਸਾਰੇ ਬਰੀ ਕਰਨੇ ਹਨ। ਚੌਧਰੀ ਸਾਹਿਬ ਨੂੰ ਮੁਕਦਮੇਂ ਦੀ ਮਹੱਤਤਾ ਅਤੇ ਮਿ: ਗਾਰਬਟ ਦੇ ਵਿਚਾਰਾਂ ਦਾ ਭਲੀ ਭਾਂਤ ਪਤਾ ਸੀ ਪਰ ਆਪ ਨੇ ਥੋੜੀ ਸੋਚ ਪਿਛੋਂ ਦਲੇਰੀ ਨਾਲ ਉਤਰ ਦਿਤਾ ਕਿ ਜੇ ਮਹਾਰਾਜ ਦਾ ਇਹ ਹੁਕਮ ਹੈ ਤਾਂ ਇਸ ਦੀ ਤਾਮੀਲ ਹੋਵੇਗੀ। ਸ: ਅਰਜਨ ਸ਼ਾਹ ਸਿੰਘ ਹੋਰੀਂ ਪਿਛਲੇ ਪੈਰੀਂ ਵਾਪਸ ਪਰਤੇ ਅਤੇ ਮਹਾਰਾਜ ਨੂੰ ਚੌਧਰੀ ਸਾਹਿਬ ਦੀ ਨਮਸਕਾਰ ਪੇਸ਼ ਕਰਦੇ ਹੋਏ ਹੁਕਮ ਦੀ ਤਾਮੀਲ ਕੀਤੇ ਜਾਣ ਦਾ ਸੁਨੇਹਾ ਦਿਤਾ।

੧੩ ਜੂਨ ਦਾ ਦਿਨ ਆਇਆ, ਨਾ ਕੇਵਲ ਦੋਸ਼ੀਆਂ ਦੇ ਦਿਲ ਬਲਕਿ ਉਨਾਂ ਦੇ ਸੈਂਕੜੇ ਸਨਬੰਧੀਆਂ ਅਤੇ ਹਜ਼ਾਰਾਂ ਸਿਖਾਂ ਦੇ ਦਿਲਾਂ ਦੀ ਦਸ਼ਾ ਵੇਖਣ ਯੋਗ ਸੀ। ਵਿਰੋਧੀ ਗਵਾਹਾਂ ਦਾ ਇਕ ੨ ਸ਼ਬਦ ਦਾਵੇ ਨੂੰ ਹਿਸਾਉਣ ਅਤੇ ਉਨਾਂ ਦੀਆਂ ਆਸਾਂ ਦਾ ਲੱਕ ਤੋੜਨ ਹਾਰਾ ਸੀ। ਕੋਈ ਨਹੀਂ ਕਹਿੰਦਾ ਸੀ ਕਿ ਏਹੋ ਜਿਹੀਆਂ ਨਿਗਰ ਗਵਾਹੀਆਂ ਦੇ ਹੁੰਦਿਆਂ ਹੋਇਆਂ ਅਤੇ ਮਕਤੂਲ ਦੇ ਬਿਆਨ ਦੇ ਸਾਹਮਣੇ ਇਨ੍ਹਾਂ ਦੋਸ਼ੀਆਂ ਨੂੰ ਜੋ ਵਾਸਤਵ ਵਿਚ ਬਿਸ਼ਨੇ ਦੇ ਕਤਲ ਲਈ ਉਕਾ ਹੀ ਜ਼ਿਮੇਵਾਰ ਨਹੀਂ ਸਨ ਅਤੇ ਬੇਦੋਸੇ ਹੀ ਫਾਂਸੀ ਦੇ ਤਖਤੇ ਤੇ ਚੜ੍ਹਾਏ ਜਾ ਰਹੇ ਸਨ-ਇਨ੍ਹਾਂ ਨੂੰ ਕੋਈ ਬਰੀ ਕਰ ਦੇਵੇਗਾ ਚੌਧਰੀ ਇਹਸਾਨੁਲ ਹੱਕ ਦੇ ਦਿਲ ਅੰਦਰ ਇਕ ਅਦੁਤੀ ਘੋਲ ਘੁਲਿਆ ਜਾ ਰਿਹਾ ਸ ਇਕ ਪਾਸੇ ਗਵਾਹਾਂ ਦੇ ਬਿਆਨ, ਕਤਲ ਦੀ ਅਹਿਮੀਅਤ ਸਰਕਾਰ ਪੰਜਾਬ ਦੀ ਮਣਸ਼ਾ ਅਤੇ ਹੋਮ ਸਕੱਤਰ ਦਾ ਡੰਡਾ ਹੈ ਦੂਜੇ ਵੰਨੇ ਆਪਨੇ ਪਿਆਰੇ ਮਹਾਰਾਜ ਦਾ ਨਾ-ਫੇਰਿਆ ਜਾਣ ਵਾਲਾ ਹੁਕਮ ਹੈ, ਕਰੇ ਤਾਂ ਕੀ ਕਰੇ? ੧੩ ਤੋਂ ੧੬ ਜੂਨ ਤਕ ਮੁਕਦਮਾਂ ਸੁਣਿਆ ਜਾਂਦਾ ਰਿਹਾ, ਵਕੀਲਾਂ ਦੀ ਬਹਿਸ ਹੋ ਗਈ ਪਰ ਚੌਧਰੀ ਸਾਹਿਬ ਦੇ ਘੋਲ ਦਾ ਹਾਲਾਂ ਨਿਪਟਾਰਾ ਨਹੀਂ ਸੀ ਹੋਇਆ, ਆਪਨੇ ਫੈਸਲੇ ਦੀ ੧੯ ਤਰੀਕ



Digitized by Panjab Digital Library | www.panjabdigilib.org

ਪਾ ਦਿੱਤੀਾਂ।

ਸਮ ਕਦੀ ਖਲੋਂਦਾ ਨਹੀਂ-੧੯ ਤਰੀਕ ਆ ਗਈ ਸਵੇਰੇ ਦੇ ੭ ਵਜੇ ਸਨ ਮੁਲਜ਼ਮ ਹਥਕੜੀਆਂ ਲਗੇ ਅਦਾਲਤ ਵਿਚ ਲਿਆ ਖੜੇ ਕੀਤੇ ਗਏ। ਚੌਧਰੀ ਸਾਹਿਬ ਅਦਾਲਤ ਦੀ ਕੁਰਸੀ ਤੇ ਬੈਠੇ ਸਨ ਅਤੇ ਕੁਝ ਲਿਖੀ ਜਾ ਰਹੇ ਸਨ, ਪਬਲਿਕ ਹਜ਼ਾਰਾਂ ਦੀ ਗਿਣਤੀ ਵਿਚ ਕਮਰੇ ਦੇ ਅੰਦਰ ਬਾਹਰ ਖੜੀ ਤਕ ਰਹੀ ਸੀ ਕਿ ਕੁਰਸੀ ਤੋਂ ਆਵਾਜ਼ ਨਿਕਲਦੀ ਹੈ, ਅਖੀਰ ਚੌਧਰੀ ਸਾਹਿਬ ਨੇ ਸਿਰ ਚੁਕ ਮੁਲਜ਼ਮਾਂ ਵਲ ਤਕਿਆ ਅਤੇ ਬੜੇ ਅੰਦਾਜ਼ ਜੇਹੇ ਨਾਲ ਹਥ ਨਾਲ ਇਸ਼ਾਰਾ ਕਰਦੇ ਹੋਏ ਸਹਿਜੇ ਜੇਹੇ ਕਹਿ ਦਿਤਾ, "ਛੋੜ ਦੋ" ਇਹ ਦੋ ਸ਼ਬਦ ਕੀ ਸਨ ਇਕ ਬਿਜਲੀ ਦੀ ਰੌ ਸੀ ਜੋ ਅਖ ਝਮਕਾਰੇ ਵਿਚ ਹਜ਼ਾਰਾਂ ਲੋਕਾਂ ਦੀ ਨਹੀਂ ਬਲਕਿ ਸਮੂਹ ਅਦਾਲਤਾਂ, ਹਵਾਲਾਤ ਅਤੇ ਸ਼ਹਿਰ ਵਿਚ ਫੈਲ ਗਈ। ਸਿਪਾਹੀਆ ਨੇ ਤਤਕਾਲ ਹਥਕੜੀਆਂ ਖੋਹਲ ਦਿਤੀਆਂ ਅਤੇ ਸਾਡੇ ਅਕਾਲੀ ਜਰਨੈਲ ਅਤੇ ਇਨ੍ਹਾਂ ਦੇ ਨੌ ਸਾਥੀ, ਕਾਤਲ ਬਣ, ਪੰਜ ਮਹੀਨੇ ਅਤੇ ਪੰਜ ਦਿਨ ਜੇਲ ਦੀਆਂ ਸੀਖਾਂ ਪਿਛੇ ਰਹਿਣ ਉਪ੍ਰੰਤ ਮੁੜ ਅਜ਼ਾਦ ਕੀਤੇ ਗਏ।

## ਝਟਕੇ ਦੀ ਕਾਨਫ੍ਰੰਸ

ਇਹ ਕਾਨਫ੍ਰੰਸ ਜ਼ਿਲਾ ਸ਼ੇਖੂਪੁਰਾ ਪਿੰਡ ਜੰਡਲਾ ਸ਼ੇਰ ਖਾਂ ਵਿਖੇ ਅਕਾਲੀ ਦਲ ਖਰਾ ਸੌਦਾ ਬਾਰ ਵਲੋਂ ਸੰਨ ੧੯੩੫ ਵਿਚ ਹੋਈ। ਜੰਡਾਲੇ ਦੇ ਜ਼ਿਮੀਂਦਾਰ ਗੁਲਾਮ ਹੁਸੈਨ ਖੋਖਰ ਦੇ ਖੂਹ ਤੇ ਬਗਾ ਸਿੰਘ ਨਾਮੀ ਇਕ ਸਿਖ ਨੇ ਵਾਹੀ ਕੀਤੀ ਹੋਈ ਸੀ। ਬਗਾ ਸਿੰਘ ਦੇ ਘਰ ਮਹਿਮਾਨ ਆਇਆ ਤਾਂ ਇਸ ਨੇ ਕੁਕੜ ਝਟਕਾਇਆ। ਗੁਲਾਮ ਹੁਸੈਨ ਏਥੇ ਨਹੀਂ ਸੀ। ਦੂਸਰੇ ਮੁਸਲਮਾਨ ਮੁਜ਼ਾਰਿਆਂ ਨੇ ਰਿਝਦੇ ਮਾਸ ਦਾ ਪਤੀਲਾ ਰੋਹੜ ਦਿਤਾ ਤੇ ਬਗਾ ਸਿੰਘ ਨੂੰ ਧਕੇ ਮਾਰੇ ਅਤੇ ਬੁਰਾ ਭਲਾ ਆਖਿਆ। ਫਿਰ ਗਡੇ ਤੇ ਸਾਮਾਨ ਲਦਕੇ ਦੋ ਮੀਲ ਤੇ ਪਿੰਡ ਚਕ ਗੁਰਦਾਸ ਵਿਖੇ ਆਪਣੇ ਭਰਾਵਾਂ ਕੋਲ ਆ ਗਿਆ। ਜਦ



Digitized by Panjab Digital Library | www.panjabdigilib.org

ਇਹ ਗਲ ਇਥੋਂ ਦੇ ਭਾਈ ਸੁਚਾ ਸਿੰਘ ਚਕਰ ਵਾਲੇ ਸੁਣੀ ਤਾਂ ਉਸਨੇ ਝੱਬਰ ਨੂੰ ਆਦਮੀ ਘਲ ਕੇ ਆਪਨੇ ਚਕ ਮੰਗਾਇਆ। ਝੱਬਰ ਨੇ ਗੁਲਾਮ ਹੁਸੈਨ ਤੇ ਉਸਦੇ ਹੋਰ ਭਰਾਵਾਂ ਨੂੰ ਬੁਲਾਇਆ ਅਤੇ ਬਗਾ ਸਿੰਘ ਨਾਲ ਕੀਤੇ ਗਏ ਧਕੇ ਬਾਰੇ ਉਨ੍ਹਾਂ ਨੂੰ ਬਹੁਤ ਕਿਹਾ। ਅਖੀਰ ਗਲਬਾਤ ਹੋ ਕੇ ਫੈਸਲਾ ਹੋਇਆ ਕਿ ਬਗਾ ਸਿੰਘ ਦੇ ਬੀਜੇ ਹੋਏ ਕਮਾਦ ਤੇ ਕਪਾਹ ਦੀ ਫਸਲ ਦੀ ਕੀਮਤ ਬਗਾ ਸਿੰਘ ਨੂੰ ਗੁਲਾਮ ਹੁਸੈਨ ਦੇ ਦੇਵੇ। ਉਸਨੇ ਇਹ ਮੰਨ ਲਿਆ ਅਤੇ ਹਫਤੇ ਦੀ ਤ੍ਰੀਕ ਪਾਈ ਗਈ। ਝੱਬਰ ਨੀਯਤ ਤਰੀਕ ਫਿਰ ਚਕ ਗੁਰਦਾਸ ਪੁਜਾ ਪਰ ਮੁਸਲਮਾਨਾਂ ਨੂੰ ਸ਼ਰੱਈਆ ਨੇ ਮੁਕਰਾ ਦਿਤਾ ਅਤੇ ਉਹ ਨਾ ਆਏ ਤਾਂ ਝੱਬਰ ਨੇ ਜੰਡਾਲਾ ਸ਼ੇਰ ਖਾਂ ਵਿਖੇ ਝੱਟਕੇ ਦੀ ਬੇਅਦਬੀ ਦਾ ਸਵਾਲ ਸਾਹਮਣੇ ਰਖਦੇ ਹੋਏ ਇਥੇ ਇਕ ਕਾਨਫਰੰਸ ਕਰਨ ਲਈ ਇਸ਼-ਤਿਹਾਰ ਲਿਖਿਆ। ਇਹ ਸਰਦਾਰ ਖੜਕ ਸਿੰਘ ਜੀ ਜੋ ਉਸ ਸਮੇ ਪੰਥ ਦੇ ਜਥੇਦਾਰ ਸਨ ਦੀ ਪ੍ਰਧਾਨਗੀ ਵਿਚ ਹੋਣੀ ਨੀਯਤ ਹੋਈ। ਝੱਬਰ ਜੀ ਨੇ ਇਲਾਕੇ ਦੇ ਸਿੰਘਾਂ ਨੂੰ ਗੁਰੂ ਕੇ ਲੰਗਰ ਲਈ ਰਸਦਾਂ ਅਤੇ ਹਰ ਪਿੰਡ ਵਿਚੋਂ ਘਟ ਤੋਂ ਘਟ ਦੋ ਬਕਰੇ ਰਸਦ ਦੇ ਨਾਲ ਲਿਆਉਣ ਲਈ ਲਿਖਿਆ। ਦੂਰ ਨੇੜੇ ਤੋਂ ਸਿੰਘ ਪੁਜੇ। ਨਨਕਾਣਾ ਸਾਹਿਬ ਗੁਰਦੁਵਾਰੇ ਤੋਂ ਪੰਝੀ ਸਿੰਘਾਂ ਦਾ ਜਥਾ ਅਤੇ ਦੋ ਲਾਗਰੀ ਸਿੰਘ ਭੇਜੇ ਗਏ। ਇਕ ਦਿਨ ਪਹਿਲੇ ਰਸਦ ਤੇ ਪੰਜਾਹ ਬਕਰੇ ਜਮਾਂ ਹੋ ਗਏ। ਕਾਨਫ੍ਰੰਸ ਦੇ ਪਹਿਲੇ ਦਿਨ ੨੫ ਬਕਰੇ ਝਟਕਾਏ ਗਏ ਤੇ ੨੫ ਦੂਸਰੇ ਦਿਨ। ਚਕ ਗੁਰਦਾਸ ਵਾਲੀ ਝਾਲ, ਜੋ ਜੰਡਾਲੇ ਤੋਂ ਦੋ ਮੀਲ ਹੈ, ਤੋਂ ਸ: ਖੜਕ ਸਿੰਘ ਜੀ ਪ੍ਰਧਾਨ ਦਾ ਜਲੂਸ ਸ਼ੁਰੂ ਹੋਇਆ ਜਿਸ ਵਿਚ ੨੦੦੦ ਸਿੰਘਾਂ ਦੇ ਹਥਾਂ ਵਿਚ ਬਰਛੇ ਸੀ ਅਤੇ ਉਹ ਸਭ ਤੋਂ ਮੂਹਰੇ ਮਾਰਚ ਕਰ ਰਹੇ ਸੀ। ਕੋਈ ਸਿੰਘ ਖਾਲੀ ਹਥ ਨਹੀਂ ਸੀ। ਟਕੂਏ, ਡਾਂਗਾਂ, ਬਰਛੇ ਮੋਢੇ ਤੇ ਰਖੀ ਵਾਜਿਆਂ ਤੇ ਢੋਲਾਂ ਦੀ ਗੜ ਗੜ ਨਾਲ ਜਲੂਸ ਜੰਡਾਲੇ ਕੈਂਪ ਵਿਚ ਪੁਜਾ। ਕੁਝ ਬਰਛਿਆਂ ਵਾਲੇ ਸਿੰਘ



Digitized by Panjab Digital Library | www.panjabdigilib.org

ਗੁਰਦੁਆਰੇ ਜਾ ਟਿਕੇ ; ਏਥੇ ਕੋਲ ਮਸੀਤ ਭੀ ਸੀ । ਇਕ ਮੁਸਲਮਾਨ ਨੇ ਪਠਾਨਾਂ ਦੀ ਪਤੀ ਜਾ ਕੇ ਆਖਿਆ ਕਿ ਸਿਖਾਂ ਨੇ ਮਸੀਤ ਢਾ ਦਿਤੀ ਹੈ । ਭਾਵੇਂ ਇਹ ਕੋਰਾ ਝੂਠ ਸੀ ਪਰ ਇਸ ਤੇ ਮੁਸਲਮਾਨ ਭੜਕ ਪਏ ਅਤੇ ਸੋਟੇ ਲਕੜਾਂ ਲੈ ਕੇ ਆਏ । ਕਿਸੇ ਸ਼ਰਾਰਤੀ ਨੇ ਬੰਦੂਕ ਦਾ ਫਾਇਰ ਕਰ ਦਿਤਾ ਜਿਸ ਦੇ ਕੁਝ ਛਰੇ ਇਕ ਸਿਖ ਨੂੰ ਜਾ ਲਗੇ । ਸਿੰਘਾਂ ਨੂੰ ਜੋਸ਼ ਆ ਗਿਆ, ਇਹਨਾਂ ਨੇ ਉਸੇ ਵੇਲੇ ਪੰਜ ਮੁਸਲਮਾਨ ਕਤਲ ਕਰ ਦਿਤੇ । ਕਾਲੋਂ ਕਿਆਂ ਦਾ ਇਕ ਹਿੰਦੂ ਨਾਈ ਸੀ ਜਿਸਨੇ ਅੱਲੀ ਅੱਲੀ ਦਾ ਨਾਹਰਾ ਮਾਰਿਆ । ਇਸ ਨੂੰ ਵੀ ਥਾਂ ਰਖਿਆ । ਝਟਕੇ ਦੀ ਬੇਅਦਬੀ ਤੋਂ ਛੀ ਕਤਲ ਹੋਏ । ਪੁਲਿਸ ਪਹੁੰਚ ਗਈ, ਲੜਾਈ ਬੰਦ ਹੋ ਗਈ । ਫਿਰ ਦੀਵਾਨ ਲਗ ਗਿਆ । ਰਾਤ ਨੂੰ ਦਿਵਾਨ ਤੋਂ ਦੋ ਪੈਲੀਆਂ ਦੀ ਵਿਥ ਤੇ ਸਿੰਘਾਂ ਨੇ ਕਮੇਟੀ ਕੀਤੀ । ਮੱਤਾ ਇਹ ਕੀਤਾ ਕਿ ਏਥੇ ਜੰਡਾਲੇ ਵਾਲਿਆ ਬਾਹਰੋਂ ਮੁਸਲਮਾਨ ਮੰਗਾਏ ਹੋਏ ਹਨ ਤੇ ਹੁਣ ਉਹਨਾਂ ਰਾਤ ਨੂੰ ਨਸ ਕੇ ਘਰੀਂ ਜਾਣਾ ਹੈ । ਇਹਨਾਂ ਦੇ ਰਾਹ ਮਲ ਕੇ ਬਹਿ ਜਾਓ । ਜਿਹੜਾ ਮਿਲੇ ਸਭ ਕਤਲ ਕਰ ਦਿਓ । ਝੱਬਰ ਨੂੰ ਇਹ ਖਬਰ ਬਲਵੰਤ ਸਿੰਘ ਮਿਰਜੇ ਵਾਲੇ ਨੇ ਦੀਵਾਨ ਵਿਚ ਆ ਕੇ ਦਸੀ ਤਾਂ ਝੱਬਰ ਨੇ ਦੁਰਲੀ ਸਿੰਘਾਂ ਦੀ ਮੀਟਿੰਗ ਵਿਚ ਪੁਜ ਕੇ ਸਮਝਾਇਆ ਕਿ ਏਥੇ ਜਿਨੀਆ ਵਾਰਦਾਤਾਂ ਹੋਣਗੀਆਂ ਸਾਡੇ ਮੇਲੇ ਦੀ ਬਦਨਾਮੀ ਹੋਵੇਗੀ, ਤੁਸੀਂ ਸਾਰੇ ਵਾਪਿਸ ਚਲੇ ਜਾਓ ਤੇ ਭਲਕੇ ਗਠਾਂ ਬੰਨ੍ਹ ਕੇ ਦੀਵਾਨ ਵਿਚ ਆਓ । ਅਗਲੇ ਭਲਕ ਲੋਕੀ ਪਿੰਡਾਂ ਵਿਚੋਂ ਢੋਲ ਮਾਰ ਕੇ ਆਏ ਅਤੇ ਬੜੀ ਕਾਮਯਾਬੀ ਨਾਲ ਕਾਨਫਰੰਸ ਖਤਮ ਹੋਈ । ਅਖਬਾਰ ਵਿਚ ਜੰਡਿਆਲੇ ਵਿਚ ਮੁਸਲਮਾਨਾਂ ਦਾ ਕਤਲ ਪੜ੍ਹ ਕੇ ਰਾਜਾ ਗ਼ਜ਼ਨਫਰ ਅਲੀ ਜੋ ਪੰਜਾਬ ਕੌਂਸਲ ਦਾ ਮੈਂਬਰ ਸੀ ਮੌਕੇ ਤੇ ਆਇਆ । ਉਸ ਨੇ ਲਿਖਿਆ ਕਿ ਸਿਖਾਂ ਦਾ ਵਾਧਾ ਹੈ । ਪੁਲਿਸ ਨੇ ਦੋਨੋਂ ਧੜਿਆਂ ਦੇ ਆਦਮੀ ਗਰਿਫਤਾਰ ਕੀਤੇ । ਦਸ ਅਕਾਲੀ ਲੀਡਰਾਂ ਦੀ ਗਰਿਫਤਾਰੀ ਦੀ ਮਨਜ਼ੂਰੀ ਵਾਸਤੇ ਡਿਪਟੀ ਕਮਿਸ਼ਨਰ ਨੇ ਵਜ਼ੀਰ



Digitized by Panjab Digital Library | www.panjabdigilib.org

ਆਜ਼ਮ ਸਰ ਸਿਕੰਦਰ ਹਯਾਤ ਨੂੰ ਲਿਖਿਆ। ਇਸ ਵਿਚ ਪਹਿਲਾ ਨਾਮ ਝੱਬਰ ਜੀ ਦਾ ਸੀ। ਇਸ ਆਰਡਰ ਤੇ ਸਰਦਾਰ ਸੁੰਦਰ ਸਿੰਘ ਮਜੀਠੀਏ ਦੇ ਦਸਖਤ ਭੀ ਹੋਣੇ ਸਨ ਪਰ ਝੱਬਰ ਦਾ ਨਾਮ ਪੜ੍ਹ ਕੇ ਮਜੀਠਾ ਜੀ ਨੇ ਦਸਖਤ ਨ ਕੀਤੇ ਅਤੇ ਝੱਬਰ ਨੂੰ ਸ਼ਿਮਲੇ ਬੁਲਾਇਆ। ਝੱਬਰ ਸ਼ਿਮਲੇ ਮਜੀਠਾ ਹਾਊਸ ਵਿਚ ਪੁਜਾ ਤਾਂ ਸਰਦਾਰ ਸਾਹਿਬ ਨੇ ਜੰਡਾਲੇ ਸ਼ੇਰ ਖਾਂ ਦੇ ਹ ਦਸੇ ਦੀ ਬਾਬਤ ਪੁਛਿਆ। ਉਤਰ ਵਿਚ ਝੱਬਰ ਜੀ ਨੇ ਸਾਰੀ ਕਹਾਣੀ ਸੁਣਾਈ। ਜਿਸ ਵੇਲੇ ਪੰਜਾਹ ਬਕਰੇ ਲੰਗਰ ਵਿਚ ਝਟਕਾਏ ਦਸਿਆ ਤਾਂ ਸਰਦਾਰ ਸਾਹਿਬ ਹਸ ਪਏ ਅਤੇ ਆਖਿਆ ਕਿ ਤੁਸੀਂ ਏਥੇ ਹੀ ਟਿਕੇ ਰਹੋ ਤੁਹਾਨੂੰ ਸਰ ਸਿਕੰਦਰ ਬੁਲਾਏਗਾ ਤੁਸੀਂ ਏਸੇ ਤਰ੍ਹਾਂ ਸਾਰੀ ਕਹਾਣੀ ਉਸ ਨੂੰ ਸੁਣਾ ਦੇਣੀ। ਇਕ ਵਜੇ ਮਜੀਠਾ ਹਾਊਸ ਵਿਚ ਝੱਬਰ ਨੂੰ ਟੈਲੀਫੂਨ ਆਇਆ ਤਾਂ ਝੱਬਰ ਵਜ਼ੀਰ ਆਜ਼ਮ ਸਾਹਿਬ ਦੇ ਕਮਰੇ ਵਿਚ ਪਹੁੰਚ ਗਿਆ ਤੇ ਸਤਿ ਸ੍ਰੀ ਅਕਾਲ ਬੁਲਾ ਕੇ ਕੁਰਸੀ ਤੇ ਬੈਠ ਗਿਆ ਤਾਂ ਖਾਂ ਸਾਹਿਬ ਨੇ ਕਿਹਾ, "ਝੱਬਰ ਜੀ ਜੰਡਾਲੇ ਸ਼ੇਰ ਖਾਂ ਵਿਚ ਝਗੜਾ ਕਿਵੇਂ ਹੋਇਆ ਹੈ।" ਉਤਰ ਵਿਚ ਝੱਬਰ ਜੀ ਨੇ ਬੱਗਾ ਸਿੰਘ ਦਾ ਝਟਕੇ ਦੀ ਬੇਅਦਬੀ ਹੋਣ ਤੋਂ ਲੈ ਕੇ ਸਾਰੀ ਕਹਾਣੀ ਸੁਣਾਈ। ਜਿਸ ਵੇਲੇ ਇਹ ਗਲ ਆਖੀ ਕਿ ਅਸਾਂ ਲੰਗਰ ਵਿਚ ਪੰਜਾਹ ਬਕਰੇ ਝਟਕਾਏ ਤਾਂ ਵਜ਼ੀਰ ਆਜ਼ਮ ਸਾਹਿਬ ਥੋੜਾ ਜਿਹਾ ਜੋਸ਼ ਵਿਚ ਆ ਗਏ ਤੇ ਆਖਿਆ "ਜੇ ਮੁਸਲਮਾਨ ਉਥੇ ਗਾਂ ਚਾ ਮਾਰਦੇ?" ਤਾਂ ਝੱਬਰ ਨੇ ਆਖਿਆ, "ਅਸੀਂ ਸੂਰ ਚਾ ਮਾਰਦੇ।" ਸਿਕੰਦਰ ਸਾਹਿਬ ਨੇ ਕਿਹਾ ਕਿਉਂ। ਤਾਂ ਝੱਬਰ ਨੇ ਆਖਿਆ, "ਖਾਂ ਸਾਹਿਬ ਏਥੇ ਗਾਂ ਤੇ ਸੂਰ ਦੇ ਝਗੜੇ ਦੀ ਲੋੜ ਨਹੀਂ ਜੇ ਮੁਸਲਮਾਨ ਹਲਾਲ ਕਰ ਸਕਦਾ ਹੈ ਤਾਂ ਸਿਖ ਕਿਉਂ ਝਟਕਾ ਨਹੀਂ ਕਰ ਸਕਦਾ?" ਖਾਂ ਸਾਹਿਬ ਥੋੜੇ ਜਹੇ ਮੁਸਕਰਾਏ ਤੇ ਮੁਲਾਕਾਤ ਖਤਮ ਹੋ ਗਈ।

ਕਾਲੋ ਕੇ ਪਾਲਾ ਸਿੰਘ ਅਨੋਖ ਸਿੰਘ ਜਥੇਦਾਰ ਅਤੇ ਸੁੰਦਰ ਸਿੰਘ ਉਜਾਗਰ ਸਿੰਘ ਕੜਿਆਲੀਆਂ ਨੂੰ



Digitized by Panjab Digital Library | www.panjabdigilib.org

ਜਿਹੜੇ ਪੁਲਿਸ ਨੇ ਸਿਖਾਂ ਦੇ ਖਿਲਾਫ ਗਵਾਹ ਬਣਾਏ ਸਨ ਸਾਰੇ ਰਸੂਖ ਨਾਲ ਬਿਠਾ ਲਏ ਗਏ। ਉਧਰ ਵਜ਼ੀਰ ਆਜ਼ਮ ਸਾਹਿਬ ਸਿਕੰਦਰ ਹਯਾਤ ਜੀ ਨੇ ਡਿਪਟੀ ਕਮਿਸ਼ਨਰ ਨੂੰ ਲਿਖਿਆ ਕਿ ਜੰਡਾਲੇ ਵਾਲੇ ਝਗੜੇ ਦੀ ਸੁਲਾਹ ਕਰਾ ਦਿਉ ਤਾਂ ਝੱਬਰ ਨੂੰ ਸ਼ੇਖ ਕਰਾਮਤ ਵਕੀਲ ਦੀ ਰਾਹੀਂ ਡਿਪਟੀ ਕਮਿਸ਼ਨਰ ਸ਼ੇਖ ਨੂਰ ਮਹੰਮਤ ਨੇ ਕੋਠੀ ਬੁਲਾਇਆ ਤਾਂ ਝੱਬਰ ਨੇ ਆਖਿਆ ਸੁਲਾਹ ਜੰਡ ਲੇ ਸ਼ੇਰ ਖਾਂ ਬੈਠ ਕੇ ਹੋਣੀ ਚਾਹੀਦੀ ਹੈ। ਉਸ ਨੇ ਹੋਰ ਸਿੰਘਾਂ ਨੂੰ ਤੇ ਮੁਸਲਮਾਨਾਂ ਨੂੰ ਬੁਲਾ ਕੇ ਸੁਲਾਹ ਕਰਾ ਦਿਤੀ ਅਤੇ ਦੋਹਾਂ ਧਿਰਾਂ ਦੇ ਮੁਜਰਿਮ ਬਰੀ ਹੋ ਕੇ ਘਰੀ ਚਲੇ ਗਏ।

ਇਸ ਹਾਦਸੇ ਵਿਚ ਵੀ ਕਤਲ ਹੋਏ ਪਰ ਕਿਸੇ ਦਾ ਵਾਲ ਵਿੰਗਾ ਤਕ ਨ ਹੋਇਆ। ਇਸ ਸਾਰੀ ਕਾਮਯਾਬੀ ਦਾ ਸਿਹਰਾ ਸ੍ਰਦਾਰ ਪ੍ਰਤਾਪ ਸਿੰਘ ਜੀ ਮੋਗੇ ਵਾਲੇ ਡਿਪਟੀ ਸੁਪਰਿਟੈਂਡੈਂਟ ਪੁਲਿਸ ਸ਼ੇਖੂਪੁਰਾ ਜੋ ਮੁਕਦਮੇ ਦੇ ਇਨਚਾਰਜ ਸੀ ਅਤੇ ਸ੍ਰਦਾਰ ਸੁੰਦਰ ਸਿੰਘ ਜੀ ਮਜੀਠਿਆ ਦੇ ਸਿਰ ਹੈ ਜਿਨ੍ਹਾਂ ਨੇ ਸਰ ਸਿਕੰਦਰ ਵਜ਼ੀਰ ਆਜ਼ਮ ਨੂੰ ਆਪਣੇ ਰੋਹਬ ਅਤੇ ਰਸੂਕ ਨਾਲ ਠੰਡੇ ਕਰ ਦਿਤਾ। ਇਹ ਇਹਨਾ ਦੋਨੋ ਸਿਖ ਸ੍ਰਦਾਰਾਂ ਦਾ ਸਿਖੀ ਪਿਆਰ ਦਾ ਨਤੀਜਾ ਸੀ।

## ਅਕਾਲੀ ਦਲ ਖਰਾ ਸੌਦਾ ਬਾਰ ਦੇ ਜਾਨਬਾਜ਼ ਬਹਾਦਰਾਂ ਦਾ ਇਕ ਅਦੁਤੀ ਕਾਰਨਾਮਾ

ਜ਼ਿਲਾ ਕੈਂਬਲ ਪੁਰ ਦੀ ਤਹਿਸੀਲ ਫਤਿਹਜੰਗ ਵਿਖੇ ੮੪ ਪਿੰਡਾਂ ਦੀ ਇਕ ਛੋਟੀ ਜੇਹੀ ਰਿਆਸਤ ਕੋਟ ਫਤਿਹ ਖਾਂਨ ਉਰਫ ਕੋਟ ਭਾਈ ਥਾਨ ਸਿੰਘ ਦੇ ਨਾਮ ਨਾਲ ਪ੍ਰਸਿਧ ਹੈ। ਕੋਟ ਫਤਿਹ ਖਾਂਨ ਦੇ ਲਾਗੇ ਹੀ ਨਿਰਮਲੇ ਸਿੰਘ ਭਾਈ ਥਾਨ ਸਿੰਘ ਦੀ ਡੇਹਰੀ ਹੈ ਅਤੇ ਇਕ ਗੁਰਦਵਾਰਾ ਹੈ। ਇਸ ਦੇ ਨਾਲ ਤਾਹ ਏਕੜ ਜ਼ਮੀਨ ਦੀ ਮਲਕੀ ਸੀ ਅਤੇ ਦੋ ਪਿੰਡਾਂ ਦੀ ਜਾਗੀਰ ਇਸ ਗੁਰਦਵਾਰੇ ਦੇ ਨਾਮ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਲਗਾਈ ਹੋਈ ਸੀ। ਇਥੇ ਵਿਸਾਖੀ ਅਤੇ ਸ਼ਰਾਧਾਂ ਦੇ ਸਮੇਂ ਦੋ ਵਡੇ ਮੇਲੇ ਲਗਦੇ ਸਨ। ਇਨ੍ਹਾਂ ਤੇ ਰਾਵਲਪਿੰਡੀ ਤੇ



Digitized by Panjab Digital Library | www.panjabdigilib.org

ਪਿਸ਼ਾਵਰ ਤਕ ਸਾਰੀ ਸਰਹਦ ਦੀ ਸਿਖ ਸੰਗਤ ਜੁੜਦੀ ਸੀ ਅਤੇ ਇਸ ਤਰ੍ਹਾਂ ਇਸ ਗੁਰਦਵਾਰੇ ਨੂੰ ਲਖ ਡੇਢ ਲਖ ਰੁਪਏ ਦੀ ਸਾਲਾਨਾ ਆਮਦਨ ਹੋ ਜਾਂਦੀ ਸੀ। ਇਥੋਂ ਦੇ ਵਡੇ ਨਵਾਬ ਇਸ ਡੇਹਰੀ ਦੇ ਬੜੇ ਸ਼ਰਧਾਲੂ ਸਨ ਅਤੇ ਰਵਾਇਤ ਹੈ ਕਿ ਜਦੋਂ ਇਸ ਰਿਆਸਤ ਦੇ ਨਵਾਬ ਸਰ ਫਰਾਜ਼ ਖਾਂ ਪਿੰਡੀ ਘੇਬ ਦੇ ਘੇਬੇ ਗਰਿਫਤਾਰ ਕਰ ਕੇ ਲੈ ਗਏ ਅਤੇ ਕੈਦ ਕਰ ਦਿਤਾ ਤਾਂ ਨਵਾਬ ਸਾਹਿਬ ਨੇ ਬੜੇ ਪੀਰ ਫਕੀਰ ਮਨਾਏ ਪਰ ਕੋਈ ਨ ਬਾਹੁੜਿਆ, ਅਖੀਰ ਉਸ ਨੇ ਭਾਈ ਥਾਨ ਸਿੰਘ ਦੀ ਅਰਾਧਨਾ ਕੀਤੀ ਜਿਸ ਤੇ ਇਸ ਨੂੰ ਆਵਾਜ਼ ਆਈ "ਉਠ ਵੰਞ ਓ ਸਰ ਫਰਾਜ਼, ਉਠ ਘਰ ਵੰਞ" ਹੈਰਾਨ ਹੋ ਕੇ ਇਸ ਨੇ ਵੇਖਿਆ ਤਾਂ ਕੋਠੜੀ ਦਾ ਬੂਹਾ ਖੁਲਾ ਸੀ ਉਹ ਨਿਕਲ ਕੇ ਦੌੜ ਗਿਆ ਅਤੇ ਆਪਣੇ ਘਰ ਪਹੁੰਚ ਗਿਆ। ਜਿਸ ਤੋਂ ਇਸ ਘਰਾਣੇ ਦੀ ਭਾਈ ਥਾਨ ਸਿੰਘ ਤੇ ਸ਼ਰਧਾ ਬਹੁਤ ਵਧੀ ਅਤੇ ਇਥੋਂ ਦੇ ਨਵਾਬ ਪੁਸ਼ਤ ਦਰ ਪੁਸ਼ਤ ਇਸ ਅਸਥਾਨ ਦੀ ਬੜੀ ਮਾਨਤਾ ਕਰਦੇ ਰਹੇ। ਪਰੰਤੂ ਜਿਸ ਸਮੇਂ ਦਾ ਅਸੀਂ ਜ਼ਿਕਰ ਕਰਦੇ ਹਾਂ ਇਥੋਂ ਦੇ ਨਵਾਬ ਮਹੰਮਦ ਨਿਵਾਜ਼, ਜੋ ਇੰਗਲੈਂਡ ਤੋਂ ਵਿਦਿਆ ਹਾਸਲ ਕਰ ਕੇ ਆਇਆ ਸੀ, ਦੀ ਤ੍ਰਿਸ਼ਨਾ ਏਨੀ ਵਧੀ ਕਿ ਉਸ ਨੇ ਗੁਰਦਵਾਰੇ ਦੇ ਮਹੰਤ ਪ੍ਰਕਾਸ਼ ਅਨੰਦ ਨੂੰ ਗੁਰਦਵਾਰੇ ਦੀ ਆਮਦਨ ਦਾ ਅਧ ਹਰ ਸਾਲ ਉਸ ਨੂੰ ਦੇਣ ਲਈ ਮਜਬੂਰ ਕੀਤਾ। ਮਹੰਤ ਨੇ ਇਸ ਤੋਂ ਇਨਕਾਰ ਕਰ ਦਿਤਾ ਤਾਂ ਨਵਾਬ ਨੇ ਗੁਰਦਵਾਰੇ ਤੋਂ ਬਿਨਾਂ ਜੋ ੨੯ ਘੁਮਾ ਜ਼ਮੀਨ ਸੀ ਉਹ ਧਕੇ ਨਾਲ ਸਾਰੀ ਵਾਹ ਲਈ ਅਤੇ ਹਿੰਦੂਆਂ ਦਾ ਇਕ ਸ਼ਿਵਦੁਆਲਾ ਜੋ ਇਸੇ ਜ਼ਮੀਨ ਵਿਚ ਸੀ ਢਾਹ ਦਿਤਾ ਤੇ ਤਲਾ ਪੁਟ ਕੇ ਪੂਰ ਦਿਤਾ ਤੇ ਸਭ ਥਾਂ ਹਲ ਫੇਰ ਦਿਤੇ। ਮਹੰਤ ਨੇ ਨੈਬਲ ਪੁਰ ਨਵਾਬ ਸਾਹਿਬ ਦੇ ਉਲਟ ਦਾਹਵਾ ਕੀਤਾ ਤੇ ਇਕ ਹਿੰਦੂ ਵਕੀਲ ਕੀਤਾ। ਨਵਾਬ ਨੇ ਚੰਦ ਬਦਮਾਸ਼ਾਂ ਨੂੰ ਕੁਝ ਰੁਪੈ ਦੇ ਕੇ ਮਹੰਤ ਦੇ ਵਕੀਲ ਨੂੰ ਕਤਲ ਕਰਵਾ ਦਿਤਾ। ਵਕੀਲ ਦੇ ਕਤਲ ਵਿਚ ਨਾ ਕੋਈ ਪਰਚਾ ਹੋਇਆ ਤੇ ਨਾ ਗਰਿਫਤਾਰੀ। ਮਹੰਤ ਨਵਾਬ ਤੋਂ ਡਰ ਗਿਆ ਅਤੇ ਅਮਰਤਸਰ



Digitized by Panjab Digital Library | www.panjabdigilib.org

ਸ਼੍ਰੋਮਣੀ ਗੁ: ਕਮੇਟੀ ਪਾਸ ਪਹੁੰਚਿਆ ਅਤੇ ਆਪਣੇ ਸਾਰੇ ਹਾਲਾਤ ਦਸ ਕੇ ਕਮੇਟੀ ਨੂੰ ਕਿਹਾ ਕਿ ਗੁਰਦਵਾਰਾ ਸਾਂਭੋ ਤੇ ਮੈਨੂੰ ਰੋਟੀ ਖਾਣ ਨੂੰ ਦੇ ਦਿਓ।

ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਲੈ ਲਿਆ ਤੇ ਪਰਬੰਧ ਗੁਰਦੁਆਰਾ ਪੰਜਾ ਸਾਹਿਬ ਕਮੇਟੀ ਦੇ ਸਪੁਰਦ ਕੀਤਾ। ਅਗੋਂ ਅਸੂ ਦੇ ਮਹੀਨੇ ਸੰਨ ੧੯੩੭ ਸਰਾਧਾਂ ਦਾ ਮੇਲਾ ਆਇਆ ਤਾਂ ਪੰਜੇ ਸਾਹਿਬ ਕਮੇਟੀ ਦੀ ਮੀਟਿੰਗ ਹੋਈ ਤੇ ਕੋਟ ਭਾਈ ਥਾਨ ਸਿੰਘ ਦਾ ਮੇਲਾ ਕਰਨ ਵਾਸਤੇ ਮੁਆਮਲਾ ਪੇਸ਼ ਹੋਇਆ। ਪ੍ਰਧਾਨ ਸਾਹਿਬ ਸ: ਕਰਤਾਰ ਸਿੰਘ ਵਕੀਲ ਕੈਮਲ ਪੁਰ ਨੇ ਆਖਿਆ, "ਭਈ ਅਸਾਂ ਤਾਂ ਮੇਲਾ ਨਾ ਕਰ ਸਕਦੇ ਜੋ ਕੁਝ ਮਹੰਤ ਦੇ ਵਕੀਲ ਨਾਲ ਹੋਇਆ ਹੈ ਉਹ ਤੁਹਾਨੂੰ ਸਭ ਨੂੰ ਪਤਾ ਹੀ ਹੈ" ਸਭ ਚੁਪ ਹੋ ਗਏ ਤਾਂ ਭਾਈ ਮੂਲ ਸਿੰਘ ਮੈਂਬਰ, ਕਮੇਟੀ ਦੁਮੇਲੀ ਜ਼ਿਲਾ ਜੇਹਲਮ ਵਾਲੇ ਨੇ ਆਖਿਆ "ਤੁਸੀਂ ਖਰਚ ਪਾਸ ਕਰੋ ਤੇ ਮੇਲਾ ਮੈਂ ਕਰਸਾਂ, ਅਸੀਂ ਮੇਲਾ ਨਾ ਕਰੀਏ ਤਾਂ ਸਿਖਾਂ ਦੀ ਬਦਨਾਮੀ ਹੋਵੇਗੀ" ਪ੍ਰਧਾਨ ਸਾਹਿਬ ਨੇ ਆਖਿਆ ਮੂਲ ਸਿੰਘ ਤੂੰ ਮੇਲਾ ਕਿਵੇਂ ਕਰ ਸਕਦਾ ਹੈ ਤਾਂ ਉਤਰ ਵਿਚ ਮੂਲ ਸਿੰਘ ਨੇ ਆਖਿਆ ਮੈਂ ਝੱਬਰ ਦਾ ਜਥਾ ਮਗਵਾਂਗਾ। ਮੇਲੇ ਤੇ ਜੋ ਖਰਚ ਦਾ ਐਸਟੀਮੇਟ ਸੀ ਉਹ ਪਾਸ ਹੋ ਗਿਆ। ਭਾਈ ਮੂਲ ਸਿੰਘ ਨੇ ਝੱਬਰ ਨੂੰ ਚਿਠੀ ਲਿਖੀ ਤੇ ਨਵਾਬ ਤੇ ਮਹੰਤ ਦੇ ਸਾਰੇ ਹਾਲਾਤ ਵੀ ਚਿਠੀ ਵਿਚ ਲਿਖੇ ਤੇ ਜਥੇ ਦੀ ਮੰਗ ਕੀਤੀ। ਉਤਰ ਵਿਚ ਝੱਬਰ ਨੇ ਲਿਖ ਦਿਤਾ, "ਕਿ ਮੇਲੇ ਦਾ ਪਰਬੰਧ ਕਰਨ ਵਾਸਤੇ ਜਥਾ ਪਹੁੰਚ ਜਾਵੇਗਾ।" ਭਾਈ ਮੂਲ ਸਿੰਘ ਦੀ ਦੂਜੀ ਚਿਠੀ ਮੇਲੇ ਤੋਂ ਇਕ ਹਫਤਾ ਪਹਿਲਾਂ ਆਈ ਕਿ ਕੋਟ ਭਾਈ ਥਾਨ ਸਿੰਘ ਸਰਾਧਾਂ ਦਾ ਮੇਲਾ ਕਰਨ ਵਾਸਤੇ ਇਸ਼ਤਿਹਾਰ ਵੰਡਿਆ ਗਿਆ ਹੈ ਪਰ ਤਸੀਲਦਾਰ ਫਤੇਹ ਜੰਗ ਤੇ ਥਾਨੇਦਾਰ ਨੇ ਪਿੰਡਾਂ ਵਿਚ ਦੌਰਾ ਸ਼ੁਰੂ ਕਰ ਦਿਤਾ ਤੇ ਲੋਕਾਂ ਨੂੰ ਕਹਿਣਾ ਸ਼ੁਰੂ ਕੀਤਾ ਹੈ ਕਿ ਮੇਲੇ ਤੇ ਕੋਈ ਨਾ ਆਵੇ, ਉਥੇ ਗੋਲੀ ਚਲੇਗੀ। ਇਲਾਕੇ ਵਿਚ ਬੇ-ਦਿਲੀ ਜੇਹੀ ਪੈਦਾ ਹੋ ਗਈ ਹੈ ਤੇ ਲੋਕੀ



Digitized by Panjab Digital Library | www.panjabdigilib.org

ਸਹਿਮ ਗਏ ਹਨ ਤੁਸੀਂ ਜਥਾ ਲੈ ਕੇ ਦੋ ਦਿਨ ਪਹਿਲਾਂ ਪਹੁੰਚੋ ਤਾਂ ਰੌਣਕ ਹੋਵਗੀ' ਚੂੰਕਿ ਉਸ ਇਲਾਕੇ ਦੇ ਹਾਲਾਤ ਝੱਬਰ ਚੰਗੀ ਤਰ੍ਹਾਂ ਜਾਣਦਾ ਸੀ। ਝੱਬਰ ਜਥਾ ਲੈ ਕੇ ਦੋ ਦਿਨ ਪਹਿਲੇ ਰਾਵਲਪਿੰਡੀ ਪਹੁੰਚ ਗਿਆ। ਸਵੇਰੇ ਹੀ ਸਟੇਸ਼ਨ ਤੋਂ ੮੫ ਸਿੰਘਾਂ ਦਾ ਬਾਵਰਦੀ ਜਥਾ ਜਲੂਸ ਕਢ ਕੇ ਰਾਜਾ ਬਜ਼ਾਰ ਰਾਹੀਂ ਸਿੰਘ ਸਭਾ ਵਿਚ ਪਹੁੰਚਿਆ ਤਾਂ ਸ਼ਹਿਰ ਰਾਵਲ ਪਿੰਡੀ ਵਿਚ ਲੋਕ ਬੜੇ ਖੁਸ਼ ਹੋਏ। ਜਥੇ ਦੀ ਸੇਵਾ ਦਾ ਪ੍ਰਬੰਧ ਸਿੰਘ ਸਭਾ ਦਾ ਸੀ। ਜਥਾ ਦੋ ਦਿਨ ਇਥੇ ਠਹਿਰਿਆ। ਜਥੇ ਦੇ ਪਹੁੰਚਨ ਦੀ ਖਬਰ ਜਿਲਾ ਰਾਵਲਪਿੰਡੀ, ਕੈਂਬਲਪੁਰ ਬਲਕਿ ਸਾਰੇ ਸੂਬਾ ਸਰਹਦ ਵਿਚ ਘਰ ਘਰ ਹੋ ਗਈ ਅਤੇ ਦੂਰ ਨੇੜੇ ਤੋਂ ਸੰਗਤਾਂ ਬਹੁਤ ਗਿਣਤੀ ਵਿਚ ਸਰਾਧਾਂ ਦਾ ਮੇਲਾ ਦੇਖਣ ਕੋਟ ਭਾਈ ਥਾਨ ਸਿੰਘ ਪੁਜਨੀਆਂ ਸ਼ੁਰੂ ਹੋ ਗਈਆਂ। ਨਵਾਬ ਨੇ ਆਪਨੇ ਪਿੰਡਾਂ ਵਿਚੋਂ ਵੀਹ ਹਜ਼ਾਰ ਮੁਸਲਮਾਨ ਇਕਠਾ ਕੀਤਾ ਹੋਇਆ ਸੀ ਜਿਨ੍ਹਾਂ ਦਾ ਕੈਂਪ ਸ਼ਹਿਰ ਤੋਂ ਚੜ੍ਹਦੇ ਵੰਨੇ ਗੁਰਦਵਾਰੇ ਤੋਂ ਲਗ ਭਗ ਡੇਢ ਮੀਲ ਤੇ ਸੀ। ਇਥੇ ਇਨ੍ਹਾਂ ਲਈ ਰਾਸ਼ਨ ਤੇ ਬਕਰੇ ਤੇ ਦੁੰਬੇ ਜਮਾਂ ਕੀਤੇ ਹੋਏ ਸਨ। ਜਥਾ ਭੀ ਮੇਲੇ ਦੇ ਪਹਿਲੇ ਦਿਨ ਹੀ ਕੋਟ ਭਾਈ ਥਾਨ ਸਿੰਘ ਨੌ ਵਜੇ ਪਹੁੰਚ ਗਿਆ। ਗੁਰਦੁਆਰੇ ਦੀ ਜ਼ਮੀਨ ਵਿਚ ਸ਼ਹਿਰੋਂ ਲਹਿੰਦੇ ਵਲ ਛੋਲ ਦਾਰੀਆਂ, ਤੰਬੂ ਸ਼ਾਮਿਆਨਾ ਲਗਾ ਕੇ ਕੈਂਪ ਲਗਾ ਦਿਤਾ। ਨਵਾਬ ਤਾਂ ਜਥੇ ਦੀ ਸ਼ਕਲ ਵੇਖ ਹੀ ਨਸ ਗਿਆ ਸੀ ਅਤੇ ਜਥੇ ਦੇ ਨਾਲ ਲੜਨ ਵਾਸਤੇ ਜ਼ਰੂਰ ਹਿਦਾਇਤਾਂ ਆਦਿ ਦੇ ਗਿਆ ਸੀ। ਪੁਲੀਸ ਕਪਤਾਨ ਤੇ ਡੀ. ਸੀ. ਕੈਂਬਲ ਪੁਰ ਭੀ ਸੌ ਸਿਪਾਹੀ ਸਮੇਤ ਪੁਜੇ ਹੋਏ ਸਨ। ਰਾਤ ਤਕ ਕਾਫੀ ਰੌਣਕ ਹੋ ਗਈ। ਅਗਲੇ ਭਲਕ ਆਸਾ ਦੀ ਵਾਰ ਦਾ ਭੋਗ ਪਿਆ ਅਤੇ ਕਥਾ ਹੋ ਰਹੀ ਸੀ। ਜਥਾ ਆਪਣੇ ਤੰਬੂਆਂ ਵਿਚ ਬੈਠਾ ਸੀ ਕਿ ਇਕ ਸਿੰਘ ਨੇ ਆ ਕੇ 'ਆਖਿਆ, ਖਾਲਸਾ ਜੀ ਮੁਸਲਮਾਨ ਆ ਗਏ" ਝੱਬਰ ਨੇ ਉਠ ਕੇ ਵੇਖਿਆ ਅਗੇ ਅਗੇ ਢੋਲ ਵਜਦੇ ਆ ਰਹੇ ਸਨ ਤੇ ਪਿਛੇ ਪਿਛੇ ਹਜ਼ਾਰਾਂ ਮੁਲਮਾਨ ਹਥਿਆਰ ਬੰਦ ਹੋ ਕੇ ਆ ਰਹੇ ਸਨ।



Digitized by Panjab Digital Library | www.panjabdigilib.org

ਝੱਬਰ ਨੇ ਜਥੇ ਨੂੰ ਤਿਆਰੀ ਦਾ ਹੁਕਮ ਦਿਤਾ ਜੋ ਇਕ ਮਿੰਟ ਵਿਚ ਸਿੰਘ ਤਿਆਰ ਹੋ ਗਏ। ਜੈਕਾਰਾ ਛਡ ਕੇ ਅਗੇ ਅਗੇ ਝੱਬਰ ਤੇ ਪਿਛੇ ਪਿਛੇ ਜਥਾ ਮੁਸਲਮ ਹਜੂਮ ਦਾ ਮੁਕਾਬਲਾ ਕਰਨ ਵਾਸਤੇ ਤਿਆਰ ਬਰ ਤਿਆਰ ਹੋ ਕੇ ਨਿਕਲਿਆ। ਜਥੇ ਤੋਂ ਇਲਾਵਾ ਕੈਂਪ ਵਿਚੋਂ ਵੀਹ ਵੀਹ ਕੁ ਸਿੰਘ ਨਾਲ ਸ਼ਾਮਲ ਹੋ ਗਏ ਸਨ। ਇਕ ਮਿੰਟ ਜਥੇ ਨੂੰ ਖੜਾ ਕਰਕੇ ਝੱਬਰ ਨੇ ਲੈਕਚਰ ਕੀਤਾ ਤੇ ਆਖਿਆ, "ਖਾਲਸਾ ਜੀ ਇਥੋਂ ਸਾਂਦਲ ਬਾਰ ਬਹੁਤ ਦੂਰ ਹੈ ਤੇ ਸਾਨੂੰ ਇਨ੍ਹਾਂ ਭੁੱਜਿਆ ਕਿਸੇ ਜਾਣ ਨਹੀਂ ਦੇਣਾ, ਜੇ ਹੁਣ ਨਾ ਲੜੀਏ ਤਾਂ ਸਿਖਾਂ ਨੂੰ ਲਾਜ ਲਗੇਗੀ, ਇਸ ਮੌਤ ਨੇ ਇਕ ਦਿਨ ਜ਼ਰੂਰ ਆਵਣਾ ਹੈ ਜੇ ਸਾਡੀ ਮੌਤ ਇਥੇ ਹੀ ਲਿਖੀ ਹੋਈ ਹੈ ਤਾਂ ਆਓ ਇਸ ਧਰਮ ਜੁਧ ਵਿਚ ਸਨਮੁਖ ਹੋ ਕੇ ਸੀਸ ਦੇਈਏ ਤੇ ਸ਼ਹੀਦੀ ਮਿਲੇਗੀ ਤੇ ਜੈਕਾਰਾ ਛਡ ਦਿਤਾ। ਜੈਕਾਰਾ ਛਡਣ ਦੀ ਦੇਰ ਸੀ ਕਿ ਜੁਆਨਾਂ ਨੇ ਚੁੰਗੀਆਂ ਭਰੀਆਂ, ਕਿਰਪਾਨਾਂ ਲਿਸ਼ਕੀਆਂ ਅਤੇ ਜਥਾ ਭਜ ਕੇ ਮੁਸਲਮ ਹੁਜਮ ਉਤੇ ਟੁਟ ਪਿਆ ਪਰ ਅਜੇ ਪੰਦਰਾ ਵੀਹ ਕਦਮ ਦੀ ਵਿਥ ਸੀ ਕੇ ਨਵਾਬ ਮਹੁੰਮਦ ਨਵਾਜ ਦੀ ਧਾੜ ਢੋਲ ਸੁਟ ਕੇ ਕੰਡ ਦੇ ਕੇ ਭਜ ਗਈ ਤੇ ਝੱਬਰ ਨੇ ਜਥੇਦਾਰਾਂ ਨੂੰ ਉਚੀ ਆਖਿਆ, ਜਥਾ ਰੋਕ ਦਿਓ "ਉਧਰੋ ਸੌ ਸਿਪਾਹੀ ਪੁਲਸ ਦਾ ਭੀ ਆ ਗਿਆ, ਪੁਲਸ ਕਪਤਾਨ ਤੇ ਡਿਪਟੀ ਕਮਿਸ਼ਨਰ ਵੀ ਨਾਲ ਸੀ। ਜੱਥੇ ਨੂੰ ਤਾਂ ਰੋਕ ਲਿਆ ਗਿਆ ਸੀ। ਮੁਸਲਮਾਨ ਭਜ ਕੇ ਅਧ ਮੀਲ ਤੇ ਜਾ ਖਲੋਤੇ ਤਾਂ ਝੱਬਰ ਨੇ ਆਖਿਆ ਖਾਲਸਾ ਜੀ ਸਾਰੇ ਦੀਵਾਨ ਵਿਚ ਚਲੋ ਡਿਪਟੀ ਕਮਿਸ਼ਨਰ ਤੇ ਪੁਲਸ ਕਪਤਾਨ ਸਾਹਿਬ ਤੁਸੀਂ ਭੀ ਆਓ ਤੇ ਝੱਬਰ ਦਾ ਲੈਕਚਰ ਸੁਣੋ। ਸਾਰੇ ਦੀਵਾਨ ਵਿਚ ਆ ਗਏ ਤੇ ਦੀਵਾਨ ਸਜ ਗਿਆ।

ਝੱਬਰ ਨੇ ਲੈਕਚਰ ਸ਼ੁਰੂ ਕੀਤਾ, ਸਾਹਮਣੇ ਡਿਪਟੀ ਕਮਿਸ਼ਨਰ ਤੇ ਪੁਲਸ ਕਪਤਾਨ ਖਲੋਤੇ ਸੀ। ਡਿਪਟੀ ਕਮਿਸ਼ਨਰ ਸਾਹਿਬ ਬਹਾਦਰ ਔਰ ਪੁਲਸ ਕਪਤਾਨ ਸਾਹਿਬ ਮੈਂ ਤੁਹਾਡੇ ਪਾਸੋ ਦੋ ਗਲਾਂ ਪੁਛਦਾ ਹਾਂ, ਨਵਾਬ ਸਾਹਿਬ ਮੁਹੰਮਦ ਨਵਾਜ ਨੇ ਆਪਣੇ ਚੁਰਾਸੀ



Digitized by Panjab Digital Library | www.panjabdigilib.org

ਪਿੰਡਾਂ ਦੇ ਆਦਮੀਆਂ ਨੂੰ ਲਿਖਤੀ ਹੁਕਮ ਦੇ ਕੇ ਇਥੇ ਬੁਲਾਇਆ ਹੈ, ਪਿੰਡੋ ਚੜ੍ਹਦੇ ਪਾਸੇ ਮੁਸਲਮਾਨਾਂ ਦਾ ਕੈਂਪ ਹੈ ਅਤੇ ਕਈ ਸੈਂਕੜੇ ਦੁੰਬੇ ਤੇ ਬਕਰੇ ਲੋਕਾਂ ਦੇ ਘਰਾਂ ਤੋਂ ਲਿਆਂਦੇ ਨੇ, ਸਾਡੇ ਨਾਲ ਮੁਕਾਬਲਾ ਕਰਨ ਵਾਸਤੇ ਵੀਹ ਹਜ਼ਾਰ ਦਾ ਅਕਠ ਹੈ, ਸਾਡੇ ਅਤੇ ਉਹਨਾਂ ਦੇ ਕੈਂਪਾਂ ਦੀ ਡੇਢ ਮੀਲ ਦੀ ਵਿਥ ਹੈ, ਉਹ ਪਿੰਡ ਦੇ ਚੜ੍ਹਦੇ ਤੇ ਅਸੀਂ ਲਹਿੰਦੇ ਹਾਂ। ਮੁਸਲਮਾਨਾਂ ਦੀ ਹਾਜਰੀ ਜੋ ਮੇਰੇ ਖਿਆਲ ਵਿਚ ਦਸ ਬਾਰਾਂ ਹਜ਼ਾਰ ਦੀ ਹੈ ਸਾਡੇ ਤੇ ਹਥਿਆਰ ਬੰਦ ਹੋ ਕੇ ਢੋਲ ਮਾਰ ਕੇ ਲੜਨ ਲਈ ਚੜ੍ਹ ਕੇ ਆਏ ਹਨ, ਤੁਸੀਂ ਜ਼ਿਲੇ ਦੇ ਵਡੇ ਹਾਕਮ ਇਥੇ ਮਾਜੂਦ ਸੌ ਕੀ ਤੁਸਾਂ ਨੂੰ ਸਾਡੇ ਤੇ ਇਹ ਹਮਲਾ ਹੋਣ ਦਾ ਪਤਾ ਨਹੀਂ ਲਗਾ? ਜੇ ਪਤਾ ਲਗਾ ਤਾਂ ਫਿਰ ਤੁਹਾਡੀ ਸੁਸਤੀ ਹੈ ਤੇ ਜੇ ਤੁਹਾਨੂੰ ਪਤਾ ਸੀ ਤਾਂ ਤੁਸੀਂ ਸਾਨੂੰ ਸਿਖਾਂ ਤੇ ਮੁਸਲਮਾਨਾਂ ਨੂੰ ਲੜਾ ਕੇ ਤਮਾਸ਼ਾ ਵੇਖਣਾ ਚਾਹੁੰਦੇ ਸੀ। ਮੁਸਲਮਾਨਾਂ ਦੀ ਖੁਸ਼ ਕਿਸਮਤੀ ਹੈ ਉਹ ਬਚ ਗਏ ਨੇ, ਜੇ ਉਹ ਨਾ ਭਜਦੇ ਤਾਂ ਪਤਾ ਨਹੀਂ ਇਥੇ ਕਿਨੇ ਕਤਲ ਹੁੰਦੇ, ਤਾਂ ਜੁਮੇਂਵਾਰੀ ਤੁਹਾਡੀ ਸੀ। ਤੁਹਾਨੂੰ ਇਹ ਤਮਾਸ਼ਾ ਬਹੁਤ ਮਹਿੰਗਾ ਪੈਣਾ ਸੀ। ਅਛਾ ਹੋਇਆ ਨਵਾਬ ਸਾਹਿਬ ਦੀ ਫੌਜ ਕੰਡ ਵਿਖਾ ਕੇ ਭਜ ਗਈ ਤੇ ਬਚ ਗਈ। ਅਗੇ ਵਾਸਤੇ ਮੈਂ ਐਲਾਨ ਕਰਦਾ ਹਾਂ ਕਿ ਸਾਡੇ ਕੈਂਪ ਦੇ ਨੜੇ ਅਥਵਾ ਗੁਰਦਵਾਰੇ ਦੀ ਜ਼ਮੀਨ ਵਿਚ ਕੋਈ ਮੁਸਲਮਾਨ ਨਾ ਆਵੇ। ਅਗਰ ਕੋਈ ਆਇਆ ਤੇ ਕਤਲ ਹੋ ਗਿਆ ਤਾਂ ਮੈਂ ਕੋਈ ਜੁਮੇਵਾਰ ਨਹੀਂ ਹੋਵਾਂਗਾ। ਦੂਜਾ ਮੈਂ ਨਵਾਬ ਸਾਹਿਬ ਉਤੇ ਦੋ ਇਲਜਾਮ ਲਾਂਦਾ ਹਾਂ (ਪਹਿਲਾ) ਉਹ ਖੁਦਾ ਪਰਸਤ ਮੁਸਲਮਾਨ ਹੋ ਕੇ ਮਹੰਤ ਪਰਕਾਸ਼ ਚੰਦ ਤੋਂ ਮੜੀ ਦੀ ਪੂਜਾ ਦਾ ਅੱਧ ਮੰਗਦਾ ਸੀ ਜੋ ਮੁਸਲਮਾਨਾਂ ਦੀ ਸ਼ਰਹਾ ਦੇ ਕਾਨੂੰਨ ਨਾਲ ਉਹਦੇ ਸਖਤ ਖਿਲਾਫ ਹੈ, ਮਹੁੰਮਦ ਨਵਾਜ਼ ਭਾਵੇਂ ੮੪ ਪਿੰਡਾਂ ਦਾ ਜਗੀਰਦਾਰ ਹੈ ਪਰ ਦਿਲ ਦਾ ਬਹੁਤ ਭੁਖਾ ਹੈ। ਦੂਜਾ ਮਹੁੰਮਦ ਨਵਾਜ਼ ਕਾਇਰ ਆਦਮੀ ਹੈ ਉਹ ਗਰੀਬ ਮੁਸਲਮਾਨਾਂ ਨੂੰ ਸਾਡੇ ਤੇ ਹਮਲਾ ਕਰਨ ਵਾਸਤੇ ਹੁਕਮ



Digitized by Panjab Digital Library | www.panjabdigilib.org

ਤੇ ਆਪ ਲਾਹੌਰ ਜਾ ਵੜਿਆ ਇਸ ਵਾਸਤੇ ਕਿ ਕਤਲ ਦੇ ਪਰਚੇ ਵਿਚ ਉਸ ਦਾ ਨਾਮ ਨ ਆਵੇ । ਜੇ ਉਹ ਮਰਦ ਹੁੰਦਾ ਤਾਂ ਲਾਹੌਰ ਨਾ ਜਾਂਦਾ। ਇਸ ਸਮੇਂ ਜਥੇ ਵਿਚੋਂ ਭਾਈ ਬਹਾਦਰ ਸਿੰਘ ਮਸਤਾਨੇ ਨੇ ਉਠ ਕੇ ਆਖਿਆ, "ਅਸੀਂ ਇਥੇ ਇਸ ਨਵਾਬ ਨਾਲ ਮੋਰਚਾ ਲਾ ਦਿਆਂਗੇ" ਝੱਬਰ ਨੇ ਕਿਹਾ 'ਨਹੀਂ ਨਹੀਂ ਖਾਲਸੇ ਦੇ ਮੋਰਚੇ ਬਾਦਸ਼ਾਹਾਂ ਨਾਲ ਲਗਦੇ ਹਨ ਇਹ ਕੰਗਾਲ ਮਹੁੰਮਦ ਨਵਾਜ਼ ਖਾਲਸੇ ਦਾ ਮੁਕਾਬਲਾ ਨਹੀਂ ਕਰ ਸਕਦਾ ਇਸ ਨਾਲ ਮੋਰਚਾ ਲਾਣ ਦੀ ਕੋਈ ਲੋੜ ਨਹੀਂ ।" ਤਰਕਾਲਾਂ ਵੇਲੇ ਇਕ ਸੀ. ਆਈ. ਡੀ. ਠਾਣੇਦਾਰ ਨੇ ਝੱਬਰ ਨੂੰ ਇਤਲਾਹ ਦਿਤੀ ਕਿ ਰਾਤ ਨੂੰ ਤੁਹਾਡੇ ਤੇ ਪਿੰਡ ਵਿਚੋਂ ਹਮਲਾ ਹੋਵੇਗਾ, ਤੁਸੀਂ ਆਪਣਾ ਇੰਤਜ਼ਾਮ ਕਰ ਲੈਣਾ। ਝੱਬਰ ਨੇ ਕੈਂਪ ਦੇ ਚਾਰ ਚੌਫੇਰੇ ਦਸ ਦਸ ਸਿੰਘਾਂ ਦੇ ਜਥੇ ੩੦-੩੦ ਕਦਮ ਤੇ ਖੜੇ ਕਰ ਦਿਤੇ ਅਤੇ ਪੰਦਰਾਂ ਪੰਦਰਾਂ ਮਿੰਟ ਬਾਦ ਇਕ ਇਕ ਜਥੇ ਨੂੰ ਜੈਕਾਰਾ ਗਜਾਣ ਵਾਸਤੇ ਆਖਿਆ। ਏਸੇ ਤਰ੍ਹਾਂ ਜਥੇ ਸਾਰੀ ਰਾਤ ਜੈਕਾਰੇ ਛਡਦੇ ਰਹੇ ਤਾਂ ਸਵੇਰੇ ਉਸੇ ਠਾਣੇਦਾਰ ਨੇ ਝੱਬਰ ਨੂੰ ਦਸਿਆ, "ਉਹਨਾਂ ਤੁਹਾਡੇ ਤੇ ਕੀ ਹਮਲਾ ਕਰਨਾ ਸੀ ਉਹ ਤੇ ਸਾਰੇ ਪਿੰਡ ਛਡ ਕਿ ਕੈਂਪ ਵਿਚ ਜਾ ਵੜੇ ਸਨ।" ਪੰਜ ਵਜੇ ਭੋਗ ਪੈ ਗਿਆ ਤੇ ਮੇਲਾ ਅਮਨ ਅਮਾਨ ਨਾਲ ਖਤਮ ਹੋ ਗਿਆ ਤੇ ਸੰਗਤਾਂ ਘਰੋ ਘਰੀਂ ਚਲੀਆਂ ਗਈਆਂ। ਝੱਬਰ ਦੇ ਪਾਸ ਇਕ ਠਾਣੇਦਾਰ ਨੇ ਆ ਕੇ ਪੁਛਿਆ "ਤੁਸੀਂ ਨਹੀ ਗਏ ?" ਤਾਂ ਉਤਰ ਵਿਚ ਝੱਬਰ ਨੇ ਕਿਹਾ, "ਅਸੀਂ ਤਾਂ ਜਦ ਕੋਈ ਹੋਰ ਜਥਾ ਆਵੇਗਾ ਤਾਂ ਜਾਵਾਂਗੇ।"

ਡਿਪਟੀ ਕਮਿਸ਼ਨਰ ਨੇ ਮੇਲ ਦੇ ਪ੍ਰਬੰਧਕ ਭਾਈ ਮੂਲ ਸਿੰਘ ਨੂੰ ਬੁਲਾ ਕੇ ਕਿਹਾ "ਭਈ ਤੂੰ ਝੱਬਰ ਨੂੰ ਤੇ ਝੱਬਰ ਦੇ ਜਥੇ ਨੂੰ ਇਥੋਂ ਘਲ ਦੇ" ਉਸ ਆਖਿਆ "ਜੀ ਮੈਨੂੰ ਖਤਰਾ ਹੈ ਮੈ ਉਹਨਾ ਨੂੰ ਕਿਵੇਂ ਘਲਾਂ" ਤੇ ਡਿਪਟੀ ਕਮਿਸ਼ਨਰ ਨੇ ਕਿਹਾ, "ਹਮ ਇੰਤਜਾਮ ਕਰਤਾ ਹੈ।" ਡਿਪਟੀ ਕਮਿਸ਼ਨਰ ਨੇ ਵੀਹ ਸਿਪਾਹੀ, ਇਕ ਹਵਾਲਦਾਰ, ਇਕ ਮੁਨਸ਼ੀ, ਇਕ ਥਾਣੇਦਾਰ ਇਕ ਕਾਰ ਖਾਸ ਵਾਲਾ ਪੂਰੇ ਠਾਣੇ ਦੀ



Digitized by Panjab Digital Library | www.panjabdigilib.org

ਗਾਰਦ ਲਾ ਕੇ ਕੋਟ ਭਾਈ ਥਾਨ ਸਿੰਘ ਥਾਨਾ, ਪਾ ਦਿਤਾ ਤੇ ਭਾਈ ਮੂਲ ਸਿੰਘ ਨੂੰ ਲਿਖ ਕੇ ਦੇ ਦਿਤਾ ਕਿ ਮੈਂਨੇ ਥਾਨਾ ਪਾ ਦਿਤਾ ਹੈ, ਹੁਣ ਤੁਹਾਨੂੰ ਕੋਈ ਖਤਰਾ ਨਹੀ। ਹੁਣ ਭਾਈ ਮੂਲਾ ਸਿੰਘ ਅਤੇ ਇਕ ਥਾਣੇਦਾਰ ਝੱਬਰ ਪਾਸ ਆਏ ਤਾਂ ਭਾਈ ਮੂਲਾ ਸਿੰਘ ਨੇ ਕਿਹਾ, "ਹੁਣ ਸਾਡਾ ਕੰਮ ਹੋ ਗਿਆ ਹੈ ਸਾਹਿਬ ਨੇ ਇਥੇ ਠਾਣਾ ਪਾ ਦਿਤਾ ਹੈ ਤੁਸੀਂ ਜਾ ਸਕਦੇ ਹੋ" ਝੱਬਰ ਨੇ ਕਿਹ, "ਲਿਆਓ ਲਾਰੀਆ" ਅਡੇ ਤੇ ਗਏ ਤਾਂ ਲਾਰੀ ਕੋਈ ਨਹੀਂ ਸੀ, ਦੋ ਲਾਰੀਆ ਪੁਲਸ ਦੀਆਂ ਸਨ ਜੇਹੜੀਆਂ ਜਥੇ ਨੂੰ ਪੰਜਾ ਸਾਹਿਬ ਪੁਹਚਾਣ ਵਾਸਤੇ ਦਿਤੀਆ ਗਈਆਂ ਅਤੇ ਜਥਾ ਲਾਰੀਆਂ ਵਿਚ ਹੇਠ ਉਤੇ ਬੈਠ ਕੇ ਪੰਜੇ ਸਾਹਿਬ ਪੁਜ ਗਿਆ। ਪੰਜੇ ਸਾਹਿਬ ਇਕ ਦਿਣ ਠਹਿਰ ਕੇ ਸਾਰੇ ਜੱਥੇ ਨੇ ਬਕੇਵਾਂ ਲਾਹਿਆ, ਕਮੇਟੀ ਵਲੋਂ ਝੱਬਰ ਨੂੰ ਇਕ ਕਰਪਾਨ ਤੇ ਇਕ ਸ਼ਾਲ ਸਿਰੋਪਾਓ ਮਿਲਿਆ ਅਤੇ ਰਾਤ ਨੂੰ ਗਡੀ ਚੜ੍ਹ ਕੇ ਇਹ ਵਾਪਸ ਆ ਗਏ।



Digitized by Panjab Digital Library | www.panjabdigilib.org

# ਅੰਤਕਾ ਨੰ: ੧

ਸ੍ਰੀ ਨਨਕਾਣਾ ਸਾਹਿਬ ਦੇ ੨੦ ਫਰਵਰੀ ੧੯੨੧ ਦੇ ਸਾਕੇ ਪਿਛੋਂ, ਜਿਸ ਵਿਚ ਭਾਈ ਲਛਮਣ ਸਿੰਘ ਧਾਰੋਵਾਲ, ਭਾਈ ਦਲੀਪ ਸਿੰਘ ਜੀ ਸਾਹੋਵਾਲਾ, ਭਾਈ ਟਹਿਲ ਸਿੰਘ ਜੀ ਨਜ਼ਾਮਪੁਰਾ, ਭਾਈ ਵਰਿਆਮ ਸਿੰਘ ਜੀ ਭੋਜੀਆਂ ਆਦਿਕ ਲਗ ਭਗ ੧੫੦ ਸਿੰਘ ਸ਼ਹੀਦ ਹੋਏ ਸਨ, ਭਾਈ ਕਰਤਾਰ ਸਿੰਘ ਜੀ ਝੱਬਰ ਬਾਈ ਸੌ ਸਿੰਘਾਂ ਦਾ ਜਥਾ ਲੈ ਕੇ ਗੁਰਦਵਾਰਾ ਸ੍ਰੀ ਜਨਮ ਅਸਥਾਨ ਦੀਆਂ ਚਾਬੀਆਂ ਲੈਣ ਹਿਤ ਮਸ਼ੀਨ ਗੱਲਾਂ ਦੀ ਗੋਲੀ ਦਾ ਮੁਕਾਬਲਾ ਕਰਨ ਲਈ ਨਨਕਾਣਾ ਸਾਹਿਬ ਪੁਜੇ। ਇਹ ਬਾਈ ਸੌ ਜਵਾਨ ਦੋ ਦੋ ਸੌ ਦੇ ਜਥਿਆਂ ਵਿਚ ਵੰਡੇ ਹੋਏ ਸਨ ਜਿਨਾਂ ਦੇ ਜਥੇਦਾਰਾਂ ਦੇ ਨਾਮ ਤੇ ਪਤੇ ਇਸ ਪ੍ਰਕਾਰ ਹਨ:—

੧. ਭਾਈ ਸੁਚਾ ਸਿੰਘ ਚਕਰਵਾਲਾ ਪਿੰਡ ਚਕ ਗੁਰਦਾਸ ਜ਼ਿਲਾ ਸ਼ੇਖ਼ੂਪੁਰਾ, ਆਪ ਅਕਾਲੀ ਲਹਿਰ ਸਮੇਂ ਤਿੰਨ ਵੇਰ ਜੇਹਲ ਗਏ- ਇਸ ਵੇਲੇ ਪਿੰਡ ਸਮਾਨ ਪੁਰਾ ਜ਼ਿਲਾ ਪਟਿਆਲਾ ਵਿਖੇ ਆਬਾਦ ਹਨ।

੨. ਭਾਈ ਅਨੋਖ ਸਿੰਘ ਪਿੰਡ ਲਾਗਰ ਜ਼ਿਲਾ ਸ਼ੇਖ਼ੂਪੁਰਾ—ਆਪ ਅਕਾਲੀ ਲਹਿਰ ਸਮੇਂ ਤਿੰਨ ਵੇਰ ਜੇਹਲ ਗਏ-ਇਸ ਸਮੇਂ ਪਿੰਡ ਬਲ ਜ਼ਿਲਾ ਕਰਨਾਲ ਵਿਚ ਰਿਹਾਇਸ਼ ਹੈ।

੩. ਭਾਈ ਬਹਾਦਰ ਸਿੰਘ ਮਸਤਾਨਾ ਪਿੰਡ ਲਾਗਰ ਜ਼ਿਲਾ ਸ਼ੇਖ਼ੂਪੁਰਾ—ਆਪ ਕਈ ਵੇਰ ਕੈਦ ਹੋਏ, ਜੈਤੋ ਜਾਣ ਵਾਲੇ ਪਹਿਲੇ ਪੰਜ ਸੌ ਦੇ ਜਥੇ ਨਾਲ ਜਾ ਕੇ ਆਪ ਜ਼ਖਮੀ ਹੋ ਗਏ, ਆਪ ਦੇ ਪਿਤਾ ਬਾਬਾ ਸ਼ੇਰ ਸਿੰਘ ਭੀ ਉਘੇ ਅਕਾਲੀ ਸਨ, ਆਪ ਚੜ੍ਹਾਈ ਕਰ ਗਏ ਹਨ।



Digitized by Panjab Digital Library | www.panjabdigilib.org

੪. ਭਾਈ ਸੋਹਣ ਸਿੰਘ ਪਿੰਡ ਲਾਗਰ ਜ਼ਿਲਾ ਸ਼ੇਖੂਪੁਰਾ-ਆਪ ਗੁਰੂ ਕੇ ਬਾਗ ਦੇ ਮੋਰਚੇ ਸਮੇਂ ਕੈਦ ਹੋਏ ਇਸ ਸਮੇਂ ਪਿੰਡ ਨੀਸਿੰਘ, ਜ਼ਿਲਾ ਕਰਨਾਲ ਵਿਚ ਰਹਿੰਦੇ ਹਨ।

੫. ਭਾਈ ਮਾਨ ਸਿੰਘ ਪਿੰਡ ਟਿਬੀ ਹੰਭੋ ਜ਼ਿਲਾ ਸ਼ੇਖੂਪੁਰਾ, ਆਪ ਗੁਰੂ ਕੇ ਬਾਗ ਅਤੇ ਜੈਤੋ ਦੋਹਾਂ ਮੋਰਚਿਆਂ ਵਿਚ ਅਕਾਲੀ ਦਲ ਖਰਾ ਸੌਦਾ ਬਾਰ ਵਲੋਂ ਭੇਜੇ ਜਥੇ ਦੇ ਜਥੇਦਾਰ ਬਣ ਕੇ ਗਏ ਅਤੇ ਕੈਦ ਹੋਏ-ਇਸ ਸਮੇਂ ਪਿੰਡ ਮਹਿਮਲ ਜ਼ਿਲਾ ਕਰਨਾਲ ਵਿਚ ਆਬਾਦ ਹਨ।

੬. ਭਾਈ ਗੰਗਾ ਸਿੰਘ ਪਿੰਡ ਭਿਖੀ ਜਿਲਾ ਸ਼ੇਖੂਪੁਰਾ-ਆਪ ਗੁਜ਼ਰ ਚੁਕੇ ਹਨ।

੭. ਭਾਈ ਅਮਰ ਸਿੰਘ ਪਿੰਡ ਈਸਰਕੇ ਜ਼ਿਲਾ ਸ਼ੇਖੂਪੁਰਾ ਅਕਾਲੀ ਲਹਿਰ ਸਮੇਂ ਚਾਰ ਵੇਰ ਕੈਦ ਭੋਗੀ ਆਪਦੀ ਫੌਜੀ ਪੈਨਸ਼ਨ ਜ਼ਬਤ ਹੋਈ ਇਸ ਸਮੇਂ ਪਿੰਡ ਬਾਹੁਲੀ ਜ਼ਿਲਾ ਸੰਗਰੂਰ ਵਿਚ ਅਬਾਦ ਹਨ।

੮. ਭਾਈ ਤੇਜਾ ਸਿੰਘ ਪਿੰਡ ਮਿਰਜ਼ਾ ਜ਼ਿਲਾ ਸ਼ੇਖੂਪੁਰਾ, ਆਪਦੀ ਆਪਨੇ ਇਲਾਕੇ ਵਿਚ ਬੜੀ ਮਾਨਤਾ ਸੀ ਬੜਾ ਰੋਹਬ ਸੀ ਆਪ ਗੁਜ਼ਰ ਚੁਕੇ ਹਨ।

੯. ਭਾਈ ਲਖਾ ਸਿੰਘ ਪਿੰਡ ਕੁਰਲਕੇ ਜ਼ਿਲਾ ਸ਼ੇਖੂਪੁਰਾ-ਆਪ ਸ਼੍ਰ: ਗੁ: ਪ੍ਰ: ਕਮੇਟੀ ਦੇ ਫੜੇ ਗਏ ਦੂਜੇ ਬੈਚ ਨਾਲ ਦੋ ਸਾਲ ਕੈਦ ਹੋਏ। ਇਸ ਸਮੇਂ ਪਿੰਡ ਠਰੀ ਜ਼ਿਲਾ ਕਰਨਾਲ ਵਿਚ ਆਬਾਦ ਹਨ।

੧੦. ਭਾਈ ਬਨਤਾ ਸਿੰਘ ਪਿੰਡ ਵਲਗਣ ਸਾਉਣਕਾ ਜ਼ਿਲਾ ਸ਼ੇਖੂਪੁਰਾ।

੧੧. ਭਾਈ ਨਥਾ ਸਿੰਘ ਕੜਯਾਲ ਬਾਗਾਂ ਵਾਲਾ ਚਕ ਨੰ: ੧੯ ਜ਼ਿਲਾ ਸ਼ੇਖੂਪੁਰਾ ਆਪ ਗੁਜ਼ਰ ਚੁਕੇ ਹਨ।



Digitized by Panjab Digital Library | www.panjabdigilib.org

# ਅੰਤਕਾ ਨੰ: ੨

# ਸੰਤ ਸਿਪਾਹੀ

ਗੁਰੂ ਸਾਹਿਬਾਨ ਵਲੋਂ ਸਿਖਾਂ ਨੂੰ ਵਿਰਸੇ ਵਿਚ ਦੋ ਬੇਮਿਸਾਲ ਚੀਜ਼ਾਂ ਮਿਲੀਆਂ ਹਨ—ਸੇਵਾ ਅਤੇ ਜਾਨਬਾਜ਼ੀ—ਇਨਾਂ ਦਾ ਹੀ ਸਿਰ ਸਦਕਾ ਹੈ ਕਿ ਇਤਨੇ ਰਾਜਸੀ ਝੱਖੜ ਤੇ ਤੂਫਾਨਾਂ ਵਿਚੋਂ ਲੰਘ ਕੇ ਭੀ ਸਿਖ ਜੀਵਨ ਕਾਇਮ ਹੈ। ਜਦੋਂ ਤਕ ਸਿਖ ਸੇਵਾ ਅਤੇ ਜਾਨਬਾਜ਼ੀ ਨੂੰ ਅਪਣਾਈ ਰਖੇਗਾ ਸਿਖ ਨੂੰ ਦੁਨੀਆਂ ਦੀ ਕੋਈ ਤਾਕਤ ਸਫਾਏ ਹਸਤੀ ਤੋਂ ਮੇਟ ਨਹੀਂ ਸਕਦੀ, ਸਿਖਾਂ ਅੰਦਰ ਇਨਾਂ ਗੁਣਾਂ ਦੀ ਹੋਂਦ ਨੇ ਹੀ ਇਨਾਂ ਨੂੰ ਭਾਰਤ ਦੀ ਆਜ਼ਾਦੀ ਦੇ ਜੰਗ ਵਿਚ ਸਭ ਤੋਂ ਮੂਹਰੇ ਲਿਆਂਦਾ, ਭਾਵੇਂ ਪਖਪਾਤੀ ਵੀਚਾਰ ਅਤੇ ਲੇਖਨੀ ਇਨ੍ਹਾਂ ਦੀ ਸੂਰਜ ਵਤ ਰੋਸ਼ਨ ਸੇਵਾ ਅਤੇ ਜਾਨਬਾਜ਼ੀ ਦੇ ਸਾਹਮਣੇ ਗਹਿਰੀ ਧੁੰਧ ਦੇ ਬਦਲ ਬਣ ਇਨ੍ਹਾਂ ਨੂੰ ਸੰਸਾਰ ਦੀ ਅਖਾਂ ਤੋਂ ਓਝਲ ਕਰਨ ਦੇ ਬੇਓੜਕ ਯਤਨ ਕਰਦੇ ਹਨ ਪਰ ਇਸ ਤੋਂ ਕਦੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਸਿਖ ਨੇ ਭਾਰਤ ਦੀ ਆਜ਼ਾਦੀ ਦੇ ਜੰਗ ਵਿਚ ਸਭ ਤੋਂ ਵਧ ਆਹੂਤੀ ਪਾਈ ਹੈ ਦੇਸ਼ ਦੀ ਆਜ਼ਾਦੀ ਦਾ ਨਾਹਰਾ ਪਰਦੇਸ ਵਿਚ ਜਾ ਕੇ ਲਾਉਣ ਵਾਲੇ ਸਿਖ ਹੀ ਸਨ ਜਿਨਾਂ ਨੇ ਕੈਨੇਡਾ ਦੀ ਧਰਤੀ ਉਤੇ ਹਿੰਦ ਅੰਦਰ ਗਦਰ ਦੀ ਗੂੰਜ ਜਾ ਗੁੰਜਾਈ ਅਤੇ ਜਦੋਂ ਅੰਗਰੇਜ਼ ਦੇ ਵਿਰੁਧ ਕੋਈ ਕੁਸਕ ਨਹੀਂ ਸਕਦਾ ਸੀ ਉਸ ਵੇਲੇ "ਵਢ ਦਿਹੋ ਗੋਰੇ ਮੇਮਾਂ ਕਰ ਦਿਓ ਰੰਡੀਆਂ" ਦੇ ਗੀਤ ਗਾਵੇਂ-ਕੋਮਾ ਗਾਟਾ ਮਾਰੂ ਦੇ ੩੨੧ ਮੁਸਾਫਰਾਂ ਵਿਚੋਂ ਲਗ ਭਗ ਤਿੰਨ ਸੌ ਪੰਜਾਬੀ ਸਿਖ ਸਨ ਅਤੇ ਇਨਾਂ ਵਿਚੋਂ ਜੋ ਬਜ ਬਜ ਦੇ ਘਾਟ ਉਤੇ ਗੋਲੀ



Digitized by Panjab Digital Library | www.panjabdigilib.org

ਦਾ ਨਿਸ਼ਾਨਾ ਕੀਤੇ ਗਏ ਸਾਰੇ ਦੇ ਸਾਰੇ ਸਿਖ ਸਨ- ਇਸ ਤੋਂ ਪਿਛੋਂ ਤੋਸਾ ਮਾਰੂ ਜਹਾਜ਼ ਤੇ ਆਉਣ ਵਾਲੇ ਤਕਰੀਬਨ ਸਾਰੇ ਹੀ ਗੁਰੂ ਕਲਗੀਧਰ ਦੇ ਬੀਰ ਸਪੁਤਰ ਸਨ ਜਿਨਾਂ ਨੇ ੨੧ ਫਰਵਰੀ ਸੰਨ ੧੯੧੫ ਨੂੰ ਭਾਰਤ ਦੇ ਸਾਰੇ ਅੰਗਰੇਜ਼ ਅਫਸਰਾਂ ਨੂੰ ਤਹਿ ਤੇਗ ਕਰ ਦੇਣ ਦੀ ਸਾਜ਼ਸ ਘੜੀ ਅਤੇ ਇਹ ਸਾਜ਼ਸ ਅਸਫਲ ਰਹਿ ਜਾਣ ਕਾਰਨ ਕਈ ਫਾਂਸੀ ਚੜ ਗਏ ਅਤੇ ਰਹਿੰਦਿਆਂ ਨੇ ਕਾਲੇ ਪਾਣੀ ਦੀਆਂ ਕਾਲ ਕੋਠੜੀਆਂ ਅੰਦਰ ਸਾਰਾ ਜੀਵਨ ਬਿਤਾਇਆ–ਸੰਨ ੧੯੧੯ ਵਿਚ ਜਦੋਂ ਝੱਬਰ ਜੀ ਕਾਲੇ ਪਾਣੀ ਗਏ ਉਸ ਵੇਲੇ ਉਥੇ ੧੩੦ ਪੋਲੀਟੀਕਲ ਕੈਦੀ ਸਨ ਜਿਨਾਂ ਵਿਚੋਂ ਕੇਵਲ ਦੋ ਮੁਸਲਮਾਨ, ੨੮ ਹਿੰਦੂ ਅਤੇ ੧੧੦ ਸਿਖ ਸਨ ਇਹ ਗਿਣਤੀ ਸਿਖਾਂ ਦੀ ਜਾਨਬਾਜ਼ੀ ਅਤੇ ਦੇਸ਼ ਸੇਵਾ ਨੂੰ ਹੋਰ ਭੀ ਚਮਕਾਉਂਦੀ ਹੈ ਜਦੋਂ ਅਸੀਂ ਵੇਖਦੇ ਹਾਂ ਕਿ ਉਸ ਸਮੇਂ ਭਾਰਤ ਵਾਸੀ ਮੁਸਲਮਾਨਾਂ ਦੀ ਗਿਣਤੀ ਲਗ ਭਗ ਨੌ ਕਰੋੜ, ਹਿੰਦੂਆਂ ਦੀ ਤੀਹ ਕਰੋੜ ਅਤੇ ਸਿਖਾਂ ਦੀ ਕੇਵਲ ਅਧਾ ਕਰੋੜ ਸੀ।

ਅਕਾਲੀ ਲਹਿਰ ਭੀ ਭਾਵੇਂ ਪ੍ਰਗਟ ਤੌਰ ਗੁਰਦਵਾਰਾ ਸੁਧਾਰ ਲਹਿਰ ਸੀ ਪਰ ਇਸ ਦੇ ਅੰਦਰ ਭੀ ਰਾਜ–ਵਿਦ੍ਰੋਹੀ ਅੰਸ਼ ਕੰਮ ਕਰਦਾ ਸੀ ਅਤੇ ਇਸ ਲਹਿਰ ਅੰਦਰ ਸਿਖਾਂ ਵਲੋਂ ਸ੍ਰੀ ਨਨਕਾਣਾ ਸਾਹਿਬ, ਗੁਰੂ ਕੇ ਬਾਗ ਅਤੇ ਗੁਰਦਵਾਰਾ ਗੰਗਸਰ ਜੈਤੋ ਆਦਿਕ ਥਾਵਾਂ ਤੇ ਕੁਰਬਾਨੀਆਂ ਇਨਾਂ ਦੀ ਜਾਨਬਾਜ਼ੀ ਦੀਆਂ ਪਰਤਖ ਮਿਸਾਲਾਂ ਹਨ।

ਇਸ ਤੋਂ ਪਿਛੋਂ ਆਜ਼ਾਦ ਹਿੰਦ ਫੌਜ ਵਿਚ ਜੋ ਹਿਸਾ ਸਿਖਾਂ ਪਾਇਆ ਅਤੇ ਜਿਸ ਦੀਆਂ ਬੇ ਮਿਸਾਲ ਕੁਰਬਾਨੀਆਂ ਦਾ ਸਿਟਾ ਹਿੰਦ ਆਜ਼ਾਦ ਹੋਇਆ ਉਹ ਕਿਸੇ ਵਿਆਖਿਆ ਦਾ ਮੁਥਾਜ ਨਹੀ।

ਸਮੁਚੇ ਤੌਰ ਤੇ ਸਿਖਾਂ ਵਲੋਂ ਭਾਰਤ ਦੀ ਆਜ਼ਾਦੀ ਲਈ ਕੀਤੀਆਂ ਕੁਰਬਾਨੀਆਂ ਤੋਂ ਇਲਾਵਾ ਇਕੱਲੇ ੨ ਸਿਖਾਂ ਨੇ ਜੋ ਆਪਾ ਭੇਟ ਦੀਆਂ



Digitized by Panjab Digital Library | www.panjabdigilib.org

ਮਿਸਾਲਾਂ ਪੇਸ਼ ਕੀਤੀਆਂ ਹਨ ਉਹ ਭੀ ਕਿਸੇ ਹੋਰ ਕੌਮ ਦੇ ਨੌ ਨਿਹਾਲਾਂ ਦੇ ਮੁਕ਼ਾਬਲੇ ਵਿਚ ਘਟ ਦਰਜਾ ਨਹੀਂ ਰਖਦੀਆਂ ਸ: ਅਜੀਤ ਸਿੰਘ, ਮਾਸਟਰ ਚਤਰ ਸਿੰਘ, ਬਾਬਾ ਗੁਰਦਿਤ ਸਿੰਘ, ਸ: ਭਗਤ ਸਿੰਘ ਸ਼ਹੀਦ ਭਾਈ ਰਾਮ ਸਿੰਘ ਨਾਮਧਾਰੀ, ਬਾਬਾ ਵਿਸਾਖਾ ਸਿੰਘ, ਬਾਬਾ ਸੋਹਣਾ ਸਿੰਘ ਭਕਨਾ, ਭਾਈ ਮਦਨ ਸਿੰਘ ਰਹਾਗਾ ਭਾਈ ਸੇਵਾ ਸਿੰਘ ਠੀਕਰੀਵਾਲ ਸ: ਊਧਮ ਸਿੰਘ, ਜਨਰਲ ਮੋਹਣ, ਸਿੰਘ, ਕਰਨਲ ਨਰੰਜਨ ਸਿੰਘ ਗਿੱਲ ਆਦਿਕ ਕੌਮੀ ਪਰਵਾਨਿਆਂ ਦੇ ਨਾਮ ਭਾਰਤ ਦੇ ਇਤਿਹਾਸ ਵਿਚ ਸੂਰਜ ਵਤ ਚਮਕਦੇ ਰਹਿਣਗੇ।

ਗੁਰੂ ਕਲਗੀਧਰ ਦੀਆਂ ਲਾਡਲੀਆਂ ਫੌਜਾਂ ਦੇ ਜਿਨਾਂ ਸੰਤ ਸਿਪਾਹੀਆਂ ਦਾ ਸੰਖੇਪ ਜ਼ਿਕਰ ਅਸੀਂ ਇਸ ਅੰਤਕਾ ਵਿਚ ਕਰਨਾ ਚਾਹੁੰਦੇ ਹਾਂ ਉਨ੍ਹਾਂ ਵਿਚ ਸਭ ਤੋਂ ਪਹਿਲੋਂ ਉਨ੍ਹਾਂ ਮੁਖੀਆਂ ਦੇ ਨਾਮ ਆਉਂਦੇ ਹਨ ਜਿਨਾਂ ਨੇ ਸਮੇਂ ਦੀ ਰੌ ਦੇ ਨਾਲ ਚਲਦੇ ਹੋਏ ਪੰਥ ਅਤੇ ਗੁਰੂ ਘਰ ਦੀ ਸੇਵਾ ਨੂੰ ਹਮੇਸ਼ਾਂ ਮੁਖ ਰਖਿਆ ਅਤੇ ਗੁਪਤ ਤਥਾ ਪ੍ਰਗਟ ਤੌਰ ਤੇ ਕੌਮ ਨੂੰ ਉਪਰ ਉਠਾਉਣ ਦੇ ਯਤਨ ਕੀਤੇ।

## ਸ: ਸੁੰਦਰ ਸਿੰਘ ਮਜੀਠੀਆ

ਇਨ੍ਹਾਂ ਵਿਚੋਂ ਪਹਿਲੋਂ ਅਸੀਂ ਸ: ਸੁੰਦਰ ਸਿੰਘ ਮਜੀਠੀਆ ਜੀ ਦਾ ਸੰਖੇਪ ਵਰਨਣ ਕਰਾਂਗੇ, ਆਪ ਵਲੋਂ ਪੰਥ ਨੂੰ ਜਥੇਬੰਦ ਕਰਣ ਅਤੇ ਵਿਦਿਅਕ ਤੌਰ ਉਪਰ ਉਠਾਉਣ ਸੰਬੰਧੀ ਕੀਤੇ ਜਤਨਾ ਦਾ ਜ਼ਿਕਰ ਅਸੀਂ ਪਿਛੇ ਕਰ ਚੁਕੇ ਹਾਂ ਕਿ ਕਿਸਤਰਾਂ ਆਪ ਨੇ ੧੯੦੧ ਵਿਚ ਚੀਫ ਖਾਲਸਾ ਦੀਵਾਨ ਸਥਾਪਤ ਕਰਕੇ ਸਿੰਘ ਸਭਾ ਲਹਿਰ ਦਾ ਮੁਢ ਬਧਾ ਅਤੇ ੧੯੦੪ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਇਕ ਵਡਾ ਦਰਬਾਰ ਕਰਕੇ ਕਾਲਜ ਵਾਸਤੇ ਲਖਾਂ ਰੁਪੈ ਇਕਤਰ ਕਰ ਇਸ ਦੀ ਨੀਂਹ ਪੁਖਤਾ ਕੀਤੀ ਅਤੇ ਫਿਰ ੧੯੦੮ ਵਿਚ ਸਿਖ ਵਿਦਿਅਕ ਕਮੇਟੀ ਕਾਇਮ ਕਰਕੇ ਸਾਲ ਬਸਾਲ ਸਿਖ ਵਿਦਿਅਕ ਕਾਨਫ੍ਰੰਸਾਂ ਕਰ ਥਾਂ ਪਰ ਥਾਂ ਖਾਲਸਾ ਸਕੂਲ ਖੋਹਲੇ ਜਾਣ ਦੀ ਪਰਪਾਟੀ ਪਾਈ ਆਪ ਕਾਫੀ



Digitized by Panjab Digital Library | www.panjabdigilib.org

ਸਮਾਂ ਸਰਕਾਰ ਪੰਜਾਬ ਦੇ ਐਗਜ਼ੈਕਟਿਵ ਮੈਂਬਰ ਤੇ ਵਜ਼ੀਰ ਰਹੇ ਅਤੇ ਇਸ ਸਮੇਂ ਅੰਦਰ ਆਨੰਦ ਮੈਰਿਜ ਐਕਟ ਪਾਸ ਕਰਵਾਕੇ ਸਿਖ ਰੀਤੀ ਅਨੁਸਾਰ ਹੋਏ ਅਨੰਦ ਵਿਵਾਹ ਦੀ ਰਸਮ ਨੂੰ ਮੁਸਲਮਾਨਾ ਦੇ ਨਿਕਾਹ ਅਤੇ ਹਿੰਦੂ ਵਿਵਾਹ ਦੇ ਮੁਕਾਬਲੇ ਤੇ ਕਾਨੂੰਨੀ ਅਹਿਮੀਅਤ ਦਿਵਾਈ*

੧੯੧੧ ਦੀ ਮਰਦਮ ਸ਼ੁਮਾਰੀ ਸਮੇਂ ਸਿਖਾਂ ਲਈ ਜੋ ਪਹਿਲੋਂ ਹਿੰਦੂਆਂ ਵਿਚ ਹੀ ਗਿਣੇ ਜਾਂਦੇ ਸਨ ਵਖਰਾ ਖਾਨਾ ਬਣਵਾ ਦੇ ਵਖਰੀ ਗਿਣਤੀ ਕਰਵਾਈ ਜਿਸ ਦੇ ਅਧਾਰ ਤੇ ਪੰਜਾਬ ਸਰਵਿਸਜ਼ ਆਦਿ ਵਿਚ ਸਿਖਾਂ ਦੇ ਵਖਰੇ ਹਕੂਕ ਕਾਇਮ ਹੋਏ ।

ਤਖਤ ਸ੍ਰੀ ਹਜ਼ੂਰ ਸਾਹਿਬ ਨਦੇੜ (ਹੈਦਰਾਬਾਦ) ਵਿਖੇ ਜਦੋਂ ਗੁਰਦਵਾਰਾ ਮਾਲ ਟੇਕਰੀ ਵਾਲੇ ਥਾਂ ਮੁਸਲਮਾਨਾਂ ਨੇ ਇਕ ਕਬਰ ਬਣਾ ਕੇ ਕਬਜ਼ਾ ਕਰ ਲਿਆ ਤਾਂ ਮਜੀਠੀਆ ਜੀ ਨੇ ਸ੍ਰਕਾਰ ਪੰਜਾਬ ਵਲੋਂ ਹੈਦਰਾਬਾਦ ਪੁਜ ਕੇ ਨਵਾਬ ਉਤੇ ਐਸਾ ਪ੍ਰਭਾਵ ਪਾਇਆ ਕਿ ਮੁਸਲਮਾਨਾਂ ਨੂੰ ਆਪਣੀ ਕਬਰ ਉਥੋਂ ਉਠਾ ਕੇ ਸ਼ਹਿਰ ਤੋਂ ਦੂਸਰੇ ਵੰਨੇ ਪੰਜ ਮੀਲ ਦੂਰ ਲੈ ਜਾਣੀ ਪਈ ਅਤੇ ਗੁਰਦਵਾਰਾ ਮਾਲ ਟੇਕਰੀ ਦਾ ਸਨਮਾਨ ਬਹਾਲ ਕਰਾਇਆ ।

੧੯੨੦ ਵਿਚ ਮਜੀਠੀਆ ਜੀ ਸ੍ਰੋ: ਗ: ਪ੍ਰ: ਕਮੇਟੀ ਦੇ ਪ੍ਰਧਾਨ ਸਰਬ ਸੰਮਤੀ ਨਾਲ ਚੁਣੇ ਗਏ । ੧੯੨੧ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਹੋਣ ਉਪਰੰਤ ਆਪ ਗਵਰਨਰ ਪੰਜਾਬ ਮੈਕਲੈਗਨ ਸਾਹਿਬ ਨੂੰ ਨਾਲ ਲੈ ਕੇ ਉਥੇ ਪੁਜੇ ਤੇ ਸਾਕੇ ਦਾ ਸਾਰਾ ਦ੍ਰਿਸ਼ ਵਿਖਾਇਆ। ਸ਼ਹੀਦ ਗੰਜ ਸਿੰਘਣੀਆਂ ਲਾਹੌਰ ਦੇ ਮੋਰਚੇ ਸਮੇਂ ਜਦੋਂ ਮੁਸਲਮਾਨ ਇਸ ਥਾਉਂ ਮਸੀਤ ਬਨਾਉਣ ਤੇ ਤੁੱਲ ਗਏ ਸਨ ਅਤੇ ਮਲਕ ਬਰਕਤ ਅਲੀ ਮੈਂਬਰ ਪੰਜਾਬ ਕੌਂਸਲ ਨੇ ਇਹ ਅਸਥਾਨ ਸਿਖਾਂ ਪਾਸੋਂ ਖੋਹੇ ਜਾਣ ਲਈ ਇਸ ਨੂੰ ਆਸਾਰੇ ਕਦੀਮਾਂ ਵਿਚ ਸ਼ਾਮਲ ਕਰਕੇ ਇਸ ਤੇ ਸਰਕਾਰੀ ਕਬਜ਼ਾ ਕੀਤੇ ਜਾਣ ਦੀ ਵਿਉਂਤ ਕਰ ਰਖੀ ਸੀ ਤਾਂ ਮਜੀਠੀਆ ਜੀਨੇ ਪੰਜਾਬ ਸਰਕਾਰ ਦੀ ਐਗਜ਼ੈਕਟਿਵ ਵਿਚ



Digitized by Panjab Digital Library | www.panjabdigilib.org

ਰਸੂਖ ਵਰਤਦੇ ਹੋਏ ਮਲਿਕ ਸਾਹਿਬ ਦੀ ਇਸ ਤਜਵੀਜ਼ ਨੂੰ ਅਸਫਲ ਕਰ ਦਿਤਾ। ੧੯੩੭ ਵਿਚ ਜਦੋਂ ਜੰਡਿਆਲੇ ਸ਼ੇਰ ਖਾਂ ਜ਼ਿਲਾ ਸੇਖੂਪੁਰਾ ਵਿਖੇ ਸ਼੍ਰੋਮਣੀ ਕਾਨਫਰੰਸ ਹੋਈ ਜਿਸ ਸਮੇਂ ਛੇ ਮੁਸਲਮਾਨ ਕਤਲ ਹੋ ਗਏ ਸਨ ਅਤੇ ਬਹੁਤ ਸਾਰੇ ਸਰਕਰਦਾਂ ਸਿਖਾਂ ਦੇ ਫਾਹੇ ਲਗ ਜਾਣ ਦਾ ਅੰਦੇਸ਼ਾ ਸੀ ਤਾਂ ਮਜੀਠੀਆ ਜੀ ਨੇ ਸਰ ਸਿਕੰਦਰ ਪੰਜਾਬ ਦੇ ਮੁਖ ਮੰਤਰੀ ਨੂੰ ਆਪਣੇ ਦਬਾ ਨਾਲ ਇਸ ਕੇਸ ਨੂੰ ਰਫਾ ਦਫਾ ਕਰਨ ਲਈ ਮਜਬੂਰ ਕੀਤਾ ਅਤੇ ਕਿਸੇ ਇਕ ਸਿਖ ਦਾ ਭੀ ਵਾਲ ਵਿੰਗਾ ਨਾ ਹੋਣ ਦਿਤਾ।

ਆਪ ਗੁਰੂ ਘਰ ਦੇ ਬੜੇ ਸ਼ਰਧਾਲੂ ਸਿਖ ਸਨ ਗੁਰੂਬਾਣੀ ਦੇ ਅਭਿਆਸੀ ਹੋਣ ਕਰਕੇ ਆਪ ਦਾ ਜੀਵਨ ਪੁਰਾਤਨ ਗੁਰਮੁਖ ਸਿਖਾਂ ਵਾਲਾ ਸੀ ਅਤੇ ਬਾਵਜੂਦ ਇਤਨੀ ਵਡੀ ਪਦਵੀ ਤੇ ਰਹਿਣ ਅਤੇ ਬੜੇ ਵਡੇ ਜ਼ਿਮੀਂਦਾਰ ਅਤੇ ਧਨਾਢ ਹੋਣ ਦੇ ਆਪ ਵਿਚ ਐਸ਼ ਪਰਸਤੀ ਦੀ ਲੇਸ ਤਕ ਨਹੀਂ ਸੀ, ਅਤੇ ਇਹੋ ਚੀਜ਼ ਆਪ ਵਿਰਸੇ ਵਿਚ ਆਪਨੇ ਬਚਿਆਂ ਨੂੰ ਦੇ ਗਏ ਹਨ ਆਪ ਪੂਰਨ ਗੁਰ ਸਿਖ ਸਨ।

## ਸ: ਹਰਬੰਸ ਸਿੰਘ ਜੀ ਅਟਾਰੀ

ਸ: ਹਰਬੰਸ ਸਿੰਘ ਜੀ ਸਿਖ ਰਾਜ ਦੇ ਜਰਨੈਲ ਸ: ਸ਼ਾਮ ਸਿੰਘ ਜੀ ਅਟਾਰੀ ਦੇ ਪੜਪੋਤਰੇ ਸਨ। ਆਪ ਸਮੂਹ ਪੰਥਕ ਕੰਮਾਂ ਵਿਚ ਸ: ਸੁੰਦਰ ਸਿੰਘ ਜੀ ਮਜੀਠੀਆ ਦੀ ਸਜੀ ਬਾਂਹ ਬਣੇ ਰਹੇ, ਲਗ ਭਗ ਸਾਰੀ ਉਮਰ ਹੀ ਆਪ ਖਾਲਸਾ ਕਾਲਜ ਅੰਮ੍ਰਿਤਸਰ ਅਤੇ ਚੀਫ ਖਾਲਸਾ ਦੀਵਾਨ ਦੇ ਔਨਰੇਰੀ ਸਕੱਤਰ ਰਹੇ। ਖਾਲਸਾ ਯਤੀਮ ਖਾਨਾ ਅੰਮ੍ਰਿਤਸਰ ਨੂੰ ਭੀ ਆਪ ਦੇ ਪ੍ਰਬੰਧ ਦਾ ਮਾਨ ਪ੍ਰਾਪਤ ਸੀ। ਅਕਾਲੀ ਲਹਿਰ ਆਰੰਭ ਹੋਣ ਤੇ ਆਪ ਅਤੇ ਭਾਈ ਜੋਧ ਸਿੰਘ ਜੀ ਐਮ. ਏ. ਚੀਫ ਖਾਲਸਾ ਦੀਵਾਨ ਵਲੋਂ ਗੁਰਦਵਾਰਾ ਸੁਧਾਰ ਦੇ ਕੰਮਾਂ ਵਿਚ ਅਕਾਲੀ ਮੁਖੀਆਂ ਦਾ ਹਥ ਵਟਾਂਦੇ ਰਹੇ। ਝੱਬਰ ਦੇ ਜਥੇ ਵਲੋਂ ਗੁਰਦਵਾਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦਾ ਕਬਜ਼ਾ ਲੈਣ ਸਮੇਂ ਆਪ ਮੌਕੇ ਤੇ ਮੌਜੂਦ ਸਨ ਅਤੇ ਉਸ ਸਮੇਂ ਬਣਾਈ ਗਈ ਪਹਿਲੀ ਗੁਰਦਵਾਰਾ ਕਮੇਟੀ ਦੇ ਆਪ ਪ੍ਰਧਾਨ ਥਾਪੇ ਗਏ, ਸ੍ਰੀ



Digitized by Panjab Digital Library | www.panjabdigilib.org

ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚਾਬੀਆਂ ਦੇ ਮੋਰਚੇ ਸਮੇਂ ਅਤੇ ਪਹਿਲੀ ਬਣੀ ਸ਼੍ਰੋ: ਗੁ: ਪ੍ਰ: ਕਮੇਟੀ ਦੇ ਮੁਖੀ ਕਾਰਕੁਨਾਂ ਵਿਚ ਆਪ ਸਨ।

ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਡੇ ਸਕਾਲਰ ਸਨ ਅਤੇ ਗੁਰ ਸ਼ਬਦ ਦੀ ਕਥਾ ਬੜੇ ਪ੍ਰੇਮ ਤੇ ਸ਼ਰਧਾ ਨਾਲ ਕਰਿਆ ਕਰਦੇ ਸਨ ਇਸ ਪਹਿਲੂ ਤੋਂ ਆਪ ਨੂੰ ਗੁਰਮਤ ਦੇ ਮੁਖੀ ਪ੍ਰਚਾਰਕ ਹੋਣ ਦਾ ਮਾਨ ਪ੍ਰਾਪਤ ਸੀ। ਖਾਸ ਕਰ ਸਿੰਧ ਅਤੇ ਕਸ਼ਮੀਰ ਦੇ ਇਲਾਕੇ ਆਪ ਦੀ ਇਸ ਸੇਵਾ ਲਈ ਆਪ ਦੇ ਬੜੇ ਰਿਣੀ ਹਨ। ਆਪ ਗੁਰ ਸਿਖ ਦਾ ਪੂਰਨ ਨਮੂਨਾ ਸਨ। ਜਿਸ ਦਾ ਪ੍ਰਭਾਵ ਉਨਾਂ ਦੇ ਸਮਕਾਲੀ ਸਿਖਾਂ ਤੇ ਬਹੁਤ ਸੀ। ਆਪ ਸੰਤ ਰੂਪ ਸਿਖ ਸਰਦਾਰ ਸਨ। ਆਪ ਦਾ ਚੇਹਰਾ ਮੋਹਰਾ ਨੂਰਾਨੀ ਅਤੇ ਦਰ-ਸ਼ਨ ਬੜਾ ਪ੍ਰਭਾਵ ਸ਼ਾਲੀ ਸੀ।

## ਸ: ਖੜਕ ਸਿੰਘ

ਆਪ ਅੰਗਰੇਜ਼ੀ ਉਚ ਵਿਦਿਆ ਦੇ ਧਨੀ ਅਤੇ ਸਿਆਲਕੋਟ ਨਿਵਾਸੀ ਅਮੀਰ ਸੁਖ ਜੀਊੜੇ ਸਿਖਾਂ ਵਿਚੋਂ ਸਨ। ਆਪ ਪਹਿਲੇ ਪਹਿਲ ਪੰਥਕ ਸੇਵਾ ਦੇ ਮੈਦਾਨ ਵਿਚ ਗੁਰਦਵਾਰਾ ਬਾਬੇ ਦੀ ਬੇਰ ਸਿਆਲਕੋਟ ਦਾ ਕਬਜ਼ਾ ਹੋਣ ਉਪਰੰਤ ਉਥੋਂ ਦੀ ਗੁਰਦਵਾਰਾ ਕਮੇਟੀ ਦੇ ਪ੍ਰਧਾਨ ਦੇ ਰੂਪ ਵਿਚ ਆਏ, ਇਸ ਤੋਂ ਛੇਤੀ ਪਿਛੋਂ ਆਪ ਸ਼੍ਰੋ: ਗ: ਪ੍ਰ: ਕਮੇਟੀ ਦੇ ਪ੍ਰਧਾਨ ਥਾਪੇ ਗਏ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਚਾਬੀਆਂ ਦੇ ਮੋਰਚੇ ਸਮੇਂ ਆਪ ਗ੍ਰਿਫਤਾਰ ਕੀਤੇ ਗਏ ਅਤੇ ਮੋਰਚੇ ਵਿਚ ਸਫਲਤਾ ਹੋ ਜਾਣ ਤੇ ਡੀ. ਸੀ. ਅੰਮ੍ਰਿਤਸਰ ਨੇ ਸ੍ਰੀ ਅਕਾਲ ਤਖਤ ਸਾਹਿਬ ਆ ਕੇ ਇਹ ਚਾਬੀਆਂ ਸ: ਖੜਕ ਸਿੰਘ ਜੀ ਨੂੰ ਦਿਤੀਆਂ। ਗੁਰਦਵਾਰਾ ਗੁਰੂ ਕਾ ਬਾਗ ਭਾਈ ਫੇਰੂ ਅਤੇ ਗੁਰਦਵਾਰਾ ਗੰਗ ਸਰ (ਜੈਤੋ) ਦੇ ਮੋਰਚੇ ਸਫਲਤਾ ਨਾਲ ਚਲਾਉਣ ਦਾ ਅਵਸਰ ਭੀ ਆਪ ਨੂੰ ਅਤੇ ਆਪ ਦੇ ਭਤੀਜੇ ਰਸਾਲਦਾਰ ਸੁੰਦਰ ਸਿੰਘ ਨੂੰ ਪ੍ਰਾਪਤ ਸੀ।

ਸ: ਖੜਕ ਸਿੰਘ ਜੀ ਪੰਜਾਬ ਨੈਸ਼ਨਲ ਕਾਂਗਰਸ ਦੇ ਮੁਖੀ



Digitized by Panjab Digital Library | www.panjabdigilib.org

ਕਾਰਕੁਨਾਂ ਵਿਚੋਂ ਸਨ। ਆਪ ਨੂੰ ਗ੍ਰਿਫਤਾਰ ਕਰਕੇ ਡੇਰਾ ਗਾਜ਼ੀ ਖਾਂ ਜੇਹਲ ਵਿਚ ਬੰਦ ਕੀਤਾ ਗਿਆ ਜਿਥੇ ਆਪ ਸਾਰਾ ਸਮਾਂ ਹੀ ਅਤਿ ਦੀ ਗਰਮੀ ਤੇ ਸਰਦੀ ਵਿਚ ਨੰਗੇ ਪਿੰਡੇ ਜੇਹਲ ਦੀਆਂ ਸੀਖਾਂ ਪਿਛੇ ਡਕੇ ਰਹੇ। ਆਪ ਤੇ ਕੌਮ ਨੂੰ ਇਤਨਾ ਫਖਰ ਤੇ ਮਾਨ ਸੀ ਕਿ ਕੀ ਹਿੰਦੂ ਤੇ ਕੀ ਸਿਖ ਅਖਬਾਰ ਆਪ ਨੂੰ 'ਸਿਖਾਂ ਦਾ ਬੇਤਾਜ ਬਾਦਸ਼ਾਹ' ਲਿਖਿਆ ਕਰਦੇ ਸੀ।

ਇਕ ਵੇਰ ਲਾਹੌਰ ਦੇ ਇਕ ਹਿੰਦੂ ਅਖਬਾਰ ਨੇ ਇਕ ਕਾਰਟੂਨ ਪ੍ਰਕਾਸ਼ਤ ਕੀਤਾ ਜਿਸ ਵਿਚ ਬਾਬਾ ਖੜਕ ਸਿੰਘ ਜੀ ਦੇ ਲਕ ਨਾਲ ਰਸੇ ਬਧੇ ਹੋਏ ਸਨ ਅਤੇ ਇਨਾਂ ਰਸਿਆਂ ਨਾਲ ਇਕ ਨਾਲ ਮਹਾਤਮਾਂ ਗਾਂਧੀ ਦੂਜੇ ਨਾਲ ਪੰਡਤ ਮੋਤੀ ਲਾਲ ਨਹਿਰੂ, ਤੀਜੇ ਨਾਲ ਡਾਕਟਰ ਕਿਚਲੂ ਅਤੇ ਇਸ ਤਰਾਂ ਹੋਰ ਕਈ ਬਧੇ ਹੋਏ ਸਨ ਅਤੇ ਬਾਬਾ ਜੀ ਇਨਾਂ ਸਾਰਿਆਂ ਨੂੰ ਜਿਲ੍ਹਣ ਵਿਚੋਂ ਧਰੂਹ ਕੇ ਕਢੀ ਲੈ ਜਾ ਰਹੇ ਸਨ। ਬਾਬਾ ਜੀ ਦੀ ਹਰ ਸਾਲ ਗਿਰਹ ਸਮੇਂ ਹੁਣ ਤਕ ਪੰਡਤ ਜਵਾਹਰ ਲਾਲ ਨਹਿਰੂ ਅਤੇ ਡਾ: ਰਾਜਿੰਦਰ ਪ੍ਰਸ਼ਾਦ ਜੀ ਆਪ ਨੂੰ ਤੁਹਫੇ ਤੇ ਵਧਾਈਆਂ ਭੇਜਦੇ ਹਨ ਇਹ ਮਾਨ ਆਪ ਨੂੰ ਦੇਸ਼ ਤੇ ਕੌਮ ਦੀ ਕੀਤੀ ਸੇਵਾ ਪਿਛੇ ਹੀ ਪ੍ਰਾਪਤ ਹੋਇਆ ਹੈ।

ਆਪ ਦਾ ਗੁਰੂ ਘਰ ਨਾਲ ਅਤੁਟ ਪਿਆਰ ਹੈ ਅਤੇ ਸਿਖੀ ਰਹੁ ਰੀਤ ਅਤੇ ਗੁਰਬਾਣੀ ਤੇ ਆਪ ਦੀ ਪੂਰੀ ਸ਼ਰਧਾ ਹੈ ਆਪ ਦਾ ਦੀਦਾਰ ਭੀ ਗੁਰ ਸਿਖਾਂ ਵਾਲਾ ਹੈ।

## ਭਾਈ ਮੂਲ ਸਿੰਘ ਗਰਮੂਲਾ

ਭਾਈ ਮੂਲ ਸਿੰਘ ਜੀ ਪਿੰਡ ਗਰਮੂਲਾ ਜ਼ਿਲਾ ਗੁਜਰਾਂਵਾਲਾ ਦੇ ਵਿਰਕ ਖਾਨਦਾਨ ਵਿਚੋਂ ਸਨ ਆਪ ਨੇ ਛੋਟੀ ਉਮਰ ਵਿਚ ਇਕ ਮੌਲਵੀ ਪਾਸੋਂ ਉਰਦੂ ਫਾਰਸੀ ਅਤੇ ਅਰਬੀ ਦੀ ਤਾਲੀਮ ਹਾਸਲ ਕੀਤੀ। ਇਨਾਂ ਬੋਲੀਆਂ ਦੀ ਇਨਾਂ ਨੂੰ ਖਾਸੀ ਮਹਾਰਤ ਸੀ ਬਲ ਕਿ ਫਾਰਸੀ ਦੇ ਉਘੇ ਕਵੀ ਸ਼ੇਖ ਸਾਦੀ ਅਤੇ ਫਿਰਦੌਸੀ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਤੇ ਅਰਬੀ ਵਿਚ ਕੁਰਾਨ ਮਜੀਦ ਦੇ ਕਈ



Digitized by Panjab Digital Library | www.panjabdigilib.org

ਸੁਪਾਰੇ ਇਨਾਂ ਨੂੰ ਜ਼ਬਾਨੀ ਕੰਠ ਸਨ। ਇਨਾਂ ਦਾ ਹਾਫਜ਼ਾ-ਯਾਦ ਸ਼ਕਤੀ ਬਹੁਤ ਤੇਜ਼ ਸੀ ਅਤੇ ਜੋ ਕੁਝ ਇਹ ਦੋ ਚਾਰ ਵੇਰ ਵੇਖ ਲੈਂਦੇ ਇਨ੍ਹਾਂ ਨੂੰ ਚੇਤੇ ਹੋ ਜਾਂਦਾ। ਹਿਕਮਤ ਦਾ ਛੋਟੀ ਅਵਸਥਾ ਤੋਂ ਹੀ ਬੜਾ ਸ਼ੌਕ ਸੀ ਅਤੇ ਆਪਣੇ ਅਭਿਆਸ ਦੁਆਰਾ ਇਨ੍ਹਾਂ ਨੇ ਇਸ ਵਿਚ ਭੀ ਅਛੀ ਨਿਪੁੰ-ਨਤਾ ਹਾਸਲ ਕੀਤੀ ਅਤੇ ਇਸ ਗੁਣ ਕਾਰਨ ਲੋਕਾਂ ਵਿਚ ਅਛਾ ਮਾਨ ਪਾਇਆ। ਸ੍ਰੀ ਗੁਰੂ ਗ੍ਰੰਥ ਸਾਹਿਬ, ਦੀਵਾਨ ਗੋਇਆ (ਰਚਨਾ ਭਾਈ ਸਾਹਿਬ ਨੰਦ ਲਾਲ ਜੀ) ਅਤੇ ਵਾਰਾਂ ਭਾਈ ਗੁਰਦਾਸ ਜੀ ਦੀ ਅਛੀ ਖੋਜ ਭਰੀ ਵੀਚਾਰ ਕੀਤੀ ਅਤੇ ਸਿਖ ਇਤਿਹਾਸ ਨਾਲ ਭੀ ਅਛੀ ਜਾਣ ਪਛਾਣ ਬਣਾਈ ਇਹ ਸਾਰੀਆਂ ਗੱਲਾਂ ਭਾਈ ਸਾਹਿਬ ਨੂੰ ਗੁਰਮਤ ਪ੍ਰਚਾਰ ਦੇ ਮੈਦਾਨ ਵਿਚ ਲਿਆਉਣ ਲਈ ਬਹੁਤ ਉਤਸ਼ਾਹ ਜਨਕ ਸਾਬਤ ਹੋਈਆਂ ਕੁਦਰਤ ਨੇ ਸਰੂ ਵਾਂਙ ਲੰਬਾ ਭਰਵਾਂ ਸਰੀਰ ਅਤੇ ਰੋਹਬ ਭਰਿਆ ਚੇਹਰਾ ਮੋਹਰਾ ਦਿਤਾ ਸੀ ਅਖਾਂ ਅਤੇ ਮਸਤਕ ਤੋਂ ਕਿਸੇ ਬਖਸ਼ਸ਼ ਦੇ ਪਾਤਰ ਦਿਸਦੇ ਸਨ ਅਤੇ ਗਲਾ ਭੀ ਸੁਰੀਲਾ ਅਤੇ ਉਚੀ ਸੁਰ ਵਾਲਾ ਸੀ ਰਾਗ ਦੀ ਭੀ ਅਛੀ ਪਛਾਣ ਸੀ ਅਤੇ ਲੋੜ ਅਨੁਸਾਰ ਕਾਵ ਰਚਨਾਂ ਕਰ ਲੈਣ ਦਾ ਭੀ ਢਬ ਸੀ—ਇਹ ਸਾਰੇ ਗੁਣ ਹੀ ,ਆਪ ਨੂੰ ਚੋਟੀ ਦਾ ਪ੍ਰਚਾਰਕ ਬਨਾਉਣ ਵਿਚ ਬੜੇ ਸਹਾਈ ਹੋਏ।

ਇਹ ਜ਼ਮਾਨਾ ਸਿੰਘ ਸਭਾ ਦਾ ਸੀ ਜਦੋਂ ਸਿਆਣੇ ੨ ਸਿਖ ਪੁਰਾਤਨ ਹਿੰਦੂ ਰਹੁ ਰੀਤ ਦੀ ਸਿਖਾਂ ਉਤੇ ਪੈਂਦੀ ਜਾ ਰਹੀ ਛਟ ਨੂੰ ਉਤਾਰ ਕੇ ਮੁੜ ਸਿਧਾ ਪਧਰਾ ਸਿਖੀ ਦਾ ਰਾਹ ਚਲਾਉਣ ਦੇ ਆਹਰ ਵਿਚ ਸਨ ਅਤੇ ਭਾਈ ਮੂਲ ਸਿੰਘ ਵਰਗੇ ਸਾਫ ਦਿਲ ਦਿਮਾਗ ਰਖਣ ਵਾਲੇ ਗੁਰ ਸਿਖ ਦੀ ਵਡੀ ਲੋੜ ਪ੍ਰਤੀਤ ਹੁੰਦੀ ਸੀ ; ਆਪ ਝਟ ਮੈਦਾਨ ਵਿਚ ਆ ਗਏ ਅਤੇ ਥੋੜੇ ਸਮੇਂ ਵਿਚ ਹੀ ਲੋਕਾਂ ਉਤੇ ਇਤਨਾ ਪ੍ਰਭਾਵ ਪਾਇਆ ਕਿ ਪੰਜਾਬ ਭਰ ਵਿਚ ਬਲ ਕਿ ਪੰਜਾਬ ਤੋਂ ਬਾਹਰ ਭੀ ਵਿਰਲਾ ਹੀ ਸਿਖ ਦੀਵਾਨ ਹੁੰਦਾ ਸੀ ਜਿਥੇ ਇਹ ਨਾ ਪੁਜਦੇ। ਚੂੰਕਿ ਜ਼ਾਤ ਪਾਤ ਤੇ ਰਸਮਾਂ ਰੀਤਾ ਦਾ ਖੰਡਨ ਅਤੇ ਹਰ ਪ੍ਰਾਣੀ ਪਾਤਰ ਨੂੰ ਭਾਵੇਂ



Digitized by Panjab Digital Library | www.panjabdigilib.org

ਉਹ ਕਿਸੇ ਮਤ ਦਾ ਭੀ ਕਿਉਂ ਨਾ ਹੋਵੇ ਅੰਮ੍ਰਿਤ ਛਕਾ ਕੇ ਸਿਖ ਸਜਾ ਲੈਣਾ ਇਨਾਂ ਆਪਣਾ ਨੇਮ ਬਣਾਇਆ ਹੋਇਆ ਸੀ ਅਤੇ ਸੁਧੀ ਦੇ ਬੜੇ ਹਾਮੀ ਸਨ ਇਸ ਲਈ ਬਹੁਤ ਥਾਈਂ ਸਿਖਾਂ ਵਲੋਂ ਭੀ ਆਪ ਦੀ ਵਿਰੋਧਤਾ ਹੁੰਦੀ ਅਤੇ ਕਈ ਵੇਰ ਲੋਕ ਹਥੋ ਪਾਈ ਤੇ ਭੀ ਉਤਰ ਆਉਂਦੇ ਇਸ ਤਰਾਂ ਦੇ ਕਈ ਵਾਕਿਆਤ ਪਾਠਕ ਪਿਛੇ ਪੜ੍ਹ ਭੀ ਚੁਕੇ ਹਨ। ਆਪ ਦਾ ਦੀਦਾਰ ਅਤੇ ਕਥਨ ਕਿਤਨੇ ਪ੍ਰਭਾਵਸ਼ਾਲੀ ਸਨ, ਇਸ ਦੀਆਂ ਇਕ ਦੋ ਮਿਸਾਲਾਂ ਹੇਠਾਂ ਦਿਤੀਆਂ ਜ ਦੀਆ ਹਨ।

੧੯੦੪ ਵਿਚ ਜਦੋਂ ਭਾਈ ਮੂਲ ਸਿੰਘ ਜੀ ਨੇ ਵਰਣ ਪਿੰਡ ਜੋੜ ਮੇਲੇ ਸਮੇਂ ਸੁਧੀ ਦਾ ਪਰਚਾਰ ਕੀਤਾ ਤਾਂ ਕਈ ਨੌਜਵਾਨ ਸਿਖ ਇਨਾਂ ਦੇ ਉਲਟ ਹੋ ਗਏ। ਥੋੜੇ ਦਿਨਾਂ ਮਗਰੋਂ ਜਦੋਂ ਇਹਨਾਂ ਦੂਜੀ ਵੇਰ ਵਰਣਾਂ ਵਿਚ ਦੀਵਾਨ ਰਖਿਆ ਤਾਂ ਇਕ ਹਾਕਮ ਸਿੰਘ ਨਾਮੇ ਆਦਮੀ ਦੇ ਘਰ ਇਹ ਨੌਜਵਾਨ ਇਕਠੇ ਹੋਏ ਅਤੇ ਭਾਈ ਸਾਹਿਬ ਦੇ ਉਲਟ ਵਧ ਘਟ ਗੱਲਾਂ ਕੀਤੀਆਂ। ਇਕ ਨੇ ਕਿਹਾ ਕਿ "ਵੇਖੋ ਯਾਰੋ ਕੇਡੇ ਹਨੇਰ ਦੀ ਗੱਲ ਹੈ ਇਹ ਸਾਡੇ ਪਿੰਡ ਆ ਕੇ ਮੁਸਲਮਾਨਾਂ ਨੂੰ ਸਾਡੇ ਨਾਲ ਰਲਾਉਂਦਾ ਤੇ ਸਾਡਾ ਹਿੰਦੂ ਧਰਮ ਭਰਿਸ਼ਟ ਕਰਦਾ ਹੈ ਤੇ ਅਸੀਂ ਕੁਸਕ ਨਹੀਂ ਸਕਦੇ" ਇਕ ਹੋਰ ਨੇ ਗੰਦੀ ਗਾਹਲ, ਕਢ ਕੇ ਅਜ ਦੇ ਭਰੇ ਦੀਵਾਨ ਵਿਚ ਭਾਈ ਮੂਲ ਸਿੰਘ ਨੂੰ ਮੂੰਹ ਪਰ ਛਿਤਰ ਮਾਰਨ ਦਾ ਦਾਹਵਾ ਕੀਤਾ, ਪ੍ਰੰਤੂ ਵਿਚੋਂ ਇਕ ਹੋਰ ਨੇ ਆਖਿਆ "ਸਾਡੇ ਪਿੰਡ ਵਿਚ ਸ਼ਰੀਕੇ ਦਾ ਮੁਆਮਲਾ ਹੈ ਸਾਨੂੰ ਇਸਤਰਾਂ ਨਹੀਂ ਕਰਨਾ ਚਾਹੀਦਾ ਹਾਂ, ਬਾਹਰ ਦਾ ਕੋਈ ਆਦਮੀ, ਜਿਸਤਰਾਂ ਬਹਾਦਰ ਸਿੰਘ ਮਲਾਉ ਜੋ ਪਿੰਡ ਦਜਵਾਈ ਹੈ, ਜੇ ਇਹ ਕੰਮ ਕਰੇ ਤਾਂ ਇਹਨੂੰ ਕਿਸੇ ਕੁਝ ਆਖਣਾ ਨਹੀਂ" ਬਹਾਦਰ ਸਿੰਘ ਵਿਚ ਹੀ ਬੈਠਾ ਸੀ ਓਹ ਝਟ ਤਿਆਰ ਹੋ ਗਿਆ ਅਤੇ ਇਹ ਸਾਰੇ ਇਹ ਮਤਾ ਪਕਾ ਕੇ ਦੀਵਾਨ ਦੇ ਇਕ ਢੰਨੇ ਬੈਠ ਗਏ, ਬਹਾਦਰ ਸਿੰਘ ਨੇ ਬੈਠਣ ਸਾਰ ਹੀ ਆਪਨੇ ਪੈਰੋਂ ਛਿਤਰ ਲਾਹ ਕੇ ਹਥ ਵਿਚ ਫੜ ਲਿਆ ਅਤੇ ਭਾਈ ਮੂਲ ਸਿੰਘ



Digitized by Panjab Digital Library | www.panjabdigilib.org

ਵੱਲ ਨੂੰ ਵਧਿਆ, ਪਰ ਨੇੜੇ ਪੁਜ ਜਦੋਂ ਉਸ ਨੇ ਉਨ੍ਹਾ ਦੇ ਚੇਹਰੇ ਵੱਲ ਤਕਿਆ ਤਾਂ ਇਸ ਦੇ ਮਨ ਤੇ ਕੋਈ ਅਜੇਹਾ ਅਸਰ ਹੋਇਆ ਕਿ ਇਸ ਨੇ ਓਹ ਛਿਤਰ ਆਪਨੇ ਮੂੰਹ ਤੇ ਮਾਰਿਆ ਅਤੇ ਉਚੀ ੨ ਆਖਣਾ ਸ਼ੁਰੂ ਕਰ ਦਿਤਾ "ਮੈਂ ਪਾਪੀ ਮੈਂ ਪਾਪੀ" ਅਤੇ ਬੇ ਸੁਧ ਹੋ ਕੇ ਡਿਗ ਪਿਆ। ਭਾਈ ਸਾਹਿਬ ਨੇ ਲੈਕਚਰ ਬੰਦ ਕਰ ਕੇ ਇਸ ਦੇ ਹਥਾਂ ਪੈਰਾਂ ਦੀ ਮਾਲਸ ਕਰਵਾਈ, ਥੋੜੇ ਚਿਰ ਪਿਛੋਂ ਇਸ ਨੂੰ ਹੋਸ਼ ਆਈ ਅਤੇ ਇਹ ਪਸਚਾਤਾਪ ਕਰਦਾ ਹੋਇਆ ਬਾਹਰ ਚਲਿਆ ਗਿਆ। ਝੱਬਰ ਜੀ ਦੀਵਾਨ ਵਿਚ ਮੌਜੂਦ ਸਨ ਅਤੇ ਉਨ੍ਹਾਂ ਇਹ ਸਾਰੀ ਘਟਨਾ ਆਪਨੀ ਅਖੀਂ ਦੇਖੀ।

ਝੱਬਰ ਜੀ ਭਾਈ ਮੂਲ ਸਿੰਘ ਜੀ ਪਾਸੋਂ ਹੀ ਅੰਮ੍ਰਿਤ ਛਕਿਆ ਸੀ ਅਤੇ ਉਨ੍ਹਾਂ ਤੇ ਬੜੀ ਸ਼ਰਧਾ ਹੋ ਗਈ ਸੀ। ਇਸ ਤੋਂ ਪਿਛੋਂ ਝੱਬਰ ਨੇ ਤਿੰਨ ਜੋੜ ਮੇਲੇ ਆਪਨੇ ਪਿੰਡ ਝੱਬਰਾਂ ਵਿਖੇ ਕਰਵਾਏ ਅਤੇ ਤਿੰਨੇ ਵੇਰ ਹੀ ਭਾਈ ਮੂਲ ਸਿੰਘ ਨੂੰ ਉਥੇ ਬੁਲਵਾਇਆ। ਇਨਾ ਦੇ ਪਿੰਡ ਵਿਚ ਮਾਲੇ ਕੀ ਪਤੀ ਇਕ ਲਧਾ ਰਾਮ ਨਾਮੀ ਧਨਾਢ ਵਿਅਕ ਰਹਿੰਦਾ ਸੀ ਜਿਸ ਦੇ ਘਰ ਬਾਲ ਬਚਾ ਨਹੀਂ ਸੀ ਅਤੇ ਉਹ ਆਪਨੀ ਜਾਇਦਾਦ ਸ਼ਰਾਬ ਵਿਚ ਰੋੜ੍ਹ ਰਿਹਾ ਸੀ ਜਦੋਂ ਸੰਨ ੧੯੦੭ ਵਿਚ ਝੱਬਰੀਂ ਜੋੜ ਮੇਲਾ ਹੋਇਆ ਤਾਂ ਉਸ ਨੂੰ ਇਕ ਦੂਲਾ ਮੱਲ ਨਾਮੀ ਪ੍ਰੇਮੀ ਸਹਿਜਧਾਰੀ ਨੇ ਪ੍ਰੇਰ ਕੇ ਦੀਵਾਨ ਵਿਚ ਲਿਆਂਦਾ ਅਤੇ ਭਾਈ ਮੂਲ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਲਧਾਰਾਮ ਦੀ ਅਰਦਾਸ ਕਰੋ ਕਿ ਇਸ ਦੇ ਘਰ ਬਚਾ ਹੋਵੇ। ਭਾਈ ਸਾਹਿਬ ਨੇ ਉਸ ਪਾਸੋਂ ਪ੍ਰਣ ਲਿਆ ਕਿ ਉਹ ਬਚੇ ਨੂੰ ਸਿਖ ਬਣਾ ਕੇ ਕੇਸ ਰਖਾਵੇਗਾ। ਚੁਨਾਂਚਿ ਸੰਗਤ ਵਿਚ ਗੁਰੂ ਜੀ ਦੇ ਹਜ਼ੂਰ ਅਰਦਾਸਾ ਸੋਧਿਆ ਗਿਆ, ਅਗਲੇ ਸਾਲ ਹੀ ਲਧਾਰਾਮ ਦੇ ਘਰ ਪੁਤਰ ਜੰਮਿਆ ਜਿਸਦਾ ਨਾਮ ਬੂਟਾ ਸਿੰਘ ਰਖ ਕੇ ਉਸ ਨੂੰ ਕੇਸਾਧਾਰੀ ਬਨਾਇਆ। ਮੁੰਡੇ ਦੇ ਨਾਨਕੇ ਪਿੰਡ ਇਕ ਮੁਸਲਮਾਨ ਸਯੱਦ ਰਹਿੰਦਾ ਸੀ, ਜਿਸ ਤੇ ਲੋਕਾਂ ਦੀ ਬੜੀ ਸ਼ਰਧਾ ਸੀ। ਮੁੰਡੇ ਦੀ ਨਾਨੀ ਨੇ



Digitized by Panjab Digital Library | www.panjabdigilib.org

ਉਸ ਸੱਯਦ ਪਾਸੋਂ ਇਕ ਤਾਵੀਤ ਲੈ ਕੇ ਮੁੰਡੇ ਦੇ ਗਲ ਬੰਨ੍ਹ ਦਿਤਾ। ਇਸ ਗੱਲ ਨੂੰ ਸਤ ਅਠ ਸਾਲ ਬੀਤ ਗਏ ਇਕ ਦਿਨ ਬੂਟਾ ਸਿੰਘ ਦੀ ਨਾਨੀ ਫਿਰ ਉਸ ਸਯੱਦ ਪਾਸ ਗਈ ਤੇ ਉਸ ਨੂੰ ਕਿਹਾ ਕਿ 'ਹੁਣ ਤਾਂ ਤੁਹਾਡਾ ਬਾਲਕਾ ਤਕੜਾ ਹੋ ਗਿਆ ਹੈ ਤੁਸੀਂ ਮੇਰੇ ਨਾਲ ਚਲੋ ਤਾਂ ਅਸੀਂ ਤੁਹਾਨੂੰ ਉਸ ਬਾਲਕੇ ਵਲੋਂ ਨਿਆਜ਼ ਪੇਸ਼ ਕਰੀਏ" ਸਯੱਦ ਬੜਾ ਰਾਜ਼ੀ ਹੋਇਆ ਅਤੇ ਉਸ ਬੁਢੀ ਦੇ ਨਾਲ ਝੱਬਰੀਂ ਆ ਗਿਆ, ਲਧਾਰਾਮ ਦੇ ਘਰ ਉਸ ਦਾ ਬੜਾ ਆਦਰ ਹੋਇਆ ਅਤੇ ਉਸ ਦੇ ਘਰੋਂ ਚੌਧਰਾਣੀ ਨੇ ਪੀਰ ਜੀ ਲਈ ਦੁਧ ਦਾ ਛੰਨਾ ਭਰਕੇ ਕਾਕੇ ਬੂਟਾ ਸਿੰਘ ਦੇ ਹਥੀਂ ਭੇਜਿਆ। ਸਯੱਦ ਨੇ ਪੁਛਿਆ ਇਹ ਬਾਲ ਕੌਣ ਹੈ ਅਤੇ ਜਦੋਂ ਉਸ ਨੂੰ ਦਸਿਆ ਗਿਆ ਕਿ 'ਇਹੋ ਹੀ ਤਾਂ ਆਪ ਦਾ ਬਾਲਕਾ ਹੈ ਜਿਸਦੀ ਨਿਆਜ਼ ਆਪ ਨੂੰ ਦੇਣੀ ਹੈ' ਤਾਂ ਸਯੱਦ ਨੂੰ ਬੜਾ ਰੋਹ ਚੜ੍ਹ ਗਿਆ ਤੇ ਆਖਿਆ "ਤੁਸਾਂ ਸਾਡਾ ਬਾਲਕਾ ਕਾਫਰ ਕਰ ਦਿਤਾ ਹੈ ਅਸੀਂ ਇਸਦੇ ਹਥੋਂ ਦੁਧ ਨਹੀਂ ਪੀਣਾ।" ਬੜੇ ਮਿੰਨਤ ਤਰਲੇ ਕੀਤੇ ਪਰ ਪੀਰ ਜੀ ਨੇ ਇਕ ਨਾ ਮੰਨੀ। ਅਖੀਰ ਕਿਹਾ ਕਿ 'ਜੇ ਇਸ ਦੇ ਵਾਲ ਮੁੰਨ ਦਿਓ ਤਾਂ ਦੁਧ ਪੀਵਾਂਗਾ" . ਜ਼ਨਾਨੀਆਂ ਜੋ ਬਹੁਤ ਘਬਰਾ ਗਈਆਂ ਸਨ ਝਟ ਮੰਨ ਗਈਆਂ ਅਤੇ ਉਸੇ ਵੇਲੇ ਨਾਈ ਨੂੰ ਬੁਲਾ ਕੇ ਮੁੰਡੇ ਦੇ ਕੇਸ ਕਟਾ ਦਿਤੇ ਅਤੇ ਪੀਰ ਜੀ ਨੂੰ ਦੁਧ ਪਿਵਾਇਆ, ਪੀਰ ਜੀ ਤਾਂ ਦੁਧ ਪੀ ਬਾਹਰ ਚਲੇ ਗਏ ਪ੍ਰੰਤੂ ਬੂਟਾ ਸਿੰਘ ਦੀ ਹਾਲਤ ਬਦਲਨੀ ਸ਼ੁਰੂ ਹੋ ਗਈ ਸਿਰ ਪੀੜ ਨਾਲ ਮੁੰਡੇ ਦਾ ਰੰਗ ਬਦਲਦਾ ਜਾਵੇ, ਨੌਕਰਾਂ ਨੇ ਦੌੜ ਕੇ ਖੂਹ ਤੋਂ ਲਧਾਰਾਮ ਨੂੰ ਬੁਲਾ ਲਿਆਂਦਾ। ਜਾਂ ਉਸ ਨੇ ਆ ਕੇ ਬਚੇ ਨੂੰ ਗੋਦੀ ਵਿਚ ਲਿਆ ਤੇ ਉਸ ਦਾ ਸਿਰ ਮੁੰਨਿਆ ਹੋਇਆ ਵੇਖਿਆ ਤਾਂ ਬੜਾ ਦੁਖੀ ਹੋਇਆ, ਪੁਛਣ ਤੇ ਸਾਰੀ ਗੱਲ ਦਾ ਪਤਾ ਲਗਾ, ਲਧਾਰਾਮ ਨੇ ਕਿਹਾ 'ਤੁਸਾਂ ਬੜਾ ਪਾਪ ਕੀਤਾ ਹੈ, ਇਸ ਨੇ ਹੁਣ ਨਹੀਂ ਬਚਨਾ" ਮੁੰਡਾ ਉਸੇ ਰਾਤ ਹੀ ਮਰ ਗਿਆ ਅਤੇ ਲਧਾ ਰਾਮ ਭੀ ਪਿਛੋਂ ਲਾਵਲਦ ਹੀ ਮਰਿਆ। ਇਹ ਸਾਰੀ ਘਟਨਾ



Digitized by Panjab Digital Library | www.panjabdigilib.org

ਝੱਬਰ ਜੀ ਦੀ ਅਖੀਂ ਵੇਖੀ ਲਿਖੀ ਹੈ।

ਇਕ ਦਿਨ ਖਾਲਸਾ ਕਾਲਜ ਅੰਮ੍ਰਿਤਸਰ ਦਾ ਇਕ ਨੌਜਵਾਨ ਵਿਦਿਆਰਥੀ ਸਰਦਾਰ ਸੁੰਦਰ ਸਿੰਘ ਜੀ ਮਜੀਠਾ ਦੀ ਚਿਠੀ ਲੈ ਕੇ ਭਾਈ ਮੂਲ ਸਿੰਘ ਜੀ ਪਾਸ ਗਰਮੂਲੇ ਪੁਜਾ। ਚਿਠੀ ਦਿਤੀ. ਭਾਈ ਸਾਹਿਬ ਦੇ ਪੁਛਣ ਤੇ ਇਸ ਲੜਕੇ ਨੇ ਬੇਨਤੀ ਕੀਤੀ ਕਿ ਸ੍ਰੀ ਮਾਨ ਜੀ ਸਾਡਾ ਨਗਰ. ਮੁਸਲਮਾਨਾ ਦਾ ਹੈ ਤੇ ਅਸਾਂ ਆਪਣੀ ਭੈਣ ਦਾ ਵਿਵਾਹ ਗੁਰਮਤ ਅਨੁਸਾਰ ਕਰਨਾ ਹੈ। ਸਾਡੇ ਸ਼ਰੀਕੇ ਨੇ ਮੁਸਲਮਾਨਾਂ ਨੂੰ ਸਾਡੇ ਖਿਲਾਫ਼ ਚੁਕਿਆ ਹੈ। ਤੁਸੀਂ ਮੇਰੇ ਨਾਲ ਚਲੋ ਤੇ ਗੁਰਮਤ ਵਿਵਾਹ ਕਰਾਓ। ਤਾਂ ਭਾਈ ਸਾਹਿਬ ਨੇ ਪੁਛਿਆ "ਕਾਕਾ ਤੇਰਾ ਨਾਮ ਕੀ ਹੈ?" ਉਸ ਆਪਣਾ ਨਾਮ ਸੇਵਾ ਰਾਮ ਦਸਿਆ, ਤਾਂ ਭਾਈ ਸਾਹਿਬ ਜੀ ਨੇ ਕਿਹਾ ਕਿ ਤੂੰ ਗੁਰਮਤ ਕੀ ਕਰਨੀ ਹੈ ਤੂੰ ਤਾਂ ਆਪ ਹੀ ਸਿਖ ਨਹੀਂ? ਪਹਿਲਾਂ ਤੈਨੂੰ ਅੰਮ੍ਰਿਤ ਛਕਨਾ ਚਾਹੀਦਾ ਹੈ। ਲੜਕੇ ਨੇ ਕਿਹਾ ਮਹਾਰਾਜ ਮੈਨੂੰ ਕੋਈ ਇਤਰਾਜ਼ ਨਹੀਂ ਮੈਨੂੰ ਹੀ ਚਲ ਕੇ ਅੰਮ੍ਰਿਤ ਛਕਾ ਦਿਓ। ਆਪ ਉਸ ਲੜਕੇ ਦੇ ਨਾਲ ਜ਼ਿਲਾ ਰਾਵਲ ਪਿੰਡੀ ਵਿਖੇ ਉਸ ਦੇ ਪਿੰਡ ਪੁਜੇ ਅਤੇ ਉਹਨਾਂ ਦੇ ਘਰ ਜਾ ਕੇ ਸਾਰੇ ਪ੍ਰਵਾਰ ਨੂੰ ਅੰਮ੍ਰਿਤ ਛਕਾਇਆ। ਉਹ ਲੜਕਾ ਸੇਵਾ ਰਾਮ ਤੋਂ ਸੇਵਾ ਰਾਮ ਸਿੰਘ ਬਨਿਆ। ਇਹ ਉਹੋ ਹੀ ਸ: ਸੇਵਾ ਰਾਮ ਸਿੰਘ ਸਨ ਜਿਹੜੇ ਪਿਛੋਂ ਸੈਸ਼ਨ ਜੱਜ ਬਣੇ।

ਗਰਮੀ ਦੀ ਰੁਤ ਸੀ, ਵਿਵਾਹ ਵਾਲੇ ਘਰ ਰਾਤ ਨੂੰ ਉਹਨਾਂ ਨੇ ਕੋਠੇ ਤੇ ਦੀਵਾਨ ਲਾਇਆ, ਭਾਈ ਮੂਲ ਸਿੰਘ ਜੀ ਦੇ ਪਰਚਾਰ ਦਾ ਤਰੀਕਾ ਇਹ ਸੀ ਕਿ ਉਹਨਾਂ ਦਾ ਆਪਣਾ ਰਾਗੀ ਜਥਾ ਉਹਨਾਂ ਦੇ ਨਾਲ ਹੁੰਦਾ ਸੀ। ਉਠ ਕੇ ਖੜੇ ਹੋ ਜਾਣਾ, ਗੁਰੂ ਬਾਣੀ ਦਾ ਸ਼ਬਦ ਪੜ੍ਹਣਾ, ਵਿਆਖਿਆ ਕਰਨੀ ਤੇ ਬੜੇ ੨ ਆਲਮਾਂ ਦੇ, ਅਤੇ ਅਣ ਧਾਰਮਕ ਪੁਸਤਕਾਂ ਤੋਂ, ਅਤੇ ਕੁਰਾਨ ਸ਼ਰੀਫ਼ ਆਦਿਕ ਤੋਂ ਪਰਮਾਣ ਦੇਣੇ। ਆਪ ਨੇ ਆਪਣੇ ਲੈਕਚਰ ਵਿਚ ਸ਼ੇਖ ਸਾਦੀ, ਹਾਫ਼ਿਜ਼, ਗੋਇਆ ਅਤੇ



Digitized by Panjab Digital Library | www.panjabdigilib.org

ਕੁਰਾਨ ਮਜੀਦ ਆਦਿ ਵਿਚੋਂ ਪਰਮਾਣ ਦਿਤੇ, ਰਾਤ ਦਾ ਇਕ ਵਜ ਗਿਆ, ਸਮਾਪਤੀ ਸਮੇਂ ਏਲਾਨ ਕੀਤਾ ਕਿ ਸਵੇਰ ਨੂੰ ਗੁਰਮਤ ਅਨੁਸਾਰ ਵਿਵਾਹ ਹੋਵੇ, ਸਾਰੇ ਲੋਕ ਆ ਕੇ ਸੁਣੋ, ਤਾਂ ਜ਼ੈਲਦਾਰ ਨੇ ਪੁਛਿਆ ਕਿ ਸਰਦਾਰ ਸਾਹਿਬ ਮੁਸਲਮਾਨ ਭੀ ਸੁਣ ਸਕਦੇ ਹਨ ? ਉਤਰ ਮਿਲਿਆ ਕਿ ਬੜੀ ਖੁਸ਼ੀ ਨਾਲ ਆਓ। ਸਵੇਰੇ ਗੁਰਮਤ ਅਨੁਸਾਰ ਵਿਵਾਹ ਹੋਇਆ, ਅਨੰਦ ਕਾਰਜ ਤੋਂ ਪਰਸੰਨ ਹੋ ਕੇ ਮੁਸਲਮਾਨਾ ਨੇ ਬਿਨੈ ਕੀਤੀ ਕਿ ਤੁਸੀਂ ਇਕ ਦਿਨ ਠਹਿਰੋ ਅਤੇ ਸਾਡੇ ਦਾਰੇ ਵਿਚ ਲੈਕਚਰ ਦਿਓ। ਆਪ ਠਹਿਰ ਗਏ ਤੇ ਦਾਰੇ ਵਿਚ ਬੜਾ ਪ੍ਰਭਾਵਸ਼ਾਲੀ ਲੈਕਚਰ ਦਿਤਾ। ਅਖੀਰ ਸਾਰੇ ਨਗਰ ਦੇ ਹਿੰਦੂ ਸਿਖ ਮੁਸਲਮਾਨ ਨਾਲ ਆਏ ਤੇ ਵਿਦਿਆ ਕਰਕੇ ਗਏ।

ਭਾਈ ਸਾਹਿਬ ਦੇ ਜੀਵਨ ਵਿਚੋਂ ਇਹ ਦੋ ਤਿੰਨ ਗੱਲਾਂ ਨਮੂਨੇ ਮਾਤਰ ਦਿਤੀਆਂ ਹਨ। ਆਪ ਪੰਥ ਵਿਚ ਇਕ ਮਸ਼ਹੂਰ ਹਸਤੀ ਸਨ। ਆਪ ਜੀ ਨੇ ੧੦੦ ਸਾਲ ਤੋਂ ਉਪਰ ਉਮਰ ਭੋਗੀ ਹੈ। ਗੁਰਮਤ ਪਰਚਾਰ ਦੀ ਅਜੇਹੀ ਲਗਨ ਸੀ ਕਿ ਬਿਰਧ ਹੋਇਆਂ ੨ ਭੀ ਆਪ ਪਰਚਾਰ ਕਰਦੇ ਰਹੇ। ਆਪ ਜੀ ਨੇ ਆਪਣੇ ਜੀਵਣ ਸਮੇਂ ਵਿਚ ਚਾਰ ਪੁਸਤਕ ਭੀ ਲਿਖੇ ਹਨ।

"੧. ਗੁਰੂ ਗਰੀਬ ਨਵਾਜ" ਇਸ ਵਿਚ ਥੋੜਾ ਜਿਹਾ ਪੁਰਾਣੇ ਇਤਿਹਾਸ ਦਾ ਨਮੂਨਾ ਤੇ ਪਖੰਡ ਦਾ ਖੰਡਨ ਕੀਤਾ ਹੋਇਆ ਸੀ।

੨. "ਉਪਕਾਰ ਖਾਲਸਾ" ਇਹ ਸੈਂਚੀ ਜ਼ਾਲਮਾਂ ਤੋਂ ੧੬ ਹਜ਼ਾਰ ਲੜਕੀਆਂ ਕਾਬਲ ਜਾਂਦੀਆਂ ਜ਼ਿਲਾ ਗੁਜਰਾਤ ਤੋਂ ਛੁੜਾ ਕੇ ਉਨ੍ਹਾਂ ਨੂੰ ਹਿੰਦੂਆਂ ਦੇ ਘਰੋ ਘਰੀਂ ਪੁੰਚਾਨ ਦਾ ਪਰਸੰਗ ਹੈ।

੩. "ਖਾਲਸਾ ਚੰਦਨ ਬ੍ਰਿਛ" ਇਸ ਵਿਚ ਭਾਈ ਸੁਬੇਗ ਸਿੰਘ ਜੰਬਰ ਸ਼ਹੀਦ ਨੇ ਆਪਣੀ ਬੀਬ ਸਾਹਿਬ ਕੌਰ ਦਾ ਰਿਸ਼ਤਾ ਗਰਮੂਲੇ ਵਿਰਕਾਂ ਵਿਚ ਸਿਖੀ ਫੈਲਾਨ ਲਈ ਕੀਤਾ ਅਤੇ ਇਸ ਵਿਚ ਗੁਰਮਤ ਅਨੰਦ ਕਾਰਜ ਦੇ ਸਾਰੇ ਨਿਯਮ ਲਿਖੇ ਹਨ।



Digitized by Panjab Digital Library | www.panjabdigilib.org

੪. "ਤਿਬੈ ਮੂਲ" ਪੰਜਾਬੀ ਵਿਚ ਹਿਕਮਤ ਦੀ ਕਿਤਾਬ ਲਿਖੀ, ਜੋ ਬੇ-ਮਸਾਲ ਹੈ।

## ਭਾਈ ਸਾਹਿਬ ਭਾਈ ਵੀਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਕਮਾਲੀਆ ਦਾ ਅਤੇ ਆਪ ਦੀਵਾਨ ਕੌੜਾ-ਮੱਲ (ਖਾਲਸੇ ਜੀ ਦੇ ਮਿਠਾ ਮੱਲ) ਦੇ ਖਾਨਦਾਨ ਵਿਚੋਂ ਸਨ। ਆਪ ਜੀ ਨੇ ਕਲਮ ਦੁਆਰਾ ਗੁਰਮਤ ਪਰਚਾਰ ਦੀ ਅਦੁਤੀ ਸੇਵਾ ਕੀਤੀ ਹੈ ਰਾਣਾ ਸੂਰਤ ਸਿੰਘ, ਬਾਬਾ ਨੌਧ ਸਿੰਘ, ਸੁੰਦਰੀ, ਗੁਰੂ ਨਾਨਕ, ਗੁਰੂ ਕਲਗੀਧਰ, ਅਤੇ ਗੁਰ ਅਸ਼ਟ ਚਮਤਕਾਰ ਅਤੇ ਕਈ ਅਦੁਤੀ ਕਾਵਯ ਰਚਨਾਂ ਉਨਾਂ ਦੀ ਲਾਸਾਨੀ ਸੇਵਾ ਦੀ ਮੂੰਹ ਬੋਲਦੀ ਸਾਖਿਆਤ ਤਸਵੀਰ ਹਨ। ਇਸ ਅਦੁਤੀ ਸੇਵਾ ਦੇ ਕਾਰਨ ਆਪ ਜੀ ਨੂੰ ਗੁਰੂ ਖਾਲਸੇ ਵਲੋਂ ਭਾਈ ਸਾਹਿਬ ਭਾਈ ਵੀਰ ਸਿੰਘ ਅਤੇ ਪੰਜਾਬ ਯੂਨੀ-ਵਰਸਟੀ ਵਲੋਂ ਡਾਕਟਰ ਭਾਈ ਵੀਰ ਸਿੰਘ ਜੀ ਦਾ ਖ਼ਿਤਾਬ ਮਿਲਿਆ ਹੋਇਆ ਸੀ। ਆਪ ਦੀਆਂ ਗੁਮਰਤ ਬਾਰੇ ਲਿਖਤਾਂ ਆਪ ਦੀ ਗੁਰੂ ਘਰ ਉਤੇ ਸ਼ਰਧਾ ਅਤੇ ਪਿਆਰ ਦੇ ਅਸਥਿਰ ਅਤੇ ਅਟੱਲ ਸਬੂਤ ਹਨ। ਏਡੇ ਗੁਣੀ ਅਤੇ ਗੁਰਮੁਖ ਹੁੰਦੇ ਹੋਏ ਆਪ ਦੀ ਸਦਾ ਛਿਪੇ ਰਹਿਣ ਦੀ ਇਛਿਆ ਇਤਨੀ ਪ੍ਰਬਲ ਸੀ ਕ ਆਪ ਨੇ ਆਪਣੀ ਕਿਸੇ ਪੁਸਤਕ ਤੇ ਕਦੀ ਆਪਨਾ ਨਾਮ ਬਤੌਰ ਇਸ ਦੇ ਕਰਤਾ ਹੋਣ ਦੇ ਨਹੀਂ ਲਿਖਿਆ। ਆਪ ਇਸ ਸਦੀ ਦੇ ਗੁਰਮਤ ਦੇ ਰੂਹੇ-ਰਵਾਂ ਸਨ ਅਤੇ ਚੀਫ ਖਾਲਸਾ ਦੀਵਾਨ ਦੇ ਵਡੇ ਪੰਥ ਸੇਵਕਾਂ ਵਿਚੋਂ ਸਨ।

## ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ

"ਆਪ ਜੀ ਦਾ ਜਨਮ ਪਿੰਡ ਪਿਥੋ ਰਿਆਸਤ ਨਾਭਾ ਵਿਚ ਹੋਇਆ, ਆਪ ਕਵੀ, ਲਿਖਾਰੀ ਅਤੇ ਪੰਜਾਬੀ ਤੋਂ ਇਲਾਵਾ ਅੰਗਰੇਜ਼ੀ ਤੇ ਸੰਸਕ੍ਰਿਤ ਦੇ ਬੜੇ ਭਾਰੇ ਵਿਦਵਾਨ ਸਨ ਮਿਸਟਰ ਮੇਕਾਲਫ ਨੂੰ ਸਿਖ ਇਤਹਾਸ ਅਤੇ ਗੁਰਬਾਣੀ ਨੂੰ ਅੰਗ-ਰੇਜ਼ੀ ਵਿਚ ਲਿਖਣ ਵਿਚ ਆਪ ਜੀ ਨੇ ਬਹੁਤ ਸਹਾਇਤਾ ਦਿਤੀ, ਅਤੇ



Digitized by Panjab Digital Library | www.panjabdigilib.org

ਆਪ ਜੀ ਦੇ ਹੇਠ ਲਿਖੇ ਗ੍ਰੰਥ ਸਿਖ ਅਤੇ ਪੰਜਾਬੀ ਦੁਨੀਆਂ ਵਿਚ ਖਾਸ ਜਗਾ ਰਖਦੇ ਹਨ।

੧. ਹਮ ਹਿੰਦੂ ਨਹੀਂ। ੨. ਗੁਰਮਤ ਪਰਭਾਕਰ। ੩. ਗੁਰਮਤ ਸੁਧਾਕਰ। ੪. ਮਹਾਨ ਕੋਸ਼।

ਮਹਾਰਾਜਾ ਨਾਭਾ ਸ੍ਰੀ ਰਿਪਦੁਮਨ ਸਿੰਘ ਨੂੰ ਆਪ ਨੇ ਗੁਰਮਤ ਦੀ ਪੜ੍ਹਾਈ ਕਰਵਾਈ। ਆਪ ਦਾ ਸੁਭਾ ਹਸਮੁਖ ਅਤੇ ਚੇਹਰਾ ਦੀਦਾਰੀ ਸੀ ਤੇ ਸੇਹਤ ਅੰਤ ਤੀਕ ਅਛੀ ਰਹੀ। ਆਪ ਪੂਰਨ ਗੁਰ ਸਿਖ ਤੇ ਗੁਰਮਤ ਦੇ ਖੋਜੀ ਸਨ। ਆਪ ਜੀ ਨੇ ਲੰਬੀ ਆਯੂ ਭੋਗੀ ਹੈ।

## ਪ੍ਰਿੰ: ਜੋਧ ਸਿੰਘ ਜੀ

ਆਪ ਨੇ ਛੋਟੀ ਉਮਰ ਅਰਥਾਤ ਕਾਲਜ ਦੀ ਪੜ੍ਹਾਈ ਸਮੇਂ ਤੋਂ ਹੀ ਗੁਰਮਤ ਦਾ ਪਰਚਾਰ ਅਰੰਭ ਦਿਤਾ ਸੀ। ਜ਼ਮਾਨਾ ਸਿੰਘ ਸਭਾ ਵਿਚ ਆਪ ਦੀਵਾਨਾਂ ਵਿਚ ਜਾਂਦੇ ਤੇ ਪਰਚਾਰ ਕਰਦੇ ਸਨ। ਆਪ ਜੀ ਨੇ ਪੰਜਾਬੀ ਵਿਚ ਗੁਰਮਤ ਸੰਬੰਧੀ ਕਾਫ਼ੀ ਕਿਤਾਬਾਂ ਲਿਖੀਆਂ ਹਨ, ਤੇ ਪੰਜਾਬ ਯੂਨੀਵਰਸਟੀ ਵਿਚ ਆਪ ਦਾ ਨਾਮ ਖਾਸ ਥਾਂ ਰਖਦਾ ਹੈ ਜਿਸ ਦੀ ਸੈਨਟ ਦੇ ਆਪ ਬਹੁਤ ਸਮੇਂ ਤੋਂ ਮੰਨੇ ਪਰਮੰਨੇ ਮੈਂਬਰ ਆ ਰਹੇ ਹਨ। ਕਾਫ਼ੀ ਸਮਾਂ ਖਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਭੀ ਰਹੇ ਹਨ ਅਤੇ ਉਸਾਰੂ ਪੰਥਕ ਲਹਿਰਾਂ ਵਿਚ ਹਮੇਸ਼ਾਂ ਪੰਥ ਦਾ ਸਾਥ ਦੇਂਦੇ ਰਹੇ ਹਨ। ਆਪ ਚੀਫ ਖਾਲਸਾ ਦੀਵਾਨ ਅਤੇ ਸਿਖ ਵਿਦਿਅਕ ਕਮੇਟੀ ਦੇ ਉਘੇ ਸੇਵਕਾਂ ਵਿਚੋਂ ਹਨ ਜਿਨਾਂ ਦੇ ਸਿਰ ਤੇ ਦੀਵਾਨ ਦਾ ਕਾਰੋਬਾਰ ਹੁਣ ਤਕ ਚਲਦਾ ਆ ਰਿਹਾ ਹੈ। ਪੰਜਾਬ ਕੌਂਸਲ ਦੇ ਆਪ ਸਰਕਾਰ ਅੰਗ੍ਰੇਜ਼ੀ ਦੇ ਵੇਲੇ ਤੋਂ ਹੀ ਲੀਡਿੰਗ ਮੈਂਬਰਾਂ ਵਿਚੋਂ ਰਹੇ ਹਨ। ਆਪ ਦੇ ਪੰਥਕ ਪਿਆਰ, ਗੁਰ ਸਿਖੀ ਜੀਵਨ, ਵਿਦਵਤਾ ਅਤੇ ਪੰਜਾਬੀ ਦੀ ਸੇਵਾ ਨੇ ਆਪ ਲਈ ਪੰਜਾਬ ਭਰ ਵਿਚ ਖਾਸ ਕਰ ਸਿਖ ਸੰਸਾਰ ਅੰਦਰ ਖਾਸ ਥਾਂ ਬਣਾ ਰਖੀ ਹੋਈ ਹੈ।"

## ਸੰਤ ਅਤਰ ਸਿੰਘ ਜੀ

ਆਪ ਜੀ ਦਾ ਜਨਮ ਪਿੰਡ ਚੀਮਾਂ ਤਹਿਸੀਲ ਸੁਨਾਮ ਜ਼ਿਲਾ



Digitized by Panjab Digital Library | www.panjabdigilib.org

ਸੰਗਰੂਰ ਦਾ ਹੈ। ਸ਼ੁਰੂ ਵਿਚ ਆਪ ਫ਼ੌਜ ਵਿਚ ਭਰਤੀ ਹੋਏ ਅਤੇ ਕਈ ਸਾਲ ਫ਼ੌਜੀ ਨੌਕਰੀ ਕੀਤੀ ਪ੍ਰੰਤੂ ਨਾਮ ਬਾਣੀ ਅਤੇ ਸਿਮਰਨ ਤੋਂ ਵੈਰਾਗ ਹੋ ਗਿਆ ਅਤੇ ਆਪ ਜੀ ਨੇ ਫੌਜੀ ਨੌਕਰੀ ਛਡ ਦਿਤੀ ਅਤੇ ਢੋਲਕੀ ਛੈਣਿਆਂ ਨਾਲ ਕੀਰਤਨ ਕਰਨਾ ਅਰੰਭ ਦਿਤਾ। ਆਪ ਜੀ ਦਾ ਕੀਰਤਨ ਬੜਾ ਰਸ ਦਾਇਕ ਹੁੰਦਾ ਸੀ। ਹਿੰਦੁਸਤਾਨ ਭਰ ਵਿਚ ਆਪ ਜੀ ਦਾ ਦੌਰਾ ਹੋਇਆ ਕਰਦਾ ਸੀ। ਜਿਥੇ ਜਾਂਦੇ ਅੰਮ੍ਰਿਤ ਪਰਚਾਰ ਕਰਦੇ ; ਆਪ ਦੇ ਉਚ ਜੀਵਨ ਅਤੇ ਗੁਰਮਤ ਪ੍ਰਚਾਰ ਨੇ ਸਿਖ ਕੌਮ ਵਿਚ ਆਪ ਦਾ ਬੜਾ ਸਨਮਾਨ ਵਧਾਇਆ। ਗੁਰ ਸ਼ਬਦ ਦਾ ਕੀਰਤਨ ਅਤੇ ਸਿਮਰਨ ਆਪ ਦਾ ਜੀਵਨ ਅਧਾਰ ਬਣ ਗਏ ਸਨ ਜਿਸ ਦਾ ਆਮ ਜਨਤਾ ਤੇ ਬੜਾ ਪ੍ਰਭਾਵ ਸੀ। ਆਪ ਦਾ ਅੰਤ ਗੁ: ਸ੍ਰੀ ਬੰਗਲਾ ਸਾਹਿਬ ਦਿਲੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠਿਆ ਨਾਗ ਦੇ ਡਸ ਜਾਣ ਤੋਂ ਹੋਇਆ।

## ਸੰਤ ਤੇਜਾ ਸਿੰਘ ਜੀ ਐਮ. ਏ.

ਆਪ ਦਾ ਜਨਮ ਪਿੰਡ ਬਲੋਂਵਾਲੀ ਜ਼ਿਲਾ ਗੁਜਰਾਂਵਾਲੇ ਦਾ ਹੈ ਆਪ ਕਲਕਤਾ ਯੂਨੀਵਰਸਟੀ ਤੋਂ ਐਮ. ਏ. ਕਰ ਕੇ ਹੋਰ ਉਚੇਰੀ ਵਿਦਿਆ ਹਾਸਲ ਕਰਨ ਲਈ ਇੰਗਲੈਂਡ ਚਲੇ ਗਏ ਅਤੇ ਉਥੋਂ ਕੈਨੇਡਾ ਜਾ ਕੇ ਉਥੇ ਗਏ ਹੋਏ ਭਾਰਤੀ ਮਜ਼ਦੂਰਾਂ ਨੂੰ ਜਿਨਾਂ ਵਿਚ ਵਧੇਰੇ ਪੰਜਾਬੀ ਸਿਖ ਹੀ ਸਨ ਜਥੇਬੰਦ ਕਰਨ ਅਤੇ ਉਨਾਂ ਅੰਦਰ ਸਿਖੀ ਅਤੇ ਦੇਸ਼ ਪਿਆਰ ਦੀ ਜਾਗਰਤ ਪੈਦਾ ਕਰਨ ਦਾ ਨਿਗੱਰ ਕੰਮ ਕੀਤਾ। ਜਦ ਵਾਪਸ ਪੰਜਾਬ ਮੁੜੇ ਅਤੇ ਸੰਤ ਅਤਰ ਸਿੰਘ ਜੀ ਦੇ ਦਰਸ਼ਨ ਅਤੇ ਮਿਲਾਪ ਦਾ ਅਵਸਰ ਪ੍ਰਾਪਤ ਹੋਇਆ ਤਾਂ ਐਸੀ ਰੰਗਨ ਚੜ੍ਹੀ ਕਿ ਨਾਮ ਸਿਮਰਣ ਦੇ ਅਭਿਆਸ ਵਿਚ ਲਗ ਗਏ, ਦੋ ਕੁ ਸਾਲ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲੇ ਦੇ ਪ੍ਰਿੰਸੀਪਲ ਦਾ ਕੰਮ ਕੀਤਾ ਪ੍ਰੰਤੂ ਛੇਤੀ ਹੀ ਸਭ ਕੁਝ ਛਡ ਸੰਤ ਅਤਰ ਸਿੰਘ ਜੀ ਦੇ ਨਾਲ ਗੁਰਮਤ ਪ੍ਰਚਾਰ ਦੀ ਸੇਵਾ ਵਿਚ ਲਗ ਗਏ। ਬਦੇਸੀ ਪਹਿਰਾਵਾ



Digitized by Panjab Digital Library | www.panjabdigilib.org

ਤਿਆਗ, ਸਧਾਰਨ ਸਿਖ ਸੰਤਾਂ ਵਾਲਾ ਲਿਬਾਸ ਧਾਰਨ ਕਰ ਲਿਆ ਅਤੇ ਉਸ ਸਮੇਂ ਤੋਂ ਹੁਣ ਤਕ ਆਪ ਨਾਮ ਸਿਮਰਣ ਵਿਚ ਜੁੜਦੇ ਅਤੇ ਸੰਗਤਾਂ ਨੂੰ ਜੁੜਦੇ ਆ ਰਹੇ ਹਨ। ਪਹਿਲੇ ਪਹਿਲ ਗੁਰਮਤ ਬਾਰੇ ਅੰਗਰੇਜ਼ੀ ਵਿਚ ਕੁਝ ਟ੍ਰੈਕਟ ਭੀ ਲਿਖੇ ਤੇ ਛਪਵਾਏ ਸਨ। ਬਾਵਜੂਦ ਪਛਮੀ ਵਿਦਿਆ ਦੀ ਵਡੀ ਡਿਗਰੀ ਹਾਸਲ ਕਰ ਲੈਣ ਦੇ ਆਪ ਦਾ ਸਾਰਾ ਜੀਵਨ ਹੀ ਦੁਨੀਆਂ ਦੀਆਂ ਭਟਕਦੀਆਂ ਰੂਹਾਂ ਨੂੰ ਵਾਹਿਗੁਰੂ ਸਿਮਰਣ ਵਿਚ ਲਾਉਣ ਤੇ ਲਗਾ ਹੈ। ਆਪ ਦਾ ਇਹ ਪਰੋਗਰਾਮ ਇਸ ਸਮੇਂ ਭੀ ਪੜ੍ਹੇ ਲਿਖੇ ਸਿਖ ਨੌਜਵਾਨਾਂ ਨੂੰ ਸਤਿਗੁਰੂ ਦੇ ਚਰਨਾਂ ਵੱਲ ਪਰੇਰ ਰਿਹਾ ਹੈ। ਇਸ ਵੇਲੇ ਸੰਤ ਅਤਰ ਸਿੰਘ ਜੀ ਦੇ ਪਿੰਡ ਚੀਮੇ ਰਿਹੈਸ਼ ਰਖਦੇ ਹਨ।

## ਸੰਤ ਸੰਗਤ ਸਿੰਘ ਜੀ

ਆਪ ਦਾ ਜਨਮ ਸ਼ਹਿਰ ਕੁਮਾਲੀਆ ਜ਼ਿਲਾ ਲਾਇਲਪੁਰ (ਰਾਵੀ ਦੇ ਕੰਢੇ) ਹੋਇਆ। ਆਪ ਜੀ ਪਹਿਲੇ ਅਤਨ ਸ਼ਾਹੀ ਸੰਤਾਂ ਦੀ ਸੰਪਰਦਾਇ ਵਿਚ ਸ਼ਾਮਲ ਸਨ। ਉਰਦੂ-ਫ਼ਾਰਸੀ-ਸੰਸਕ੍ਰਿਤ ਦੇ ਕਮਾਲ ਦੇ ਪੰਡਤ ਸਨ। ਜਿਵੇਂ ਆਪ ਜੀ ਦੇ ਸ਼ਹਿਰ ਦਾ ਨਾਮ ਕਮਾਲੀਆ ਹੈ, ਤਿਵੇਂ ਹੀ ਆਪ ਜੀ ਦਾ ਜੀਵਨ ਭੀ ਸਚ ਮੁਚ ਕਮਾਲ ਦਾ ਹੈ। ਲੋਕ ਆਪ ਦੇ ਪੈਰ ਪੂਜਦੇ ਸਨ ਅਤੇ ਭੇਟਾ ਪੇਸ਼ ਕਰਦੇ ਸੀ, ਪਰ ਜਦੋਂ ਸਤਿਗੁਰੂ ਕਲਗੀਧਰ ਜੀ ਦੇ ਸਾਦਕਾਂ ਦੀ ਸੰਗਤ ਵਿਚ ਆ ਗਏ ਤਾਂ ਆਪ ਨੇ ਸੰਗਤਾਂ ਨੂੰ ਅਜੇਹਾ ਕਰਨ ਤੋਂ ਰੋਕ ਦਿਤਾ। ਸਿਖ ਸੰਗਤਾਂ ਆਪ ਜੀ ਦਾ ਉਸੇ ਤਰਾਂ ਆਦਰ ਮਾਨ ਕਰਦੀਆਂ ਸਨ ਪਰ ਆਪ ਨੇ ਭੇਟਾ ਲੈਣਾ ਤੇ ਮੱਥਾ ਟਿਕਾਣਾ ਕਤਈ ਬੰਦ ਕਰ ਦਿਤਾ ਸੀ। ਆਪ ਪੰਡਤ-ਗਿਆਨੀ ਤੇ ਆਲਮਾਂ ਦੀ ਲਿਆਕਤ ਰਖਦੇ ਸਨ। ਪਰ ਤਿਆਗੀ ਏਡੇ ਵਡੇ ਸੀ ਕਿ ਘਰ ਦਾ ਨਿਰਬਾਹ ਆਪਣੀ ਦਸਾਂ ਨੂਵਾਂ ਦੀ ਕਮਾਈ ਨਾਲ ਕਰਦੇ ਸੀ।

ਆਪ ਜੀ ਦੀ ਕਥਨੀ ਜਾਦੂ ਦਾ ਅਸਰ ਰਖਦੀ ਸੀ। ਪਾਕਿ-



Digitized by Panjab Digital Library | www.panjabdigilib.org

ਸ਼ਤਾਨੀ ਗੜ ਬੜ ਉਪਰੰਤ ਆਪ ਪਟਿਆਲੇ ਆ ਟਿਕੇ। ਆਪ ਜੀ ਦਾ ਮਕਾਨ ਕੀ ਸੀ, "ਘਰ ਘਰ ਅੰਦਰ ਧਰਮਸਾਲ" ਆਪ ਜੀ ਦੇ ਘਰ ਹਰ ਰੋਜ਼ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਹੁੰਦੀ ਸੀ। ਆਪ ਗੁਰਪੁਰੀ ਸਿਧਾਰ ਗਏ ਹਨ। ਆਪ ਜੀ ਦਾ ਘਰ ਉਸੇ ਤਰਾਂ ਸਤਿਸੰਗ ਦਾ ਨਮੂਨਾਂ ਬਣਿਆ ਹੋਇਆ ਹੈ।

## ਸੰਤ ਸੂਰਜ ਸਿੰਘ ਜੀ ਪਰਚਾਰਕ ਤੇ ਕਵੀ

ਆਪ ਜੀ ਦਾ ਵਤਨ ਇਲਾਕਾ ਮਾਲਵੇ ਦਾ ਹੈ। ਪਹਿਲੀ ਉਮਰ ਵਿਚ ਹੀ ਆਪ ਵਿਰਕਤ ਹੋ ਕੇ ਨਿਰਮਲੇ ਸੰਤਾਂ ਵਿਚ ਸ਼ਾਮਲ ਹੋ ਗਏ ਸਨ। ਆਪ ਨੇ ਸੰਤਾ ਪਾਸੋਂ ਹੀ ਪੰਜਾਬੀ ਤੇ ਬ੍ਰਿਜ ਭਾਸ਼ਾ ਪੜ੍ਹੀ। ਛੋਟੀ ਹੀ ਪਿਛੋਂ ਭਾਈ ਤਖ਼ਤ ਸਿੰਘ ਜੀ ਫ਼ੀਰੋਜ਼ਪੁਰੀ ਇਹਨਾਂ ਨੂੰ ਆਪਣੇ ਆਸ਼ਰਮ ਸਿਖ ਕੰਨਿਆਂ ਮਾਹਾਂ ਵਿਦਿਆਲਾ ਫੀਰੋਜ਼ਪੁਰ ਵਿਚ ਲੈ ਗਏ। ਸੰਤ ਜੀ ਗੁਣੀ ਪੁਰਸ਼ ਤੇ ਸੀ ਭਾਈ ਤਖਤ ਸਿੰਘ ਜੀ ਦੀ ਪ੍ਰੇਰਨਾ ਨਾਲ ਗੁਰਮਤ ਪਰਚਾਰ ਸ਼ੁਰੂ ਕਰ ਦਿਤਾ ਤੇ ਭਗਵਾ ਭੇਖ ਉਤਾਰ ਦਿਤਾ। ਆਪ ਪੰਜਾਬੀ ਦੇ ਖਾਸ ਕਵੀ ਸਨ।

ਬਹੁਤ ਸਾਲਾਂ ਤਕ ਆਪ ਨੇ ਫ਼ੀਰੋਜ਼ ਪੁਰ ਆਸ਼ਰਮ ਦੀ ਸੇਵਾ ਕੀਤੀ ਤੇ ਪਰਚਾਰ ਕਰਦੇ ਰਹੇ। ਅਕਾਲੀ ਲਹਿਰ ਦੇ ਸ਼ੁਰੂ ਵਿਚ ਆਪ ਅਕਾਲੀਆਂ ਵਿਚ ਸ਼ਾਮਲ ਹੋ ਗਏ। ਅਖੀਰ ਆਪ ਨੇ ਬੈਨਾਗੜ੍ਹ ਤਹਿਸੀਲ ਨਵਾਸ਼ਹਿਰ ਜੰਮੂ ਇਕ ਸਿਖ ਦੇ ਘਰ ਠਹਿਰ ਕੇ ਸਭ ਤੋਂ ਪਹਿਲਾਂ ਅਕਾਲੀ ਲਹਿਰ ਦੀ ਚੜ੍ਹਦੀ ਕਲਾ ਦਾ ਦਰਿਸ਼ ਠੇਠ ਪੰਜਾਬੀ ਪੌੜੀਆਂ ਵਿਚ "ਜਾਗਰਤ ਖਾਲਸਾ" ਨਾਮੇ ਕਿਤਾਬ ਦੀ ਸ਼ਕਲ ਵਿਚ ਪੰਥ ਦੇ ਪੇਸ਼ ਕੀਤਾ। ਇਸ ਤੋਂ ਪਿਛੋਂ ਆਪ ਚੋਹਾ ਸਾਹਿਬ ਰੋਹਤਾਸ ਗੁਰਦੁਆਰੇ ਜਾ ਟਿਕੇ। ਏਥੇ ਸਰਦਾਰ ਮਹਿਤਾਬ ਸਿੰਘ ਜੀ ਪਰਧਾਨ ਗੁਰਦੁਆਰਾ ਨੇ "ਜਾਗਰਤ ਖਾਲਸਾ" ਕਿਤਾਬ ਛਪਵਾਈ ਜੋ ਸਰਕਾਰ ਨੇ ਜ਼ਬਤ ਕਰ ਲਈ। ਸੰਤ ਜੀ ਬਿਰਧ ਹੋ ਗਏ



Digitized by Panjab Digital Library | www.panjabdigilib.org

ਸਨ ਅਤੇ ਇਥੇ ਹੀ ਕਥਾ ਕਰਦੇ ਆਪ ਝੜਾਈ ਕਰ ਗਏ। ਸਾਰੀ ਉਮਰ ਹੀ ਸੰਤ ਜੀ ਨੇ ਪਰਚਾਰ ਦੁਆਰਾ ਪੰਥ ਦੀ ਸੇਵਾ ਕੀਤੀ ਹੈ।

## ਭਾਈ ਲਾਲ ਸਿੰਘ ਜੀ ਗੁਜਰਾਂਵਾਲੀਏ

ਆਪ ਜੀ ਦਾ ਜਨਮ ਸਹਿਜਧਾਰੀ ਸਿਖਾਂ ਦੇ ਘਰ ਦਾ ਹੈ। ਪਹਿਲਾ ਨਾਮ ਜਾਂਗੀਰੀ ਮਲ ਸੀ। ਅੰਮ੍ਰਿਤ ਛਕਣ ਪਿਛੋਂ ਆਪ ਦਾ ਨਾਮ ਲਾਲ ਸਿੰਘ ਰਖਿਆ ਗਿਆ। ਆਪ ਨੂੰ ਛੋਟੀ ਉਮਰ ਵਿਚ ਹੀ ਪਰਚਾਰ ਦਾ ਸ਼ੌਕ ਲੱਗਾ ਅਤੇ ਗੁਜਰਾਂਵਾਲੇ ਵਿਚ ਆਪ ਨੇ ਗੁਰਮਤ ਪਰਚਾਰ ਵਾਸਤੇ ਰਾਗੀ ਤੇ ਪਰਚਾਰਕ ਪੈਦਾ ਕਰਨ ਲਈ ਘਰਜਾਖ ਆਸ਼ਰਮ ਚਾਲੂ ਕੀਤਾ। ਇਸ ਵਿਚ ਰਾਗੀ, ਗ੍ਰੰਥੀ, ਪਰਚਾਰਕ ਗਿਆਨੀ ਆਦ ਦੀ ਪੜ੍ਹਾਈ ਕਰਾਈ ਜਾਂਦੀ ਸੀ। ਆਪ ਨੇ ਬਰਮਾ-ਮਲਾਇਆ ਸਿੰਘਾਪਰ ਆਦ ਜਾ ਕੇ ਆਸ਼ਰਮ ਲਈ ਹਜ਼ਾਰਾਂ ਰੁਪਏ ਲਿਆਂਦੇ ਤੇ ਘਰਜਾਖ ਆਸ਼ਰਮ ਦੀ ਇਮਾਰਤ ਬਣਾਈ। ਇਸ ਆਸ਼ਰਮ ਵਿਚੋਂ ਬੜੇ ੨ ਗੁਣੀ ਗਿਆਨੀ ਰਾਗੀ ਪਰਚਾਰਕ ਤੇ ਪੰਜਾਬੀ ਦੇ ਅਧਿਆਪਕ ਨਿਕਲਦੇ ਰਹੇ। ਇਸ ਤੋਂ ਇਲਾਵਾ ਆਪ ਨੇ ਖਾਲਸਾ ਦੀਵਾਨ ਗੁਜਰਾਂਵਾਲਾ ਕਾਇਮ ਕੀਤਾ। ਆਪ ਹਰ ਸਾਲ ਸ੍ਰੀ ਨਨਕਾਣਾ ਸਾਹਿਬ ਟੁਕੜੀ ਦੇ ਮੇਲੇ (ਕਤਕ ਪੂਰਨਮਾਸ਼ੀ) ਤੇ ਦੀਵਾਨ ਲਾਣ ਜਾਂਦੇ ਹੁੰਦੇ ਸਨ। ਆਪ ਨੇ ਸਾਰੀ ਆਯੂ ਦੁਨੀਆਦਾਰੀ ਦਾ ਕੋਈ ਵਿਹਾਰ ਨਹੀਂ ਕੀਤਾ। ਸਾਰੀ ਉਮਰ ਗੁਰਮਤ ਪਰਚਾਰ ਕਰਦਿਆਂ ਗੁਜ਼ਾਰੀ ਹੈ। ਪੰਥ ਨੂੰ ਚੜ੍ਹਦੀਆਂ ਕਲਾਂ ਵਿਚ ਕਰਨ ਲਈ ਆਪ ਸਦਾ ਤੱਤ ਪਰ ਰਹਿੰਦੇ ਸੀ। ਆਪ ਨੇ ਆਪਣੀ ਲੜਕੀ ਦਾ ਰਿਸ਼ਤਾ ਜਾਤ ਪਾਤ ਤੋੜ ਕੇ ਭਾਈ ਤਖਤ ਸਿੰਘ ਜੀ ਦੇ ਪੁਤਰ ਗੁਰਬਖਸ ਸਿੰਘ ਨਾਲ ਕੀਤਾ।

## ਭਾਈ ਤਖਤ ਸਿੰਘ ਜੀ ਫੀਰੋਜ਼ਪੁਰ

ਆਪ ਦਾ ਜਨਮ ਸਿਖ ਜ਼ਿਮੀਦਾਰ ਦੇ ਘਰ ਦਾ ਸੀ। ਆਪ ਜੀ ਦੀ ਸਿੰਘਣੀ ਬੀਬੀ ਹਰਨਾਮ ਕੌਰ ਲਿਖੀ ਪੜ੍ਹੀ ਗੁਰਮਤ ਦੀ ਬੜੀ



Digitized by Panjab Digital Library | www.panjabdigilib.org

ਸ਼ਰਧਾਲੂ ਸੀ ਇਸ ਜੋੜੀ ਨੇ ਸਿਖ ਕੰਨਿਆਂ ਮਹਾਂ ਵਿਦਿਆਲਾ ਫੀਰੋਜ਼ਪੁਰ ਦੀ ਨੀਂਹ ਰੱਖੀ ਤੇ ਪੰਥ ਵਿਚ ਇਸਤ੍ਰੀ ਵਿਦਿਆ ਦਾ ਪਰਚਾਰ ਸ਼ੁਰੂ ਕੀਤਾ। ਇਸ ਆਸ਼ਰਮ ਨੇ ਹਿੰਦੁਸਤਾਨ, ਬਲਕਿ ਬਾਹਰ ਦੇ ਟਾਪੂਆ ਵਿਚ ਇਸ਼ਤ੍ਰੀ ਵਿੱਦਿਆ ਅਤੇ ਇਸ ਦੇ ਨਾਲ ਗੁਰਮਤ ਪਰਚਾਰ ਦਾ ਅਦੁਤੀ ਕੰਮ ਕੀਤਾ ਹੈ। ਭਾਈ ਤਖ਼ਤ ਸਿੰਘ ਜੀ ਬੜੇ ਖੁਦਦਾਰ ਤੇ ਚੋਟੀ ਦੇ ਪੰਥ ਸੇਵਕਾਂ ਵਿਚੋਂ ਸਨ। ਆਪ ਦੇ ਸਿਰ-ਤੋੜ ਯਤਨਾਂ ਨਾਲ ਆਪ ਦਾ ਵਿਦਿਆਲਾ ਬੜਾ ਸਫ਼ਲ ਹੋਇਆ।

## ਭਾਈ ਨਿਹਾਲ ਸਿੰਘ ਜੀ ਕੈਰੋਂ

ਭਾਈ ਨਿਹਾਲ ਸਿੰਘ ਪਿੰਡ ਕੈਰੋਂ ਜ਼ਿਲਾ ਅੰਮ੍ਰਿਤਸਰ ਦੇ ਇਕ ਅਛੇ-ਜ਼ਿਮੀਦਾਰ ਘਰਾਣੇ ਵਿਚੋਂ ਸਨ। ਭਾਈ ਤਖ਼ਤ ਸਿੰਘ ਜੀ ਫੀਰੋਜ਼ਪੁਰ ਵਾਲਿਆਂ ਵਾਂਙੂ ਆਪ ਦਾ ਭੀ ਇਹ ਨਿਸਚਾ ਸੀ ਕਿ ਗੁਰਮਤ ਪ੍ਰਚਾਰ ਦਾ ਇਕ ਵਡਾ ਵਸੀਲਾ ਸਿਖ ਬੱਚੀਆਂ ਨੂੰ ਗੁਰਮੁਖੀ ਅਤੇ ਧਰਮ ਵਿੱਦਿਆ ਦੇਣਾ ਹੈ ਜਿਸ ਲਈ ਆਪ ਨੇ ਸ਼ੁਰੂ ਤੋਂ ਹੀ ਇਸਤਰੀ ਵਿੱਦਿਆ ਅਪਨਾ ਉਦੇਸ਼ ਬਨਾਇਆ ਅਤੇ ਆਪਨੇ ਪਿੰਡ ਕੈਰੋਂ ਦੀ ਕੰਨਿਆਂ ਪਾਠਸ਼ਾਲਾ (ਜੋ ਡਿਸਟ੍ਰਿਕਟ ਬੋਰਡ ਨੇ ਖੋਹਲੀ ਸੀ) ਲਈ ਬੋਰਡਿੰਗ ਹਾਊਸ ਖੋਹਲਨ ਦਾ ਉਦਮ ਕੀਤਾ। ਉਸ ਤੋਂ ਛੇਤੀ ਪਿਛੋਂ ਇਨਾਂ ਇਹ ਸਕੂਲ ਆਪਣੇ ਹਥ ਵਿਚ ਲੈ ਲਿਆ ਅਤੇ ਇਸ ਨੂੰ ਮੈਟ੍ਰਿਕ ਸਟੈਂਡਰਡ ਤਕ ਪਹੁੰਚਾ ਕੇ ਇਥੇ ਪੜ੍ਹਣ ਵਾਲੀਆਂ ਲੜਕੀਆਂ ਨੂੰ ਗੁਰਬਾਣੀ ਅਤੇ ਸ਼ਬਦ ਕੀਰਤਨ ਕਰਨਾ ਸਿਖਣ ਦੀ ਪਰਪਾਟੀ ਪਾਈ। ਇਥੋਂ ਦੀਆਂ ਸਿਖੀਆਂ ਲੜਕੀਆਂ ਥਾਂ ਪਰ ਥਾਂ ਕੀਰਤਨ ਕਰਨ ਖਾਸ ਕਰ ਵਿਆਹ ਸ਼ਾਦੀਆਂ ਸਮੇਂ ਜਾਂਦੀਆਂ ਅਤੇ ਗੁਰਮਤ ਵਿਵਾਹ ਨੂੰ ਪੁਰਾਤਨ ਹਿੰਦੂ ਰੀਤੀ ਵਿਵਾਹ ਦੀ ਜਗਾ ਪਰਚਲਤ ਕਰਦੀਆਂ। ਇਸ ਤਰਾਂ ਕੈਰੋਂ ਦਾ ਇਹ ਲੜਕੀਆਂ ਦਾ ਆਸ਼ਰਮ ਦੂਰ ਤਕ ਮਸ਼ਹੂਰ ਹੋ ਗਿਆ ਜੋ ਅਜ ਤਕ ਗੁਰਮਤ ਪਰਚਾਰ ਦੀ ਸੇਵਾ ਕਰ ਰਿਹਾ ਹੈ।



Digitized by Panjab Digital Library | www.panjabdigilib.org

## ਸ: ਮਹਿਤਾਬ ਸਿੰਘ

ਸ: ਮਹਿਤਾਬ ਸਿੰਘ ਜੀ ਦਾ ਜਨਮ ਪਿੰਡ ਹੰਡਾਲੀ ਬਲ ਜ਼ਿਲਾ ਸ਼ਾਹਪੁਰ ਦਾ ਸੀ। ਆਪ ਆਪਣੇ ਸਮੇਂ ਦੇ ਇਕ ਉਘੇ ਬੈਰਿਸਟਰ ਅਤੇ ਪੰਜਾਬ ਹਾਈ ਕੋਰਟ ਦੇ ਸਰਕਾਰੀ ਵਕੀਲ ਸਨ। ਆਪ ਕੁਝ ਸਮਾਂ ਪੰਜਾਬ ਕੌਂਸਲ ਦੇ ਡਿਪਟੀ ਪ੍ਰੈਜ਼ੀਡੈਂਟਭੀ ਰਹੇ। ਆਪ ਗੁਰੂ ਘਰ ਦੇ ਸਰਧਾਲੂ ਅਤੇ ਪੰਥਕ ਦਰਦ ਰਖਣ ਵਾਲੇ ਸਜਨ ਸਨ ਅਤੇ ਗੁਰਦਵਾਰਾ ਸੁਧਾਰ ਲਹਿਰ ਨਾਲ ਆਪ ਦੀ ਪੂਰੀ ਹਮਦਰਦੀ ਸੀ। ਆਪ ਨੇ ਝੱਬਰ ਜੀ ਪਾਸੋਂ ਗੁਰਦਵਾਰੇ ਸਚਾ ਸੌਦਾ ਅਤੇ ਬਚੇ ਨੌ ਆਦਿਕ ਦੇ ਕਬਜ਼ੇ ਦੀ ਗੱਲਬਾਤ ਸੁਣੀ ਤਾਂ ਸਰਕਾਰੀ ਮੁਲਾਜ਼ਮ ਹੋਣ ਦੇ ਬਾਵਜੂਦ ਝੱਬਰ ਜੀ ਨੂੰ ਸਭ ਤੋਂ ਪਹਿਲੋਂ ਸ੍ਰੀ ਨਨਕਾਣਾ ਸਾਹਿਬ ਦੇ ਗੁਰਦਵਾਰਿਆਂ ਦਾ ਕਬਜ਼ਾ ਕਰਨ ਦੀ ਸਲਾਹ ਦਿਤੀ ਅਤੇ ਨਨਕਾਣਾ ਸਾਹਿਬ ਦੇ ਸਾਕੇ ਉਪ੍ਰੰਤ ਸਭ ਤੋਂ ਪਹਿਲੇਂ ਉਥੇ ਪੁਜਣ ਵਾਲੇ ਮੁਖੀ ਸਿਖਾਂ ਵਿਚੋਂ ਇਕ ਸਨ। ਜਦੋਂ ਅਕਾਲੀ ਲਹਿਰ ਜੋਬਨ ਤੇ ਸੀ ਤੇ ਪੰਥ ਦਾ ਸਿਧਾ ਸਰਕਾਰ ਅੰਗਰੇਜ਼ੀ ਨਾਲ ਮਥਾ ਲਗਾ ਹੋਇਆ ਸੀ ਆਪਣੇ ਆਪਣੀ ਸਰਕਾਰੀ ਪੋਜ਼ੀਸ਼ਨ ਦੀ ਪਰਵਾਹ ਨਾ ਕਰਦੇ ਹੋਏ ਮਰਦਾਂ ਵਾਂਙ ਪੰਥ ਦਾ ਸਾਥ ਦਿਤਾ ਅਤੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੀਆਂ ਚਾਬੀਆਂ ਦੇ ਮੋਰਚੇ ਸਮੇਂ ਅਤੇ ਗੁਰੂ ਕੇ ਬਾਗ਼ ਤੇ ਗੁਰਦਵਾਰਾ ਗੰਗ ਸਰ ਦੇ ਮੋਰਚਿਆਂ ਦੇ ਸੰਬੰਧ ਵਿਚ ਚਾਰ ਸਾਲ ਅਤੇ ਚਾਰ ਮਹੀਨੇ ਕੈਦ ਕਟੀ। ਆਪ ਕੁਝ ਸਮਾਂ ਸ਼੍ਰੋ: ਗੁ: ਪ੍ਰ: ਕਮੇਟੀ ਦੇ ਪ੍ਰਧਾਨ ਭੀ ਰਹੇ।

ਜਦੋਂ ਕਲਕਤੇ ਇੰਡੀਅਨ ਨੈਸ਼ਨਲ ਕਾਂਗ੍ਰਸ ਦੀ ਕਨਵੈਨਸ਼ਨ ਸਮੇਂ ਮਿ: ਮਹਮਦ ਅਲੀ ਜਿਨਾਹ ਅਤੇ ਮਹਾਤਮਾ ਗਾਂਧੀ ਜੀ ਵਲੋਂ ਸ: ਮਹਿਤਾਬਸਿੰਘ ਨੂੰ ਸਿਖਾਂ ਦੇ ਹੱਕਾਂ ਬਾਰੇ ਨਿਰਾਸਤਾ ਭਰਿਆ ਜਵਾਬ ਮਿਲਿਆ ਤਾਂ ਪੰਥ ਪਿਆਰ ਦੇ ਜਜ਼ਬੇ ਦੇ ਵਸ ਹੋਇ ਆਪ ਤੋਂ ਰਿਹਾ ਨਾ ਗਿਆ ਅਤੇ ਆਪ ਨੇ ਕਨਵੈਨਸ਼ਨ ਦੇ ਇਜਲਾਸ ਵਿਚ ਮਹਾਤਮਾਂ



Digitized by Panjab Digital Library | www.panjabdigilib.org

ਜੀ ਨੂੰ ਕਿਹਾ ਕਿ ਅਗਰ ਆਪ ਸਿਖਾਂ ਦੀ ਗੱਲ ਨਹੀਂ ਸੁਣੋਗੇ ਤਾਂ ਕਲਕੱਤੇ ਬੈਠ ਕੇ ਕਾਗ਼ਜ਼ਾਂ ਪਰ ਆਪ ਪੰਜਾਬ ਦੀਆਂ ਵੰਡੀਆਂ ਨਹੀਂ ਪਾ ਸਕਦੇ, ਇਹ ਵੰਡੀਆਂ ਤਲਵਾਰ ਨਾਲ ਪੈਣਗੀਆਂ। ਇਹ ਸ: ਮਹਿਤਾਬ ਸਿੰਘ ਜੀ ਦੇ ਪੰਥ ਪਿਆਰ ਅਤੇ ਉਨਾਂ ਦੀ ਨਿਰਭੈਤਾ ਦੀ ਇਕ ਅਦੁਤੀ ਮਿਸਾਲ ਸੀ।

ਸੰਨ ੧੯੩੩ ਵਿਚ ਆਪ ਗੁ: ਪ੍ਰ: ਕਮੇਟੀ ਨਨਕਾਣਾ ਸਾਹਿਬ ਦੇ ਪ੍ਰਧਾਨ ਚੁਣੇ ਗਏ। ਇਸ ਸਮੇਂ ਆਪ ਨੇ ਸ਼ਹੀਦਾਂ ਦੀ ਯਾਦ ਅੰਦਰ ਸ਼ਹੀਦ ਗੰਜ ਬਣਵਾਇਆ ਅਤੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਸ਼ਹੀਦੀ ਜੀਵਨ ਲਿਖਵਾਇਆ। ੧੯੩੩ ਵਿਚ ਇਕ ਸਾਧ ਦੇ ਕਤਲ ਹੋ ਜਾਣ ਤੇ ਗੁ: ਕਮੇਟੀ ਨਨਕਾਣਾ ਸਾਹਿਬ ਦੇ ਮੁਖੀ ਸੇਵਕਾਂ ਤੇ ਜੋ ਕਤਲ ਦਾ ਮੁਕਦਮਾਂ ਬਣਿਆ ਸੀ ਅਤੇ ਜਿਸ ਦੀ ਜਿਤ ਹਾਰ ਇਕ ਪੰਥਕ ਸਵਾਲ ਬਣ ਚੁਕਾ ਸੀ ਸਮੇਂ ਸ: ਮਹਿਤਾਬ ਸਿੰਘ ਜੀ ਨੇ ਉਨਾਂ ਦਾ ਹਥ ਵਟਾਕੇ ਹਮਦਰਦੀ ਦਾ ਸਬੂਤ ਦਿਤਾ। ਆਪ ਦੇ ਮਨ ਅੰਦਰ ਗੁਰਮਤ ਪ੍ਰਚਾਰ ਦੀ ਬੜੀ ਲਗਨ ਸੀ ਜਿਸ ਨੂੰ ਪੂਰਾ ਕਰਨ ਲਈ ਆਪਨੀ ਪਰਧਾਨਗੀ ਸਮੇਂ ਆਪ ਨੇ ਕਈ ਵਿਉਂਤਾਂ ਕੀਤੀਆਂ। ਆਪ ਸਿਖ ਦਿਲ ਅਤੇ ਸਿਖੀ ਜੀਵਨ ਰਖਣ ਵਾਲੇ ਸਨ ਅਤੇ ਆਪਨੇ ਆਪ ਨੂੰ ਹਮੇਸ਼ਾ ਗੁਰੂ ਦੇ ਝਾੜੂ ਬਰਦਾਰ ਕਿਹਾ ਕਰਦੇ ਸਨ।

## ਸ: ਅਮਰ ਸਿੰਘ ਐਡੀਟਰ ਸ਼ੇਰੇ ਪੰਜਾਬ

ਸ: ਅਮਰ ਸਿੰਘ ਜ਼ਿਲਾ ਕੈਂਬਲਪੁਰ ਦੇ ਰਹਿਣ ਵਾਲੇ ਸਨ। ਸੰਨ ੧੯੧੧ ਦੀ ਮਰਦਮ ਸ਼ੁਮਾਰੀ ਸਮੇਂ ਜਦੋਂ ਸਿਖਾਂ ਦੀ ਵਖਰੀ ਗਿਣਤੀ ਕੀਤੇ ਜਾਣ ਦਾ ਏਲਾਨ ਹੋਇਆ ਤਾਂ ਆਰੀਆ ਸਮਾਜੀ ਅਖਬਾਰਾਂ ਨੇ ਇਸ ਦਾ ਬੜਾ ਵਿਰੋਧ ਕੀਤਾ। ਉਸ ਵੇਲੇ ਸਿਖਾਂ ਦਾ ਉਰਦੂ ਦਾ ਕੋਈ ਅਖਬਾਰ ਨਹੀਂ ਸੀ। ਝੱਬਰ ਜੀ ਉਹਨੀ ਦਿਣੀ ਲਾਹੌਰ ਗੁਰਮਤ ਪ੍ਰਚਾਰ ਦਾ ਕੰਮ ਕਰਦੇ ਸੀ, ਇਨਾਂ ਨੇ ਲਾਹੌਰ ਦੇ ਸਿਖ ਪਤਵੰਤਿਆਂ ਦੀ ਤਿੰਨ ਵੇਰ ਮੀਟਿੰਗ ਬੁਲਾਈ ਅਤੇ ਉਰਦੂ ਅਖਬਾਰ ਜਾਰੀ



Digitized by Panjab Digital Library | www.panjabdigilib.org

ਕਰਨ ਦੀ ਪਰੇਰਨਾ ਕੀਤੀ ਪ੍ਰੰਤੂ ਕਿਸੇ ਦਾ ਹੌਸਲਾ ਖਰਚ ਕਰਨ ਲਈ ਨਾ ਪਵੇ। ਇਨ੍ਹਾਂ ਸ: ਲਾਲ ਸਿੰਘ ਜੋ ਲਾਹੌਰ ਵਿਚ ਲਕੜੀ ਦੇ ਸੌਦਾਗਰ ਕਰਕੇ ਪ੍ਰਸਿਧ ਸਨ, ਨੂੰ ਭੀ ਪਰੇਰਿਆ। ਇਕ ਦਿਨ ਉਹ ਕਹਿਣ ਲਗੇ, 'ਝੱਬਰ ਜੀ ਮੈਂ ਇਕ ਸੌਦਾ ਕਰਨ ਚਲਿਆ ਹਾਂ ਜੇ ਮੇਰਾ ਸੌਦਾ ਹੋ ਗਿਆ ਤਾਂ ਇਸ ਵਿਚ ਮੈਨੂੰ ਜੋ ਨਫਾ ਹੋਇਆ ਮੈਂ ਉਸ ਦਾ ਦਸਵੰਧ ਅਖਬਾਰ ਨਮਿਤ ਦੇਵਾਂਗਾ।'' ਝੱਬਰ ਨੇ ਸਹਿਜ ਸੁਭਾ ਕਹਿ ਦਿਤਾ, 'ਖਾਲਸਾ ਤੇਰਾ ਕੰਮ ਗੁਰੂ ਸਵਾਰੇਗਾ, ਤੂੰ ਆਪਨੇ ਬਚਨ ਤੇ ਪਕਾ ਹੋ ਜਾਹ।'' ਦੋ ਘੰਟੇ ਪਿਛੋਂ ਸ: ਲਾਲ ਸਿੰਘ ਹਸਦਾ ੨ ਆਇਆ ਤੇ ਕਹਿਣ ਲਗਾ, 'ਲੌ ਝੱਬਰ ਜੀ ਮੈਂ ਸੌਦਾ ਵੇਚ ਆਇਆ ਹਾਂ ਅਤੇ ਮੈਨੂੰ ਇਸ ਵਿਚ ਚਾਲੀ ਹਜ਼ਾਰ ਰੁਪੈਯਾ ਬਚਿਆ ਹੈ, ਮੈਂ ਚਾਰ ਹਜ਼ਾਰ ਅਖਬਾਰ ਲਈ ਦੇਂਦਾ ਹਾਂ।'' ਬਸ ਫੇਰ ਕੀ ਸੀ, ਅਗਲੇ ਭਲਕ ਹੀ 'ਖਾਲਸ ਹਿੰਦ'' ਦੇ ਨਾਮ ਤੇ ਉਰਦੂ ਅਖਬਾਰ ਕਢਣ ਅਤੇ ਉਸ ਵਾਸਤੇ ਐਡੀਟਰ ਦੀ ਮੰਗ ਦੇ ਇਸ਼ਤਿਹਾਰ ਛਪ ਗਏ। ਸ: ਅਮਰ ਸਿੰਘ ਨੂੰ ਐਡੀਟਰੀ ਦੀ ਸੇਵਾ ਸਉਂਪੀ ਗਈ। ਸ: ਮੇਹਰ ਸਿੰਘ ਚਾਵਲਾ ਦੀ ਤਜਵੀਜ਼ ਤੇ ਅਖਬਾਰ ਦਾ ਨਾਮ 'ਲਾਇਲ ਗਜ਼ਟ' ਧਰ ਕੇ ਇਸ ਦਾ ਡੀਕਲੇਰੇਸ਼ਨ ਭਰ ਦਿਤਾ ਗਿਆ। ਇਨਾਂ ਦਿਨਾਂ ਵਿਚ ਹੀ ਸ: ਅਮਰ ਸਿੰਘ ਨੇ 'ਆਰੀਆ ਸਮਾਜ ਕੇ ਢੋਲ ਕਾ ਪੋਲ' ਨਾਮ ਦਾ ਇਕ ਉਰਦੂ ਪੈਮਫਲਿਟ ਪ੍ਰਕਾਸ਼ਤ ਕੀਤਾ, ਜੋ ਜ਼ਬਤ ਹੋ ਕੇ ਲਾਇਲ ਗਜ਼ਟ ਦੀ ਦੋ ਹਜ਼ਾਰ ਦੀ ਜ਼ਮਾਨਤ ਮੰਗ ਲਈ ਗਈ ਜੋ ਡੀਕਲੇਰੇਸ਼ਨ ਦੇ ਨਾਲ ਹੀ ਦਿਨ੍ਹਾਂ ਨੂੰ ਦਾਖਲ ਕਰਨੀ ਪਈ। ਸ: ਅਮਰ ਸਿੰਘ ਉਰਦੂ ਲਿਖਤ ਵਿਚ ਕਲਮ ਦੇ ਵਡੇ ਧਨੀ ਸਨ। ਦਿਨਾਂ ਵਿਚ ਹੀ ਅਖਬਾਰ ਦੀ ਮਸ਼ਹੂਰੀ ਹੋ ਗਈ ਅਤੇ ਇਹ ਸਿਖਾਂ ਦਾ ਪਹਿਲਾ ਉਰਦੂ ਸਪਤਾਹਕ ਅਖਬਾਰ ਬੜੀ ਸ਼ਾਨ ਨਾਲ ਚਲ ਪਿਆ। ਸ: ਅਮਰ ਸਿੰਘ ਨੇ ਇਸ ਰਾਹੀ ਸਭ ਤੋਂ ਪਹਿਲੋਂ ਸਿਖ ਹਕੂਕ ਸੰਬੰਧੀ ਕੌਮ ਅੰਦਰ ਜਾਗਰਤ ਦਾ ਅੰਦੋਲਨ ਲਿਆਂਦਾ। ਆਪ ਦੀ ਤਕਰੀਰ ਬੜੀ ਧੜਲੇਦਾਰ ਹੁੰਦੀ ਸੀ ਅਤੇ ਆਪ ਨੂੰ ਪੰਥ ਸੇਵਾ ਦਾ



Digitized by Panjab Digital Library | www.panjabdigilib.org



ਫਖਰੇ ਕੌਮ ਸ: ਅਮਰ ਸਿੰਘ ਜੀ (ਸ਼ੇਰੇ-ਪੰਜਾਬ)

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਬੜਾ ਚਾਅ ਸੀ ਜਦੋਂ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਆਪ ਨੇ ਸ਼ਹਿਰ ਤੇ ਇਲਾਕੇ ਦੀਆਂ ਸੰਗਤਾਂ ਨੂੰ ਲੈ ਕੇ ਲਾਹੌਰ ਸ਼ਹਿਰ ਦੇ ਸਾਰੇ ਗੁਰਦਵਾਰਿਆਂ ਤੇ ਕਬਜ਼ਾ ਕਰ ਲਿਆ। ਗੁਰੂ ਕੇ ਬਾਗ ਦੇ ਮੋਰਚੇ ਸਮੇਂ ਆਪ ਭੜਕਾਊ ਤਕਰੀਰਾਂ ਕਰਦੇ ਰਹੇ ਅਤੇ ਸ਼੍ਰੋ: ਗੁ: ਕਮੇਟੀ ਦੇ ਦੂਜੇ ਬੈਚ ਵਿਚ ਗਰਿਫਤਾਰ ਹੋ ਗਏ। ਆਪ ਦੀ ਗੈਰ ਹਾਜ਼ਰੀ ਵਿਚ ਅਖਬਾਰ ਬੰਦ ਹੋ ਗਿਆ। ਰਿਹਾਈ ਉਪ੍ਰੰਤ ਆਪ ਨੇ 'ਸ਼ੇਰੇ ਪੰਜਾਬ' ਅਖਬਾਰ ਦਾ ਡੀਕਲੇਰੇਸ਼ਨ ਦੇ ਕੇ ਨਵਾਂ ਅਖਬਾਰ ਜਾਰੀ ਕੀਤਾ। ਉਸ ਸਮੇਂ ਹਿੰਦੂ ਮੁਸਲਮ ਅਖਬਾਰਾਂ ਦੇ ਸਿਖਾਂ ਵਿਰੁਧ ਲਿਖੇ ਲੇਖਾਂ ਦੇ ਮੂੰਹ ਤੋੜਵੇਂ ਜਵਾਬ ਦੇਣ ਦਾ ਮਾਨ ਸ: ਅਮਰ ਸਿੰਘ 'ਸ਼ੇਰੇ ਪੰਜਾਬ' ਨੂੰ ਹੀ ਪ੍ਰਾਪਤ ਸੀ। ਆਪ ਕਦੇ ਕਿਸੇ ਵਲੋਂ ਖ੍ਰੀਦੇ ਨ ਜਾ ਸਕੇ। ਆਪ ਦੀ ਖ਼ੁਦਦਾਰ ਸ਼ਖਸੀਅਤ ਦੀ ਇਕ ਮਿਸਾਲ ਆਪ ਦੇ ਉਹ ਲੇਖ ਹਨ, ਜੋ ਆਪ ਨੇ ਪਟਿਆਲਾ ਸਟੇਟ ਦੇ ਮੁਖ ਮੰਤਰੀ ਪੰਡਤ ਦਯਾ ਕਿਸ਼ਨ ਕੋਲ (ਜਿਸ ਤੋਂ ਸ: ਅਮਰ ਸਿੰਘ ਨੂੰ ਕਈ ਫੈਜ਼ ਪੁਜੇ ਹੋਏ ਸਨ) ਦੇ ਖਿਲਾਫ ਮਹਾਰਾਜਾ ਭੁਪਿੰਦਰ ਸਿੰਘ ਵਾਲੀਏ ਰਿਆਸਤ ਪਟਿਆਲਾ ਪਾਸੋਂ ਦੇਵੀ ਦਾ ਮੰਦਰ ਬਨਵਾਉਣ ਅਤੇ ਉਥੇ ਮਥਾ ਟਿਕਵਾਉਣ ਬਾਰੇ ਲਿਖੇ।

ਸ: ਅਮਰ ਸਿੰਘ ਇਕ ਪੂਰਨ ਰਹਿਤਵਾਨ ਗੁਰ-ਸਿਖ ਸਨ ਜਿਨਾਂ ਨੇ ਸਾਰੀ ਉਮਰ ਆਪਣੀ ਕਲਮ ਅਤੇ ਜ਼ਬਾਨ ਦੁਆਰਾ ਗੁਰੂ ਪੰਥ ਦੀ ਅਤੁਟ ਸੇਵਾ ਕੀਤੀ ਹੈ। ਪਾਕਿਸਤਾਨ ਬਨਣ ਉਪ੍ਰੰਤ ਆਪ ਦਿਲੀ ਤੋਂ ਆਪਨਾ ਅਖਬਾਰ ਕਢਦੇ ਰਹੇ ਅਤੇ ਉਥੇ ਹੀ ਗੁਰ ਪੁਰੀ ਸੁਧਾਰ ਗਏ।

## ਅਕਾਲੀ ਕੌਰ ਸਿੰਘ ਜੀ

ਅਕਾਲੀ ਕੌਰ ਸਿੰਘ ਦਾ ਜਨਮ ਰਿਆਸਤ ਕਸ਼ਮੀਰ ਦਾ ਨੁਹਾਰ ਤਿਖੀ ਅਤੇ ਰੰਗ ਗੋਰਾ ਨਿਸ਼ੋਹ ਸੀ ਕਈ ਵੇਰ ਆਪ ਦੇ ਅਤ ਗੋਰੇ ਅਤੇ ਸਿਉ ਵਾਂਙ ਭਖਰੇ ਚੇਹਰੇ ਨੂੰ ਵੇਖ ਲੋਕ ਉਨਾਂ ਨੂੰ ਸਿਖੀ ਲਿਬਾਸ ਵਿਚ ਗੋਰਾ ਜਾਸੂਸ ਸਮਝਣ ਲਗ ਜਾਂਦੇ, ਆਪ ਨੇ ਛੋਟੀ



Digitized by Panjab Digital Library | www.panjabdigilib.org

ਅਵਸਥਾ ਤੋਂ ਹੀ ਨਿਹੰਗ ਸਿੰਘਾਂ ਵਾਲੀ ਦਸਤਾਰ ਅਤੇ ਦੁਮਾਲਾ ਸਜਾਣਾ ਸ਼ੁਰੂ ਕਰ ਦਿਤਾ ਸੀ ਜੋ ਆਪ ਨੂੰ ਬਹੁਤ ਸੋਭਦਾ ਸੀ। ਆਪ ਨੇ ਸਾਰੀ ਉਮਰ ਵਿਰਕਤਾਂ ਵਾਲਾ ਜੀਵਨ ਬਿਤਾਇਆ—ਸ਼ਾਦੀ ਨਹੀਂ ਕੀਤੀ। ਗੁਰਮਤ ਦੇ ਬੜੇ ਵਿਦਵਾਨ ਤੇ ਗਿਆਨੀ ਸਨ ਅਤੇ ਗੁਰੂ ਘਰ ਦੀ ਸੇਵਾ ਤੇ ਪਰਚਾਰ ਦੀ ਅਤੁਟ ਲਗਨ ਰਖਦੇ ਸਨ ਲੋੜ ਤੋਂ ਵਾਧੂ ਬੋਲਣਾ ਚੰਗਾ ਨਹੀਂ ਸਨ ਜਾਣਦੇ, ਰੀਜ਼ਰਵ ਪਰ ਸਦਾ ਖਿੜਿਆ ਰਹਿਣਾ ਆਪ ਦਾ ਸੁਭਾਵ ਹੋ ਗਿਆ ਸੀ। ਆਪ ਦੇ ਪਿਆਰ, ਮਿਠਾਸ ਤੇ ਸੇਵਾ ਭਾਵ ਨੇ ਆਪ ਨੂੰ ਹਰ ਮਨ ਪਿਆਰਾ ਕਰ ਦਿਤਾ ਸੀ। ਆਪ ਨੇ ਸਾਰਾ ਜੀਵਨ ਹੀ ਕਸ਼ਮੀਰ ਵਿਚ ਸਿਖੀ ਪਰਚਾਰ ਤੇ ਲਗਾ ਦਿਤਾ। ਪਹਾੜੀ ਤੇ ਯਤੀਮ ਬੱਚਿਆਂ ਨੂੰ ਪੜ੍ਹਾਉਣ ਅਤੇ ਗੁਰਮਤ ਦੀ ਲਗਨ ਲਾਉਣ ਹਿਤ ਇਕ ਵਿੱਦਿਆਲਾ ਖੋਹਲ ਕੇ ਇਸ ਨੂੰ ਸਫਲ ਬਨਾਉਣ ਦੇ ਅਨਥਕ ਯਤਨ ਸਾਰੀ ਉਮਰ ਹੀ ਕਰਦੇ ਰਹੇ। ਆਪ ਦਾ ਗੁਰੂਬਾਣੀ ਉਤੇ ਪੂਰਨ ਭਰੋਸਾ ਅਤੇ ਰਹਿਣੀ ਗੁਰ ਸਿਖਾਂ ਵਾਲੀ ਸੀ।

ਪਾਕਸਤਾਨ ਬਣਨ ਪਰ ਕਸ਼ਮੀਰ ਵਿਚ ਹੋਈ ਗੜਬੜ ਸਮੇਂ ਆਪ ਨੂੰ ਬਹੁਤ ਖੇਦ ਹੋਇਆ। ਆਪ ਨੇ ਵਿਦਿਆਲੇ ਅਤੇ ਗਿਰਦੇ-ਨਵਾਹ ਦੇ ਲੋਕਾਂ ਨੂੰ ਤਬਾਹੀ ਤੋਂ ਬਚਾਉਣ ਹਿਤ ਸਿਰ ਤੋੜ ਯਤਨ ਕੀਤੇ। ਅਖੀਰ ਜਿਤਨੀਆਂ ਕੁ ਜਾਨਾਂ ਬਚ ਸਕੀਆਂ ਉਨ੍ਹਾਂ ਨੂੰ ਲੈ ਕੇ ਸੰਗਰੂਰ ਪਹੁੰਚੇ ਜਿਥੇ ਸਰਕਾਰ ਪੈਪਸੂ ਵਲੋਂ ਉਨ੍ਹਾਂ ਨੂੰ ਟਿਕਾਣਾ ਦਿਵਾ ਕੇ ਛੇਤੀ ਹੀ ਪਿਛੋਂ ਆਪ ਗੁਰ ਪੁਰੀ ਸਿਧਾਰ ਗਏ। ਆਪ ਦੀ ਸੇਵਾ ਅਤੇ ਗੁਰਮਤ ਪਰਚਾਰ ਦੀ ਅਤੁਟ ਲਗਨ ਦੀ ਯਾਦਗਾਰ ਵਜੋਂ ਗੁਰਦੁਵਾਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ 'ਅਕਾਲੀ ਕੌਰ ਸਿੰਘ ਲਾਇਬਰੇਰੀ' ਕਾਇਮ ਕੀਤੀ ਗਈ ਹੈ।

## ਗਿਆਨੀ ਸੇਰ ਸਿੰਘ ਜੀ

ਆਪ ਦਾ ਜਨਮ ਪਿੰਡ ਠੀਕਰੀਵਾਲਾ ਰਿਆਸਤ ਪਟਿਆਲਾ ਦਾ ਸੀ। ਆਪ ਛੋਟੀ ਉਮਰ ਵਿਚ ਹੀ ਨੇਤਰ ਹੀਨ ਹੋ ਗਏ ਸੀ ਪ੍ਰੰਤੂ



Digitized by Panjab Digital Library | www.panjabdigilib.org

ਬਾਵਜੂਦ ਇਸ ਤਰੁਟੀ ਆ ਜਾਣ ਦੇ ਆਪ ਨੇ ਭਿੰਡਰਾਂ ਵਾਲੇ ਸੰਤਾਂ ਦੇ ਡੇਰੇ ਤੋਂ ਉਚ ਕੋਟੀ ਦੀ ਗੁਰਮਤ ਵਿੱਦਿਆ ਹਾਸਲ ਕੀਤੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਥਾ ਅਤੇ ਗੁਰਮਤ ਪ੍ਰਚਾਰ ਕਰਨ ਵਿਚ ਬੜੇ ਉਘੇ ਹੋ ਗਏ। ਆਪ ਦੀ ਵਿਦਵਤਾ ਨੇ ਪਹਿਲੋਂ ਕੁਝ ਸਮੇਂ ਲਈ ਆਪ ਨੂੰ ਪਿਸ਼ਾਵਰ ਅਤੇ ਉਸ ਤੋਂ ਪਿਛੋਂ ਰਾਵਲ ਪਿੰਡੀ ਡੇਰਾ ਲਵਾਇਆ ਜਿਥੇ ਆਪ ਰੋਜ਼ ਕਥਾ ਕਰਦੇ। ਆਪਨੇ ਅੰਗਰੇਜ਼ੀ ਭੀ ਖਾਸੀ ਪੜ੍ਹ ਲਈ ਸੀ ਅਤੇ ਮਜ਼ਹਬੀ ਬਹਿਸ ਮੁਬਾਹਿਸਿਆਂ ਦੇ ਜ਼ਮਾਨੇ ਅੰਦਰ ਆਪ ਇਨਾਂ ਵਿਚ ਬਹੁਤ ਹਿਸਾ ਲਿਆ ਕਰਦੇ ਸਨ।

ਗੁ: ਪੰਜਾ ਸਾਹਿਬ ਦੇ ਕਬਜੇ ਸਮੇਂ ਆਪ ਰਾਵਲ ਪਿੰਡੀ ਤੋਂ ਜਥਾ ਲੈ ਕੇ ਉਥੇ ਪੁਜੇ ਅਤੇ ਭਾਰਤ ਦੇ ਸਿਆਸੀ ਮੈਦਾਨ ਵਿਚ ਭੀ ਬਹੁਤ ਵਿਚਰਦੇ ਰਹੇ ਅਤੇ ਕਈ ਵੇਰ ਕਾਂਗ੍ਰਸ ਦੀ ਸਟੇਜ ਤੇ ਬੋਲਦੇ ਰਹੇ ਬਲਕਿ ਸੰਨ ੧੯੨੮ ਵਿਚ ਕਲਕੱਤੇ ਕਾਂਗ੍ਰਸ ਕਨਵੈਨਸ਼ਨ ਵਿਚ ਸਿਖਾਂ ਦੀ ਨੁਮਾਇੰਦਗੀ ਕੀਤੀ।

ਆਪ ਨੇ ਅੰਮ੍ਰਿਤਸਰ ਤੋਂ "ਕੌਮੀ ਦਰਦ" ਨਾਮ ਦਾ ਰੋਜ਼ਾਨਾ ਪੰਜਾਬੀ ਪਰਚਾ ਕਢਿਆ ਜੋ ਕਾਫੀ ਸਮਾਂ ਚਲਦਾ ਰਿਹਾ। ਆਪ ਨੇ ਕਈ ਪੁਸਤਕ ਭੀ ਲਿਖੇ ਹਨ। ਆਪਦਾ ਲਿਖਿਆ ਨਿਤਨੇਮ ਸਟੀਕ ਸਿਖਾਂ ਵਿਚ ਅਛੀ ਥਾਂ ਰਖਦਾ ਹੈ ਆਪ। ਗੁਰ ਪੁਰੀ ਸੁਧਾਰ ਚੁਕੇ ਹਨ।

## ਮਾਸਟਰ ਮੋਤਾ ਸਿੰਘ ਜੀ

ਆਪ ਜੀ ਦਾ ਪਿੰਡ ਪਤਾਰਾ ਜਲੰਧਰ ਛਾਉਣੀ ਦੇ ਨੇੜੇ ਹੀ ਹੈ। ਜ਼ਮਾਨਾ ਸਿੰਘ ਸਭਾ ਵਿਚ ਸਰਦਾਰ ਸੁਖਾ ਸਿੰਘ ਮਿਡਲ ਸਕੂਲ ਅੰਮ੍ਰਿਤਸਰ ਵਿਚ ਹੈਡ ਮਾਸਟਰ ਲਗੇ। ਇਹ ਉਹ ਸਮਾਂ ਸੀ ਜਦੋਂ ਸਿਖਾਂ ਦੇ ਆਰੀਆ ਸਮਾਜੀਆਂ ਨਾਲ ਬਹਿਸਾਂ ਮੁਬਹਿਸੇ ਹੁੰਦੇ ਸਨ। ਆਪ ਬੜੇ ਪੱਕੇ ਸਿਖ ਅਤੇ ਵਿਦਵਾਨ ਵੀ ਸਨ। ਆਰੀਆਂ ਸਮਾਜੀਆਂ ਦੇ ਮੁਕਾਬਲੇ ਤੇ ਪਹਿਲੇ ਪਹਿਲ ਆਪ ਜੀ ਨੇ ਬਹਿਸ ਸ਼ੁਰੂ ਕੀਤੀ। ਛੋਤੀਂ



Digitized by Panjab Digital Library | www.panjabdigilib.org

ਹੀ ਪੰਥ ਵਿਚ ਮਸ਼ਹੂਰ ਹੋ ਗਏ ਅਤੇ ਬਾਹਰ ਦੀਵਾਨਾਂ ਤੇ ਵੀ ਜਾਣ ਲਗ ਗਏ । ਅਕਾਲੀ ਲਹਿਰ ਵਿਚ ਆਪ ਜਥੇਦਾਰ ਤੇਜਾ ਸਿੰਘ ਭੁਚਰ ਅਤੇ ਝੱਬਰ ਜੀ ਦੇ ਸਾਥੀ ਸੀ। ਮੁਢ ਤੋਂ ਹੀ ਆਪ ਮੁਲਕ ਦੀ ਆਜ਼ਾਦੀ ਦੇ ਹਮੀ ਰਹੇ ਅਤੇ ਹਮੇਸ਼ਾਂ ਅੰਗਰੇਜ਼ੀ ਹਕੂਮਤ ਦੇ ਖਿਲਾਫ ਡਟੇ ਰਹਿੰਦੇ। ਆਜ਼ਾਦੀ ਦੀ ਲੜਾਈ ਵਿਚ ਆਪ ਨੇ ਕਾਂਗਰਸ ਦਾ ਸਾਥ ਦਿਤਾ ਅਤੇ ਕਈ ਵੇਰ ਜੇਹਲ ਯਾਤਰਾ ਕੀਤੀ। ਇਸ ਵਕਤ ਆਪ ਪੰਜਾਬ ਅਸੈਂਬਲੀ ਦੇ ਮੈਂਬਰ ਹਨ । ਆਪ ਕਿਰਪਾਨ ਧਾਰੀ ਪਕੇ ਸਿਖ ਹਨ ।

## ਪ੍ਰਿੰਸੀਪਲ ਗੰਗਾ ਸਿੰਘ ਜੀ

ਆਪ ਜੀ ਦਾ ਜਨਮ ਜਿਮੀਂਦਾਰਾਂ ਦੇ ਘਰ ਦਾ ਅਤੇ ਪਿੰਡ ਜਗਤਪੁਰਾ ਜ਼ਿਲਾ ਅੰਮ੍ਰਿਤਸਰ ਹੈ ।

ਸੰਨ ੧੯੦੯ ਵਿਚ ਸ੍ਰੀ ਗੁਰੂ ਸਿੰਘ ਸਭਾ ਦੀਪਾਲ ਪੁਰ ਜ਼ਿਲਾ ਮਿੰਟਗੁਮਰੀ ਵਲੋਂ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਤੇ ਝੱਬਰ ਜੀ ਨੂੰ ਬੁਲਾਇਆ ਗਿਆ ਸੀ। ਰਾਤ ਦੇ ਦੀਵਾਨ ਵਿਚ ਇਨ੍ਹਾਂ ਦੇ ਲੈਕਚਰ ਤੋਂ ਮਗਰੋਂ ਇਕ ਛੋਟੇ ਲੜਕੇ ਨੇ ਉਠ ਕੇ ਉਰਦੂ ਵਿਚ ਗੁਫ਼ਤਗੂ ਕੀਤੀ ਤੇ ਕਿਹਾ ਕਿ 'ਮੁਝੇ ਨਜ਼ਮ ਪੜ੍ਹਨੇ ਕੇ ਲੀਏ ਵਕਤ ਦੀਆ ਜਾਏ।' ਤਾਂ ਸੰਗਤ ਉਸ ਦੀ ਕਵਿਤਾ ਸੁਣ ਕੇ ਬੜੀ ਪ੍ਰਸੰਨ ਹੋਈ। ਉਸ ਲੜਕੇ ਦਾ ਦਿਲ ਵਧਾਨ ਵਾਸਤੇ ਸਿੰਘ ਸਭਾ ਵਲੋਂ ਇਨਾਮ ਦਿਵਾਇਆ ਗਿਆ। ਇਸ ਲੜਕੇ ਨੇ ਪੁਛਣ ਤੇ ਦਸਿਆ ਕਿ "ਮੇਰਾ ਨਾਮ ਗੰਗਾ ਸਿੰਘ ਹੈ ਔਰ ਮੈਂ ਛੱਟੀ ਜਮਾਤ ਮੇਂ ਪੜ੍ਹਤਾ ਹੂੰ।" ਝੱਬਰ ਜੀ ਨੇ ਪਛਿਆ ਕਿ ਕਾਕਾ ਇਹ ਨਜ਼ਮ ਤੂੰ ਕਿਥੋਂ ਯਾਦ ਕੀਤੀ ਸੀ ਤਾਂ ਲੜਕੇ ਨੇ ਕਿਹਾ ਕਿ ਭਾਈ ਸਾਹਿਬ "ਮੈ ਖੁਦ ਬਨਾ ਲੇਤਾ ਹੂੰ। ਆਪ ਹੁਕਮ ਕਰੇਂ ਤੋ ਮੈਂ ਸੁਬ੍ਹਾ ਔਰ ਬਨਾ ਲੂੰਗਾ।" ਤਾਂ ਝੱਬਰ ਜੀ ਨੇ ਉਸ ਲੜਕੇ ਨੂੰ ਥਾਪਨਾ ਦਿਤੀ ਤੇ ਕਿਹਾ ਬਈ! ਤੂੰ ਸੁਭਾ ਔਰ ਬਣਾ ਲਿਆਈ! ਸਵੇਰ ਦੇ ਦੀਵਾਨ ਵਿਚ ਉਸਨੇ



Digitized by Panjab Digital Library | www.panjabdigilib.org

ਹੋਰ ਨਜ਼ਮ ਸੁਨਾਈ ਜੋ ਉਸ ਦੀ ਉਮਰ ਦੇ ਲਿਹਾਜ਼ ਨਾਲ ਬਹੁਤ ਹੀ ਚੰਗੀ ਸੀ, ਤਾਂ ਸਿੰਘ ਸਭਾ ਵਲੋਂ ਉਸ ਲੜਕੇ ਨੂੰ ਪੰਜ ਰੁਪੈ ਤੇ ਮਸ਼ਹ ਦੀ ਲੁੰਙੀ ਇਨਾਮ ਦਿਤਾ ਗਿਆ ਅਤੇ ਝੱਬਰ ਨੇ ਉਸ ਨੂੰ ਕੋਲ ਬਿਠਾ ਕੇ ਪੁਛਿਆ, "ਕਾਕਾ ਤੂੰ ਉਰਦੂ ਨਜ਼ਮ ਬਣਾਂਦਾ ਹੈਂ ਕੀ ਪੰਜਾਬੀ ਨਹੀਂ ਜਾਣਦਾ ?" ਉਸ ਉਤਰ ਵਿਚ ਕਿਹਾ ਕਿ "ਭਾਈ ਸਾਹਿਬ ਸਰਕਾਰੀ ਸਕੂਲ ਹੈ ਵਹਾਂ ਪੰਜਾਬੀ ਕੋਈ ਨਹੀਂ ਪੜ੍ਹਾਤੇ" ਤਾਂ ਝੱਬਰ ਜੀ ਨੇ ਉਸ ਨੂੰ ਪਿਆਰ ਨਾਲ ਕਿਹਾ ਕਿ ਕਾਕਾ ਤੂੰ ਗੁਰ ਸਿਖ ਹੈਂ ਤੈਨੂੰ ਗੁਰ ਮੁਖੀ ਜ਼ਰੂਰੀ ਪੜ੍ਹਨੀ ਚਾਹੀਦੀ ਹੈ. ਤੂੰ ਮੇਰੇ ਨਾਲ ਗੁਰਮੁਖੀ ਪੜ੍ਹਨ ਦਾ ਇਕਰਾਰ ਕਰ ਤੇ ਮੈਂ ਤੈਨੂੰ ਗੁਰਮੁਖੀ ਦੀਆਂ ਕਿਤਾਬਾਂ ਲਾਹੋਰੋਂ ਜਾ ਕੇ ਭੇਜਾਂਗਾ। ਤਾਂ ਗੰਗਾ ਸਿੰਘ ਨੇ ਗੁਰਮੁਖੀ ਪੜ੍ਹਨ ਦਾ ਵਾਹਿਦਾ ਕੀਤਾ ਤੇ ਝੱਬਰ ਨੇ ਲਾਹੌਰ ਜਾ ਕੇ "ਹਮ ਹਿੰਦੂ ਨਹੀਂ" "ਨਕਲੀ ਸਿਖ ਪ੍ਰਬੋਧ" ਬਾਲ ਉਪਦੇਸ਼ ਆਦ ਪੁਸਤਕਾਂ ਡਾਕ ਰਾਹੀਂ ਘਲ ਦਿਤੀਆਂ।

ਸੰਨ ੧੯੧੩ ਵਿਚ ਮਾਝੇ ਵਿਖੇ ਛੋਟੇ ਭੁਚਰ ਸਿੰਘ ਸਭਾ ਦਾ ਦੀਵਾਨ ਹੋਇਆ, ਇਸ ਦੀਵਾਨ ਵਿਚ ਇਕ ਲੜਕੇ ਨੇ, ਜਿਸ ਦੇ ਸਿਰ ਤੇ ਛੋਟੀ ਜਿਹੀ ਦਸਤਾਰ, ਗਲ ਕਾਲੇ ਰੰਗ ਦਾ ਲੰਮਾ ਚੋਲਾ ਪਾਇਆ ਹੋਇਆ ਸੀ, ਇਕ ਘੰਟਾ ਲੈਕਚਰ ਕੀਤਾ ਜਿਸ ਦਾ ਸੰਗਤ ਤੇ ਬਹੁਤ ਅਸਰ ਹੋਇਆ। ਸ਼ਾਮ ਨੂੰ ਦੀਵਾਨ ਦੀ ਸਮਾਪਤੀ ਪਿਛੋਂ ਉਸ ਲੜਕੇ ਨੇ ਪ੍ਰੇਮ ਨਾਲ ਆ ਕੇ ਝੱਬਰ ਨੂੰ ਜਫ਼ੀ ਪਾ ਲਈ ਤੇ ਕਿਹਾ "ਭਾਈ ਸਾਹਿਬ ਆਪ ਨੇ ਮੈਨੂੰ ਨਹੀਂ ਪਛਾਤਾ, ਮੈਂ ਉਹ ਗੰਗਾ ਸਿੰਘ ਹਾਂ ਦੀਪਾਲ ਪੁਰ ਵਾਲਾ ਮੈਂਨੇ ਖੰਡੇ ਦਾ ਅੰਮ੍ਰਿਤ ਛਕ ਲਿਆ ਹੈ ਅਤੇ ਮੈਟ੍ਰਿਕ ਕਰ ਲਿਆ ਹੈ ਤੇ ਆਪਣੀ ਜ਼ਿੰਦਗੀ ਦਾ ਪਰੋਗਰਾਮ ਸਿਖ ਧਰਮ ਦਾ ਪਰਚਾਰ ਕਰਨਾ ਬਣਾ ਲਿਆ ਹੈ।"

ਜ਼ਮਾਨਾ ਸਿੰਘ ਸਭਾ ਵਿਚ-ਜਦ ਕਿ ਹਿੰਦੂ ਮੁਸਲਮਾਨ ਆਰੀਆ ਸਮਾਜੀਆਂ ਨਾਲ ਹਰ ਰੋਜ਼ ਬੈਹਸ-ਮੁਬੈਹਸੇ ਹੁੰਦੇ ਸਨ, ਤਾਂ ਆਪ ਜੀ ਨੇ



Digitized by Panjab Digital Library | www.panjabdigilib.org

ਮੁਖਾਲਿਫਾਂ ਨਾਲ ਖਾਸ ਕਰਕੇ ਆਰੀਆ ਸਮਾਜੀਆਂ ਅਤੇ ਮੁਸਲਮਾਨਾਂ ਮਿਰਜ਼ਈਆਂ ਨਾਲ ਬੜੇ ਮੁਬੈਹਸੇ ਕੀਤੇ। ਇਕ ਵਾਰ ਕਾਦੀਆਂ ਅਤੇ ਦੂਸਰੀ ਵਾਰ ਸ੍ਰੀ ਅੰਮ੍ਰਿਤਸਰ ਵਿਚ ਉਹਨਾਂ ਦੇ ਜਲਸਿਆਂ ਵਿਚ ਜਾ ਕੇ ਮਿਰਜ਼ਾ ਕਾਦੀਆਂ ਅਤੇ ਉਹਨਾਂ ਦੇ ਮੱਤ ਦੇ ਢੋਲ ਦਾ ਪੋਲ ਐਸਾ ਖੋਹਲਿਆ ਤੇ ਐਸੇ ਸ਼ਰਮਿੰਦੇ ਕੀਤਾ ਕਿ ਉਸ ਤੋਂ ਬਾਹਦ ਉਨ੍ਹਾਂ ਸਿਖਾਂ ਨੂੰ ਕਦੇ ਚੈਲੰਜ ਨਹੀਂ ਕੀਤਾ।

ਆਪ ਉਸ ਵਕਤ ਦੇ ਭਾਰਤ ਦੇ ਚੋਟੀ ਦੇ ਸਪੀਕਰਾਂ ਵਿਚੋਂ ਹਨ। ਇਕ ਵੇਰ ਆਪ ਬਹਿਸ ਦਾ ਨੋਟਿਸ ਦੇਣ ਮਿਰਜ਼ਈਆਂ ਦੇ ਸਾਲਾਨਾ ਜਲਸੇ ਵਿਚ ਕਾਦੀਆਂ ਗਏ। ਇਕ ਮੌਲਵੀ ਨੇ ਸਰਦਾਰ ਜੀ ਨੂੰ ਕਿਹਾ, ਹਜ਼ਰਤ ਸਾਹਿਬ ਪੁਛਦੇ ਹਨ ਕਿ ਆਪ ਰੋਟੀ ਨਾਲ ਗਾਂ ਦਾ ਮਾਸ ਖਾਓਗੇ ਜਾਂ ਸੂਰ ਦਾ?" ਗੰਗਾ ਸਿੰਘ ਨੇ ਉਤਰ ਦਿਤਾ, ਗਾਂ ਦਾ ਝਟਕਾ ਕਰਕੇ ਅਤੇ ਸੂਰ ਦਾ ਹਲਾਲ ਕਰ ਕੇ ਲੈ ਆਵੋ।" ਮੁਸਲਮਾਨਾਂ ਦੀ ਸ਼ਰਾਹ ਵਿਚ ਸੂਰ ਦਾ ਮਾਸ ਹਲਾਲ ਨਹੀਂ ਹੋ ਸਕਦਾ, ਜਿਸ ਤੇ ਮੌਲਵੀ ਸਾਹਿਬ ਸ਼ਰਮਿੰਦੇ ਹੋ ਕੇ ਚੁਪ-ਚੁਪਾਤੇ ਉਠ ਕੇ ਚਲੇ ਗਏ। ਜਲਸੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤੋਹੀਦ ਸਭ ਤੋਂ ਉਚੀ ਸਾਬਤ ਕੀਤੀ ਅਤੇ ਮਿਰਜ਼ਈਆਂ ਤੇ ਸਵਾਲ ਕੀਤਾ ਤਾਂ ਉਹ ਉਤਰ ਨਾ ਦੇ ਸਕੇ, ਅਤੇ ਹਮੇਸ਼ਾਂ ਵਾਸਤੇ ਚੁਪ ਹੋ ਗਏ।

ਜਦ ਸ਼ਰੋਮਣੀ ਕਮੇਟੀ ਵਲੋਂ ਸਿਖ ਮਿਸ਼ਨਰੀ ਕਾਲਜ, ਅੰਮ੍ਰਿਤਸਰ ਵਿਚ ਜਾਰੀ ਕੀਤਾ ਗਿਆ ਤਾਂ ਆਪ ਨੂੰ ਉਥੋਂ ਦੇ ਪ੍ਰਿੰਸੀਪਲ ਥਾਪਿਆ ਗਿਆ। ਆਪ ਨੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਆਪਣੀ ਵਿਦਵਤਾ ਦੁਆਰਾ ਲੈਕਚਰ-ਪਰਚਾਰ ਤੇ ਲਿਖਣ ਸ਼ੈਲੀ ਦੀ ਦਾਤ ਦਿਤੀ ਹੈ।

## ਪੰਡਤ ਕਰਤਾਰ ਸਿੰਘ ਜੀ ਲਫਾਸਫਰ

ਆਪ ਜੀ ਦਾ ਜਨਮ ਜ਼ਿਲਾ ਜੇਹਲਮ ਦਾ ਸੀ। ਆਪ ਅੰਗਰੇਜ਼ੀ ਉਰਦੂ, ਸੰਸਕ੍ਰਿਤ, ਪੰਜਾਬੀ ਆਦ ਪੜ੍ਹੇ ਹੋਏ ਸਨ। ਬੜੇ ਭਾਰੀ



Digitized by Panjab Digital Library | www.panjabdigilib.org

ਫ਼ਲਾਸਫਰ ਸਨ, ਪਹਿਲਾਂ ਆਪ ਸਨਾਤਨੀ ਹਿੰਦੂ, ਫ਼ਿਰ ਆਰੀਆ ਸਮਾਜੀ ਅਤੇ ਫ਼ਿਰ ਸਿੰਘ ਸਜੇ। ਆਪ ਜੀ ਨੇ ਭਾਈ ਤਖਤ ਸਿੰਘ ਹੋਰਾਂ ਤੋਂ ਅੰਮ੍ਰਿਤ ਛਕਿਆ ਸੀ।

ਹਿੰਦੁਸਤਾਨ ਵਿਚ ਇਹ ਵਕਤ ਮਜ਼ਬੀ ਪਰਚਾਰ ਦੇ ਦੌਰ ਦਾ ਸੀ। ਫ਼ਲਾਸਫਰ ਜੀ ਨੂੰ ਅਨਮਤਾਂ ਦੀ ਕਾਫ਼ੀ ਵਾਕ਼ਫ਼ੀ ਸੀ। ਅਤੇ ਮੁਬਾਹਿਸਿਆਂ ਵਿਚ ਆਪ ਦਾ ਕਥੱਨ ਬੜਾ ਫਿਲਸਫਾਨਾ ਤੇ ਪ੍ਰਭਾਵਸ਼ਾਲੀ ਹੁੰਦਾ ਸੀ। ਸੰਨ ੧੯੧੦ ਵਿਚ ਸਿਖਾਂ ਤੇ ਆਰੀਆ ਸਮਾਜੀਆਂ ਦਾ ਕਸੂਰ ਵਿਚ ਮੁਬਹਿਸਾ ਹੋਇਆ, ਏਥੇ ਆਪ ਜੀ ਨੇ ਆਰੀਆ ਸਮਾਜੀਆਂ ਦੇ ਆਗੂ ਸੁਵਾਮੀ ਦਇਆ ਨੰਦ ਦੀਆਂ ਯੁਕਤੀਆਂ ਦਾ ਖੰਡਨ ਕੀਤਾ ਅਤੇ ਸਮਾਜੀ ਪਰਚਾਰਕਾਂ ਨੂੰ ਹਾਰ ਦਿਤੀ। ਜਿਸ ਤੋਂ ਦਿਨੋਂ ਦਿਨ ਪੰਥ ਵਿਚ ਉਘੇ ਹੁੰਦੇ ਗਏ। ਇਥੋਂ ਤੱਕ ਕਿ ਜਿਸ ਜਲਸੇ ਵਿਚ ਪੰਡਤ ਜੀ ਸ਼ਾਮਲ ਹੁੰਦੇ ਸਮਾਜੀ ਪਰਚਾਰਕ਼ ਉਥੇ ਆਉਂਦੇ ਹੀ ਨਹੀਂ ਸੀ ਬਲਕਿ ਫ਼ਲਾਸਫਰ ਸਾਹਿਬ ਜੀ ਨੇ ਇਕ ਚੈਲੰਜ ਇਸ਼ਤਿਹਾਰ ਅਤੇ ਅਖ਼ਬਾਰ ਦਵਾਰਾ ਇਹਨਾਂ ਅਖਰਾਂ ਵਿਚ ਪਰਕਾਸ਼ਤ ਕਰਵਾਇਆ ਸੀ।

ਦੁਨੀਆਂ ਭਰ ਦੇ ਆਰੀਆ ਸਮਾਜੀਆਂ ਨੂੰ ਲਾਸਾਨੀ ਫਲਾਸਫਰ ਕਰਤਾਰ ਸਿੰਘ ਪੰਡਤ ਦਾ ਡਬਲ ਚੈਲੰਜ। ਜ਼ੇਰੇ ਬਹਿਸ ਸਵਾਲ ਇਹ ਹਨ:—

੧. ਸੁਵਾਮੀ ਦਯਾਨੰਦ ਦੀ ਨਿਯੋਗ ਦੀ ਯੁਕਤੀ ਵਿਭਚਾਰ ਦਾ ਕਾਰਨ ਹੈ।

੨. ਜੀਵ-ਈਸ਼ਵਰ-ਪਰਕ੍ਰਿਤੀ ਤਿੰਨਾਂ ਨੂੰ ਅਨਾਦੀ ਮਨਣਾ ਗਲਤੀ ਹੈ।

੩. ਸਤਿਆਰਥ ਪਰਕਾਸ਼ ਧਾਰਮਕ ਪੁਸਤਕ ਨਹੀਂ। ਇਸ ਦਾ ਚੌਧਵਾਂ ਸਮੂਲਾਸ ਮੁਲਕ ਵਿਚ ਫੁਟ ਦਾ ਕਾਰਨ ਹੈ। ਇਤਿ ਆਦਿਕ ਸਤ ਸਵਾਲ ਸਨ।

ਪਰ ਕਿਸੇ ਆਰੀਆ ਸਮਾਜੀ ਨੇ ਇਨ੍ਹਾਂ ਦਾ ਉਤਰ ਨਾ ਦਿਤਾ।



Digitized by Panjab Digital Library | www.panjabdigilib.org

ਪੰਡਤ ਜੀ ਨੇ ਇਹ ਚੈਲੰਜ ਸੰਨ ੧੯੧੮ ਵਿਚ ਪਰਕਾਸ਼ਤ ਕੀਤਾ ਸੀ। ਅਕਾਲੀ ਲਹਿਰ ਵਿਚ ਆਪ ਚੁਪ ਹੋ ਗਏ।

## ਭਾਈ ਲਛਮਨ ਸਿੰਘ ਜੀ ਸ਼ਹੀਦ ਲੱਕੇ ਵਾਲੀ

ਆਪ ਜੀ ਦਾ ਜਨਮ ਪਿੰਡ ਲੰਕੇ ਵਾਲੀ (ਵਜ਼ੀਰਾਬਾਦ, ਜ਼ਿਲਾ ਗੁਜਰਾਂਵਾਲਾ ਦਾ ਹੈ। ਆਪ ਸਨਾਤਨੀ ਸਨ। ਇਕ ਵਾਰ ਭਾਈ ਮੂਲ ਸਿੰਘ ਜੀ ਦਾ ਲੈਕਚਰ ਸੁਣਿਆ। ਉਥੋਂ ਆਪ ਜੀ ਨੂੰ ਸਿਖੀ ਦਾ ਪਰੇਮ ਲਗ ਗਿਆ। ਆਪ ਲਿਖੇ ਪੜ੍ਹੇ ਤੇ ਚੰਗੇ ਸਮਝਦਾਰ ਸਨ। ਜਿਥੇ ਕਿਧਰੇ ਜੋੜ ਮੇਲਾ ਹੋਵੇ ਗੁਰਮਤ ਪਰਚਾਰ ਸੁਨਣ ਲਈ ਜਾਣਾ। ਆਪ ਨੂੰ ਸਿਖੀ ਦੀ ਇਤਨੀ ਚੇਟਕ ਲਗੀ ਕਿ ਛੇਤੀ ਹੀ ਗੁਰਮਤ ਦਾ ਪਰਚਾਰ ਕਰਨਾ ਸ਼ੁਰੂ ਕਰ ਦਿਤਾ। ਆਪ ਅੰਮ੍ਰਿਤ ਨਹੀਂ ਛਕਦੇ ਸਨ, ਕਿ ਕਛਿਹਰਾ ਪਾਉਣਾ ਪੈਂਦਾ ਹੈ। ਇਕ ਵੇਰ ਗਰਮੀਆਂ ਦੀ ਰੁਤੇ ਇਕ ਭਾਈ ਹਰੀ ਸਿੰਘ ਹੌਲਦਾਰ ਫ਼ੌਜੀ ਪੈਨਸ਼ਨਰ ਨੇ ਆਪਣੇ ਪਿੰਡ ਲਧੇਕੀ ਜ਼ਿਲਾ ਸਿਆਲਕੋਟ ਵਿਚ ਦੀਵਾਨ ਕੀਤਾ। ਰਾਤ ਨੂੰ ਸਾਰੇ ਪਰਚਾਰਕ ਇਕ ਕੋਠੇ ਉਤੇ ਸੁੱਤੇ। ਪਿੰਡ ਦੇ ਕੋਲ ਇਕ ਖੂਹ ਵਗਦਾ ਸੀ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਉਧਰ ਜਾਣ ਵਾਸਤੇ ਹੇਠਾਂ ਉਤਰੇ। ਅਗੇ ਭਾਈ ਮੂਲ ਸਿੰਘ ਜੀ ਜੋ ਪਹਿਲੇ ਉਤਰੇ ਸਨ, ਉਹਨਾਂ ਅਵਾਜ਼ ਮਾਰੀ "ਲਛਮਨ ਦਾਸ ਆ ਤੈਨੂੰ ਕੁਝ ਦਿਖਾਈਏ।" ਵੇਖਿਆ ਤਾਂ ਚੌਂਕੇ ਵਿਚ ਘਰ ਦਾ ਮਾਲਕ ਜੱਟ ਸੁਤਾ ਪਿਆ ਹੈ, ਉਤੋਂ ਕਪੜਾ ਹਵਾ ਨਾਲ ਉਡ ਗਿਆ ਸੀ ਤੇ ਉਹ ਨੰਗਾ ਸੀ। ਉਸ ਦੀ ਨੂੰਹ ਇਕ ਪਾਸੇ ਸ਼ਰਮ ਕਰਕੇ ਖਲੋਤੀ ਹੋਈ ਸੀ, ਕਿ ਇਹ ਕਪੜਾ ਲਵੇ ਤਾਂ ਮੈਂ ਜਾ ਕੇ ਦੁਧ ਰਿੜਕਾਂ। ਭਾਈ ਸਾਹਿਬ ਨੇ ਲਛਮਣ ਸਿੰਘ ਨੂੰ ਸਮਝਾਇਆ ਕਿ ਵੇਖ ਜੇ ਇਸ ਦੇ ਲੱਕ ਕਛੈਹਰਾ ਹੁੰਦਾ ਤਾਂ ਇਹ ਨੰਗਾ ਨ ਹੁੰਦਾ ਉਸੇ ਦਿਨ ਹੀ ਭਾਈ ਮੂਲ ਸਿੰਘ ਤੋਂ ਤਾਰੀਖ ਲੈ ਕੇ ਉਸ ਤਾਰੀਖ ਤੇ ਲਛਮਨ ਦਾਸ ਨੇ ਆਪਣੇ ਘਰ ਜੋੜ ਮੇਲ ਕੀਤਾ ਤੇ ਖੰਡੇ ਦਾ ਅੰਮ੍ਰਿਤ ਛਕ ਕੇ ਲਛਮਣ ਦਾਸ ਤੋਂ ਲਛਮਣ ਸਿੰਘ ਸਜ ਗਿਆ।



Digitized by Panjab Digital Library | www.panjabdigilib.org

ਇਹਨਾਂ ਦੇ ਪਿੰਡ ਵਿਚ ਅੱਧੇ ਜੱਟ ਮੁਸਲਮਾਨ ਸਨ ਤੇ ਅਧੇ ਹਿੰਦੂ ਸਖੀ-ਸਰਵਰੀਏ ਸਨ। ਭਾਈ ਲਛਮਣ ਸਿੰਘ ਜੀ ਨੇ ਹਿੰਦੂ ਜਟਾਂ ਨੂੰ ਪਰੇਰ ਕੇ ਸਿੰਘ ਸਜਾ ਦਿਤਾ। ਇਸ ਪਿੰਡ ਦਾ ਨੰਬਰਦਾਰ ਤੇ ਮੁੱਲਾਂ ਬੜੇ ਮੁਤੱਅਸਬੀ ਸਨ। ਉਹਨਾਂ ਨੇ ਇਕ ਘਰ ਨੂੰ ਜੇਹੜੇ ਸਿੰਘ ਸਜੇ ਸਨ ਮੁਸਲਮਾਨ ਕਰ ਲਿਆ। ਭਾਈ ਲਛਮਨ ਸਿੰਘ ਨੇ ਪੰਦਰਾਂ ਵੀਹ ਦਿਨਾਂ ਮਗਰੋਂ ਉਨ੍ਹਾਂ ਨੂੰ ਫੇਰ ਸੁਧ ਕਰ ਲਿਆ। ਇਕ ਮਹੀਨਾ ਨਹੀਂ ਗੁਜ਼ਰਿਆਂ ਸੀ ਕਿ ਮੁਸਲਮਾਨਾਂ ਨੇ ਦੋ ਕੁ ਆਦਮੀਆਂ ਨੂੰ ਫੇਰ ਪਰੇਰ ਕੇ ਉਹਨਾਂ ਨੂੰ ਮੁਸਲਮਾਨ ਕਰਨ ਵਾਸਤੇ ਤਿਆਰ ਕੀਤਾ ਤੇ ਭਾਈ ਲਛਮਣ ਸਿੰਘ ਨੂੰ ਸੁਨੇਹਾ ਘਲਿਆ ਅਜ ਅਸੀਂ ਤੇਰੇ ਬੂਹੇ ਅਗੇ ਗਾਂ ਮਾਰਨੀ ਹੈ ਤਕੜਾ ਹੋ ਜਾ। ਭਾਈ ਲਛਮਣ ਸਿੰਘ ਵੱਡੀ ਕਰਪਾਨ ਰਖਦਾ ਸੀ। ਇਹ ਕ੍ਰਿਪਾਨ ਸੂਤ ਕੇ ਵੇਹੜੇ ਮੰਜਾ ਡਾਹ ਕੇ ਬਹਿ ਗਿਆ। ਸਾਰੇ ਪਿੰਡ ਵਿਚ ਮਸ਼ਹੂਰ ਹੋ ਗਿਆ ਕਿ ਲਛਮਨ ਸਿੰਘ ਆਪਣੇ ਘਰ ਕਿਰਪਾਨ ਕੱਢ ਕੇ ਬੈਠਾ ਹੋਇਆ ਹੈ। ਸਿੰਘ ਦੀ ਤਿਆਰੀ ਵੇਖ ਕੇ ਮੁਸਲਮਾਨ ਯਰਕ ਗਏ। ਉਹਨਾਂ ਗਾਂ ਕੀ ਮਾਰਨੀ ਸੀ ਕੋਈ ਮੁਸਲਮਾਨ ਉਸ ਗਲੀ ਵਿਚੋਂ ਵੀ ਨਾ ਲੰਘਿਆ। ਪ੍ਰੰਤੂ ਜਿਨਾਂ ਦੋ ਆਦਮੀਆਂ ਨੂੰ ਪਤਤ ਕਰਨਾ ਸੀ, ਮੁਸਲਮਾਨ ਉਹਨਾਂ ਨੂੰ ਮਸੀਤੇ ਲੈ ਗਏ। ਇਹ ਖਬਰ ਭਾਈ ਲਛਮਨ ਸਿੰਘ ਨੂੰ ਵੀ ਹੋ ਗਈ। ਉਹ ਉਸੇ ਤਰਾਂ ਹਥ ਵਿਚ ਨੰਗੀ ਤਲਵਾਰ ਫੜੀ ਅਕਾਲ ੨ ਗਜਾਂਦਾਂ ਮਸੀਤੇ ਪਹੁੰਚ ਗਿਆ। ਆਮ ਲੋਕੀਂ ਤਾਂ ਮਸੀਤ ਛੱਡ ਕੇ ਭੱਜ ਗਏ ਪਰ ਮੁਸਲਮਾਨ ਨੰਬਰਦਾਰ, ਕਾਜੀ ਸਾਹਿਬ ਤੈ ਕਾਜ਼ੀ ਦਾ ਪੁਤਰ ਅਤੇ ਦੋਵੇਂ ਪਤਤ ਹੋਣ ਵਾਲੇ ਆਦਮੀ–ਇਹ ਪੰਜ ਮਸੀਤ ਵਿਚ ਬੈਠੇ ਰਹੇ। ਭਾਈ ਲਛਮਨ ਸਿੰਘ ਨੇ ਪੰਜੇ ਹੀ ਝਟਕਾ ਦਿਤੇ। ਵਾਪਸ ਘਰ ਆ ਗਿਆ। ਆਪ ਦਾ ਚਾਲਾਨ ਹੋਇਆ ਤਾਂ ਆਪ ਨੇ ਇਕਬਾਲ ਕੀਤਾ ਅਤੇ ਗੁਰਬਾਣੀ ਦਾ ਪਾਠ ਕਰਦੇ ਹੋਏ ਗੁਜਰਾਂ ਵਾਲੇ ਜੇਹਲ ਵਿਚ ਅਰਦਾਸਾ ਕਰਕੇ ਫ਼ਾਂਸੀ ਚੜ੍ਹ ਗਏ।



Digitized by Panjab Digital Library | www.panjabdigilib.org

## ਗਿਆਨੀ ਕਰਤਾਰ ਸਿੰਘ ਕਲਾਸਵਾਲੀਏ

ਆਪ ਦਾ ਪਿੰਡ ਕਲਾਸ ਵਾਲਾ ਜ਼ਿਲਾ ਸਿਆਲਕੋਟ ਸੀ। ਆਪ ਫੌਜ ਵਿਚ ਭਰਤੀ ਹੋ ਗਏ ਅਤੇ ਕਾਫੀ ਸਮਾਂ ਫੌਜੀ ਨੌਕਰੀ ਕੀਤੀ। ਆਪ ਗੁਰਮਤ ਦੇ ਚੰਗੇ ਸਿਆਣੇ ਸਨ ਅਤੇ ਫੌਜੀ ਸਿੰਘਾਂ ਨੂੰ ਸਿਖੀ ਰਹਿਤ ਬਹਿਤ ਵਿਚ ਤਿਆਰ ਬਰ ਤਿਆਰ ਰਹਿਣ ਦਾ ਪਰਚਾਰ ਕਰਦੇ ਰਹਿੰਦੇ ਸਨ ਜਿਸ ਕਰਕੇ ਫੌਜੀਆਂ ਅੰਦਰ ਇਨਾਂ ਦੀ ਅਛੀ ਮਾਨਤਾ ਸੀ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੀ ਖਬਰ ਅਖਬਾਰ ਵਿਚ ਪੜ੍ਹੀ ਤਾਂ ਇਨ੍ਹਾਂ ਨੇ ਕਾਲੀ ਦਸਤਾਰ ਸਜਾ ਲਈ। ਅਫਸਰਾਂ ਨੂੰ ਇਹ ਨਾ ਭਾਈ ਅਤੇ ਇਨ੍ਹਾਂ ਨੂੰ ਕਾਲੀ ਦਸਤਾਰ ਉਤਾਰ ਦੇਣ ਲਈ ਸਮਝਾਇਆ ਪਰ ਇਨ੍ਹਾਂ ਇਨਕਾਰ ਕੀਤਾ। ਇਸ ਡਰ ਤੋਂ ਕਿ ਦੂਜੇ ਫੌਜੀਆਂ ਤੇ ਇਸ ਦਾ ਬੁਰਾ ਅਸਰ ਨਾ ਹੋਵੇ ਗਿਆਨੀ ਜੀ ਨੂੰ ਪੈਨਸ਼ਨ ਦੇ ਕੇ ਨੌਕਰੀ ਤੋਂ ਖੁਲੀ ਛੁਟੀ ਦੇ ਦਿਤੀ ਗਈ।

ਆਪ ਨੇ ਆਜ਼ਾਦ ਹੋ ਕੇ 'ਖੂਨ ਸ਼ਹੀਦਾਂ' ਨਨਕਾਣਾ ਸਾਹਿਬ ਨਾਮੇ ਟਰੈਕਟ ਕਵਤਾ ਵਿਚ ਲਿਖ ਕੇ ਛਪਵਾਇਆ ਜਿਸ ਨੂੰ ਬੜਾ ਸਲਾਹਿਆ ਗਿਆ। ਓਪਰੰਤ ਆਪ ਨੇ ਖੁਲੇ ਬੈਂਤਾਂ ਵਿਚ ਇਤਿਹਾਸ ਲਿਖਣਾ ਸ਼ੁਰੂ ਕੀਤਾ ਅਤੇ ਉਤੋ ਅੜ੍ਹਤੀ "ਦਸ਼ਮੇਸ਼ ਪ੍ਰਕਾਸ਼' ਸਿਦਕ ਖਾਲਸਾ' 'ਤੇਗ ਖਾਲਸਾ' ਰਾਜ ਖਾਲਸਾ' ਆਦਿ ਕਈ ਗ੍ਰੰਥ ਪੰਜਾਬੀ ਬੈਂਤਾਂ ਵਿਚ ਲਿਖੇ। ਆਪ ਦੀ ਕਵਿਤਾ ਦੀ ਰਵਾਨਗੀ ਨੇ ਇਨਾਂ ਗ੍ਰੰਥਾਂ ਨੂੰ ਇਤਨਾਂ ਪਰਚਲਤ ਕੀਤਾ ਕਿ ਪੇਂਡੂ ਲੋਕਾਂ ਵਿਚ ਇਹ ਸਿਖ ਇਤਿਹਾਸ ਦਾ ਵਾਰਸ ਸ਼ਾਹ ਸਮਝੇ ਜਾਣ ਲਗੇ। ਇਨ੍ਹਾਂ ਨੇ ਇਹ ਗ੍ਰੰਥ ਲਿਖ ਕੇ ਸਿਖ ਇਤਿ-ਹਾਸ ਨੂੰ ਆਮ ਸਿਖ ਜਨਤਾ ਦੇ ਹਥਾਂ ਵਿਚ ਪਹੁੰਚਾਉਣ ਦੀ ਅਦੁਤੀ ਸੇਵਾ ਕੀਤੀ ਹੈ। ਸ਼੍ਰੋ: ਗੁ: ਪ੍ਰ: ਕਮੇਟੀ ਨੇ ਆਪ ਨੂੰ ਸ੍ਰੀ ਹਰਿ ਮੰਦਰ ਸਾਹਿਬ ਅੰਮ੍ਰਿਤਸਰ ਦੇ ਹੈਡ ਗ੍ਰੰਥੀ ਨੀਯਤ ਕਰ ਦਿਤਾ ਸੀ ਜਿਸ ਸੇਵਾ ਨੂੰ ਭੀ ਆਪ ਨੇ ਕਈ ਸਾਲ ਬੜੀ ਯੋਗਤਾ ਨਾਲ ਨਿਭਾਹਿਆ। ਹੁਣ ਆਪ ਗੁਰਪੁਰੀ ਸਿਧਾਰ ਗਏ ਹਨ।



Digitized by Panjab Digital Library | www.panjabdigilib.org

## ਭਾਈ ਹੀਰਾ ਸਿੰਘ ਜੀ ਰਾਗੀ

ਭਾਈ ਹੀਰਾ ਸਿੰਘ ਜੀ ਫਿਰੂਕਾ ਜ਼ਿਲਾ ਸ਼ਾਹਪੁਰ ਦੇ ਰਹਿਣ ਵਾਲੇ ਸਨ। ਆਪ ਆਪਣੇ ਪਿਤਾ ਭਾਈ ਭਾਗ ਸਿੰਘ ਜੀ ਪਾਸੋਂ ਹਜ਼ੀ ਕੀਰਤਨ ਅਤੇ ਗੁਰੂ ਬਾਣੀ ਦਾ ਵੀਚਾਰ ਪ੍ਰਾਪਤ ਕਰ ਕੇ ਇਸ ਵੱਲ ਅਜੇਹੇ ਲਗੇ ਕਿ ਸਾਰੀ ਉਮਰ ਹੀ ਗੁਰੂ ਜਸ ਗਾਉਣ ਅਤੇ ਕੀਰਤਨ ਦਵਾਰਾ ਗੁਰਮਤ ਪ੍ਰਚਾਰ ਕਰਨ ਵਿਚ ਬਿਤਾਈ। ਆਪ ਕੀਰਤਨ ਵਿਚ ਹੀ ਗੁਰ ਸ਼ਬਦ ਦੀ ਵਿਆਖਿਆ ਕਰਦੇ ਸਨ। ਆਪ ਜੀ ਦੀ ਜ਼ਬਾਨ ਵਿਚ ਇਤਨੀ ਮਿਠਾਸ ਸੀ, ਕੀਰਤਨ ਇਤਨਾਂ ਰਸੀਲਾ ਅਤੇ ਵਿਆਖਿਆ ਇਸ ਕਦਰ ਮਨੋ ਰੰਜਕ ਹੁੰਦੀ ਸੀ ਕਿ ਸਰੋਤੇ ਕਿਹਾ ਕਰਦੇ ਸਨ ਕਿ ਭਾਈ ਹੀਰਾ ਸਿੰਘ ਦਾ ਕੀਰਤਨ ਸੁਨਣ ਲਈ ਤਾਂ ਉਡਦੇ ਜਾਂਦੇ ਪੰਛੀ ਵੀ ਅਟਕ ਜਾਂਦੇ ਸਨ। ਆਪ ਦਾ ਜੀਵਨ ਭੀ ਗੁਰ ਸਿਖਾਂ ਵਾਲਾ ਅਤੇ ਅੰਮ੍ਰਿਤ ਵੇਲੇ ਇਸ਼ਨਾਨ ਅਤੇ ਬਾਣੀ ਦੇ ਨਿਤਨੇਮੀ ਸਨ। ਹਮੇਸ਼ਾ ਨਿਤਨੇਮ ਦਾ ਪਾਠ ਕਰਕੇ ਕੀਰਤਨ ਵਿਚ ਬੈਠਣਾ ਆਪ ਦਾ ਨਿਤ ਕਰਮ ਸੀ। ਆਪ ਆਪਣੀ ਕਮਾਈ ਵਿਚੋਂ ਸਦਾ ਹੀ ਦਸਵੰਧ ਕਢਦੇ ਸਨ। ਆਪ ਨੇ ਪਿੰਡ ਫਿਰੂਕੇ ਵਿਖੇ ਖਾਲਸ ਹਾਈ ਸਕੂਲ ਖੋਹਲ ਕੇ ਇਸ ਨੂੰ ਬੜੀ ਸ਼ਾਨ ਨਾਲ ਚਲਾਇਆ। ਸਿੰਧ ਵਿਚ ਆਪ ਦੇ ਕੀਰਤਨ ਤੇ ਪਰਚਾਰ ਤੋਂ ਮੁਤਾਸਰ ਹੋ ਕਈ ਘਰਾਣੇ ਗੁਰੂ ਘਰ ਦੇ ਸ਼ਰਧਾਲੂ ਬਣੇ ਤੇ ਸਿੰਘ ਸਜੇ। ਸਿੰਘ ਸਭਾ ਦੇ ਜ਼ਮਾਨੇ ਵਿਚ ਆਪ ਦਾ ਕੀਰਤਨ ਦੁਆਰਾ ਗੁਰਮਤ ਪਰਚਾਰ ਆਪਣੀ ਮਿਸਾਲ ਨਹੀਂ ਰਖਦਾ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਉਪ੍ਰੰਤ ਗੁਰਦਵਾਰਾ ਸ੍ਰੀ ਜਨਮ ਅਸਥਾਨ ਵਿਚ ਪਹਿਲਾ ਕੀਰਤਨ ਆਪ ਵਲੋਂ ਹੋਇਆ ਸੀ ਜਿਸ ਦਾ ਪ੍ਰਭਾਵ ਸਰੋਤੇ ਹੀ ਜਾਣਦੇ ਸਨ। ਆਪ ਗੁਰਪੁਰੀ ਸਿਧਾਰ ਚੁਕੇ ਹਨ।

## ਸੰਤ ਚਤੁਰ ਸਿੰਘ ਜੀ

ਸੰਨ ੧੯੧੭ ਵਿਚ ਇਕ ਦਿਨ ਭਾਈ ਕਰਤਾਰ ਸਿੰਘ ਜੀ ਝੱਬਰ ਗੁਰਦਵਾਰਾ ਸਚੇ ਸੌਦੇ ਸਕੂਲ ਦੇ ਪਾਸ ਬੈਠੇ ਸਨ ਕਿ ਇਕ ਮਸ



Digitized by Panjab Digital Library | www.panjabdigilib.org

ਫੁਟਦੀ ਨੌਜਵਾਨ ਇਨਾਂ ਨੂੰ ਮਿਲਿਆ। ਗੱਲਬਾਤ ਤੋਂ ਉਰਦੂ ਫਾਰਸੀ ਦਾ ਚੰਗਾ ਵਿਦਵਾਨ ਨਜ਼ਰ ਆਇਆ ਪ੍ਰੰਤੂ ਪੰਜਾਬੀ ਤੋਂ ਬਿਲਕੁਲ ਨਾ ਵਾਕਫ, ਬਲਕਿ ਇਸ ਬੋਲੀ ਬਾਰੇ ਘਿਰਨਾ ਭਰੀ ਨਿਗਾਹ ਰਖਦਾ ਪ੍ਰਤੀਤ ਹੋਇਆ। ਝੱਬਰ ਦੀ ਪਰੇਰਨਾ ਨਾਲ ਇਸ ਗੁਰਮੁਖੀ ਪੜਣੀ ਅਰੰਭੀ ਅਤੇ ਇਕ ਹਫਤੇ ਵਿਚ ਅਛੀ ਤਰਾਂ ਪੜ੍ਹਣ ਲਿਖਣ ਲਗ ਗਿਆ। ਝੱਬਰ ਜੀ ਨੇ ਇਸ ਨੂੰ ਆਪਨੇ ਸਕੂਲ ਵਿਚ ਰਖ ਲਿਆ ਅਤੇ ਛੇ ਮਹੀਨੇ ਗੁਰਬਾਣੀ ਅਤੇ ਸਿਖ ਇਤਿਹਾਸ ਦੀ ਅਛੀ ਸਟਡੀ ਕਰਾਈ। ਇਸ ਨੂੰ ਗੁਰਮਤ ਪਰਚਾਰ ਦੀ ਚੇਟਕ ਲਗ ਗਈ ਅਤੇ ਉਥੇ ਹੀ ਗੁਰਮਤ ਬਾਰੇ ਲੈਕਚਰ ਅਤੇ ਗੁਰ ਸਬਦ ਦੀ ਕਥਾ ਸ਼ੁਰੂ ਕੀਤੀ। ਕੁਝ ਸਮਾਂ ਹੋਰ ਠਹਿਰ ਕੇ ਝੱਬਰ ਜੀ ਤੋਂ ਵਿਦਾਇਗੀ ਮੰਗੀ ਤਾਂ ਇਨ੍ਹਾਂ ਜਾਣ ਦੀ ਆਗਿਆ ਦੇ ਦਿਤੀ ਅਤੇ ਕਿਹਾ ਗੁਰਮਤ ਪਰਚਾਰ ਕਰੀਂ ਪਰ ਕੋਈ ਭੇਖ ਨਾ ਬਣਾਈ।

ਇਹ ਨੌਜਵਾਨ–ਸੰਤ ਚੜ੍ਹਤ ਸਿੰਘ, ਕਈ ਥਾਈਂ ਫਿਰਦਾ ਫਿਰਾਂਦਾ ਖਾਨੇਵਾਲ ਜ਼ਿਲਾ ਮੁਲਤਾਨ ਵਿਖੇ ਪੁਜਿਆ ਅਤੇ ਗੁਰਦਵਾਰਾ ਸਿੰਘ ਸਭਾ ਵਿਚ ਪਰਚਾਰ ਕਰਦਾ ਰਿਹਾ। ਅਖੀਰ ਖਾਨੇਵਾਲ ਨੂੰ ਆਪਨਾ ਹੈਡ ਕੁਆਟਰ ਬਣਾ ਆਲੇ ਦੁਆਲੇ ਇਲਾਕੇ ਵਿਚ ਪ੍ਰਚਾਰ ਕਰਨਾ ਸ਼ੁਰੂ ਕੀਤਾ। ਇਥੇ ਹੀ ਇਨਾਂ ਦੀ ਸ: ਬੂਟਾ ਸਿੰਘ ਅਤੇ ਬਾਵਾ ਪਰਮਾ ਨੰਦ ਜੀ ਪਿੰਡ ਬੂਟਾ ਸਿੰਘ ਵਾਲੇ ਨਾਲ ਮੁਲਾਕਾਤ ਹੋਈ। ਇਨ੍ਹਾਂ ਸਜਨਾਂ ਨੇ ਇਸ ਇਲਾਕੇ ਦੇ ਸਹਿਜਧਾਰੀ ਪਰੇਮੀਆਂ ਅੰਦਰ ਗੁਰਮਤ ਪਰਚਾਰ ਦੀ ਲਹਿਰ ਚਲਾ ਰਖੀ ਸੀ। ਇਨ੍ਹਾਂ ਨਾਲ ਮਿਲਕੇ ਸੰਤ ਚੜ੍ਹਤ ਸਿੰਘ ਜੀ ਨੇ ਸਹਿਜਧਾਰੀਆਂ ਵਿਚ ਸਿਖੀ ਦਾ ਬੜਾ ਪਰਚਾਰ ਕੀਤਾ ਅਤੇ ਕਈ ਥਾਈ ਸਾਲਾਨਾ ਦੀਵਾਨ ਕਰਨ ਦੀ ਪਰਪਾਟੀ ਪਾ ਦਿਤੀ, ਇਸ ਪਰਚਾਰ ਦੇ ਸਦਕੇ ਬਹੁਤ ਸਾਰੇ ਸਹਿਜਧਾਰੀ ਖੰਡੇ ਦਾ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਅਤੇ ਇਲਾਕੇ ਵਿਚ ਗੁਰਮਤ ਰਹੁ ਰੀਤ ਪਰਚਲਤ ਹੋ ਗਈ। ਇਸੇ ਪਰਚਾਰ ਦਾ ਸਿਟਾ ਸੀ ਕਿ ਇਸ ਇਲਾਕੇ ਵਿਚ



Digitized by Panjab Digital Library | www.panjabdigilib.org

ਬਾਵਜੂਦ ਆਟੇ ਵਿਚ ਲੂਣ ਹੋਣ ਦੇ ਸਿਖਾਂ ਦੀ ਬਹੁਤ ਅਛੀ ਪੋਜ਼ੀਸ਼ਨ ਬਣ ਗਈ ਸੀ। ਇਸ ਨਾਲ ਖਾਨੇਵਾਲ ਵਿਚ ਚਲਦੇ ਖਾਲਸਾ ਹਾਈ ਸਕੂਲ ਨੂੰ ਭੀ ਬੜੀ ਤਕਵੀਅਤ ਮਿਲੀ। ਸੰਤ ਚਰਤ ਸਿੰਘ ਦੀ ਸਾਰੀ ਉਮਰ ਹੀ ਇਸ ਇਲਾਕੇ ਵਿਚ ਬੀਤੀ, ਅਖੀਰ ਸਮਾਂ ਆਪ ਗੁਜਰ-ਖਾਨ ਜ਼ਿਲਾ ਰਾਵਲ ਪਿੰਡੀ ਚਲੇ ਗਏ ਅਤੇ ਉਥੇ ਬੀਮਾਰ ਹੋ ਕੇ ਜਵਾਨ ਉਮਰ ਵਿਚ ਹੀ ਚੜ੍ਹਾਈ ਕਰ ਗਏ। ਬੀਮਾਰੀ ਸਮੇਂ ਭਾਈ ਜੈ ਸਿੰਘ ਗੁਜਰਖਾਨੀ ਨੇ ਆਪ ਦੀ ਬੜੀ ਸੇਵਾ ਕੀਤੀ।

## ਪੰਡਤ ਲਾਭ ਸਿੰਘ ਜੀ

ਆਪ ਦਾ ਜਨਮ ਪਿੰਡ ਕੜੀਆਲ ਜ਼ਿਲਾ ਗੁਜਰਾਂਵਾਲਾ ਦੇ ਇਕ ਬ੍ਰਹਿਮਨ ਦੇ ਘਰ ਦਾ ਸੀ ਆਪ ਦਾ ਨਾਮ ਲਾਭ ਚੰਦ ਸੀ ਅਤੇ ਆਪ ਹਾਫਜ਼ਾਬਾਦ ਦੇ ਇਰਦ ਗਿਰਦ ਕਈ ਪਿੰਡਾਂ ਦੇ ਮਾਨਨੀਯ ਪਰੋਹਤ ਸਨ, ਵਿਦਵਾਨ ਭੀ ਚੰਗੇ ਸਨ। ਇਕ ਦਿਨ ਅਮ੍ਰਿਤਸਰ ਤੋਂ ਇਕ ਉਘਾ ਪੰਡਤ ਹਾਫਜ਼ਾਬਾਦ ਆਇਆ। ਲਾਭ ਚੰਦ ਜੀ ਉਸ ਨੂੰ ਮਿਲਣ ਗਏ ਤਾਂ ਉਸ ਨੇ ਇਨ੍ਹਾਂ ਦਾ ਹਥ ਵੇਖ ਕਿਹਾ 'ਪੰਡਤ ਜੀ ਆਪ ਕੋ ਤੋ ਪਿਤਰ ਪੀੜਾ ਹੈ ਆਪ ਕੇ ਪਿਤਰ ਦੁਖੀ ਹੈਂ ਆਪ ਕੋ ਗਇਆ ਜੀ ਜਾਕਰ ਪਿੰਨ ਭਰਾਣੇ ਚਾਹੀਏ ਤਉ ਆਪ ਕੇ ਪਿਤਰੋਂ ਕਾ ਦੁਖ ਦੂਰ ਹੋਗਾ।' ਲਾਭ ਚੰਦ ਜੀ ਨੂੰ ਬੜਾ ਦੁਖ ਹੋਇਆ ਅਗਲੇ ਭਲਕ ਹੀ ਗਇਆ ਨੂੰ ਤੁਰ ਗਏ ਅਤੇ ਉਥੇ ਜਾ ਪਿੰਨ ਭਰਾਏ। ਵਾਪਸੀ ਸਮੇਂ ਬਿੰਦਰਾਬਨ ਅਟਕੇ। ਇਥੇ ਇਸ਼ਨਾਨ ਉਪਰੰਤ ਸੰਧਿਆ ਕਰਕੇ ਬਾਹਰ ਨਿਕਲੇ ਤਾਂ ਇਕ ਪੂਰਬੀ ਹਿੰਦੂ ਦੇ ਪੁਛਣ ਤੇ ਆਪ ਨੇ ਦਸਿਆ ਕਿ ਮੈਂ ਪੰਜਾਬ ਤੋਂ ਆਇਆ ਹਾਂ ਪੰਜਾਬ ਦਾ ਨਾਮ ਸੁਣਦੇ ਹੀ ਉਸ ਪੂਰਬੀ ਨੇ ਪੰਡਤ ਜੀ ਦੇ ਪੈਰਾਂ ਤੇ ਹਥ ਧਰੇ ਅਤੇ ਬੜੀ ਸ਼ਰਧਾ ਨਾਲ ਕਹਿਣ ਲਗਾ 'ਆਪ ਧੰਨ ਹੋ, ਆਪ ਕੇ ਧੰਨ ਭਾਗ ਹੈਂ ਜੋ ਆਪ ਕਾ ਜਨਮ ਗੁਰੂ ਨਾਨਕ ਭੂਮੀ ਮੇਂ ਹੂਆ, ਮੈਂ ਤੋ ਆਪ ਦੇ ਦਰਸ਼ਨੋਂ ਸੇ ਨਿਹਾਲ ਹੋ ਗਿਆ ਹੂੰ ਅਤੇ ਇਸ ਪਰਕਾਰ ਉਸ ਨੇ ਗੁਰੂ ਨਾਨਕ ਦੇਵ ਜੀ ਦੀ ਵਡਿਆਈ



Digitized by Panjab Digital Library | www.panjabdigilib.org

ਵਿਚ ਬਹੁਤ ਸਾਰੇ ਹੋਰ ਬਚਨ ਕਹੇ । ਪੰਡਤ ਜੀ ਅੰਦਰੇ ਅੰਦਰ ਹੈਰਾਨ ਹੋ ਰਹੇ ਸਨ ਕਿ ਇਨਾਂ ਲੋਕਾਂ ਦੀ ਗੁਰੂ ਨਾਨਕ ਉਤੇ ਕਿਤਨੀ ਸ਼ਰਧਾ ਹੈ ਅਤੇ ਸਾਨੂੰ ਗੁਰੂ ਨਾਨਕ ਦੀ ਸਾਰ ਭੀ ਨਹੀਂ । ਇਨ੍ਹਾਂ ਵਿਚਾਰਾਂ ਨੇ ਪੰ: ਲਾਭ ਚੰਦ ਦੇ ਮਨ ਵਿਚ ਇਕ ਜਾਗ ਜਿਹੀ ਲਾ ਦਿਤੀ, ਜਿਸ ਨਾਲ ਮਨ ਵਿਚ ਗੁਰੂ ਨਾਨਕ ਦਾ ਸਤਿਕਾਰ ਘਰ ਕਰ ਗਿਆ, ਅਤੇ ਆਪ ਨੇ ਆਪਨਾ ਹਰਿਦੁਵਾਰ ਆਦ ਦੇ ਇਸ਼ਨਾਨ ਦਾ ਸਾਰਾ ਪਰੋਗਰਾਮ ਮਨਸੂਖ ਕਰ ਸਿਧਾ ਪੰਜਾਬ ਦਾ ਰਾਹ ਲਿਆ ਅਤੇ ਗੁਜਰਾਂਵਾਲੇ ਪੁਜ ਪੰ: ਕਾਲੀਦਾਸ ਜੀ ਕਵੀ ਜਿਨਾਂ ਉਤੇ ਇਨਾਂ ਦੀ ਬੜੀ ਸ਼ਰਧਾ ਸੀ ਨੂੰ ਮਿਲੇ ਅਤੇ ਆਪਨੀ ਕਹਾਣੀ ਕਹਿ ਸੁਣਾਈ। ਕਾਲੀਦਾਸ ਜੀ ਗੁਰੂ ਘਰ ਦੇ ਸਰਧਾਲੂ ਸਨ। ਆਪ ਦੇ ਬਚਨਾਂ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ। ਆਪ ਨੇ ਪੰਡਤ ਲਾਭਚੰਦ ਨੂੰ ਗੁਰਮੁਖੀ ਪੜ੍ਹਣ ਅਤੇ ਜਪਜੀ ਸਾਹਿਬ ਦਾ ਨਿਤਨੇਮ ਕਰਨ ਦੀ ਪ੍ਰੇਰਨਾ ਦਿਤੀ ਅਤੇ ਗੁਰੂ ਨਾਨਕ ਦੇਵ ਜੀ ਤੇ ਪੂਰਨ ਭਰੋਸਾ ਬਨਾਇਆ। ਆਪ ਵਿਦਵਾਨ ਤਾਂ ਸਨ ਹੀ, ਜਪੁਜੀ ਦੇ ਪਾਠ ਨੇ ਹੋਰ ਵਿਸ਼ਾਲ ਸੂਝ ਬਖਸ਼ੀ। ਛੇ ਕੁ ਮਹੀਨੇ ਪਿਛੋਂ ਕਵੀ ਕਾਲੀ ਦਾਸ ਦੀ ਚਿਠੀ ਆਈ ਕਿ ਮੈਂ ਤਾਂ ਅੰਮ੍ਰਿਤ ਛਕ ਕੇ ਸਿੰਘ ਸਜ ਗਿਆ ਹਾਂ, ਤੂੰ ਭੀ ਜੇ ਆਪਨਾ ਉਧਾਰ ਚਾਹੁੰਦਾ ਹੈਂ ਤਾਂ ਅੰਮ੍ਰਿਤ ਛਕ ਅਤੇ ਗੁਰੂ ਨਾਨਕ ਦੇ ਘਰ ਦਾ ਪੂਰਨ ਸਿਖ ਹੋ ਜਾ। ਲਾਭ ਚੰਦ ਦਾ ਮਨ ਬਣ ਹੀ ਚੁਕਾ ਸੀ। ਆਪਨੇ ਸਮੇਤ ਆਪਨੀ ਇਸਤਰੀ ਦੇ ਅੰਮ੍ਰਿਤ ਛਕ ਲਿਆ ਤੇ ਦੋਨੋ ਸਿੰਘ ਸਜ ਗਏ। ਇਸ ਤੋਂ ਪਿਛੋਂ ਜਦੋਂ ਆਪ ਸ਼ਹੁਰੇ ਘਰ ਗਏ ਤਾਂ ਉਨ੍ਹਾਂ ਇਨਾਂ ਨੂੰ ਸਿੰਘ ਸਜਿਆ ਵੇਖ ਕੇ ਬਹੁਤ ਬੁਰਾ ਮਨਾਇਆ ਪਰੰਤੂ ਇਨ੍ਹਾਂ ਇਸ ਗੱਲ ਦੀ ਪਰਵਾਹ ਨਾ ਕਰਦੇ ਹੋਏ ਗੁਰੂ ਨਾਨਕ ਪਿਆਰ ਤੋਂ ਹੋਰ ਸਾਰੇ ਪਿਆਰ ਵਾਰ ਸੁਟੇ।

ਸਿੰਘ ਬਣ ਕੇ ਪੰਡਤ ਲਾਭ ਸਿੰਘ ਜੀ ਨੇ ਗੁਰਮਤ ਪਰਚਾਰ ਨੂੰ ਆਪਨਾ ਜੀਵਨ ਆਦਰਸ਼ ਬਣਾਇਆ ਅਤੇ ਸਾਰੀ ਉਮਰ ਹੀ ਦੂਰ



Digitized by Panjab Digital Library | www.panjabdigilib.org

ਦੂਰ ਜਾ ਕੇ ਸਿਖੀ ਪਰਚਾਰ ਕਰਦੇ ਰਹੇ। ਆਪ ਅਜ ਕਲ ੮੦ ਸਾਲ ਦੇ ਬਿਰਧ ਹਨ ਅਤੇ ਆਪ ਦਾ ਗੁਰਮੁਖ ਸਿਖੀ ਵਾਲਾ ਆਲਮ ਬਾ-ਅਮਲ ਗੁਰ ਸਿਖੀ ਜੀਵਨ ਹੈ।

## ਸੰਤ ਸੱਯਦ ਪ੍ਰਿਥੀਪਾਲ ਸਿੰਘ ਜੀ

ਆਪ ਸ਼ਹਿਰ ਮੀਰਪੁਰ ਰਿਆਸਤ ਜੰਮੂ ਕਸ਼ਮੀਰ ਦੇ ਇਕ ਮੁਸਲਮਾਨ ਸਯਦ ਖਾਨਦਾਨ ਵਿਚੋਂ ਪੀਰ ਮੁਜ਼ੱਫਰ ਹੁਸੈਣ ਸ਼ਾਹ ਦੇ ਇਕਲੌਤੇ ਪੁਤਰ ਹਨ। ਮਾਪਿਆਂ ਨੇ ਆਪ ਦਾ ਨਾਮ ਮੁਸ਼ਤਾਕ ਹੁਸੈਣ ਸ਼ਾਹ ਰਖਿਆ ਸੀ। ਆਪ ਆਪਨੇ ਪਿਤਾ ਵਾਂਙ ਅਰਬੀ ਅਤੇ ਫਾਰਸੀ ਦੇ ਬੜੇ ਆਲਮ ਹਨ। ਜਦੋਂ ਇਨਾਂ ਦੇ ਪਿਤਾ ਮੁਜ਼ਫਰ ਹੁਸੈਣ ਸ਼ਾਹ ਮੱਕੇ ਅਤੇ ਮਦੀਨੇ ਦਾ ਹੱਜ ਕਰਨ ਅਰਬ ਦੇਸ਼ ਗਏ ਤਾਂ ਇਨਾਂ ਨੂੰ ਭੀ ਨਾਲ ਲੈ ਗਏ। ਮੱਕੇ ਤੋਂ ਹੋ ਕੇ ਮਦੀਨੇ ਗਏ। ਇਥੇ ਦੋ ਸਾਲ ਠਹਿਰ ਕੇ ਮਦੀਨੇ ਦੀ ਵਡੀ ਲਾਇਬ੍ਰੇਰੀ ਦੀ ਸਟੱਡੀ ਦਾ ਪਰੋਗਰਾਮ ਸੀ। ਇਕ ਦਿਨ ਖੋਜ ਕਰਦਿਆਂ ਮੁਸਤਾਕ ਹੁਸੈਣ ਸ਼ਾਹ ਨੂੰ "ਸਿਯਾਹ ਤੋਂ ਬਾਬਾ ਨਾਨਕ ਫ਼ਕੀਰ" ਨਾਮੀ ਇਕ ਖਰੜਾ ਗ੍ਰੰਥ ਹਥੀਂ ਲਗਾ। ਇਸ ਨੂੰ ਪੜ੍ਹ ਕੇ ਇਨਾਂ ਦੇ ਦਿਲ ਤੇ ਗੁਰੂ ਨਾਨਕ ਸਾਹਿਬ ਦੀ ਤੌਹੀਦ ਪਰਸਤੀ ਦਾ ਬੜਾ ਅਸਰ ਹੋਇਆ। ਇਨ੍ਹਾਂ ਦਾ ਖੋਜੀ ਸੁਭਾ ਤਾਂ ਪਹਿਲੋਂ ਤੋਂ ਹੀ ਸੀ, ਬਾਬਾ ਨਾਨਕ ਸਾਹਿਬ ਦੀਆਂ ਉਨ੍ਹਾਂ ਸਾਰੀਆਂ ਥਾਵਾਂ ਮਕਾ, ਮਦੀਨਾ, ਬਗ਼ਦਾਦ ਕੂਫਾ ਆਦਿ ਜਿਨਾਂ ਨੂੰ ਗੁਰੂ ਜੀ ਦੀ ਚਰਨ ਛੋਹ ਦਾ ਮਾਨ ਪ੍ਰਾਪਤ ਸੀ ਦੀ ਜ਼ਿਆਰਤ ਨੂੰ ਨਿਕਲ ਪਏ ਅਤੇ ਹਰ ਥਾਂ ਜਾ ਕੇ ਗੁਰੂ ਨਾਨਕ ਸਾਹਿਬ ਸੰਬੰਧੀ ਸੀਨਾਂ ਬਸੀਨਾਂ ਚਲੀਆਂ ਆ ਰਹੀਆਂ ਰਵਾਇਤਾਂ ਤੋਂ ਜਾਣੂੰ ਹੋਏ। ਸਯੱਦ ਜੀ ਦੇ ਮਨ ਤੇ ਅਜੇਹਾ ਅਸਰ ਹੋਇਆ ਕਿ ਵਾਪਸ ਆ ਕੇ ਆਪ ਨੇ ਪਿਤਾ ਪਾਸੋਂ ਤਤਕਾਲ ਆਪਨੇ ਦੇਸ਼ ਜਾਣ ਦੀਆ ਗਿਆ ਮੰਗੀ। ਪਿਤਾ ਨੂੰ ਇਨ੍ਹਾਂ ਦੇ ਮਨ ਦੀ ਇਸ ਤਬਦੀਲੀ ਤੇ ਕਾਫੀ ਚਿੰਤਾ ਹੋਈ ਅਤੇ ਇਹ ਪੁਤਰ ਦੇ ਅਕੱਲੇ ਵਾਪਸ ਭੇਜਣ ਲਈ-ਤਿਆਰ ਨਹੀਂ ਸਨ ਪ੍ਰੰਤੂ ਇਨ੍ਹਾਂ ਦੇ ਹਠ ਕਰਨ ਤੇ ਮੰਨ ਗਏ ਪਰ ਇਹ ਸ਼ਰਤ ਲਗਾ ਦਿਤੀ ਕਿ ਮੇਰੇ ਵਾਪਸ



Digitized by Panjab Digital Library | www.panjabdigilib.org

ਮੁੜਨ ਤਕ ਘਰ ਹੀ ਰਹਿਣਾ । ਮੀਰਪੁਰ ਪਹੁੰਚ, ਕੇ ਇਨ੍ਹਾਂ ਨੇ ਪਿਤਾ ਦੀ ਵਾਪਸੀ ਤਕ ਉਡੀਕ ਕੀਤੀ। ਉਪਰੰਤ ਪਿਤਾ ਤੋਂ ਲਾਹੌਰ ਜਾਣ ਦੀ ਆਗਿਆ ਮੰਗੀ ਜੋ ਬਾਪ ਨੇ ਬੜੇ ਭਰੇ ਹੋਏ ਦਿਲ ਨਾਲ ਦਿਤੀ। ਇਹ ਆਪਣੀ ਬੀਵੀ ਗੁਲਜ਼ਾਰ ਬੇਗਮ ਅਤੇ ਬੱਚੇ ਮਹੰਮਦਨਜ਼ੀਰ ਨੂੰ ਨਾਲ ਲੈ ਕੇ ਲਾਹੌਰ ਦਾਤਾ ਗੰਜ ਬਖ਼ਸ਼ ਦੇ ਦਰਬਾਰ ਜਾ ਰਹੇ। ਇਥੇ ਰਹਿੰਦਿਆਂ ਪਰਚਲਤ ਧਰਮ ਸੰਸਥਾਵਾਂ ਨਾਲ ਮੇਲ ਮੁਲਾਕਾਤ ਤੇ ਵਟਾਂਦਰਾ ਖਿਆਲਾਤ ਕੀਤਾ ਆਰੀਆ ਸਮਾਜ, ਬ੍ਰਹਮੂ ਸਮਾਜ, ਸਨਾਤਨ ਹਿੰਦੂ ਧਰਮ, ਅਤੇ ਈਸਾਅਤ, ਨਾਲ ਜਾਣ ਪਛਾਣ ਕੀਤੀ। ਗੁ: ਡੇਹਰਾ ਸਾਹਿਬ ਹੈਡ ਗ੍ਰੰਥੀ ਸਾਹਿਬ, ਭਾਈ ਅਛਰ ਸਿੰਘ ਜੀ ਨੂੰ ਭੀ ਮਿਲੇ ਅਤੇ ਗੁ: ਕਮੇਟੀ ਦੇ ਪ੍ਰਧਾਨ ਸ: ਅਮਰ ਸਿੰਘ ਜੀ ਐਡੀਟਰ ਸ਼ੇਰੇ ਪੰਜਾਬ ਨਾਲ ਗੁਰਮਤ ਤੇ ਵੀਚਾਰ ਹੋਏ। ਅਖੀਰ, ਸੰਨ ੧੯੩੫ ਦੇ ਜੇਠ ਸੁਦੀ ਚੌਥ ਦੇ ਮੇਲੇ ਤੇ ਆਪ ਸਮੇਤ ਆਪਣੀ ਬੀਵੀ ਤੇ ਬਚੇ ਦੇ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਆਪ ਦਾ ਨਾਉਂ ਪ੍ਰਿਥੀਪਾਲ ਸਿੰਘ ਅਤੇ ਬੀਵੀ ਦਾ ਨਾਮ ਰਾਜਿੰਦਰ ਪਾਲ ਕੌਰ ਕਾਕੇ ਦਾ ਨਾਉਂ ਭਗਤ ਸਿੰਘ ਧਰਿਆ ਗਿਆ। ਇਥੋਂ ਇਹ ਸਾਰੇ ਪ੍ਰਵਾਰ ਗੁ: ਪੰਜੇ ਸਾਹਿਬ ਦੀ ਯਾਤਰਾ ਨੂੰ ਗਿਆ ਜਿਥੇ ਇਨ੍ਹਾਂ ਦੀ ਸਿੰਘਣੀ ਕੁਝ ਦਿਨ ਬੀਮਾਰ ਰਹਿ ਕੇ ਇਕ ਲੜਕਾ ਅਤੇ ਇਕ ਛੋਟੀ ਬਚੀ ਛਡ ਚੜ੍ਹਾਈ ਕਰ ਗਈ। ਸਯੱਦ ਜੀ ਲਈ ਇਹ ਵਡਾ ਇਮਤਿਹਾਨ ਸੀ ਪਰ ਆਪ ਰਤਾ ਨਹੀਂ ਡੋਲੇ। ਥੋੜ੍ਹੇ ਚਿਰ ਪਿਛੋਂ ਸ: ਤ੍ਰਿਲੋਕ ਸਿੰਘ ਮੈਨੇਜਰ ਸ੍ਰੀ ਪੰਜਾ ਸਾਹਿਬ ਦੀ ਸਹਾਇਤਾ ਨਾਲ ਆਪ ਦੀ ਸ਼ਾਦੀ ਰਾਵਲਪਿੰਡੀ ਦੇ ਇਕ ਸਿਖ ਘਰਾਣੇ ਦੀ ਬੀਬੀ ਰਾਜ ਕੌਰ, ਨਾਲ ਹੋ ਗਈ। ਇਹ ਸਹਿਤ ਪ੍ਰਵਾਰ ਅੰਮ੍ਰਿਤਸਰ ਆ ਗਏ ਜਿਥੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਇਨਾਂ ਦਾ ਹਰ ਤਰਾਂ ਸਨਮਾਨਕੀਤਾ।

ਸਯੱਦ ਜੀ ਦੀ ਇਸ ਸਾਰੀ ਵਿਥਿਆ ਤੇ ਮੁਸਲਮਾਨ ਅਗਗੋਲਾ ਹੋਏ ੨ ਸਨ। ਇਕ ਦਿਨ ਹਾਲ ਬਾਜ਼ਾਰ ਵਿਚੋਂ ਲੰਘਦਿਆਂ ਮੁਸਲਮਾਨ ਘੇਰ ਕੇ ਮਸੀਤੇ ਲੈ ਗਏ ਅਤੇ ਰੌਲ਼ਾ ਪਾ ਦਿਤਾ ਕਿ ਸਿਖਾਂ ਨੇ



Digitized by Panjab Digital Library | www.panjabdigilib.org



ਸੱਯਦ ਪ੍ਰਿਥੀਪਾਲ ਸਿੰਘ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ਮੁਸਲਮਾਨਾਂ ਦੇ ਪੀਰ ਟਬਰ ਨੂੰ ਧਕੇ ਨਾਲ ਮੁਸਲਮਾਨ ਕਰ ਲਿਆ ਹੈ। ਮੁਆਮਲਾ ਡੀ. ਸੀ. ਅੰਮ੍ਰਿਤਸਰ ਦੇ ਪੇਸ਼ ਹੋਇਆ ਜਿਥੇ ਪ੍ਰਿਥੀਪਾਲ ਸਿੰਘ ਅਤੇ ਰਾਜ ਕੌਰ ਨੇ ਬੜੇ ਧੜੁਲੇਦਾਰ ਬਿਆਨ ਦੇਂਦਿਆਂ ਹੋਇਆ ਆਪਨੇ ਆਪ ਨੂੰ ਸਿਖ ਦਸਿਆ—ਪ੍ਰੰਤੂ ਚੂੰਕਿ ਨੁਕਸੇ ਅਮਨ ਦਾ ਖਤਰਾ ਸੀ, ਡੀ. ਸੀ ਨੇ ਆਪ ਨੂੰ ਅੰਮ੍ਰਿਤਸਰ ਤੋਂ ਜਾਣ ਦਾ ਹੁਕਮ ਦੇ ਕੇ ਇਨ੍ਹਾਂ ਦਾ ਇਥੇ ਆਉਣਾ ਤੇ ਰੈਹਣਾਂ ਬੰਦ ਕਰ ਦਿਤਾ।

ਸੱਯਦ ਜੀ ਨੇ ਹੁਣ ਬਾਕਾਇਦਾ ਗੁਰਮਤ ਦਾ ਪ੍ਰਚਾਰ ਕਰਨਾ ਅਰੰਭ ਦਿਤਾ। ਮੁਸਲਮਾਨ ਆਪ ਦੀ ਜਾਨ ਦੇ ਵੈਰੀ ਹੋ ਗਏ ਸਨ। ਕਈ ਵੇਰ ਆਪ ਮੁਸੀਬਤਾਂ ਵਿਚੋਂ ਨਿਕਲੇ ਪਰ ਪ੍ਰਚਾਰ ਨੂੰ ਨਹੀਂ ਛਡਿਆ, ਬਹਾਵਲਪੁਰ ਰਿਆਸਤ ਵਿਚ ਇਕ ਮੁਹੰਮਦ ਦੀਨ, ਨਾਮੇ ਮੁਸਲਮਾਨ ਦੇ ਪ੍ਰਵਾਰ ਨੂੰ ਸਿੰਘ ਸਜਾ ਦਿਤਾ। ਮੁਸਲਮਾਨ ਅਗੇ ਹੀ ਆਪ ਦੇ ਪਿਛੇ ਪਏ ਹੋਏ ਸਨ। ੧੯੩੮ ਵਿਚ ਬਹਾਵਲ ਪੁਰ ਵਿਚ ਹੀ ਆਪ ਗਰਿਫਤਾਰ ਕੀਤੇ ਗਏ ਪਰ ਰਿਆਸਤੀ ਖਾਲਸਾ ਜੀ ਦੀ ਹਿੰਮਤ ਨਾਲ ਆਪ ਬਰੀ ਹੋ ਗਏ ਅਤੇ ਇਥੋਂ ਕਰਾਚੀ ਚਲੇ ਗਏ।

ਗੁ: ਸ਼ਹੀਦ ਗੰਜ ਸਿੰਘਣੀਆਂ ਲਾਹੌਰ ਦੇ ਮੋਰਚੇ ਸਮੇਂ ਹਾਈਕੋਰਟ ਲਾਹੌਰ ਵਿਚ ਡਾ: ਮੁਹੰਮਦ ਆਲੰਮ ਵਲੋਂ ਸਵਾਲ ਉਠਾਇਆ ਗਿਆ ਕਿ ਮੁਸਲਮਾਨੀ ਸ਼ਰਾ ਅਨੁਸਾਰ ਕੋਈ ਮਸਜਦ ਆਪਨੀ ਜਗ੍ਹਾ ਤੋਂ ਉਠਾਈ ਨਹੀਂ ਜਾ ਸਕਦੀ। ਅਥਵਾ ਇਹ ਗੁਰਦਵਾਰਾ, ਜਾਂ ਬਾਗ਼, ਨਹੀਂ ਬਣ ਸਕਦੀ। ਮੁਸਲਮਾਨੀ ਸ਼ਰਹ ਤੇ ਬਹਿਸ ਕਰਣ ਦੇ ਕੋਈ ਸਿਖ ਸਮਰਥ ਨਾ ਵੇਖ ਕੇ ਬੜੀ ਸੋਚ ਫੁਰੀ, ਅਖੀਰ ਸਯੱਦ ਪ੍ਰਿਥੀਪਾਲ ਸਿੰਘ ਜੀ ਨੂੰ ਲਭਿਆ ਗਿਆ। ਇਨ੍ਹਾਂ ਨੇ ਇਸਲਾਮੀ ਹਦੀਸਾਂ ਵਿਚੋਂ ਚੌਦਾ ਫ਼ਤਵੇਂ ਡਾ: ਮੁਹੰਮਦ ਆਲਮ ਦੇ ਨੁਕਤੇ ਦੇ ਉਲਟ ਪੇਸ਼ ਕੀਤੇ ਅਤੇ ਸਾਬਤ ਕੀਤਾ ਕਿ ਮਸਜਦ ਘੋੜਿਆਂ ਦਾ ਅਸਤਬਲ ਭੀ ਹੋ ਸਕਦੀ ਹੈ ਜਿਸ ਤੇ ਮਿ: ਸੇਲ, ਚੀਫ਼ ਜਸਟਸ ਨੇ ਫ਼ੈਸਲਾ ਮੁਸਲਮਾਨਾਂ ਦੇ ਉਲਟ ਦੇ ਦਿਤਾ।' ਤੇ ਸਯੱਦ ਜੀ ਨੂੰ ਅਕਾਲ ਤਖਤ ਸਾਹਿਬ ਤੋਂ ਸ੍ਰੀ ਸਾਹਿਬ ਸਿਰੋਪਾ ਵਜੋਂ ਦਿਤੀ,



Digitized by Panjab Digital Library | www.panjabdigilib.org

ਗਈ।

ਸਯੱਦ ਜੀ ਅਤੇ ਬੀਬੀ ਰਾਜ ਕੌਰ ਨੇ ਸਾਰਾ ਸਮਾਂ ਹੀ ਗੁਰਮਤ ਪ੍ਰਚਾਰ ਕਰਦਿਆਂ ਬਿਤਾਇਆ ਤੇ ਹਜ਼ਾਰਾਂ ਪ੍ਰਾਨੀਆਂ ਨੂੰ ਅੰਮ੍ਰਿਤ ਪਾਨ ਕਰਾਇਆ ਜਿਨਾਂ ਵਿਚੋਂ ਘਟ ਤੋਂ ਘਟ ਤਿੰਨ ਸੌ ਮੁਸਲਮਾਨਾਂ ਦੀ ਭੀ ਗਿਣਤੀ ਹੈ। ਅਤੇ ਹੁਣ ਪਟਿਆਲਾ ਸ਼ਹਿਰ ਵਿਚ ਇਸੇ ਸੇਵਾ ਤੇ ਡਟੇ ਹੋਏ ਹਨ। ਆਪ ਸਿਖ ਪੰਥ ਵਿਚ ਉਘੇ ਵਿਦਿਵਾਨ ਤੇ ਭਜਨੀਕ ਪੁਰਸ਼ ਹਨ।

## ਭਾਈ ਨੱਥਾ ਸਿੰਘ ਕੱਥਾ ਸਿੰਘ ਰਬਾਬੀ

ਭਾਈ ਮਰਦਾਨੇ ਦੀ ਸੰਪਰਦਾ ਵਿਚੋਂ ਪਿੰਡ ਗੋਇੰਦਕੇ ਜ਼ਿਲਾ ਸਿਆਲਕੋਟ ਵਿਚ ਨਥੂ, ਕਥੂ, ਹਜੂਰਾ ਅਤੇ ਤਾਨਾ ਚਾਰ ਭਰਾ ਮੁਸਲਮਾਨ ਗੁਰੂ ਦੇ ਰਬਾਬੀ ਰਹਿੰਦੇ ਸਨ। ਗੁਰੂਬਾਣੀ ਦਾ ਕੀਰਤਨ ਤਾਂ ਇਨਾਂ ਨੂੰ ਵਿਰਸੇ ਵਿਚ ਹੀ ਮਿਲਿਆ ਹੋਇਆ ਸੀ। ਸੰਨ ੧੯੧੫ ਵਿਚ ਜਦੋਂ ਸ਼ੁਧੀ ਦਾ ਆਮ ਪਰਚਾਰ ਅਤੇ ਰਿਵਾਜ ਹੋ ਗਿਆ ਤਾਂ ਇਨਾਂ ਨੂੰ ਭੀ ਸ੍ਰੀ ਕਲਗੀਧਰ ਦੇ ਖੰਡੇ ਦਾ ਅੰਮ੍ਰਤ ਛਕਣ ਦਾ ਉਤਸ਼ਾਹ ਹੋਇਆ ਅਤੇ ਇਹ ਮਾਨਾਂਵਾਲਾ ਜ਼ਿਲਾ ਗੁਜਰਾਂਵਾਲਾ ਵਿਖੇ ਹੋਏ ਅੰਮ੍ਰਿਤ ਪਰਚਾਰ ਸਮੇਂ ਅੰਮ੍ਰਿਤ ਛਕ ਕੇ ਸਾਰਾ ਪ੍ਰਵਾਰ ਹੀ ਸਿੰਘ ਸਜ ਗਏ। ਇਨਾਂ ਦੇ ਵਡੇ ਵਡੇ ਕਦ ਭਾਰੇ ਸਰੀਰ ਅਤੇ ਰੋਹਬ ਵਾਲੇ ਚੇਹਰੇ ਸਨ ਜੋ ਸਿਖੀ ਰੰਗ ਚੜ੍ਹਨ ਨਾਲ ਸ਼ੇਰਾਂ ਵਾਂਙ ਦਮਕ ਉਠੇ। ਰਾਗ ਦੀ ਇਲਾਹੀ ਦਾਤ ਗੁਰੂ ਨਾਨਕ ਦੀ ਬਖਸ਼ਸ਼ ਦਵਾਰਾ ਇਨ੍ਹਾਂ ਪਾਸ ਸੀ ਹੀ, ਇਨ੍ਹਾਂ ਨੇ ਆਪਣੇ ਸਮੇਂ ਅੰਦਰ ਕੀਰਤਨ ਦਵਾਰਾ ਬੜਾ ਪਰਚਾਰ ਕੀਤਾ ਹੈ। ਜ਼ਾਤ ਪਾਤ ਅਤੇ ਪਖੰਡ ਦਾ ਖੰਡਨ ਐਸਾ ਕਰਦੇ ਸਨ ਕਿ ਕਟੜ ਵਿਰੋਧੀ ਭੀ ਆਪ ਦਾ ਸਿੱਕਾ ਮਨ ਜਾਂਦੇ। ਇਨ੍ਹਾਂ ਨੂੰ ਵੇਖ ਪਿੰਡ ਮਹਾਵਾ ਜ਼ਿਲਾ ਅੰਮ੍ਰਿਤਸਰ ਦਾ ਹੀਰਾ ਰਬਾਬੀ, ਭਾਈ ਹੀਰਾ ਸਿੰਘ ਸਜਿਆ ਅਤੇ ਮਹਾਰਾਜਾ ਭੂਪਿੰਦਰ ਸਿੰਘ ਦੇ ਰਾਜ ਮਹਿਲਾ ਵਿਚ ਗਾਉਣ ਵਾਲਾ ਡੇਰੋਂ ਦੇ ਮਿਰਾਸੀਆਂ ਦਾ ਮੁੰਡਾ ਅੰਮ੍ਰਿਤ ਛਕ ਕੇ ਭਾਈ ਰਣਜੋਧ ਸਿੰਘ ਅਤੇ ਉਸ ਦਾ ਭਰਾ ਭਾਈ ਮਹਾਂ ਸਿੰਘ



Digitized by Panjab Digital Library | www.panjabdigilib.org

ਬਣਿਆ । ਇਨ੍ਹਾਂ ਸਾਰਿਆਂ ਦੇ ਹੋਣਹਾਰ ਬਚੇ, ਭਾਈ ਪਿਆਰਾ ਸਿੰਘ ਜਗਤ ਸਿੰਘ ਗੁਰਮੁਖ ਸਿੰਘ ਪਾਲਾ ਸਿੰਘ ਆਦਿਕ ਸ੍ਰੀ ਨਨਕਾਣਾ ਸਾਹਿਬ ਦੇ ਹਜ਼ੂਰੀਏ ਰਾਗੀ ਹੁਣ ਤਕ ਪ੍ਰਸਿਧ ਹਨ ਅਤੇ ਗੁਰੂ ਜਸ ਸੁਣਾ ਸੰਗਤ ਨੂੰ ਨਿਹਾਲ ਕਰਦੇ ਹਨ ।

ਅਸੀਂ ਚਾਹੁੰਦੇ ਸਾਂ ਕਿ ਉਸ ਸਮੇਂ ਦੇ ਹੋਰ ਕਈ ਸੰਤ ਸਿਪਾਹੀਆਂ ਦਾ ਜਿਨ੍ਹਾਂ ਨੇ ਸਿੰਘ ਸਭਾ ਅਤੇ ਅਕਾਲੀ ਲਹਿਰ ਸਮੇਂ ਗੁਰਮਤ ਪਰਚਾਰ ਦੀ ਸੇਵਾ ਨੂੰ ਬੜੇ ਪਿਆਰ ਨਾਲ ਨਿਬਾਹਿਆ ਹੈ, ਸੰਖੇਪ ਜ਼ਿਕਰ ਕਰਦੇ ਪਰ ਪੁਸਤਕ ਦਾ ਆਕਾਰ ਵਧ ਜਾਣ ਦੇ ਡਰ ਤੋਂ ਇਸ ਨੂੰ ਕਿਸੇ ਹੋਰ ਸਮੇਂ ਤੇ ਛਡਿਆ ਜਾਂਦਾ ਹੈ ਇਥੇ ਕੇਵਲ ਉਨ੍ਹਾਂ ਵਿਚੋਂ ਕੁਝ ਕੁ ਦੇ ਨਾਮ ਹੀ ਲਿਖੇ ਜਾਂਦੇ ਹਨ। ਇਨ੍ਹਾਂ ਸਾਰਿਆਂ ਦੇ ਅੰਦਰ ਗੁਰੂ ਨਾਨਕ ਦੇ ਮਿਸ਼ਨ ਨੂੰ ਪ੍ਰਚਾਰਨ ਦੀ ਅਤੁਟ ਲਗਨ ਸੀ ਜਿਸ ਨੂੰ ਹਰ ਇਕ ਨੇ ਆਪਣੇ ੨ ਤਰੀਕੇ ਨਾਲ ਪੂਰਾ ਕਰਨ ਦੇ ਯਤਨ ਕੀਤੇ ਜਿਸ ਲਈ ਇਹ ਸਾਡੀ ਪਰਸੰਸਾ ਦੇ ਹਰ ਤਰਾਂ ਪਾਤਰ ਹਨ ।

੧. ਗਿਆਨੀ ਠਾਕਰ ਸਿੰਘ ਜੀ ਅੰਮ੍ਰਿਤਸਰ
੨. ਭਾਈ ਹਰਨਾਮ ਸਿੰਘ ਜੀ ਬਟਾਲਾ
੩. ਪੰਡਤ ਗੁਰਬਖਸ਼ ਸਿੰਘ ਜੀ ਪਟਿਆਲਾ
੪. ਪੰਡਤ ਇੰਦਰ ਸਿੰਘ ਜੀ ਵੇਦਾਵੇਦੀ
੫. ਭਾਈ ਸੁਚਾ ਸਿੰਘ ਜੀ ਚਕ ਜੈਦ
੬. ਭਾਈ ਗੰਗਾ ਸਿੰਘ ਜੀ ਫਿਲੌਰ
੭. ਸੰਤ ਤੇਜਾ ਸਿੰਘ ਜੀ ਨੜਾਲੀ
੮. ਮਾਸਟਰ ਈਸ਼ਰ ਸਿੰਘ ਜੀ ਤਰਨ ਤਾਰਨ
੯. ਪੰਡਤ ਕਰਤਾਰ ਸਿੰਘ ਜੀ ਦਾਖਾ
੧੦. ਸੰਤ ਹੀਰਾ ਦਾਸ ਜੀ ਉਦਾਸੀ
੧੧. ਭਾਈ ਲਾਭ ਜੀ ਹੈਡ ਗ੍ਰੰਥੀ
੧੨. ਗਿਆਨੀ ਬੁਧ ਸਿੰਘ ਜੀ ਅੰਮ੍ਰਿਤਸਰ



Digitized by Panjab Digital Library | www.panjabdigilib.org

੧੩. ਭਾਈ ਜਗਤ ਸਿੰਘ ਜੀ ਪ੍ਰਦੇਸੀ
੧੪. ਸੰਤ ਵਰਿਆਮ ਸਿੰਘ ਜੀ ਦੁਆਬਾ
੧੫. ਭਾਈ ਬੂਟਾ ਸਿੰਘ ਜੀ ਚਕ ਨੰ: ੨੦੪
੧੬. ਭਾਈ ਲਾਭ ਸਿੰਘ ਜੀ ਭਿਖੀ
੧੭. ਸੰਤ ਤੇਜਾ ਸਿੰਘ ਜੀ ਮਟੂੜ
੧੮. ਭਾਈ ਹਰਨਾਮ ਸਿੰਘ ਜੀ ਝਬਾਲ
੧੯. ਭਾਈ ਵੀਰ ਸਿੰਘ ਜੀ ਫਤਿਆਬਾਦੀ
੨੦. ਭਾਈ ਨਰੈਣ ਸਿੰਘ ਜੀ ਮਲਵਈ
੨੧. ਭਾਈ ਲਖਾ ਸਿੰਘ ਜੀ ਖੂੰਡੇਵਾਲਾ
੨੨. ਭਾਈ ਨਰੈਣ ਸਿੰਘ ਜੀ ਰਾਮ ਗੜ੍ਹ
੨੩. ਭਾਈ ਸੰਤ ਸਿੰਘ ਜੀ ਚੂਨੀਆਂ
੨੪. ਭਾਈ ਕਰਤਾਰ ਸਿੰਘ ਬਿਸ਼ਨ ਦੌਰ
੨੫. ਭਾਈ ਤੇਜਾ ਸ਼ਿੰਘ ਮੰਗਨ
੨੬. ਗਿਆਨੀ ਕਾਹਣ ਸਿੰਘ ਜੀ
੨੭. ਸੰਤ ਸੁਰਜਨ ਸਿੰਘ ਜੀ ਬਲਕਸਰ
੨੮. ਭਾਈ ਸੁੱਚਾ ਸਿੰਘ ਜੀ ਜੋਈਆਂ
੨੯. ਭਾਈ ਪ੍ਰਤਾਪ ਸਿੰਘ ਜੀ ਘਰਜਾਖ
੩੦. ਭਾਈ ਜਵਾਲਾ ਸਿੰਘ ਰਾਗੀ ਠਟਾ ਟਿੱਬਾ
੩੧. ਭਾਈ ਚਾਂਦ ਜੀ ਰਬਾਬੀ
੩੨. ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਰਾਗੀ ਨੂਰ ਪੁਰ
੩੩. ਭਾਈ ਕਿਸ਼ਨ ਸਿੰਘ ਕੜਤੋੜ ਢਾਡੀ
੩੪. ਭਾਈ ਲਾਲ ਸਿੰਘ ਕਿਸ਼ਨ ਸਿੰਘ ਢਾਡੀ ਪਟਿਆਲਾ.



Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1396

Digitized by Panjab Digital Library | www.panjabdigilib.org

2752

Digitized by Panjab Digital Library | www.panjabdigilib.org